PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

4th - 11th December 2025 • Issue No. 3109

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 07966 388 388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI
ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!



Tel: 020 8571 6680
India:+91-181 5086389

# ਨਸ਼ਿਆਂ ਨੇ ਪੰਜਾਬ ਨੂੰ ਬੁਰੀ ਤਰ੍ਹਾਂ ਲਹੂ ਨਾਲ ਲੱਥ-ਪੱਥ ਕਰ ਦਿੱਤਾ

## ਸ਼ਾਹਕੋਟ ਦਾ ਓਟ ਸੈਂਟਰ ਲਗਾ ਰਿਹਾ 'ਰੰਗਲੇ ਪੰਜਾਬ' ਦੇ ਸੁਪਨੇ 'ਤੇ ਬਦਨੁਮਾ ਦਾਗ











ਨਸ਼ਾ ਛੁਡਾਊ ਕੇਂਦਰਾਂ ਅੱਗੇ ਦਵਾਈਆਂ ਲੈਣ ਲਈ ਪੰਜਾਬ ਦੇ ਨੌਜਵਾਨਾਂ ਦੀਆਂ ਲੱਗੀਆਂ ਕਤਾਰਾਂ ਅਤੇ ਖ਼ੂਨ ਦੇ ਧੱਭੇ ਨਜ਼ਰ ਆ ਰਹੇ ਹਨ

**ਪ੍ਰਿਤਪਾਲ ਸਿੰਘ, ਸ਼ਾਹਕੋਟ:** ਪੰਜਾਬ ਦੀ ਧਰਤੀ, ਜੋ ਕਦੇ ਆਪਣੀ ਜਵਾਨੀ ਤੇ ਖੁਸ਼ਹਾਲੀ ਲਈ ਜਾਣੀ ਜਾਂਦੀ ਸੀ, ਅੱਜ ਨਸ਼ਿਆਂ ਦੇ ਦਰਿਆ ਵਿਚ ਡੁੱਬਦੀ ਨਜ਼ਰ ਆ ਰਹੀ ਹੈ। ਇਸ ਦਾ ਭਿਆਨਕ ਰੂਪ ਜਲੰਧਰ ਜ਼ਿਲ੍ਹੇ ਦੇ ਕਸਬੇ ਸ਼ਾਹਕੋਟ ਵਿਚ ਵੇਖਣ ਨੂੰ ਮਿਲ ਰਿਹਾ ਹੈ, ਜਿੱਥੇ ਆਮ ਲੋਕਾਂ ਦਾ ਜਿਉਣਾ ਮੁਹਾਲ ਹੋ ਚੁੱਕਾ ਹੈ। ਸ਼ਹਿਰ ਦੇ ਬਿਲਕੁਲ ਵਿਚਕਾਰ ਸਥਿਤ ਸਰਕਾਰੀ ਹਸਪਤਾਲ, ਜਿੱਥੇ ਲੋਕ ਬਿਮਾਰੀਆਂ ਦਾ ਇਲਾਜ ਕਰਵਾਉਣ ਆਉਂਦੇ ਹਨ, ਅੱਜ ਕੱਲ੍ਹ ਨਸ਼ੇੜੀਆਂ ਦੇ ਅੱਡੇ ਵਜੋਂ ਬਦਨਾਮ ਹੋ ਰਿਹਾ ਹੈ। ਹਸਪਤਾਲ ਵਿਚ ਚੱਲ ਰਿਹਾ 'ਓਟ ਸੈਂਟਰ', ਜੋ ਨਸ਼ਾ ਛੁਡਾਉਣ ਲਈ ਬਣਾਇਆ ਗਿਆ ਸੀ, ਹੁਣ ਸ਼ਹਿਰ ਵਾਸੀਆਂ ਲਈ ਸਭ ਤੋਂ ਵੱਡੀ ਸਿਰਦਰਦੀ ਬਣ ਗਿਆ ਹੈ।

ਰੋਜ਼ਾਨਾ ਸੈਂਕੜੇ ਨਸ਼ੇੜੀਆਂ ਦੇ ਜਮਾਵੜੇ, ਲੜਾਈ-ਝਗੜਿਆਂ ਤੇ ਖੁੱਲ੍ਹੇਆਮ ਵਿਕਦੇ ਨਸ਼ੇ ਨੇ ਸ਼ਹਿਰ ਦੇ ਲੋਕਾਂ ਵਿਚ ਦਹਿਸ਼ਤ ਦਾ ਮਾਹੌਲ ਪੈਦਾ ਕੀਤਾ ਹੋਇਆ ਹੈ। ਓਟ ਸੈਂਟਰ 'ਚ ਰੋਜ਼ਾਨਾ 900 ਦੇ ਕਰੀਬ ਨਸ਼ੇ ਦੇ ਆਦੀ ਨੌਜਵਾਨ ਤੇ ਵਿਅਕਤੀ ਦਵਾਈ ਲੈਣ ਲਈ ਆਉਂਦੇ ਹਨ। ਸਵੇਰ ਹੁੰਦੇ ਹੀ ਹਸਪਤਾਲ ਦੇ ਬਾਹਰ ਅਤੇ ਅੰਦਰ ਨਸ਼ੇੜੀਆਂ ਦੀਆਂ ਲੰਮੀਆਂ ਕਤਾਰਾਂ ਲੱਗ ਜਾਂਦੀਆਂ ਹਨ। ਹਾਲਾਤ ਇਹ ਹਨ ਕਿ ਆਮ ਮਰੀਜ਼, ਜੋ ਆਪਣੀਆਂ ਬਿਮਾਰੀਆਂ ਦੇ ਇਲਾਜ ਲਈ ਹਸਪਤਾਲ ਆਉਣਾ ਚਾਹੁੰਦੇ ਹਨ, ਉਹ ਇੱਥੇ ਆਉਣ ਤੋਂ ਕਤਰਾਉਣ ਲੱਗੇ ਹਨ। ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਲਈ ਹਸਪਤਾਲ ਦੇ ਗੇਟ ਤੋਂ ਲੰਘਣਾ ਬਹੁਤ ਮੁਸ਼ਕਲ ਹੁੰਦਾ ਹੈ। ਨਸ਼ੇੜੀਆਂ ਦਾ ਜਮਾਵੜਾ ਸਿਰਫ਼ ਦਵਾਈ ਲੈਣ ਤੱਕ ਸੀਮਤ ਨਹੀਂ ਰਹਿੰਦਾ, ਸਗੋਂ ਉਹ ਸਾਰਾ ਦਿਨ ਹਸਪਤਾਲ ਦੇ ਆਲੇ-ਦੁਆਲੇ ਘੁੰਮਦੇ ਰਹਿੰਦੇ ਹਨ, ਜਿਸ ਨਾਲ ਹਸਪਤਾਲ ਦਾ ਮਾਹੌਲ ਪੂਰੀ ਤਰ੍ਹਾਂ ਖਰਾਬ ਹੋ ਚੁੱਕਾ ਹੈ।

***ਨਸ਼ਾ ਛੁਡਾਉਣ ਵਾਲੀ ਗੋਲੀ ਹੀ ਬਣੀ ਨਵਾਂ ਨਸ਼ਾ***

ਓਟ ਸੈਂਟਰਾਂ ਦਾ ਮੁੱਖ ਮਕਸਦ ਨਸ਼ੇ ਦੇ ਆਦੀ ਲੋਕਾਂ ਨੂੰ ਹੌਲੀ-ਹੌਲੀ ਨਸ਼ਾ ਛੁਡਾ ਕੇ ਮੁੱਖ ਧਾਰਾ ਵਿਚ ਲਿਆਉਣਾ ਸੀ। ਪਰ ਸ਼ਾਹਕੋਟ ਵਿਖੇ ਜ਼ਮੀਨੀ ਹਕੀਕਤ ਕੁਝ ਹੋਰ ਹੀ ਬਿਆਨ ਕਰਦੀ ਹੈ। ਨਸ਼ਾ ਛੱਡਣ ਲਈ ਦਿੱਤੀ ਜਾਣ ਵਾਲੀ ਦਵਾਈ ਦੀ ਹੀ ਇਨ੍ਹਾਂ ਲੋਕਾਂ ਨੂੰ ਲਤ ਲੱਗ ਗਈ ਹੈ। ਇਹ ਨਸ਼ੇੜੀ ਦਵਾਈ ਲੈਣ ਤੋਂ ਬਾਅਦ ਆਪਣੇ ਘਰਾਂ ਨੂੰ ਜਾਣ ਦੀ ਬਜਾਏ ਹਸਪਤਾਲ ਦੇ ਬਾਹਰ ਜਾਂ ਨਜ਼ਦੀਕੀ ਗਲੀਆਂ ਵਿਚ ਬੈਠ ਜਾਂਦੇ ਹਨ। ਜਿਹੜੀ ਦਵਾਈ ਉਨ੍ਹਾਂ ਨੂੰ ਜ਼ਿੰਦਗੀ ਵੱਲ ਮੋੜਨ ਲਈ ਸੀ, ਉਹ ਉਨ੍ਹਾਂ ਲਈ ਸਿਰਫ਼ ਨਸ਼ੇ ਦੀ ਪੂਰਤੀ ਦਾ ਇਕ ਸਰਕਾਰੀ ਸਾਧਨ ਬਣ ਕੇ ਰਹਿ ਗਈ ਹੈ। ਇਹ ਵਰਤਾਰਾ ਸਰਕਾਰ ਦੀ ਨਸ਼ਾ ਛੁਡਾਊ ਮੁਹਿੰਮ 'ਤੇ ਵੱਡੇ ਸਵਾਲ ਖੜ੍ਹੇ ਕਰ ਰਿਹਾ ਹੈ।

***ਹਸਪਤਾਲ ਦੇ ਬਾਹਰ ਚੱਲਦਾ 'ਨਸ਼ੇ ਦਾ ਬਾਜ਼ਾਰ'***

ਸਭ ਤੋਂ ਹੈਰਾਨੀਜਨਕ ਤੇ ਚਿੰਤਾਜਨਕ ਪਹਿਲੂ ਇਹ ਹੈ ਕਿ ਜਿੱਥੇ ਹਸਪਤਾਲ ਅੰਦਰ ਨਸ਼ਾ ਛੁਡਾਉਣ ਦੀ ਦਵਾਈ ਮਿਲਦੀ ਹੈ, ਉੱਥੇ ਹੀ ਹਸਪਤਾਲ ਦੇ ਬਿਲਕੁਲ ਬਾਹਰ ਨਸ਼ਾ ਤਸਕਰਾਂ ਦਾ ਜਾਲ ਵਿਛਿਆ ਹੋਇਆ ਹੈ। ਨਸ਼ੇ ਦਾ ਕਾਰੋਬਾਰ ਕਰਨ ਵਾਲੇ ਲੋਕਾਂ ਨੂੰ ਪਤਾ ਹੈ ਕਿ ਇੱਥੇ ਉਨ੍ਹਾਂ ਦੇ 'ਗਾਹਕ' (ਨਸ਼ੇੜੀ) ਵੱਡੀ ਗਿਣਤੀ ਵਿਚ ਇਕੱਠੇ ਹੁੰਦੇ ਹਨ। ਦਵਾਈ ਲੈਣ ਆਉਂਦੇ ਕਈ ਨੌਜਵਾਨ ਦਵਾਈ ਦੇ ਨਾਲ-ਨਾਲ ਬਾਹਰੋਂ ਮਿਲਣ ਵਾਲੇ ਸਿੰਥੈਟਿਕ ਨਸ਼ਿਆਂ ਜਾਂ ਮੈਡੀਕਲ ਨਸ਼ਿਆਂ ਦੀ ਖਰੀਦੋ-ਫਰੋਖਤ ਕਰਦੇ ਦੇਖੇ ਜਾ ਸਕਦੇ ਹਨ। ਪੁਲਿਸ ਦੇ ਨੱਕ ਹੇਠ ਇਹ ਕਾਲਾ ਕਾਰੋਬਾਰ ਧੜੱਲੇ ਨਾਲ ਚੱਲ ਰਿਹਾ ਹੈ। ਹਸਪਤਾਲ ਦੇ ਆਲੇ-ਦੁਆਲੇ ਦੀਆਂ ਗਲੀਆਂ ਵਿਚ ਸ਼ੱਕੀ ਵਿਅਕਤੀਆਂ ਦਾ ਘੁੰਮਣਾ ਆਮ ਗੱਲ ਹੋ ਗਈ ਹੈ। ਇਹ ਇਲਾਕਾ ਹੁਣ ਸੁਰੱਖਿਅਤ ਇਲਾਕੇ ਦੀ ਬਜਾਏ ਅਪਰਾਧੀਆਂ ਦੀ ਪਨਾਹਗਾਹ ਬਣਦਾ ਜਾ ਰਿਹਾ ਹੈ।

***ਚੋਰੀ ਤੇ ਲੁੱਟ-ਖੋਹ ਦੀਆਂ ਵਾਰਦਾਤਾਂ ਹੋਈਆਂ ਆਮ, ਲੋਕ ਪ੍ਰੇਸ਼ਾਨ***

ਸ਼ਹਿਰ ਵਾਸੀਆਂ ਲਈ ਇਹ ਸਥਿਤੀ ਅਸਹਿਣਯੋਗ ਹੋ ਚੁੱਕੀ ਹੈ। ਹਸਪਤਾਲ ਦੇ ਨੇੜੇ ਰਹਿਣ ਵਾਲੇ ਲੋਕਾਂ ਤੇ ਦੁਕਾਨਦਾਰਾਂ ਦਾ ਕਹਿਣਾ ਹੈ ਕਿ ਨਸ਼ੇੜੀਆਂ ਕਾਰਨ ਉਨ੍ਹਾਂ ਦਾ ਜਿਉਣਾ ਹਰਾਮ ਹੋ ਗਿਆ ਹੈ। ਨਸ਼ੇੜੀ ਲੋਕ ਔਰਤਾਂ ਨੂੰ ਬੁਰੀ ਨਜ਼ਰ ਨਾਲ ਦੇਖਦੇ ਹਨ ਤੇ ਭੱਦੀ ਸ਼ਬਦਾਵਲੀ ਵਰਤਦੇ ਹਨ। ਨਸ਼ੇ ਦੀ ਹਾਲਤ ਵਿਚ ਇਹ ਲੋਕ ਆਉਂਦੇ-ਜਾਂਦੇ ਰਾਹਗੀਰਾਂ ਨਾਲ ਗਾਲੀ-ਗਲੋਚ ਵੀ ਕਰਦੇ ਹਨ। ਨਸ਼ੇ ਦੀ ਪੂਰਤੀ ਲਈ ਇਨ੍ਹਾਂ ਨੂੰ ਪੈਸਿਆਂ ਦੀ ਲੋੜ ਹੁੰਦੀ ਹੈ, ਜਿਸ ਕਾਰਨ ਹਸਪਤਾਲ ਦੇ ਅੰਦਰ, ਬਾਹਰ ਤੇ ਗਲੀਆਂ ਵਿਚ ਵਾਹਨ ਚੋਰੀ ਤੇ ਮੋਬਾਈਲ ਖੋਹਣ ਦੀਆਂ ਵਾਰਦਾਤਾਂ ਰੋਜ਼ਾਨਾ ਦੀ ਗੱਲ ਹੋ ਗਈ ਹੈ। ਫਲਾਂ ਦੀ ਰੇਹੜੀ ਲਗਾਉਣ ਵਾਲੇ ਪ੍ਰਵਾਸੀਆਂ ਤੇ ਦੁਕਾਨਦਾਰਾਂ ਤੋਂ ਵੀ ਨਸ਼ੇੜੀ ਸਮਾਨ ਖੋਹ ਕੇ ਲੈ ਜਾਂਦੇ ਹਨ ਅਤੇ ਰੋਕਣ 'ਤੇ ਗਾਲੀ-ਗਲੋਚ ਤੇ ਮਾਰ ਕੁਟਾਈ ਤਕ ਕਰ ਦਿੰਦੇ ਹਨ। ਕਈ ਵਾਰ ਇਹ ਸੜਕਾਂ 'ਤੇ ਹੀ ਬੇਹੋਸ਼ ਪਏ ਮਿਲਦੇ ਹਨ, ਜਿਸ ਨਾਲ ਸਮਾਜਿਕ ਮਾਹੌਲ ਬਹੁਤ ਖਰਾਬ ਹੋ ਰਿਹਾ ਹੈ।


ਬਾਕੀ ਹਿੱਸਾ 46 ਪੰਨੇ ਤੇ

# THE CHILDREN IN WAR

When one considers the turmoil in the world, the wars that taking place, the displaced families and trauma they experience it is the children who suffer the most. When one witnesses the growing world of improvishment and the stark results of people trying to escape to a better life , it is the children whose lifes are destroyed or lost. Who will shed a tear for these innocent children of war and poverty and the broken lives of thier families. Does anyone really expect that the leaders such as putin, Netanyahu or former president Assad among others including the Emirati's in Dubai and myriad of terrorist leaders will consider the plight of the children, much less weep, as they destroy, plunder and murder to satisfy their own ego's and attain more power. Can we expect any of the world leaders of the world, most surronded by entourages to even catch a glimse of starving children or damaged children. Does anyone shed a tear? We need to look at the stastics and see the pain in the faces of children who are suffering from malnutrition or the hurt in their parents eyes as they watch them suffer or die. You dont have to go to a developing world to find such suffering, it can be found in every country that has led to the turmoil being experienced throughout the world. Although child mortality and suffering makes good discussion and receives good press at international conferences. There are many other issues, economical concerns, threats and conflicts that are precedent and political rivals that require attention, for elected leaders to get real about the starvation of children of the world. Will it take a greater depression or a world war which will most likely destroy most of humanity, for people to care and weep for the poor and suffering children. For million of children all over the world this is tragedy is unfolding in many places around the globe and it needs attention.Each time there is a catastrophe, a war or a famine there is always much talk about need for money, although money is needed but will not solve all problems. It is genuine care and compassion that will most help and the tears of many to bring recognition and love back to the world. Many will have to remind goverments that babies and children are important to the future well being of every country nation of the world. They are much more valuable commodities than oil, gas and minerals products or any of other things considered important to an economy. If humanity is to survive and economies are to flurish it will require all the talent and skills of all children. World peace starts from human hearts and it finds it glorious expression when we look beyond no difference in others and rejoice in the beauty of every human soul as one sarbat da bhalla welfare for all.







ਲੰਬੜਦਾਰ ਧਰਮਵੀਰ ਸਿੰਘ ਕਲੇਰ, ਕਵੈਂਟਰੀ

From : LAMBARDAR DHARMVEER SINGH CLAIRE COVENTRY


ਨਵੇਂ ਸਾਲ ਦੇ ਖ਼ੂਬਸੂਰਤ ਕੈਲੰਡਰਾਂ ਦੀ ਤਿਆਰੀ

TO BUY OR PRINT YOUR OWN NEW YEAR'S CALANDERS
PLEASE CONTACT US ON: 07966 388 388

ਨਵੇਂ ਸਾਲ 2026 ਦੇ ਕੈਲੰਡਰਾਂ ਲਈ ਆਰਡਰ ਲਏ ਜਾ ਰਹੇ ਹਨ
ਨਵੇਂ ਸਾਲ ਦੇ ਕੈਲੰਡਰਾਂ ਵਾਸਤੇ ਆਰਡਰ ਦੇਣ ਲਈ ਉੱਪਰ ਦਿੱਤੇ ਨੰਬਰ 'ਤੇ ਸੰਪਰਕ ਕਰੋ ਜੀ

ਪੰਜਾਬ ਟਾਈਮਜ਼ ਵੱਲੋਂ ਨਵੇਂ ਸਾਲ 2026 ਦੇ ਬਹੁਤ ਸੋਹਣੇ ਕੈਲੰਡਰ ਬਣਾਏ ਜਾ ਰਹੇ ਹਨ। ਵਪਾਰਕ ਅਦਾਰਿਆਂ ਲਈ ਆਪਣੇ ਕਾਰੋਬਾਰ ਨੂੰ ਵਧਾਉਣ ਦਾ ਇਹ ਬਹੁਤ ਵਧੀਆ ਮੌਕਾ ਹੁੰਦਾ ਹੈ। ਕੈਲੰਡਰ ਹਰ ਘਰ ਵਿਚ ਸਾਰਾ ਸਾਲ ਲੱਗਾ ਰਹਿੰਦਾ ਹੈ, ਜਿਸ ਨਾਲ ਸਬੰਧਿਤ ਸੰਸਥਾ ਜਾਂ ਕੰਪਨੀ ਨਾਲ ਲੋਕਾਂ ਦਾ ਰਾਬਤਾ ਬਣਿਆ ਰਹਿੰਦਾ ਹੈ। ਤੁਸੀਂ ਆਪਣੇ ਕੈਲੰਡਰ ਛਪਵਾ ਕੇ ਕਾਰੋਬਾਰ ਵਿਚ ਚੋਖਾ ਵਾਧਾ ਕਰ ਸਕਦੇ ਹੋ। ਸੋ ਦੇਰ ਨਾ ਕਰੋ, ਜਿਹੜਾ ਕੈਲੰਡਰ ਪਹਿਲਾਂ ਮਿਲ ਜਾਵੇ ਲੋਕ ਉਹੀ ਘਰ ਵਿੱਚ ਲਗਾ ਲੈਂਦੇ ਹਨ, ਫਿਰ ਦੇਰ ਨਾਲ ਮਿਲਣ ਵਾਲੇ ਕੈਲੰਡਰਾਂ ਵੱਲ ਕੋਈ ਧਿਆਨ ਨਹੀਂ ਦਿੰਦਾ।

ਵਿਸ਼ੇਸ਼ ਨੋਟ :- ਤੁਸੀਂ ਆਪਣੀ ਸੰਸਥਾ, ਕੰਪਨੀ ਨਾਲ ਸਬੰਧਿਤ ਜਾਂ ਕੋਈ ਪਰਿਵਾਰਕ ਫੋਟੋ ਜਾਂ ਹੋਰ ਕੋਈ ਵੀ ਆਪਣੀ ਮਨਪਸੰਦ ਫੋਟੋ ਆਪਣੇ ਕੈਲੰਡਰ ਉੱਤੇ ਛਪਵਾ ਸਕਦੇ ਹੋ।

* ਗੁਰੂ ਘਰਾਂ ਦੇ ਸਾਲਾਨਾ ਕੈਲੰਡਰ ਛਾਪਣ ਲਈ ਵਿਸ਼ੇਸ਼ ਰਿਆਇਤੀ ਦਰਾਂ ਹਨ, ਜਾਨਣ ਲਈ ਫ਼ੋਨ ਕਰੋ;

What's App Contact: 07966 388 388




Specialist in Full Colour and all other Commercial Printing.

ਅਸੀਂ ਹਰ ਤਰ੍ਹਾਂ ਦੇ ਵੱਖ-ਵੱਖ ਸਾਈਜ਼ਾਂ 'ਚ ਪੋਸਟਰ, ਕਿਤਾਬਾਂ ਅਤੇ ਰਸਾਲੇ ਆਦਿ ਬਹੁਤ ਹੀ ਸਸਤੇ ਭਾਅ 'ਤੇ ਛਾਪਦੇ ਹਾਂ।

CALL NOW AND SPEAK TO MANINDER SINGH OR HARJINDER SINGH MANDER ON: 01332-372851

# ਕਿਊਬਿਕ ਵਿੱਚ ਪੱਗ-ਹਿਜਾਬ ਤੇ ਜਨਤਕ ਪ੍ਰਾਰਥਨਾ ’ਤੇ ਪਾਬੰਦੀ

ਕਵਰ ਸਟੋਰੀ

## ✪ ਪੰਜਾਬੀਆਂ-ਮੁਸਲਮਾਨਾਂ ਦਾ ਦਰਦ ਛਲਕਿਆ, ਕੈਨੇਡਾ ਵਿਚ ਸਿੱਖਾਂ ਨੂੰ ਨਵੀਂ ਲੜਾਈ ਲੜਨੀ ਪਵੇਗੀ ✪ ਸਿੱਖਾਂ ਨੇ ਕਿਹਾ ਕਿ “ਅਸੀਂ ਪਛਾਣ ਨਹੀਂ ਛੱਡਾਂਗੇ, ਕਿਊਬਿਕ ਛੱਡ ਦਿਆਂਗੇ”



ਕੈਨੇਡਾ ਜਿਹੜਾ ਸਿੱਖਾਂ ਨੂੰ “ਪੰਜਾਬ ਤੋਂ ਬਾਅਦ ਆਪਣਾ ਘਰ ਲੱਗਦਾ ਸੀ”, ਉਸੇ ਕੈਨੇਡਾ ਦੇ ਕਿਊਬਿਕ ਸੂਬੇ ਨੇ ਇੱਕ ਵਾਰ ਫਿਰ ਪੱਗ, ਤੇ ਸਿੱਖ ਧਰਮ ਨੂੰ ਨਿਸ਼ਾਨਾ ਬਣਾ ਲਿਆ ਹੈ। 27 ਨਵੰਬਰ 2025 ਨੂੰ ਕਿਊਬਿਕ ਸਰਕਾਰ ਨੇ ਨਵਾਂ ਕਾਨੂੰਨ ਪੇਸ਼ ਕੀਤਾ, ਜਿਸ ਨੂੰ ਲੋਕ “ਸੈਕੂਲਰਿਜ਼ਮ 2.0” ਆਖ ਰਹੇ ਨੇ। ਇਸ ਵਿੱਚ ਪੱਗ, ਹਿਜਾਬ, ਕਿੱਪਾ ਵਰਗੇ ਧਾਰਮਿਕ ਚਿੰਨ੍ਹਾਂ ’ਤੇ ਹੋਰ ਸਖ਼ਤ ਪਾਬੰਦੀਆਂ ਲਗਾਈਆਂ ਗਈਆਂ ਹਨ। ਸਿੱਖਾਂ ਲਈ ਸਭ ਤੋਂ ਵੱਡਾ ਝਟਕਾ ਇਹ ਹੈ ਕਿ 2019 ਦੇ ਬਿੱਲ-21 ਵਿੱਚ ਜਿਹੜੇ ਸਰਕਾਰੀ ਮੁਲਾਜ਼ਮਾਂ (ਅਧਿਆਪਕ, ਪੁਲਿਸ, ਜੱਜ) ਨੂੰ ਪੱਗ ਪਹਿਨਣ ਤੋਂ ਰੋਕਿਆ ਸੀ, ਹੁਣ ਉਹ ਬੈਨ ਸਬਸਿਡੀ ਵਾਲੀਆਂ ਡੇ-ਕੇਅਰਾਂ ਦੇ ਸਟਾਫ਼ ਉਪਰ ਵੀ ਲਾਗੂ ਹੋਣ ਲੱਗਾ। ਮਤਲਬ, ਜਿਹੜੀ ਸਿੱਖ ਬੀਬੀ ਡੇ-ਕੇਅਰ ਵਿਚ ਕੰਮ ਕਰਕੇ ਘਰ ਚਲਾਉਂਦੀ ਸੀ, ਉਸ ਨੂੰ ਵੀ ਹੁਣ ਦਸਤਾਰ ਉਤਾਰਨੀ ਪਵੇਗੀ ਜਾਂ ਨੌਕਰੀ ਛੱਡਣੀ ਪਵੇਗੀ।

ਪਰ ਗੱਲ ਇੱਥੇ ਨਹੀਂ ਰੁਕੀ। ਨਵੇਂ ਬਿੱਲ ਵਿੱਚ ਇਹ ਵੀ ਲਿਖਿਆ ਕਿ ਜਨਤਕ ਥਾਵਾਂ - ਪਾਰਕ, ਸੜਕਾਂ, ਚੌਕ - ਤੇ ਬਿਨਾਂ ਮਿਊਂਸਪਲ ਪਰਮਿਟ ਦੇ “ਸਮੂਹਿਕ ਧਾਰਮਿਕ ਕੰਮ” (ਜਿਵੇਂ ਨਮਾਜ਼, ਅਰਦਾਸ, ਪਾਠ) ਕਰਨ ’ਤੇ ਸਿੱਧੀ ਪਾਬੰਦੀ ਹੈ। ਮੰਤਰੀ ਜੀਨ-ਫ਼ਰਾਂਸਵਾ ਰੋਬਰਜ ਨੇ ਸਾਫ਼-ਸਾਫ਼ ਆਖਿਆ, “ਹੁਣ ਤੱਕ ਜੋ ਫ਼ਲਸਤੀਨ ਸਪੋਰਟ ਰੈਲੀਆਂ ਵਿੱਚ ਲੋਕ ਸੜਕ ਰੋਕ ਕੇ ਨਮਾਜ਼ ਪੜ੍ਹਦੇ ਸਨ, ਉਹਨਾਂ ਉਪਰ ਪਾਬੰਦੀ ਹੋਵੇਗੀ।” ਯਾਨੀ ਉਹ ਤਾਂ ਮੁਸਲਮਾਨਾਂ ਨੂੰ ਟਾਰਗੇਟ ਕਰ ਰਹੇ ਸਨ, ਪਰ ਬਿੱਲ ਦੀ ਭਾਸ਼ਾ ਇੰਨੀ ਚੌੜੀ ਰੱਖੀ ਕਿ ਗੁਰਪੁਰਬ, ਨਗਰ ਕੀਰਤਨ, ਅਖੰਡ ਪਾਠ - ਸਭ ਇਸ ਦੇ ਹੇਠਾਂ ਆ ਗਏ ਹਨ।

### ਕੀ-ਕੀ ਨਵਾਂ ਹੋਇਆ

1. 2019 ਵਿੱਚ ਬਣੇ ਬਿੱਲ-21 ਵਿੱਚ ਸਰਕਾਰੀ ਅਧਿਆਪਕਾਂ, ਪੁਲਿਸ ਵਾਲਿਆਂ, ਜੱਜਾਂ ਨੂੰ ਪੱਗ-ਹਿਜਾਬ ਪਾਉਣ ’ਤੇ ਪਾਬੰਦੀ ਸੀ।
2. ਹੁਣ ਨਵੇਂ ਬਿੱਲ-9 ਵਿੱਚ ਇਹ ਪਾਬੰਦੀ ਸਬਸਿਡੀ ਵਾਲੀਆਂ ਡੇ-ਕੇਅਰਾਂ (ਬੱਚਿਆਂ ਦੇ ਸਕੂਲ) ਦੇ ਸਟਾਫ਼ ਉਪਰ ਵੀ ਲਾ ਦਿੱਤੀ।
3. ਡੇ-ਕੇਅਰ ਤੋਂ ਲੈ ਕੇ ਯੂਨੀਵਰਸਿਟੀ ਤੱਕ ਵਿਦਿਆਰਥੀ ਵੀ ਹੁਣ ਮੂੰਹ ਢੱਕਣ ਵਾਲਾ ਕੱਪੜਾ (ਨਕਾਬ, ਬੁਰਕਾ) ,ਪੱਗ ਨਹੀਂ ਪਾ ਸਕਦੇ।
4. ਪਾਰਕਾਂ, ਸੜਕਾਂ, ਚੌਕਾਂ ਵਿੱਚ ਬਿਨਾਂ ਪਰਮਿਟ ਦੇ ਸਮੂਹ ਪ੍ਰਾਰਥਨਾ (ਨਮਾਜ਼, ਅਰਦਾਸ, ਪਾਠ) ਕਰਨ ’ਤੇ ਪੂਰੀ ਪਾਬੰਦੀ।
5. ਸਰਕਾਰੀ ਪੈਸੇ ਵਾਲੀਆਂ ਡੇ-ਕੇਅਰਾਂ ਵਿੱਚ ਸਿਰਫ਼ ਹਲਾਲ ਜਾਂ ਕੋਸ਼ਰ ਭੋਜਨ ਨਹੀਂ ਦਿੱਤਾ ਜਾ ਸਕਦਾ - ਸਾਰਿਆਂ ਨੂੰ ਇੱਕੋ ਜਿਹਾ ਖਾਣਾ।
6. ਜਿਹੜੇ ਨਿੱਜੀ ਸਕੂਲ ਸਰਕਾਰੀ ਪੈਸੇ ਲੈਂਦੇ ਨੇ, ਉਹ ਧਰਮ ਦੀ ਪੜ੍ਹਾਈ ਨਹੀਂ ਕਰਾ ਸਕਣਗੇ।

### ਇਹ ਸਭ ਕਿਉਂ ਹੋ ਰਿਹਾ ਏ

ਕਿਊਬਿਕ ਦੇ ਮੁੱਖ ਮੰਤਰੀ ਫ਼ਰਾਂਸਵਾ ਲੈਗੋ ਦੀ ਪਾਰਟੀ ਸੀਏਕਿਊ ਸਰਕਾਰ ਆਖਦੀ ਏ ਕਿ ਸਾਡੇ ਕੋਲ ਫ਼ਰਾਂਸ ਵਰਗਾ ‘ਲਾਈਸੀਟੇ’ ਕਨੂੰਨ ਚਾਹੀਦਾ ਏ - ਮਤਲਬ ਧਰਮ ਤੇ ਸਰਕਾਰ ਵੱਖ ਹੋਣ।”

ਉਹ ਆਖਦੇ ਨੇ ਕਿ ਫ਼ਲਸਤੀਨ ਸਪੋਰਟ ਰੈਲੀਆਂ ਵਿੱਚ ਜਦੋਂ ਲੋਕ ਸੜਕ ਰੋਕ ਕੇ ਨਮਾਜ਼ ਪੜ੍ਹਦੇ ਸਨ, ਉਹ ਗਲਤ ਸੀ। ਉਸੇ ਕਾਰਣ ਇਹ ਕਾਨੂੰਨ ਬਣਾ ਦਿੱਤਾ।

ਪਰ ਅਸਲ ਵਿੱਚ ਬਹੁਤ ਸਾਰੇ ਲੋਕ ਆਖਦੇ ਨੇ - ਇਹ ਚੋਣਾਂ ਤੋਂ ਪਹਿਲਾਂ ਵੋਟ ਲੈਣ ਦੀ ਚਾਲ ਏ। ਅਗਲੇ ਸਾਲ ਚੋਣ ਏ, ਤੇ ਪੁਰਾਣੇ ਫ਼ਰਾਂਕੋ-ਕਿਊਬਿਕ ਲੋਕਾਂ ਨੂੰ ਪ੍ਰਭਾਵਿਤ ਕਰਕੇ ਆਪਣੀ ਪਾਰਟੀ ਵਲ ਖਿਚਿਆ ਜਾ ਰਿਹਾ ਹੈ।

### ਕੀ ਸੋਚਦਾ ਹੈ ਸਿੱਖ ਭਾਈਚਾਰਾ?

ਮਾਂਟਰੀਆਲ ਦੇ ਸਿੱਖ ਆਗੂ ਭਾਈ ਬਲਜੀਤ ਸਿੰਘ (ਵਰਲਡ ਸਿੱਖ ਆਰਗੇਨਾਈਜੇਸ਼ਨ ਕੈਨੇਡਾ) ਨੇ ਦੱਸਿਆ ਕਿ ਅਸੀਂ 2019 ਵਿੱਚ ਵੀ ਲੜੇ ਸਾਂ, ਕੋਰਟਾਂ ਵਿੱਚ ਗਏ, ਪਰ ਨਾਥਿੰਗ ਕਲਾਜ਼ ਲਾ ਕੇ ਸਰਕਾਰ ਨੇ ਸਾਡੀ ਗੱਲ ਦੱਬ ਦਿੱਤੀ। ਹੁਣ ਤਾਂ ਡੇ-ਕੇਅਰਾਂ, ਸਰਕਾਰੀ ਅਦਾਰਿਆਂ ਵਿੱਚ ਵੀ ਪੱਗ ਨਹੀਂ ਪਹਿਨ ਸਕਦੇ। ਓਂਟਾਰੀਓ ਸਿੱਖ ਐਂਡ ਗੁਰਦੁਆਰਾ ਕੌਂਸਲ ਦੇ ਪ੍ਰਧਾਨ ਜਗਦੀਸ਼ ਸਿੰਘ ਗਰੇਵਾਲ ਨੇ ਕਿਹਾ ਕਿ ਇਹ ਸਿੱਧਾ-ਸਿੱਧਾ ਸਾਡੀ ਧਾਰਮਿਕ ਆਜ਼ਾਦੀ ਉਪਰ ਹਮਲਾ ਹੈ। ਫਰਾਂਸ ਵਿੱਚ ਲਾਈਸੀਟੇ ਦੀ ਗੱਲ ਸਮਝ ਆਉਂਦੀ ਸੀ, ਉੱਥੇ ਕੈਥੋਲਿਕ ਚਰਚ ਨੇ ਸਦੀਆਂ ਰਾਜ ਕੀਤਾ ਸੀ। ਪਰ ਕਿਊਬਿਕ ਵਿੱਚ ਤਾਂ ਅਸੀਂ 1960 ਤੋਂ ਬਾਅਦ ਹੀ ਆਏ ਆ। ਅਸੀਂ ਕਦੇ ਕਿਸੇ ਉਪਰ ਧਰਮ ਨਹੀਂ ਥੋਪਿਆ। ਫਿਰ ਸਾਡੇ ਪੱਗ ਤੋਂ ਕਿਉਂ ਡਰ ਲੱਗਦਾ ਏ?”

ਨੈਸ਼ਨਲ ਕੌਂਸਲ ਆਫ਼ ਕੈਨੇਡੀਅਨ ਮੁਸਲਿਮਜ਼ ਨੇ ਵੀ ਬਿਆਨ ਦਿੱਤਾ ਕਿ “ਸੀਏਕਿਊ ਸਰਕਾਰ ਚੋਣਾਂ ਤੋਂ ਪਹਿਲਾਂ ਵੋਟਾਂ ਖ਼ਾਤਰ ਘੱਟ ਗਿਣਤੀ ਕੌਮਾਂ ਨੂੰ ਡਰਾਉਣ ਦੀ ਰਾਜਨੀਤੀ ਕਰ ਰਹੀ ਏ”।

ਪਰ ਸਿੱਖ ਭਾਈਚਾਰੇ ਵਿੱਚ ਇੱਕ ਹੋਰ ਦਰਦ ਵੀ ਏ - ਕਿ ਮੀਡੀਆ ਵਿੱਚ ਤਾਂ ਸਿਰਫ਼ “ਹਿਜਾਬ ਬੈਨ” ਦੀ ਗੱਲ ਹੁੰਦੀ ਏ, ਪੱਗ ਦੀ ਗੱਲ ਕੋਈ ਨਹੀਂ ਕਰਦਾ।

* ਵਰਲਡ ਸਿੱਖ ਆਰਗੇਨਾਈਜੇਸ਼ਨ (ਕੈਨੇਡਾ) ਨੇ ਕਿਹਾ - ਅਸੀਂ ਸੁਪਰੀਮ ਕੋਰਟ ਜਾਵਾਂਗੇ।

* ਨੈਸ਼ਨਲ ਕੌਂਸਲ ਆਫ਼ ਕੈਨੇਡੀਅਨ ਮੁਸਲਿਮਜ਼ ਨੇ ਵੀ ਕਿਹਾ - ਅਸੀਂ ਲੜਾਂਗੇ।

*ਕਈ ਸਿੱਖ ਨੌਜਵਾਨ ਓਨਟਾਰੀਓ, ਬੀ.ਸੀ. ਤੇ ਅਲਬਰਟਾ ਸ਼ਿਫ਼ਟ ਹੋਣ ਦੀ ਸੋਚ ਰਹੇ ਨੇ।

* ਕਈ ਸਿੱਖ ਆਖਦੇ ਨੇ - “ਜੇ ਕਿਊਬਿਕ ਨਹੀਂ ਮੰਨਦਾ ਤਾਂ ਅਸੀਂ ਆਪਣੀਆਂ ਡੇ-ਕੇਅਰਾਂ ਤੇ ਸਕੂਲ ਖੋਲ੍ਹ ਲਵਾਂਗੇ - ਬਿਨਾਂ ਸਰਕਾਰੀ ਪੈਸੇ ਦੇ।”

### ਕਿਊਬਿਕ ਦੇ ਆਪਣੇ ਲੋਕ ਕੀ ਆਖਦੇ ਨੇ?

ਬਹੁਤ ਸਾਰੇ ਫ਼ਰਾਂਕੋ-ਕਿਊਬਿਕ ਲੋਕ ਵੀ ਇਸ ਦੇ ਖ਼ਿਲਾਫ਼ ਨੇ। ਇੱਕ ਫ਼ਰਾਂਕੋ ਮਹਿਲਾ ਮੈਰੀ ਆਖਦੀ ਏ ਕਿ ਮੈਂ ਖ਼ੁਦ ਨੂੰ ਸਕੂਲ ਵਿੱਚ ਪੜ੍ਹਾਉਂਦੀ ਹਾਂ। ਮੇਰੇ ਕਲਾਸ ਵਿੱਚ ਹਿਜਾਬ ਵਾਲੀ ਬੱਚੀ ਵੀ ਏ, ਪੱਗ ਵਾਲਾ ਬੱਚਾ ਵੀ। ਦੋਵੇਂ ਬਹੁਤ ਪਿਆਰੇ ਨੇ। ਇਹ ਸਿਆਸਤਦਾਨ ਵਿਤਕਰਾ ਕਰ ਰਹੇ ਨੇ।”

# ਅੰਮ੍ਰਿਤਪਾਲ ਸਿੰਘ ਦੀ ਇੱਕ ਸਪੀਚ ਨਾਲ ਪੰਜਾਬ ਦੀਆਂ ਪੰਜ ਨਦੀਆਂ ਨੂੰ ਅੱਗ ਲੱਗ ਸਕਦੀ ਹੈ

## ✪ ਪੰਜਾਬ ਸਰਕਾਰ ਨੇ ਹਾਈਕੋਰਟ ਨੂੰ ਦੱਸਿਆ, ਕੋਰਟ ਨੇ ਕਿਹਾ ਅਗਲੀ ਪੇਸ਼ੀ ਉਪਰ ਸਬੂਤ ਲੈਕੇ ਆਓ

ਚੰਡੀਗੜ੍ਹ-ਖਡੂਰ ਸਾਹਿਬ ਦੇ ਲੋਕ ਸਭਾ ਮੈਂਬਰ ਅਤੇ ਵਾਰਿਸ ਪੰਜਾਬ ਦੇ ਮੁਖੀ ਅੰਮ੍ਰਿਤਪਾਲ ਸਿੰਘ ਨੂੰ ਸੰਸਦ ਦੇ ਸਰਦ ਰੁੱਤ ਸੈਸ਼ਨ ਵਿੱਚ ਸ਼ਾਮਲ ਹੋਣ ਲਈ ਪੰਜਾਬ ਸਰਕਾਰ ਵਲੋਂ ਪੈਰੋਲ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਪੰਜਾਬ ਤੇ ਹਰਿਆਣਾ ਹਾਈਕੋਰਟ ਵਿੱਚ ਸਰਕਾਰ ਨੇ ਕਿਹਾ ਸੀ ਕਿ ‘‘ਅੰਮ੍ਰਿਤਪਾਲ ਦੀ ਇੱਕੋ ਇੱਕ ਤਕਰੀਰ ਨਾਲ ਪੰਜਾਬ ਦੀਆਂ ਪੰਜ ਨਦੀਆਂ ਵਿੱਚ ਅੱਗ ਲੱਗ ਸਕਦੀ ਹੈ।’’

ਸਰਕਾਰ ਵੱਲੋਂ ਸੀਨੀਅਰ ਵਕੀਲ ਅਨੁਪਮ ਗੁਪਤਾ ਨੇ ਅਦਾਲਤ ਨੂੰ ਦੱਸਿਆ ਕਿ ਜੇ ਅੰਮ੍ਰਿਤਪਾਲ ਨੂੰ ਸੰਸਦ ਵਿੱਚ ਜਾਣ ਦੀ ਇਜਾਜ਼ਤ ਦਿੱਤੀ ਤਾਂ ਇਹ ਪੰਜਾਬ ਦੀ ਸੁਰੱਖਿਆ ਲਈ ਬਹੁਤ ਵੱਡਾ ਖ਼ਤਰਾ ਬਣ ਸਕਦਾ ਹੈ। ਉਹਨਾਂ ਕਿਹਾ, ‘‘ਇਹ ਮਸਲਾ ਕੌਮੀ ਸੁਰੱਖਿਆ ਤੇ ਕੌਮੀ ਬਚਾਅ ਨਾਲ ਜੁੜਿਆ ਹੋਇਆ ਹੈ।’’ਅੰਮ੍ਰਿਤਪਾਲ ਸਿੰਘ ਅਪ੍ਰੈਲ 2023 ਤੋਂ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਨੈਸ਼ਨਲ ਸਿਕਿਉਰਿਟੀ ਐਕਟ ਅਧੀਨ ਬੰਦ ਹੈ। ਉਹ 2024 ਚੋਣਾਂ ਵਿੱਚ ਲੋਕ ਸਭਾ ਮੈਂਬਰ ਚੁਣੇ ਗਏ ਸਨ, ਲੱਗਭਗ 4 ਲੱਖ ਵੋਟਾਂ ਨਾਲ ਜਿੱਤੇ ਸਨ। ਅੰਮ੍ਰਿਤਪਾਲ ਦੇ ਵਕੀਲ ਸੀਨੀਅਰ ਐਡਵੋਕੇਟ ਰਾਜਵਿੰਦਰ ਸਿੰਘ ਬੈਂਸ ਨੇ ਕਿਹਾ, ‘‘ਸਰਕਾਰ ਨੇ ਬਿਨਾਂ ਕਿਸੇ ਠੋਸ ਸਬੂਤ ਦੱਸੇ ਬੱਸ ਇੱਕ ਲਾਈਨ ਦਾ ਆਰਡਰ ਲਿਖ ਦਿੱਤਾ। ਸਾਡਾ ਮੁਵੱਕਿਲ ਪੰਜਾਬ ਵੀ ਨਹੀਂ ਆਉਣਾ ਚਾਹੁੰਦਾ, ਸਿਰਫ਼ ਸੰਸਦ ਵਿੱਚ ਆਪਣਾ ਫ਼ਰਜ਼ ਨਿਭਾਉਣਾ ਚਾਹੁੰਦਾ ਹੈ। ਜੇ ਚਾਹੇ ਤਾਂ ਸਖ਼ਤ ਸ਼ਰਤਾਂ ਲਾ ਕੇ ਪੈਰੋਲ ਦਿੱਤੀ ਜਾ ਸਕਦੀ ਹੈ।’’ਬੈਂਸ ਨੇ ਇਹ ਵੀ ਕਿਹਾ ਕਿ ਅੰਮ੍ਰਿਤਪਾਲ ਆਪਣੇ ਖੇਤਰ ਵਿੱਚ ਅਗਸਤ ਵਿੱਚ ਆਏ ਹੜ੍ਹਾਂ ਕਾਰਨ ਹੋਏ ਨੁਕਸਾਨ ਦਾ ਮੁੱਦਾ ਸੰਸਦ ਵਿੱਚ ਚੁੱਕਣਾ ਚਾਹੁੰਦੇ ਹਨ, ਜਿਸ ਨਾਲ ਲਗਭਗ 800 ਪਿੰਡ ਪ੍ਰਭਾਵਿਤ ਹੋਏ ਸਨ। ਜਦੋਂ ਸਰਕਾਰ ਨੇ ਸਖ਼ਤ ਵਿਰੋਧ ਕੀਤਾ ਤਾਂ ਬੈਂਸ ਨੇ ਬਦਲ ਵੀ ਦਿੱਤਾ: ‘‘ਜੇਲ੍ਹ ਵਿੱਚ ਵੀਡੀਓ ਕਾਨਫਰੰਸ ਦੀ ਸਹੂਲਤ ਹੈ, ਸੰਸਦ ਵਿੱਚ ਵੀ ਹੈ। ਵਰਚੁਅਲ ਹਾਜ਼ਰੀ ਦੀ ਇਜਾਜ਼ਤ ਕਿਉਂ ਨਹੀਂ?’’ ਇਸ ਤੋਂ ਇਲਾਵਾ ਐਡੀਸ਼ਨਲ ਸਾਲਿਸਿਟਰ ਜਨਰਲ ਸੱਤਿਆ ਪਾਲ ਜੈਨ ਨੇ ਦੱਸਿਆ ਕਿ ਸੰਸਦ ਵਿੱਚ ਵਰਚੁਅਲ ਹਾਜ਼ਰੀ ਦਾ ਕੋਈ ਕਾਨੂੰਨੀ ਪ੍ਰਬੰਧ ਨਹੀਂ ਹੈ; ਸੰਸਦ ਮੈਂਬਰ ਨੂੰ ਖ਼ੁਦ ਸਦਨ ਵਿੱਚ ਮੌਜੂਦ ਰਹਿਣਾ ਪੈਂਦਾ ਹੈ। ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਹੁਕਮ ਦਿੱਤਾ ਕਿ ਸੋਮਵਾਰ ਨੂੰ ਉਹ ਸਾਰਾ ‘‘ਬੁਨਿਆਦੀ ਸਮਾਨ’’ (ਇੰਟੈਲੀਜੈਂਸ ਰਿਪੋਰਟਾਂ ਆਦਿ) ਅਦਾਲਤ ਸਾਹਮਣੇ ਪੇਸ਼ ਕਰੇ, ਜਿਸ ਦੇ ਆਧਾਰ ਤੇ ਪੈਰੋਲ ਰੱਦ ਕੀਤੀ ਗਈ ਹੈ। ਅੰਮ੍ਰਿਤਪਾਲ ਦਾ ਕਹਿਣਾ ਹੈ ਕਿ ਉਹਨਾਂ ਦੀ 19 ਲੱਖ ਲੋਕਾਂ ਦੀ ਚੁਣੀ ਹੋਈ ਆਵਾਜ਼ ਨੂੰ ਦਬਾਇਆ ਜਾ ਰਿਹਾ ਹੈ ਤੇ ਇਹ ਰਾਜਨੀਤੀ ਨਾਲ ਪ੍ਰੇਰਿਤ ਹੈ। ਹੁਣ ਅਦਾਲਤ ਅਗਲੇ ਹਫਤੇ ਸਰਕਾਰ ਦੇ ਸਬੂਤ ਵੇਖ ਕੇ ਫ਼ੈਸਲਾ ਸੁਣਾਏਗੀ।

# ਕੰਚਨਪ੍ਰੀਤ ਦੀ ਗ੍ਰਿਫ਼ਤਾਰੀ ਕਾਰਣ ਪੰਜਾਬ ਸਰਕਾਰ ਦੀ ਕਿਰਕਰੀ ਹੋਈ

## ✡ ਅਦਾਲਤ ਨੇ ਤੁਰੰਤ ਰਿਹਾਅ ਕੀਤਾ, ਬਾਦਲ ਅਕਾਲੀ ਦਲ ਨੇ ਜ਼ਿਲ੍ਹਾ ਪ੍ਰੀਸ਼ਦ ਚੋਣ ਲਈ ਉਮੀਦਵਾਰ ਐਲਾਨਿਆ

ਤਰਨਤਾਰਨ-ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਵਿਧਾਇਕ ਦੀ ਧੀ ਤੇ ਤਰਨਤਾਰਨ ਜ਼ਿਮਨੀ ਚੋਣ ਵਿੱਚ ਸਰਗਰਮ ਰਹੀ 32 ਸਾਲਾ ਕੰਚਨਪ੍ਰੀਤ ਕੌਰ ਨੂੰ ਪੰਜਾਬ ਪੁਲਿਸ ਨੇ ਬੀਤੇ ਦਿਨੀਂ ਮਜੀਠਾ ਥਾਣੇ ਵਿੱਚ ਜਾਂਚ ਲਈ ਬੁਲਾਇਆ ਸੀ ਤਾਂ ਉੱਥੇ ਹੀ ਤਰਨਤਾਰਨ ਪੁਲਿਸ ਨੇ ਝਬਾਲ ਥਾਣੇ ਦੀ ਐਫਆਈਆਰ ਅਧੀਨ ਗ੍ਰਿ.ਫਤਾਰ ਕਰ ਲਿਆ ਸੀ। ਇਲਜ਼ਾਮ ਸੀ ਕਿ ਜ਼ਿਮਨੀ ਚੋਣ ਦੌਰਾਨ ਉਹ ਆਪਣੇ ਕੈਨੇਡਾ ਰਹਿ ਰਹੇ ਪਤੀ ਗੈਂਗਸਟਰ ਅੰਮ੍ਰਿਤਪਾਲ ਸਿੰਘ ਬਾਠ ਦੇ ਸਾਥੀਆਂ ਨਾਲ ਮਿਲ ਕੇ ਵੋਟਰਾਂ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਰਹੀ ਸੀ।

ਅਕਾਲੀ ਦਲ ਨੇ ਇਸ ਗ੍ਰਿ.ਫਤਾਰੀ ਨੂੰ "“ਆਮ ਆਦਮੀ ਪਾਰਟੀ ਦੀ ਬਦਲਾਖੋਰੀ” ਤੇ “ਚੋਣਾਂ ਤੋਂ ਬਾਅਦ ਦਹਿਸ਼ਤ ਫੈਲਾਉਣ ਦੀ ਸਾਜ਼ਿਸ਼” ਕਰਾਰ ਦਿੱਤਾ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਲਿਖਿਆ, “ਪੁਲਿਸ ਦਾ ਜ਼ੁਲਮ ਅਜੇ ਵੀ ਜਾਰੀ ਹੈ, ਅਸੀਂ ਡਟ ਕੇ ਮੁਕਾਬਲਾ ਕਰਾਂਗੇ।” ਵਿਰਸਾ ਸਿੰਘ ਵਲਟੋਹਾ ਨੇ ਕਿਹਾ ਕਿ ਇੱਕ ਢਾਈ ਸਾਲ ਦੇ ਬੱਚੇ ਦੀ ਮਾਂ ਤੇ ਧਰਮੀ ਫੌਜੀ ਦੀ ਧੀ ਨੂੰ ਸੂਰਜ ਡੁੱਬਣ ਤੋਂ ਬਾਅਦ ਗ੍ਰਿ.ਫਤਾਰ ਕਰਨਾ ਸਰਾਸਰ ਧੱਕਾ ਹੈ ਤੇ ਸੁਪਰੀਮ ਕੋਰਟ ਦੀ ਹਦਾਇਤ ਦੀ ਉਲੰਘਣਾ ਹੈ।

ਬੀਤੇ ਐਤਵਾਰ ਦੀ ਅੱਧੀ ਰਾਤ ਤੋਂ ਬਾਅਦ ਤਰਨਤਾਰਨ ਜ਼ਿਲ੍ਹਾ ਅਦਾਲਤ ਵਿੱਚ



ਤਿੰਨ ਘੰਟੇ ਤੋਂ ਵੱਧ ਚੱਲੀ ਸੁਣਵਾਈ ਤੋਂ ਬਾਅਦ ਸਵੇਰੇ ਲਗਭਗ 4 ਵਜੇ ਅਦਾਲਤ ਨੇ ਗ੍ਰਿ.ਫਤਾਰੀ ਨੂੰ ਗੈਰ-ਕਾਨੂੰਨੀ ਕਰਾਰ ਦਿੰਦਿਆਂ ਕੰਚਨਪ੍ਰੀਤ ਕੌਰ ਨੂੰ ਤੁਰੰਤ ਰਿਹਾਅ ਕਰਨ ਦੇ ਹੁਕਮ ਦਿੱਤੇ। ਅਦਾਲਤ ਨੇ ਸਪੱਸ਼ਟ ਕੀਤਾ ਕਿ ਜਿਨ੍ਹਾਂ ਧਾਰਾਵਾਂ (174, 351(2), 351(3) ਆਦਿ) ਲਾਈਆਂ ਗਈਆਂ ਹਨ, ਉਨ੍ਹਾਂ ਵਿੱਚ ਗ੍ਰਿ.ਫਤਾਰੀ ਤੋਂ ਪਹਿਲਾਂ ਨੋਟਿਸ ਦੇਣਾ ਲਾਜ਼ਮੀ ਸੀ, ਜੋ ਨਹੀਂ ਦਿੱਤਾ ਗਿਆ।

ਰਿਹਾਈ ਤੋਂ ਬਾਅਦ ਕੰਚਨਪ੍ਰੀਤ ਨੇ ਦੱਸਿਆ, “ਮੈਂ ਮਜੀਠਾ ਥਾਣੇ ਵਿੱਚ ਪਹਿਲਾਂ ਵਾਲੇ ਕੇਸ ਦੀ ਜਾਂਚ ਲਈ ਗਈ ਸੀ। ਪੰਜ ਘੰਟੇ ਪੁੱਛਗਿੱਛ ਤੋਂ ਬਾਅਦ ਸ਼ਾਮ ਨੂੰ ਤਰਨਤਾਰਨ ਪੁਲਿਸ ਨੇ ਇੱਕ ਪੇਪਰ ਵਿਖਾ ਕੇ ਕਿ ਤੁਹਾਡੇ ਤੇ ਧਾਰਾਵਾਂ ਲੱਗੀਆਂ ਤੇ ਮੈਨੂੰ ਗੱਡੀ ਵਿੱਚ ਬਿਠਾ ਕੇ ਲੈ ਗਏ।”

ਦੂਜੇ ਪਾਸੇ ਪੁਲਿਸ ਨੇ ਦਾਅਵਾ ਕੀਤਾ ਕਿ ਕੰਚਨਪ੍ਰੀਤ ਕੈਨੇਡਾ ਬੇਸਡ ਗੈਂਗਸਟਰ ਅੰਮ੍ਰਿਤਪਾਲ ਸਿੰਘ ਬਾਠ ਦੇ ਗੈਂਗ ਦੀ ਸਾਂਝੇਦਾਰ ਹੈ ਤੇ ਉਸ ਦੇ 23 ਗੰਭੀਰ ਮਾਮਲਿਆਂ ਵਿੱਚ ਨਾਂਅ ਜੁੜਿਆ ਹੋਇਆ ਹੈ। ਐਸਐਸਪੀ ਤਰਨਤਾਰਨ ਸੁਰਿੰਦਰ ਲਾਂਬਾ ਤੇ ਡੀਐਸਪੀ ਸੁਖਬੀਰ ਸਿੰਘ ਨੇ ਕਿਹਾ ਕਿ ਗ੍ਰਿ.ਫਤਾਰੀ ਦਾ ਮਕਸਦ ਗੈਂਗ ਨੈੱਟਵਰਕ ਨੂੰ ਤੋੜਨਾ ਹੈ, ਕੋਈ ਸਿਆਸੀ ਵਿਰੋਧ ਨਹੀਂ। ਪਰ ਅਕਾਲੀ ਦਲ ਦੇ ਵਕੀਲ ਅਰਸ਼ਦੀਪ ਸਿੰਘ ਕਲੇਰ ਨੇ ਦੱਸਿਆ ਕਿ ਕੰਚਨਪ੍ਰੀਤ ਖਿਲਾ.ਫ ਪਹਿਲਾਂ ਦੇ ਚਾਰ ਮਾਮਲਿਆਂ ਵਿੱਚ ਅਗਾਊਂ ਜ਼ਮਾਨਤ ਮਿਲ ਚੁੱਕੀ ਹੈ ਤੇ ਇਹ ਪੰਜਵਾਂ ਮਾਮਲਾ ਬਿਨਾਂ ਨੋਟਿਸ ਗ੍ਰਿ.ਫਤਾਰੀ ਗੈਰ-ਕਾਨੂੰਨੀ ਹੈ। ਉਨ੍ਹਾਂ ਦੱਸਿਆ ਕਿ ਮਾਮਲੇ ਨੂੰ ਪੰਜਾਬ-ਹਰਿਆਣਾ ਹਾਈ ਕੋਰਟ ਵੀ ਚੁਣੌਤੀ ਦਿੱਤੀ ਗਈ ਹੈ।

ਆਮ ਆਦਮੀ ਪਾਰਟੀ ਦੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਪਲਟਵਾਰ ਕਰਦਿਆਂ ਕਿਹਾ, “ਅਕਾਲੀ ਦਲ ਗੈਂਗਸਟਰਾਂ ਦੇ ਦਮ ਤੇ ਸਿਆਸਤ ਕਰ ਰਿਹਾ ਹੈ, ਪੰਜਾਬ ਸਰਕਾਰ ਅਮਨ-ਕਾਨੂੰਨ ਬਣਾਈ ਰੱਖਣ ਲਈ ਸ.ਖਤੀ ਕਰੇਗੀ।”

ਫਿਲਹਾਲ ਕੰਚਨਪ੍ਰੀਤ ਕੌਰ ਰਿਹਾਅ ਹੋ ਚੁੱਕੀ ਹੈ ਤੇ ਜ਼ਿਲ੍ਹਾ ਪ੍ਰੀਸ਼ਦ ਚੋਣ ਵਿੱਚ ਅਕਾਲੀ ਦਲ ਦੀ ਚੋਣ ਮੁਹਿੰਮ ਦਾ ਚਿਹਰਾ ਬਣਨ ਜਾ ਰਹੀ ਹੈ। ਪੁਲਿਸ ਨੇ ਕਿਹਾ ਹੈ ਕਿ ਜਾਂਚ ਜਾਰੀ ਰਹੇਗੀ ਤੇ ਕਾਨੂੰਨ ਮੁਤਾਬਕ ਅਗਲੀ ਕਾਰਵਾਈ ਕੀਤੀ ਜਾਵੇਗੀ। ਸਿਆਸੀ ਮਾਹਿਰਾਂ ਅਨੁਸਾਰ ਇਸ ਗ੍ਰਿਫਤਾਰੀ ਕਾਰਣ ਸਰਕਾਰ ਦੀ ਕਿਰਕਰੀ ਹੋਈ ਹੈ।

## ਗੈਂਗਸਟਰ ਬਾਠ ਦੀ ਪਤਨੀ ਕੰਚਨਪ੍ਰੀਤ ਦਾ ਰਿਕਾਰਡ ਘੋਖ ਰਹੀ ਹੈ ਪੁਲਿਸ, ਪਤੀ ਵਿਰੁੱਧ ਦਰਜ ਹਨ 17 ਮਾਮਲੇ

ਹਾਲਾਂਕਿ ਅਦਾਲਤ ਨੇ ਬੀਤੇ ਸ਼ਨਿੱਚਰਵਾਰ ਰਾਤ ਨੂੰ ਕੰਚਨਪ੍ਰੀਤ ਨੂੰ ਰਾਹਤ ਦੇ ਦਿੱਤੀ ਗਈ ਹੈ ਪਰ ਪੁਲਿਸ ਉਸ ਨੂੰ ਵਿਦੇਸ਼ ਜਾਣ ਤੋਂ ਰੋਕਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ। ਪਤਾ ਲੱਗਾ ਹੈ ਕਿ ਕੰਚਨ ਅਤੇ ਉਸ ਦੇ ਪਤੀ ਅੰਮ੍ਰਿਤ ਬਾਠ ਦੇ ਅਪਰਾਧਕ ਰਿਕਾਰਡ ਦੀ ਜਾਂਚ ਕੀਤੀ ਜਾ ਰਹੀ ਹੈ। ਅਪਰਾਧ ਵਿਚ ਉਨ੍ਹਾਂ ਦੀ ਸਾਂਝੀ ਸ਼ਮੂਲੀਅਤ ਦੀ ਜਾਂਚ ਕੀਤੀ ਜਾ ਰਹੀ ਹੈ। ਕੋਈ ਵੀ ਪੁਲਿਸ ਅਧਿਕਾਰੀ ਵੇਰਵਿਆਂ ਦਾ ਖ਼ੁਲਾਸਾ ਨਹੀਂ ਕਰ ਰਿਹਾ ਹੈ ਪਰ ਕੁਝ ਮਾਮਲਿਆਂ ਵਿਚ ਕੰਚਨਪ੍ਰੀਤ ਦੀ ਭੂਮਿਕਾ ਨਿਰਧਾਰਤ ਕਰਨ ਲਈ ਯਤਨ ਜਾਰੀ ਹਨ।

## ਭਾਈ ਹਵਾਰਾ ਦੀ ਮਾਤਾ ਨੂੰ ਹਸਪਤਾਲ ਵਿੱਚੋਂ ਛੁੱਟੀ ਮਿਲੀ



ਪਟਿਆਲਾ-ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕਾਂਡ ਕਾਰਨ ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਭਾਈ ਜਗਤਾਰ ਸਿੰਘ ਹਵਾਰਾ ਦੀ ਮਾਤਾ ਨਰਿੰਦਰ ਕੌਰ ਨੂੰ ਨੌਂ ਦਿਨਾਂ ਮਗਰੋਂ ਇੱਥੋਂ ਦੇ ਸਰਕਾਰੀ ਰਾਜਿੰਦਰਾ ਹਸਪਤਾਲ ਵਿੱਚੋਂ ਛੁੱਟੀ ਮਿਲ ਗਈ ਹੈ। ਉਹ ਅੱਖਾਂ ਦੇ ਇਲਾਜ ਅਤੇ ਕੁੱਝ ਹੋਰ ਤਕਲੀਫਾਂ ਕਾਰਨ 21 ਨਵੰਬਰ ਤੋਂ ਇੱਥੇ ਜ਼ੇਰੇ ਇਲਾਜ ਸਨ ਪਰ ਬੀਤੇ ਦਿਨੀਂ ਉਨ੍ਹਾਂ ਨੂੰ ਛੁੱਟੀ ਦੇ ਦਿੱਤੀ ਗਈ।

## ਸ਼ੇਖ ਹਸੀਨਾ ਨੂੰ ਭ੍ਰਿਸ਼ਟਾਚਾਰ ਦੇ ਤਿੰਨ ਮਾਮਲਿਆਂ ਵਿਚ 21 ਸਾਲ ਦੀ ਹੋਈ ਕੈਦ



ਢਾਕਾ-ਬੰਗਲਾਦੇਸ਼ ਦੀ ਇਕ ਅਦਾਲਤ ਨੇ ਗੱਦੀਓਂ ਲਾਹੀ ਗਈ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਨੂੰ ਸਰਕਾਰੀ ਹਾਊਸਿੰਗ ਪ੍ਰੋਜੈਕਟ ਦੇ ਤਹਿਤ ਪਲਾਟ ਵੰਡਣ ਵਿਚ ਕਥਿਤ ਬੇਨਿਯਮੀਆਂ ਦੇ ਲਈ 21 ਸਾਲਾਂ ਦੀ ਜੇਲ੍ਹ ਅਤੇ ਉਨ੍ਹਾਂ ਦੇ ਦੋ ਬੱਚਿਆਂ ਨੂੰ ਪੰਜ-ਪੰਜ ਸਾਲ ਜੇਲ੍ਹ ਦੀ ਸਜ਼ਾ ਸੁਣਾਈ। ਇਹ ਸਜ਼ਾ ਉਨ੍ਹਾਂ ਦੀ ਗੈਰ ਮੌਜੂਦਗੀ ਵਿਚ ਚੱਲੀ ਸੁਣਵਾਈ ਤੋਂ ਬਾਅਦ ਸੁਣਾਈ ਗਈ। ਢਾਕਾ ਦੀ ਵਿਸ਼ੇਸ਼ ਜੱਜ ਦੀ ਅਦਾਲਤ ਨੇ 78 ਸਾਲਾਂ ਦੀ ਹਸੀਨਾ, ਉਨ੍ਹਾਂ ਦੇ ਬੇਟੇ ਸਾਜਿਬ ਵਾਜਿਦ ਜੋਏ ਅਤੇ ਬੇਟੀ ਸਾਇਮਾ ਵਾਜਿਦ ਪੁਤੁਲ ਨੂੰ ਰਾਜਧਾਨੀ ਨਾਲ ਲੱਗਦੇ ਪੁਰਬਾਚਲ ਵਿਚ ਸਰਕਾਰੀ ਹਾਊਸਿੰਗ ਪ੍ਰੋਜੈਕਟ ਵਿਚ ਭ੍ਰਿਸ਼ਟਾਚਾਰ ਦੇ ਤਿੰਨ ਮਾਮਲਿਆਂ 'ਚ ਸੁਣਾਈ। ਵਿਸ਼ੇਸ਼ ਅਦਾਲਤ ਨੇ ਹਸੀਨਾ ਨੂੰ ਕਥਿਤ ਵੰਡ ਨਾਲ ਜੁੜੇ ਤਿੰਨ ਮਾਮਲਿਆਂ 'ਚ ਸੱਤ-ਸੱਤ ਸਾਲਾਂ ਦੀ ਸਜ਼ਾ ਸੁਣਾਈ ਹੈ, ਮਤਲਬ ਕਿ ਕੁੱਲ 21 ਸਾਲਾ ਜੇਲ੍ਹ। ਹਸੀਨਾ ਪਰਿਵਾਰ ਦੇ ਇਲਾਵਾ, ਹਾਊਸਿੰਗ ਦੇ ਸਾਬਕਾ ਜੂਨੀਅਰ ਮਨਿਸਟਰ ਸ਼ਰੀਫ ਅਹਿਮਦ ਅਤੇ ਹਾਊਸਿੰਗ ਮਨਿਸਟਰੀ ਅਤੇ ਰਾਜਧਾਨੀ ਉਨਿਅਨ ਕਾਰਤੀਪੱਕਾਹ ਦੇ ਅਧਿਕਾਰੀਆਂ ਦੇ ਸਮੇਤ 20 ਹੋਰ ਲੋਕਾਂ 'ਤੇ ਇਸ ਮਾਮਲੇ 'ਚ ਮੁਕੱਦਮਾ ਚੱਲਿਆ ਅਤੇ ਇਕ ਨੂੰ ਛੱਡ ਕੇ, ਸਾਰਿਆਂ ਨੂੰ ਵੱਖ-ਵੱਖ ਜੇਲ੍ਹ ਦੀ ਸਜ਼ਾ ਸੁਣਾਈ ਗਈ।

## ਅੰਤਰਰਾਸ਼ਟਰੀ ਖਬਰਾਂ

Vlaidimr Puitn ਨੇ United States ਦੀਆਂ ਕੁਝ ਯੋਜਨਾਵਾਂ ਸਵੀਕਾਰ ਕਰ ਲਈਆਂ ਹਨ ਜੋ Ukraine ਵਿਚ ਜੰਗ ਖਤਮ ਕਰਨ ਨਾਲ ਸੰਬੰਧਤ ਹਨ । ਰੂਸ ਨੇ ਮੀਟਿੰਗ ਜਾਰੀ ਰੱਖਣ ਦੀ ਤਿਆਰੀ ਦੱਸੀ ਹੈ।

ਭਾਰਤੀ–ਅਰਥਕ ਅਤੇ ਆਰਥਿਕ ਖਬਰਾਂ

ਅੰਤਰਰਾਸ਼ਟਰੀ ਬਾਜ਼ਾਰ ਵਿੱਚ ਦਬਾਅ ਕਾਰਨ ਬੁੱਧਵਾਰ ਸਵੇਰੇ ਰੁਪਇਆ ਕਮਜ਼ੋਰ ਹੋਇਆ ਅਤੇ ਪਹਿਲੀ ਵਾਰ 90 ਪ੍ਰਤੀ ਡਾਲਰ ਤੋਂ ਹੇਠਾਂ ਫਿਸਲ ਗਿਆ। ਸ਼ੁਰੂਆਤੀ ਕਾਰੋਬਾਰ ਵਿੱਚਰੁਪਇਆ 6 ਪੈਸੇ ਡਿੱਗ ਕੇ ਨਵੇਂ ਨਿਚਲੇ ਪੱਧਰ ‘ਤੇ ਖੁੱਲ੍ਹਿਆ।

ਯਾਤਰਾ, ਕੰਪਿਊਟਰ ਅਤੇ ਟੈਕਨੋਲੋਜੀ ਖਬਰ

ਭਾਰਤੀ ਹਵਾਈ ਅੱਡਿਆਂ 'ਤੇ microsoft window ਦੇ ਦੋਸ਼ਾਂ ਕਾਰਨ ਕਈ ਵੱਡੀਆਂ ਏਅਰਲਾਈਨਾਂ — ਜਿਵੇਂ Air india ਅਤੇ IndiGo — ਦੇ ਚੈੱਕ-ਇਨ ਪ੍ਰਾਲੀਆਂ ਠੱਪ ਹੋ ਗਈਆਂ, ਜਿਸ ਨਾਲ ਫਲਾਈਟਾਂ ਵਿੱਚ ਵੱਡੇ ਵਲੰਬ ਹੋਏ।

ਸਮਾਜਿਕ ਸੂਚਨਾ ਅਤੇ ਮੌਕੇ

ਅੱਜ International Day of Persons with Disabilities ਮਨਾਇਆ ਜਾ ਰਿਹਾ ਹੈ ।

# ਚੰਡੀਗੜ੍ਹ ਵਿਚ ਲਾਰੈਂਸ ਬਿਸ਼ਨੋਈ ਗੈਂਗ ਦੇ ਕਰੀਬੀ ਸਾਥੀ ਦਾ ਗੋਲ਼ੀ ਮਾਰ ਕੇ ਕਤਲ

ਚੰਡੀਗੜ੍ਹ-ਪੰਜਾਬ ਪੁਲਿਸ ਦੇ ਇੱਕ ਸੇਵਾਮੁਕਤ ਅਧਿਕਾਰੀ ਦਾ ਪੁੱਤਰ, ਇੰਦਰਪ੍ਰੀਤ ਸਿੰਘ ਪੈਰੀ, ਬੀਤੇ ਦਿਨੀਂ ਸੈਕਟਰ 26 ਟਿੰਬਰ ਮਾਰਕੀਟ ਵਿੱਚ ਇੱਕ ਗੈਂਗ ਵਾਰ ਦੌਰਾਨ ਮਾਰਿਆ ਗਿਆ। ਹਮਲਾਵਰ ਇੱਕ ਕਾਰ ਵਿੱਚ ਆਏ ਅਤੇ ਪਹਿਲਾਂ ਹੀ ਪੈਰੀ ਦਾ ਪਿੱਛਾ ਕਰ ਰਹੇ ਸਨ। ਜਿਵੇਂ ਹੀ ਪੈਰੀ ਆਪਣੀ ਕਾਰ ਟਿੰਬਰ ਮਾਰਕੀਟ ਵੱਲ ਲੈ ਗਿਆ, ਹਮਲਾਵਰਾਂ ਨੇ ਉਸਦੀ ਕਾਰ ਦੇ ਅੱਗੇ ਅਤੇ ਡਰਾਈਵਰ ਵਾਲੇ ਪਾਸੇ ਤੋਂ ਗੋਲ਼ੀਆਂ ਚਲਾਈਆਂ।

ਹਮਲਾਵਰਾਂ ਨੇ ਲਗਪਗ 10 ਗੋਲ਼ੀਆਂ ਚਲਾਈਆਂ, ਜਿਨ੍ਹਾਂ ਵਿੱਚੋਂ ਚਾਰ ਪੈਰੀ ਨੂੰ ਲੱਗੀਆਂ। ਗੋਲ਼ੀਆਂ ਉਸਦੇ ਪੇਟ ਅਤੇ ਛਾਤੀ ਵਿੱਚ ਵਿੰਨ੍ਹ ਗਈਆਂ, ਜਿਸ ਨਾਲ ਉਸਦੀ ਤੁਰੰਤ ਮੌਤ ਹੋ ਗਈ। ਹਾਲਾਂਕਿ ਅਜੇ ਤੱਕ ਕਿਸੇ ਵੀ ਗੈਂਗ ਨੇ ਕਤਲ ਦੀ ਜ਼ਿੰਮੇਵਾਰੀ ਨਹੀਂ ਲਈ ਹੈ, ਪਰ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਇੰਦਰਪ੍ਰੀਤ ਸਿੰਘ ਪੈਰੀ ਲਾਰੈਂਸ ਬਿਸ਼ਨੋਈ ਗੈਂਗ ਦੇ ਨੇੜੇ ਸੀ। ਇਸ ਦੁਸ਼ਮਣੀ ਕਾਰਨ ਬੰਬੀਹਾ ਗੈਂਗ ਦਾ ਲੱਕੀ ਪਟਿਆਲਾ ਉਸਨੂੰ ਲੰਬੇ ਸਮੇਂ ਤੋਂ ਨਿਸ਼ਾਨਾ ਬਣਾ ਰਿਹਾ ਸੀ। ਪੈਰੀ ਇਸ ਸਮੇਂ ਇੱਕ ਡਕੈਤੀ ਦੇ ਮਾਮਲੇ ਵਿੱਚ ਜ਼ਮਾਨਤ 'ਤੇ ਸੀ। ਉਸਦਾ ਹਾਲ ਹੀ ਵਿੱਚ 13 ਨਵੰਬਰ ਨੂੰ ਵਿਆਹ ਹੋਇਆ ਸੀ।

ਹੁਣ ਤੱਕ ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਕਤਲ ਇੱਕ ਯੋਜਨਾਬੱਧ ਸਾਜ਼ਿਸ਼ ਸੀ। ਪੁਲਿਸ ਦੁਸ਼ਮਣੀਆਂ ਦੇ ਆਧਾਰ 'ਤੇ ਘਟਨਾ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ। ਹਮਲਾਵਰਾਂ ਅਤੇ ਸਾਜ਼ਿਸ਼ਕਾਰਾਂ ਦੀ ਪਛਾਣ ਜਲਦੀ ਹੀ ਸਾਹਮਣੇ ਆਉਣ ਦੀ ਉਮੀਦ ਹੈ।

# ਪਾਕਿਸਤਾਨ ਵਿੱਚ ਸਿੱਖਾਂ ਨਾਲ ਹੋ ਰਿਹਾ ਜ਼ੁਲਮ - ਨਵੀਂ ਰਿਪੋਰਟ ਨੇ ਖੋਲ੍ਹੀ ਪੋਲ

## ✪ ਅਨਿਆਂ ਕਾਰਣ ਸਿੱਖ ਆਬਾਦੀ ਘਟੀ - ਹੁਣ ਸਿਰਫ਼ 20 ਹਜ਼ਾਰ ਦੇ ਕਰੀਬ ਸਿੱਖ ਬਚੇ ਨੇ ✪ ਕੀ ਹੈ ਇਸ ਰਿਪੋਟ ਵਿਚ ਸਚਾਈ ?



ਲੰਡਨ/ਅੰਮ੍ਰਿਤਸਰ-ਪਾਕਿਸਤਾਨ ਵਿੱਚ ਸਿੱਖ ਭਾਈਚਾਰੇ ਨੂੰ ਲਗਾਤਾਰ ਤਸੀਹੇ ਦਿੱਤੇ ਜਾ ਰਹੇ ਨੇ। ਯੂਕੇ ਅਧਾਰਿਤ ਅਖ਼ਬਾਰ ਅਸਿਓਨ ਲ਼ਿਟਇ ਦੀ ਇੱਕ ਨਵੀਂ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਉੱਥੇ ਸਿੱਖਾਂ ਨੂੰ ਜਬਰੀ ਧਰਮ ਬਦਲਵਾਉਣਾ, ਕਤਲ, ਅਗਵਾ ਅਤੇ ਭਾਰੀ ਅਨਿਆਂ ਆਮ ਗੱਲ ਬਣ ਗਿਆ ਹੈ। ਇਹ ਸਭ ਕੁਝ ਸਰਕਾਰੀ ਪੱਧਰ ਤੇ ਹੋ ਰਿਹਾ ਹੈ, ਜਿਸ ਕਾਰਨ ਸਿੱਖ ਆਬਾਦੀ ਬਹੁਤ ਘਟ ਗਈ ਹੈ - ਹੁਣ ਸਿਰਫ਼ 20 ਹਜ਼ਾਰ ਦੇ ਕਰੀਬ ਸਿੱਖ ਬਚੇ ਨੇ।

ਸਰਬਜੀਤ ਕੌਰ ਵਾਲਾ ਮਾਮਲਾ ਫਿਰ ਸਾਹਮਣੇ-ਹਾਲ ਹੀ ਵਿੱਚ ਕਪੂਰਥਲਾ ਦੀ 52 ਸਾਲਾ ਸਰਬਜੀਤ ਕੌਰ ਗੁਰੂ ਨਾਨਕ ਦੇਵ ਜੀ ਦੇ 555ਵੇਂ ਪ੍ਰਕਾਸ਼ ਪੁਰਬ ਮੌਕੇ ਪਾਕਿਸਤਾਨ ਗਈ ਸੀ। ਉਹ ਲਾਪਤਾ ਹੋ ਗਈ। ਕੁਝ ਦਿਨਾਂ ਬਾਅਦ ਇੱਕ ਵੀਡੀਓ ਆਈ ਜਿਸ ਵਿੱਚ ਉਹ "ਨੂਰ" ਨਾਮ ਲੈ ਕੇ ਇੱਕ ਮੁਸਲਮਾਨ ਨਾਲ ਨਿਕਾਹ ਕਰਦੀ ਦਿਖੀ। ਸਿੱਖ ਜਥੇਬੰਦੀਆਂ ਦਾ ਕਹਿਣਾ ਹੈ ਕਿ ਇਹ ਜਬਰਦਸਤੀ ਧਰਮ ਪਰਿਵਰਤਨ ਹੈ ਅਤੇ ਨਿਕਾਹ ਵੀ ਜਾਅਲੀ ਹੈ। ਸਿੱਖ ਸੰਸਥਾ ਸ੍ਰੋਮਣੀ ਕਮੇਟੀ ਨਾਲ ਧੋਖਾ ਕਰਕੇ ਗੁਰਧਾਮ ਯਾਤਰਾ ਵਿਚ ਸ਼ਾਮਲ ਹੋਈ, ਪਰ ਉਸਦੀ ਧਰਮ ਬਦਲੀ ਉਪਰ ਪਾਕਿਸਤਾਨ ਸਰਕਾਰ ਚੁੱਪ ਹੈ। ਹੁਣ ਤਕਰੀਬਨ 2 ਮਹੀਨੇ ਹੋ ਗਏ, ਕੋਈ ਜਾਂਚ ਅੱਗੇ ਨਹੀਂ ਵਧੀ। ਜਦਕਿ ਪਾਕਿਸਤਾਨ ਸਰਕਾਰ ਇਸ ਨੂੰ ਵਾਪਸ ਭੇਜ ਸਕਦੀ ਸੀ।

ਹਰ ਰੋਜ਼ ਡਰ ਵਿੱਚ ਜੀਊਂਦੇ ਨੇ ਸਿੱਖ-ਰਿਪੋਰਟ ਮੁਤਾਬਕ ਸਿੰਧ, ਖੈਬਰ ਪਖ਼ਤੂਨਖਵਾ ਤੇ ਹੰਗੂ ਵਰਗੇ ਇਲਾਕਿਆਂ ਵਿੱਚ ਸਿੱਖ ਤੇ ਹਿੰਦੂ ਕੁੜੀਆਂ ਨੂੰ ਅਗਵਾ ਕਰਕੇ ਜਬਰੀ ਇਸਲਾਮ ਕਬੂਲ ਕਰਵਾਇਆ ਜਾਂਦਾ ਹੈ। ਗੈਂਗ ਮੁੰਡਿਆਂ ਦੀ ਉਮਰ ਦੇ ਸਰਟੀਫਿਕੇਟ ਜਾਅਲੀ ਬਣਾ ਦਿੱਤੇ ਜਾਂਦੇ ਨੇ ਤੇ ਮੌਲਵੀ ਇਸ ਵਿੱਚ ਸਾਥ ਦਿੰਦੇ ਨੇ। 2017 ਵਿੱਚ ਹੰਗੂ ਦੇ ਸਿੱਖਾਂ ਨੇ ਦੱਸਿਆ ਸੀ ਕਿ ਸਰਕਾਰੀ ਅਫ਼ਸਰ ਉਨ੍ਹਾਂ ਨੂੰ ਇਸਲਾਮ ਕਬੂਲ ਕਰਨ ਲਈ ਧਮਕਾ ਰਿਹਾ ਸੀ। ਇਤਿਹਾਸਕ ਗੁਰਦੁਆਰੇ ਵੀ ਖ਼ਤਰੇ ਵਿੱਚ-ਜਦੋਂ ਲੋਕ ਘੱਟ ਜਾਂਦੇ ਨੇ ਤਾਂ ਗੁਰਦੁਆਰਿਆਂ ਦੀ ਸਾਂਭ-ਸੰਭਾਲ ਨਹੀਂ ਹੁੰਦੀ। ਨਨਕਾਣਾ ਸਾਹਿਬ, ਪੰਜਾ ਸਾਹਿਬ ਵਰਗੇ ਪਵਿੱਤਰ ਅਸਥਾਨ ਵੀ ਖ਼ਤਰੇ ਵਿੱਚ ਨੇ। ਹਜ਼ਾਰਾਂ ਸਿੱਖ ਪਿਛਲੇ ਸਾਲਾਂ ਵਿੱਚ ਭਾਰਤ ਤੇ ਦੂਜੇ ਮੁਲਕਾਂ ਚਲੇ ਗਏ ਨੇ। ਜਿਹੜੇ ਰਹਿ ਗਏ ਨੇ, ਉਹ ਹਰ ਰੋਜ਼ ਡਰ ਵਿੱਚ ਜੀਊਂਦੇ ਨੇ।

ਸਿੱਖ ਕਿਉਂ ਛਡ ਰਹੇ ਨੇ ਪਾਕਿਸਤਾਨ ?

ਬੱਚਿਆਂ ਦਾ ਭਵਿੱਖ ਸੁਰੱਖਿਅਤ ਨਹੀਂ ਧੰਦੇ-ਰੁਜ਼ਗਾਰ ਨੂੰ ਖ਼ਤਰਾ, ਹਰ ਵੇਲੇ ਡਰ ਲੱਗਿਆ ਰਹਿੰਦਾ ਹੈ ਕਿ ਕੋਈ ਆ ਕੇ ਮਾਰ ਨਾ ਦੇਵੇ, ਸਰਕਾਰ ਕੋਲੋਂ ਕੋਈ ਸੁਰੱਖਿਆ ਨਹੀਂ ਮਿਲਦੀ, ਜਿਹੜੇ ਰਹਿ ਗਏ ਨੇ, ਉਹ ਵੀ ਬੱਚਿਆਂ ਨੂੰ ਵਿਦੇਸ਼ ਭੇਜ ਰਹੇ ਨੇ। ਬਾਕੀ ਆਪ ਵੀ ਜਾਣ ਦੀ ਤਿਆਰੀ ਕਰ ਰਹੇ ਨੇ।

ਰਿਪੋਰਟ ਦਾ ਕਹਿਣਾ ਹੈ - ਜੇਕਰ ਜਲਦੀ ਕੁਝ ਨਾ ਕੀਤਾ ਤਾਂ ਪਾਕਿਸਤਾਨ ਵਿੱਚ ਸਿੱਖ ਭਾਈਚਾਰਾ ਖ਼ਤਮ ਹੋ ਜਾਵੇਗਾ ਤੇ ਉੱਥੋਂ ਦੀ "ਬਹੁ-ਧਰਮੀ" ਵਾਲੀ ਗੱਲ ਸਿਰਫ਼ ਕਾਗਜ਼ਾਂ ਤੱਕ ਹੀ ਰਹਿ ਜਾਵੇਗੀ। ਸਿੱਖ ਜਗਤ ਨੇ ਮੰਗ ਕੀਤੀ ਹੈ ਕਿ ਸਰਬਜੀਤ ਕੌਰ ਨੂੰ ਤੁਰੰਤ ਵਾਪਸ ਭੇਜਿਆ ਜਾਵੇ ਤੇ ਪਾਕਿਸਤਾਨ ਸਰਕਾਰ ਘੱਟਗਿਣਤੀਆਂ ਦੀ ਸੁਰੱਖਿਆ ਲਈ ਸਖ਼ਤ ਕਾਨੂੰਨ ਬਣਾਵੇ।

ਪਿਛਲੇ ਕੁਝ ਸਾਲਾਂ ਵਿੱਚ ਪੇਸ਼ਾਵਰ ਤੇ ਖ਼ੈਬਰ ਪਖ਼ਤੂਨਖ਼ਵਾ ਵਿੱਚ ਦਰਜਨਾਂ ਸਿੱਖਾਂ ਨੂੰ ਨਿਸ਼ਾਨਾ ਬਣਾ ਕੇ ਮਾਰ ਦਿੱਤਾ ਗਿਆ। ਜਿਵੇਂ: ਸਾਲ 2022-23 ਵਿੱਚ ਤਿੰਨ ਸਿੱਖ ਹਕੀਮ ਆਪਣੇ ਕਲੀਨਿਕ ਵਿੱਚ ਗੋਲੀਆਂ ਨਾਲ ਉਡਾ ਦਿੱਤੇ ਗਏ। ਸਿੱਖ ਵਪਾਰੀਆਂ ਤੋਂ ਲੱਖਾਂ ਰੁਪਏ ਦੀ ਫਿਰੌਤੀ ਮੰਗੀ ਜਾਂਦੀ ਹੈ। ਜਿਹੜੇ ਨਾ ਦੇਣ ਉਹਨਾਂ ਨੂੰ ਮਾਰ ਦਿੱਤਾ ਜਾਂਦਾ ਹੈ। ਸਿੱਖ ਭਾਈਚਾਰੇ ਦਾ ਮੰਨਣਾ ਹੈ ਕਿ ਇਹ ਜਬਰਦਸਤੀ ਧਰਮ ਪਰਿਵਰਤਨ ਤੇ ਜਬਰੀ ਵਿਆਹ ਦੇ ਬਹੁਤ ਕਾਂਡ ਵਾਪਰ ਰਹੇ ਹਨ। ਅਜਿਹੇ ਕੇਸ ਪਹਿਲਾਂ ਵੀ ਸਿੱਖ ਤੇ ਹਿੰਦੂ ਕੁੜੀਆਂ ਨਾਲ ਸਿੰਧ ਵਿੱਚ ਵਾਪਰਦੇ ਰਹੇ ਨੇ। ਪਾਕਿਸਤਾਨ ਸਰਕਾਰ ਵੱਲੋਂ ਅਜੇ ਤਕ ਇਸ ਮਸਲੇ 'ਤੇ ਕੋਈ ਪੱਕਾ ਕਦਮ ਨਹੀਂ ਚੁੱਕਿਆ ਗਿਆ। ਪਾਕਿਸਤਾਨ ਦੇ ਸਿੱਖਾਂ ਦਾ ਮੰਨਣਾ ਹੈ ਕਿ ਜੇਕਰ ਪਾਕਿਸਤਾਨ ਸਰਕਾਰ ਨੇ ਹੁਣ ਵੀ ਨਾ ਜਾਗੀ, ਜਬਰੀ ਧਰਮ ਪਰਿਵਰਤਨ ਨਾ ਰੋਕੇ, ਕਾਤਲਾਂ ਨੂੰ ਸਜ਼ਾਵਾਂ ਨਾ ਦਿੱਤੀਆਂ ਤਾਂ ਕੁਝ ਸਾਲਾਂ ਵਿੱਚ ਪਾਕਿਸਤਾਨ ਵਿੱਚ ਸਿੱਖ ਨਾ ਮਾਤਰ ਦੇ ਰਹਿ ਜਾਣਗੇ। ਇਤਿਹਾਸਕ ਗੁਰਦੁਆਰੇ ਰਹਿ ਜਾਣਗੇ, ਪਰ ਉਹਨਾਂ ਨੂੰ ਚਲਾਉਣ ਵਾਲੇ ਸਿੱਖ ਨਹੀਂ ਰਹਿਣਗੇ।

ਸਿੱਖਾਂ ਨੂੰ ਚਿੰਤਾ ਹੈ ਜੋ ਅਫਗਾਨਿਸਤਾਨ ਸਿੱਖਾਂ ਨਾਲ ਵਾਪਰਿਆ, ਉਹ ਪਾਕਿਸਤਾਨ ਵਿਚ ਨਾ ਵਾਪਰੇ। ਪ੍ਰਵਾਸੀ ਸਿੱਖਾਂ ਨੂੰ ਇਸ ਵਲ ਧਿਆਨ ਦੇਣ ਦੀ ਲੋੜ ਹੈ।

## ਪਾਕਿਸਤਾਨ ਸਿੱਖਾਂ ਪ੍ਰਤੀ ਸੁਹਿਰਦ ਕਿਉਂ ਨਹੀਂ ?

ਭਾਰਤ ਜਾਂ ਪਾਕਿਸਤਾਨ ਦੀ ਸਟੇਟ ਪਾਲਿਸੀ ਸਿੱਖਾਂ ਨੂੰ ਭਾਈ ਨਹੀਂ ਚਾਰਾ ਸਮਝਦੀ ਹੈ, ਇਕ ਸ਼ੱਕੀ ਔਰਤ ਜਿਸ ਉਪਰ ਪਰਚੇ ਪਏ ਹੋਏ ਸਨ, ਪਾਕਿ ਸਰਕਾਰ ਨੇ ਉਸਨੂੰ ਵਾਪਸ ਕਿਉਂ ਨਹੀਂ ਭੇਜਿਆ।

ਦੂਸਰੇ ਪਾਸੇ ਪਾਕਿਸਤਾਨ ਦੀ ਸਟੇਟ ਪਾਲਿਸੀ ਇਹ ਕਹਿੰਦੀ ਹੈ ਕਿ ਜੇਕਰ ਗ਼ੈਰ ਮੁਸਲਮਾਨ ਜਾਂ ਸਿੱਧਾ ਕਹਿ ਲਵੋ ਕਿ ਕਾਫਿਰ ਨੂੰ ਮੁਸਲਮਾਨ ਕਰਨਾ ਧਰਮ ਵਾਲਾ ਕੰਮ ਹੈ, ਤਾਂ ਲਾਹੌਰ ਦੀ ਅਦਾਲਤ ਉਸਨੂੰ ਸੁਰੱਖਿਆ ਪੇਸ਼ ਕਰਦੀ ਹੈ। ਕੋਈ ਵੀ ਬੰਦਾ ਤੀਵੀਂ ਕੋਈ ਵੀ ਧਰਮ ਚੁਣਨ ਦਾ ਹੱਕ ਰੱਖਦੀ ਹੈ ਪਰ ਸਿੱਖ ਜੱਥੇ ਵਿਚ ਗਿਆ ਕੋਈ ਵੀ ਜੇਕਰ ਅਜਿਹਾ ਕਰਦਾ ਹੈ ਤਾਂ ਇਹ ਉਸ ਜੱਥੇ ਦਾ ਹੀ ਪ੍ਰੋਟੋਕੋਲ ਤੋੜਣ ਵਾਲਾ ਹੈ, ਜਿਸਦਾ ਕਿ ਸਿੱਧਾ ਮਨੋਰਥ ਦੋਹੇ ਪਾਸੇ ਦੀ ਆਪਸੀ ਲੜਾਈ ਵਿਚ ਸਿੱਖਾਂ ਨੂੰ ਹੀ ਜ਼ਲੀਲ ਕਰਨ ਵਾਲਾ ਕਾਰਾ ਹੈ।ਉਹ ਬੀਬੀ ਸਿੱਖ ਜੱਥੇ ਵਿਚ ਸਿੱਖ ਧਾਰਮਿਕ ਯਾਤਰਾ ਤੇ ਇਕ ਸਿੱਖ ਦੇ ਰੂਪ ਵਿਚ ਹੀ ਗਈ ਹੈ ਸੋ ਜੱਥੇ ਦੇ ਮੈਂਬਰ ਸਹੀ ਸਲਾਮਤ ਉਸੇ ਰੂਪ ਵਿਚ ਵਾਪਿਸ ਭੇਜਣੇ ਪਾਕਿਸਤਾਨ ਦੀ ਜਿੰਮੇਵਾਰੀ ਸੀ, ਦੂਸਰੇ ਪਾਸੇ ਭਾਰਤ ਸਰਕਾਰ ਇਸ ਮਸਲੇ ਤੇ ਆਪਣੇ ਨਫਰਤੀ ਏਜੰਡੇ ਤਹਿਤ ਆਪਣੇ ਏਜੰਟਾਂ ਕੋਲੋਂ ਸਿੱਖਾਂ ਨੂੰ ਗਾਲ੍ਹਾਂ ਕੱਢਵਾ ਰਹੀ ਹੈ, ਇਹ ਸਥਿਤੀ ਸਿੱਖਾਂ ਨੂੰ ਜ਼ਲੀਲ ਕਰਨ ਵਾਲੀ ਕਾਰਵਾਈ ਹੈ।

ਬਾਕੀ ਮੇਰਾ ਮੰਨਣਾ ਹੈ ਕੇ ਪਾਕਿਸਤਾਨ ਰਹੀ ਤੀਵੀਂ ਨੂੰ ਕਿਸੇ ਖਾਸ ਧਿਰ ਨੇ ਇਕ ਟਾਰਗੇਟ ਬਣਾ ਕੇ ਭੇਜਿਆ ਸੀ ਤਾਂ ਕੇ ਅੱਗੇ ਤੋਂ ਜੱਥੇ ਭੇਜਣ ਦੀ ਪਰਿਕਿਰਿਆ ਉੱਤੇ ਸਵਾਲ ਚੁੱਕੇ ਜਾਣ ਅਤੇ ਇਸ ਗੱਲ ਦਾ ਖਾਕਾ ਇਹਨਾਂ ਸ਼ੱਕੀ ਲੋਕਾਂ ਨੇ ਘੜ੍ਹ ਦਿੱਤਾ ਹੈ।

-ਗੰਗਵੀਰ ਸਿੰਘ ਰਠੌਰ

## ਪਾਕਿਸਤਾਨ ਵਿੱਚ ਸਿੱਖਾਂ ਨਾਲ ਵਿਤਕਰੇ ਦੇ ਵੱਡੇ ਸਬੂਤ

ਮਨੁੱਖੀ ਅਧਿਕਾਰ ਸੰਸਥਾਵਾਂ ਨੇ ਇਸ ਨੂੰ ਪੁਸ਼ਟੀ ਕੀਤੀ ਹੈ। ਸੀਐੱਸਓ ਹੇਟ ਦੀ ਅਗਸਤ 2025 ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸਿੱਖਾਂ ਸਮੇਤ ਹਿੰਦੂ, ਈਸਾਈ, ਸ਼ੀਆ, ਅਹਿਮਦੀ ਤੇ ਹੋਰ ਘੱਟਗਿਣਤੀਆਂ ਨਾਲ ਵਿਤਕਰਾ ਲਗਾਤਾਰ ਹੁੰਦਾ ਹੈ - ਅਗਵਾ, ਜਬਰੀ ਧਰਮ ਪਰਿਵਰਤਨ, ਬਲੈਸਫੈਮੀ ਕੇਸਾਂ ਵਿੱਚ ਫਸਾਉਣਾ, ਹਿੰਸਾ ਤੇ ਜਾਇਦਾਦ ਨੂੰ ਨੁਕਸਾਨ। ਇਸ ਵਿੱਚ ਬਲੈਸਫੈਮੀ ਕਾਨੂੰਨਾਂ ਨੂੰ ਹਥਿਆਰ ਵਜੋਂ ਵਰਤਣ ਦਾ ਜ਼ਿਕਰ ਹੈ, ਜੋ ਮੌਤ ਦੀ ਸਜ਼ਾ ਤੱਕ ਜਾਂਦੇ ਨੇ। 2024-2025 ਵਿੱਚ ਅਹਿਮਦੀਆਂ ਤੇ ਈਸਾਈਆਂ ਤੇ ਹਿੰਸਾ ਦੀਆਂ ਉਦਾਹਰਣਾਂ ਦਿੱਤੀਆਂ ਗਈਆਂ ਨੇ, ਤੇ ਸਿੱਖਾਂ ਨੂੰ ਵੀ ਇਸੇ ਲਿਸਟ ਵਿੱਚ ਸ਼ਾਮਲ ਕੀਤਾ ਗਿਆ ਹੈ।

ਯੂਐੱਸ ਕਮਿਸ਼ਨ ਆਨ ਇੰਟਰਨੈਸ਼ਨਲ ਰਿਲੀਜੀਅਸ ਫ੍ਰੀਡਮ (ਯੂ ਐੱਸ ਸੀ ਆਈ ਆਰ ਐੱਫ) ਦੀ 2025 ਰਿਪੋਰਟ ਵਿੱਚ ਪਾਕਿਸਤਾਨ ਨੂੰ ਘੱਟਗਿਣਤੀਆਂ (ਈਸਾਈ, ਹਿੰਦੂ, ਸ਼ੀਆ, ਅਹਿਮਦੀ) ਤੇ ਜ਼ੁਲਮ ਲਈ ਨਿਸ਼ਾਨਾ ਬਣਾਇਆ ਗਿਆ ਹੈ। ਸਿੱਖਾਂ ਨੂੰ ਸਿੱਧੇ ਨਹੀਂ ਜ਼ਿਕਰ ਕੀਤਾ, ਪਰ ਘੱਟਗਿਣਤੀਆਂ ਨਾਲ ਜਬਰੀ ਪਰਿਵਰਤਨ ਤੇ ਹਿੰਸਾ ਦੀ ਗੱਲ ਕੀਤੀ ਗਈ ਹੈ।

ਯੂਐੱਸ ਸਟੇਟ ਡਿਪਾਰਟਮੈਂਟ ਦੀ 2024 ਰਿਪੋਰਟ ਵਿੱਚ ਵੀ ਘੱਟਗਿਣਤੀਆਂ ਤੇ ਹਿੰਸਾ, ਅਗਵਾ ਤੇ ਵਿਤਕਰੇ ਨੂੰ ਉਜਾਗਰ ਕੀਤਾ ਗਿਆ ਹੈ। ਓਪਨ ਡੋਰਜ਼ ਦੀ ਰਿਪੋਰਟ ਵਿੱਚ ਈਸਾਈ ਕੁੜੀਆਂ ਨੂੰ ਜਬਰੀ ਧਰਮ ਪਰਿਵਰਤਨ ਦੱਸਿਆ ਗਿਆ ਹੈ, ਜੋ ਸਿੱਖ ਤੇ ਹਿੰਦੂ ਕੁੜੀਆਂ ਨਾਲ ਵੀ ਮੇਲ ਖਾਂਦਾ ਹੈ।

## ਪਾਕਿਸਤਾਨ ਦੇ ਸਿੱਖ ਭਾਰਤੀ ਸਿੱਖ ਔਰਤ ਸਰਬਜੀਤ ਕੌਰ ਦੇ ਮਾਮਲੇ ਤੋਂ ਔਖੇ

### ✪ ਇਸ ਮਾਮਲਾ ਬਾਰੇ ਪਹੁੰਚੇ ਲਾਹੌਰ ਹਾਈ ਕੋਰਟ

ਲਾਹੌਰ-ਬੀਤੇ ਦਿਨੀਂ ਪਾਕਿਸਤਾਨ ਵਿੱਚ ਪੰਜਾਬ ਵਿਧਾਨ ਸਭਾ ਦੇ ਸਾਬਕਾ ਮੈਂਬਰ ਮਹਿੰਦਰ ਪਾਲ ਸਿੰਘ ਨੇ ਲਾਹੌਰ ਹਾਈ ਕੋਰਟ ਤੱਕ ਪਹੁੰਚ ਕੀਤੀ। ਭਾਰਤ ਵਿੱਚ ਇੱਕ ਪਟੀਸ਼ਨ ਦਾਇਰ ਕਰਕੇ ਔਰਤ ਨੂੰ ਗ੍ਰਿਫ਼ਤਾਰ ਕਰਨ ਅਤੇ ਉਸਨੂੰ ਭਾਰਤ ਭੇਜਣ ਦੀ ਮੰਗ ਕੀਤੀ ਗਈ। ਪਟੀਸ਼ਨ ਵਿੱਚ ਕਿਹਾ ਗਿਆ ਹੈ ਕਿ 48 ਸਾਲਾ ਸਰਬਜੀਤ ਕੌਰ ਭਾਰਤ ਤੋਂ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਵਿੱਚ ਸ਼ਾਮਲ ਹੋਣ ਲਈ ਸ਼ਰਧਾਲੂਆਂ ਨਾਲ ਪਾਕਿਸਤਾਨ ਆਈ ਸੀ ਪਰ ਪਹੁੰਚਣ ਤੋਂ ਬਾਅਦ ਉਹ ਅਚਾਨਕ ਗਾਇਬ ਹੋ ਗਈ।ਬਾਅਦ ਵਿੱਚ ਇਹ ਖੁਲਾਸਾ ਹੋਇਆ ਕਿ ਪਾਕਿਸਤਾਨ ਪਹੁੰਚਣ ਤੋਂ ਇੱਕ ਦਿਨ ਬਾਅਦ 4 ਨਵੰਬਰ ਨੂੰ, ਉਸਨੇ ਨਿਵਾਸੀ ਨਾਸਿਰ ਹੁਸੈਨ ਨਾਲ ਵਿਆਹ ਕਰਵਾ ਲਿਆ। ਵਿਆਹ ਤੋਂ ਪਹਿਲਾਂ, ਉਸਨੂੰ ਮੁਸਲਿਮ ਨਾਮ "ਨੂਰ" ਦਿੱਤਾ ਗਿਆ ਸੀ।

ਪਟੀਸ਼ਨਕਰਤਾ ਦਾ ਦੋਸ਼ ਹੈ ਕਿ ਕੌਰ ਸ਼ੱਕੀ ਗਤੀਵਿਧੀਆਂ ਵਿੱਚ ਸ਼ਾਮਲ ਹੋ ਸਕਦੀ ਹੈ ਅਤੇ ਭਾਰਤ ਵਿੱਚ ਉਸਦਾ ਅਪਰਾਧਿਕ ਰਿਕਾਰਡ ਹੈ। ਉਸਦੀ ਦਲੀਲ ਹੈ ਕਿ ਵੀਜ਼ਾ ਖਤਮ ਹੋਣ ਤੋਂ ਬਾਅਦ ਪਾਕਿਸਤਾਨ ਵਿੱਚ ਰਹਿਣਾ ਇੱਕ ਗੰਭੀਰ ਰਾਸ਼ਟਰੀ ਸੁਰੱਖਿਆ ਮੁੱਦਾ ਹੈ, ਇਸ ਲਈ, ਉਸਨੂੰ ਤੁਰੰਤ ਗ੍ਰਿਫਤਾਰ ਕਰਕੇ ਦੇਸ਼ ਨਿਕਾਲਾ ਦਿੱਤਾ ਜਾਣਾ ਚਾਹੀਦਾ ਹੈ।

ਇਸ ਦੌਰਾਨ, ਸਰਬਜੀਤ ਕੌਰ ਅਤੇ ਹੁਸੈਨ ਨੇ ਲਾਹੌਰ ਹਾਈ ਕੋਰਟ ਵਿੱਚ ਇੱਕ ਪਟੀਸ਼ਨ ਵੀ ਦਾਇਰ ਕੀਤੀ, ਜਿਸ ਵਿੱਚ ਪੁਲਿਸ 'ਤੇ ਉਸ 'ਤੇ ਛਾਪਾ ਮਾਰਨ ਅਤੇ ਉਸ ਦੇ ਵਿਆਹ ਨੂੰ ਖਤਮ ਕਰਨ ਲਈ ਦਬਾਅ ਪਾਉਣ ਦਾ ਦੋਸ਼ ਲਗਾਇਆ ਗਿਆ ਸੀ। ਅਦਾਲਤ ਨੇ ਪੁਲਿਸ ਨੂੰ ਉਨ੍ਹਾਂ ਨੂੰ ਤੰਗ ਨਾ ਕਰਨ ਦੇ ਹੁਕਮ ਦਿੱਤੇ ਸਨ। ਉਸਨੇ ਆਪਣਾ ਵੀਜ਼ਾ ਵਧਾਉਣ ਅਤੇ ਪਾਕਿਸਤਾਨੀ ਨਾਗਰਿਕਤਾ ਪ੍ਰਾਪਤ ਕਰਨ ਲਈ ਦੂਤਾਵਾਸ ਨਾਲ ਵੀ ਸੰਪਰਕ ਕੀਤਾ।

# ਨਵੇਂ ਅਕਾਲੀ ਦਲ ਨੇ ਅੰਮ੍ਰਿਤਸਰ ਵਿਖੇ ਖੋਲਿਆ ਪਾਰਟੀ ਦਾ ਮੁੱਖ ਦਫ਼ਤਰ



### ✪ ਕਿਉਂ ਦਰਾੜ ਹੈ ਨਵੇਂ ਅਕਾਲੀ ਦਲ ਵਿਚ ?

ਅੰਮ੍ਰਿਤਸਰ-ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਵਲੋਂ ਦਲ ਦੀ ਸਥਾਪਨਾ ਮੌਕੇ ਕੀਤੇ ਐਲਾਨ ਨੂੰ ਅਮਲੀ ਜਾਮਾ ਪਹਿਨਾਉਂਦਿਆਂ ਗੁਰੂ ਨਗਰੀ ਵਿਚ ਬੱਸ ਸਟੈਂਡ ਕੋਲ ਪਾਰਟੀ ਦਾ ਮੁੱਖ ਦਫ਼ਤਰ ਖੋਲਿਆ ਗਿਆ। ਦਫ਼ਤਰ ਦੇ ਉਦਘਾਟਨ ਦੀ ਰਸਮ ਪਾਰਟੀ ਪ੍ਰਧਾਨ ਤੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸੀਨੀਅਰ ਪਾਰਟੀ ਆਗੂਆਂ ਦੀ ਹਾਜ਼ਰੀ ਵਿਚ ਅਦਾ ਕੀਤੀ।

ਇਸ ਮੌਕੇ ਗੁਰਪ੍ਰਤਾਪ ਸਿੰਘ ਵਡਾਲਾ, ਪ੍ਰੇਮ ਸਿੰਘ ਚੰਦੂਮਾਜਰਾ, ਸੁਰਜੀਤ ਸਿੰਘ ਰੱਖੜਾ, ਭਾਈ ਗੋਬਿੰਦ ਸਿੰਘ ਲੌਂਗੋਵਾਲ, ਪਰਮਿੰਦਰ ਸਿੰਘ ਢੀਂਡਸਾ, ਸੁੱਚਾ ਸਿੰਘ ਛੋਟੇਪੁਰ, ਗਗਨਜੀਤ ਸਿੰਘ ਬਰਨਾਲਾ, ਐਡਵੋਕੇਟ ਜਸਬੀਰ ਸਿੰਘ ਘੁੰਮਣ, ਗੁਰਜੀਤ ਸਿੰਘ ਤਲਵੰਡੀ, ਭਾਈ ਮਨਜੀਤ ਸਿੰਘ ਭੂਰਾ ਕੋਹਨਾ, ਰਘਬੀਰ ਸਿੰਘ ਰਾਜਾਸਾਂਸੀ ਸਮੇਤ ਹੋਰ ਸੀਨੀਅਰ ਆਗੂ ਤੇ ਵਰਕਰ ਸ਼ਾਮਿਲ ਹੋਏ। ਇਸ ਮੌਕੇ ਅਕਾਲੀ ਵਰਕਰਾਂ ਤੇ ਆਗੂਆਂ ਨੂੰ ਸੰਬੋਧਨ ਕਰਦਿਆਂ ਤੇ ਬਾਅਦ ਵਿਚ ਪਾਰਟੀ ਮੁੱਖ ਦਫ਼ਤਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ 2 ਦਸੰਬਰ 2024 ਨੂੰ ਅਜਿਹਾ ਇਤਿਹਾਸਕ ਵਰਤਾਰਾ ਵਾਪਰਿਆ ਸੀ ਜਦੋਂ ਸਿੱਖ ਪੰਥ ਨੇ ਅਕਾਲ ਤਖ਼ਤ ਸਾਹਿਬ ਦੀ ਇਤਿਹਾਸਕ ਵਿਰਾਸਤ ਦਾ ਜਲੌਅ ਵਿਖਾਉਂਦਿਆਂ ਪੰਥਕ ਦੋਸ਼ੀਆਂ ਨੂੰ ਕਟਿਹਰੇ ਵਿਚ ਖੜੇ ਕਰਕੇ ਉਨ੍ਹਾਂ ਦੇ ਮੂੰਹਾਂ ਤੋਂ ਆਪਣੀਆਂ ਸਰਕਾਰਾਂ ਸਮੇਂ ਹੋਈਆਂ ਬੇਅਦਬੀਆਂ ਸਮੇਤ ਸਭ ਗੁਨਾਹ ਨਸ਼ਰ ਕਰਵਾਏ ਸਨ ਅਤੇ ਪੰਥਕ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਨੂੰ ਨਵੇਂ ਸਿਰਿਓਂ ਜਥੇਬੰਦ ਕਰਨ ਦਾ ਫ਼ੈਸਲਾ ਲਿਆ ਸੀ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਸਾਹਿਬ ਦੀ ਫ਼ਸੀਲ ਤੋਂ ਹੋਏ ਇਤਿਹਾਸਕ ਫ਼ੈਸਲਿਆਂ ਦੀ ਰੌਸ਼ਨੀ ਤੇ ਸਿੰਘ ਸਾਹਿਬਾਨ ਵਲੋਂ ਗਠਿਤ ਪੰਜ ਮੈਂਬਰੀ ਭਰਤੀ ਕਮੇਟੀ ਵਲੋਂ ਦਲ ਦੀ ਪੁਨਰ-ਸੁਰਜੀਤੀ ਵੇਲੇ ਕੀਤੇ ਐਲਾਨ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਨੇ ਪੁਨਰ ਜਥੇਬੰਦ ਹੋ ਕੇ, ਅੱਜ 2 ਦਸੰਬਰ ਦੇ ਉਸੇ ਇਤਿਹਾਸਕ ਦਿਹਾੜੇ ਦੀ ਪਹਿਲੀ ਵਰ੍ਹੇਗੰਢ ਮੌਕੇ ਕਈ ਦਹਾਕਿਆਂ ਬਾਅਦ ਦਲ ਦਾ ਦਫਤਰ ਅੰਮ੍ਰਿਤਸਰ ਵਿਖੇ ਮੁੜ ਖ਼ੋਲ੍ਹ ਕੇ ਆਪਣਾ ਪਹਿਲਾ ਵਾਅਦਾ ਪੂਰਾ ਕੀਤਾ ਹੈ। ਉਨ੍ਹਾਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਕਿਸੇ ਸਿਆਸੀ ਪਾਰਟੀ ਨਾਲ ਗੱਠਜੋੜ ਦੀ ਸੰਭਾਵਨਾ ਬਾਰੇ ਪ੍ਰਧਾਨ ਨੇ ਕਿਹਾ ਕਿ ਇਸ ਦਾ ਫ਼ੈਸਲਾ ਪ੍ਰਸਥਿੱਤੀਆਂ ਅਨੁਸਾਰ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਵਲੋਂ ਲਿਆ ਜਾਵੇਗਾ। ਸ਼੍ਰੋਮਣੀ ਕਮੇਟੀ ਚੋਣਾਂ ਬਾਰੇ ਉਨ੍ਹਾਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਸ਼੍ਰੋਮਣੀ ਕਮੇਟੀ ਨੂੰ ਅਕਾਲੀ ਦਲ ਵਾਂਗ ਇਕ ਧਨਾਢ ਪਰਿਵਾਰ ਤੋਂ ਆਜ਼ਾਦ ਕਰਵਾ ਕੇ ਨਵੀਆਂ ਲੀਹਾਂ 'ਤੇ ਤੋਰਿਆ ਜਾਵੇ ਤਾਂ ਜੋ ਉਹ ਗੁਰਮਤਿ ਆਸ਼ੇ ਅਨੁਸਾਰ ਕੌਮ ਦੇ ਭਲੇ ਲਈ ਕੰਮ ਕਰ ਸਕੇ।

ਇਥੇ ਜ਼ਿਕਰਯੋਗ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਨੇ ਇਕ ਸਵਾਲ ਦੇ ਜਵਾਬ ਵਿਚ ਕਿਹਾ ਕਿ ਅਕਾਲੀ ਦਲ ਪੁਨਰ ਸੁਰਜੀਤ ਦੀ ਸਮੁੱਚੀ ਲੀਡਰਸ਼ਿਪ ਪੂਰੀ ਤਰ੍ਹਾਂ ਇਕਜੁੱਟ ਹੈ। ਹਾਲਾਂਕਿ ਅੱਜ ਮੁੱਖ ਦਫ਼ਤਰ ਦੇ ਉਦਘਾਟਨੀ ਸਮਾਗਮ 'ਚ ਪਾਰਟੀ ਦੇ ਸੀਨੀਅਰ ਅਕਾਲੀ ਆਗੂ ਮਨਪ੍ਰੀਤ ਸਿੰਘ ਇਆਲੀ, ਬੀਬੀ ਜਗੀਰ ਕੌਰ, ਬੀਬੀ ਸਤਵੰਤ ਕੌਰ ਤੇ ਬੀਬੀ ਕਿਰਨਜੋਤ ਕੌਰ ਸ਼ਾਮਿਲ ਨਹੀਂ ਹੋਏ, ਜਿਸ ਦਾ ਕਾਰਨ ਇਹ ਦੱਸਿਆ ਗਿਆ ਕਿ ਉਹ ਜ਼ਿਲ੍ਹਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਵਿਚ ਰੁੱਝੇ ਹੋਏ ਹਨ। ਪਰ ਸੂਤਰਾਂ ਦਾ ਮੰਨਣਾ ਕਿ ਇਆਲੀ ਤੇ ਬੀਬੀ ਸਤਵੰਤ ਕੌਰ ਨਵੀਂ ਧੜੇਬੰਦੀ ਖੜੀ ਕਰ ਰਹੇ ਹਨ। ਖਡੂਰ ਸਾਹਿਬ ਚੋਣ ਵਿਚ ਨਵੇਂ ਅਕਾਲੀ ਦਲ ਦੀ ਲੀਡਰਸ਼ਿਪ ਖਿੰਡਰੀ ਦਿਖੀ। ਇਆਲੀ ਤੇ ਸਤਵੰਤ ਕੌਰ ਅੰਮ੍ਰਿਤ ਪਾਲ ਸਿੰਘ ਦੇ ਅਕਾਲੀ ਦਲ ਨਾਲ ਵਖਰੀਆਂ ਮੀਟਿੰਗਾਂ ਕਰਦੇ ਦਿਖੇ

# ਜੱਗੀ ਜੌਹਲ ਕੇਸ: ਅਦਾਲਤ ਨੇ 4 ਮਾਰਚ ਨੂੰ ਬੇਗੁਨਾਹ ਕਰਕੇ ਛੱਡਿਆ, ਪਰ ਅਜੇ ਵੀ ਜੇਲ੍ਹ ਵਿੱਚ



ਮੋਗਾ: ਬ੍ਰਿਟਿਸ਼ ਨਾਗਰਿਕ ਜੱਗੀ ਜੌਹਲ ਨੂੰ 8 ਮੁਕੱਦਮਿਆਂ ਵਿੱਚੋਂ ਇੱਕ ਮੁੱਖ ਕੇਸ ਵਿੱਚ ਬੇਗੁਨਾਹ ਕਰਕੇ ਛੱਡਿਆ ਗਿਆ, ਪਰ ਉਹ ਅਜੇ ਵੀ ਜੇਲ੍ਹ ਵਿੱਚ ਹੈ। ਮੋਗਾ ਦੀ ਅਦਾਲਤ ਨੇ 4 ਮਾਰਚ 2025 ਨੂੰ ਇਸ ਫੈਸਲੇ ਵਿੱਚ ਸਬੂਤਾਂ ਦੀ ਕਮੀ ਨੂੰ ਧਿਆਨ ਵਿੱਚ ਰੱਖਿਆ। ਜੌਹਲ ਅਤੇ ਉਸਦੇ ਸਹਿਯੋਗੀਆਂ ਉੱਤੇ ਭਾਰਤੀ UAPA (Unlawful Acitivites Preveniton Act) ਦੇ ਤਹਿਤ ਚਾਰਜ ਸੀ, ਜੋ ਅਸਲ ਵਿੱਚ ਅਗਿਆਤ ਸੂਤਰਾਂ ਤੇ ਆਧਾਰਿਤ ਸੀ। ਪਰ ਅਦਾਲਤ ਨੇ ਮੰਨਿਆ ਕਿ ਸਬੂਤ ਪੂਰੇ ਤੌਰ ਤੇ ਮਜ਼ਬੂਤ ਨਹੀਂ ਹਨ। ਇਸ ਮਾਮਲੇ ਦੀ ਲੰਬੀ ਸੁਣਵਾਈ ਤੋਂ ਬਾਅਦ ਅਦਾਲਤ ਨੇ ਛੇਤੀ ਫੈਸਲਾ ਦਿੱਤਾ। ਜੌਹਲ ਦੇ ਪਰਿਵਾਰ ਅਤੇ ਸਮਰਥਕ ਕਹਿੰਦੇ ਹਨ ਕਿ, ਹਾਲਾਂਕਿ ਅਦਾਲਤ ਨੇ ਉਸਨੂੰ ਬੇਗੁਨਾਹ ਕਰ ਦਿੱਤਾ, ਉਹ ਅਜੇ ਵੀ ਜੇਲ੍ਹ ਵਿੱਚ ਰੱਖਿਆ ਗਿਆ ਹੈ। ਪਰਿਵਾਰ ਨੇ ਇਸਨੂੰ "ਨਿਆਂ ਤੋਂ ਹਟਾ ਕੇ ਰੱਖਣ ਵਰਗੀ ਕਾਰਵਾਈ" ਕਰਾਰ ਦਿੱਤਾ। ਸਮਰਥਕਾਂ ਦਾ ਇਹ ਵੀ ਕਹਿਣਾ ਹੈ ਕਿ ਜੌਹਲ ਇੱਕ ਸਮਾਜਿਕ ਕਾਰਕੁਨ ਅਤੇ ਅਕਟੀਵਿਸਟ ਹੈ, ਜੋ ਮਨੁੱਖੀ ਅਧਿਕਾਰਾਂ ਅਤੇ ਨਿਆਂ ਲਈ ਕੰਮ ਕਰਦਾ ਆ ਰਿਹਾ ਹੈ। ਇਸ ਘਟਨਾ ਨੇ ਨਾਗਰਿਕ ਹੱਕਾਂ ਅਤੇ ਅਦਾਲਤੀ ਕਾਰਵਾਈਆਂ 'ਤੇ ਗੰਭੀਰ ਚਰਚਾ ਸ਼ੁਰੂ ਕਰ ਦਿੱਤੀ ਹੈ। ਅਦਾਲਤੀ ਅਤੇ ਸਰਕਾਰੀ ਸਰੋਤ ਅਜੇ ਵੀ ਕਹਿ ਰਹੇ ਹਨ ਕਿ ਅਗਲੇ ਕਦਮਾਂ ਬਾਰੇ ਰਾਜਨੀਤਿਕ ਅਤੇ ਨਿਆਇਕ ਵਿਵੇਚਨਾ ਜਾਰੀ ਰਹੇਗੀ। ਜੌਹਲ ਦੇ ਮਾਮਲੇ ਨੇ ਅੰਤਰਰਾਸ਼ਟਰੀ ਧਿਆਨ ਵੀ ਖਿੱਚਿਆ ਹੈ, ਖ਼ਾਸ ਕਰਕੇ ਬ੍ਰਿਟੇਨ ਅਤੇ ਭਾਰਤ ਵਿਚਕਾਰ ਦੇ ਨਾਗਰਿਕ ਹੱਕਾਂ ਦੇ ਸਬੰਧਾਂ 'ਤੇ।

# ਬਿਟੂ ਵਲੋਂ ਅੰਮ੍ਰਿਤਪਾਲ ਨੂੰ ਅੰਤਰਿਮ ਪੈਰੋਲ ਦੇਣ ਦੀ ਜਨਤਕ ਤੌਰ 'ਤੇ ਵਕਾਲਤ

ਚੰਡੀਗੜ੍ਹ-ਕੇਂਦਰੀ ਰੇਲ ਰਾਜ ਤੇ ਫੂਡ ਪ੍ਰੋਸੈਸਿੰਗ ਇੰਡਸਟਰੀਜ਼ ਮੰਤਰੀ ਰਵਨੀਤ ਬਿੱਟੂ ਨੇ ਜੇਲ੍ਹ ਵਿੱਚ ਬੰਦ ਸੰਸਦ ਮੈਂਬਰ ਅੰਮ੍ਰਿਤ ਪਾਲ ਸਿੰਘ ਨੂੰ ਅੰਤਰਿਮ ਪੈਰੋਲ ਦੇਣ ਦੀ ਜਨਤਕ ਤੌਰ 'ਤੇ ਵਕਾਲਤ ਕੀਤੀ ਹੈ। ਸ੍ਰੀ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਇਸ ਵੇਲੇ ਸਖ਼ਤ ਕੌਮੀ ਸੁਰੱਖਿਆ ਕਾਨੂੰਨ (ਂਸ਼ਅ) ਤਹਿਤ ਅਸਾਮ ਦੀ ਡਿਬਰੂਗੜ੍ਹ ਕੇਂਦਰੀ ਜੇਲ੍ਹ ਵਿੱਚ ਨਜ਼ਰਬੰਦ ਹੈ।

ਬਿੱਟੂ ਦਾ ਇਹ ਰੁਖ਼ ਪੰਜਾਬ ਵਿੱਚ ਜ਼ਮੀਨ ਤਲਾਸ਼ ਰਹੀ ਭਾਜਪਾ ਦੀ ਰਣਨੀਤਕ ਪੇਸ਼ਬੰਦੀਆਂ ਦਾ ਸੰਕੇਤ ਹੋ ਸਕਦਾ ਹੈ, ਜਿੱਥੇ ਪਾਰਟੀ ਕੋਲ 117 ਮੈਂਬਰੀ ਰਾਜ ਵਿਧਾਨ ਸਭਾ ਵਿੱਚ ਕੋਈ ਸੀਟ ਨਹੀਂ ਹੈ ਅਤੇ 'ਆਪ' ਸਰਕਾਰ ਸੱਤਾ ਵਿਰੋਧੀ ਲਹਿਰ ਦਾ ਸਾਹਮਣਾ ਕਰ ਰਹੀ ਹੈ। ਬਿੱਟੂ ਨੇ ਆਮ ਆਦਮੀ ਪਾਰਟੀ (ਆਪ) ਦੀ ਅਗਵਾਈ ਵਾਲੀ ਪੰਜਾਬ ਸਰਕਾਰ 'ਤੇ ਸਿੰਘ ਦੀ ਪੈਰੋਲ ਅਰਜ਼ੀ ਵਿੱਚ ਅੜਿੱਕੇ ਡਾਹੁਣ ਦਾ ਦੋਸ਼ ਲਗਾਇਆ। ਬਿੱਟੂ ਨੇ ਬਾਰਾਮੂਲਾ ਤੋਂ ਲੋਕ ਸਭਾ ਮੈਂਬਰ ਅਬਦੁਲ ਰਾਸ਼ਿਦ ਸ਼ੇਖ਼ (ਉਰਫ਼ ਇੰਜਨੀਅਰ ਰਾਸ਼ਿਦ) ਨਾਲ ਤੁਲਨਾ ਕਰਦਿਆਂ ਕਿਹਾ, "ਪੰਜਾਬ ਸਰਕਾਰ ਜਾਣਬੁੱਝ ਕੇ ਲੋਕਾਂ ਦੇ ਚੁਣੇ ਹੋਏ ਪ੍ਰਤੀਨਿਧੀ ਨੂੰ ਪੈਰੋਲ ਦੇਣ ਤੋਂ ਇਨਕਾਰ ਕਰ ਰਹੀ ਹੈ। ਜੇਕਰ ਜੰਮੂ-ਕਸ਼ਮੀਰ ਦੇ ਸੰਸਦ ਮੈਂਬਰ ਇੰਜਨੀਅਰ ਰਸ਼ਿਦ ਨੂੰ ਗੰਭੀਰ ਦੋਸ਼ਾਂ ਦੇ ਬਾਵਜੂਦ ਸੈਸ਼ਨਾਂ ਵਿੱਚ ਸ਼ਾਮਲ ਹੋਣ ਲਈ ਹਿਰਾਸਤੀ ਪੈਰੋਲ ਦਿੱਤੀ ਜਾ ਸਕਦੀ ਹੈ, ਤਾਂ ਅੰਮ੍ਰਿਤਪਾਲ ਸਿੰਘ ਨੂੰ ਵੀ ਇਹੀ ਸਹੂਲਤ ਕਿਉਂ ਨਹੀਂ ਦਿੱਤੀ ਜਾਂਦੀ? ਖਡੂਰ ਸਾਹਿਬ ਦੇ ਹਲਕੇ ਦੇ ਲੋਕਾਂ ਦੀ ਆਵਾਜ਼ ਸੰਸਦ ਵਿੱਚ ਕੌਣ ਉਠਾਏਗਾ ਜੇਕਰ ਉਨ੍ਹਾਂ ਦੇ ਚੁਣੇ ਹੋਏ ਸੰਸਦ ਮੈਂਬਰ ਨਹੀਂ?" ਬਿੱਟੂ ਨੇ ਕਿਹਾ ਕਿ ਰਾਸ਼ਿਦ ਅਤਿਵਾਦ-ਵਿੱਤੀ ਫੰਡਿੰਗ ਦੇ ਦੋਸ਼ਾਂ ਦਾ ਸਾਹਮਣਾ ਕਰਦੇ ਹੋਏ ਅੰਤਰਿਮ ਜ਼ਮਾਨਤ 'ਤੇ ਸੈਸ਼ਨਾਂ ਵਿੱਚ ਹਾਜ਼ਰੀ ਭਰ ਰਿਹਾ ਹੈ।

## ✪ ਬਿਟੂ ਨੇ ਕਿਉਂ ਰੁਖ ਬਦਲਿਆ, ਭਾਜਪਾ ਦੀ ਨੀਤੀ ਕੀ ਹੈ



### ਬਿੱਟੂ ਦਾ ਰੁਖ਼ ਪਿਛਲੇ ਬਿਆਨਾਂ ਤੋਂ ਬਿਲਕੁਲ ਉਲਟ


ਬਿੱਟੂ ਵੱਲੋਂ ਅੰਮ੍ਰਿਤਪਾਲ ਲਈ ਅੰਤਰਿਮ ਪੈਰੋਲ ਦੀ ਵਕਾਲਤ ਉਨ੍ਹਾਂ ਦੇ ਪਿਛਲੇ ਬਿਆਨਾਂ ਤੋਂ ਬਿਲਕੁਲ ਉਲਟ ਹੈ। 2024 ਦੀਆਂ ਚੋਣਾਂ ਦੌਰਾਨ ਲੁਧਿਆਣਾ ਤੋਂ ਭਾਜਪਾ ਉਮੀਦਵਾਰ ਹੋਣ ਦੇ ਨਾਤੇ ਬਿੱਟੂ ਨੇ ਸਿੰਘ ਨੂੰ ਪੰਜਾਬ ਦੀ ਸ਼ਾਂਤੀ ਲਈ ਖ਼ਤਰਾ ਦੱਸਿਆ ਸੀ। ਉਨ੍ਹਾਂ ਵੋਟਰਾਂ ਨੂੰ ਚੇਤਾਵਨੀ ਦਿੱਤੀ ਸੀ ਕਿ 'ਅੰਮ੍ਰਿਤਪਾਲ ਸਿੰਘ ਵਰਗੇ ਲੋਕ ਸ਼ਾਂਤੀ ਪਸੰਦ ਲੋਕਾਂ ਨੂੰ ਪੰਜਾਬ ਵਿੱਚ ਨਹੀਂ ਰਹਿਣ ਦੇਣਗੇ।"

ਜੁਲਾਈ 2024 ਵਿੱਚ ਲੋਕ ਸਭਾ ਵਿੱਚ ਅੰਮ੍ਰਿਤਪਾਲ ਸਿੰਘ ਦੀ ਨਜ਼ਰਬੰਦੀ ਨੂੰ ਲੈ ਕੇ ਬਿੱਟੂ ਦੀ ਕਾਂਗਰਸ ਦੇ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਨਾਲ ਤਿੱਖੀ ਬਹਿਸ ਹੋਈ। ਬਿੱਟੂ ਨੇ ਐੱਨਐੱਸਏ ਦਾ ਬਚਾਅ ਕਿਸਾਨਾਂ ਦੀ ਥਾਂ 'ਕੱਟੜਵਾਦੀ ਤਾਕਤਾਂ ਖਿਲਾਫ਼ ਇਕ ਹਥਿਆਰ' ਵਜੋਂ ਕੀਤਾ, ਜਿਵੇਂ ਕਿ ਚੰਨੀ ਨੇ ਦੋਸ਼ ਲਗਾਇਆ ਸੀ।

ਬਿੱਟੂ ਨੇ ਪਹਿਲਾਂ ਬੰਦੀ ਸਿੰਘਾਂ ਦੀ ਰਿਹਾਈ ਦੀ ਵਕਾਲਤ ਕੀਤੀ ਸੀ - ਸਿੱਖ ਰਾਜਨੀਤਿਕ ਕੈਦੀ ਜੋ ਪੰਜਾਬ ਸੰਤਾਪ ਦੇ ਦਿਨਾਂ ਤੋਂ ਜੇਲ੍ਹਾਂ ਵਿੱਚ ਬੰਦ ਹਨ।

# ਪੰਜਾਬ ਯੂਨੀਵਰਸਿਟੀ ਸੈਨੇਟ ਚੋਣਾਂ ਹੋਣਗੀਆਂ, ਦਿੱਲੀ ਪੰਜਾਬੀਆਂ ਅਗੇ ਝੁੱਕ ਗਈ !

## ✪ ਅਸ਼ਮੀਤ ਸਿੰਘ ਦੀ ਅਗਵਾਈ ਵਿੱਚ ਨਿਸ਼ਾਨ ਸਾਹਿਬ ਹੇਠ ਪੰਜਾਬੀ ਅਣਖ ਦੀ ਜਿੱਤ ✪ ਪੰਜਾਬ ਨੇ ਕੇਂਦਰ ਸਰਕਾਰ ਦੀ ਸਾਜ਼ਿਸ਼ ਰੋਕ ਦਿੱਤੀ





### ਨਿਊਜ਼ ਸਟੋਰੀ

ਬੀਤੇ ਦਿਨੀਂ ਪੰਜਾਬ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਚਿਹਰੇ 'ਤੇ ਖੁਸ਼ੀ ਸੀ। ਨਿਸ਼ਾਨ ਸਾਹਿਬ ਹੇਠ ਅਸ਼ਮੀਤ ਸਿੰਘ ਦੀ ਅਗਵਾਈ ਹੇਠ 26 ਦਿਨਾਂ ਦਾ ਲਗਾਤਾਰ ਲੜਿਆ, ਵਿਦਿਆਰਥੀਆਂ ਵਲੋਂ ਸ਼ਾਂਤਮਈ ਸੰਘਰਸ਼, ਰੋਸ ਰੈਲੀਆਂ, ਨਾਅਰੇਬਾਜ਼ੀ ਤੇ ਰਾਤ-ਦਿਨ ਜੱਦੋਜਹਿਦ ਰੰਗ ਲੈ ਆਈ। ਭਾਰਤ ਦੇ ਉਪ ਰਾਸ਼ਟਰਪਤੀ ਤੇ ਯੂਨੀਵਰਸਿਟੀ ਦੇ ਚਾਂਸਲਰ ਸ੍ਰੀ ਸੀ. ਪੀ. ਰਾਧਾਕ੍ਰਿਸ਼ਨਨ ਨੇ ਅਧਿਕਾਰਕ ਨੋਟੀਫਿਕੇਸ਼ਨ ਜਾਰੀ ਕਰਕੇ ਸੈਨੇਟ ਚੋਣਾਂ ਦੇ ਪੁਰਾਣੇ ਸ਼ਡਿਊਲ ਨੂੰ ਪੂਰੀ ਮਨਜ਼ੂਰੀ ਦੇ ਦਿੱਤੀ। ਇਸ ਦਾ ਮਤਲਬ ਇਹ ਹੈ ਕਿ 2026 ਵਿੱਚ ਚੋਣਾਂ ਹੋਣਗੀਆਂ ਤੇ ਯੂਨੀਵਰਸਿਟੀ ਦੀ ਸਭ ਤੋਂ ਵੱਡੀ ਫੈਸਲਾ-ਲੈਣ ਵਾਲੀ ਸੰਸਥਾ ਫਿਰ ਤੋਂ ਚੁਣੀ ਹੋਈ ਸੈਨੇਟ ਹੀ ਹੋਵੇਗੀ।

ਇਹ ਜਿੱਤ ਸਿਰਫ਼ ਵਿਦਿਆਰਥੀਆਂ ਦੀ ਨਹੀਂ, ਸਗੋਂ ਪੂਰੇ ਪੰਜਾਬ ਦੀ ਜਿੱਤ ਹੈ। ਕਿਉਂਕਿ ਇਸ ਵਿੱਚ ਪੰਜਾਬ ਦੀ ਵਿਰਾਸਤ, ਪੰਜਾਬੀਆਂ ਦੀ ਭਾਵਨਾ ਤੇ ਯੂਨੀਵਰਸਿਟੀ ਦੀ ਖੁਦਮੁਖਤਿਆਰੀ ਦਾ ਸਵਾਲ ਸੀ।

ਹਿੰਦੁਸਤਾਨ ਟਾਈਮਜ਼, ਇੰਡੀਅਨ ਐਕਸਪ੍ਰੈਸ, ਟਾਈਮਜ਼ ਆਫ਼ ਇੰਡੀਆ, ਦ ਹਿੰਦੂ, ਦ ਟ੍ਰਿਬਿਊਨ ਸਾਰੀਆਂ ਅੰਗਰੇਜ਼ੀ ਅਖਬਾਰਾਂ ਨੇ ਲਿਖਿਆ: "The protest has been spearheaded by SATH and its leader Ashmeet Singh."

ਚੋਣਾਂ ਦਾ ਪੂਰਾ ਸ਼ਡਿਊਲ-ਯੂਨੀਵਰਸਿਟੀ ਨੇ ਜੋ ਸ਼ਡਿਊਲ 9 ਨਵੰਬਰ ਨੂੰ ਚਾਂਸਲਰ ਨੂੰ ਭੇਜਿਆ ਸੀ, ਉਸੇ ਨੂੰ ਪੂਰੀ ਮਨਜ਼ੂਰੀ ਮਿਲ ਗਈ ਹੈ

7 ਸਤੰਬਰ 2026 : ਟੈਕਨੀਕਲ ਤੇ ਪ੍ਰੋਫੈਸ਼ਨਲ ਕਾਲਜਾਂ ਦੇ ਪ੍ਰਿੰਸੀਪਲ ਤੇ ਸਟਾਫ ਦੀਆਂ ਚੋਣਾਂ

14 ਸਤੰਬਰ 2026 : ਯੂਨੀਵਰਸਿਟੀ ਟੀਚਿੰਗ ਡਿਪਾਰਟਮੈਂਟ ਦੇ ਪ੍ਰੋਫੈਸਰਾਂ, ਐਸੋਸੀਏਟ ਤੇ ਅਸਿਸਟੈਂਟ ਪ੍ਰੋਫੈਸਰਾਂ ਦੀਆਂ ਚੋਣਾਂ

16 ਸਤੰਬਰ 2026 : ਉਪਰੋਕਤ ਵਰਗਾਂ ਦੇ ਨਤੀਜੇ

20 ਸਤੰਬਰ 2026 : ਐਫੀਲੀਏਟਿਡ ਆਰਟਸ ਕਾਲਜਾਂ ਦੇ ਪ੍ਰਿੰਸੀਪਲ ਤੇ ਸਟਾਫ ਤੇ ਰਜਿਸਟਰਡ ਗ੍ਰੈਜੂਏਟਸ ਦੀਆਂ ਚੋਣਾਂ

22 ਸਤੰਬਰ 2026 : ਆਖਰੀ ਨਤੀਜੇ

9 ਸਤੰਬਰ ਤੋਂ 4 ਅਕਤੂਬਰ 2026 : ਪੂਰਾ ਚੋਣ ਪ੍ਰੋਸੈੱਸ ਖਤਮ

ਕੀ ਹੋਇਆ ਸੀ ?-ਪੁਰਾਣੀ ਸੈਨੇਟ ਦਾ ਕਾਰਜਕਾਲ 31 ਅਕਤੂਬਰ 2024 ਨੂੰ ਖਤਮ ਹੋ ਗਿਆ। ਨਿਯਮ ਅਨੁਸਾਰ ਤਿੰਨ ਮਹੀਨੇ ਪਹਿਲਾਂ ਚੋਣਾਂ ਦਾ ਐਲਾਨ ਹੋਣਾ ਚਾਹੀਦਾ ਸੀ। ਪਰ ਕੇਂਦਰ ਸਰਕਾਰ ਨੇ ਪਹਿਲਾਂ ਤਾਂ ਪੁਰਾਣੀ ਸੈਨੇਟ ਨੂੰ ਭੰਗ ਕਰ ਦਿੱਤਾ ਤੇ ਫਿਰ ਚੋਣਾਂ ਰੋਕ ਦਿੱਤੀਆਂ। ਕੇਂਦਰ ਦੀ ਮਨਸ਼ਾ ਸੀ ਕਿ ਸੈਨੇਟ ਦਾ ਆਕਾਰ ਘਟਾ ਕੇ 30-40 ਮੈਂਬਰ ਕੀਤਾ ਜਾਵੇ ਤੇ ਜ਼ਿਆਦਾਤਰ ਮੈਂਬਰ ਐਲਾਨ ਕੀਤੇ ਜਾਣ। ਇਸ ਨਾਲ ਯੂਨੀਵਰਸਿਟੀ ਦਾ ਪੂਰਾ ਕੰਟਰੋਲ ਕੇਂਦਰ ਦੇ ਹੱਥਾਂ ਵਿੱਚ ਆ ਜਾਣਾ ਸੀ। ਇਹ ਪਹਿਲੀ ਵਾਰ ਨਹੀਂ ਹੋਇਆ। ਪਿਛਲੇ ਕਈ ਸਾਲਾਂ ਤੋਂ ਕੇਂਦਰ ਵੱਲੋਂ ਪੰਜਾਬ ਯੂਨੀਵਰਸਿਟੀ ਨੂੰ "ਸੈਂਟਰਲ ਯੂਨੀਵਰਸਿਟੀ" ਬਣਾਉਣ ਦੀਆਂ ਸਾਜਿਸ਼ਾਂ ਰਚੀਆਂ ਜਾ ਰਹੀਆਂ ਸਨ।

ਵਿਦਿਆਰਥੀਆਂ ਦਾ ਸ਼ਾਂਤਮਈ ਤਿੱਖਾ ਸੰਘਰਸ਼-ਜਦੋਂ ਵਿਦਿਆਰਥੀਆਂ ਨੂੰ ਪਤਾ ਲੱਗਾ ਤਾਂ "ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਬਚਾਓ ਮੋਰਚਾ" ਬਣ ਗਿਆ। ਇਸ ਵਿੱਚ ਸੱਥ, ਪੀਐਸਯੂ ਲਹਿਰ, ਐਸਓਆਈ, ਪੀਯੂਐਸਯੂ, ਐਨਐਸਯੂਆਈ, ਆਈਸਾ, ਐਸਐਫਆਈ ਤੇ ਕਈ ਆਜ਼ਾਦ ਵਿਦਿਆਰਥੀ ਇਕੱਠੇ ਹੋਏ। ਨਿਹੰਗ ਸਿੰਘ ਜਥੇਬੰਦੀਆਂ, ਪੰਥਕ ਜਥੇਬੰਦੀਆਂ, ਰਾਜਨੀਤਕ, ਪਾਰਟੀਆਂ ਆਮ ਆਦਮੀ ਪਾਰਟੀ, ਕਾਂਗਰਸ, ਬਾਦਲ ਅਕਾਲੀ ਦਲ, ਅਕਾਲੀ ਦਲ (ਅੰਮ੍ਰਿਤਸਰ), ਨਵਾਂ ਅਕਾਲੀ ਦਲ ਤੇ ਕਿਸਾਨ ਜਥੇਬੰਦੀਆਂ (ਭਾਕਿਯੂ ਏਕਤਾ ਉਗਰਾਹਾਂ, ਕ੍ਰਾਂਤੀਕਾਰੀ, ਦਾਕੌਂਦਾ, ਸਿਧੂਪੁਰ) ਜਥੇਬੰਦੀਆਂ ਨੇ ਵਿਦਿਆਰਥੀਆਂ ਦਾ ਸਾਥ ਦਿਤਾ।

25-26 ਦਿਨ ਲਗਾਤਾਰ ਵੀਸੀ ਦਫਤਰ ਅੱਗੇ ਧਰਨਾ ਲਗਾ-ਰੋਜ਼ਾਨਾ ਰੋਸ ਰੈਲੀਆਂ ਹੋਈਆਂ। 26 ਨਵੰਬਰ ਨੂੰ ਪੂਰੀ ਯੂਨੀਵਰਸਿਟੀ ਬੰਦ ਕੀਤੀ ਗਈ। 3 ਦਸੰਬਰ ਨੂੰ ਪੰਜਾਬ ਭਰ ਵਿੱਚ ਭਾਜਪਾ ਦਫਤਰਾਂ ਦਾ ਘਿਰਾਓ ਕਰਨ ਦਾ ਐਲਾਨ ਕੀਤਾ ਗਿਆ। ਜਿਵੇਂ ਹੀ ਘਿਰਾਓ ਦੀ ਤਾਰੀਖ ਨੇੜੇ ਆਈ, ਉਪ ਰਾਸ਼ਟਰਪਤੀ ਦੇ ਦਫਤਰ ਨੇ ਤੁਰੰਤ ਮਨਜ਼ੂਰੀ ਦੇ ਦਿੱਤੀ। ਇਹ ਪਹਿਲੀ ਵਾਰ ਸੀ ਜਦੋਂ ਪੰਜਾਬ ਦੀਆਂ ਸਾਰੀਆਂ ਵੱਡੀਆਂ ਪਾਰਟੀਆਂ ਇੱਕੋ ਮੰਚ 'ਤੇ ਆਈਆਂ। ਸਾਰਿਆਂ ਨੇ ਇਕੋ ਸੁਰ ਵਿੱਚ ਕਿਹਾ, "ਪੰਜਾਬ ਯੂਨੀਵਰਸਿਟੀ ਪੰਜਾਬ ਦੀ ਹੈ, ਕੇਂਦਰ ਦੀ ਨਹੀਂ।" ਵਿਦਿਆਰਥੀਆਂ ਨੇ ਸਿਧਾ ਨਿਸ਼ਾਨਾ ਆਰਐਸਐਸ ਨੂੰ ਬਣਾਇਆ। ਤਾਰਾਂ ਤੇ ਡੰਡਿਆਂ ਉਪਰ ਖਾਕੀ ਨਿਕਰਾਂ ਟੰਗ ਦਿਤੀਆਂ। ਪੁਲਿਸ ਦੇ ਬੇਵਜ੍ਹਾ ਲਾਠੀਚਾਰਜ ਤੇ ਭੜਕਾਹਟ ਦੇ ਬਾਵਜੂਦ ਵਿਦਿਆਰਥੀ ਸ਼ਾਂਤ ਅਤੇ ਅਡੋਲ ਰਹੇ।

ਰਾਜਨੀਤਕ ਆਗੂਆਂ ਦੇ ਬਿਆਨ-ਮੁੱਖ ਮੰਤਰੀ ਭਗਵੰਤ ਮਾਨ ( ਐਕਸ'ਤੇ): "ਇਹ ਪੰਜਾਬ ਦੀ ਵਿਰਾਸਤ ਦੀ ਜਿੱਤ ਹੈ।"

ਸੁਖਬੀਰ ਸਿੰਘ ਬਾਦਲ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ: "ਪੰਜਾਬੀਆਂ ਦੀ ਇਕਜੁਟਤਾ ਅੱਗੇ ਮੋਦੀ ਸਰਕਾਰ ਝੁਕੀ।"

ਜਥੇਦਾਰ ਹਰਪ੍ਰੀਤ ਸਿੰਘ (ਅਕਾਲੀ ਦਲ ਅੰਮ੍ਰਿਤਸਰ): "ਲੋਕਤੰਤਰ ਤੇ ਵਿਦਿਆਰਥੀ ਏਕਤਾ ਦੀ ਜਿੱਤ।"

ਪ੍ਰਤਾਪ ਸਿੰਘ ਬਾਜਵਾ (ਕਾਂਗਰਸ): "ਵਿਦਿਆਰਥੀਆਂ ਨੇ ਸਾਬਤ ਕੀਤਾ ਕਿ ਅਣਖ ਜਿੰਦਾ ਰੱਖੀ ਜਾ ਸਕਦੀ ਹੈ।"

ਸੁਖਪਾਲ ਸਿੰਘ ਖਹਿਰਾ: "ਇਹ ਪੰਜਾਬ ਦੇ ਹੱਕਾਂ ਦੀ ਜਿੱਤ ਹੈ।"

### ਕੀ ਸੀ ਕੇਂਦਰ ਦੀ ਚਾਲ ?

ਕੇਂਦਰ ਨੇ 31 ਅਕਤੂਬਰ 2024 ਨੂੰ ਪੁਰਾਣੀ ਸੈਨੇਟ ਭੰਗ ਕਰਕੇ ਇੱਕ ਨਵਾਂ ਨੋਟੀਫਿਕੇਸ਼ਨ ਜਾਰੀ ਕੀਤਾ ਸੀ ਜਿਸ ਵਿੱਚ: ਸੈਨੇਟ ਦਾ ਆਕਾਰ 100 ਤੋਂ ਘਟਾ ਕੇ 30-40 ਕਰਨਾ। ਜ਼ਿਆਦਾਤਰ ਮੈਂਬਰ ਮਨੋਨੀਤ ਕਰਨੇ। ਰਜਿਸਟਰਡ ਗ੍ਰੈਜੂਏਟ ਵੋਟਰਾਂ ਦਾ ਹੱਕ ਖੋਹ ਲੈਣਾ। ਇਸ ਨਾਲ ਯੂਨੀਵਰਸਿਟੀ ਪੂਰੀ ਤਰ੍ਹਾਂ ਕੇਂਦਰ ਦੇ ਹੱਥਾਂ ਵਿੱਚ ਆ ਜਾਣੀ ਸੀ। ਸੱਥ ਨੇ ਇਸ ਨੂੰ "ਪੰਜਾਬ ਦੀ ਵਿਰਾਸਤ 'ਤੇ ਹਮਲਾ" ਕਿਹਾ ਤੇ ਨਿਸ਼ਾਨ ਸਾਹਿਬ ਲੈ ਕੇ ਮੈਦਾਨ ਵਿੱਚ ਉਤਰ ਗਏ।

### ਯੂਨੀਵਰਸਿਟੀ ਦਾ ਇਤਿਹਾਸ

1882 ਵਿੱਚ ਲਾਹੌਰ ਵਿੱਚ ਸਥਾਪਿਤ ਹੋਈ। ਵੰਡ ਸਮੇਂ ਲਾਹੌਰ ਪਾਕਿਸਤਾਨ ਚਲੀ ਗਈ। 1947 ਤੋਂ 1956 ਤੱਕ ਪੰਜਾਬੀ ਵਿਦਿਆਰਥੀਆਂ ਕੋਲ ਆਪਣੀ ਕੋਈ ਯੂਨੀਵਰਸਿਟੀ ਨਹੀਂ ਸੀ। ਬਹੁਤ ਸੰਘਰਸ਼ ਤੋਂ ਬਾਅਦ 1956 ਵਿੱਚ ਚੰਡੀਗੜ੍ਹ ਵਿੱਚ ਮੁੜ ਸਥਾਪਿਤ ਹੋਈ। 1966 ਵਿੱਚ ਪੰਜਾਬ ਦੇ ਪੁਨਰਗਠਨ ਸਮੇਂ ਹਰਿਆਣਾ ਤੇ ਹਿਮਾਚਲ ਨੇ ਆਪਣੇ ਕਾਲਜ ਵੱਖ ਕਰ ਲਏ। ਸਿਰਫ਼ ਪੰਜਾਬ ਤੇ ਚੰਡੀਗੜ੍ਹ ਦੇ ਕਾਲਜ ਰਹਿ ਗਏ। ਖਰਚਾ 80-85% ਪੰਜਾਬ ਉਠਾਉਂਦਾ ਰਿਹਾ, ਪਰ ਕੰਟਰੋਲ ਕੇਂਦਰ ਕੋਲ ਰਿਹਾ।

55 ਸਾਲ ਪਹਿਲਾਂ ਵੀ ਇਹੋ ਜਿਹਾ ਸੰਘਰਸ਼ ਲੜਿਆ ਗਿਆ-1970 ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਬਣੀ ਤਾਂ ਜਨਸੰਘ (ਹੁਣ ਭਾਜਪਾ) ਨੇ ਅਕਾਲੀ ਦਲ ਨਾਲ ਗਠਜੋੜ ਤੋੜ ਲਿਆ ਸੀ। ਉਹ ਚਾਹੁੰਦੇ ਸਨ ਕਿ ਜਲੰਧਰ, ਗੁਰਦਾਸਪੁਰ ਦੇ ਆਰੀਆ ਸਮਾਜੀ ਕਾਲਜ ਉਨ੍ਹਾਂ ਦੇ ਕੰਟਰੋਲ ਵਿੱਚ ਰਹਿਣ। ਅੱਜ ਫਿਰ ਭਾਜਪਾ ਅੱੜਰੀ ਖੜ੍ਹੀ ਹੈ ਤੇ ਪੰਜਾਬ ਦੀਆਂ ਸਾਰੀਆਂ ਪਾਰਟੀਆਂ ਇਕੱਠੀਆਂ ਹਨ। ਇਤਿਹਾਸ ਆਪਣੇ ਆਪ ਨੂੰ ਦੁਹਰਾ ਰਿਹਾ ਹੈ।

**ਪੰਜਾਬ ਯੂਨੀਵਰਸਿਟੀ ਦੀ ਜਿੱਤ ਸਾਬਤ ਕਰਦੀ ਹੈ ਕਿ ਜਦੋਂ ਪੰਜਾਬ ਨਿਸ਼ਾਨ ਸਾਹਿਬ ਹੇਠ ਇਕੱਠਾ ਹੋ ਜਾਂਦਾ ਹੈ ਤਾਂ ਦਿੱਲੀ ਦੀ ਸਰਕਾਰ ਵੀ ਝੁਕ ਜਾਂਦੀ ਹੈ। ਪੰਜਾਬ ਯੂਨੀਵਰਸਿਟੀ ਸਿਰਫ਼ ਇੱਕ ਵਿੱਦਿਅਕ ਅਦਾਰਾ ਨਹੀਂ, ਇਹ ਪੰਜਾਬ ਦੀ ਅਣਖ, ਪੰਜਾਬੀਆਂ ਦੀ ਭਾਵਨਾ ਤੇ ਪੰਜਾਬ ਦੀ ਵਿਰਾਸਤ ਦਾ ਪ੍ਰਤੀਕ ਹੈ। ਜੇ ਅੱਜ ਅਸ਼ਮੀਤ ਸਿੰਘ ਦੀ ਸੁਚਜੀ ਅਗਵਾਈ ਹੇਠ ਵਿਦਿਆਰਥੀਆਂ ਨੇ ਇਸ ਨੂੰ ਬਚਾ ਲਿਆ ਹੈ ਤਾਂ ਕੱਲ੍ਹ ਨੂੰ ਪੰਜਾਬ ਸਰਕਾਰ ਨੂੰ ਇਸ ਨੂੰ ਮਜ਼ਬੂਤ ਬਣਾਉਣਾ ਪਵੇਗਾ। ਨਹੀਂ ਤਾਂ ਅਜਿਹੇ ਸੰਕਟ ਫਿਰ ਆਉਂਦੇ ਰਹਿਣਗੇ। ਵਿਦਿਆਰਥੀਆਂ ਨੇ ਸਾਬਤ ਕਰ ਦਿੱਤਾ, "ਜਦੋਂ ਪੰਜਾਬ ਆਪਣੇ ਹੱਕਾਂ ਤੇ ਨਿਆਂ ਲਈ ਜਾਗਦਾ ਹੈ, ਕੋਈ ਉਸ ਅਗੇ ਅੜ ਨਹੀਂ ਸਕਦਾ।"**

## ਪੰਜਾਬ ਸਰਕਾਰ ਨੂੰ ਅੱਗੇ ਕੀ ਕਰਨਾ ਪਵੇਗਾ ?

ਫੰਡ ਵਧਾਉਣਾ: ਸਾਲਾਨਾ ਬਜਟ ਘੱਟੋ-ਘੱਟ 1000 ਕਰੋੜ ਰੁਪਏ ਕਰੋ। ਪਿਛਲੀਆਂ ਸਰਕਾਰਾਂ ਨੇ ਫੰਡ ਘਟਾਏ, ਜਿਸ ਨਾਲ ਕੇਂਦਰ ਦਾ ਦਖਲ ਵਧਿਆ।

ਨਵੇਂ ਪ੍ਰੋਜੈਕਟ: ਖੋਜ ਕੇਂਦਰ ਅਤੇ ਨਵੀਆਂ ਬ੍ਰਾਂਚਾਂ ਖੋਲ੍ਹੋ।

ਵਿਜੀਲੈਂਸ: ਵਿਦਿਆਰਥੀ ਜਥੇਬੰਦੀਆਂ ਜਿਵੇਂ ਸੱਥ ਅਸ਼ਮੀਤ ਨੂੰ ਸਮਰਥਨ ਦਿਓ ਤਾਂ ਜੋ ਅਜਿਹੇ ਸੰਕਟ ਨਾ ਆਉਣ।

ਚੰਡੀਗੜ੍ਹ ਮਸਲਾ: ਇਹ ਯੂਨੀਵਰਸਿਟੀ ਨਾਲ ਜੁੜਿਆ ਹੈ - ਪੰਜਾਬ ਨੂੰ ਚੰਡੀਗੜ੍ਹ 'ਤੇ ਹੱਕ ਮਜ਼ਬੂਤ ਕਰਨਾ ਪਵੇਗਾ।

ਵਿਦਿਆਰਥੀਆਂ ਨੂੰ ਜਾਗਦੇ ਰਹਿਣਾ ਪਵੇਗਾ। ਜੇਕਰ ਫਿਰ ਚੋਣਾਂ ਰੁਕੀਆਂ ਤਾਂ ਫਿਰ ਸੜਕਾਂ 'ਤੇ ਆਉਣਾ ਪਵੇਗਾ। ਪੰਜਾਬ ਸਰਕਾਰ ਨੂੰ ਚੰਡੀਗੜ੍ਹ ਦੇ ਮਸਲੇ 'ਤੇ ਵੀ ਸਖਤ ਰੁਖ ਅਪਣਾਉਣਾ ਪਵੇਗਾ, ਕਿਉਂਕਿ ਦੋਵੇਂ ਮਸਲੇ ਇੱਕੋ ਧਾਗੇ ਨਾਲ ਜੁੜੇ ਹਨ।



ਰਜਿੰਦਰ ਸਿੰਘ ਪੁਰੇਵਾਲ

ਸੰਪਾਦਕੀ ਵਿਚਾਰ :– ਕਿਸੇ ਦੀ ਚੁੱਪ ਨੂੰ ਉਸ ਦੀ ਕਮਜ਼ੋਰੀ ਸਮਝਣਾ ਵੱਡੀ ਭੁੱਲ ਹੈ ।

# ਕੈਪਟਨ ਦੀ ਅਕਾਲੀ ਭਾਜਪਾ ਗਠਜੋੜ ਦੀ ਵਕਾਲਤ: ਸਿਆਸੀ ਹਕੀਕਤ ਜਾਂ ਪੰਥਕ ਏਕਤਾ ਤੇ ਮਸਲਿਆਂ ਦੀ ਅਣਦੇਖੀ ?


ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਫਿਰ ਤੋਂ ਭਾਜਪਾ-ਅਕਾਲੀ ਗਠਜੋੜ ਦੀ ਵਕਾਲਤ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਜਿੱਤ ਲਈ ਭਾਜਪਾ ਨੂੰ ਸ਼੍ਰੋਮਣੀ ਅਕਾਲੀ ਦਲ ਨਾਲ ਹੀ ਹੱਥ ਮਿਲਾਉਣਾ ਪਵੇਗਾ, ਕਿਉਂਕਿ ਭਾਜਪਾ ਨੂੰ ਪੰਜਾਬ ਦੀ ਧਰਤੀ ਦੀ ਸਮਝ ਨਹੀਂ ਅਤੇ ਆਪਣਾ ਕਾਡਰ ਖੜ੍ਹਾ ਕਰਨ ਵਿੱਚ ਦੋ-ਤਿੰਨ ਚੋਣਾਂ ਲੰਘ ਜਾਣਗੀਆਂ। ਇਹ ਬਿਆਨ ਸਤਹੀ ਤੌਰ ਤੇ ਸਿਆਸੀ ਹਕੀਕਤ ਵਾਲਾ ਲੱਗਦਾ ਹੈ, ਪਰ ਜੇ ਡੂੰਘਾਈ ਨਾਲ ਕੈਪਟਨ ਦਾ ਬਿਆਨ ਵੇਖੀਏ ਤਾਂ ਇਸ ਵਿੱਚ ਪੰਥਕ ਏਕਤਾ ਦੀ ਗੱਲ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕੀਤਾ ਗਿਆ ਹੈ।

ਸਵਾਲ ਇਹ ਹੈ - ਕੀ ਸਿਰਫ਼ ਸੀਟਾਂ ਦੇ ਜੋੜ-ਤੋੜ ਨਾਲ ਪੰਜਾਬ ਦੀ ਸਿਆਸਤ ਦਾ ਭਵਿੱਖ ਤੈਅ ਹੋ ਸਕਦਾ ਹੈ ? ਕੀ ਸਿੱਖ ਪੰਥ ਦੇ ਗੰਭੀਰ ਮਸਲੇ ਹੱਲ ਕੀਤੇ ਬਿਨਾਂ ਅਕਾਲੀ ਏਕਤਾ ਜਾਂ ਭਾਜਪਾ ਨਾਲ ਗਠਜੋੜ ਕੋਈ ਮਤਲਬ ਰੱਖਦਾ ਹੈ ? ਕੈਪਟਨ ਸਾਹਿਬ ਦਾ ਬਿਆਨ ਬੇਸ਼ੱਕ ਚੋਣ ਗਣਿਤ ਦੇ ਲਿਹਾਜ਼ ਨਾਲ ਸਹੀ ਲੱਗਦਾ ਹੈ। 2017 ਤੋਂ ਬਾਅਦ ਭਾਜਪਾ ਪੰਜਾਬ ਵਿੱਚ ਇਕੱਲੀ ਲੜ ਰਹੀ ਹੈ ਅਤੇ ਹਰ ਪਾਸੇ ਮੂੰਹ ਦੀ ਖਾ ਰਹੀ ਹੈ। 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਸਿਰਫ਼ 2 ਸੀਟਾਂ ਅਤੇ 6.5% ਵੋਟਾਂ ਤੇ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਵੀ ਸਿਰਫ਼ ਤਿੰਨ ਸੀਟਾਂ (ਉਹ ਵੀ ਗਠਜੋੜ ਵਿੱਚ) ਇਸ ਗੱਲ ਦਾ ਸਬੂਤ ਹਨ ਕਿ ਭਾਜਪਾ ਨੂੰ ਪੰਜਾਬ ਦੇ ਪੇਂਡੂ ਖੇਤਰਾਂ ਵਿੱਚ ਕੋਈ ਖਾਸ ਪਹੁੰਚ ਨਹੀਂ। ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਵੀ 2022 ਵਿੱਚ ਬੁਰੀ ਤਰ੍ਹਾਂ ਹਾਰਿਆ ਅਤੇ ਸਿਰਫ਼ 3 ਸੀਟਾਂ ਤੇ ਸਿਮਟ ਗਿਆ। ਦੋਵਾਂ ਪਾਰਟੀਆਂ ਦੇ ਵੋਟ ਮਿਲਾ ਕੇ ਵੀ 25-27% ਤੋਂ ਵੱਧ ਨਹੀਂ ਬਣਦੇ, ਪਰ ਗਠਜੋੜ ਵਿੱਚ ਵੋਟ ਟਰਾਂਸਫਰ ਦੀ ਸੰਭਾਵਨਾ ਅਤੇ ਲੋਕਾਂ ਦੇ ਇਕੱਠੇ ਹੋਣ ਨਾਲ ਸ਼ਹਿਰੀ ਹਿੰਦੂ ਤੇ ਦਿਹਾਤੀ ਵੋਟਰ ਦਾ ਧਰੁਵੀਕਰਨ ਜ਼ਰੂਰ ਹੋ ਸਕਦਾ ਹੈ। ਕੈਪਟਨ ਸਾਹਿਬ ਇਸੇ ਗਣਿਤ ਨੂੰ ਸਾਹਮਣੇ ਰੱਖ ਕੇ ਗੱਲ ਕਰ ਰਹੇ ਹਨ।

ਕੈਪਟਨ ਸਾਹਿਬ ਭਾਵੇਂ ਭਾਜਪਾ ਦੇ ਸੀਨੀਅਰ ਆਗੂ ਹਨ, ਪਰ ਉਹ ਇਹ ਭੁੱਲ ਗਏ ਜਾਂ ਜਾਣ-ਬੁੱਝ ਕੇ ਅਣਦੇਖਿਆ ਕਰ ਰਹੇ ਹਨ ਕਿ 2020 ਦੇ ਕਿਸਾਨ ਅੰਦੋਲਨ ਤੋਂ ਬਾਅਦ ਪੰਜਾਬ ਦੀ ਜਨਤਾ ਵਿੱਚ ਭਾਜਪਾ ਵਿਰੋਧੀ ਭਾਵਨਾ ਬਹੁਤ ਡੂੰਘੀ ਹੈ। ਬਰਗਾੜੀ ਬੇਅਦਬੀ ਕਾਂਡ, ਗੁਰੂ ਗ੍ਰੰਥ ਸਾਹਿਬ ਦੀਆਂ ਬੇਅਦਬੀਆਂ ਦੇ ਦੋਸ਼ੀਆਂ ਨੂੰ ਸਜ਼ਾ ਨਾ ਮਿਲਣਾ, ਡੇਰਾ ਸਿਰਸਾ ਮੁਖੀ ਨੂੰ ਮਾਫ਼ੀ ਦੇਣ ਦੀਆਂ ਕੋਸ਼ਿਸ਼ਾਂ, ਕੇਂਦਰ ਵੱਲੋਂ ਸਿੱਖ ਕੈਦੀਆਂ (ਬੰਦੀ ਸਿੰਘ) ਨੂੰ ਰਿਹਾਅ ਨਾ ਕਰਨਾ - ਇਹ ਸਾਰੇ ਮਸਲੇ ਅਜੇ ਵੀ ਜਿਉਂ ਦੇ ਤਿਉਂ ਹਨ। ਇਨ੍ਹਾਂ ਮਸਲਿਆਂ ਦਾ ਹੱਲ ਕੀਤੇ ਬਿਨਾਂ ਕੀ ਕੋਈ ਅਕਾਲੀ ਆਗੂ ਜਾਂ ਵਰਕਰ ਭਾਜਪਾ ਨਾਲ ਖੜ੍ਹਨ ਲਈ ਤਿਆਰ ਹੋਵੇਗਾ ? ਸੁਖਬੀਰ ਸਿੰਘ ਬਾਦਲ ਨੇ ਬਾਰ-ਬਾਰ ਕਿਹਾ ਹੈ ਕਿ ਪੰਥਕ ਮਸਲੇ ਹੱਲ ਹੋਣ ਤੋਂ ਬਿਨਾਂ ਭਾਜਪਾ ਨਾਲ ਗਠਜੋੜ ਸੰਭਵ ਨਹੀਂ। ਅਕਾਲੀ ਦਲ ਦੀ ਹਾਲਤ ਵੀ ਬਹੁਤ ਨਾਜ਼ੁਕ ਹੈ। 2022 ਦੀ ਹਾਰ ਤੋਂ ਬਾਅਦ ਪਾਰਟੀ ਅੰਦਰ ਬ਼ਗਾਵਤ ਖੁੱਲ੍ਹ ਕੇ ਸਾਹਮਣੇ ਆ ਗਈ। ਪਰਮਿੰਦਰ ਸਿੰਘ ਢੀਂਡਸਾ, ਸੁਖਦੇਵ ਸਿੰਘ ਢੀਂਡਸਾ, ਬਿਕਰਮ ਮਜੀਠੀਆ ਤੋਂ ਲੈ ਕੇ ਬਹੁਤ ਸਾਰੇ ਪੁਰਾਣੇ ਆਗੂ ਵੱਖ ਹੋ ਚੁੱਕੇ ਹਨ। ਸੁਖਬੀਰ ਬਾਦਲ ਦੀ ਅਗਵਾਈ ’ਤੇ ਵੀ ਸਵਾਲ ਉੱਠ ਰਹੇ ਹਨ। ਅਜਿਹੇ ਵਿੱਚ ਭਾਜਪਾ ਨਾਲ ਗਠਜੋੜ ਕਰਨ ਨਾਲ ਅਕਾਲੀ ਦਲ ਦੀ ਬਚੀ-ਖੁਚੀ ਪੰਥਕ ਵਿਰਾਸਤ ਤੇ ਭਰੋਸਾ ਵੀ ਖਤਮ ਹੋ ਜਾਵੇਗਾ। ਅਕਾਲੀ ਦਲ ਦਾ ਅਸਲੀ ਧੁਰਾ ਹਮੇਸ਼ਾ ਪੰਥਕ ਏਕਤਾ ਰਿਹਾ ਹੈ, ਸਿਰਫ਼ ਸੱਤਾ ਦੀ ਸਾਂਝ ਨਹੀਂ। ਜੇਕਰ ਪੰਥਕ ਮਸਲੇ ਹੱਲ ਨਹੀਂ ਹੁੰਦੇ ਤਾਂ ਗਠਜੋੜ ਸਿਰਫ਼ ਇੱਕ ਸੀਟਾਂ ਵੰਡ ਗਠਜੋੜ ਬਣ ਕੇ ਰਹਿ ਜਾਵੇਗਾ ਜਿਸ ਨੂੰ ਪੰਜਾਬ ਦੀ ਜਨਤਾ ਰੱਦ ਕਰ ਦੇਵੇਗੀ।

ਅਸਲ ਲੋੜ ਹੈ ਸਾਰੀਆਂ ਪੰਥਕ ਜਥੇਬੰਦੀਆਂ ਨੂੰ ਇਕ ਮੰਚ ’ਤੇ ਲਿਆਉਣ ਦੀ - ਭਾਵੇਂ ਉਹ ਸੁਖਬੀਰ ਬਾਦਲ ਹੋਣ, ਢੀਂਡਸਾ ਹੋਣ, ਸਿਮਰਨਜੀਤ ਮਾਨ ਹੋਣ ਜਾਂ ਅੰਮ੍ਰਿਤਪਾਲ ਸਿੰਘ ਵਰਗੇ ਨਵੇਂ ਚਿਹਰੇ। ਬਿਨਾਂ ਇਸ ਏਕਤਾ ਤੋਂ ਕੋਈ ਵੀ ਗਠਜੋੜ ਸਿਰਫ਼ ਸੱਤਾ ਦੀ ਭੁੱਖ ਦਾ ਪ੍ਰਤੀਕ ਬਣ ਕੇ ਰਹਿ ਜਾਵੇਗਾ। ਕੈਪਟਨ ਸਾਹਿਬ ਦਾ ਇਹ ਵੀ ਕਹਿਣਾ ਹੈ ਕਿ ਉਹ “ਪੰਜਾਬ ਦੇ ਕਰਜ਼ਦਾਰ ਹਨ” ਅਤੇ 2027 ਵਿੱਚ ਚੋਣ ਲੜਨ ਲਈ ਤੰਦਰੁਸਤ ਹਨ। ਇਹ ਉਨ੍ਹਾਂ ਦਾ ਨਿੱਜੀ ਅਹਿਸਾਸ ਹੋ ਸਕਦਾ ਹੈ, ਪਰ ਪੰਜਾਬ ਦੀ ਜਨਤਾ ਦਾ ਭਰੋਸਾ ਜਿੱਤਣ ਲਈ ਸਿਰਫ਼ ਬਿਆਨ ਕਾਫ਼ੀ ਨਹੀਂ, ਉਹਨਾਂ ਨੂੰ ਪੰਥਕ ਏਕਤਾ ਲਈ ਸਰਗਰਮ ਹੋਣਾ ਪਵੇਗਾ। ਬੰਦੀ ਸਿਖਾਂ ਤੇ ਪੰਜਾਬ ਦੇ ਮਸਲੇ ਮੋਦੀ ਸਰਕਾਰ ਤੋਂ ਹਲ ਕਰਾਉਣੇ ਪੈਣਗੇ। ਪੰਜਾਬ ਨੂੰ ਅੱਜ ਸਿਆਸੀ ਗਠਜੋੜਾਂ ਤੋਂ ਵੱਡੀ ਲੋੜ ਪੰਥਕ ਏਕਤਾ ਅਤੇ ਨਿਆਂ ਦੀ ਹੈ।

# ਕੈਨੇਡੀਅਨ ਅਧਿਕਾਰੀ ਵੱਲੋਂ ਭਾਰਤੀ ਸਰਕਾਰ ਖ਼ਿਲਾਫ਼ 9 ਮਿਲੀਅਨ ਡਾਲਰ ਦਾ ਮੁਕੱਦਮਾ



ਕੈਨੇਡਾ ਦੇ ਕਰੈਕਸ਼ਨਜ਼ ਅਫ਼ਸਰ ਸੰਦੀਪ “ਸੰਨੀ” ਸਿੱਧੂ ਨੇ ਭਾਰਤੀ ਸਰਕਾਰ ਵਿਰੁੱਧ 9 ਮਿਲੀਅਨ ਡਾਲਰ ਦਾ ਹਰਜਾਨਾ ਮੰਗਦਿਆਂ ਮੁਕੱਦਮਾ ਦਾਖ਼ਲ ਕੀਤਾ ਹੈ। ਸਿੱਧੂ ਦਾ ਦਾਅਵਾ ਹੈ ਕਿ ਉਸਦਾ ਸਿੱਖ ਸਰਨੇਮ ਹੋਣ ਕਰਕੇ ਉਸਨੂੰ ਨਿਸ਼ਾਨਾ ਬਣਾਇਆ ਗਿਆ ਅਤੇ ਭਾਰਤੀ ਏਜੰਸੀਆਂ ਨੇ ਉਸਨੂੰ ਗਲਤ ਤਰੀਕੇ ਨਾਲ ਅੱਤਵਾਦੀ ਗਤੀਵਿਧੀਆਂ ਨਾਲ ਜੋੜਿਆ। ਉਸਦੇ ਅਨੁਸਾਰ ਇਨ੍ਹਾਂ ਦੋਸ਼ਾਂ ਕਾਰਨ ਉਸਦੀ ਨੌਕਰੀ ਅਤੇ ਸੁਰੱਖਿਆ ਨੂੰ ਨੁਕਸਾਨ ਪਹੁੰਚਿਆ ਹੈ।

## NEWS & VIEWS

# UNCONTROLLED IMMIGRATION, RELIGIOUS IDEOLOGIES AND INTEGRATION



Gurmukh Singh OBE

President Donald Trump has issued an executive order *targeting branches of the Muslim Brotherhood.* This is an attempt by the most powerful head of the Western world *to confront the Islamist networks that have* [allegedly] *embedded themselves across the free world.* The allegation is that they exploit democratic systems and *have become powerful voting blocs. They have reshaped the civic and cultural life of entire cities.* That Muslim Brotherhood is active in public sectors. The alleged ultimate aim of Muslim Brotherhood is to continue with the Islamist aims and objectives worldwide, to establish a new Islamist caliphate, including the imposition of sharia law.

Regarding unchecked mass immigration to Europe and other Western countries, there is general concern about *a class of under-employed immigrants who feel little or no connection with their host societies.* That creates law and order disturbances which are on the increase. Minorities like the Sikhs do not feel safe. The question of Sikh hate crimes is an important issue taken up by Sikh jathebandis. However, the suggestion is that it should not mirror the Islamophobia related definition and demands.

From direct or mistaken-identity attacks on the Sikhs, the ideology and perceived activism of Muslim Brotherhood in the West and the extreme right reaction in Western countries is also causing concern amongst minority communities, including the Sikhs.

The view is that a clear pattern of Muslim Brotherhood activism exploiting Western democracies is emerging. That the executive order by President Trump is an attempt to identify and sanction *the organizations that fuel radicalization from the Middle East to Western capitals.*

So far, the political approach in Western world has been that of multi-culturalism so that all cultures are treated as equal even if they have different views about, or even *openly reject democracy, pluralism and individual rights.* No *hard questions* have been asked. They are being asked now and that also demands a Sikh response.

*The Sikh Manifesto* (link below*) was drafted by a team bringing together diverse skills and experience. the introductory paragraphs clarify that: *Sikhs are a role model community and provide an exceptionally interesting example of successful integration whilst maintaining a very visible and distinctive religious identity. Evidently, Sikhs have historically made a huge contribution to British Society and remain loyal to Britain* [due to shared universal human rights and values].

In the current climate, Sikh jathebandis and next generation educated Sikhs should keep stressing the above points in public debates. It is for Muslims to defend own ideology and activism. It is for Sikhs to stress Sikh values and successful integration in Western societies as net contributors to the economies of the countries they live in. Sometimes, it is most refreshing to see young Sikhs talking to those who demonstrate against mass illegal migration by boats. There is much just concern about unchecked immigration amongst all communities. They share British values and way of life while keeping own cultural identities which enrich the plural British Society. Sikh Religious ideology is: Work hard and Share in God Remembrance while treating all as equal. For some centuries, Sikhs have migrated across the Indian subcontinent and globally. Despite distinct Sikh identity, they have related well to the local way of life, integrated with local communities and gained respect. Yet, they have always challenged authoritarian regimes which create unjust societies. In UK, from 2010, most Sikh jathebandis sat around one table as the Sikh Council for some years. That is the need today.

*Sikh Manifesto: http://www.thesikhnetwork.com/wp-content/uploads/2016/07/SIKH-MANIFESTO-FINAL.pdf

Gurmukh Singh OBE, Ret'd Principal Civil Servant (UK) sewauk2005@yahoo.co.uk

# ਏਸੀਪੀ ਤੇ ਐਸਐਚ ਓ ਧਮਕਾ ਰਹੇ, ਸਾਡੀ ਜਾਨ ਨੂੰ ਖ਼ਤਰਾ!

## ✪ ਜਲੰਧਰ ਵਿਚ ਬਲਾਤਕਾਰ ਤੇ ਹੱਤਿਆ ਮਗਰੋਂ ਕਤਲ ਕੀਤੀ ਕੁੜੀ ਦੀ ਮਾਂ ਨੇ ਲਾਏ ਦੋਸ਼



ਜਲੰਧਰ-ਜਲੰਧਰ ਵਿਚ 13 ਸਾਲਾ ਕੁੜੀ ਦੇ ਕਤਲ ਮਾਮਲੇ ਵਿਚ ਨਵਾਂ ਮੋੜ ਆ ਗਿਆ ਹੈ। ਲੜਕੀ ਦੀ ਮਾਂ ਨੇ ਏ. ਸੀ. ਪੀ. ਗਗਨਦੀਪ ਸਿੰਘ ਅਤੇ ਰਾਮਾ ਮੰਡੀ ਥਾਣੇ ਦੇ ਐੱਸ. ਐੱਚ. ਓ. ਮਨਜਿੰਦਰ ਸਿੰਘ 'ਤੇ ਧਮਕੀਆਂ ਦੇਣ ਦੇ ਦੋਸ਼ ਲਗਾਏ ਹਨ। ਸ਼ਿਕਾਇਤ ਵਿੱਚ ਕੁੜੀ ਦੀ ਮਾਂ ਨੇ ਦੱਸਿਆ ਕਿ ਡੀ. ਐੱਸ. ਪੀ. ਗਗਨਦੀਪ ਸਿੰਘ (ਏਸੀਪੀ) ਅਤੇ ਐੱਸ. ਐੱਚ. ਓ. ਮਨਜਿੰਦਰ ਸਿੰਘ, ਜੋਕਿ ਰਾਮਾ ਮੰਡੀ ਥਾਣੇ ਦਾ ਐੱਸ. ਐੱਚ. ਓ. ਹੋਣ ਦਾ ਦਾਅਵਾ ਕਰਦੇ ਹਨ, ਨੇ ਵੀ ਪੀੜਤ ਪਰਿਵਾਰ ਨੂੰ ਧਮਕੀ ਦਿੱਤੀ। ਧਮਕੀ ਦਿੰਦੇ ਕਿਹਾ ਕਿ ਜੇਕਰ ਉਨ੍ਹਾਂ ਨੇ ਏ. ਐੱਸ. ਆਈ. ਮੰਗਤ ਰਾਮ ਅਤੇ ਪੁਲਸ ਟੀਮ ਵਿਰੁੱਧ ਕਾਰਵਾਈ ਕਰਵਾਉਣ ਦੀ ਕੋਸ਼ਿਸ਼ ਕੀਤੀ ਤਾਂ ਉਨ੍ਹਾਂ ਦੇ ਪਰਿਵਾਰ ਦੇ ਸਰਕਾਰੀ ਮੁਲਾਜ਼ਮ ਨੂੰ ਖ਼ਤਰਾ ਪੈਦਾ ਕਰ ਦੇਣਗੇ।

ਕੁੜੀ ਦੀ ਮਾਂ ਨੇ ਏ. ਸੀ. ਪੀ. ਅਤੇ ਐੱਸ. ਐੱਚ. ਓ. ਵਿਰੁੱਧ ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਕੋਲ ਸ਼ਿਕਾਇਤ ਦਰਜ ਕਰਵਾਈ ਹੈ। ਇਸ ਤੋਂ ਇਲਾਵਾ ਉਸ ਨੇ ਸ਼ਿਕਾਇਤ ਦੀ ਇਕ ਕਾਪੀ ਰਾਜਪਾਲ ਅਤੇ ਪੁਲਸ ਡਾਇਰੈਕਟਰ ਜਨਰਲ (ਡੀਜੀਪੀ) ਨੂੰ ਵੀ ਭੇਜੀ ਹੈ। ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਸ਼ਿਕਾਇਤ ਮਿਲਣ ਦੀ ਪੁਸ਼ਟੀ ਕੀਤੀ ਅਤੇ ਕਿਹਾ ਕਿ ਜਾਂਚ ਏ. ਡੀ. ਸੀ. ਪੀ. ਸਿਟੀ-2 ਹਰਿੰਦਰ ਸਿੰਘ ਗਿੱਲ ਨੂੰ ਸੌਂਪ ਦਿੱਤੀ ਗਈ ਹੈ।

ਕੁੜੀ ਦੀ ਮਾਂ ਵੱਲੋਂ ਲਗਾਏ ਗਏ ਦੋਸ਼ਾਂ ਬਾਰੇ ਏ. ਸੀ. ਪੀ. ਗਗਨਦੀਪ ਸਿੰਘਐੱਸ. ਐੱਚ. ਓ. ਮਨਜਿੰਦਰ ਸਿੰਘ ਨੇ ਕਿਹਾ, "ਸਾਨੂੰ ਕੁੜੀ ਦੇ ਪਰਿਵਾਰ ਨਾਲ ਪੂਰੀ ਹਮਦਰਦੀ ਹੈ। ਅਸੀਂ ਕੋਈ ਧਮਕੀ ਨਹੀਂ ਦਿੱਤੀ।" ਨੇ ਕਿਹਾ ਕਿ ਕੋਈ ਧਮਕੀ ਨਹੀਂ ਦਿੱਤੀ ਗਈ। ਅਸੀਂ ਸਿਰਫ਼ ਐੱਫ਼. ਆਈ. ਆਰ. ਦਰਜ ਕਰਨ ਦੀ ਪ੍ਰਕਿਰਿਆ ਬਾਰੇ ਦੱਸਿਆ ਸੀ।

### ਏ. ਐੱਸ.ਆਈ. ਮੰਗਤ ਰਾਮ ਨੌਕਰੀ ਤੋਂ ਡਿਸਮਿਸ ਤੇ ਦੋ ਪੀ.ਸੀ.ਆਰ. ਮੁਲਾਜ਼ਮ ਮੁਅੱਤਲ

ਪੁਲਸ ਕਮਿਸ਼ਨਰ ਧਨਪ੍ਰੀਤ ਕੌਰ ਨੇ ਦੱਸਿਆ ਕਿ ਮਾਮਲੇ ਵਿੱਚ ਲਾਪਰਵਾਹੀ ਵਰਤਣ ਵਾਲੇ ਮੁਅੱਤਲ ਏ. ਐੱਸ. ਆਈ. ਮੰਗਤ ਰਾਮ ਨੂੰ ਨੌਕਰੀ ਤੋਂ ਡਿਸਮਿਸ ਕਰ ਦਿੱਤਾ ਗਿਆ ਹੈ। ਏ. ਐੱਸ. ਆਈ. ਦੇ ਨਾਲ ਦੋ ਪੀ. ਸੀ. ਆਰ. ਏ. ਐੱਸ. ਆਈ ਲਖਬੀਰ ਸਿੰਘ ਅਤੇ ਹਰਦੀਪ ਸਿੰਘ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ ਅਤੇ ਵਿਭਾਗੀ ਜਾਂਚ ਦੇ ਹੁਕਮ ਦਿੱਤੇ ਗਏ ਹਨ। ਸੀ. ਪੀ. ਨੇ ਦੱਸਿਆ ਕਿ ਦੋਸ਼ੀ ਨੇ ਕਤਲ ਕੀਤਾ ਸੀ ਅਤੇ ਲਾਸ਼ ਨੂੰ ਬਾਥਰੂਮ ਵਿੱਚ ਲੁਕਾ ਦਿੱਤਾ ਸੀ ਪਰ ਏ. ਐੱਸ. ਆਈ. ਨੇ ਬਾਥਰੂਮ ਦਾ ਮੁਆਇਨਾ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਏ. ਐੱਸ. ਆਈ. ਮੰਗਤ ਰਾਮ ਦੀ ਪੂਰੀ ਘਟਨਾ ਵਿੱਚ ਸ਼ਮੂਲੀਅਤ 'ਤੇ ਡੂੰਘਾਈ ਨਾਲ ਸਵਾਲ ਉਠਾਏ ਜਾ ਰਹੇ ਹਨ।

ਜ਼ਿਕਰਯੋਗ ਹੈ ਕਿ ਸ਼ਨੀਵਾਰ ਨੂੰ ਜਲੰਧਰ ਵਿਖੇ ਕੁੜੀ ਦਾ ਜਬਰ-ਜ਼ਿਨਾਹ ਕਰਨ ਮਗਰੋਂ ਉਸ ਦਾ ਕਤਲ ਕੀਤਾ ਗਿਆ ਸੀ। ਕੁੜੀ ਦੀ ਲਾਸ਼ ਬੱਸ ਡਰਾਈਵਰ ਦੇ ਘਰ ਦੇ ਬਾਥਰੂਮ ਵਿੱਚੋਂ ਮਿਲੀ ਸੀ। ਮੁਲਜ਼ਮ ਖ਼ਿਲਾਫ਼ ਬਸਤੀ ਬਾਵਾ ਖੇਲ ਥਾਣੇ ਵਿੱਚ ਕਤਲ ਅਤੇ ਜਬਰ-ਜ਼ਿਨਾਹ ਦਾ ਮਾਮਲਾ ਦਰਜ ਕੀਤਾ ਗਿਆ ਸੀ।

## 13 ਸਾਲਾ ਬੱਚੀ ਨਾਲ ਬਲਾਤਕਾਰ ਦੇ ਦੋਸ਼ੀ ਨੂੰ ਸਖਤ ਸਜ਼ਾ ਹੋਵੇਗੀ-ਭਗਵੰਤ ਮਾਨ



ਜਲੰਧਰ-13 ਸਾਲਾ ਬੱਚੀ ਨਾਲ ਜਬਰ ਜਨਾਹ ਅਤੇ ਹੱਤਿਆ ਦੇ ਮੁਲਜ਼ਮ ਨੂੰ ਅਦਾਲਤ ਤੋਂ ਜਲਦ ਫਾਂਸੀ ਦੀ ਸਜ਼ਾ ਦਿਵਾਉਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਇਹ ਗੱਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਹੀ। ਉਨ੍ਹਾਂ ਕਿਹਾ ਕਿ ਮੁਲਜ਼ਮ ਨੂੰ ਸਜ਼ਾ ਦੇਣਾ ਅਦਾਲਤ ਦਾ ਕੰਮ ਹੈ, ਪਰ ਸਰਕਾਰ ਦਾ ਪੂਰਾ ਯਤਨ ਰਹੇਗਾ ਕਿ ਇਸ ਮਾਮਲੇ ਨੂੰ ਫਾਸਟ ਟ੍ਰੈਕ ਕੋਰਟ ਵਿਚ ਚਲਾ ਕੇ ਫਾਂਸੀ ਦੀ ਸਜ਼ਾ ਦਿਵਾਈ ਜਾਵੇ।

## ਜਲੰਧਰ ਵਿਚ ਕਤਲ ਕੀਤੀ ਕੁੜੀ ਦੇ ਘਰ ਪਹੁੰਚਕੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਪ੍ਰਗਟਾਈ ਹਮਦਰਦੀ

ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਬੀਤੇ ਦਿਨੀਂ ਜਲੰਧਰ ਵਿਚ ਕਤਲ ਕੀਤੀ ਗਈ 13 ਸਾਲਾ ਬੱਚੀ ਦੇ ਪਰਿਵਾਰ ਨਾਲ ਮੁਲਾਕਾਤ ਕਰਕੇ ਦੁੱਖ ਸਾਂਝਾ ਕੀਤਾ। ਜਥੇਦਾਰ ਗੜਗੱਜ ਨੇ ਪਰਿਵਾਰ ਪਾਸੋਂ ਸਮੁੱਚੀ ਘਟਨਾ ਦੀ ਜਾਣਕਾਰੀ ਪ੍ਰਾਪਤ ਕੀਤੀ ਅਤੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਅਕਾਲ ਤਖ਼ਤ ਸਾਹਿਬ ਤੇ ਸਮੁੱਚੀ ਸਿੱਖ ਕੌਮ ਇਸ ਔਖੀ ਘੜੀ ਵਿਚ ਉਨ੍ਹਾਂ ਦੇ ਨਾਲ ਖੜ੍ਹੇ ਹਨ।





ਰਜਿੰਦਰ ਸਿੰਘ ਪੁਰੇਵਾਲ

## ਸੰਪਾਦਕੀ

# ਧਰਮ ਦੀ ਆੜ ਵਿੱਚ ਠੱਗੀ : ਪਤੰਜਲੀ ਘਿਓ ਕਾਂਡ ਅਤੇ ਬਾਬਾ ਰਾਮਦੇਵ ਦਾ ਅਸਲੀ ਚਿਹਰਾ

ਜਦੋਂ ਵੀ ਕੋਈ ਸਾਧ ਭਗਵਾਂ ਕੱਪੜੇ ਪਾਕੇ, ਸੰਸਕ੍ਰਿਤ ਦੇ ਸ਼ਬਦ ਉਛਾਲਦਾ ਹੋਇਆ ਆ ਕੇ ਆਖੇ "ਭਾਰਤ ਮਾਤਾ ਕੀ ਜੈ! ਸਵਦੇਸ਼ੀ ਅਪਨਾਓ! ਆਯੁਰਵੇਦ ਅਪਨਾਓ!" ਤਾਂ ਸਾਡੇ ਵਰਗੇ ਸਾਧਾਰਨ ਲੋਕਾਂ ਦਾ ਦਿਲ ਖੁਸ਼ ਹੋ ਜਾਂਦਾ ਹੈ। ਲੱਗਦਾ ਹੈ ਕੋਈ ਸੱਚਾ ਸਾਧ ਆ ਆਇਆ ਹੈ ਜਿਹੜਾ ਬਹੁਕੌਮੀ ਕੰਪਨੀਆਂ ਦੇ ਖ਼ਿਲਾਫ਼ ਲੜ ਰਿਹਾ ਹੈ। ਪਰ ਜਦੋਂ ਉਹੀ "ਸਾਧ" ਆਪਣੇ ਗਊ ਘਿਓ ਵਿੱਚ ਵਨਸਪਤੀ ਘਿਓ ਮਿਲਾ ਕੇ, ਤੇਲ ਦੀ ਮਿਲਾਵਟ ਕਰ ਕੇ, ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰੇ ਤਾਂ ਸਮਝ ਆਉਂਦੀ ਹੈ ਕਿ ਇਹ ਸਾਧ ਨਹੀਂ, ਸਗੋਂ ਸਭ ਤੋਂ ਵੱਡਾ ਵਪਾਰੀ ਹੈ - ਨਾਮ ਬਾਬਾ ਰਾਮਦੇਵ। ਹੁਣੇ ਹੁਣੇ ਉੱਤਰਾਖੰਡ ਦੇ ਫੂਡ ਸੇਫਟੀ ਵਿਭਾਗ ਨੇ ਪਤੰਜਲੀ ਆਯੁਰਵੇਦ ਲਿਮਟਿਡ, ਇਸ ਦੇ ਡਿਸਟ੍ਰੀਬਿਊਟਰ ਤੇ ਰਿਟੇਲਰ ਤੇ ਕੁੱਲ 1.4 ਲੱਖ ਰੁਪਏ ਜੁਰਮਾਨਾ ਠੋਕ ਦਿੱਤਾ ਹੈ। ਕਾਰਨ? ਪਤੰਜਲੀ ਦਾ "ਸ਼ੁੱਧ ਦੇਸੀ ਗਊ ਘਿਓ" ਲਗਾਤਾਰ ਲੈਬ ਟੈਸਟਾਂ ਵਿੱਚ ਫੇਲ੍ਹ ਹੋ ਰਿਹਾ ਹੈ। ਰੁਦਰਪੁਰ ਦੀ ਰਾਜ ਲੈਬ ਹੋਵੇ ਜਾਂ ਗਾਜ਼ੀਆਬਾਦ ਦੀ ਨੈਸ਼ਨਲ ਫੂਡ ਲੈਬੋਰੇਟਰੀ - ਦੋਵੇਂ ਥਾਵਾਂ ਤੇ ਇਹ ਨਤੀਜਾ ਆਇਆ ਕਿ ਇਹ ਘਿਓ ਮਾਪਦੰਡਾਂ ਤੇ ਖਰਾ ਨਹੀਂ ਉਤਰਦਾ, ਮਿਲਾਵਟ ਹੈ ਤੇ ਸਿਹਤ ਲਈ ਖ਼ਤਰਨਾਕ ਹੈ। ਪਤੰਜਲੀ ਨੇ ਆਪਣੀ ਆਦਤ ਅਨੁਸਾਰ ਪਹਿਲਾਂ ਤਾਂ ਲੈਬਾਂ ਨੂੰ ਗਾਲ੍ਹਾਂ ਕੱਢੀਆਂ, ਫਿਰ ਮੁੜ ਟੈਸਟ ਕਰਵਾਇਆ - ਪਰ ਨਤੀਜਾ ਉਹੀ ਨਿਕਲਿਆ। ਅਖ਼ੀਰ ਫਰਵਰੀ 2022 ਵਿੱਚ ਪਿਥੌਰਾਗੜ੍ਹ ਦੇ ਐਡਜੂਡੀਕੇਟਿੰਗ ਅਫ਼ਸਰ ਨੇ ਜੁਰਮਾਨਾ ਲਾ ਦਿੱਤਾ। ਹੁਣ ਸਵਾਲ ਇਹ ਹੈ ਕਿ ਜਿਹੜਾ ਬੰਦਾ ਸਵੇਰੇ ਟੀਵੀ ਤੇ ਚੀਕਦਾ ਹੈ ਕਿ "ਬਹੁਕੌਮੀ ਕੰਪਨੀਆਂ ਜ਼ਹਿਰ ਵੇਚ ਰਹੀਆਂ ਨੇ, ਪਤੰਜਲੀ ਆਯੁਰਵੇਦ ਦਾ ਘਿਓ ਸਭ ਤੋਂ ਸ਼ੁੱਧ ਹੈ, ਗਊ ਮਾਤਾ ਦਾ ਆਸ਼ੀਰਵਾਦ ਹੈ", ਉਹ ਆਪ ਉਸੇ ਘਿਓ ਵਿੱਚ ਪਾਮ ਆਇਲ ਤੇ ਵਨਸਪਤੀ ਘਿਓ ਕਿਉਂ ਮਿਲਾ ਰਿਹਾ ਹੈ? ਇਹ ਤਾਂ ਸਿੱਧੀ-ਸਿੱਧੀ ਠੱਗੀ ਹੈ, ਧੋਖਾ ਹੈ, ਤੇ ਉਹ ਵੀ ਧਰਮ ਤੇ ਸਵਦੇਸ਼ੀ ਦੇ ਨਾਮ ਤੇ।

ਬਾਬਾ ਰਾਮਦੇਵ ਨੇ ਆਪਣੇ ਯੋਗਾ ਦੇ ਨਾਮ ਤੇ, ਗਊ ਮਾਤਾ ਦੇ ਨਾਮ ਤੇ, ਸਵਦੇਸ਼ੀ ਨਾਰੇ ਲਾਕੇ ਲੋਕਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕੀਤਾ। ਲੋਕਾਂ ਨੇ ਸੋਚਿਆ ਕਿ ਇਹ ਬਾਬਾ ਸਚਾ ਹੈ, ਇਸ ਤੋਂ ਲਈ ਸਾਨੂੰ ਸ਼ੁੱਧ ਚੀਜ਼ ਮਿਲੇਗੀ। ਪਰ ਅਸਲ ਵਿੱਚ ਇਹ ਸਭ ਕੁਝ ਇੱਕ ਵੱਡਾ ਮਾਰਕੀਟਿੰਗ ਸਟੰਟ ਸੀ। ਟੀਵੀ ਤੇ ਕਰੋੜਾਂ ਰੁਪਏ ਖਰਚ ਕੇ ਇਸ਼ਤਿਹਾਰ, ਭਗਵਾਂ ਰੰਗ ਦੇ ਕੱਪੜੇ, ਸੰਸਕ੍ਰਿਤ ਸ਼ਲੋਕ, ਤੇ ਲੋਕਾਂ ਦੀ ਭਾਵਨਾ ਨੂੰ ਭੁੰਜ ਕੇ ਪਤੰਜਲੀ ਨੇ 10-12 ਸਾਲਾਂ ਵਿੱਚ ਹਜ਼ਾਰਾਂ ਕਰੋੜ ਦਾ ਸਾਮਰਾਜ ਖੜ੍ਹਾ ਕਰ ਲਿਆ। ਪਰ ਜਦੋਂ ਲੈਬਾਂ ਨੇ ਉਸ ਦੀ ਹਕੀਕਤ ਖੋਲ੍ਹੀ ਤਾਂ ਸਾਹਮਣੇ ਆਇਆ ਕਿ ਗਊ ਘਿਓ ਵਿੱਚ ਗਊ ਦਾ ਨਾਂ ਤਾਂ ਹੈ ਪਰ ਘਿਓ ਨਹੀਂ, ਆਟੇ ਵਿੱਚ ਮਿਲਾਵਟ, ਮਧ ਵਿੱਚ ਚੀਨੀ ਦੀ ਸ਼ਰਬਤ, ਅਤੇ ਨੂਡਲਜ਼ ਵਿੱਚ ਐਸ਼ (ਰਾਖ) ਵੀ ਮਿਲੀ ਸੀ।

ਇਹ ਪਹਿਲੀ ਵਾਰ ਨਹੀਂ ਹੋਇਆ। ਪਤੰਜਲੀ ਦੇ ਬਹੁਤ ਸਾਰੇ ਉਤਪਾਦ - ਆਟਾ, ਬਿਸਕੁਟ, ਸ਼ਹਿਦ, ਘਿਓ, ਦੁੱਧ ਪਾਊਡਰ - ਲਗਾਤਾਰ ਵੱਖ-ਵੱਖ ਰਾਜਾਂ ਵਿੱਚ ਫੇਲ੍ਹ ਹੋ ਚੁੱਕੇ ਨੇ। ਹਰਿਆਣਾ, ਰਾਜਸਥਾਨ, ਉੱਤਰ ਪ੍ਰਦੇਸ਼, ਉੱਤਰਾਖੰਡ - ਹਰ ਥਾਂ ਜੁਰਮਾਨੇ ਹੋਏ, ਕੇਸ ਚੱਲੇ। ਪਰ ਬਾਬਾ ਰਾਮਦੇਵ ਦੀ ਹਿੰਮਤ ਵੇਖੋ - ਉਹ ਟੀਵੀ ਤੇ ਆ ਕੇ ਸਰਕਾਰਾਂ ਨੂੰ, ਲੈਬਾਂ ਨੂੰ, ਮੀਡੀਆ ਨੂੰ ਗਾਲ੍ਹਾਂ ਕੱਢਦਾ ਹੈ, ਧਮਕੀਆਂ ਦਿੰਦਾ ਹੈ, ਕੇਸ ਕਰਦਾ ਹੈ। ਇੱਕ ਵਾਰ ਤਾਂ ਉਸ ਨੇ ਆਈ.ਏ.ਏ.ਏ. (ਇੰਡੀਅਨ ਮੈਡੀਕਲ ਐਸੋਸੀਏਸ਼ਨ) ਨੂੰ ਵੀ ਧਮਕੀ ਦਿੱਤੀ ਸੀ। ਯਾਨੀ ਜਿਸ ਦਿਨ ਉਸ ਦੀ ਮਿਲਾਵਟ ਫੜੀ ਜਾਂਦੀ ਹੈ, ਉਹ ਸ਼ਿਕਾਰ ਬਣ ਜਾਂਦਾ ਹੈ ਤੇ ਬਾਕੀ ਸਾਰੇ "ਦੇਸ਼ ਵਿਰੋਧੀ" ਹੋ ਜਾਂਦੇ ਨੇ। ਅਸਲ ਵਿੱਚ ਰਾਮਦੇਵ ਵਰਗੇ ਲੋਕਾਂ ਨੇ ਧਰਮ ਨੂੰ ਸਿਰਫ਼ ਇੱਕ ਬ੍ਰਾਂਡ ਬਣਾ ਦਿੱਤਾ ਹੈ। ਸਮਾਂ ਆ ਗਿਆ ਹੈ ਕਿ ਅਸੀਂ ਆਪਣੀ ਅਕਲ ਨੂੰ ਖੋਲ੍ਹੀਏ। ਧਰਮ ਵੱਖਰੀ ਚੀਜ਼ ਹੈ, ਵਪਾਰ ਵੱਖਰਾ। ਜਿਹੜਾ ਬੰਦਾ ਧਰਮ ਦੀ ਆੜ ਵਿੱਚ ਵਪਾਰ ਕਰ ਰਿਹਾ ਹੈ, ਉਹ ਸਾਧ ਨਹੀਂ, ਵਪਾਰੀ ਹੈ - ਤੇ ਸਭ ਤੋਂ ਚਲਾਕ ਵਪਾਰੀ। ਪਤੰਜਲੀ ਦਾ ਘਿਓ ਕਾਂਡ ਸਾਨੂੰ ਚਿਤਾਵਨੀ ਹੈ ਕਿ ਇਸ ਦੀਆਂ ਚੀਜਾਂ ਨਾ ਵਰਤੀਏ। ਜਦੋਂ ਤੱਕ ਅਸੀਂ ਭਾਵੁਕ ਬਣ ਕੇ ਧਰਮ ਦੇ ਨਾਮ ਤੇ ਠੱਗੇ ਜਾਂਦੇ ਰਹਾਂਗੇ, ਤਦ ਤੱਕ ਰਾਮਦੇਵ ਵਰਗੇ "ਬਾਬੇ" ਲੱਖਾਂ-ਕਰੋੜਾਂ ਕਮਾਉਂਦੇ ਰਹਿਣਗੇ ਤੇ ਸਾਡੀ ਸਿਹਤ ਤੇ ਜੇਬ ਦੋਵੇਂ ਖ਼ਾਲੀ ਹੁੰਦੀਆਂ ਰਹਿਣਗੀਆਂ।

-ਰਜਿੰਦਰ ਸਿੰਘ ਪੁਰੇਵਾਲ

# ਸਰਕਾਰ ਤੇ ਸ਼੍ਰੋਮਣੀ ਕਮੇਟੀ ਵਿਚਾਲੇ ਤਕਰਾਰ ਦੌਰਾਨ ਸ਼ਹੀਦੀ ਸ਼ਤਾਬਦੀ ਸਮਾਗਮਾਂ ਦੀ ਹੋਈ ਸਮਾਪਤੀ

## ✪ ਜਥੇਦਾਰ ਗੜਗੱਜ ਨੇ ਕਿਹਾ-ਪੰਥਕ ਸਮਾਗਮ ਕਰਨਾ ਪੰਥ ਦਾ ਕੰਮ, ਸਰਕਾਰ ਦਾ ਨਹੀਂ





ਸ੍ਰੀ ਅਨੰਦਪੁਰ ਸਾਹਿਬ-ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਉਨ੍ਹਾਂ ਮੱਤਭੇਦਾਂ ਤੇ ਤਣਾਅ ਦੇ ਮਾਹੌਲ ਵਿਚ ਸਮਾਪਤ ਹੋਈ, ਜੋ ਸ਼ੁਰੂ ਤੋਂ ਹੀ ਪੰਜਾਬ ਸਰਕਾਰ ਤੇ ਸ਼੍ਰੋਮਣੀ ਕਮੇਟੀ ਵਿਚਕਾਰ ਚੱਲ ਰਹੇ ਸਨ। ਧਾਰਮਿਕ ਸਮਾਗਮਾਂ ਵਿਚ ਸਰਕਾਰੀ ਦਖ਼ਲ ਅੰਦਾਜ਼ੀ ’ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਸਖ਼ਤ ਵਿਰੋਧ ਜਤਾਇਆ ਗਿਆ ਸੀ। ਦੋਵੇਂ ਆਗੂਆਂ ਨੇ ਕਿਹਾ ਸੀ ਕਿ ਧਾਰਮਿਕ ਸਮਾਗਮ ਕਰਨਾ ਪੰਥ ਦਾ ਕੰਮ ਹੈ, ਸਰਕਾਰ ਦਾ ਨਹੀਂ।

ਇਸ ਮਾਮਲੇ ’ਤੇ ਸ਼੍ਰੋਮਣੀ ਕਮੇਟੀ ਦੀ ਐਗਜ਼ੈਕਟਿਵ ਕਮੇਟੀ ਦੇ ਮੈਂਬਰ ਦਲਜੀਤ ਸਿੰਘ ਭਿੰਡਰ ਨੇ ਤਿੱਖਾ ਰਵੱਈਆ ਅਖ਼ਤਿਆਰ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਨੇ ਸ਼ਹੀਦੀ ਸ਼ਤਾਬਦੀ ਨੂੰ ਆਪਣੀ ਪਬਲਿਸਿਟੀ ਦਾ ਮੰਚ ਬਣਾਉਣ ਦੀ ਨਾਕਾਮ ਕੋਸ਼ਿਸ਼ ਕੀਤੀ ਹੈ। ਧਰਮ ’ਚ ਦਖ਼ਲ ਅੰਦਾਜ਼ੀ ਕਰ ਕੇ ਸਰਕਾਰ ਨੇ ਉਹ ਕੰਮ ਕੀਤਾ ਹੈ। ਜਿਸ ਨੂੰ ਸਿੱਖ ਪੰਥ ਕਦੇ ਬਰਦਾਸ਼ਤ ਨਹੀਂ ਕਰਦਾ। ਉਨ੍ਹਾਂ ਆਪਣਾ ਫ਼ੈਸਲਾ ਸਪੱਸ਼ਟ ਕਰ ਦਿੱਤਾ ਕਿ ਸਿੱਖ ਕੌਮ ਨੂੰ ਉਨ੍ਹਾਂ ਦੇ ਧਰਮ ’ਚ ਦਖ਼ਲ ਅੰਦਾਜ਼ੀ ਉਨ੍ਹਾਂ ਨੂੰ ਮਨਜ਼ੂਰ ਨਹੀਂ। ਜਥੇਦਾਰ ਭਿੰਡਰ ਨੇ ਕਿਹਾ ਕਿ ਸ਼ੁਰੂ ਤੋਂ ਹੀ ਤਖ਼ਤ ਸਾਹਿਬਾਨ ਵੱਲੋਂ ਇਹ ਕਿਹਾ ਗਿਆ ਸੀ ਕਿ ਸਰਕਾਰ ਆਨੰਦਪੁਰ ਸਾਹਿਬ ਆਉਣ ਵਾਲੇ ਮਾਰਗਾਂ ਦੀ ਬਦਹਾਲ ਹਾਲਤ ਸੁਧਾਰੇ, ਗਲੀਆਂ-ਨਾਲੀਆਂ ਨੂੰ ਠੀਕ ਕਰੇ, ਸ਼ਹਿਰ ’ਚ ਸਫਾਈ ਕਰਵਾਏ ਅਤੇ ਸਿਰਫ਼ ਪ੍ਰਬੰਧਕ ਭੂਮਿਕਾ ਨਿਭਾਏ ਪਰ ਸਰਕਾਰ ਵੱਲੋਂ ਆਪਣੀ ਜਿੱਦ ’ਤੇ ਰਹਿੰਦੇ ਧਾਰਮਿਕ ਨਗਰ ਕੀਰਤਨ ਤੇ ਹੋਰ ਪ੍ਰੋਗਰਾਮ ਖ਼ੁਦ ਕਰਵਾਉਣ ਦਾ ਫ਼ੈਸਲਾ ਲਿਆ ਗਿਆ। ਸ਼ਹਿਰ ’ਚ ਵੱਡੇ ਸਪੀਕਰ ਲਗਾ ਕੇ ਗੁਰਬਾਣੀ ਦੇ ਨਾਲ ਸਰਕਾਰੀ ਪ੍ਰਾਪਤੀਆਂ ਚਲਾਈਆਂ ਗਈਆਂ, ਜਿਸ ’ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਨੇ ਸਖ਼ਤ ਇਤਰਾਜ ਕਰ ਕੇ ਇਹ ਸਪੀਕਰ ਬੰਦ ਕਰਵਾਏ। ਉਨ੍ਹਾਂ ਕਿਹਾ ਸੰਗਤ ਸਰਕਾਰੀ ਟੈਂਟਾਂ ਤੋਂ ਦੂਰ ਰਹੀ ਤੇ ਸ਼੍ਰੋਮਣੀ ਕਮੇਟੀ ਦੇ ਪ੍ਰੋਗਰਾਮਾਂ ’ਚ ਸ਼ਮੂਲੀਅਤ ਕਰ ਕੇ ਪੰਥਕ ਪੱਖ ਨੂੰ ਮਜ਼ਬੂਤ ਕੀਤਾ। ਉਹਨਾਂ ਨੇ ਕਿਹਾ ਕਿ 23 ਤੋਂ 25 ਨਵੰਬਰ ਤੱਕ ਮੁੱਖ ਮੰਤਰੀ ਭਗਵੰਤ ਮਾਨ, ਅਰਵਿੰਦ ਕੇਜਰੀਵਾਲ ਤੇ ਕੈਬਨਿਟ ਦੀ ਹਾਜ਼ਰੀ ਦੌਰਾਨ ਪੁਲਿਸ ਵੱਲੋਂ ਬੇਲੋੜੀ ਸਖ਼ਤੀ ਕੀਤੀ ਗਈ। ਅਤੇ ਸ਼ਹਿਰ ਕਰਫਿਊ ਵਰਗੇ ਮਾਹੌਲ ਵਿਚ ਤਬਦੀਲ ਹੋ ਗਿਆ, ਜਿਸ ਕਾਰਨ ਲੋਕਾਂ ਦਾ ਗੁੱਸਾ ਵਧਿਆ। ਉਨ੍ਹਾਂ ਕਿਹਾ ਸਰਕਾਰੀ ਸਮਾਗਮਾਂ ਤੋਂ ਦੂਰ ਰਹਿ ਕੇ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰੋਗਰਾਮਾਂ ਵਿਚ ਵੱਧ ਚੜ੍ਹ ਕੇ ਹਿੱਸਾ ਲੈ ਕੇ ਸੰਗਤਾਂ ਨੇ ਦੱਸ ਦਿੱਤਾ ਕਿ ਧਾਰਮਿਕ ਸਮਾਗਮਾਂ ਵਿਚ ਸਰਕਾਰ ਦੀ ਦਖਲਅੰਦਾਜ਼ੀ ਮਨਜ਼ੂਰ ਨਹੀਂ।

## ਬਾਦਲ ਅਕਾਲੀ ਦਲ ਨੇ ਪਾਰਟੀ ਅਤੇ ਚੋਣਾਂ ਲਈ ਕੀਤੀਆਂ ਅਹਿਮ ਨਿਯੁਕਤੀਆਂ



ਅੰਮ੍ਰਿਤਸਰ-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਪਾਰਟੀ ਵਿੱਚ ਅਹਿਮ ਨਿਯੁਕਤੀਆਂ ਕੀਤੀਆਂ ਹਨ। ਪਾਰਟੀ ਦੀ ਕੋਰ ਕਮੇਟੀ ਵਿੱਚ ਸੀਨੀਅਰ ਪਾਰਟੀ ਆਗੂ ਸ. ਬਲਦੇਵ ਸਿੰਘ ਮਾਨ ਅਤੇ ਸ. ਵਰਿੰਦਰ ਸਿੰਘ ਬਾਜਵਾ ਨੂੰ ਪਾਰਟੀ ਦੀ ਕੋਰ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ ਹੈ। ਇਸ ਤੋਂ ਇਲਾਵਾ ਸੀਨੀਅਰ ਆਗੂ ਸ. ਗੁਰਮੀਤ ਸਿੰਘ ਦਾਦੂਵਾਲ ਨੂੰ ਸੀਨੀਅਰ ਮੀਤ ਪ੍ਰਧਾਨ ਅਤੇ ਸ. ਬਲਬੀਰ ਸਿੰਘ ਮਿਆਣੀ ਅਤੇ ਸ. ਸੋਹਣ ਸਿੰਘ ਠੰਡਲ ਨੂੰ ਪਾਰਟੀ ਦਾ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ ਹੈ। ਇਸੇ ਤਰ੍ਹਾਂ ਸ. ਹਰਿੰਦਰ ਸਿੰਘ ਢੀਂਡਸਾ ਨੂੰ ਜਲੰਧਰ ਉੱਤਰੀ ਵਿਧਾਨ ਸਭਾ ਹਲਕੇ ਲਈ ਹਲਕਾ ਇੰਚਾਰਜ ਅਤੇ ਸ. ਹਰਮੋਹਨ ਸਿੰਘ ਸੰਧੂ ਨੂੰ ਚਮਕੌਰ ਸਾਹਿਬ ਦਾ ਹਲਕਾ ਇੰਚਾਰਜ ਨਿਯੁਕਤ ਕੀਤਾ ਗਿਆ ਹੈ। ਸੀਨੀਅਰ ਆਗੂ ਸ. ਮਹਿੰਦਰ ਸਿੰਘ ਕੇਪੀ ਅਤੇ ਸ. ਕੁਲਵੰਤ ਸਿੰਘ ਮੰਨਣ ਕਰਤਾਰਪੁਰ ਵਿਧਾਨ ਸਭਾ ਹਲਕੇ ਲਈ ਅਬਜ਼ਰਵਰ ਹੋਣਗੇ। ਸ. ਗੁਰਮੀਤ ਸਿੰਘ ਦਾਦੂਵਾਲ ਅਤੇ ਸ. ਹਰਿੰਦਰ ਸਿੰਘ ਢੀਂਡਸਾ ਆਦਮਪੁਰ ਵਿਧਾਨ ਸਭਾ ਹਲਕੇ ਦੇ ਅਬਜ਼ਰਵਰ ਹੋਣਗੇ ਅਤੇ ਰਾਜ ਕਮਲ ਸਿੰਘ ਭੁੱਲਰ ਨਕੋਦਰ ਹਲਕੇ ਦੇ ਬਲਾਕ ਸੰਮਤੀ ਤੇ ਜਿਲ੍ਹਾ ਪ੍ਰੀਸ਼ਦ ਚੋਣਾਂ ਲਈ ਉਮੀਦਵਾਰਾਂ ਦੀ ਚੋਣ ਅਤੇ ਪ੍ਰਚਾਰ ਲਈ ਕੋਆਰਡੀਨੇਟਰ ਹੋਣਗੇ। ਇਸ ਤੋਂ ਇਲਾਵਾ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਨਾਲ ਹਲਕਿਆਂ ਦੇ ਪਾਰਟੀ ਆਗੂਆਂ ਅਤੇ ਵਰਕਰਾਂ ਨਾਲ ਵਿਸਥਾਰਤ ਵਿਚਾਰ-ਵਟਾਂਦਰੇ ਤੋਂ ਬਾਅਦ ਜ਼ਿਲ੍ਹਾ ਪ੍ਰੀਸ਼ਦ ਅਤੇ ਪੰਚਾਇਤ ਸੰਮਤੀ ਚੋਣਾਂ ਲਈ ਹੇਠਾਂ ਦਿੱਤੀ ਸੂਚੀ ਅਨੁਸਾਰ ਵੱਖ-ਵੱਖ ਵਿਧਾਨ ਸਭਾ ਹਲਕਿਆਂ ਵਿੱਚ ਹਲਕਾ ਪੱਧਰੀ ਕਮੇਟੀਆਂ ਦਾ ਗਠਨ ਕੀਤਾ ਗਿਆ ਹੈ। ਇਹ ਜਾਣਕਾਰੀ ਪਾਰਟੀ ਦੇ ਸੀਨੀਅਰ ਮੀਤ ਪ੍ਰਧਾਨ ਡਾ .ਦਲਜੀਤ ਸਿੰਘ ਚੀਮਾ ਜੀ ਨੇ ਸਾਂਝੀ ਕੀਤੀ।

## ਪੁਲਿਸ ਨੇ ਸਾਬਕਾ ਮੰਤਰੀ ਮਜੀਠੀਆ ਦੇ ਕਰੀਬੀ ਹਰਪ੍ਰੀਤ ਨੂੰ ਕੀਤਾ ਗ੍ਰਿਫ਼ਤਾਰ

ਐੱਸਏਐੱਸ ਨਗਰ-ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤੇ ਗਏ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ’ਤੇ ਸ਼ਿਕੰਜਾ ਲਗਾਤਾਰ ਤੰਗ ਹੁੰਦਾ ਜਾ ਰਿਹਾ ਹੈ। ਇਸ ਮਾਮਲੇ ਵਿਚ ਦੋ ਵੱਡੇ ਘਟਨਾਕ੍ਰਮ ਹੋਏ ਹਨ। ਇੱਕ ਪਾਸੇ ਮਜੀਠੀਆ ਦੇ ਕਰੀਬੀ ਸਾਥੀ ਹਰਪ੍ਰੀਤ ਗੁਲਾਟੀ ਨੂੰ ਵਿਜੀਲੈਂਸ ਨੇ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਉਸ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਹੈ, ਜਦੋਂਕਿ ਦੂਜੇ ਪਾਸੇ ਮਜੀਠੀਆ ਦੇ ਸਾਲੇ ਗੱਜਪਤ ਸਿੰਘ ਗਰੇਵਾਲ ਨੂੰ ਭਗੌੜਾ ਐਲਾਨ ਦੇਣ ਸਬੰਧੀ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਹਰਪ੍ਰੀਤ ’ਤੇ ਦੋਸ਼ ਹੈ ਕਿ ਉਸ ਨੇ ਵੱਖ-ਵੱਖ ਸ਼ਰਾਬ ਵਿਕਰੇਤਾ ਕੰਪਨੀਆਂ ਰਾਹੀਂ ਪੈਸੇ ਦਾ ਲੈਣ-ਦੇਣ ਕੀਤਾ ਅਤੇ ਇਸ ਰਾਹੀਂ ਮਜੀਠੀਆ ਨਾਲ ਮਿਲ ਕੇ ਸ਼ਿਮਲਾ ਤੇ ਦਿੱਲੀ ਸਮੇਤ ਕਈ ਸ਼ਹਿਰਾਂ ਵਿਚ ਗ਼ੈਰ-ਕਾਨੂੰਨੀ ਜਾਇਦਾਦਾਂ ਖ਼ਰੀਦੀਆਂ।

# ਕੈਨੇਡਾ ਵਿਖੇ ਸਾਬਕਾ ਓਲੰਪੀਅਨ ਦੇ ਡਰੱਗ ਧੰਦੇ ਦਾ ਖੁਲਾਸਾ; ਕਈ ਪੰਜਾਬੀਆਂ ਦੀ ਸ਼ਮੂਲੀਅਤ

## ✪ ਖੇਪਾਂ ਨੂੰ ਅਮਰੀਕਾ, ਕੈਨੇਡਾ ਤੱਕ ਅੱਗੇ ਲਿਜਾਣ ਲਈ ਟਰੱਕ ਡਰਾਈਵਰਾਂ ਦੀ ਕੀਤੀ ਵਰਤੋਂ



ਚੰਡੀਗੜ੍ਹ-ਸਾਬਕਾ ਓਲੰਪੀਅਨ ਰਿਆਨ ਵੈਡਿੰਗ ਵੱਲੋਂ ਚਲਾਏ ਜਾ ਰਹੇ ਇੱਕ ਵੱਡੇ ਅੰਤਰਰਾਸ਼ਟਰੀ ਡਰੱਗ ਤਸਕਰੀ ਨੈੱਟਵਰਕ ਵਿੱਚ ਕਈ ਇੰਡੋ-ਕੈਨੇਡੀਅਨ ਵਿਅਕਤੀਆਂ ਦੀ ਸ਼ਮੂਲੀਅਤ ਸਾਹਮਣੇ ਆਈ ਹੈ, ਜਿਸ ਵਿੱਚ ਟਰੱਕ ਡਰਾਈਵਰ ਅਤੇ ਹੋਰ ਸਾਥੀ ਸ਼ਾਮਲ ਹਨ। ਅਮਰੀਕੀ ਅਤੇ ਕੈਨੇਡੀਅਨ ਅਦਾਲਤੀ ਦਸਤਾਵੇਜ਼ਾਂ ਨੇ ਇਸ ਹਿੰਸਕ, ਅੰਤਰਰਾਸ਼ਟਰੀ ਅਪਰਾਧਿਕ ਗਠਜੋੜ ਦੇ ਅੰਦਰੂਨੀ ਕਾਰਜਾਂ ਦਾ ਪਰਦਾਫਾਸ਼ ਕੀਤਾ ਹੈ।

ਇਸ ਗਠਜੋੜ ਦਾ ਮੁਖੀ 44 ਸਾਲਾ ਵੈਡਿੰਗ ਹੈ, ਜੋ ਕਿ ਕੈਨੇਡਾ ਦਾ ਸਭ ਤੋਂ ਵੱਡਾ ਕੋਕੀਨ ਦਰਾਮਦਕਾਰ ਮੰਨਿਆ ਜਾਂਦਾ ਹੈ ਅਤੇ ਵਰਤਮਾਨ ਵਿੱਚ ਐਫਬੀਆਈ ਦੀ 10 ਸਭ ਤੋਂ ਵੱਧ ਲੋੜੀਂਦੇ ਵਿਅਕਤੀਆਂ ਦੀ ਸੂਚੀ ਵਿੱਚ ਸ਼ਾਮਲ ਹੈ। ਇਸ ਦੇ ਮੈਕਸੀਕੋ ਵਿੱਚ ਲੁਕਿਆ ਹੋਣ ਦਾ ਸ਼ੱਕ ਜਤਾਇਆ ਜਾ ਰਿਹਾ ਹੈ। ਨਵੇਂ ਅਦਾਲਤੀ ਦਸਤਾਵੇਜ਼ਾਂ ਅਨੁਸਾਰ ਵੈਡਿੰਗ ਦੇ ਨੈੱਟਵਰਕ ਨੇ ਮੈਕਸੀਕਨ ਡਰੱਗ ਕਾਰਟੇਲਾਂ ਦੇ ਸਹਿਯੋਗ ਨਾਲ ਕੋਲੰਬੀਆ ਤੋਂ ਮੈਕਸੀਕੋ ਤੱਕ ਸੈਂਕੜੇ ਕਿਲੋਗ੍ਰਾਮ ਕੋਕੀਨ ਦੀ ਤਸਕਰੀ ਕੀਤੀ। ਇਨ੍ਹਾਂ ਖੇਪਾਂ ਨੂੰ ਅਮਰੀਕਾ, ਕੈਨੇਡਾ ਤੱਕ ਅੱਗੇ ਲਿਜਾਣ ਲਈ ਟਰੱਕ ਡਰਾਈਵਰਾਂ ਦੀ ਵਰਤੋਂ ਕੀਤੀ। ਪਿਛਲੇ ਹ਼ਫਤੇ ਕੈਨੇਡੀਅਨ ਅਧਿਕਾਰੀਆਂ ਨੇ ਇਸ ਕੇਸ ਨਾਲ ਜੁੜੇ ਅੱਠ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ, ਜਿਨ੍ਹਾਂ ਵਿੱਚ ਕਥਿਤ ਮਨੀ ਲਾਂਡਰਿੰਗ ਕਰਨ ਵਾਲੇ ਵੈਡਿੰਗ ਦਾ ਵਕੀਲ ਦੀਪਕ ਪਾਰਾਦਕਰ ਅਤੇ ਗੁਰਸੇਵਕ ਸਿੰਘ ਬਾਲ ਸ਼ਾਮਲ ਹਨ, ਜਿਸ ’ਤੇ ਇੱਕ ਐੱਫ.ਬੀ.ਆਈ. ਗਵਾਹ ਦੇ ਕਤਲ ਦੀ ਸਾਜ਼ਿਸ਼ ਵਿੱਚ ਸ਼ਾਮਲ ਹੋਣ ਦਾ ਸ਼ੱਕ ਹੈ।

# ਡੀਜੀਪੀ ਦੇ ਵਟਸਐਪ ਮੈਸੇਜ ’ਤੇ ਐੱਨਐੱਚਆਰਸੀ ਦਾ ਨੋਟਿਸ

**✪ ਝੂਠੇ ਮੁਕਾਬਲਿਆਂ ਨੂੰ ਮਿਲ ਰਹੀ ਏ ਸਰਕਾਰੀ ਸਰਪ੍ਰਸਤੀ ? ✪ 2025 ਵਿਚ 30 ਤੋਂ ਵੱਧ ਐਨਕਾਊਂਟਰ, ਕੀ ਪੰਜਾਬ ਫਿਰ 90 ਵਾਲੇ ਕਾਲੇ ਦੌਰ ਵੱਲ ਹੈ ? ✪ ਇਹ “ਸਿੱਖ ਨੌਜਵਾਨਾਂ ਨੂੰ ਖਤਮ ਕਰਨ ਦੀ ਦੁਬਾਰਾ ਸਾਜ਼ਿਸ਼ ਹੈ”-ਰਾਜਵਿੰਦਰ ਬੈਂਸ**



ਪੰਜਾਬ ਦੀ ਧਰਤੀ ਇੱਕ ਵਾਰ ਫਿਰ ਅਨਿਆਂ ਦੇ ਰੰਗ ਵਿੱਚ ਰੰਗੀ ਨਜ਼ਰ ਆ ਰਹੀ ਹੈ। ਕੌਮੀ ਮਨੁੱਖੀ ਅਧਿਕਾਰ ਕਮਿਸ਼ਨ (ਐੱਨਐੱਚਆਰਸੀ) ਨੇ 25 ਨਵੰਬਰ ਨੂੰ ਪੰਜਾਬ ਸਰਕਾਰ ਦੇ ਗ੍ਰਹਿ ਸਕੱਤਰ ਨੂੰ ਨੋਟਿਸ ਜਾਰੀ ਕਰਕੇ ਰਾਜ ਵਿੱਚ ਪੁਲਿਸ ਵੱਲੋਂ ਕਥਿਤ ਗੈਰ-ਨਿਆਇਕ ਹੱਤਿਆਵਾਂ ਜਾਂ ਤਥਾਕਥਿਤ ‘ਫੇਕ ਐਨਕਾਊਂਟਰਾਂ’ ਨੂੰ ਉਤਸ਼ਾਹਿਤ ਕਰਨ ਵਾਲੀਆਂ ਕਾਰਵਾਈਆਂ ਬਾਰੇ ਗੰਭੀਰ ਚਿੰਤਾ ਜ਼ਾਹਿਰ ਕੀਤੀ ਹੈ। ਇਹ ਨੋਟਿਸ ਇੱਕ ਵਕੀਲ ਨਿਖਿਲ ਸ਼ਰਾਫ਼ ਵੱਲੋਂ ਦਾਇਰ ਸ਼ਿਕਾਇਤ ’ਤੇ ਅਧਾਰਿਤ ਹੈ, ਜਿਸ ਵਿੱਚ ਪੰਜਾਬ ਦੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਗੌਰਵ ਯਾਦਵ ਵੱਲੋਂ ਪੁਲਿਸ ਅਧਿਕਾਰੀਆਂ ਨੂੰ ਵਟਸਐਪ ਗਰੁੱਪ ਵਿੱਚ ਭੇਜੇ ਗਏ ਇੱਕ ਮੈਸੇਜ ਦੇ ਸਕ੍ਰੀਨਸ਼ਾਟ ਨੂੰ ਸਬੂਤ ਵਜੋਂ ਪੇਸ਼ ਕੀਤਾ ਗਿਆ ਹੈ। ਇਸ ਮੈਸੇਜ ਵਿੱਚ ਡੀਜੀਪੀ ਨੇ ਇੱਕ ਐੱਸਐੱਸਪੀ ਨੂੰ ਸ਼ਾਬਾਸ਼ੀ ਦਿੰਦੇ ਹੋਏ ਕਿਹਾ ਹੈ ਕਿ ਕੁਝ ਜ਼ਿਲ੍ਹਿਆਂ ਵਿੱਚ ਐਨਕਾਊਂਟਰਾਂ ਦੀ ਗਿਣਤੀ ਜ਼ੀਰੋ ਜਾਂ ਬਹੁਤ ਘੱਟ ਹੈ ਅਤੇ ਇਹ ਨਸ਼ਾ ਤਸਕਰੀ ਅਤੇ ਸੰਗਠਿਤ ਅਪਰਾਧਾਂ ਵਿਰੁੱਧ ਪ੍ਰਦਰਸ਼ਨ ਦੇ ਮੁਲਾਂਕਣ ਵਿੱਚ ਨਕਾਰਾਤਮਕ ਪ੍ਰਭਾਵ ਪਾਵੇਗਾ।

ਐੱਨਐੱਚਆਰਸੀ ਨੇ ਰਾਜ ਸਰਕਾਰ ਨੂੰ ਦੋ ਹਫ਼ਤਿਆਂ ਅੰਦਰ ਐਕਸ਼ਨ ਟੇਕਨ ਰਿਪੋਰਟ (ਏਟੀਆਰ) ਆਨਲਾਈਨ ਪੋਰਟਲ ’ਤੇ ਜਮ੍ਹਾਂ ਕਰਨ ਦੇ ਆਦੇਸ਼ ਦਿੱਤੇ ਹਨ।

ਇਹ ਵਾਕਿਆ ਪੰਜਾਬ ਦੇ ਇਤਿਹਾਸ ਵਿੱਚ ਫਿਰ ਤੋਂ ਉਹ ਕਾਲੇ ਅਧਿਆਏ ਯਾਦ ਦਿਵਾਉਂਦਾ ਹੈ ਜਦੋਂ 1980 ਅਤੇ 1990 ਦੇ ਦਹਾਕੇ ਵਿੱਚ ਹਜ਼ਾਰਾਂ ਨਿਰਦੋਸ਼ ਸਿੱਖ ਨੌਜਵਾਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰ ਦਿੱਤਾ ਗਿਆ ਸੀ। ਹਿਊਮਨ ਰਾਈਟਸ ਵਾਚ (ਐਚਆਰਡਬਲਯੂ) ਅਨੁਸਾਰ, ਉਸ ਸਮੇਂ 5,000 ਤੋਂ ਵੱਧ ਅਜਿਹੇ ਮਾਮਲੇ ਦਰਜ ਹੋਏ ਸਨ, ਜਿਨ੍ਹਾਂ ਵਿੱਚ ਪੁਲਿਸ ਨੇ ਨੌਜਵਾਨਾਂ ਨੂੰ ਅਗਵਾ ਕਰਕੇ ਤਸੀਹੇ ਦਿੱਤੇ ਅਤੇ ਫਿਰ ਉਹਨਾਂ ਨੂੰ ‘ਖਾੜਕੂ’ ਵਿਖਾ ਕੇ ਗੋਲੀ ਮਾਰ ਦਿੱਤੀ। ਅੱਜ ਵੀ, ਨਸ਼ਾ ਤਸਕਰੀ ਅਤੇ ਅਪਰਾਧਾਂ ਵਿਰੁੱਧ ‘ਜੰਗ’ ਦੇ ਨਾਂ ਹੇਠ ਇਹ ਚੱਕਰ ਫਿਰ ਚੱਲ ਪਿਆ ਹੈ। ਪੰਜਾਬ ਪੁਲਿਸ ਨੇ 2025 ਵਿੱਚ ਹੀ 30 ਤੋਂ ਵੱਧ ਐਨਕਾਊਂਟਰ ਕੀਤੇ ਹਨ, ਜਿਨ੍ਹਾਂ ਵਿੱਚੋਂ ਬਹੁਤੇ ਨੌਜਵਾਨ ਸ਼ਾਮਲ ਹਨ। ਇਹ ਗਿਣਤੀ ਦੀ ਟ੍ਰਿਬਿਊਨ ਦੇ ਅੰਕੜਿਆਂ ਅਨੁਸਾਰ ਹੈ, ਜਿਸ ਵਿੱਚ ਅਪ੍ਰੈਲ 2025 ਤੱਕ 41 ਅਤੇ ਜੁਲਾਈ ਤੱਕ 20 ਐਨਕਾਊਂਟਰ ਦੱਸੇ ਗਏ ਹਨ।

ਐੱਨਐੱਚਆਰਸੀ ਨੇ ਇਹ ਨੋਟਿਸ ਇੱਕ ਪੱਤਰਕਾਰ ਦੇ ਐੱਕਸ (ਪਹਿਲਾਂ ਟਵਿੱਟਰ) ਅਕਾਊਂਟ ਤੋਂ ਲਏ ਗਏ ਵਟਸਐਪ ਮੈਸੇਜ ਦੇ ਸਕ੍ਰੀਨਸ਼ਾਟ ’ਤੇ ਅਧਾਰਿਤ ਹੈ। ਇਸ ਮੈਸੇਜ ਵਿੱਚ ਡੀਜੀਪੀ ਗੌਰਵ ਯਾਦਵ ਨੇ ਐੱਸਐੱਸਪੀ ਨੂੰ ਕਿਹਾ ਹੈ ਕਿ “ਕੁਝ ਜ਼ਿਲ੍ਹਿਆਂ ਵਿੱਚ ਐਨਕਾਊਂਟਰਾਂ ਦੀ ਗਿਣਤੀ ਨਾਲੋਂ ਘੱਟ ਹੈ, ਜੋ ਨਸ਼ਾ ਅਤੇ ਅਪਰਾਧ ਵਿਰੁੱਧ ਪ੍ਰਦਰਸ਼ਨ ਨੂੰ ਪ੍ਰਭਾਵਿਤ ਕਰੇਗੀ।” ਵਕੀਲ ਨਿਖਿਲ ਸ਼ਰਾਫ਼ ਨੇ ਸ਼ਿਕਾਇਤ ਵਿੱਚ ਕਿਹਾ ਹੈ ਕਿ ਇਹ ਹਦਾਇਤਾਂ ਸੁਪਰੀਮ ਕੋਰਟ ਦੇ ਨਿਰਦੇਸ਼ਾਂ (ਪੀਯੂਸੀਐੱਲ ਕੇਸ, 2014) ਦੀ ਉਲੰਘਣਾ ਹਨ, ਜਿਨ੍ਹਾਂ ਅਨੁਸਾਰ ਹਰ ਐਨਕਾਊਂਟਰ ਤੋਂ ਬਾਅਦ ਫੌਰੈਂਸਿਕ ਜਾਂਚ, ਐੱਫਆਈਆਰ ਅਤੇ ਐੱਨਐੱਚਆਰਸੀ ਨੂੰ ਰਿਪੋਰਟ ਜ਼ਰੂਰੀ ਹੈ। ਐੱਨਐੱਚਆਰਸੀ ਨੇ ਗ੍ਰਹਿ ਵਿਭਾਗ ਨੂੰ ਇਹੀ ਰਿਪੋਰਟ ਮੰਗੀ ਹੈ ਤਾਂ ਜੋ ਇਹ ਪਤਾ ਲੱਗ ਸਕੇ ਕਿ ਅਜਿਹੀਆਂ ਹਦਾਇਤਾਂ ਨੂੰ ਰੋਕਣ ਲਈ ਕੀ ਕਾਰਵਾਈ ਕੀਤੀ ਗਈ ਹੈ। ਐੱਨਐੱਚਆਰਸੀ ਦੇ ਕਨਸਲਟੈਂਟ ਐੱਲਐੱਮ ਪਠਕ ਨੇ ਨੋਟਿਸ ਵਿੱਚ ਕਿਹਾ ਹੈ ਕਿ ਇਹ ਮਾਮਲਾ ਮਨੁੱਖੀ ਅਧਿਕਾਰਾਂ ਦੇ ਗੰਭੀਰ ਉਲੰਘਣ ਨੂੰ ਦਰਸਾਉਂਦਾ ਹੈ। ਪੰਜਾਬ ਸਰਕਾਰ ਅਤੇ ਪੁਲਿਸ ਵੱਲੋਂ ਅਜੇ ਤੱਕ ਕੋਈ ਅਧਿਕਾਰਕ ਜਵਾਬ ਨਹੀਂ ਦਿੱਤਾ ਗਿਆ, ਪਰ ਗ੍ਰਹਿ ਵਿਭਾਗ ਨੇ ਐੱਕਸ ’ਤੇ ਇੱਕ ਪੋਸਟ ਪਾ ਕੇ ਇਸ ਨੂੰ ‘ਫੇਕ ਨਿਊਜ਼’ ਕਰਾਰ ਦਿੱਤਾ ਹੈ। ਹਾਲਾਂਕਿ, ਸਿੱਖ ਭਾਈਚਾਰੇ ਵਿੱਚ ਇਹ ਚਰਚਾ ਦਾ ਵਿਸ਼ਾ ਬਣ ਗਿਆ ਹੈ, ਜਿੱਥੇ ਇਸ ਨੂੰ 1984 ਦੇ ਸਿੱਖ ਵਿਰੋਧੀ ਕਾਲੇ ਕਾਨੂੰਨਾਂ ਤੇ ਝੂਠੇ ਪੁਲਿਸ ਮੁਕਾਬਲਿਆਂ ਨਾਲ ਜੋੜਿਆ ਜਾ ਰਿਹਾ ਹੈ।

ਪੰਜਾਬ ਵਿੱਚ ਹਿਰਾਸਤ ਵਿੱਚ ਮੌਤਾਂ ਦਾ ਅੰਕੜਾ ਵੀ ਚਿੰਤਾਜਨਕ ਹੈ। ਨੈਸ਼ਨਲ ਕ੍ਰਾਈਮ ਰਿਕਾਰਡਸ ਬਿਊਰੋ (ਐੱਨ ਸੀ ਆਰ ਬੀ) ਅਤੇ ਐੱਨਐੱਚਆਰਸੀ ਦੇ ਅੰਕੜਿਆਂ ਅਨੁਸਾਰ, 2024-2025 ਵਿੱਚ ਪੰਜਾਬ ਵਿੱਚ ਪੁਲਿਸ ਹਿਰਾਸਤ ਵਿੱਚ ਘੱਟੋ-ਘੱਟ 5 ਮੌਤਾਂ ਹੋਈਆਂ ਹਨ, ਜਦਕਿ ਜੇਲ੍ਹਾਂ ਵਿੱਚ ਸ਼ੱਕੀ ਮੌਤਾਂ 20 ਤੋਂ ਵੱਧ ਹਨ। ਇੰਡੀਆ 2024 ਹਿਊਮਨ ਰਾਈਟਸ ਰਿਪੋਰਟ ਅਨੁਸਾਰ, ਪੂਰੇ ਦੇਸ਼ ਵਿੱਚ ਪੁਲਿਸ ਹਿਰਾਸਤ ਦੌਰਾਨ107 ਅਤੇ ਜੇਲ੍ਹਾਂ ਵਿੱਚ 1,372 ਮੌਤਾਂ ਹੋਈਆਂ, ਜਿਨ੍ਹਾਂ ਵਿੱਚ ਪੰਜਾਬ ਦਾ ਹਿੱਸਾ ਵਿਸ਼ੇਸ਼ ਰੂਪ ਵਿੱਚ ਨਸ਼ਾ-ਸੰਬੰਧੀ ਮਾਮਲਿਆਂ ਕਾਰਨ ਵਧੇਰੇ ਹੈ। ਗਲੋਬਲ ਟਾਰਚਰ ਇੰਡੈਕਸ 2025 ਅਨੁਸਾਰ, ਭਾਰਤ ਵਿੱਚ 2024 ਵਿੱਚ 2,739 ਹਿਰਾਸਤੀ ਮੌਤਾਂ ਹੋਈਆਂ, ਜਿਨ੍ਹਾਂ ਵਿੱਚ ਪੰਜਾਬ ਵਰਗੇ ਰਾਜਾਂ ਵਿੱਚ ਤਸੀਹੇ ਅਤੇ ਫੇਕ ਐਨਕਾਊਂਟਰ ਮੁੱਖ ਕਾਰਨ ਹਨ।

ਫੇਕ ਐਨਕਾਊਂਟਰਾਂ ਦੀ ਗੱਲ ਕਰੀਏ ਤਾਂ 2025 ਵਿੱਚ ਪੰਜਾਬ ਪੁਲਿਸ ਨੇ ਨਸ਼ਾ ਤਸਕਰੀ ਵਿਰੁੱਧ ‘ਆਪ੍ਰੇਸ਼ਨ ਕਲੈਂਪਡਾਊਨ’ ਅਧੀਨ 30 ਤੋਂ ਵੱਧ ਐਨਕਾਊਂਟਰ ਕੀਤੇ ਹਨ, ਜਿਨ੍ਹਾਂ ਵਿੱਚੋਂ ਬਹੁਤੇ ਨੌਜਵਾਨ ਸ਼ਾਮਲ ਹਨ। ਇੰਡੀਅਨ ਐਕਸਪ੍ਰੈੱਸ ਅਨੁਸਾਰ, ਜੁਲਾਈ 2025 ਤੱਕ 19 ਐਨਕਾਊਂਟਰ ਹੋਏ, ਜਿਨ੍ਹਾਂ ਵਿੱਚੋਂ ਬਹੁਤੇ ਨਸ਼ਾ ਰਿਕਵਰੀ ਦੌਰਾਨ ਵਾਪਰੇ। ਮਨੁੱਖੀ ਅਧਿਕਾਰ ਸੰਗਠਨਾਂ ਅਨੁਸਾਰ ਇਹ ਅੰਕੜੇ ਇਹ ਦਰਸਾਉਂਦੇ ਹਨ ਕਿ ਪੁਲਿਸ ਨੂੰ ਟਾਰਗੇਟ ਪੇਸ਼ ਕਰਨ ਲਈ ਐਨਕਾਊਂਟਰ ਇੱਕ ਰਵਾਇਤੀ ਹਥਿਆਰ ਬਣ ਗਏ ਹਨ, ਜੋ ਨਿਰਦੋਸ਼ਾਂ ਨੂੰ ਨਿਸ਼ਾਨਾ ਬਣਾਉਂਦੇ ਹਨ।

ਸੁਆਲ ਇਹ ਹੈ ਕਿ ਕੀ ਇਸ ਜਾਂਚ ਦੀ ਸੰਭਾਵਨਾ ਹੈ, ਪਰ ਇਹ ਰਾਜ ਸਰਕਾਰ ਦੇ ਹੱਥ ਵਿੱਚ ਹੈ। ਐੱਨਐੱਚਆਰਸੀ ਨੇ ਦੋ ਹਫ਼ਤਿਆਂ ਵਿੱਚ ਰਿਪੋਰਟ ਮੰਗੀ ਹੈ, ਜੋ ਹਰਿਆਣਾ ਅਤੇ ਪੰਜਾਬ ਹਾਈਕੋਰਟ ਵੀ ਨਿਗਰਾਨੀ ਕਰ ਸਕਦਾ ਹੈ। ਸੁਪਰੀਮ ਕੋਰਟ ਦੇ ਨਿਰਦੇਸ਼ਾਂ ਅਨੁਸਾਰ, ਹਰ ਐਨਕਾਊਂਟਰ ਤੋਂ ਬਾਅਦ ਮੈਜਿਸਟ੍ਰੀਅਲ ਜਾਂਚ ਜ਼ਰੂਰੀ ਹੈ, ਪਰ ਪਿਛਲੇ ਮਾਮਲਿਆਂ ਵਿੱਚ ਇਸ ਦੀ ਪਾਲਣਾ ਨਹੀਂ ਹੋਈ।

ਹਾਈਕੋਰਟ ਵਕੀਲ ਰਾਜਵਿੰਦਰ ਬੈਂਸ ਨੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਲਿਆ ਹੈ। ਉਹਨਾਂ ਨੇ ਇੱਕ ਵਿਸ਼ੇਸ਼ ਇੰਟਰਵਿਊ ਵਿੱਚ ਕਿਹਾ, “ਇਹ ਨਾ ਸਿਰਫ਼ ਪੁਲਿਸ ਦੀ ਨੀਤੀ ਹੈ, ਸਗੋਂ ਰਾਜ ਵਿੱਚ ਇੱਕ ਸੰਸਥਾਗਤ ਅਨਿਆਂ ਹੈ ਜੋ ਨੌਜਵਾਨਾਂ ਨੂੰ ਖਤਮ ਕਰਨ ਲਈ ਵਰਤੀ ਜਾ ਰਹੀ ਹੈ। 1990 ਦੇ ਦਹਾਕੇ ਵਿੱਚ ਵੀ ਅਜਿਹੀਆਂ ਹਦਾਇਤਾਂ ਨੇ ਹਜ਼ਾਰਾਂ ਜਾਨਾਂ ਲਈਆਂ ਸਨ, ਅਤੇ ਅੱਜ ਵੀ ਨਸ਼ੇ ਦੇ ਨਾਂ ਹੇਠ ਸਿੱਖ ਨੌਜਵਾਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਐੱਨਐੱਚਆਰਸੀ ਦੀ ਰਿਪੋਰਟ ਤੋਂ ਬਾਅਦ ਹਾਈਕੋਰਟ ਵਿੱਚ ਪੀਲ ਵਿਰੋਧੀ ਰਿਟ ਪਟੀਸ਼ਨ ਦਾਇਰ ਕੀਤੀ ਜਾਵੇਗੀ, ਅਤੇ ਅਸੀਂ ਮੰਗ ਕਰਾਂਗੇ ਕਿ ਡੀਜੀਪੀ ਵਿਰੁੱਧ ਐੱਫਆਈਆਰ ਰਜਿਸਟਰ ਕੀਤੀ ਜਾਵੇ। ਇਹ ਭਾਰਤੀ ਸੰਵਿਧਾਨ ਦੇ ਆਰਟੀਕਲ 21 (ਜੀਵਨ ਦਾ ਅਧਿਕਾਰ) ਦੀ ਉਲੰਘਣਾ ਹੈ।”

ਪੰਥਕ ਜਥੇਬੰਦੀਆਂ ਨੇ ਇਸ ਨੋਟਿਸ ਨੂੰ ਤੀਬਰ ਨਿੰਦਾ ਕੀਤੀ ਹੈ ਅਤੇ ਇਸ ਨੂੰ ‘ਸਿੱਖ ਨੌਜਵਾਨਾਂ ਵਿਰੁੱਧ ਸੰਸਥਾਗਤ ਹਮਲਾ’ ਕਰਾਰ ਦਿੱਤਾ ਹੈ। ਅਕਾਲ ਤਖ਼ਤ ਦੇ ਅਗਵਾਈ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗਜ਼ ਨੇ ਇੱਕ ਬਿਆਨ ਵਿੱਚ ਕਿਹਾ, “ਪੰਜਾਬ ਪੁਲਿਸ ਵੱਲੋਂ ਫੇਕ ਐਨਕਾਊਂਟਰਾਂ ਨੂੰ ਉਤਸ਼ਾਹਿਤ ਕਰਨ ਵਾਲੀਆਂ ਹਦਾਇਤਾਂ 1984 ਅਤੇ 1990 ਦੇ ਵਿਦੇਸ਼ੀ ਕਾਲ ਨੂੰ ਯਾਦ ਦਿਵਾਉਂਦੀਆਂ ਹਨ।”

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸਜੀਪੀਸੀ) ਨੇ ਵੀ ਬਿਆਨ ਜਾਰੀ ਕਰਕੇ ਕਿਹਾ ਹੈ ਕਿ “ਇਹ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ। ਸੁਪਰੀਮ ਕੋਰਟ ਨਿਗਰਾਨੀ ਵਿੱਚ ਜਾਂਚ ਹੋਵੇ।”

ਦਲ ਖਾਲਸਾ ਅਤੇ ਅੰਮ੍ਰਿਤਸਰ ਵਿੱਚ ਸਿੱਖ ਨੌਜਵਾਨ ਸਭਾ ਨੇ ਐੱਕਸ ’ਤੇ ਪੋਸਟਾਂ ਪਾ ਕੇ ਇਸ ਨੂੰ ‘ਸਿੱਖ ਨਸਲਘਾਤ ਦਾ ਨਵਾਂ ਰੂਪ’ ਕਿਹਾ ਹੈ। ਅਸੀਂ ਅੰਤਰਰਾਸ਼ਟਰੀ ਸਿੱਖ ਫੈਡਰੇਸ਼ਨ ਨਾਲ ਮਿਲ ਕੇ ਯੂਐੱਨ ਵਿੱਚ ਜਾਵਾਂਗੇ। ਅਮਰੀਕਾ ਅਤੇ ਕੈਨੇਡਾ ਵਿੱਚ ਵੱਸਦੀਆਂ ਸਿੱਖ ਜਥੇਬੰਦੀਆਂ ਨੇ ਵੀ ਨਿੰਦਾ ਕੀਤੀ ਹੈ, ਜਿਵੇਂ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਨੇ ਕਿਹਾ ਕਿ “ਇਹ ਝੂਠੇ ਮੁਕਾਬਲੇ ਸਿੱਖਾਂ ਨੂੰ ਖਤਮ ਕਰਨ ਲਈ ਵਰਤੇ ਜਾ ਰਹੇ ਹਨ।”

ਐੱਨਐੱਚਆਰਸੀ ਦਾ ਇਹ ਨੋਟਿਸ ਪੰਜਾਬ ਲਈ ਇੱਕ ਮੋੜ ਹੋ ਸਕਦਾ ਹੈ, ਪਰ ਇਹ ਵੀ ਸਪੱਸ਼ਟ ਹੈ ਕਿ ਬਿਨਾਂ ਜਨ-ਅੰਦੋਲਨ ਅਤੇ ਅੰਤਰਰਾਸ਼ਟਰੀ ਦਖ਼ਲ ਦੇ ਬਦਲਾਅ ਨਹੀਂ ਆਵੇਗਾ। ਸਿੱਖ ਜਥੇਬੰਦੀਆਂ, ਵਕੀਲ ਅਤੇ ਨਾਗਰਿਕ ਇੱਕਜੁਟ ਹੋ ਰਹੇ ਹਨ। ਜੇਕਰ ਰਿਪੋਰਟ ਨੇ ਹਕੀਕਤ ਉਜਾਗਰ ਕੀਤੀ ਤਾਂ ਇਹ ਮਾਮਲਾ ਸੁਪਰੀਮ ਕੋਰਟ ਤੱਕ ਪਹੁੰਚੇਗਾ। ਪੰਜਾਬ ਨੂੰ ਇੱਕ ਵਾਰ ਫਿਰ ਨਿਆਂ ਅਤੇ ਸ਼ਾਂਤੀ ਦੀ ਲੋੜ ਹੈ, ਨਾ ਕਿ ਐਨਕਾਊਂਟਰਾਂ ਦੀ।

## ਗੁਰਦਾਸਪੁਰ ਸਿਟੀ ਥਾਣੇ ’ਤੇ ਗ੍ਰਨੇਡ ਹਮਲੇ ਦੇ ਮਾਮਲੇ ਵਿਚ 3 ਖਾੜਕੂ ਗ੍ਰਿਫ਼ਤਾਰ

ਨਵੀਂ ਦਿੱਲੀ-ਦਿੱਲੀ ਪੁਲਿਸ ਦੇ ਵਿਸ਼ੇਸ਼ ਸੈੱਲ ਨੇ ਪਾਕਿਸਤਾਨ ਦੀ ਖੁਫ਼ੀਆ ਏਜੰਸੀ ਇੰਟਰ-ਸਰਵਿਸਿਜ਼ ਇੰਟੈਲੀਜੈਂਸ ਤੇ ਗੈਂਗਸਟਰ ਤੋਂ ਖਾੜਕੂ ਬਣੇ ਪਾਕਿ ਨਾਗਰਿਕ ਸ਼ਹਿਜ਼ਾਦ ਭੱਟੀ ਨਾਲ ਜੁੜੇ ਤਿੰਨ ਕਥਿਤ ਖਾੜਕੂਆਂ ਦੀ ਪਛਾਣ ਪੰਜਾਬ ਦੇ ਫਿਰੋਜ਼ਪੁਰ ਦੇ ਵਾਸੀ ਹਰਗੁਨਪ੍ਰੀਤ ਸਿੰਘ ਉਰਫ਼ ਗੁਰਕਰਨਪ੍ਰੀਤ ਸਿੰਘ (19), ਮੱਧ ਪ੍ਰਦੇਸ਼ ਦੇ ਦਤੀਆ ਦੇ ਰਹਿਣ ਵਾਲੇ ਵਿਕਾਸ ਪ੍ਰਜਾਪਤੀ ਬੇਟੂ (19) ਅਤੇ ਉੱਤਰ ਪ੍ਰਦੇਸ਼ ਦੇ ਬਿਜਨੌਰ ਦੇ ਵਾਸੀ ਆਸਿਫ਼ ਉਰਫ਼ ਅਰਿਸ਼ (22) ਵਜੋਂ ਹੋਈ ਹੈ। ਪੁਲਿਸ ਕਮਿਸ਼ਨਰ (ਵਿਸ਼ੇਸ਼ ਸੈੱਲ) ਪ੍ਰਮੋਦ ਸਿੰਘ ਕੁਸ਼ਵਾਹ ਨੇ ਦੱਸਿਆ ਕਿ ਇਹ ਮਾਡਿਊਲ 25 ਨਵੰਬਰ ਨੂੰ ਪੰਜਾਬ ਦੇ ਗੁਰਦਾਸਪੁਰ ’ਚ ਸਿਟੀ ਪੁਲਿਸ ਥਾਣੇ ਦੇ ਬਾਹਰ ਹੋਏ ਗ੍ਰਨੇਡ ਹਮਲੇ ’ਚ ਸ਼ਾਮਿਲ ਸੀ, ਜੋ ਕਿ ਭੱਟੀ ਦੇ ਨਿਰਦੇਸ਼ਾਂ ’ਤੇ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਇਹ ਸਫ਼ਲਤਾ ਉਦੋਂ ਮਿਲੀ ਜਦੋਂ ਇਕ ਟੀਮ ਵਲੋਂ ਭੱਟੀ ਦੀਆਂ ਗਤੀਵਿਧੀਆਂ, ਜਿਸ ’ਚ ਉਸ ਦੇ ਆਨਲਾਈਨ ਸੰਚਾਰ ਪੈਟਰਨ ਵੀ ਸ਼ਾਮਿਲ ਹਨ, ਨੂੰ ਟਰੈਕ ਕੀਤਾ ਜਾ ਰਿਹਾ ਸੀ। ਪੁਲਿਸ ਅਨੁਸਾਰ ਗ੍ਰਿਫ਼ਤਾਰ ਅੱਤਵਾਦੀਆਂ ਦੇ ਕਬਜ਼ੇ ’ਚੋਂ ਇਕ ਸੈਮੀ-ਆਟੋਮੈਟਿਕ ਪਿਸਤੌਲ, 10 ਕਾਰਤੂਸ ਅਤੇ ਮੋਬਾਈਲ ਫੋਨ ਜ਼ਬਤ ਕੀਤੇ ਗਏ ਹਨ।

# ਚੰਡੀਗੜ੍ਹ ਵਿਖੇ ਨਹੀਂ ਬਣੇਗੀ ਹਰਿਆਣਾ ਦੀ ਵੱਖਰੀ ਵਿਧਾਨ ਸਭਾ, ਪੰਜਾਬ ਦੀ ਹੋਈ ਜਿੱਤ

## ✪ ਕੇਂਦਰੀ ਗ੍ਰਹਿ ਮੰਤਰਾਲੇ ਨੇ ਹਰਿਆਣਾ ਸਰਕਾਰ ਦਾ ਪ੍ਰਸਤਾਵ ਕੀਤਾ ਰੱਦ
## ✪ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਕੋਲ ਚੁੱਕਿਆ ਸੀ ਹਰਿਆਣੇ ਨੇ ਮੁੱਦਾ

ਦਿੱਲੀ-ਕੇਂਦਰ ਸਰਕਾਰ ਵੱਲੋਂ ਵਾਰ-ਵਾਰ ਪੰਜਾਬ ਦੇ ਅਧਿਕਾਰਾਂ ਨੂੰ ਖੋਰਾ ਲਾਉਣ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਦਾ ਸੂਬੇ ਦੇ ਲੋਕਾਂ ਵੱਲੋਂ ਵੱਡੇ ਪੱਧਰ 'ਤੇ ਕੀਤਾ ਜਾ ਰਿਹਾ ਵਿਰੋਧ ਰੰਗ ਲਿਆਇਆ ਹੈ। ਆਗਾਮੀ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬੀਆਂ ਦੇ ਵਧਦੇ ਰੋਹ ਨੂੰ ਵੇਖਦਿਆਂ ਕੇਂਦਰੀ ਗ੍ਰਹਿ ਮੰਤਰਾਲੇ ਨੇ ਹਰਿਆਣਾ ਸਰਕਾਰ ਦੀ ਚੰਡੀਗੜ੍ਹ ਵਿੱਚ ਵੱਖਰੀ ਵਿਧਾਨ ਸਭਾ ਦੀ ਇਮਾਰਤ ਉਸਾਰਨ ਦੀ ਮੰਗ ਰੱਦ ਕਰ ਦਿੱਤੀ ਹੈ। ਇਸ ਫੈ ਤੋਂ ਬਾਅਦ ਹੁਣ ਇਹ ਸਪੱਸ਼ਟ ਹੋ ਗਿਆ ਹੈ ਕਿ ਚੰਡੀਗੜ੍ਹ ਵਿੱਚ ਹਰਿਆਣਾ ਵਿਧਾਨ ਸਭਾ ਦੀ ਵੱਖਰੀ ਇਮਾਰਤ ਦੀ ਉਸਾਰੀ ਨਹੀਂ ਹੋਵੇਗੀ।

ਸੂਤਰਾਂ ਅਨੁਸਾਰ ਹਰਿਆਣਾ ਸਰਕਾਰ ਦੇ ਸੀਨੀਅਰ ਅਧਿਕਾਰੀਆਂ ਨੇ ਹਾਲ ਹੀ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਅੱਗੇ ਚੰਡੀਗੜ੍ਹ ਵਿੱਚ ਹਰਿਆਣਾ ਦੀ ਵੱਖਰੀ ਵਿਧਾਨ ਸਭਾ ਲਈ ਇਮਾਰਤ ਬਣਾਉਣ ਦਾ ਮੁੱਦਾ ਜ਼ੋਰ ਨਾਲ ਚੁੱਕਿਆ ਸੀ। ਇਸ 'ਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਹਰਿਆਣਾ ਸਰਕਾਰ ਨੂੰ ਵੱਖਰੀ ਵਿਧਾਨ ਸਭਾ ਦਾ ਮੁੱਦਾ ਚੰਡੀਗੜ੍ਹ ਪ੍ਰਸ਼ਾਸਨ ਕੋਲ ਨਾ ਚੁੱਕਣ ਦੇ ਸਖ਼ਤ ਨਿਰਦੇਸ਼ ਦਿੱਤੇ ਹਨ। ਹਾਲਾਂਕਿ ਚੰਡੀਗੜ੍ਹ ਪ੍ਰਸ਼ਾਸਨ ਨੇ ਪਹਿਲਾਂ ਹੀ ਯੂ ਟੀ ਮਾਸਟਰ ਪਲਾਨ-2031 ਵਿੱਚ ਅਜਿਹੀ ਕੋਈ ਵਿਵਸਥਾ ਨਾ ਹੋਣ ਦਾ ਹਵਾਲਾ ਦਿੰਦਿਆਂ ਹਰਿਆਣਾ ਵਿਧਾਨ ਸਭਾ ਦੀ ਨਵੀਂ ਇਮਾਰਤ ਲਈ ਜ਼ਮੀਨ ਦੀ ਅਦਲਾ-ਬਦਲੀ ਦੇ ਪ੍ਰਸਤਾਵ ਨੂੰ ਰੱਦ ਕਰ ਦਿੱਤਾ ਸੀ।



ਹਰਿਆਣਾ ਵਿੱਚ ਨਵੀਂ ਹੱਦਬੰਦੀ ਕਾਰਨ ਵਿਧਾਨ ਸਭਾ ਹਲਕਿਆਂ ਦੀ ਗਿਣਤੀ 90 ਤੋਂ ਵੱਧ ਕੇ 126 ਹੋਣ ਦਾ ਅਨੁਮਾਨ ਹੈ, ਜਿਸ ਕਾਰਨ ਮੌਜੂਦਾ ਵਿਧਾਨ ਸਭਾ ਭਵਨ ਵਿੱਚ ਥਾਂ ਦੀ ਘਾਟ ਦਾ ਮਸਲਾ ਸਾਹਮਣੇ ਆ ਸਕਦਾ ਹੈ। ਇਸੇ ਨੂੰ ਮੁੱਖ ਰੱਖਦਿਆਂ ਵਿਧਾਨ ਸਭਾ ਦੇ ਸਾਬਕਾ ਸਪੀਕਰ ਗਿਆਨ ਚੰਦ ਗੁਪਤਾ ਨੇ ਸਾਲ 2022 ਦੇ ਸ਼ੁਰੂ ਵਿੱਚ ਪੰਜਾਬ ਤੇ ਹਰਿਆਣਾ ਦੀ ਸਾਂਝੀ ਰਾਜਧਾਨੀ ਚੰਡੀਗੜ੍ਹ ਵਿੱਚ ਹਰਿਆਣਾ ਦੀ ਵੱਖਰੀ ਵਿਧਾਨ ਸਭਾ ਬਣਾਉਣ ਲਈ ਜ਼ਮੀਨ ਅਲਾਟ ਕਰਨ ਦੀ ਮੰਗ ਕੀਤੀ ਸੀ।

ਇਸ ਤੋਂ ਬਾਅਦ ਯੂਟੀ ਪ੍ਰਸ਼ਾਸਨ ਨੇ ਹਰਿਆਣਾ ਸਰਕਾਰ ਨੂੰ ਤਿੰਨ ਥਾਵਾਂ ਦੀ ਪੇਸ਼ਕਸ਼ ਕੀਤੀ ਸੀ, ਜਿਨ੍ਹਾਂ ਵਿੱਚ ਆਈ ਟੀ ਪਾਰਕ ਨੇੜੇ, ਮਨੀਮਾਜਰਾ ਵਿੱਚ ਕਲਾਗ੍ਰਾਮ ਦੇ ਨੇੜੇ ਅਤੇ ਰੇਲਵੇ ਲਾਈਟ ਪੁਆਇੰਟ ਤੋਂ ਆਈ ਟੀ ਪਾਰਕ ਜਾਣ ਵਾਲੀ ਸੜਕ 'ਤੇ ਜ਼ਮੀਨ ਸ਼ਾਮਲ ਸੀ। ਹਰਿਆਣਾ ਦੇ ਤਤਕਾਲੀ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਰੇਲਵੇ ਲਾਈਟ ਪੁਆਇੰਟ ਤੋਂ ਆਈ ਟੀ ਪਾਰਕ ਵਾਲੀ ਸੜਕ 'ਤੇ 10 ਏਕੜ ਜ਼ਮੀਨ ਲੈਣ ਲਈ ਸਹਿਮਤੀ ਦੇ ਦਿੱਤੀ ਸੀ। ਇਸ ਬਦਲੇ ਹਰਿਆਣਾ ਸਰਕਾਰ ਵੱਲੋਂ ਯੂਟੀ ਪ੍ਰਸ਼ਾਸਨ ਨੂੰ ਪੰਚਕੂਲਾ ਦੇ ਸਕੇਤੜੀ ਵਿੱਚ 12 ਏਕੜ ਜ਼ਮੀਨ ਦਿੱਤੀ ਜਾ ਰਹੀ ਸੀ। ਹਾਲਾਂਕਿ ਚੰਡੀਗੜ੍ਹ ਪ੍ਰਸ਼ਾਸਨ ਨੇ ਇਸ ਪ੍ਰਸਤਾਵ ਨੂੰ ਇਹ ਕਹਿ ਕੇ ਰੱਦ ਕਰ ਦਿੱਤਾ ਸੀ ਕਿ ਹਰਿਆਣਾ ਵੱਲੋਂ ਦਿੱਤੀ ਜਾਣ ਵਾਲੀ ਜ਼ਮੀਨ ਉਸਾਰੀ ਯੋਗ ਨਹੀਂ ਹੈ ਅਤੇ ਉੱਥੇ ਉਸਾਰੀ ਦੌਰਾਨ ਵਾਤਾਵਰਨ ਵਿਭਾਗ ਸਣੇ ਕਈ ਹੋਰ ਤਰ੍ਹਾਂ ਦੇ ਕਾਨੂੰਨੀ ਅੜਿੱਕੇ ਆ ਰਹੇ ਹਨ।

### ਪੰਜਾਬ ਦੀ ਇੱਕ ਹੋਰ ਜਿੱਤ

ਕੇਂਦਰ ਵੱਲੋਂ ਪਿਛਲੇ ਸਮੇਂ ਦੌਰਾਨ ਕਈ ਵਾਰ ਚੰਡੀਗੜ੍ਹ ਤੋਂ ਪੰਜਾਬ ਦੇ ਅਧਿਕਾਰਾਂ 'ਤੇ ਖੋਰਾ ਲਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ, ਜਿਨ੍ਹਾਂ ਦਾ ਹਰ ਵਾਰ ਸਖ਼ਤ ਵਿਰੋਧ ਹੋਇਆ ਹੈ। ਇਸ ਤੋਂ ਪਹਿਲਾਂ ਕੇਂਦਰ ਸਰਕਾਰ ਨੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਸਰੂਪ ਬਦਲਣ ਲਈ ਸੈਨੇਟ ਦਾ ਆਕਾਰ 90 ਤੋਂ ਘਟਾ ਕੇ 31 ਕਰਨ ਦੀ ਕੋਸ਼ਿਸ਼ ਕੀਤੀ ਸੀ, ਜਿਸ ਦਾ ਚੁਫੇਰਿਓਂ ਵਿਰੋਧ ਹੋਣ ਕਾਰਨ ਸਰਕਾਰ ਨੂੰ ਆਪਣਾ ਫੈਸਲਾ ਵਾਪਸ ਲੈਣਾ ਪਿਆ ਸੀ। ਇਸ ਤੋਂ ਬਾਅਦ ਕੇਂਦਰ ਨੇ ਸੰਵਿਧਾਨ ਵਿੱਚ 131ਵੀਂ ਸੋਧ ਕਰਕੇ ਚੰਡੀਗੜ੍ਹ ਨੂੰ ਸੰਵਿਧਾਨ ਦੀ ਧਾਰਾ 240 ਵਿੱਚ ਸ਼ਾਮਲ ਕਰਨ ਲਈ ਸਰਦ ਰੁੱਤ ਇਜਲਾਸ ਦੌਰਾਨ ਬਿੱਲ ਲਿਆਉਣ ਦਾ ਮਨ ਬਣਾਇਆ ਸੀ ਪਰ ਪੰਜਾਬ ਵੱਲੋਂ ਕੀਤੇ ਗਏ ਤਿੱਖੇ ਵਿਰੋਧ ਤੋਂ ਬਾਅਦ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਅਜਿਹਾ ਕਰਨ ਤੋਂ ਵੀ ਪੈਰ ਪਿੱਛੇ ਖਿੱਚਣੇ ਪਏ।

# ਕੈਨੇਡਾ ਤੋਂ ਡਿਪੋਰਟ ਹੋ ਕੇ ਆਈ ਪਤਨੀ ਨੇ ਪ੍ਰੇਮੀ ਨਾਲ ਮਿਲ ਕੇ ਕੀਤੀ ਪਤੀ ਦੀ ਹਤਿਆ

ਫਰੀਦਕੋਟ-ਫਰੀਦਕੋਟ ਜ਼ਿਲ੍ਹੇ ਦੇ ਪਿੰਡ ਸੁੱਖਣ ਵਾਲਾ ਵਿਚ ਪ੍ਰੇਮ ਸੰਬੰਧਾਂ ਦੇ ਚੱਲਦਿਆਂ ਇਕ ਵਿਅਕਤੀ ਦਾ ਕਤਲ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਤੋਂ ਬਾਅਦ, ਪਤਨੀ ਨੇ ਅੱਧੀ ਰਾਤ ਨੂੰ ਰੌਲਾ ਪਾਇਆ, ਅਤੇ ਪਿੰਡ ਵਾਸੀ ਮੌਕੇ 'ਤੇ ਪਹੁੰਚੇ। ਉਸਦੀ ਲਾਸ਼ ਘਰ ਦੀ ਛੱਤ 'ਤੇ ਪਈ ਮਿਲੀ। ਹਾਲਾਂਕਿ, ਇਹ ਸਪੱਸ਼ਟ ਨਹੀਂ ਹੈ ਕਿ ਕਤਲ ਕਿਵੇਂ ਕੀਤਾ ਗਿਆ। ਇਹ ਘਟਨਾ ਬੀਤੇ ਸ਼ੁੱਕਰਵਾਰ ਰਾਤ ਨੂੰ ਵਾਪਰੀ। ਮ੍ਰਿਤਕ ਦੀ ਪਛਾਣ ਗੁਰਵਿੰਦਰ ਸਿੰਘ ਵਜੋਂ ਹੋਈ ਹੈ। ਉਸਦੀ ਪਤਨੀ ਰੁਪਿੰਦਰ ਕੌਰ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ, ਜਦੋਂ ਕਿ ਪ੍ਰੇਮੀ, ਹਰਕਮਲਪ੍ਰੀਤ ਸਿੰਘ, ਜੋ ਕਿ ਬਠਿੰਡਾ ਦੇ ਬੱਲੂਆਣਾ ਪਿੰਡ ਦਾ ਰਹਿਣ ਵਾਲਾ ਹੈ, ਦੀ ਭਾਲ ਕੀਤੀ ਜਾ ਰਹੀ ਹੈ।

ਜਾਣਕਾਰੀ ਮੁਤਾਬਕ ਐੱਨਆਰਆਈ ਪਰਿਵਾਰ ਨਾਲ ਸੰਬੰਧਤ ਗੁਰਵਿੰਦਰ ਸਿੰਘ ਦਾ ਵਿਆਹ ਸਾਲ 2023 ਵਿਚ ਫਰੀਦਕੋਟ ਦੀ ਰਹਿਣ ਵਾਲੀ ਰੁਪਿੰਦਰ ਕੌਰ ਨਾਲ ਹੋਇਆ ਸੀ। ਵਿਆਹ ਤੋਂ ਬਾਅਦ ਰੁਪਿੰਦਰ ਕੌਰ ਕੈਨੇਡਾ ਚਲੀ ਗਈ ਸੀ ਪਰ 2024 ਵਿਚ ਉਸ ਨੂੰ ਉੱਥੋਂ ਡਿਪੋਰਟ ਕਰਕੇ ਵਾਪਸ ਭੇਜ ਦਿੱਤਾ ਗਿਆ। ਇਸ ਦੌਰਾਨ ਉਸਦੇ ਬੱਲੂਆਣਾ ਨਿਵਾਸੀ ਹਰਕਮਲਪ੍ਰੀਤ ਸਿੰਘ ਨਾਲ ਪ੍ਰੇਮ ਸੰਬੰਧ ਬਣ ਗਏ, ਜੋ ਉਸਦੇ ਨਾਲ ਹੀ ਕੈਨੇਡਾ ਤੋਂ ਡਿਪੋਰਟ ਹੋਇਆ ਸੀ।

ਮ੍ਰਿਤਕ ਦੀ ਭੈਣ ਮਨਵੀਰ ਕੌਰ ਨੇ ਪੁਲਿਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਕਿ ਉਸਦਾ ਭਰਾ ਅਕਸਰ ਹੀ ਰੁਪਿੰਦਰ ਕੌਰ ਅਤੇ ਹਰਕੰਵਲਪ੍ਰੀਤ ਸਿੰਘ ਦੇ ਸਬੰਧਾਂ ਬਾਰੇ ਜਾਣਕਾਰੀ ਦਿੰਦਾ ਰਹਿੰਦਾ ਸੀ ਅਤੇ ਉਸਨੇ ਖਦਸ਼ਾ ਵੀ ਜ਼ਾਹਿਰ ਕੀਤਾ ਸੀ ਕਿ ਉਸਦਾ



ਕਤਲ ਕਰਵਾਇਆ ਜਾ ਸਕਦਾ ਹੈ। ਇਕ ਦਿਨ ਪਹਿਲਾਂ ਪਰਿਵਾਰ ਨੂੰ ਗੁਰਵਿੰਦਰ ਸਿੰਘ ਦੀ ਮੌਤ ਦੀ ਸੂਚਨਾ ਮਿਲੀ। ਮੌਕੇ 'ਤੇ ਪਹੁੰਚਣ 'ਤੇ ਪਤਾ ਲੱਗਿਆ ਕਿ ਉਸਦਾ ਕਤਲ ਰੁਪਿੰਦਰ ਕੌਰ ਨੇ ਆਪਣੇ ਪ੍ਰੇਮੀ ਨਾਲ ਮਿਲ ਕੇ ਕੀਤਾ ਹੈ। ਕਤਲ ਲਈ ਮ੍ਰਿਤਕ ਨੂੰ ਜਾ ਤਾਂ ਕੋਈ ਜ਼ਹਿਰੀਲੀ ਦਵਾਈ ਦਿੱਤੀ ਗਈ ਜਾਂ ਫਿਰ ਉਸਦਾ ਗਲਾ ਘੁੱਟਿਆ ਗਿਆ ਹੈ। ਇਸ ਮਾਮਲੇ ਵਿਚ ਥਾਣਾ ਸਦਰ ਦੀ ਪੁਲਿਸ ਨੇ ਰੁਪਿੰਦਰ ਕੌਰ ਅਤੇ ਹਰਕਮਲਪ੍ਰੀਤ ਸਿੰਘ ਖ਼ਿਲਾਫ ਮੁਕੱਦਮਾ ਦਰਜ ਕਰਦੇ ਹੋਏ ਰੁਪਿੰਦਰ ਕੌਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਡੀਐੱਸਪੀ ਤਰਲੋਚਨ ਸਿੰਘ ਨੇ ਦੱਸਿਆ ਕਿ ਲਾਸ਼ ਨੂੰ ਪੋਸਟਮਾਰਟਮ ਲਈ ਫਰੀਦਕੋਟ ਦੇ ਮੈਡੀਕਲ ਕਾਲਜ ਹਸਪਤਾਲ ਭੇਜ ਦਿੱਤਾ ਗਿਆ ਹੈ। ਮੁੱਢਲੀ ਜਾਂਚ ਵਿਚ ਸਾਹਮਣੇ ਆਇਆ ਹੈ ਕਿ ਕਤਲ ਦੀ ਇਹ ਵਾਰਦਾਤ ਪ੍ਰੇਮ ਸੰਬੰਧਾਂ ਦੇ ਚੱਲਦਿਆਂ ਅੰਜਾਮ ਦਿੱਤੀ ਗਈ ਹੈ।

## ਐੱਮ. ਬੀ. ਏ. ਵਿਦਿਆਰਥਣ ਨਾਲ ਬਲਾਤਕਾਰ ਮਗਰੋਂ ਕਤਲ ਦੇ ਦੋਸ਼ੀ ਨੂੰ ਉਮਰ ਕੈਦ ਦੀ ਸਜ਼ਾ, 50 ਹਜ਼ਾਰ ਰੁਪਏ ਦਾ ਜੁਰਮਾਨਾ

ਚੰਡੀਗੜ੍ਹ-ਚੰਡੀਗੜ੍ਹ 'ਚ 15 ਸਾਲ ਪਹਿਲਾਂ ਐੱਮ. ਬੀ. ਏ. ਵਿਦਿਆਰਥਣ ਨਾਲ ਜਬਰ-ਜ਼ਿਨਾਹ ਮਗਰੋਂ ਕਤਲ ਕੇਸ ਵਿਚ ਅਦਾਲਤ ਨੇ ਸੀਰੀਅਲ ਕਿਲਰ ਨੂੰ ਦੋਸ਼ੀ ਕਰਾਰ ਦਿੱਤਾ ਹੈ। ਇਸ ਮਾਮਲੇ ਵਿਚ ਅਦਾਲਤ ਨੇ ਦੋਸ਼ੀ ਨੂੰ ਹੁਣ ਮਿਸਾਲੀ ਸਜ਼ਾ ਸੁਣਾਉਂਦੇ ਹੋਏ ਉਮਰਕੈਦ ਦੀ ਸਜ਼ਾ ਸੁਣਾਉਣ ਦੇ ਨਾਲ-ਨਾਲ 50 ਹਜ਼ਾਰ ਰੁਪਏ ਦਾ ਜੁਰਮਾਨਾ ਲਗਾਇਆ ਹੈ। ਇਥੇ ਦੱਸ ਦੇਈਏ ਕਿ ਅਦਾਲਤ ਨੇ ਜਿਸ ਵੇਲੇ ਮੁਲਜ਼ਮ ਨੂੰ ਦੋਸ਼ੀ ਕਰਾਰ ਦਿੱਤਾ ਸੀ, ਉਸ ਵੇਲੇ ਮ੍ਰਿਤਕ ਵਿਦਿਆਰਥਣ ਦੇ ਮਾਤਾ-ਪਿਤਾ ਵੀ ਅਦਾਲਤ 'ਚ ਮੌਜੂਦ ਸਨ, ਜਿਨ੍ਹਾਂ ਨੂੰ 15 ਸਾਲ ਬਾਅਦ ਇਨਸਾਫ਼ ਦੀ ਆਸ ਬੱਝੀ। ਸੈਕਟਰ-38 'ਚ ਕਰੀਬ 15 ਸਾਲ ਪਹਿਲਾਂ 2010 'ਚ ਪੁਲਸ ਨੇ 21 ਸਾਲਾ ਐੱਮ. ਬੀ. ਏ. ਵਿਦਿਆਰਥਣ ਦੀ ਲਾਸ਼ ਬਰਾਮਦ ਕੀਤੀ ਸੀ। ਪੋਸਟਮਾਰਟਮ ਰਿਪੋਰਟ 'ਚ ਖ਼ੁਲਾਸਾ ਹੋਇਆ ਕਿ ਵਿਦਿਆਰਥਣ ਦਾ ਕਤਲ ਅਤੇ ਜਬਰ-ਜ਼ਿਨਾਹ ਵੀ ਕੀਤਾ ਸੀ। ਕਈ ਸਾਲਾਂ ਦੀ ਜਾਂਚ ਮਗਰੋਂ ਜਦੋਂ ਪੁਲਸ ਨੂੰ ਮੁਲਜ਼ਮ ਬਾਰੇ ਕੋਈ ਸੁਰਾਗ ਨਹੀਂ ਮਿਲਿਆ ਤਾਂ ਉਨ੍ਹਾਂ ਨੇ ਅਦਾਲਤ 'ਚ ਮਾਮਲੇ ਸਬੰਧੀ ਅਨਟਰੇਸ ਰਿਪੋਰਟ ਦਾਇਰ ਕੀਤੀ। ਹਾਲਾਂਕਿ ਪੁਲਸ ਨੇ ਗੁਪਤ ਤਰੀਕੇ ਨਾਲ ਮਾਮਲੇ ਦੀ ਜਾਂਚ ਜਾਰੀ ਰੱਖੀ। ਪੁਲਸ ਨੇ ਵਿਦਿਆਰਥਣ ਦੀ ਲਾਸ਼ ਤੋਂ ਡੀ. ਐੱਨ. ਏ. ਸੈਂਪਲ ਲਿਆ ਅਤੇ ਇਸ ਨੂੰ ਕਰੀਬ 100 ਲੋਕਾਂ ਨਾਲ ਮਿਲਾਇਆ ਗਿਆ ਪਰ ਨਤੀਜਾ ਜ਼ੀਰੋ ਰਿਹਾ। ਪਿਛਲੇ ਸਾਲ ਪੁਲਸ ਨੂੰ ਇਸ ਮਾਮਲੇ 'ਚ ਵੱਡੀ ਸਫਲਤਾ ਮਿਲੀ, ਜਦੋਂ ਉਨ੍ਹਾਂ ਨੇ ਡੱਡੂਮਾਜਰਾ ਨੇੜੇ ਸ਼ਾਹਪੁਰ ਕਾਲੋਨੀ ਦੇ ਮੋਨੂੰ ਕੁਮਾਰ ਨੂੰ ਸ਼ੱਕ ਦੇ ਆਧਾਰ 'ਤੇ ਹਿਰਾਸਤ 'ਚ ਲਿਆ ਅਤੇ ਪੁੱਛਗਿੱਛ ਕਰਕੇ ਉਸਦੇ ਡੀ. ਐੱਨ. ਏ. ਸੈਂਪਲ ਇਕੱਠੇ ਕੀਤੇ। ਜਦੋਂ ਪੁਲਸ ਨੇ ਡੀ. ਐੱਨ. ਏ. ਟੈਸਟ ਕੀਤਾ ਤਾਂ ਰਿਪੋਰਟ 'ਚ ਪਤਾ ਲੱਗਾ ਕਿ ਮੁਲਜ਼ਮ ਮੋਨੂੰ ਕੁਮਾਰ ਅਤੇ ਮ੍ਰਿਤਕਾ ਐੱਮ. ਬੀ. ਏ. ਵਿਦਿਆਰਥਣ ਦੇ ਡੀ. ਐੱਨ. ਏ. ਮੇਲ ਖਾ ਗਏ। ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਉਸ ਖ਼ਿਲਾਫ਼ ਅਦਾਲਤ ਵਿਚ ਚਾਰਜਸ਼ੀਟ ਦਾਇਰ ਕੀਤੀ ਗਈ ਸੀ।

# ਮਹਾਰਾਜਾ ਦਲੀਪ ਸਿੰਘ ਨਾਲ ਸਬੰਧਤ 19ਵੀਂ ਸਦੀ ਦੀਆਂ ਦੋ ਕੁਰਸੀਆਂ ਲੰਡਨ ਵਿੱਚ 9 ਲੱਖ ਰੁਪਏ ਤੋਂ ਵੱਧ ਦੀਆਂ ਨਿਲਾਮ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਿੱਖ ਰਾਜ ਦੇ ਆਖਰੀ ਸਿੱਖ ਸ਼ਾਸਕ ਮਹਾਰਾਜਾ ਦਲੀਪ ਸਿੰਘ ਨਾਲ ਸਬੰਧਤ 19ਵੀਂ ਸਦੀ ਦੀਆਂ ਦੋ ਕੁਰਸੀਆਂ ਹਾਲ ਹੀ ਵਿੱਚ ਲੰਡਨ ਦੇ ਓਲੰਪੀਆ ਨਿਲਾਮੀ ਘਰ ਵਿੱਚ ਨਿਲਾਮ ਕੀਤੀਆਂ ਗਈਆਂ ਹਨ।*

ਓਲੰਪੀਆ ਨਿਲਾਮੀ ਘਰ ਮੁਤਾਬਕ ਇਹ ਦੋਵੇਂ ਕੁਰਸੀਆਂ 8000 ਪਾਊਂਡ ਜਾਣੀ 9 ਲੱਖ 46 ਹਜ਼ਾਰ ਰੁਪਏ ਤੋਂ ਵੱਧ ਵਿੱਚ ਨਿਲਾਮ ਹੋਈਆਂ ਹਨ।ਇਹ ਕੁਰਸੀਆਂ ਮਹਾਰਾਜਾ ਦਲੀਪ ਸਿੰਘ ਵੱਲੋਂ ਲਾਹੌਰ ਦਰਬਾਰ ਦੀ ਤਰਜ਼ ਤੇ ਬਣਾਏ ਸਫੋਲਕ-ਨੋਰਫੋਕ ਸਰਹੱਦ 'ਤੇ ਐਲਵੇਡਨ ਹਾਲ ਦਾ ਹਿੱਸਾ ਸਨ।

ਓਲੰਪੀਆ ਦੇ ਇੱਕ ਮਾਹਰ ਨਿਕੋਲਸ ਸ਼ਾਅ ਨੇ ਨਿਲਾਮੀ ਤੋਂ ਪਹਿਲਾਂ ਇਹਨਾਂ ਕੁਰਸੀਆਂ ਵਿੱਚ ਖਰੀਦਕਾਰਾਂ ਦੀ "ਕਾਫ਼ੀ ਦਿਲਚਸਪੀ" ਰਹਿਣ ਦੀ ਉਮੀਦ ਪ੍ਰਗਟਾਈ ਸੀ।ਆਪਣੀ ਜਲਾਵਤਨੀ ਦੌਰਾਨ ਮਹਾਰਾਜਾ ਦਲੀਪ ਸਿੰਘ ਨੇ 1863 ਵਿੱਚ ਐਲਵੇਡਨ ਅਸਟੇਟ ਜਾਇਦਾਦ ਖਰੀਦੀ ਅਤੇ 1893 ਵਿੱਚ 55 ਸਾਲ ਦੀ ਉਮਰ ਵਿੱਚ ਉਨ੍ਹਾਂ ਦੀ ਮੌਤ ਤੋਂ ਬਾਅਦ ਇਸ ਜਾਇਦਾਦ ਨੂੰ ਮਸ਼ਹੂਰ ਗਿੰਨੀਜ਼ ਬਰੂਇੰਗ ਪਰਿਵਾਰ ਦੇ ਐਡਵਰਡ ਸੇਸਿਲ ਗਿਨੀਜ਼ ਨੇ ਖਰੀਦ ਲਿਆ। ਇਹ ਕੁਰਸੀਆਂ, ਜੋ ਕਿ ਬੰਬੇ ਹੁਣ ਮੁੰਬਈ ਵਿੱਚ 1850 ਦੇ ਆਸਪਾਸ ਬਣੀਆਂ ਅਤੇ ਐਡਵਰਡ ਗਿੰਨੀਜ਼ ਦੇ ਜਾਇਦਾਦ ਸੰਭਾਲਣ ਤੋਂ ਬਾਅਦ ਵੀ ਉਸੇ ਜਾਇਦਾਦ ਵਿੱਚ ਹੀ ਰਹੀਆਂ।

ਓਲੰਪੀਆ ਨਿਲਾਮੀ ਘਰ ਅਨੁਸਾਰ ਇਹ ਗੂੜ੍ਹੇ ਬੰਬੇ ਬਲੈਕਵੁੱਡ (ਇੱਕ ਕਿਸਮ ਦੀ ਲੱਕੜ) ਤੋਂ ਬਣੀਆਂ ਹਨ ਅਤੇ ਇਨ੍ਹਾਂ ਵਿੱਚ ਭਾਰਤੀ ਡਿਜ਼ਾਈਨ ਅਤੇ ਐਕੈਂਥਸ ਪੱਤਿਆਂ ਦਾ ਡਿਜ਼ਾਈਨ ਹੈ। ਉਹਨਾਂ ਕਿਹਾ ਕਿ "ਇਹ ਕੁਰਸੀਆਂ ਦਰਸਾਉਂਦੀਆਂ ਹਨ ਕਿ ਮਹਾਰਾਜਾ ਦਲੀਪ ਸਿੰਘ ਵਧੀਆ ਕਾਰੀਗਰੀ ਦੇ ਕਦਰਦਾਨ ਸਨ ਅਤੇ ਉਹਨਾਂ ਵੱਲੋਂ ਬਣਾਇਆ ਗਿਆ ਇਹ ਮਹਿਲ ਉਨ੍ਹਾਂ ਦੀ ਆਪਣੀ ਪੰਜਾਬੀ ਵਿਰਾਸਤ ਅਤੇ ਅੰਗਰੇਜ਼ੀ ਸਮਾਜ ਵਿੱਚ ਉਨ੍ਹਾਂ ਦੇ ਸਥਾਨ ਦੋਵਾਂ ਨੂੰ ਦਰਸਾਉਂਦਾ ਹੈ।




ਮਹਾਰਾਜਾ ਦਲੀਪ ਸਿੰਘ ਦੀਆਂ ਲੰਡਨ ਵਿੱਚ ਨਿਲਾਮ ਹੋਈਆਂ ਕੁਰਸੀਆਂ

ਇਹ ਦੋ ਕੁਰਸੀਆਂ ਕ੍ਰਿਸਟੀਜ਼ ਦੁਆਰਾ 1984 ਵਿੱਚ ਅਰਲ ਆਫ਼ ਇਵੇਗ ਦੀ ਤਰਫੋਂ ਐਲਵੇਡਨ ਅਸਟੇਟ ਦੇ ਹਿੱਸੇ ਵਜੋਂ ਵੇਚੀਆਂ ਗਈਆਂ ਸਨ। ਮੰਨਿਆ ਜਾਂਦਾ ਹੈ ਕਿ ਇਹ ਕੁਰਸੀਆਂ ਮਹਾਰਾਜਾ ਦਲੀਪ ਸਿੰਘ ਦੇ ਦੇਹਾਂਤ ਤੋਂ ਬਾਅਦ ਘਰ ਵਿੱਚ ਬਚੀਆਂ ਕੁਝ ਚੀਜ਼ਾਂ ਵਿੱਚੋਂ ਇੱਕ ਸਨ।

# 1997 ਵਿੱਚ ਕਤਲ ਹੋਏ ਰਿੱਕੀ ਰੀਅਲ ਦੇ ਪ੍ਰੀਵਾਰ ਅਤੇ ਇਨਸਾਫ ਮੁਹਿੰਮਾਂ ਦੀ ਯੂ ਕੇ ਪੁਲਿਸ ਨੇ ਜਸੂਸੀ ਕੀਤੀ ਸੀ - ਪ੍ਰੀਵਾਰ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਸਿੱਖ ਕਾਰਕੁਨ ਸੁਖਦੇਵ ਕੌਰ ਰੀਅਲ ਨੇ ਵੀਰਵਾਰ ਨੂੰ ਲੰਡਨ ਵਿੱਚ ਇੱਕ ਅੰਡਰਕਵਰ ਪੁਲਿਸ ਪਬਲਿਕ ਇਨਕੁਆਰੀ ਪ੍ਰੋਗਰਾਮ ਵਿੱਚ ਆਪਣੀ ਧੀ ਤੀਸ਼ਾ ਨਾਲ ਗੱਲ ਸੰਬੋਧਨ ਕਰਦਿਆਂ, ਉਸਨੇ ਮੈਟਰੋਪੋਲੀਟਨ ਪੁਲਿਸ ਦੀ ਉਸਦੇ ਪਰਿਵਾਰ ਦੀ ਜਾਸੂਸੀ ਕਰਨ ਲਈ ਨਿੰਦਾ ਕੀਤੀ। ਕਿਉਂਕਿ 20 ਅਕਤੂਬਰ 1997 ਵਿੱਚ ਉਸਦੇ ਪੁੱਤਰ ਲਖਵਿੰਦਰ ਰਿੱਕੀ ਸਿੰਘ ਰੀਅਲ ਦੀ ਮੌਤ ਹੋ ਗਈ ਸੀ, ਜਿਸ ਦੀ ਲਾਸ਼ ਥੇਮਸ ਨਦੀ 'ਚੋਂ 5 ਦਿਨਾਂ ਬਾਅਦ ਬਰਾਮਦ ਹੋਈ ਸੀ। ਪ੍ਰੀਵਾਰ ਦੇ ਦੋਸ਼ ਸਨ ਕਿ ਰਿੱਕੀ ਦਾ ਕਤਲ ਹੋਇਆ ਹੈ। ਉਹਨਾਂ ਸ਼ੱਕੀ ਨਫ਼ਰਤੀ ਅਪਰਾਧ ਕਤਲ ਦੇ ਸੰਬੰਧ ਵਿੱਚ ਪੁਲਿਸ ਤੇ ਨਸਲਵਾਦ ਅਤੇ ਲਾਪਰਵਾਹੀ ਦਾ ਦੋਸ਼ ਲਾਇਆ ਸੀ। ਉਪਰੰਤ ਉਹਨਾਂ ਨੇ ਜਸਟਿਸ ਫਾਰ ਰਿੱਕੀ ਨਾਮ ਦੀ ਮੁਹਿੰਮ ਸ਼ੁਰੂ ਕੀਤੀ। ਜਿਸ ਤੇ ਪੁਲਿਸ ਵੱਲੋਂ ਨਜ਼ਰ ਰੱਖੀ ਗਈ। ਪੁਲਿਸ ਜਾਸੂਸੀ ਰਣਨੀਤੀਆਂ ਦੀ ਸਮੀਖਿਆ ਕਰਨ ਲਈ ਗੈਰ-ਵਰਗੀਕ੍ਰਿਤ ਜਾਣਕਾਰੀ ਦੀ ਜਾਂਚ ਕਰਦੀ 2020 ਤੋਂ ਚੱਲ ਰਹੀ ਇੱਕ ਇਤਿਹਾਸਕ ਜਾਂਚ ਜਿਸ ਵਿੱਚ ਸਿੱਖਾਂ ਸਮੇਤ ਘੱਟ ਗਿਣਤੀ ਬ੍ਰਿਟਿਸ਼ ਭਾਈਚਾਰਿਆਂ ਅਤੇ ਕਾਰਕੁਨਾਂ ਨੂੰ ਨਸਲਵਾਦੀ ਤਰੀਕੇ ਨਾਲ ਨਿਸ਼ਾਨਾ ਬਣਾਉਣ ਦਾ ਖੁਲਾਸਾ ਹੋਇਆ ਹੈ।

ਸੁਖਦੇਵ ਦੀ ਜਾਸੂਸੀ ਉਦੋਂ ਕੀਤੀ ਗਈ ਜਦੋਂ ਪੁਲਿਸ ਦਾ ਨਸਲਵਾਦ ਉਸਦੇ ਪੁੱਤਰ ਰਿੱਕੀ ਦੀ ਮੌਤ ਦੀ ਢੁਕਵੀਂ ਜਾਂਚ ਨੂੰ ਰੋਕ ਰਹੀ ਸੀ। ਪੁਲਿਸ ਨੇ ਉਨ੍ਹਾਂ ਦੀ ਨਿਆਂ ਮੁਹਿੰਮ ਵਿੱਚ ਵਿਘਨ ਪਾਉਣਾ ਸ਼ੁਰੂ ਕਰ ਦਿੱਤਾ। ਸੁਖਦੇਵ ਰੀਲ ਨੇ ਆਪਣੇ ਬਿਆਨ ਵਿੱਚ ਨਸਲਵਾਦ ਦਾ ਖੁਲਾਸਾ ਕੀਤਾ ਹੈ। ਸੁਖਦੇਵ ਰੀਅਲ ਅਤੇ ਤੀਸ਼ਾ ਰੀਅਲ ਨੇ ਪੁਲਿਸ ਤੋਂ ਸਵਾਲਾਂ ਦਾ ਜਵਾਬ ਮੰਗਿਆ ਹੈ। ਮੈਟਰੋਪੁਲੀਟਨ ਪੁਲਿਸ ਦੇ ਦਸਤਾਵੇਜ਼, ਹੱਥ ਲਿਖਤ ਅਤੇ ਜਾਂਚ ਰਿਪੋਰਟਾਂ ਤੋਂ ਪਤਾ ਲੱਗਦਾ ਹੈ ਕਿ ਡੇਵਿਡ ਹੇਗਨ ਨਾਮ ਦੇ ਇੱਕ ਐਸ ਡੀ ਐਸ ਖੁਫੀਆ ਅਧਿਕਾਰੀ ਨੇ ਰੀਅਲ ਪ੍ਰੀਵਾਰ ਦੇ ਬਾਰੇ ਜਾਣਕਾਰੀ ਇਕੱਠੀ ਕੀਤੀ ਸੀ, ਜਿਸ ਨੂੰ ਐਚ ਐਨ 81 ਦੇ ਨਾਮ ਨਾਲ ਵੀ ਜਾਣਿਆਂ ਜਾਂਦਾ ਹੈ। ਉਸ ਨੇ ਮੁਹਿੰਮ ਵਿੱਚ ਘੁਸਪੈਠ ਕਰਕੇ ਪ੍ਰੀਵਾਰ, ਉਹਨਾਂ ਦੇ ਹਮਾਇਤੀਆਂ ਅਤੇ ਰੋਸ ਪ੍ਰਦਰਸ਼ਨਾਂ ਬਾਰੇ ਜਾਣਕਾਰੀ ਇਕੱਤਰ ਕੀਤੀ ਸੀ।



ਰਿੱਕੀ ਰੀਅਲ

ਸਪਾਈ ਕੌਪਸ ਜਾਂਚ ਵਿੱਚ ਪਹਿਲਾਂ ਇਹ ਵੀ ਖੁਲਾਸਾ ਹੋਇਆ ਸੀ ਕਿ 80 ਦੇ ਦਹਾਕੇ ਦੇ ਸਾਊਥਾਲ (ਪੱਛਮੀ ਲੰਡਨ) ਨਸਲਵਾਦ ਵਿਰੋਧੀ ਅੰਦੋਲਨਾਂ ਜੋ ਸਥਾਨਕ ਸਿੱਖ ਭਾਈਚਾਰਿਆਂ ਨਾਲ ਜੁੜੇ ਹੋਏ ਸਨ, ਨੂੰ ਵੀ ਗੁਪਤ ਅਧਿਕਾਰੀਆਂ ਦੁਆਰਾ ਨਿਸ਼ਾਨਾ ਬਣਾਇਆ ਗਿਆ ਸੀ, ਜਿਨ੍ਹਾਂ ਵਿੱਚ ਕਈਆਂ ਤੇ ਨਸਲਵਾਦ ਦਾ ਸ਼ੱਕ ਸੀ। ਇਹ ਖੁਲਾਸੇ ਸਿੱਖਾਂ ਅਤੇ ਬ੍ਰਿਟਿਸ਼ ਰਾਜ ਵਿਚਕਾਰ ਅਵਿਸ਼ਵਾਸ ਦੀਆਂ ਭਾਵਨਾਵਾਂ ਨੂੰ ਵਧਾਉਣਗੇ। ਜਿਕਰਯੋਗ ਹੈ ਕਿ ਪੁਲਿਸ ਇਸ ਕਤਲ ਮਾਮਲੇ ਨੂੰ ਅਜੇ ਤੱਕ ਹੱਲ ਨਹੀਂ ਕਰ ਸਕੀ।

# ਸਭ ਤੋਂ ਵੱਧ ਗਿਣਤੀ ਵਿੱਚ ਭਾਰਤੀ ਵਿਦਿਆਰਥੀ ਅਤੇ ਕਾਮੇ ਬਰਤਾਨੀਆਂ ਛੱਡ ਕੇ ਜਾ ਰਹੇ ਹਨ - ਰਾਸ਼ਟਰੀ ਅੰਕੜੇ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਦੇ ਰਾਸ਼ਟਰੀ ਅੰਕੜਾ ਦਫਤਰ ਦੇ ਅੰਕੜਿਆਂ ਮੁਤਾਬਿਕ ਯੂ ਕੇ ਛੱਡਣ ਵਾਲਿਆਂ ਦੀ ਗਿਣਤੀ ਵਿੱਚ ਭਾਰਤੀ ਵਿਦਿਆਰਥੀ ਅਤੇ ਕਾਮੇ ਸਭ ਤੋਂ ਉੱਪਰ ਹਨ ਕਿਉਂਕਿ ਦੇਸ਼ ਦੇ ਨਵੇਂ ਸ਼ੁੱਧ ਪ੍ਰਵਾਸ ਅੰਕੜਿਆਂ ਵਿੱਚ 204,000 ਦੀ ਗਿਰਾਵਟ ਆਈ ਹੈ, ਜੋ ਕਿ 2023 ਤੋਂ 80 ਪ੍ਰਤੀਸ਼ਤ ਘੱਟ ਹੈ।

ਯੂ ਕੇ ਦੇ ਰਾਸ਼ਟਰੀ ਅੰਕੜਾ ਦਫਤਰ ਦੇ ਅੰਕੜਿਆਂ ਤੋਂ ਪਤਾ ਚੱਲਦਾ ਹੈ ਕਿ ਜੂਨ 2025 ਨੂੰ ਖਤਮ ਹੋਏ ਸਾਲ ਵਿੱਚ ਵਿਦਿਆਰਥੀ ਵੀਜ਼ਾ 'ਤੇ ਲਗਭਗ 45,000 ਭਾਰਤੀਆਂ ਅਤੇ ਕੰਮ ਨਾਲ ਸਬੰਧਤ ਵੀਜ਼ਾ 'ਤੇ 22,000 ਪੇਸ਼ੇਵਰਾਂ ਨੇ ਯੂ ਕੇ ਛੱਡ ਦਿੱਤਾ ਸੀ। ਹੋਰ ਵੀਜ਼ਾ ਸ਼੍ਰੇਣੀ ਦੇ ਅਧੀਨ 7,000 ਦੇ ਕਰੀਬ ਭਾਰਤੀ ਨਾਗਰਿਕਾਂ ਨੇ ਵੀ ਦੇਸ਼ ਛੱਡ ਦਿੱਤਾ, ਜਿਸ ਨਾਲ ਕੁੱਲ 74,000 ਭਾਰਤੀ ਪਰਵਾਸੀਆਂ ਨੇ ਬਰਤਾਨੀਆਂ ਨੂੰ ਅਲਵਿਦਾ ਕਿਹਾ ਅਤੇ ਇਸ ਤੋਂ ਬਾਅਦ 42,000 ਚੀਨੀ ਨਾਗਰਿਕ ਯੂ ਕੇ ਛੱਡਣ ਵਾਲਿਆਂ ਦੀ ਗਿਣਤੀ ਨਾਲ ਦੂਜੇ ਸਥਾਨ ਤੇ ਹਨ।

ਓ ਐਨ ਐਸ ਨੇ ਡਾਟਾ ਜਾਰੀ ਕਰਦਿਆਂ ਕਿਹਾ ਹੈ ਕਿ ਯੂ ਕੇ ਤੋਂ ਪਰਵਾਸ ਕਰਨ (ਜਾਂ ਛੱਡਣ) ਵਾਲਿਆਂ ਵਿੱਚ ਗੈਰ ਯੂਰਪੀਅਨ ਯੂਨੀਅਨ ਲੋਕਾਂ 'ਚੋਂ ਭਾਰਤੀ ਸਭ ਤੋਂ ਵੱਧ ਹਨ।ਅੰਕੜਿਆਂ ਅਨੁਸਾਰ ਯੂ ਕੇ ਵਿੱਚ ਇਮੀਗ੍ਰੇਸ਼ਨ ਦੇ ਮਾਮਲੇ ਵਿੱਚ ਭਾਰਤੀ ਸਿਖਰਲੇ ਸਥਾਨ 'ਤੇ ਬਣੇ ਹੋਏ ਹਨ ਜਿਹਨਾਂ ਵਿੱਚੋਂ 90,000 ਵਿਦਿਆਰਥੀ ਵੀਜ਼ਾ ਅਤੇ 46,000 ਕੰਮਕਾਰ ਦੇ ਵੀਜ਼ਿਆਂ ਨੂੰ ਪ੍ਰਾਪਤ ਕਰਕੇ ਆਏ ਹਨ।

ਭਾਰਤੀ, ਪਾਕਿਸਤਾਨੀ, ਚੀਨੀ ਅਤੇ ਨਾਈਜੀਰੀਅਨ ਦੇ ਲੋਕ ਪੰਜ ਸਭ ਤੋਂ ਵੱਧ ਯੂ ਕੇ ਵਿੱਚ ਆਉਣ ਵਾਲੇ ਗੈਰ ਈ ਯੂ ਮੁਲਕਾਂ ਦੇ ਲੋਕਾਂ ਵਿੱਚੋਂ ਹਨ।ਹਾਲ ਹੀ ਦੇ ਸਾਲਾਂ ਵਿੱਚ ਆਰਥਿਕਤਾ 'ਤੇ ਵਧ ਰਹੇ ਇਮੀਗ੍ਰੇਸ਼ਨ ਅੰਕੜਿਆਂ ਦੇ ਦਬਾਅ ਕਾਰਨ ਸ਼ੁੱਧ ਪ੍ਰਵਾਸ ਨੂੰ ਘਟਾਉਣਾ, ਜਾਂ ਆਉਣ ਅਤੇ ਜਾਣ ਵਾਲੇ ਲੋਕਾਂ

## ਇੱਕ ਸਾਲ ਵਿੱਚ 45,000 ਭਾਰਤੀ ਵਿਦਿਆਰਥੀਆਂ ਅਤੇ ਕੰਮ ਨਾਲ ਸਬੰਧਤ ਵੀਜ਼ਾ ਵਾਲੇ 22,000 ਪੇਸ਼ੇਵਰਾਂ ਸਮੇਤ 74000 ਭਾਰਤੀਆਂ ਨੇ ਯੂ ਕੇ ਛੱਡਿਆ

ਦੀ ਗਿਣਤੀ ਵਿੱਚ ਅੰਤਰ, ਬ੍ਰਿਟਿਸ਼ ਸਰਕਾਰ ਦੀਆਂ ਤਰਜੀਹਾਂ ਵਿੱਚੋਂ ਇੱਕ ਰਿਹਾ ਹੈ।

ਓ ਐਨ ਐਸ ਦੀ ਆਬਾਦੀ ਅਤੇ ਜਨਗਣਨਾ ਬਾਰੇ ਕਾਰਜਕਾਰੀ ਨਿਰਦੇਸ਼ਕ ਮੈਰੀ ਗ੍ਰੈਗਰੀ ਨੇ ਕਿਹਾ ਕਿ ਮਹਾਂਮਾਰੀ ਲੌਕਡਾਊਨ ਪਾਬੰਦੀਆਂ ਹਟਾਉਣ ਅਤੇ ਯੂ ਕੇ ਦੇ ਯੂਰਪੀ ਸੰਘ ਤੋਂ ਬਾਹਰ ਨਿਕਲਣ ਤੋਂ ਬਾਅਦ ਨਵੀਂ ਇਮੀਗ੍ਰੇਸ਼ਨ ਪ੍ਰਣਾਲੀ ਪੇਸ਼ ਕਰਨ ਤੋਂ ਬਾਅਦ ਨੈੱਟ ਮਾਈਗ੍ਰੇਸ਼ਨ ਸਭ ਤੋਂ ਹੇਠਲੇ ਪੱਧਰ 'ਤੇ ਹੈ।

ਇਹ ਗਿਰਾਵਟ ਮੁੱਖ ਤੌਰ 'ਤੇ ਕੰਮ ਅਤੇ ਪੜ੍ਹਾਈ ਨਾਲ ਸਬੰਧਤ ਨਿਯਮਾਂ ਕਰਕੇ ਯੂਰਪੀ ਸੰਘ ਤੋਂ ਬਾਹਰੋਂ ਘੱਟ ਲੋਕਾਂ ਦੇ ਆਉਣ ਕਾਰਨ ਹੈ, ਜਿਸ ਵਿੱਚ (ਡਿਪੈਂਡੈਂਟ ਵੀਜ਼ਾ ਵਾਲੇ) ਨਿਰਭਰ ਲੋਕਾਂ ਦੀ ਗਿਣਤੀ ਵਿੱਚ ਭਾਰੀ ਗਿਰਾਵਟ ਆਈ ਹੈ। ਯੂ ਕੇ ਦੀ ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ, ਜਿਸਨੇ ਇਮੀਗ੍ਰੇਸ਼ਨ ਅੰਕੜਿਆਂ ਨੂੰ ਘਟਾਉਣ ਦੀ ਕੋਸ਼ਿਸ਼ ਵਿੱਚ ਇਸ ਮਹੀਨੇ ਸੰਸਦ ਵਿੱਚ ਕਈ ਸਖ਼ਤ ਉਪਾਅ ਪੇਸ਼ ਕੀਤੇ ਹਨ, ਨੇ ਤਾਜ਼ਾ ਅੰਕੜਿਆਂ ਦਾ ਸਵਾਗਤ ਕੀਤਾ ਜਿਸ ਵਿੱਚ ਉਸਨੇ ਕਿਹਾ ਕਿ ਸ਼ੁੱਧ ਪ੍ਰਵਾਸ ਅੱਧੇ ਦਹਾਕੇ ਵਿੱਚ ਆਪਣੇ ਸਭ ਤੋਂ ਹੇਠਲੇ ਪੱਧਰ 'ਤੇ ਸੀ ਅਤੇ ਇਸ ਸਰਕਾਰ ਦੇ ਅਧੀਨ ਦੋ-ਤਿਹਾਈ ਤੋਂ ਵੱਧ ਘਟ ਗਿਆ ਹੈ।

ਵਰਕ ਰਾਈਟਸ ਸੈਂਟਰ ਚੈਰਿਟੀ ਨੇ ਚੇਤਾਵਨੀ ਦਿੱਤੀ ਕਿ ਹੁਨਰਮੰਦ ਵਰਕਰ ਵੀਜ਼ਿਆਂ ਵਿੱਚ ਤਿੰਨ ਸਾਲਾਂ ਦੇ ਹੇਠਲੇ ਪੱਧਰ 'ਤੇ ਆਉਣਾ ਬ੍ਰਿਟਿਸ਼ ਉਦਯੋਗਾਂ ਅਤੇ ਸੇਵਾਵਾਂ ਨੂੰ ਪ੍ਰਭਾਵਿਤ ਕਰ ਰਿਹਾ ਹੈ, ਜਿਸ ਦਾ ਅਸਰ ਆਉਂਦੇ ਸਮੇਂ ਵਿੱਚ ਆਰਥਿਕ ਵਿਕਾਸ ਦੇ ਅੰਕੜਿਆਂ ਨੂੰ

# ਬਰਤਾਨਵੀ ਵਿਦੇਸ਼ ਮੰਤਰੀ ਨੂੰ ਜਗਤਾਰ ਸਿੰਘ ਜੌਹਲ ਦੀ ਰਿਹਾਈ ਅਤੇ ਵਾਪਸੀ ਨੂੰ ਲੈ ਕੇ ਅੱਪਡੇਟ ਜਾਰੀ ਕਰਨ ਲਈ 150 ਤੋਂ ਵੱਧ ਸੰਸਦ ਮੈਂਬਰਾਂ ਨੂੰ ਸਿੱਖਾਂ ਨੇ ਲਿਖੇ ਪੱਤਰ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪਿਛਲੇ ਛੇ ਦਿਨਾਂ ਵਿੱਚ ਸੈਂਕੜੇ ਹਲਕਿਆਂ ਦੇ ਸਿੱਖਾਂ ਅਤੇ ਸੰਸਥਾਵਾਂ ਨੇ 150 ਤੋਂ ਵੱਧ ਸੰਸਦ ਮੈਂਬਰਾਂ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਉਹ ਵਿਦੇਸ਼ ਮੰਤਰੀ ਯਵੇਟ ਕੂਪਰ ਨੂੰ ਬ੍ਰਿਟਿਸ਼ ਨਾਗਰਿਕ ਜਗਤਾਰ ਸਿੰਘ ਜੌਹਲ ਦੀ ਰਿਹਾਈ ਅਤੇ ਵਾਪਸੀ ਨੂੰ ਸੁਰੱਖਿਅਤ ਕਰਨ ਲਈ ਹੁਣ ਤੱਕ ਦੇ ਕੂਟਨੀਤਕ ਯਤਨਾਂ ਦੀ ਜਾਣਕਾਰੀ ਦੇਣ ਦੀ ਮੰਗ ਕਰਨ।*

ਜਗਤਾਰ 8 ਸਾਲਾਂ ਤੋਂ ਵੱਧ ਸਮੇਂ ਤੋਂ ਇੱਕ ਭਾਰਤੀ ਜੇਲ੍ਹ ਵਿੱਚ ਮਨਮਾਨੀ ਨਜ਼ਰਬੰਦੀ ਵਿੱਚ ਹੈ। ਯਵੇਟ ਕੂਪਰ ਦੀ ਜਗਤਾਰ ਦੇ ਭਰਾ ਅਤੇ ਐਮ ਪੀ ਡਗਲਸ ਮੈਕਐਲਿਸਟਰ ਨਾਲ ਹੋਈ ਮੁਲਾਕਾਤ ਵੀ ਨਿਰਾਸ਼ਾਜਨਕ ਦੱਸੀ ਜਾ ਰਹੀ ਹੈ। ਕਿਉਂਕਿ ਪਿਛਲੇ 6 ਮਹੀਨਿਆਂ ਵਿੱਚ ਯੂ ਕੇ ਅਤੇ ਭਾਰਤ ਦੀਆਂ ਮੀਟਿੰਗਾਂ ਵਿੱਚ ਸਿਰਫ 'ਚਿੰਤਾਵਾਂ ਇਜ਼ਹਾਰ ਕੀਤੀਆਂ' ਸਨ, ਪਰ ਜਗਤਾਰ ਦੀ ਰਿਹਾਈ ਲਈ ਜ਼ੋਰ ਪਾਉਣ ਵਿੱਚ ਅਸਫਲ ਰਹੀ।

ਸੰਸਦ ਮੈਂਬਰਾਂ ਵੱਲੋਂ ਹੁਣ ਵੀਰਵਾਰ ਨੂੰ ਹਾਊਸ ਆਫ਼ ਕਾਮਨਜ਼ ਵਿੱਚ ਇਸ ਮਾਮਲੇ ਨੂੰ ਉਠਾਉਣ ਦੀ ਸੰਭਾਵਨਾ ਹੈ, ਸਿੱਖ ਫੈਡਰੇਸ਼ਨ ਯੂ ਕੇ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਕਈ ਸੰਸਦ ਮੈਂਬਰਾਂ ਨੇ



ਵਾਅਦਾ ਕੀਤਾ ਹੈ ਕਿ ਉਹ ਵਿਦੇਸ਼ ਮੰਤਰੀ ਨੂੰ ਜਗਤਾਰ ਸਿੰਘ ਜੌਹਲ ਦੇ ਮਾਮਲੇ ਵਿੱਚ ਕੀਤੀ ਗਈ ਕੂਟਨੀਤਕ ਕਾਰਵਾਈ ਬਾਰੇ ਸਦਨ ਨੂੰ ਰਸਮੀ ਅਪਡੇਟ ਦੇਣ ਲਈ ਕਹਿਣਗੇ ਕਿਉਂਕਿ ਇਹ ਸੰਸਦ ਮੈਂਬਰਾਂ ਲਈ ਵੀ ਬਹੁਤ ਜ਼ਿਆਦਾ ਚਿੰਤਾ ਦਾ ਵਿਸ਼ਾ ਹੈ।

ਪ੍ਰਾਪਤ ਜਾਣਕਾਰੀ ਅਨੁਸਾਰ ਵਿਦੇਸ਼ ਮੰਤਰੀ ਨੂੰ ਇਸ ਹਫਤੇ ਵੀਰਵਾਰ ਨੂੰ ਸੰਸਦ ਦੇ ਅੰਦਰ ਜੱਗੀ ਜੌਹਲ ਦੇ ਮਾਮਲੇ ਵਿੱਚ ਸੰਸਦ ਮੈਂਬਰਾਂ ਅਤੇ ਸਿੱਖ ਭਾਈਚਾਰੇ ਦੇ ਪ੍ਰਤੀਨਿਧੀਆਂ ਦੇ ਇੱਕ ਵਫ਼ਦ ਨੂੰ ਮਿਲਣ ਦੀ ਮੰਗ ਵੀ ਕੀਤੀ ਜਾਵੇਗੀ।

## ਬਰਤਾਨੀਆਂ ਦੀ ਵਿਦੇਸ਼ ਮੰਤਰੀ ਨਾਲ ਮੁਲਾਕਾਤ ਤੋਂ ਬਾਅਦ ਸਰਕਾਰ ਦੀ ਕਾਰਗੁਜ਼ਾਰੀ ਤੋਂ ਜਗਤਾਰ ਸਿੰਘ ਜੱਗੀ ਜੌਹਲ ਦਾ ਪ੍ਰੀਵਾਰ ਅਸੰਤੁਸ਼ਟ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੀ ਵਿਦੇਸ਼ ਮੰਤਰੀ ਯਵੇਟ ਕੂਪਰ ਨਾਲ ਮੁਲਾਕਾਤ ਤੋਂ ਬਾਅਦ ਭਾਰਤ ਵਿੱਚ ਬੰਦ ਜਗਤਾਰ ਸਿੰਘ ਕੱਗੀ ਜੌਹਲ ਦੇ ਭਰਾ ਗੁਰਪ੍ਰੀਤ ਸਿੰਘ ਜੌਹਲ ਨੇ ਸਰਕਾਰ ਦੀ ਕਾਰਗੁਜ਼ਾਰੀ ਤੋਂ ਅਸ਼ੰਤੁਸ਼ਟੀ ਪ੍ਰਗਟ ਕੀਤੀ ਹੈ। ਭਾਰਤ ਵਿੱਚ ਮਨਮਾਨੇ ਢੰਗ ਨਾਲ ਨਜ਼ਰਬੰਦ ਕੀਤੇ ਗਏ ਜੱਗੀ ਜੌਹਲ ਦੇ ਭਰਾ ਨੇ ਕਿਹਾ ਹੈ ਕਿ ਵਿਦੇਸ਼ ਮੰਤਰੀ ਨਾਲ ਉਸਦੀ ਮੁਲਾਕਾਤ "ਹੁਣ ਤੱਕ ਦੀਆਂ ਸਭ ਤੋਂ ਨਿਰਾਸ਼ਾਜਨਕ ਮੁਲਾਕਾਤਾਂ ਵਿੱਚੋਂ ਇੱਕ" ਸੀ। ਗੁਰਪ੍ਰੀਤ ਸਿੰਘ ਜੌਹਲ ਨੇ ਵਿਦੇਸ਼ ਮੰਤਰੀ ਨੂੰ ਯਵੇਟ ਕੂਪਰ ਨਾਲ ਮੁਲਾਕਾਤ ਕਰਕੇ ਪੁੱਛਿਆ ਕਿ ਭਾਰਤ ਵਿੱਚ ਨਜ਼ਰਬੰਦ ਉਸਦੇ ਭਰਾ ਦੀ ਰਿਹਾਈ ਨੂੰ ਸੁਰੱਖਿਅਤ ਕਰਨ ਦੀ ਯੂ ਕੇ ਸਰਕਾਰ ਕੀ ਯੋਜਨਾ ਬਣਾ ਰਹੀ ਹੈ? ਜਿਸ ਦਾ ਉਸ ਨੂੰ ਸੰਤੁਸ਼ਟ ਜਵਾਬ ਨਹੀਂ ਮਿਲਿਆ।*

ਗੁਰਪ੍ਰੀਤ ਸਿੰਘ ਜੌਹਲ ਨੇ ਕਿਹਾ ਕਿ ਸੱਚ ਕਹਾਂ ਤਾਂ, ਮੈਨੂੰ ਨਹੀਂ ਪਤਾ ਕਿ ਮੈਂ ਇਸ ਲਈ ਗਲਾ-ਸਗੋ ਤੋਂ ਰੇਲਗੱਡੀ ਰਾਹੀਂ ਲੰਡਨ ਕਿਉਂ ਆਇਆਂ ਹਾਂ। ਮੈਂ ਹੁਣ ਛੇ ਵਿਦੇਸ਼ ਮੰਤਰੀਆਂ ਨੂੰ ਮਿਲਿਆ ਹਾਂ ਅਤੇ ਇਹ ਹੁਣ ਤੱਕ ਦੀਆਂ ਸਭ ਤੋਂ ਨਿਰ-ਾਸ਼ਾਜਨਕ ਮੀਟਿੰਗਾਂ ਵਿੱਚੋਂ ਇੱਕ ਹੈ। ਆਰਬਿਟ੍ਰੇਰੀ ਡਿਟੈਂਸ਼ਨ ਅਤੇ ਬੰਧਕ ਮਾਮਲਿਆਂ ਬਾਰੇ ਆਲ-ਪਾਰਟੀ ਪਾਰਲੀਮੈਂਟਰੀ ਗਰੁੱਪ ਦੀ ਚੇਅਰਪਰਸਨ, ਅਲੀਸੀਆ ਕੇਅਰਨਜ਼ ਐਮ ਪੀ, ਨੇ ਕਿਹਾ ਕਿ "ਜਗਤਾਰ ਦਾ ਪਰਿਵਾਰ ਪ੍ਰੇਸ਼ਾਨ ਹੈ। ਉਸ ਨੂੰ ਇੱਕ ਖ਼ਤਰਨਾਕ ਜੇਲ੍ਹ ਵਿੱਚ ਭੇਜ ਦਿੱਤਾ ਗਿਆ ਹੈ। ਕਿਹਾ ਜਾ ਰਿਹਾ ਹੈ ਕਿ ਲੇਬਰ ਸਰਕਾਰ ਨੇ ਜੱਗੀ ਨੂੰ ਘਰ ਲਿਆਉਣ ਦੇ ਦੋ ਮੌਕੇ ਗਵਾ ਦਿੱਤੇ ਹਨ ਇੱਕ ਜਦੋਂ ਉਸਨੂੰ ਮਾਰਚ ਵਿੱਚ ਕੁਝ ਦੋਸ਼ਾਂ ਤੋਂ ਬਰੀ ਕੀਤਾ ਸੀ ਅਤੇ ਦੂਜਾ ਜਦੋਂ ਉਨ੍ਹਾਂ ਨੇ ਭਾਰਤ ਵਪਾਰ ਸੌਦੇ 'ਤੇ ਦਸਤਖਤ ਕੀਤੇ ਸਨ।

ਵਿਦੇਸ਼, ਰਾਸ਼ਟਰਮੰਡਲ ਅਤੇ ਵਿਕਾਸ ਦਫਤਰ ਦੇ ਬੁਲਾਰੇ ਨੇ ਕਿਹਾ ਹੈ ਕਿ ਅਸੀਂ ਭਾਰਤ ਸਰਕਾਰ ਨਾਲ ਹਰ ਢੁਕਵੇਂ ਮੌਕੇ 'ਤੇ ਜੱਗੀ ਜੌਹਲ ਦੀ ਲੰਮੀ ਨਜ਼ਰਬੰਦੀ ਬਾਰੇ ਚਿੰਤਾਵਾਂ ਜ਼ਾਹਰ ਕਰਦੇ ਰਹਿੰਦੇ ਹਾਂ ਅਤੇ ਉਸ ਉੱਤੇ ਤਸ਼ੱਦਦ ਦੇ ਦੋਸ਼ਾਂ ਦੀ ਜਾਂਚ ਸਮੇਤ, ਤੇਜ਼ੀ ਨਾਲ ਕੰਮ ਕਰਨ ਦੀ ਲੋੜ ਹੈ।

## ਸੰਤ ਬਾਬਾ ਨਾਹਰ ਸਿੰਘ ਜੀ ਸਨੇਰਾ ਵਾਲਿਆਂ ਦੀ 17ਵੀਂ ਸਲਾਨਾ ਬਰਸੀ ਸਬੰਧੀ ਸਮਾਗਮ ਸੰਪੰਨ



ਸੰਤ ਬਾਬਾ ਸੁਖਜੀਤ ਸਿੰਘ ਸੀਚੇਵਾਲ ਅਤੇ ਪ੍ਰਸਿੱਧ ਪੰਜਾਬੀ ਗਾਇਕ ਸੁਖਸਿੰਦਰ ਸਿੰਦਾ ਨੂੰ ਸਨਮਾਨਿਤ ਕਰਦੇ ਹੋਏ ਰਣਜੀਤ ਸਿੰਘ ਰਾਣਾ ਤੇ ਜਸਵਿੰਦਰ ਸਿੰਘ ਕਾਲਾ।

**ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਿੰਧਾਤਾ ਅਤੇ ਮਹਾਨ ਸਿੱਖ ਪਰੰਪਰਾ ਨੂੰ ਸਮਰਪਿਤ ਸੰਤ ਬਾਬਾ ਨਹਾਰ ਸਿੰਘ ਜੀ ਦੇ ਸਨੇਰਾ ਵਾਲਿਆ ਦੀ 17ਵੀ ਸਲਾਨਾ ਬਰਸੀ ਸਮਾਗਮ ਗੁਰੂਦੁਆਰਾ ਬਾਬੇ ਕੇ ਹੋਕਲੀ ਸੋਹੇ ਹਿਲ਼ ਇੰਗਲੈਂਡ ਵਿੱਖੇ 26 ਨਵੰਬਰ ਤੋ ਸ਼ੁਰੂ ਹੋਕੇ 1 ਦਸੰਬਰ ਤੱਕ ਕਰਵਾਏ ਗਏ। ਇਸ ਮੌਕੇ ਤੇ ਵੱਡੀ ਗਿਣਤੀ ਵਿੱਚ ਸੰਤ ਮਹਾਪੁਰਸ਼ਾ ਨੇ ਆਪਣੀ ਹਾਜਰੀ ਭਰੀ, ਇਸ ਮੌਕੇ ਤੇ ਸੰਤ ਬਾਬਾ ਸੁਖਜੀਤ ਸਿੰਘ ਸੀਚੇਵਾਲ, ਸੰਤ ਬਾਬਾ ਹਰਜੀਤ ਸਿੰਘ ਮਹਿਤਾ ਚੌਂਕ ਵਾਲੇ, ਭਾਈ ਜਸ਼ਨਪ੍ਰੀਤ ਸਿੰਘ, ਭਾਈ ਨਿਰਮਲ ਸਿੰਘ ਨੇ ਵੀ ਹਾਜ਼ਰੀ ਭਰੀ। ਇਨਾ ਸਮਾਗਮਾਂ ਚ ਵਿਸ਼ੇਸ਼ ਤੌਰ ਤੇ ਪੁੱਜੇ ਪ੍ਰਸਿੱਧ ਪੰਜਾਬੀ ਗਾਇਕ ਸੁਖਸ਼ਿੰਦਰ ਸ਼ਿੰਦਾ ਅਤੇ ਭਾਈ ਮਨਿੰਦਰ ਸਿੰਘ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਸੰਤ ਬਾਬਾ ਸੁਖਜੀਤ ਸਿੰਘ ਸੀਚੇਵਾਲ ਤੇ ਜਸਵਿੰਦਰ ਸਿੰਘ ਕਾਲਾ ਯੂ ਕੇ ਮਨਜੀਤ ਸਿੰਘ ਭੋਗਲ ਐਡਵੋਕੇਟ ਵੀ ਹਾਜ਼ਰ ਸਨ। ਇਸ ਮੌਕੇ ਤੇ ਸੁਖਜਿੰਦਰ ਸਿੰਘ ਸੁੱਖੀ ਰਾਗੀ, ਗਿਆਨੀ ਜੁਝਾਰ ਸਿੰਘ, ਹਰਪ੍ਰੀਤ ਸਿੰਘ ਜੱਡੂ, ਰਸ਼ਪਾਲ ਸਿੰਘ, ਹਰਪਾਲ ਸਿੰਘ, ਮਨਤੋਜ ਸਿੰਘ, ਸੱਗੂ ਸਮੇਤ ਹੋਰ ਬਹੁਤ ਸਾਰੇ ਜਥਿਆਂ ਨੇ ਸੰਗਤਾਂ ਨੂੰ ਕਥਾ ਕੀਰਤਨ ਰਾਹੀਂ ਸ ਨਿਹਾਲ ਕੀਤਾ। ਇਸ ਮੌਕੇ ਤੇ ਗੁਰਮੀਤ ਸਿੰਘ ਸੈਂਤੀ, ਬਲਕਾਰ ਸਿੰਘ ਗੋਪੀ, ਅਮਗੇਰ ਸਿੰਘ ਮੀਤਾ, ਨਗਿੰਦਰ ਸਿੰਘ ਧੰਜਲ ਨੇ ਵੀ ਸੰਗਤਾਂ ਚ ਹਾਜ਼ਿਰ ਹੋ ਕੇ ਹੱਥੀ ਸੇਵਾ ਕੀਤੀ। ਇਸ ਮੌਕੇ ਤੇ ਲੰਗਰ ਦੀ ਸੇਵਾ ਬੀਬੀ ਨਿਦਰ ਕੌਰ, ਬੀਬੀ ਜਸਬੀਰ ਕੌਰ, ਬੀਬੀ ਨਿਰੰਜਣ ਕੌਰ, ਬੀਬੀ ਨਗਿੰਦਰ ਕੌਰ ਤੋ ਇਲਾਵਾ ਹੋਰ ਵੀ ਬਹੁਤ ਸਾਰੀਆਂ ਬੀਬੀਆ ਨੇ ਨਿਭਾਈ। ਸਟੇਜ ਦੀ ਸੇਵਾ ਜਸਵਿੰਦਰ ਸਿੰਘ ਕਾਲਾ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਨਿਭਾਈ। ਗੁਰੂ ਕਾ ਅਟੁਟ ਲੰਗਰ ਵੀ ਵਰਤਾਇਆ ਗਿਆ।**

# ਬਰਤਾਨੀਆਂ ਦੀ ਸੰਸਦ ਵਿੱਚ ਯੂਨਾਈਟਡ ਸਿੱਖਸ (ਗਲੋਬਲ) ਅਤੇ ਚੀਫ ਖਾਲਸਾ ਦੀਵਾਨ ਅਫਗਾਨਿਸਤਾਨ ਵੱਲੋਂ ਸ਼ਹੀਦੀ ਸਮਾਗਮ



ਨਰਪਿੰਦਰ ਕੌਰ ਮਾਨ ਦਾ ਸਨਮਾਨ ਕਰਦੇ ਹੋਏ ਐਮ ਪੀ ਬੌਬ ਬਲੈਕਮੈਨ ਅਤੇ ਸੰਸਦ ਮੈਂਬਰਾਂ ਨਾਲ ਖਾਲਸਾ ਦੀਵਾਨ ਦੇ ਆਗੂ ਹੋਰ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਦੀ ਸੰਸਦ ਵਿੱਚ ਯੂਨਾਈਟਡ ਸਿੱਖਸ (ਗਲੋਬਲ) ਅਤੇ ਚੀਫ ਖਾਲਸਾ ਦੀਵਾਨ ਅਫਗਾਨਿਸਤਾਨ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਪੁਰਬ ਦੇ ਸਬੰਧ ਵਿੱਚ ਬਰਤਾਨੀਆਂ ਦੀ ਸੰਸਦ ਵਿੱਚ ਵਿਸ਼ੇਸ਼ ਸਮਾਗਮ ਕਰਵਾਏ ਗਏ।*

## ਨਰਪਿੰਦਰ ਕੌਰ ਮਾਨ ਦਾ ਮਨੁੱਖਤਾ ਦੀ ਸੇਵਾ ਲਈ ਸਨਮਾਨ

ਗੁਰਬਾਣੀ ਕੀਰਤਨ ਉਪਰੰਤ ਖਾਲਸਾ ਦੀਵਾਨ ਅਫਗਾਨਿਸਤਾਨ ਦੇ ਪ੍ਰਧਾਨ ਹਰਿੰਦਰ ਸਿੰਘ ਮਾਦਾਨ, ਭਜਨ ਸਿੰਘ ਕਪੂਰ, ਡਾ: ਜੋਗਿੰਦਰ ਸਿੰਘ ਤੇਜ ਖੁਰਾਣਾ, ਨੈਨਸੀ ਗਰੋਵਰ ਅਤੇ ਹੋਰ ਬੁਲਾਰਿਆਂ ਨੇ ਗੁਰੂ ਸਾਹਿਬਾਨ ਦੇ ਜੀਵਨ ਅਤੇ ਸਿੱਖਿਆਵਾਂ ਬਾਰੇ ਵਿਚਾਰ ਪੇਸ਼ ਕੀਤੇ ਗਏ। ਇਸ ਮੌਕੇ ਪਦਮ ਸ੍ਰੀ ਸਨਮਾਨ ਪ੍ਰਾਪਤ ਐਮ ਪੀ ਬੌਬ ਬਲੈਕਮੈਨ ਅਤੇ ਸਵੈ ਇੱਛਤ ਯੂ ਕੇ ਛੱਡਣ ਵਾਲੇ ਭਾਰਤੀਆਂ ਅਤੇ ਮ੍ਰਿਤਕ ਭਾਰਤੀਆਂ ਦੀਆਂ ਲਾਸ਼ਾਂ ਨੂੰ ਭਾਰਤ ਭੇਜਣ ਲਈ ਪਿਛਲੇ 20 ਸਾਲਾਂ ਤੋਂ ਨਿਰਸਵਾਰਥ ਸੇਵਾਵਾਂ ਕਰਨ ਵਾਲੀ ਯੂਨਾਈਟਡ ਸਿੱਖਸ (ਗਲੋਬਲ) ਦੀ ਡਾਇਰੈਕਟਰ ਨਰਪਿੰਦਰ ਕੌਰ ਮਾਨ ਦਾ ਉਮਰ ਭਰ ਦੀਆਂ ਪ੍ਰਾਪਤੀਆਂ ਪੁਰਸਕਾਰ ਨਾਲ ਸਨਮਾਨ ਕੀਤਾ ਗਿਆ। ਨਰਪਿੰਦਰ ਹੁਣ ਤੱਕ ਸੈਂਕੜੇ ਲੋੜਵੰਦ ਭਾਰਤੀਆਂ ਨੂੰ ਵਾਪਿਸ ਭਾਰਤ ਜਾਣ ਵਿੱਚ ਅਤੇ 40 ਤੋਂ ਵੱਧ ਮ੍ਰਿਤਕ ਭਾਰਤੀਆਂ ਦੀਆਂ ਲਾਸ਼ਾਂ ਭੇਜਣ ਲਈ ਅਹਿਮ ਰੋਲ ਅਦਾ ਕਰ ਚੁੱਕੀ ਹੈ।

ਇਸ ਮੌਕੇ ਐਮ ਪੀ ਤਨਮਨਜੀਤ ਸਿੰਘ ਢੇਸੀ, ਐਮ ਪੀ ਗੁਰਿੰਦਰ ਸਿੰਘ ਜੋਸਨ, ਐਮ ਪੀ ਵਰਿੰਦਰ ਸਿੰਘ ਜੱਸ ਆਦਿ ਤੋਂ ਇਲਾਵਾ ਅਫਗਾਨਿਸਤਾਨ ਤੋਂ ਆਏ ਪ੍ਰਮੁੱਖ ਸਿੱਖ ਆਗੂ ਹਾਜ਼ਰ ਸਨ।

# ਲੰਮੇ ਸਮੇਂ ਤੋਂ ਬਾਅਦ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦੁਰ ਸਾਹਿਬ ਲੈਸਟਰ ਦੇ ਸੰਵਿਧਾਨ ਚ ਸੋਧ ਕਰਨ ਲਈ ਵੋਟਾਂ 21 ਨੂੰ

***ਗੁਰੂ ਘਰ ਦੀ ਮੈਂਬਰਸ਼ਿਪ ਮਿਆਦ ਚ ਕੀਤਾ ਜਾਵੇਗਾ ਵਾਧਾ**
***ਪ੍ਰਬੰਧਕ ਕਮੇਟੀ ਦੀ ਮਿਆਦ 2 ਸਾਲ ਤੋਂ ਵਧਾ ਕੇ ਕੀਤੀ ਜਾਵੇਗੀ 3 ਸਾਲ**
*** 60 ਸਾਲ ਤੋਂ ਵਡੇਰੀ ਉਮਰ ਦੇ ਮੈਂਬਰਾਂ (ਵੋਟਰਾਂ) ਨੂੰ ਉਮਰ ਭਰ ਦੀ ਮੈਂਬਰਸ਼ਿੱਪ**

ਲੈਸਟਰ-(ਸੁਖਜਿੰਦਰ ਸਿੰਘ ਢੱਡੇ) - ਧਾਰਮਿਕ ਸਰਗਰਮੀਆਂ ਚ ਮੋਹਰੀ ਰਹਿਣ ਵਾਲੇ ਇੰਗਲੈਂਡ ਦੇ ਵੱਡੇ ਗੁਰੂ ਘਰਾਂ ਚ ਜਾਣੇ ਜਾਂਦੇ ਲੈਸਟਰ ਦੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਈਸਟ ਪਾਰਕ ਰੋਡ ਦਾ ਲੰਮੇ ਸਮੇਂ ਤੋਂ ਬਾਅਦ ਸੰਵਿਧਾਨ ਬਦਲ ਰਿਹਾ ਹੈ। ਇਸ ਸਬੰਧੀ ਪੰਜਾਬ ਟਾਈਮਜ਼ ਨੂੰ ਜਾਣਕਾਰੀ ਦਿੰਦਿਆਂ ਗੁਰਦੁਆਰਾ ਸਾਹਿਬ ਦੇ ਜਨਰਲ ਸਕੱਤਰ ਸਤਵਿੰਦਰ ਸਿੰਘ ਦਿਓਲ ਨੇ ਦੱਸਿਆ ਕਿ ਸੰਗਤਾਂ ਦੀ ਮੰਗ ਨੂੰ ਮੱਦੇਨਜ਼ਰ ਰੱਖਦਿਆਂ ਆਉਣ ਵਾਲੀ 21 ਦਸੰਬਰ ਨੂੰ ਗੁਰੂ ਘਰ ਦੇ ਸੰਵਿਧਾਨ ਵਿੱਚ ਵੱਡੀ ਰੱਦੋ ਬਦਲ ਕੀਤੀ ਜਾ ਰਹੀ ਹੈ ਅਤੇ ਕਾਫੀ ਸੁਧਾਰ ਕੀਤੇ ਜਾ ਰਹੇ ਹਨ। ਉਹਨਾਂ ਦੱਸਿਆ ਕਿ ਇਹ ਸੰਵਿਧਾਨ ਵੋਟਾਂ ਰਾਹੀਂ ਬਦਲਿਆ ਜਾਵੇਗਾ ਅਤੇ ਇਸ ਸਬੰਧੀ 21 ਦਸੰਬਰ ਨੂੰ ਗੁਰਦੁਆਰਾ ਸਾਹਿਬ ਵਿਖੇ ਸੰਗਤਾਂ ਦੀਆਂ ਵੋਟਾਂ ਪੈਣਗੀਆਂ। ਉਹਨਾਂ ਦੱਸਿਆ ਕਿ ਇਹਨਾਂ ਵੋਟਾਂ ਦੇ ਵਿੱਚ ਗੁਰਦੁਆਰਾ ਸਾਹਿਬ ਦੇ ਵੋਟਰ ਮੈਂਬਰ ਹੀ ਆਪਣੀ ਵੋਟ ਦਾ ਇਸਤੇਮਾਲ ਕਰ ਸਕਦੇ ਹਨ।

ਸਤਵਿੰਦਰ ਸਿੰਘ ਦਿਓਲ ਨੇ ਦੱਸਿਆ ਕਿ ਬਦਲ ਰਹੇ ਸੰਵਿਧਾਨ ਮੁਤਾਬਕ ਹੁਣ ਗੁਰੂ ਘਰ ਦੀ ਕਮੇਟੀ ਦੀ ਟਰਮ ਦੋ ਸਾਲ ਤੋਂ ਵਧਾ ਕੇ ਤਿੰਨ ਸਾਲ ਅਤੇ ਮੈਂਬਰਸ਼ਿੱਪ ਦੀ ਮੁਨਿਆਦ ਦੋ ਸਾਲ ਤੋਂ ਵਧਾ ਕੇ 9 ਸਾਲ ਕੀਤੀ ਜਾਵੇਗੀ ਤੇ 60 ਸਾਲ ਤੋਂ ਵੱਧ ਉਮਰ ਦੇ ਮੈਂਬਰਾਂ ਨੂੰ ਜ਼ਿੰਦਗੀ ਭਰ ਲਈ ਗੁਰਦੁਆਰਾ ਸਾਹਿਬ ਦਾ ਮੈਂਬਰ (ਵੋਟਰ) ਬਣਾਇਆ ਜਾਵੇਗਾ। ਉਹਨਾਂ ਦੱਸਿਆ ਕਿ ਅਗਾਂਹ ਹੋਣ ਵਾਲੀਆਂ ਚੋਣਾਂ ਕਰਾਉਣ ਲਈ ਇੱਕ ਬੋਰਡ ਦਾ ਗਠਨ ਕੀਤਾ ਜਾਇਆ ਕਰੇਗਾ, ਜਿਸ ਵਿੱਚ ਗੁਰੂ ਘਰ ਦੀਆਂ ਚੋਣਾਂ ਵਿੱਚ ਭਾਗ ਲੈਣ ਵਾਲੇ ਵੱਖ-ਵੱਖ ਗਰੁੱਪਾਂ ਦੇ ਦੋ-ਦੋ ਨੁਮਾਇੰਦੇ ਸ਼ਾਮਿਲ ਕਰਨੇ ਜ਼ਰੂਰੀ ਹੋਣਗੇ। ਜ਼ਿਕਰਯੋਗ ਹੈ ਕਿ ਇੰਗਲੈਂਡ ਅਤੇ ਯੂਰਪ ਭਰ ਚੋਂ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਲੈਸਟਰ ਦੀ ਸਟੇਜ ਵੱਡੀਆਂ ਪੰਥਕ ਸਟੇਜਾਂ ਵਿੱਚੋਂ ਮੰਨੀ ਜਾਂਦੀ ਹੈ। ਪਿਛਲੇ ਕੁਝ ਸਾਲਾਂ ਤੋਂ ਇਸ ਗੁਰੂ ਘਰ ਵਿੱਚ ਤੀਰ ਗਰੁੱਪ ਦੀ ਪ੍ਰਬੰਧਕ ਕਮੇਟੀ ਗੁਰੂਘਰ ਦਾ ਪ੍ਰਬੰਧ ਸੰਭਾਲ ਰਹੀ ਹੈ। ਜਿਸ ਦੇ ਬਹੁਤ ਹੀ ਗਿਆਨਵਾਨ ਅਤੇ ਪੜ੍ਹੇ ਲਿਖੇ ਪੰਥਕ ਅਤੇ ਗੁਰਬਾਣੀ ਦੀ ਸੂਝ-ਬੂਝ ਰੱਖਣ ਵਾਲੇ ਨੌਜਵਾਨ ਰਾਜਮਨਵਿੰਦਰ ਸਿੰਘ ਰਾਜਾ ਕੰਗ ਮੁੱਖ ਸੇਵਾਦਾਰ ਚਲੇ ਆ ਰਹੇ ਸਨ, ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੀਆਂ ਪਿਛਲੀਆਂ ਚੋਣਾਂ ਵਿੱਚ ਤੀਰ ਗਰੁੱਪ ਵੱਲੋਂ ਸਰਬਸੰਮਤੀ ਨਾਲ ਪ੍ਰਧਾਨਗੀ ਪਦ ਲਈ ਐਲਾਨੇ ਗਏ ਉਮੀਦਵਾਰ ਗੁਰਨਾਮ ਸਿੰਘ ਨਵਾਂ ਸ਼ਹਿਰ ਇਸ ਵੇਲੇ ਗੁਰੂ ਘਰ ਦੇ ਮੁੱਖ ਸੇਵਾਦਾਰ ਦੀ ਸੇਵਾ ਨਿਭਾਅ ਰਹੇ ਹਨ।



ਵੋਟਾਂ ਸਬੰਧੀ ਜਾਣਕਾਰੀ ਦਿੰਦੇ ਹੋਏ ਗੁਰੂ ਘਰ ਦੇ ਜਨਰਲ ਸਕੱਤਰ ਸਤਵਿੰਦਰ ਸਿੰਘ ਦਿਓਲ ਅਤੇ ਹੋਰ ਕਮੇਟੀ ਮੈਂਬਰ।

## ਆਕਸਫੋਰਡ ਯੂਨੀਵਰਸਿਟੀ ਪ੍ਰੈਸ ਵੱਲੋਂ 'ਰੇਜ਼ ਬੇਟ' ਸ਼ਬਦ ਨੂੰ ਸਾਲ ਦਾ ਸ਼ਬਦ ਐਲਾਨਿਆ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਗੁੱਸੇ ਜਾਂ ਗੁੱਸੇ ਨੂੰ ਭੜਕਾਉਣ ਲਈ ਜਾਣਬੁੱਝ ਕੇ ਤਿਆਰ ਕੀਤੀ ਗਈ ਔਨਲਾਈਨ ਸਮੱਗਰੀ ਲਈ ਵਰਤੇ ਜਾਣ ਵਾਲੇ ਸ਼ਬਦ 'ਰੇਜ਼ ਬੇਟ' ਨੂੰ ਆਕਸਫੋਰਡ ਯੂਨੀਵਰਸਿਟੀ ਪ੍ਰੈਸ ਨੇ ਸਾਲ ਦਾ ਸ਼ਬਦ ਐਲਾਨਿਆ ਹੈ। ਆਕਸਫੋਰਡ ਯੂਨੀਵਰਸਿਟੀ ਪ੍ਰੈਸ, ਜੋ ਕਿ ਆਕਸਫੋਰਡ ਇੰਗਲਿਸ਼ ਡਿਕਸ਼ਨਰੀ ਦੇ ਪ੍ਰਕਾਸ਼ਕ ਹੈ ਵੱਲੋਂ ਹਰ ਨਵੇਂ ਸ਼ਬਦਾਂ ਨੂੰ ਡਿਕਸ਼ਨਰੀ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ। ਇਹਨਾਂ ਸ਼ਬਦਾਂ ਵਿੱਚੋਂ ਸਾਲ ਵਿੱਚ ਸਭ ਤੋਂ ਵੱਧ ਪ੍ਰਸਿੱਧ ਜਾਂ ਵਰਤੇ ਜਾਣ ਵਾਲੇ ਸ਼ਬਦ ਨੂੰ ਸਾਲ ਦਾ ਸ਼ਬਦ ਨਾਮ ਦਿੱਤਾ ਜਾਂਦਾ ਹੈ। ਆਕਸਫੋਰਡ ਯੂਨੀਵਰਸਿਟੀ ਪ੍ਰੈਸ ਨੇ ਕਿਹਾ ਕਿ ਇਹ ਸ਼ਬਦ ਇੱਕ ਨਾਂਵ ਹੈ ਜੋ ਔਨਲਾਈਨ ਸਮੱਗਰੀ ਨੂੰ ਵਰਣਨ ਕਰਦਾ ਹੈ ਜੋ ਨਿਰਾਸ਼ਾਜਨਕ, ਭੜਕਾਊ, ਜਾਂ ਅਪਮਾਨਜਨਕ ਹੋਣ ਲਈ ਤਿਆਰ ਕੀਤੀ ਹੁੰਦੀ ਹੈ, ਆਮ ਤੌਰ 'ਤੇ ਕਿਸੇ ਖਾਸ ਵੈੱਬ ਪੇਜ ਜਾਂ ਸੋਸ਼ਲ ਮੀਡੀਆ ਖਾਤੇ 'ਤੇ ਟ੍ਰੈਫਿਕ ਵਧਾਉਣ ਜਾਂ ਉਸ ਨਾਲ ਜੁੜਨ ਲਈ ਪੋਸਟ ਕੀਤੀ ਜਾਂਦੀ ਹੈ। ਆਕਸਫੋਰਡ ਯੂਨੀਵਰਸਿਟੀ ਨੇ ਪਾਇਆ ਕਿ ਇਸਦੇ ਭਾਸ਼ਾ ਨਿਗਰਾਨੀ ਡੇਟਾ ਦੇ ਅਧਾਰ 'ਤੇ, ਪਿਛਲੇ 12 ਮਹੀਨਿਆਂ ਵਿੱਚ ਇਸ ਸ਼ਬਦ ਦੀ ਵਰਤੋਂ ਵਿੱਚ ਤਿੰਨ ਗੁਣਾ ਵਾਧਾ ਹੋਇਆ ਹੈ।

## ਜੱਗੀ ਜੌਹਲ ਤਿਹਾੜ ਜੇਲ੍ਹ ਵਿੱਚ ਤਬਦੀਲ

### ✪ ਪਰਿਵਾਰ ਨੇ ਦੱਸਿਆ ਜਾਨ ਨੂੰ ਖ਼ਤਰਾ

ਜੱਗੀ ਜੌਹਲ ਅਤੇ ਉਸਦਾ ਭਰਾ ਗੁਰਪ੍ਰੀਤ ਸਿੰਘ ਜੌਹਲ



ਗਲਾਸਗੋ, (ਹਰਜੀਤ ਦੁਸਾਂਝ ਪੁਆਦੜਾ)-ਸਕਾਟਲੈਂਡ ਦੇ ਡੰਬਾਰਟਨ ਕਸਬੇ ਦੇ 38 ਸਾਲਾ ਸਿੱਖ ਬ੍ਰਿਟਿਸ਼ ਨਾਗਰਿਕ ਜਗਤਾਰ ਸਿੰਘ ਉਰਫ਼ ਜੱਗੀ ਜੌਹਲ ਨੂੰ ਅੱਠ ਸਾਲ ਪਹਿਲਾਂ ਜਲੰਧਰ ਦੇ ਇੱਕ ਬਜ਼ਾਰ ਚੋਂ ਪੁਲਿਸ ਨੇ ਹਿਰਾਸਤ ਵਿੱਚ ਲੈ ਲਿਆ ਸੀ ਅਤੇ ਉਦੋਂ ਤੋਂ ਹੀ ਜੇਲ੍ਹ ਵਿੱਚ ਨਜ਼ਰਬੰਦ ਹੈ। ਜੱਗੀ ਜੌਹਲ ਨੂੰ ਦੋ ਹਫ਼ਤੇ ਪਹਿਲਾਂ ਮੰਡੋਲੀ ਜੇਲ੍ਹ ਤੋਂ ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ ਗਿਆ ਹੈ।

ਜਗਤਾਰ ਸਿੰਘ ਜੱਗੀ ਦੇ ਵੱਡੇ ਭਰਾ ਗੁਰਪ੍ਰੀਤ ਸਿੰਘ ਜੌਹਲ ਨੇ ਕਿਹਾ ਕਿ ਇਹ ਸੋਚ ਕੇ ਬਹੁਤ ਡਰ ਲੱਗਦਾ ਹੈ ਕਿ ਉਸਦਾ ਭਰਾ ਦਿੱਲੀ ਦੀ ਤਿਹਾੜ ਜੇਲ੍ਹ ਵਿੱਚ ਬੰਦ ਹੈ, ਜੋ ਕਿ ਹਫੜਾ-ਦਫੜੀ, ਭੀੜ-ਭੜੱਕੇ ਅਤੇ ਹਿੰਸਾ ਲਈ ਮਸ਼ਹੂਰ ਹੈ ਅਤੇ ਤਿਹਾੜ ਜੇਲ੍ਹ ਭਾਰਤ ਦੀਆਂ ਸਭ ਤੋਂ ਭੈੜੀਆਂ ਜੇਲ੍ਹਾਂ ਵਿੱਚੋਂ ਇੱਕ ਹੈ। ਮੇਰੇ ਭਰਾ ਨੂੰ ਉੱਥੇ ਬੰਦ ਕਰਨ ਬਾਰੇ ਸੋਚਣਾ ਬਹੁਤ ਡਰਾਉਣਾ ਹੈ। ਪਰਿਵਾਰ ਨੂੰ ਡਰ ਹੈ ਕਿ ਉਸ 'ਤੇ ਹਮਲਾ ਕੀਤਾ ਜਾ ਸਕਦਾ ਹੈ ਜਾਂ ਮਾਰਿਆ ਵੀ ਜਾ ਸਕਦਾ ਹੈ।

ਉਹਨਾਂ ਕਿਹਾ ਕਿ ਇਹ ਸਿਧਾਂਤਕ ਨਹੀਂ ਹੈ, ਯੂਕੇ ਸਰਕਾਰ ਜਗਤਾਰ ਦੀ ਜ਼ਿੰਦਗੀ ਨਾਲ ਖੇਡ ਰਹੀ ਹੈ। ਜਗਤਾਰ ਨੂੰ ਭਾਰਤ ਦੇ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ ਦੇ ਤਹਿਤ, ਜੇਲ੍ਹ ਦੇ ਇੱਕ ਉੱਚ-ਜੋਖਮ ਵਾਲੇ ਵਿੰਗ ਵਿੱਚ ਰੱਖਿਆ ਗਿਆ ਹੈ। ਅਧਿਕਾਰੀਆਂ ਨੇ ਉਸਨੂੰ ਤਬਦੀਲ ਕਰਨ ਦਾ ਕੋਈ ਕਾਰਨ ਨਹੀਂ ਦੱਸਿਆ ਹੈ ਅਤੇ ਅਜਿਹਾ ਬਿਨਾਂ ਕਿਸੇ ਚੇਤਾਵਨੀ ਜਾਂ ਜਾਇਜ਼ਤਾ ਦੇ ਕੀਤਾ ਹੈ। ਪਿਛਲੀਆਂ ਰਿਪੋਰਟਾਂ ਦਰਸਾਉਂਦੀਆਂ ਹਨ ਕਿ ਇਨ੍ਹਾਂ ਵਿੰਗਾਂ ਵਿੱਚ ਕੈਦੀਆਂ ਨੂੰ ਗੰਭੀਰ ਕੁੱਟਮਾਰ ਅਤੇ ਤਸ਼ੱਦਦ ਦਾ ਸਾਹਮਣਾ ਕਰਨਾ ਪਿਆ ਹੈ।

JSR CONTRACTS LTD T/A
JSR 247 RECOVERY

Reliable Vehicle Transport & Recovery Services – Local and Nationwide

We provide professional and efficient vehicle transport solutions tailored to your needs:



- Local and Nationwide Vehicle Transport – Single or multiple vehicles
- Trade Plate Deliveries & Collections – Fast and compliant vehicle movements
- Auction Collections & Dealership Transfers – Safe and timely service
- Transport for Non-Runners & Damaged Vehicles – Secure and careful handling
- Customer Handovers, Scheduled Deliveries, Professional presentation every time
- Flexible Scheduling & Competitive Pricing – Quality service that fits your budget

Whether you're a dealership, trader, or private customer, we ensure your vehicles are transported safely and on time.

Contact us today for a reliable quote and hassle-free service!

We are available 24X7 and cover Bilston, West Bromwich, Dalston, Walsall, Wednesbury, Wednesfield, Willenhall, Wolverhampton, Dudley, Hilltop, Great Bridge and the surrounding areas for the recovery services. We have the full insurance.

ਜੇ.ਐਸ.ਆਰ. 247 ਰਿਕਵਰੀ

ਵੱਲੋਂ ਆਪ ਜੀ ਦੀ ਸਹੂਲਤ ਲਈ ਕਾਰ ਰਿਕਵਰੀ ਦਾ ਕੰਮ ਸ਼ੁਰੂ ਕੀਤਾ ਗਿਆ ਹੈ। ਆਪ ਜੀ ਦੇ ਸਹਿਯੋਗ ਦੀ ਲੋੜ ਹੈ।

ਕਿਰਪਾ ਕਰਕੇ ਸੇਵਾ ਦਾ ਮੌਕਾ ਦਿਓ।

* ਏਰੀਆ ਅਤੇ ਸਰਵਿਸ ਸੱਤੇ ਦਿਨ 24 ਘੰਟੇ ਤੁਹਾਡੀ ਸੇਵਾ ਵਿੱਚ ਹਾਜ਼ਰ ਹਨ।
* ਬਿਲਸਟਨ, ਵੈਸਟ ਬਰੋਮਵਿਚ, ਡਾਰਲਸਟਨ, ਵਾਲਸਾਲ, ਵੈਡਨਸਬਰੀ, ਵੈਡਨਸਫ਼ੀਲਡ, ਵਿਲਨਹਾਲ, ਵੁਲਵਰਹੈਂਪਟਨ, ਡਡਲੀ, ਹਿੱਲਟਾਪ, ਗ੍ਰੇਟ ਬ੍ਰਿਜ ਦੇ ਆਸ ਪਾਸ ਕਿਤੇ ਵੀ ਗੱਡੀ ਰਿਕਵਰੀ ਦੀ ਸਰਵਿਸ ਪ੍ਰਦਾਨ ਕਰਦੇ ਹਾਂ।
* ਇੱਕ ਜਾਂ ਵੱਧ ਕਾਰਾਂ, ਟ੍ਰੇਡ ਪਲੇਟ, ਲੋਕਲ ਜਾਂ ਪੂਰੇ ਯੂ ਕੇ ਵਿੱਚ ਚੱਕ ਤੇ ਛੱਡ ਸਕਦੇ ਹਾਂ।

ਸਾਡੇ ਕੋਲ ਪੂਰੀ ਇੰਸ਼ੋਰੈਂਸ ਹੈ। ਤੁਹਾਨੂੰ ਘਬਰਾਉਣ ਦੀ ਕੋਈ ਲੋੜ ਨਹੀ।

ਵਧੇਰੇ ਜਾਣਕਾਰੀ ਜਾਂ ਬੁਕਿੰਗ ਲਈ ਹੇਠਾਂ ਦਿੱਤੇ ਨੰਬਰ ਜਾਂ ਈਮੇਲ ਰਾਹੀਂ ਸੰਪਰਕ ਕਰੋ:

FOR MORE INFO CALL OR SEND MESSAGE TO:

WhatsApp Phone: 07462 760 215
Email:info@jsr247recovery.com
www.jsr247recovery.com



# ਬਰਤਾਨਵੀ ਵਿਦੇਸ਼ ਮੰਤਰੀ ਅਤੇ ਜੱਗੀ ਜੌਹਲ ਦੇ ਪ੍ਰੀਵਾਰ ਵਿਚਕਾਰ ਹੋਵੇਗੀ ਮੁਲਾਕਾਤ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਪ੍ਰਾਪਤ ਜਾਣਕਾਰੀ ਅਨੁਸਾਰ ਅਗਲੇ ਦਿਨਾਂ ਵਿੱਚ ਬਰਤਾਨੀਆਂ ਦੀ ਵਿਦੇਸ਼ ਮੰਤਰੀ ਯਵੇਟ ਕੂਪਰ ਅਤੇ ਭਾਰਤ ਵਿੱਚ ਬੰਦ ਜਗਤਾਰ ਸਿੰਘ ਜੱਗੀ ਜੌਹਲ ਦੇ ਪ੍ਰੀਵਾਰਿਕ ਮੈਂਬਰਾਂ ਰ ਅਤੇ ਉਨ੍ਹਾਂ ਦੇ ਸੰਸਦ ਮੈਂਬਰ, ਡਗਲਸ ਮੈਕਐਲਿਸਟਰ ਨਾਲ ਇੱਕ ਮੀਟਿੰਗ ਹੋਣ ਜਾ ਰਹੀ ਹੈ। ਜਿਸ ਵਿੱਚ ਪ੍ਰੀਵਾਰ ਵੱਲੋਂ ਜੱਗੀ ਜੌਹਲ ਦੀ ਰਿਹਾਈ ਅਤੇ ਯੂ ਕੇ ਵਾਪਸੀ ਦੀ ਮੰਗ ਦੇ ਨਾਲ ਨਾਲ ਸਰਕਾਰ ਵੱਲੋਂ ਹੁਣ ਤੱਕ ਕੀਤੇ ਯਤਨਾਂ ਬਾਰੇ ਜਾਣਕਾਰੀ ਲੈਣ ਦੀ ਕੋਸ਼ਿਸ਼ ਕੀਤੀ ਜਾਵੇਗੀ। ਇਸ ਮੀਟਿੰਗ ਤੋਂ ਪਹਿਲਾਂ ਸਿੱਖ ਫੈਡਰੇਸ਼ਨ (ਯੂ.ਕੇ.) ਵੱਲੋਂ ਸੰਸਦ ਮੈਂਬਰਾਂ ਨੂੰ ਵਿਦੇਸ਼ ਮੰਤਰੀ ਯਵੇਟ ਕੂਪਰ 'ਤੇ ਦਬਾਅ ਪਾਉਣ ਲਈ ਮੁਹਿੰਮ ਸ਼ੁਰੂ ਕੀਤੀ ਹੈ। ਜਿਸ ਤਹਿਤ 100 ਤੋਂ ਵੱਧ ਸੰਸਦ ਮੈਂਬਰਾਂ ਨੂੰ ਸੈਂਕੜੇ ਪੱਤਰ ਸਿੱਖ ਭਾਈਚਾਰੇ ਵੱਲੋਂ ਭੇਜੇ ਗਏ ਹਨ ਤਾਂ ਜੋ ਬ੍ਰਿਟਿਸ਼ ਨਾਗਰਿਕ, ਜਗਤਾਰ ਸਿੰਘ ਜੌਹਲ ਦੀ ਰਿਹਾਈ ਅਤੇ ਵਾਪਸੀ ਨੂੰ ਸੁਰੱਖਿਅਤ ਕਰਨ ਲਈ ਬਰਤਾਨਵੀ ਸਰਕਾਰ ਦੀਆਂ ਕਾਰਵਾਈਆਂ ਬਾਰੇ ਪਤਾ ਲੱਗ ਸਕੇ।

ਇਸ ਪੱਤਰ ਵਿੱਚ ਸੰਸਦ ਮੈਂਬਰਾਂ ਨੂੰ ਯਾਦ ਦਿਵਾਇਆ ਗਿਆ ਹੈ ਕਿ ਵਿਰੋਧੀ ਧਿਰ ਵਿੱਚ ਹੁੰਦਿਆਂ ਲੇਬਰ ਲੀਡਰ ਵਜੋਂ ਕੀਰ ਸਟਾਰਮਰ ਅਤੇ ਸ਼ੈਡੋ ਵਿਦੇਸ਼ ਮੰਤਰੀ ਵਜੋਂ ਡੇਵਿਡ ਲੈਮੀ ਨੇ ਸਵੀਕਾਰ ਕੀਤਾ ਸੀ ਕਿ ਜਗਤਾਰ ਸਿੰਘ ਜੌਹਲ ਨੂੰ 4 ਨਵੰਬਰ 2017 ਤੋਂ ਭਾਰਤੀ ਜੇਲ੍ਹ ਵਿੱਚ ਮਨਮਾਨੀ ਨਜ਼ਰਬੰਦ ਕੀਤਾ ਹੋਇਆ ਹੈ। ਇਸ ਆਧਾਰ 'ਤੇ ਜੂਨ 2022 ਵਿੱਚ ਕੀਰ ਸਟਾਰਮਰ ਨੇ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਨੂੰ ਯੂ ਕੇ ਸਰਕਾਰ ਤੋਂ ਇਹ ਸਵੀਕਾਰ ਕਰਵਾਉਣ ਲਈ ਲਿਖਿਆ ਸੀ।

ਬੋਰਿਸ ਜੌਹਨਸਨ ਨੇ ਪ੍ਰਧਾਨ ਮੰਤਰੀ ਵਜੋਂ 7 ਜੁਲਾਈ 2022 ਨੂੰ ਅਸਤੀਫਾ ਦੇਣ ਤੋਂ ਠੀਕ ਪਹਿਲਾਂ, ਸਿੱਖ ਫੈਡਰੇਸ਼ਨ (ਯੂ.ਕੇ.) ਦੇ ਚੇਅਰਮੈਨ ਭਾਈ ਅਮਰੀਕ ਸਿੰਘ ਨੂੰ ਲਿਖੇ ਇੱਕ ਪੱਤਰ ਵਿੱਚ ਜਗਤਾਰ ਦੀ ਭਾਰਤ ਵਿੱਚ ਮਨਮਾਨੀ ਨਜ਼ਰਬੰਦੀ ਨੂੰ ਸਪੱਸ਼ਟ ਤੌਰ 'ਤੇ ਸਵੀਕਾਰ ਕੀਤਾ ਸੀ। ਵਿਰੋਧੀ ਧਿਰ ਵਿੱਚ ਹੁੰਦਿਆਂ ਲੇਬਰ ਲੀਡਰਸ਼ਿਪ ਨੇ ਲਗਾਤਾਰ ਕੰਜ਼ਰਵੇਟਿਵ ਸਰਕਾਰ ਨੂੰ ਜੱਗੀ ਜੌਹਲ ਦੀ ਰਿਹਾਈ ਨੂੰ ਯਕੀਨੀ ਬਣਾਉਣ ਅਤੇ ਸਕਾਟਲੈਂਡ ਵਿੱਚ ਉਸਦੇ ਪਰਿਵਾਰ ਨਾਲ ਦੁਬਾਰਾ ਮਿਲਣ ਦੀ ਮੰਗ ਕੀਤੀ ਗਈ।

ਭਾਵੇਂ ਕਿ ਲੇਬਰ ਸਰਕਾਰ ਨੇ ਵਾਰ ਵਾਰ ਕਿਹਾ ਹੈ ਕਿ ਭਾਰਤ ਕੋਲ ਜੱਗੀ ਦਾ ਮਾਮਲਾ ਉਠਾਇਆ ਗਿਆ ਹੈ। ਲੇਕਿਨ ਪ੍ਰੀਵਾਰ ਅਤੇ ਸਿੱਖ ਭਾਈਚਾਰੇ ਵੱਲੋਂ ਮੰਗ ਹੈ ਕਿ ਯਵੇਟ ਕੂਪਰ ਸਤੰਬਰ 2025 ਵਿੱਚ ਵਿਦੇਸ਼



ਜਗਤਾਰ ਸਿੰਘ ਜੱਗੀ ਜੌਹਲ

ਮੰਤਰੀ ਬਣੀ ਸੀ ਅਤੇ ਕਈ ਲਿਖਤੀ ਬੇਨਤੀਆਂ ਦੇ ਬਾਵਜੂਦ ਬੀਤੇ ਸਮਿਆਂ ਵਿੱਚ ਦੋਵਾਂ ਦੇਸ਼ਾਂ ਦੇ ਪ੍ਰਧਾਨ ਮੰਤਰੀਆਂ ਵਿਚਾਲੇ ਦੋ ਮੀਟਿੰਗਾਂ ਵਿੱਚ ਜੱਗੀ ਜੌਹਲ ਬਾਰੇ ਕੀ ਚਰਚਾ ਹੋਈ ਸੀ, ਇਸ ਬਾਰੇ ਕੋਈ ਜਾਣਕਾਰੀ ਜਾਂ ਸਪੱਸ਼ਟੀਕਰਨ ਨਹੀਂ ਦਿੱਤਾ ਹੈ। ਅਗਲੇ ਹਫ਼ਤੇ ਦੇ ਸ਼ੁਰੂ ਵਿੱਚ ਵਿਦੇਸ਼ ਮੰਤਰੀ ਦੀ ਜਗਤਾਰ ਸਿੰਘ ਜੌਹਲ ਦੇ ਪਰਿਵਾਰ ਅਤੇ ਉਨ੍ਹਾਂ ਦੇ ਸੰਸਦ ਮੈਂਬਰ, ਡਗਲਸ ਮੈਕਐਲਿਸਟਰ ਨਾਲ ਹੋਣ ਵਾਲੀ ਮੀਟਿੰਗ ਵਿੱਚ ਕਾਫ਼ੀ ਕੁਝ ਸ਼ਪਸ਼ਟ ਹੋਣ ਦੀ ਸੰਭਾਵਨਾ ਹੈ।

ਸਿੱਖ ਫੈਡਰੇਸ਼ਨ (ਯੂ.ਕੇ.) ਦੇ ਭਾਈ ਅਮਰੀਕ ਸਿੰਘ ਗਿੱਲ ਅਤੇ ਦਬਿੰਦਰਜੀਤ ਸਿੰਘ ਓ. ਬੀ. ਈ. ਏ ਨੇ ਕਿਹਾ ਕਿ ਇਸ ਮੌਕੇ ਵਿਦੇਸ਼ ਮੰਤਰੀ ਯਵੇਟ ਕੂਪਰ ਨੂੰ ਜਗਤਾਰ ਸਿੰਘ ਜੌਹਲ ਦੀ ਰਿਹਾਈ ਅਤੇ ਵਾਪਸੀ ਨੂੰ ਯਕੀਨੀ ਬਣਾਉਣ ਲਈ ਯੂ ਕੇ ਸਰਕਾਰ ਦੇ ਯਤਨਾਂ 'ਤੇ ਪਰਿਵਾਰ ਨੂੰ ਸਪੱਸ਼ਟੀਕਰਨ ਦੇਣਾ ਚਾਹੀਦਾ ਹੈ।

## ਭਾਰਤੀ ਮੂਲ ਦੇ ਵਿਅਕਤੀ ਨੂੰ ਯੂ ਕੇ ਵਿੱਚ ਹੈਰੋਇਨ ਤਸਕਰੀ ਮਾਮਲੇ ਵਿੱਚ 10 ਸਾਲ ਦੀ ਕੈਦ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) 57 ਸਾਲਾ ਭਾਰਤੀ ਮੂਲ ਦੇ ਰਾਜੇਸ਼ ਬਖਸ਼ੀ ਨੂੰ ਯੂ ਕੇ ਵਿੱਚ ਹੈਰੋਇਨ ਤਸਕਰੀ ਕਰਨ ਦੀ ਸਾਜ਼ਿਸ਼ ਰਚਣ ਦੇ ਦੋਸ਼ ਵਿੱਚ 10 ਸਾਲ ਕੈਦ ਦੀ ਸਜ਼ਾ ਸੁਣਾਈ ਹੈ। ਜਦੋਂ ਕਿ ਉਸਦੇ ਸਹਿ-ਸਾਜ਼ਿਸ਼ਕਰਤਾ ਨੂੰ ਦੱਖਣ-ਪੂਰਬੀ ਇੰਗਲੈਂਡ ਵਿੱਚ ਇੱਕ ਮੁਕੱਦਮੇ ਤੋਂ ਬਾਅਦ ਨੌਂ ਸਾਲ ਦੀ ਸਜ਼ਾ ਸੁਣਾਈ ਗਈ।**

ਸਕਾਟਲੈਂਡ ਦੇ ਪੂਰਬੀ ਲੋਥੀਅਨ ਦੇ ਰਹਿਣ ਵਾਲੇ ਰਾਜੇਸ਼ ਬਖਸ਼ੀ ਨੂੰ ਕਲਾਸ ਏ ਡਰੱਗ ਦੀ ਤਸਕਰੀ ਕਰਨ ਦਾ ਦੋਸ਼ੀ ਮੰਨਿਆ ਸੀ ਜਦੋਂ ਇੱਕ ਨੈਸ਼ਨਲ ਕ੍ਰਾਈਮ ਏਜੰਸੀ (ਐਨ ਸੀ ਏ) ਦੀ ਜਾਂਚ ਵਿੱਚ 40 ਲੱਖ ਪੌਂਡ ਦੀ ਕੀਮਤ ਵਾਲੀ ਹੈਰੋਇਨ ਦੀ ਖੇਪ 'ਤੇ ਉਸਦੇ ਉਂਗਲਾਂ ਦੇ ਨਿਸ਼ਾਨ ਮਿਲੇ ਸਨ, ਜਿਸਨੂੰ ਜੂਨ 2022 ਵਿੱਚ ਡੋਵਰ ਬੰਦਰਗਾਹ 'ਤੇ ਰੋਕਿਆ ਗਿਆ ਸੀ। ਉਸਦੇ ਸਹਿ-ਸਾਜ਼ਿਸ਼ਕਰਤਾ, ਜੌਨ-ਪਾਲ ਕਲਾਰਕ 44 ਨੇ ਸ਼ਮੂਲੀਅਤ ਤੋਂ ਇਨਕਾਰ ਕੀਤਾ ਅਤੇ ਕੈਂਟਰਬਰੀ ਕਰਾਊਨ ਕੋਰਟ ਵਿੱਚ ਇੱਕ ਜਿਊਰੀ ਨੂੰ ਦੱਸਿਆ ਕਿ ਉਸਦਾ ਡੀ ਐਨ ਏ ਨਸ਼ੀਲੇ ਪਦਾਰਥਾਂ 'ਤੇ ਪਾਇਆ ਗਿਆ ਸੀ ਕਿਉਂਕਿ ਉਸਨੇ ਬਖਸ਼ੀ ਦਾ ਸਵੈਟਰ ਪਾਇਆ ਹੋਇਆ ਸੀ। ਐਨ ਸੀ ਏ ਦੇ ਸੀਨੀਅਰ ਜਾਂਚ ਅਧਿਕਾਰੀ ਜੂਲਸ ਹੈਰੀਮਨ ਨੇ ਕਿਹਾ, ਕਿ ਅਧਿਕਾਰੀਆਂ ਨੇ ਕਲਾਰਕ ਦੇ ਖਿਲਾਫ ਇੱਕ ਠੋਸ ਕੇਸ ਬਣਾਇਆ, ਜਿਸਨੇ ਸਪੱਸ਼ਟ ਤੌਰ 'ਤੇ ਜਿਊਰੀ ਦੀਆਂ ਅੱਖਾਂ ਵਿੱਚ ਘੱਟਾ ਪਾਉਣ ਦੀ ਕੋਸ਼ਿਸ਼ ਕੀਤੀ।

## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਪੁਰਬ ਮੌਕੇ ਸਮੈਦਿਕ ਵਿਖੇ ਸਮਾਗਮ

### ਗੁਰੂ ਸਾਹਿਬਾਨ ਦੀਆਂ ਨਿਸ਼ਾਨੀਆਂ ਦੇ ਕਰਵਾਏ ਦਰਸ਼ਨ




ਗੁਰੂ ਸਾਹਿਬਾਨ ਦੀਆਂ ਪਵਿੱਤਰ ਨਿਸ਼ਾਨੀਆਂ ਦੇ ਦਰਸ਼ਨ ਕਰਦੇ ਪ੍ਰਬੰਧਕ ਅਤੇ ਸੰਗਤਾਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350ਵੇਂ ਸ਼ਹੀਦੀ ਪੁਰਬ ਸਬੰਧੀ ਗੁਰੂ ਨਾਨਕ ਗੁਰਦੁਆਰਾ ਸਮੈਦਿਕ ਵਿਖੇ ਵਿਸ਼ੇਸ਼ ਸਮਾਗਮ ਕਰਵਾਏ ਗਏ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਜੀ ਭੋਗ ਉਪਰੰਤ ਗੁਰਬਾਣੀ ਕੀਰਤਨ ਕਥਾ ਵਿਚਾਰਾਂ ਤੋਂ ਇਲਾਵਾ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਕੜਾ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਢਾਲ, ਮਾਤਾ ਗੁਜਰੀ ਜੀ ਦੀਆਂ ਖੜਾਵਾਂ, ਸ੍ਰੀ ਗੁਰੂ ਰਾਮਦਾਸ ਜੀ ਦਾ ਖੂੰਡਾ, ਗੁਰੂ ਅਰਜਨ ਦੇਵ ਜੀ ਦਾ ਸਲੋਤਰ, ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮੇ, ਗੁਰੂ ਨਾਨਕ ਦੇਵ ਜੀ ਸਮੇਂ ਤੋਂ ਲੰਗਰਾਂ ਵਿੱਚ ਵਰਤਿਆ ਜਾਣ ਵਾਲਾ ਕੜਛਾ ਆਦਿ ਦੇ ਸੰਗਤਾਂ ਨੂੰ ਦਰਸ਼ਨ ਕਰਵਾਏ ਗਏ। ਇਹਨਾਂ ਇਤਿਹਾਸਕ ਨਿਸ਼ਾਨੀਆਂ ਦੀ ਸੰਭਾਲ ਭਾਈ ਬੂਟਾ ਸਿੰਘ ਭਾਈਰੂਪਾ ਵੱਲੋਂ ਕੀਤੀ ਜਾਂਦੀ ਹੈ ਅਤੇ ਯੂ ਕੇ ਵਿੱਚ ਸਤਿੰਦਰ ਸਿੰਘ ਕੈਨੇਡਾ, ਭਾਈ ਹਿੰਮਤ ਸਿੰਘ ਦੇ ਉਦਮ ਸਦਕਾ ਇਹਨਾਂ ਇਤਿਹਾਸਕ ਨਿਸ਼ਾਨੀਆਂ ਦੇ ਦਰਸ਼ਨ ਕਰਵਾਏ ਗਏ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਜਤਿੰਦਰ ਸਿੰਘ ਬਾਸੀ ਅਤੇ ਪ੍ਰਬੰਧਕ ਕਮੇਟੀ ਵੱਲੋਂ ਭਾਈ ਸਤਿੰਦਰ ਸਿੰਘ ਕੈਨੇਡਾ, ਭਾਈ ਹਿੰਮਤ ਸਿੰਘ ਭਾਈ ਰਛਪਾਲ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਅਜੀਤ ਨਾਲ ਗੱਲ ਕਰਦਿਆਂ ਸਥਾਨਿਕ ਐਮ ਪੀ ਗੁਰਿੰਦਰ ਸਿੰਘ ਜੋਸਨ ਨੇ ਕਿਹਾ ਕਿ ਅੱਜ ਦੀ ਪੀੜੀ ਨੂੰ ਗੁਰ ਇਤਿਹਾਸ ਤੋਂ ਜਾਣੂ ਕਰਵਾਉਣ ਲਈ ਪ੍ਰਬੰਧਕ ਕਮੇਟੀ ਵੱਲੋਂ ਸ਼ਲਾਘਾਯੋਗ ਉਪਰਾਲੇ ਕੀਤੇ ਜਾ ਰਹੇ ਹਨ। ਇਸ ਮੌਕੇ ਭਾਈ ਜਸਵਿੰਦਰ ਸਿੰਘ ਬਾਂਕਾ, ਸੁਰਿੰਦਰ ਸਿੰਘ, ਮਲਕੀਤ ਸਿੰਘ ਤੇਹਿੰਗ, ਮੱਖਣ ਸਿੰਘ ਪੱਡਾ, ਤਰਸੇਮ ਸਿੰਘ ਛੋਕਰ, ਕੁਲਦੀਪ ਸਿੰਘ ਦਿਓਲ, ਨਰਿੰਦਰ ਸਿੰਘ ਆਦਿ ਸਮੇਤ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਹਾਜ਼ਰ ਸਨ।

LEASE FOR SALE
ਗਰੀਨਫੋਰਡ ਵਿਖੇ ਐਸ ਐਸ ਧਾਲੀਵਾਲ ਕੇਟਰਿੰਗ, ਦੁਕਾਨ ਵਿਕਾਊ
ਕੀਮਤ (ਲੀਜ਼) = £1,10,000 (1 ਲੱਖ 10 ਹਜ਼ਾਰ)
Lease Price - £1,10,000
EST: 35 YEARS
Gary of GREENFORD
Open 7 Days a week: 1:00pm to 10:00pm
Now on Just Eat and Uber Eats
Collection Only
Buy One Pizza Get One FREE
ਪੀਜ਼ਾ ਅਤੇ ਲਜ਼ੀਜ਼ ਦੇਸੀ/ਪੰਜਾਬੀ ਖਾਣੇ


Weddings - Anniversaries, Birthdays-Engagements, Receptions - Corporate Events, Exhibitions, Private Parties
ਵਿਆਹ, ਜਨਮ ਦਿਨ, ਵਰ੍ਹੇਗੰਢ, ਮੰਗਣੀ/ ਕੁੜਮਾਈ ਅਤੇ ਹਰ ਤਰ੍ਹਾਂ ਦੀਆਂ ਵੱਡੀਆਂ ਛੋਟੀਆਂ ਪਾਰਟੀਆਂ ਲਈ ਕੇਟਰਿੰਗ ਕਰਦੇ ਹਾਂ:
ਵਧੇਰੇ ਜਾਣਕਾਰੀ ਲਈ ਮਿ: ਧਾਲੀਵਾਲ ਨਾਲ ਸੰਪਰਕ ਕਰੋ:
SS DHALIWAL CATERING
Tel: 0208 575 3600 / Mo: 07910 922 879
65 MARNHAM CRESCENT, GREENFORD, MIDDX, UB6 9SP

# ਪੰਜਾਬ 'ਯੂਰੇਨੀਅਮ ਹੌਟਸਪਾਟ' ਬਣਿਆ

## ○ ਭੂਜਲ ਵਿੱਚ ਯੂਰੇਨੀਅਮ ਦਾ ਖਤਰਾ ਗੰਭੀਰ: 62% ਨਮੂਨੇ ਖ਼ਤਰਨਾਕ ○ ਕਿਡਨੀ ਤੋਂ ਕੈਂਸਰ ਤੱਕ ਬਿਮਾਰੀਆਂ ਵਧੀਆਂ, ਮਾਲਵਾ ਸਭ ਤੋਂ ਵਧ ਸੰਕਟ ਵਿਚ

### ਨਿਊਜ਼ ਵਿਸ਼ਲੇਸ਼ਣ

ਪੰਜਾਬ ਦੇ ਲੋਕਾਂ ਲਈ ਇੱਕ ਚਿੰਤਾਜਨਕ ਖ਼ਬਰ ਸਾਹਮਣੇ ਆਈ ਹੈ। ਬੀਤੇ ਦਿਨੀਂ ਜਲ ਸ਼ਕਤੀ ਮੰਤਰਾਲੇ ਅਧੀਨ ਕੇਂਦਰੀ ਭੂਮੀਗਤ ਪਾਣੀ ਬੋਰਡ (ਸੀਜੀਡਬਲਿਊਬੀ) ਨੇ ਆਪਣੀ ਸਾਲਾਨਾ ਭੂਜਲ ਗੁਣਵੱਤਾ ਰਿਪੋਰਟ 2025 ਜਾਰੀ ਕੀਤੀ ਸੀ। ਇਸ ਰਿਪੋਰਟ ਵਿੱਚ ਖੁਲਾਸਾ ਹੋਇਆ ਸੀ ਕਿ ਪੰਜਾਬ ਵਿੱਚ 62.50 ਫੀਸਦੀ ਭੂਜਲ ਨਮੂਨਿਆਂ ਵਿੱਚ ਯੂਰੇਨੀਅਮ ਦਾ ਪੱਧਰ ਸੁਰੱਖਿਅਤ ਹੱਦ 30 ਪੀਪੀਬੀ (ਪਾਰਟਸ ਪਰ ਬਿਲੀਅਨ) ਤੋਂ ਵੱਧ ਹੈ। ਇਹ ਅੰਕੜਾ ਮਾਨਸੂਨ ਤੋਂ ਬਾਅਦ ਦਾ ਹੈ, ਜੋ ਮਾਨਸੂਨ ਤੋਂ ਪਹਿਲਾਂ ਦੇ 53.04 ਫੀਸਦੀ ਨਾਲ ਵੀ ਜ਼ਿਆਦਾ ਸੀ। ਇਹ ਨਤੀਜਾ ਪੂਰੇ ਦੇਸ਼ ਵਿੱਚ ਸਭ ਤੋਂ ਵੱਧ ਯੂਰੇਨੀਅਮ ਪ੍ਰਦੂਸ਼ਣ ਨੂੰ ਦਰਸਾਉਂਦਾ ਹੈ, ਜਿਸ ਨਾਲ ਪੰਜਾਬ ਨੂੰ 'ਯੂਰੇਨੀਅਮ ਹੌਟਸਪਾਟ' ਕਿਹਾ ਜਾ ਰਿਹਾ ਹੈ।

ਸੀਜੀਡਬਲਿਊਬੀ ਨੇ 2024 ਦੇ ਪੂਰਵ ਅਤੇ ਉੱਤਰ-ਮਾਨਸੂਨ ਸਮੇਂ ਪੂਰੇ ਭਾਰਤ ਵਿੱਚ 3,754 ਭੂਜਲ ਨਮੂਨੇ ਟੈਸਟ ਕੀਤੇ। ਇਨ੍ਹਾਂ ਵਿੱਚੋਂ 7.91 ਫੀਸਦੀ ਨਮੂਨਿਆਂ ਵਿੱਚ ਯੂਰੇਨੀਅਮ ਦਾ ਪੱਧਰ ਖ਼ਤਰਨਾਕ ਸੀਮਾ ਤੋਂ ਉੱਪਰ ਸੀ। ਪਰ ਪੰਜਾਬ ਵਿੱਚ ਇਹ ਅੰਕੜਾ ਬਹੁਤ ਜ਼ਿਆਦਾ ਹੈ। ਹਰਿਆਣਾ ਵਿੱਚ ਵੀ 23.75 ਫੀਸਦੀ ਨਮੂਨੇ ਪ੍ਰਭਾਵਿਤ ਹਨ, ਜਦਕਿ ਦਿੱਲੀ, ਕਰਨਾਟਕ ਅਤੇ ਉੱਤਰ ਪ੍ਰਦੇਸ਼ ਵਿੱਚ ਵੀ ਖ਼ਤਰਾ ਹੈ। ਰਿਪੋਰਟ ਕਹਿੰਦੀ ਹੈ ਕਿ ਉੱਤਰੀ ਭਾਰਤ, ਖ਼ਾਸ ਕਰਕੇ ਪੰਜਾਬ-ਹਰਿਆਣਾ ਖੇਤਰ, ਯੂਰੇਨੀਅਮ ਦੇ ਮੁੱਖ ਕੇਂਦਰ ਬਣ ਗਏ ਹਨ। ਜੇਕਰ ਤੁਰੰਤ ਕਦਮ ਨਾ ਚੁੱਕੇ ਗਏ ਤਾਂ ਪੀਣ ਵਾਲੇ ਪਾਣੀ ਦਾ ਗੰਭੀਰ ਸੰਕਟ ਖੜ੍ਹਾ ਹੋ ਜਾਵੇਗਾ। ਇਹ ਖੁਲਾਸਾ ਨਾ ਸਿਰਫ਼ ਡਰਾਉਣ ਵਾਲਾ ਹੈ, ਸਗੋਂ ਇਹ ਵੀ ਦੱਸਦਾ ਹੈ ਕਿ ਪੰਜਾਬ ਦੇ ਲੋਕ ਲੰਮੇ ਸਮੇਂ ਤੋਂ ਜ਼ਹਿਰੀਲੇ ਪਾਣੀ ਨੂੰ ਵਰਤ ਰਹੇ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਯੂਰੇਨੀਅਮ ਭੂਮੀ ਵਿੱਚ ਕੁਦਰਤੀ ਤੌਰ 'ਤੇ ਮੌਜੂਦ ਹੁੰਦਾ ਹੈ, ਪਰ ਇਸ ਦਾ ਪ੍ਰਦੂਸ਼ਣ ਵਧਣ ਦੇ ਕਾਰਨ ਮਨੁੱਖੀ ਗਤੀਵਿਧੀਆਂ ਨਾਲ ਜੁੜੇ ਹਨ।

ਯੂਰੇਨੀਅਮ ਪ੍ਰਦੂਸ਼ਣ ਦੇ ਮੁੱਖ ਕਾਰਨ: ਕੁਦਰਤੀ ਨਹੀਂ, ਮਨੁੱਖੀ ਗਲਤੀਆਂ- ਯੂਰੇਨੀਅਮ ਇੱਕ ਰੇਡੀਓਐਕਟਿਵ ਧਾਤ ਹੈ ਜੋ ਭੂਮੀ ਦੀਆਂ ਚੱਟਾਨਾਂ ਅਤੇ ਮਿੱਟੀ ਵਿੱਚ ਕੁਦਰਤੀ ਤੌਰ 'ਤੇ ਪਾਇਆ ਜਾਂਦਾ ਹੈ। ਸੀਜੀਡਬਲਿਊਬੀ ਦੀ ਰਿਪੋਰਟ ਅਨੁਸਾਰ, ਪੰਜਾਬ ਵਿੱਚ ਇਸ ਦਾ ਵਧਣਾ ਜੀਓਜੈਨਿਕ ਕਾਰਨਾਂ (ਭੂ-ਪ੍ਰਕਿਰਤਿਕ ਕਾਰਨਾਂ) ਨਾਲ ਜੁੜਿਆ ਹੈ। ਪੰਜਾਬ ਦੀ ਮਿੱਟੀ ਵਿੱਚ ਯੂਰੇਨੀਅਮ ਵਾਲੇ ਖਣਿਜ ਹਨ, ਜੋ ਭੂਜਲ



ਵਿੱਚ ਘੁਲ ਜਾਂਦੇ ਹਨ। ਮੁੱਖ ਕਾਰਨ ਹੈ ਟਿਊਬਵੈੱਲ ਲਈ ਭੂਜਲ ਦਾ ਅਣਗਹਿਲੀ ਨਾਲ ਖੁਦਾਈ। ਪੰਜਾਬ ਵਿੱਚ ਹਰ ਸਾਲ ਭੂਜਲ ਦਾ ਪੱਧਰ 1 ਤੋਂ 2 ਮੀਟਰ ਘੱਟ ਰਿਹਾ ਹੈ। ਜਦੋਂ ਪਾਣੀ ਦਾ ਪੱਧਰ ਘੱਟ ਹੁੰਦਾ ਹੈ, ਤਾਂ ਯੂਰੇਨੀਅਮ ਘੁਲ ਕੇ ਉੱਪਰ ਆ ਜਾਂਦਾ ਹੈ।

ਦੂਜਾ ਵੱਡਾ ਕਾਰਨ ਹੈ ਖੇਤੀਬਾੜੀ ਵਿੱਚ ਖਾਦਾਂ ਅਤੇ ਕੀਟਨਾਸ਼ਕਾਂ ਦੀ ਬੇਹਿਸਾਬ ਵਰਤੋਂ। ਪੰਜਾਬ ਦੇ ਖੇਤਾਂ ਵਿਚ ਔਸਤਨ 200 ਕਿਲੋਗ੍ਰਾਮ ਯੂਰੀਆ ਖਾਦ ਪਾਈ ਜਾਂਦੀ ਹੈ, ਜੋ ਦੇਸ਼ ਦੇ ਔਸਤਨ ਤੋਂ ਚਾਰ ਗੁਣਾ ਵੱਧ ਹੈ। ਫਾਸਫੇਟ ਵਾਲੀਆਂ ਖਾਦਾਂ ਯੂਰੇਨੀਅਮ ਨੂੰ ਵਧਾਉਂਦੀਆਂ ਹਨ, ਕਿਉਂਕਿ ਇਹਨਾਂ ਵਿੱਚ ਫਾਸਫੋਰਿਕ ਐਸਿਡ ਹੁੰਦਾ ਹੈ ਜੋ ਯੂਰੇਨੀਅਮ ਨੂੰ ਘੁਲਣ ਵਿੱਚ ਮਦਦ ਕਰਦਾ ਹੈ। ਇਸ ਤੋਂ ਇਲਾਵਾ, ਜਾਨਵਰਾਂ ਦੇ ਮਲ-ਮੂਤਰ ਅਤੇ ਸੀਵਰੇਜ ਦਾ ਰਿਸਾਅ ਵੀ ਨਾਈਟ੍ਰੇਟ ਅਤੇ ਯੂਰੇਨੀਅਮ ਨੂੰ ਵਧਾਉਂਦਾ ਹੈ। ਉਦਯੋਗਿਕ ਪ੍ਰਦੂਸ਼ਣ, ਜਿਵੇਂ ਕਿ ਫਰਟੀਲਾਈਜ਼ਰ ਫੈਕਟਰੀਆਂ ਤੋਂ ਨਿਕਲਣ ਵਾਲਾ ਪਾਣੀ, ਇਸ ਨੂੰ ਹੋਰ ਗੰਭੀਰ ਬਣਾਉਂਦਾ ਹੈ।

ਸੀਜੀਡਬਲਿਊਬੀ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪੰਜਾਬ ਵਿੱਚ ਭੂਜਲ ਦੀ ਖਪਤ 156.87 ਫੀਸਦੀ ਹੈ, ਯਾਨੀ ਅਸੀਂ ਉਸ ਤੋਂ ਵੱਧ ਖਿੱਚ ਰਹੇ ਹਾਂ ਜਿੰਨਾ ਬਣਦਾ ਹੈ। ਇਹ ਅਣਗਹਿਲਗੀ ਨਾਲ ਖੁਦਾਈ ਯੂਰੇਨੀਅਮ ਨੂੰ ਉੱਪਰ ਲਿਆਉਂਦੀ ਹੈ। ਮਾਹਿਰਾਂ ਅਨੁਸਾਰ, ਜੇਕਰ ਖੇਤੀ ਵਿੱਚ ਜੈਵਿਕ ਖਾਦਾਂ ਨੂੰ ਉਤਸ਼ਾਹਿਤ ਕੀਤਾ ਜਾਵੇ ਅਤੇ ਖੁਦਾਈ ਨੂੰ ਰੋਕਿਆ ਜਾਵੇ, ਤਾਂ ਇਹ ਸਮੱਸਿਆ 30-40 ਫੀਸਦੀ ਘੱਟ ਹੋ ਸਕਦੀ ਹੈ। ਪਰ ਅਫ਼ਸੋਸ, ਪੰਜਾਬ ਦੀ ਖੇਤੀ ਅਰਥਵਿਵਸਥਾ ਇਸ ਤੇ ਨਿਰਭਰ ਹੈ, ਜਿਸ ਕਾਰਨ ਬਦਲਾਅ ਆਸਾਨ ਨਹੀਂ।

ਮਲਵਾ ਬੈਲਟ ਸਭ ਤੋਂ ਵੱਧ ਪ੍ਰਭਾਵਿਤ- ਪੰਜਾਬ ਵਿੱਚ ਯੂਰੇਨੀਅਮ ਪ੍ਰਦੂਸ਼ਣ ਹੁਣ 20 ਜ਼ਿਲ੍ਹਿਆਂ ਤੱਕ ਫੈਲ ਚੁੱਕਾ ਹੈ। 2019 ਵਿੱਚ ਸਿਰਫ਼ 17 ਜ਼ਿਲ੍ਹੇ ਪ੍ਰਭਾਵਿਤ ਸਨ, ਪਰ ਹੁਣ ਇਹ ਗਿਣਤੀ ਵਧ ਗਈ ਹੈ। ਸਭ ਤੋਂ ਵੱਧ ਖ਼ਤਰਾ ਮਾਲਵਾ ਖੇਤਰ ਵਿੱਚ ਹੈ, ਜਿੱਥੇ ਭੂਜਲ ਦੀ ਖੁਦਾਈ ਅਤੇ ਫਸਲਾਂ ਵਰਗੀਆਂ ਖਾਦਾਂ ਦੀ ਵਰਤੋਂ ਜ਼ਿਆਦਾ ਹੈ। ਬਠਿੰਡਾ, ਮਾਨਸਾ, ਸੰਗਰੂਰ, ਬਰਨਾਲਾ, ਮੋਗਾ, ਫ਼ਿਰੋਜ਼ਪੁਰ ਅਤੇ ਫ਼ਤਹਿਗੜ੍ਹ ਸਾਹਿਬ ਵਰਗੇ ਜ਼ਿਲ੍ਹੇ ਸਭ ਤੋਂ ਖ਼ਰਾਬ ਹਾਲਤ ਵਿੱਚ ਹਨ। ਬਠਿੰਡੇ ਵਿੱਚ 70 ਫੀਸਦੀ ਤੋਂ ਵੱਧ ਨਮੂਨੇ ਖ਼ਤਰਨਾਕ ਹਨ, ਜਿੱਥੇ ਯੂਰੇਨੀਅਮ ਦਾ ਪੱਧਰ 100 ਪੀਪੀਬੀ ਤੱਕ ਪਹੁੰਚ ਗਿਆ ਹੈ।

ਮਾਨਸਾ ਜ਼ਿਲ੍ਹੇ ਵਿੱਚ ਇੱਕ ਅਧਿਐਨ ਨੇ ਦੱਸਿਆ ਕਿ ਇੱਥੇ ਦੇ ਭੂਜਲ ਵਿੱਚ ਯੂਰੇਨੀਅਮ ਦਾ ਔਸਤਨ ਪੱਧਰ 45 ਪੀਪੀਬੀ ਹੈ, ਜੋ ਵਿਸ਼ਵ ਸਿਹਤ ਸੰਸਥਾ (ਡਬਲਿਊਐਚਓ) ਦੀ ਸੁਰੱਖਿਅਤ ਹੱਦ ਤੋਂ ਦੁੱਗਣਾ ਹੈ। ਸੰਗਰੂਰ ਅਤੇ ਬਰਨਾਲਾ ਵਿੱਚ ਵੀ 55-60 ਫੀਸਦੀ ਨਮੂਨੇ ਪ੍ਰਭਾਵਿਤ ਹਨ। ਉੱਤਰੀ ਪੰਜਾਬ ਵਿੱਚ ਰੂਪਨਗਰ ਅਤੇ ਪਟਿਆਲਾ ਵੀ ਪਿੱਛੇ ਨਹੀਂ। ਰਿਪੋਰਟ ਅਨੁਸਾਰ, ਇਹਨਾਂ ਜ਼ਿਲ੍ਹਿਆਂ ਵਿੱਚ ਭੂਜਲ ਦੀ ਡੂੰਘਾਈ 200-300 ਮੀਟਰ ਹੈ, ਜਿੱਥੋਂ ਯੂਰੇਨੀਅਮ ਵਾਲੀਆਂ ਚੱਟਾਨਾਂ ਨਾਲ ਜੁੜਿਆ ਪਾਣੀ ਆਉਂਦਾ ਹੈ।

ਬਠਿੰਡੇ ਦੇ ਖੇਤੀ ਮਾਹਿਰਾਂ ਨੇ ਦੱਸਿਆ ਕਿ ਬਠਿੰਡਾ ਦੇ ਟਿਊਬਵੈੱਲਾਂ ਵਿੱਚੋਂ ਨਿਕਲਣ ਵਾਲਾ ਪਾਣੀ ਪੀਲਾ ਹੋ ਗਿਆ ਹੈ ਅਤੇ ਗੰਦਲਾ ਲੱਗਦਾ ਹੈ। ਇੱਥੇ ਕਈ ਘਰਾਂ ਵਿੱਚ ਆਰਓ (ਰਿਵਰਸ ਓਸਮੋਸਿਸ) ਪਲਾਂਟ ਲੱਗੇ ਹਨ, ਪਰ ਗਰੀਬ ਲੋਕ ਅਜੇ ਵੀ ਖੁੱਲ੍ਹੇ ਪਾਣੀ 'ਤੇ ਨਿਰਭਰ ਹਨ। ਮਾਨਸਾ ਵਿੱਚ ਕਿਸਾਨਾਂ ਨੇ ਸ਼ਿਕਾਇਤ ਕੀਤੀ ਹੈ ਕਿ ਉਹਨਾਂ ਦੀਆਂ ਫਸਲਾਂ ਵਿੱਚ ਵੀ ਪ੍ਰਭਾਵ ਪੈ ਰਿਹਾ ਹੈ, ਕਿਉਂਕਿ ਸਿੰਚਾਈ ਲਈ ਵਰਤੇ ਜਾਂਦੇ ਪਾਣੀ ਵਿੱਚ ਰੈਜ਼ੀਡੂਅਲ ਸੋਡੀਅਮ ਕਾਰਬੋਨੇਟ (ਆਰਐੱਸਸੀ) ਵੀ ਵੱਧ ਹੈ।

## ਵਧ ਰਹੀਆਂ ਬਿਮਾਰੀਆਂ: ਕਿਡਨੀ ਫੇਲ ਹੋਣ ਤੋਂ ਬੱਚਿਆਂ ਦੀ ਵਿਕਾਸ ਸਮੱਸਿਆ ਤੱਕ

ਯੂਰੇਨੀਅਮ ਦਾ ਪ੍ਰਦੂਸ਼ਣ ਸਿਰਫ਼ ਪਾਣੀ ਨੂੰ ਸਿਰਫ ਮਾਲੀਨ ਨਹੀਂ ਬਣਾਉਂਦਾ, ਸਗੋਂ ਸਿਹਤ ਨੂੰ ਵੀ ਤਬਾਹ ਕਰਦਾ ਹੈ। ਡਬਲਿਊਐਚਓ ਅਨੁਸਾਰ, 30 ਪੀਪੀਬੀ ਤੋਂ ਵੱਧ ਯੂਰੇਨੀਅਮ ਵਾਲਾ ਪਾਣੀ ਲੰਮੇ ਸਮੇਂ ਤੱਕ ਪੀਣ ਨਾਲ ਕਿਡਨੀਆਂ ਨੂੰ ਨੁਕਸਾਨ ਪਹੁੰਚਦਾ ਹੈ। ਇਹ ਨੇਫ੍ਰਾਈਟਿਸ (ਕਿਡਨੀ ਦੀ ਸੋਜਸ਼) ਦਾ ਕਾਰਨ ਬਣਦਾ ਹੈ, ਜਿਸ ਨਾਲ ਕਿਡਨੀ ਫੇਲ ਹੋ ਜਾਂਦੀ ਹੈ। ਪੰਜਾਬ ਵਿੱਚ ਕਿਡਨੀ ਬਿਮਾਰੀਆਂ ਦੇ ਮਾਮਲੇ 20 ਫੀਸਦੀ ਵਧ ਗਏ ਹਨ, ਖ਼ਾਸ ਕਰਕੇ ਮਾਲਵਾ ਖੇਤਰ ਵਿੱਚ। ਬਠਿੰਡੇ ਦੇ ਗਵਰਨਮੈਂਟ ਹਸਪਤਾਲ ਵਿੱਚ ਹਰ ਮਹੀਨੇ 500 ਤੋਂ ਵੱਧ ਕਿਡਨੀ ਰੋਗੀ ਆਉਂਦੇ ਹਨ।

ਇਸ ਤੋਂ ਇਲਾਵਾ, ਯੂਰੇਨੀਅਮ ਹੱਡੀਆਂ ਨੂੰ ਕਮਜ਼ੋਰ ਬਣਾਉਂਦਾ ਹੈ ਅਤੇ ਸਕੈਲੇਟਲ ਡਿਸਆਰਡਰ ਪੈਦਾ ਕਰਦਾ ਹੈ। ਲੰਮੇ ਸਮੇਂ ਵਿੱਚ ਇਹ ਕੈਂਸਰ ਦਾ ਖ਼ਤਰਾ ਵਧਾਉਂਦਾ ਹੈ। ਇੱਕ ਅਧਿਐਨ ਨੇ ਦੱਸਿਆ ਕਿ ਪੰਜਾਬ ਵਿੱਚ ਕੈਂਸਰ ਦੇ ਮਾਮਲੇ 15 ਫੀਸਦੀ ਵਧੇ ਹਨ, ਅਤੇ ਇਸ ਪਿਛੇ ਯੂਰੇਨੀਅਮ ਕਾਰਣ ਹੈ। ਬੱਚਿਆਂ ਵਿੱਚ ਵਿਕਾਸ ਸਮੱਸਿਆਵਾਂ ਵਧ ਰਹੀਆਂ ਹਨ। ਇੱਕ ਨਵਾਂ ਅਧਿਐਨ ਨੇ ਖੁਲਾਸਾ ਕੀਤਾ ਕਿ ਬਠਿੰਡਾ ਅਤੇ ਰੂਪਨਗਰ ਵਿੱਚ ਬੱਚਿਆਂ ਦੇ ਖੂਨ ਵਿੱਚ ਯੂਰੇਨੀਅਮ ਦਾ ਪੱਧਰ ਉੱਚਾ ਹੈ, ਜਿਸ ਨਾਲ ਉਹਨਾਂ ਦੀਆਂ ਹੱਡੀਆਂ ਅਤੇ ਦਿਮਾਗੀ ਵਿਕਾਸ 'ਤੇ ਅਸਰ ਪੈ ਰਿਹਾ ਹੈ। ਇਹਨਾਂ ਬੱਚਿਆਂ ਵਿੱਚ ਲੀਡ ਅਤੇ ਯੂਰੇਨੀਅਮ ਦੋਵੇਂ ਪਾਏ ਗਏ ਹਨ, ਜੋ ਨਰਵਸ ਸਿਸਟਮ ਨੂੰ ਨੁਕਸਾਨ ਪਹੁੰਚਾਉਂਦੇ ਹਨ। ਫਲੋਰਾਈਡ ਅਤੇ ਨਾਈਟ੍ਰੇਟ ਦੇ ਪ੍ਰਦੂਸ਼ਣ ਨਾਲ ਵੀ ਬਿਮਾਰੀਆਂ ਵਧ ਰਹੀਆਂ ਹਨ। ਪੰਜਾਬ ਵਿੱਚ 11.24 ਫੀਸਦੀ ਨਮੂਨਿਆਂ ਵਿੱਚ ਫਲੋਰਾਈਡ 1.5 ਮੀਲੀਗ੍ਰਾਮ ਪ੍ਰਤੀ ਲੀਟਰ ਤੋਂ ਵੱਧ ਹੈ, ਜਿਸ ਨਾਲ ਡੈਂਟਲ ਅਤੇ ਸਕੈਲੇਟਲ ਫਲੋਰੋਸਿਸ ਹੁੰਦੀ ਹੈ। ਨਾਈਟ੍ਰੇਟ 14.68 ਫੀਸਦੀ ਨਮੂਨਿਆਂ ਵਿੱਚ ਵੱਧ ਹੈ, ਜੋ ਬੱਚਿਆਂ ਵਿੱਚ ਬਲੂ ਬੇਬੀ ਸਿੰਡਰੋਮ (ਮੈਥੀਮੋਗਲੋਬੀਨੇਮੀਆ) ਪੈਦਾ ਕਰਦਾ ਹੈ। ਆਰਸੈਨਿਕ ਦੇ 9.5 ਫੀਸਦੀ ਨਮੂਨੇ ਵੀ ਕੈਂਸਰ ਅਤੇ ਚਮੜੀ ਦੀਆਂ ਬਿਮਾਰੀਆਂ ਵਧਾ ਰਹੇ ਹਨ। ਦੰਦ ਖ਼ਰਾਬ ਹੋ ਰਹੇ ਹਨ।

ਮਾਹਿਰ ਇਸ ਸੰਕਟ ਨੂੰ ਗੰਭੀਰਤਾ ਨਾਲ ਲੈ ਰਹੇ ਹਨ। ਡਾ. ਰਾਜਿੰਦਰ ਕੁਮਾਰ, ਪੰਜਾਬ ਯੂਨੀਵਰਸਿਟੀ ਦੇ ਐਨਵਾਇਰਨਮੈਂਟਲ ਸਾਇੰਸ ਵਿਭਾਗ ਦੇ ਹੈੱਡ, ਕਹਿੰਦੇ ਹਨ, "ਯੂਰੇਨੀਅਮ ਦਾ ਪ੍ਰਦੂਸ਼ਣ ਜੀਓਲਾਜੀਕਲ ਹੈ, ਪਰ ਖੇਤੀ ਅਤੇ ਖੁਦਾਈ ਨੇ ਇਸ ਨੂੰ ਵਧਾ ਦਿੱਤਾ। ਪੰਜਾਬ ਵਿੱਚ ਭੂਜਲ ਦਾ ਪੱਧਰ ਤੇਜ਼ੀ ਨਾਲ ਘੱਟ ਰਿਹਾ ਹੈ, ਜਿਸ ਨਾਲ ਡੀਪਰ ਲੇਅਰਾਂ ਤੋਂ ਜ਼ਹਿਰ ਉੱਪਰ ਆ ਰਿਹਾ ਹੈ। ਜੇਕਰ ਅਸੀਂ ਨਾ ਰੁਕੇ ਤਾਂ 10 ਸਾਲਾਂ ਵਿੱਚ ਪੀਣ ਵਾਲਾ ਪਾਣੀ ਖ਼ਤਮ ਹੋ ਜਾਵੇਗਾ।" ਉਹ ਸੁਝਾਅ ਦਿੰਦੇ ਹਨ ਕਿ ਡਰਿਪ ਇਰੀਗੇਸ਼ਨ ਅਤੇ ਖਾਦਾਂ ਦੀ ਘੱਟ ਵਰਤੋਂ ਨਾਲ ਸਮੱਸਿਆ ਘੱਟ ਕੀਤੀ ਜਾ ਸਕਦੀ ਹੈ।

ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ ਦੇ ਅਧਿਐਨ ਵਿੱਚ ਡਾ. ਸੁਰਜੀਤ ਸਿੰਘ ਨੇ ਕਿਹਾ, "ਮਲਵਾ ਖੇਤਰ ਵਿੱਚ ਯੂਰੇਨੀਅਮ 30 ਮਾਈਕ੍ਰੋਗ੍ਰਾਮ ਲੀਟਰ ਤੋਂ ਵੱਧ ਹੈ। ਇਹ ਕੈਂਸਰ ਅਤੇ ਕਿਡਨੀ ਰੋਗਾਂ ਨੂੰ ਵਧਾ ਰਿਹਾ ਹੈ। ਸਰਕਾਰ ਨੂੰ ਰੈਗੂਲਰ ਮਾਨੀਟਰਿੰਗ ਅਤੇ ਟ੍ਰੀਟਮੈਂਟ ਪਲਾਂਟ ਲਗਾਉਣੇ ਚਾਹੀਦੇ ਹਨ।" ਭਾਰਤੀਆਂ ਐਟਮਿਕ ਰਿਸਰਚ ਸੈਂਟਰ (ਬਾਰਕ) ਦੇ ਵਿਗਿਆਨੀ ਡਾ. ਅਨਿਲ ਕੁਮਾਰ ਨੇ ਦੱਸਿਆ, "ਕੋਈ ਇੱਕ ਤਕਨੀਕ ਸਭ ਥਾਵਾਂ ਲਈ ਕੰਮ ਨਹੀਂ ਕਰੇਗੀ। ਆਰਓ ਮਹਿੰਗੀ ਹੈ, ਪਰ ਹਾਈਬ੍ਰਿਡ ਜਮਾਂਦਰੂ-ਫਿਲਟਰੇਸ਼ਨ 99 ਫੀਸਦੀ ਯੂਰੇਨੀਅਮ ਹਟਾ ਸਕਦੀ ਹੈ। ਬਾਇਓਰੀਮੀਡੀਏਸ਼ਨ ਵਾਤਾਵਰਣ ਨਾਲ ਜੁੜੀ ਹੈ, ਪਰ ਹੌਲੀ ਹੈ।"

ਅੰਤਰਰਾਸ਼ਟਰੀ ਮਾਹਿਰ ਵੀ ਚਿੰਤਤ ਹਨ। ਯੂਐੱਨ ਦੇ ਵਾਟਰ ਐਕਸਪਰਟ ਨੇ ਕਿਹਾ, "ਭਾਰਤ ਵਿੱਚ 18 ਰਾਜਾਂ ਵਿੱਚ ਯੂਰੇਨੀਅਮ ਵੱਧ ਹੈ, ਪਰ ਪੰਜਾਬ ਸਭ ਤੋਂ ਖ਼ਰਾਬ ਹੈ। ਇਹ ਗਲੋਬਲ ਵਾਰਮਿੰਗ ਨਾਲ ਵੀ ਜੁੜਿਆ ਹੈ, ਕਿਉਂਕਿ ਮਾਨਸੂਨ ਦੇ ਬਾਅਦ ਇਸ ਵਿਚ ਵਾਧਾ ਹੋਇਆ ਹੋਈ ਹੈ।" ਮਾਹਿਰ ਚੇਤਾਵਨੀ ਦਿੰਦੇ ਹਨ ਕਿ ਜੇਕਰ ਨਾ ਰੁਕਿਆ ਤਾਂ ਭਵਿੱਖੀ ਪੀੜ੍ਹੀਆਂ ਲਈ ਇਹ ਐਮਰਜੈਂਸੀ ਹੈ।

# ਸਿਰਫ ਚੇਨਈ ਨੂੰ ਹੀ ਮਿਲੇ 2,20,000 ਐਚ-1ਬੀ ਵੀਜ਼ੇ ? ਸੱਚ ਜਾਂ ਝੂਠ ?

**○ ਅਮਰੀਕੀ ਅਰਥ-ਸ਼ਾਸਤਰੀ ਡੇਵ ਬ੍ਰੈਟ ਵਲੋਂ ਭਾਰਤ ਉਪਰ ਗੰਭੀਰ ਇਲਜ਼ਾਮ ○ ਤੁਹਾਡੀ ਨੌਕਰੀ, ਘਰ ਤੇ ਬੱਚਿਆਂ ਦਾ ਭਵਿੱਖ ਖੋਹ ਰਿਹਾ ਐਚ-1ਬੀ ਘਪਲਾ - ਡੇਵ ਬ੍ਰੈਟ ○ ਹੈਦਰਾਬਾਦ ਦਾ ਅਮੀਰਪੇਟ "ਨਕਲੀ ਡਿਗਰੀਆਂ ਦਾ ਅੱਡਾ" - 18 ਸਾਲ ਪੁਰਾਣਾ ਖੁਲਾਸਾ, ਅੱਜ ਵੀ ਸੁਰਖੀਆਂ ਵਿਚ**




ਵਾਸ਼ਿੰਗਟਨ-ਅਮਰੀਕਾ ਦੇ ਸਾਬਕਾ ਹਾਊਸ ਆਫ਼ ਰਿਪ੍ਰੈਜ਼ੈਂਟੇਟਿਵ ਤੇ ਮਸ਼ਹੂਰ ਅਰਥ-ਸ਼ਾਸਤਰੀ ਡੇਵ ਬ੍ਰੈਟ ਨੇ ਐਚ-1ਬੀ ਵੀਜ਼ਾ ਪ੍ਰੋਗਰਾਮ ਵਿਚ "ਇੰਡਸਟ੍ਰੀਅਲ ਪੱਧਰੀ ਘਪਲੇਬਾਜ਼ੀ" ਦਾ ਇਲਜ਼ਾਮ ਲਗਾਉਂਦਿਆਂ ਸਿੱਧਾ ਨਿਸ਼ਾਨਾ ਭਾਰਤ 'ਤੇ ਨਿਸ਼ਾਨਾ ਸਾਧਿਆ ਹੈ। ਸਟੀਵ ਬੈਨਨ ਦੇ ਮਸ਼ਹੂਰ ਪੌਡਕਾਸਟ 'ਵਾਰ ਰੂਮ' 'ਤੇ ਬੋਲਦਿਆਂ ਬ੍ਰੈਟ ਨੇ ਦਾਅਵਾ ਕੀਤਾ ਕਿ ਸਿਰਫ਼ ਚੇਨਈ (ਮਦਰਾਸ) ਦੇ ਅਮਰੀਕੀ ਕੌਂਸਲੇਟ ਨੂੰ ਹੀ ਸਾਲ 2024 ਵਿਚ 2,20,000 ਐਚ-1ਬੀ ਵੀਜ਼ੇ ਜਾਰੀ ਕਰਨ ਦੀ ਇਜਾਜ਼ਤ ਦਿੱਤੀ ਗਈ ਸੀ, ਜਦਕਿ ਅਮਰੀਕਾ ਦੀ ਕਾਨੂੰਨੀ ਸਾਲਾਨਾ ਵੀਜ਼ਾ ਸੀਲਿੰਗ ਸਿਰਫ਼ 85,000 ਹੈ। ਇਸ ਨੂੰ ਉਹ "2.5 ਗੁਣਾ ਵੱਧ ਧੋਖਾਧੜੀ" ਕਹਿ ਰਹੇ ਹਨ। ਬ੍ਰੈਟ ਨੇ ਇਹ ਵੀ ਕਿਹਾ ਕਿ ਐਚ1ਬੀ ਵੀਜ਼ਿਆਂ ਦਾ 71% ਹਿੱਸਾ ਭਾਰਤ ਨੂੰ ਮਿਲਦਾ ਹੈ, ਜਦਕਿ ਚੀਨ ਨੂੰ ਸਿਰਫ਼ 12%।

ਉਨ੍ਹਾਂ ਨੇ ਪੁਰਾਣੇ ਅਮਰੀਕੀ ਡਿਪਲੋਮੈਟ ਮਹਵਸ਼ ਸਿਦੀਕੀ (2005-07 ਤੱਕ ਚੇਨਈ ਕੌਂਸਲੇਟ ਵਿਚ ਤਾਇਨਾਤ) ਦੇ ਬਿਆਨਾਂ ਦਾ ਹਵਾਲਾ ਦਿੱਤਾ, ਜਿਨ੍ਹਾਂ ਨੇ ਕਿਹਾ ਸੀ ਕਿ ਭਾਰਤ ਤੋਂ ਆਉਣ ਵਾਲੇ 80-90% ਐਚ-1ਬੀ ਐਪਲੀਕੇਸ਼ਨਾਂ ਵਿਚ ਨਕਲੀ ਦਸਤਾਵੇਜ਼ ਹੁੰਦੇ ਸਨ। ਸਿਦੀਕੀ ਨੇ ਹੈਦਰਾਬਾਦ ਦੇ ਅਮੀਰਪੇਟ ਖੇਤਰ ਨੂੰ "ਫਰਾਡ ਹਾਟਸਪਾਟ" ਕਿਹਾ ਸੀ, ਜਿੱਥੇ ਨਕਲੀ ਡਿਗਰੀਆਂ ਤੇ ਤਜਰਬੇ ਦੇ ਸਰਟੀਫਿਕੇਟ ਖੁੱਲ੍ਹੇਆਮ ਵਿਕਦੇ ਸਨ।

### ਚੇਨਈ ਕੌਂਸਲੇਟ ਦਾ ਅਸਲ ਅੰਕੜਾ ਕੀ ਹੈ ?

ਅਮਰੀਕੀ ਸਟੇਟ ਡਿਪਾਰਟਮੈਂਟ ਦੀ ਅਧਿਕਾਰਤ ਵੈਬਸਾਈਟ ਤੇ ਚੇਨਈ ਕੌਂਸਲੇਟ ਦੀ 2024 ਦੀ ਰਿਪੋਰਟ ਮੁਤਾਬਕ, ਚੇਨਈ (ਜੋ ਤਾਮਿਲਨਾਡੂ, ਕੇਰਲ, ਕਰਨਾਟਕ ਤੇ ਤੇਲੰਗਾਨਾ ਦੇ ਬਹੁਤ ਸਾਰੇ ਆਈਟੀ ਹੱਬਾਂ ਨੂੰ ਕਵਰ ਕਰਦਾ ਹੈ) ਨੇ ਸਾਲ 2024 ਵਿਚ 2,19,840 ਐਚ-1ਬੀ ਤੇ 1,39,812 ਐਚ-4 (ਡਿਪੈਂਡੈਂਟ) ਵੀਜ਼ੇ ਜਾਰੀ ਕੀਤੇ। ਇਹ ਅੰਕੜਾ ਪੂਰੇ ਅਮਰੀਕਾ ਦੀ ਸਾਲਾਨਾ 85,000 ਦੀ ਕੈਪ ਤੋਂ ਕਈ ਗੁਣਾ ਵੱਧ ਲੱਗਦਾ ਹੈ, ਪਰ ਅਸਲ ਵਿਚ ਇਹ "ਨਵੇਂ" ਵੀਜ਼ਿਆਂ ਦੀ ਗਿਣਤੀ ਨਹੀਂ, ਸਗੋਂ ਪੁਰਾਣੇ ਐਚ-1ਬੀ ਧਾਰਕਾਂ ਦੇ ਵੀਜ਼ਾ ਰੀਨਿਊਅਲ, ਸਟੈਂਪਿੰਗ ਤੇ ਐਕਸਟੈਨਸ਼ਨ ਸਮੇਤ ਸਾਰੇ ਨਾਨ-ਇਮੀਗ੍ਰੈਂਟ ਵੀਜ਼ੇ (ਐਚ-1ਬੀ + ਐਚ-4 + ਐਲ-1 + ਹੋਰ) ਦਾ ਜੋੜ ਹੈ।

ਅਮਰੀਕਾ ਵਿਚ ਐਚ-1ਬੀ ਦੀ 85,000 ਵਾਲੀ ਸੀਲਿੰਗ ਸਿਰਫ਼ "ਨਵੇਂ" ਵੀਜ਼ਿਆਂ 'ਤੇ ਲਾਗੂ ਹੁੰਦੀ ਹੈ (65,000 ਸਾਧਾਰਨ + 20,000 ਅਮਰੀਕੀ ਮਾਸਟਰਜ਼/ਪੀਐਚਡੀ ਵਾਲਿਆਂ ਲਈ)। ਪਰ ਜਦੋਂ ਕੋਈ ਵਿਅਕਤੀ ਪਹਿਲਾਂ ਹੀ ਅਮਰੀਕਾ ਵਿਚ ਐਚ-1ਬੀ 'ਤੇ ਹੈ ਤੇ ਉਸ ਦਾ ਵੀਜ਼ਾ ਖਤਮ ਹੋ ਜਾਂਦਾ ਹੈ, ਤਾਂ ਉਹ ਭਾਰਤ ਜਾ ਕੇ ਚੇਨਈ/ਨਵੀਂ ਦਿੱਲੀ/ਹੈਦਰਾਬਾਦ ਵਿਚ ਸਟੈਂਪਿੰਗ ਕਰਵਾਉਂਦਾ ਹੈ - ਇਹ ਸੀਲਿੰਗ ਤੋਂ ਬਾਹਰ ਮੰਨਿਆ ਜਾਂਦਾ ਹੈ। ਚੇਨਈ ਵਰਗੇ ਵੱਡੇ ਕੌਂਸਲੇਟ ਵਿਚ ਲੱਖਾਂ ਵੀਜ਼ੇ ਸਟੈਂਪ ਹੋ ਜਾਂਦੇ ਹਨ। ਇਸੇ ਕਰਕੇ 2,20,000 ਦਾ ਅੰਕੜਾ ਆਇਆ, ਜੋ ਬ੍ਰੈਟ ਨੇ ਭੁਲੇਖੇ ਨਾਲ "ਨਵੀਂ ਵੰਡ" ਵਜੋਂ ਪੇਸ਼ ਕਰ ਦਿੱਤਾ।

### 80-90% ਨਕਲੀ ਦਸਤਾਵੇਜ਼ ਬਾਰੇ ਸਚਾਈ ਕੀ ਹੈ ?

ਮਹਵਸ਼ ਸਿਦੀਕੀ ਨੇ ਇਹ ਬਿਆਨ 2008 ਵਿਚ ਸੈਂਟਰ ਫਾਰ ਇਮੀਗ੍ਰੇਸ਼ਨ ਸਟਡੀਜ ਨੂੰ ਦਿੱਤੇ ਇੰਟਰਵਿਊ ਵਿਚ ਕੀਤਾ ਸੀ। ਪਰ ਉਸ ਤੋਂ ਬਾਅਦ ਯੂਐਸਸੀਆਈਐਸ ਨੇ ਬਹੁਤ ਸਾਰੇ ਸੁਧਾਰ ਕੀਤੇ - ਬਾਇਓਮੈਟ੍ਰਿਕਸ, ਡਿਜੀਟਲ ਵੈਰੀਫਿਕੇਸ਼ਨ, ਐਚ-1ਬੀ ਲਾਟਰੀ 'ਵਿਚ ਫਰਾਡ ਰੋਕਣ ਲਈ ਇਕ-ਵਿਅਕਤੀ ਇਕ-ਰਜਿਸਟ੍ਰੇਸ਼ਨ ਆਦਿ। 2024-25 ਵਿਚ ਤਾਂ ਫਰਾਡ ਰਜਿਸਟ੍ਰੇਸ਼ਨਾਂ ਕਾਰਨ 4 ਲੱਖ ਤੋਂ ਵੱਧ ਐਂਟਰੀਆਂ ਰੱਦ ਕੀਤੀਆਂ ਗਈਆਂ ਸਨ।

### ਟਰੰਪ ਪ੍ਰਸ਼ਾਸਨ ਦੀ ਸਖਤੀ

ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਦੀਆਂ ਤਿਆਰੀਆਂ ਜਾਰੀ ਹਨ। ਉਨ੍ਹਾਂ ਦੇ ਨਵੇਂ ਪ੍ਰਵਾਸੀ ਨੀਤੀ ਸਲਾਹਕਾਰ ਸਟੀਫਨ ਮਿਲਰ ਤੇ ਸਟੀਵ ਬੈਨਨ ਪਹਿਲਾਂ ਹੀ ਐਚ-1ਬੀ 'ਤੇ ਸਖਤੀ ਦੀ ਗੱਲ ਕਰ ਰਹੇ ਹਨ।

ਐਚ-1ਬੀ ਲਾਟਰੀ ਵਿਚ "ਵੇਜ-ਬੇਸਡ" ਸਿਸਟਮ ਲਿਆਉਣ ਦੀ ਤਿਆਰੀ ਕੀਤੀ ਜਾ ਰਹੀ ਹੈ, ਜਿਸ ਵਿਚ ਸਭ ਤੋਂ ਵੱਧ ਤਨਖਾਹ ਵਾਲੇ ਨੂੰ ਤਰਜੀਹ ਮਿਲੇ।

ਫਰਾਡ ਕੰਪਨੀਆਂ 'ਤੇ ਛਾਪੇਮਾਰੀ (ਇੰਫੋਸਿਸ, ਟੀਸੀਐਸ, ਵਿਪਰੋ ਵਰਗੀਆਂ ਕੰਪਨੀਆਂ ਪਹਿਲਾਂ ਵੀ ਜੁਰਮਾਨੇ ਭਰ ਚੁੱਕੀਆਂ ਹਨ। ਅਮਰੀਕਨ ਵਰਕਰਜ਼ ਫਸਟ ਨੀਤੀ ਨੂੰ ਹੋਰ ਸਖਤ ਕੀਤਾ ਜਾ ਰਿਹਾ ਹੈ।

### ਭਾਰਤੀ ਆਈਟੀ ਇੰਡਸਟ੍ਰੀ ਵਿਚ ਖਲਬਲੀ

NASSCOM ਨੇ ਤੁਰੰਤ ਬਿਆਨ ਜਾਰੀ ਕਰਕੇ ਕਿਹਾ ਕਿ "ਐਚ-1ਬੀ ਪ੍ਰੋਗਰਾਮ ਅਮਰੀਕੀ ਆਰਥਿਕਤਾ ਲਈ ਲਾਭਕਾਰੀ ਹੈ। ਭਾਰਤੀ ਕੰਪਨੀਆਂ ਅਮਰੀਕਾ ਵਿਚ 5 ਲੱਖ ਤੋਂ ਵੱਧ ਨੌਕਰੀਆਂ ਪੈਦਾ ਕਰਦੀਆਂ ਹਨ ਤੇ ਸਾਲਾਨਾ 20 ਅਰਬ ਡਾਲਰ ਤੋਂ ਵੱਧ ਟੈਕਸ ਭਰਦੀਆਂ ਹਨ।" ਪਰ ਛੋਟੀਆਂ-ਮੱਧਮ ਬਾਡੀ-ਸ਼ਾਪਾਂ (ਜਿਨ੍ਹਾਂ 'ਤੇ ਫਰਾਡ ਦੇ ਸਭ ਤੋਂ ਵੱਧ ਇਲਜ਼ਾਮ ਲੱਗਦੇ ਹਨ) ਵਿਚ ਦਹਿਸ਼ਤ ਹੈ।

### ਅਮਰੀਕੀ ਟੈਕ ਵਰਕਰਜ਼ ਦੀ ਨਾਰਾਜ਼ਗੀ

ਅਮਰੀਕੀ ਇੰਜੀਨੀਅਰਾਂ ਦਾ ਸੰਗਠਨ ਯੂ ਐਸ. ਟੈਕ ਵਰਕਰਜ ਤੇ ਅਮਰੀਕਨ ਵਰਕਰਜ ਕੋਲੀਸ਼ਨ ਲੰਮੇ ਸਮੇਂ ਤੋਂ ਐਚ-1ਬੀ ਦੇ ਦੁਰਵਰਤੋਂ ਦੀ ਗੱਲ ਕਰ ਰਿਹਾ ਹੈ। ਉਨ੍ਹਾਂ ਦਾ ਦਾਅਵਾ ਹੈ ਕਿ ਬਹੁਤ ਸਾਰੀਆਂ ਕੰਪਨੀਆਂ ਸਸਤੇ ਐਚ-1 ਬੀ ਵਰਕਰ ਨੂੰ ਰੱਖ ਕੇ ਅਮਰੀਕੀਆਂ ਨੂੰ ਨੌਕਰੀਆਂ ਤੋਂ ਕੱਢਦੀਆਂ ਹਨ (ਡਿਜ਼ਨੀ, ਹਾਰਲੇ-ਡੇਵਿਡਸਨ, ਸਾਊਥਰਨ ਕੈਲੀਫੋਰਨੀਆ ਐਡੀਸਨ ਵਰਗੇ ਮਸ਼ਹੂਰ ਮਾਮਲੇ ਪ੍ਰਮੁੱਖ ਹਨ)।

### ਅਗੇ ਕੀ ਹੋ ਸਕਦਾ ਹੈ ?

ਐਚ-1ਬੀ ਦੀ ਸਾਲਾਨਾ ਸੀਲਿੰਗ ਘਟਾ ਕੇ 50,000 ਕਰਨ ਦੀ ਮੰਗ ਜ਼ੋਰ ਪਕੜੇਗੀ। ਕੋਵਿਡ ਤੋਂ ਬਾਅਦ ਬਹੁਤ ਸਾਰੇ ਪੁਰਾਣੇ ਐਚ-1ਬੀ ਵਾਲੇ ਕਰਮਚਾਰੀ ਬਿਨਾਂ ਇੰਟਰਵਿਊ ਤੋਂ ਹੀ ਭਾਰਤ ਆ ਕੇ ਵੀਜ਼ਾ ਸਟੈਂਪ ਕਰਵਾ ਲੈਂਦੇ ਸਨ। ਹੁਣ ਅਮਰੀਕਾ ਇਹ ਸਹੂਲਤ ਖਤਮ ਕਰ ਸਕਦਾ ਹੈ। ਮਤਲਬ - ਹਰ ਵਿਅਕਤੀ ਨੂੰ ਚੇਨਈ, ਦਿੱਲੀ ਜਾਂ ਹੈਦਰਾਬਾਦ ਜਾ ਕੇ ਲਾਈਨ ਵਿੱਚ ਲੱਗਣਾ ਪਵੇਗਾ, ਅਧਿਕਾਰੀ ਸਾਹਮਣੇ ਬੈਠ ਕੇ ਸਵਾਲਾਂ ਦੇ ਜਵਾਬ ਦੇਣੇ ਪੈਣਗੇ। ਇਸ ਨਾਲ ਧਾਂਦਲੀ ਘੱਟ ਹੋਵੇਗੀ, ਪਰ ਲੋਕਾਂ ਦਾ ਬਹੁਤ ਟਾਈਮ ਤੇ ਪੈਸਾ ਖਰਚ ਹੋਵੇਗਾ।

ਪਹਿਲਾਂ ਵੀ ਅਮਰੀਕਾ ਨੇ ਇਨ੍ਹਾਂ ਕੰਪਨੀਆਂ ਤੇ ਲੱਖਾਂ-ਕਰੋੜਾਂ ਡਾਲਰ ਦੇ ਜੁਰਮਾਨੇ ਲਾਏ ਸਨ। ਹੁਣ ਟਰੰਪ ਸਰਕਾਰ ਫੇਰ ਸਖਤੀ ਕਰੇਗੀ। ਜੇਕਰ ਕੋਈ ਕੰਪਨੀ ਗਲਤ ਤਰੀਕੇ ਨਾਲ ਐਚ-1ਬੀ ਵਰਕਰ ਰੱਖਦੀ ਹੈ ਜਾਂ ਸਸਤੇ ਵਰਕਰ ਨੂੰ ਲਿਆ ਕੇ ਅਮਰੀਕੀ ਨੌਕਰੀਆਂ ਖੋਹਦੀ ਹੈ, ਤਾਂ ਸਿੱਧਾ ਕਰੋੜਾਂ ਡਾਲਰ ਦਾ ਜੁਰਮਾਨਾ ਲਗੇਗਾ ਤੇ ਕੇਸ ਭੁਗਤਣਾ ਪਵੇਗਾ। ਛੋਟੀਆਂ ਬਾਡੀ-ਸ਼ਾਪਾਂ ਤਾਂ ਬੰਦ ਹੀ ਹੋ ਜਾਣਗੀਆਂ।

ਡੇਵ ਬ੍ਰੈਟ ਨੇ ਆਖਰੀ ਹਫਤੇ ਕਿਹਾ ਸੀ, "ਜਦੋਂ ਤੁਸੀਂ ਐਚ-1ਬੀ ਸੁਣੋ, ਆਪਣੇ ਪਰਿਵਾਰ ਦੀ ਨੌਕਰੀ, ਘਰ ਤੇ ਬੱਚਿਆਂ ਦੇ ਭਵਿੱਖ ਬਾਰੇ ਸੋਚੋ - ਇਹ ਘਪਲਾ ਉਨ੍ਹਾਂ ਦਾ ਭਵਿੱਖ ਖੋਹ ਰਿਹਾ ਹੈ।"

ਫਿਲਹਾਲ ਇਹ ਵਿਵਾਦ ਮੁਕ ਨਹੀਂ ਰਿਹਾ। ਅਮਰੀਕਾ ਵਿਚ "ਅਮਰੀਕਾ ਫਸਟ" ਦੀ ਲਹਿਰ ਅਮਰੀਕਾ ਵਿਚ ਭਾਰਤੀ ਲੋਕਾਂ ਦੀਆਂ ਨੌਕਰੀਆਂ ਅਗੇ ਪ੍ਰਸ਼ਨ ਚਿੰਨ ਹੈ। ਅਗਲੇ ਕੁਝ ਮਹੀਨੇ ਦੱਸਣਗੇ ਕਿ ਲੱਖਾਂ ਭਾਰਤੀ ਆਈਟੀ ਪੇਸ਼ੇਵਰਾਂ ਦਾ ਅਮਰੀਕੀ ਸੁਪਨਾ ਕਿੰਨਾ ਕੁ ਬਚੇਗਾ ?

## ਡਰਗ ਸਮਗਲਰਾਂ ਨੇ ਥਾਣੇਦਾਰ ਤੇ ਹੌਲਦਾਰ ਨੂੰ ਬੇਸਬਾਲ ਨਾਲ ਕੁੱਟਿਆ

ਮੋਗਾ-ਇਥੇ ਥਾਣਾ ਅਜੀਤਵਾਲ ਪੁਲੀਸ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਿਆਂ ਦੇ ਹਾਟ ਸਪਾਟ ਦੀ ਪਛਾਣ ਦੌਰਾਨ ਨਸ਼ਾ ਤਸਕਰਾਂ ਵੱਲੋਂ ਥਾਣੇਦਾਰ ਤੇ ਹੌਲਦਾਰ ਦੀ ਕੁੱਟਮਾਰ ਕਰਕੇ ਵਰਦੀ ਪਾੜ ਦੇਣ ਦਾ ਮਾਮਲਾ ਸਾਹਮਣੇ ਆਇਆ ਹੈ। ਘਟਨਾ ਬੀਤੇ ਦਿਨੀਂ ਵਾਪਰੀ ਦੱਸੀ ਜਾਂਦੀ ਹੈ ਥ਼ਾਣਾ ਅਜੀਤਵਾਲ ਮੁਖੀ ਇੰਸਪੈਕਟਰ ਲਛਮਣ ਸਿੰਘ ਢਿੱਲੋਂ ਨੇ ਵਿਭਾਗੀ ਸੋਸ਼ਲ ਮੀਡੀਆ ਗਰੁੱਪ ਵਿਚ ਦੱਸਿਆ ਕਿ ਦੋ ਮੁਲਜ਼ਮਾਂ ਧਰਮ ਸਿੰਘ ਉਰਫ਼ ਗੋਰਾਬਾਚੀ ਅਤੇ ਕੇਵਲ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਸ ਕੇਸ ਵਿਚ ਨਾਮਜ਼ਦ ਪ੍ਰੀਤਮ ਸਿੰਘ ਉਰਫ਼ ਪੀਤਾ ਅਤੇ ਕੁਝ ਅਣਪਛਾਤਿਆਂ ਦੀ ਭਾਲ ਜਾਰੀ ਹੈ।

ਪੁਲੀਸ ਮੁਤਾਬਕ ਏ ਐੱਸ ਆਈ ਬਲਜਿੰਦਰ ਸਿੰਘ ਨੇ ਥਾਣਾ ਅਜੀਤਵਾਲ ਵਿਖੇ ਦਰਜ ਕਰਵਾਈ ਗਈ ਐੱਫ ਆਈ ਆਰ ਵਿਚ ਆਖਿਆ ਕਿ ਉਹ ਸੀਨੀਅਰ ਸਿਪਾਹੀ ਪਰਗਟ ਸਿੰਘ ਨਾਲ ਪਿੰਡ ਚੂਹੜਚੱਕ ਵਿਖੇ ਗਸ਼ਤ ਕਰ ਰਹੇ ਸਨ। ਇਸ ਦੌਰਾਨ ਪਿੰਡ ਚੂਹੜਚੱਕ ਦੇ ਸ਼ਮਸ਼ਾਨ ਘਾਟ ਨੇੜੇ ਤਰਪਾਲਾਂ ਦੀਆਂ ਝੁੱਗੀਆਂ ਕੋਲ ਧਰਮ ਸਿੰਘ ਉਰਫ਼ ਗੋਰਾਬਾਚੀ ਅਤੇ ਪ੍ਰੀਤਮ ਸਿੰਘ ਉਰਫ਼ ਪੀਤਾ ਮੌਜੂਦ ਸਨ।

ਇਨ੍ਹਾਂ ਖ਼ਿਲਾਫ਼ ਪਹਿਲਾਂ ਵੀ ਨਸ਼ਾ ਤਸਕਰੀ ਅਤੇ ਲੜਾਈ ਝਗੜੇ ਦੇ ਕੇਸ ਦਰਜ ਹਨ, ਜਦੋਂ ਏ ਐੱਸ ਆਈ ਤੇ ਹੌਲਦਾਰ ਗੱਡੀ ਵਿਚੋਂ ਉਤਰ ਕੇ ਮੁਲਜ਼ਮਾਂ ਨਾਲ ਗੱਲਬਾਤ ਕਰਨ ਲੱਗੇ ਤਾਂ ਗੋਰਾਬਾਚੀ ਗਾਲਾਂ ਕੱਢਣ ਲੱਗਿਆ। ਇਸ ਦੌਰਾਨ ਪ੍ਰੀਤਮ ਸਿੰਘ ਨੇ ਵੀ ਉਸ ਦਾ ਸਾਥ ਦਿੱਤਾ। ਮੁਲਜ਼ਮਾਂ ਨੇ ਬੇਸਬਾਲ ਨਾਲ ਨੇ ਏ ਐੱਸ ਆਈ ਤੇ ਹੌਲਦਾਰ ਦੀ ਕੁੱਟ ਮਾਰ ਕੀਤੀ। ਦੋਵੇਂ ਪੁਲੀਸ ਮੁਲਾਜ਼ਮ ਸਥਾਨਕ ਸਿਵਲ ਹਸਪਤਾਲ ਵਿਖੇ ਜ਼ੇਰੇ ਇਲਾਜ਼ ਹਨ।

# ਪੰਜਾਬ ਸੋਨੇ ਦੀ ਚਿੜੀ ਤੋਂ ਕਿਵੇਂ ਬਣਿਆ ਕਰਜ਼ੇ ਦਾ ਗੁਲਾਮ ?

**ਖਾਸ ਰਿਪੋਟ**

✪ ਪੰਜਾਬ ਦੇ ਹਰ ਨਾਗਰਿਕ ’ਤੇ 1.23 ਲੱਖ ਦਾ ਬੋਝ ✪ ਸੀਏਜੀ ਰਿਪੋਰਟ ਦਾ ਵੱਡਾ ਖੁਲਾਸਾ: ਪੰਜਾਬ ਦਾ ਕਰਜ਼ਾ ਜੀਐਸਡੀਪੀ ਦਾ 40% ਪਾਰ ✪ ਮੁਫ਼ਤ ਬਿਜਲੀ ਤੇ ਪੌਪੂਲਿਜ਼ਮ ਦੀ ਕੀਮਤ ਚੁਕਾਉਣੀ ਪਈ ਪੰਜਾਬ ਨੂੰ




ਜਦੋਂ ਪੰਜਾਬ ਦਾ ਨਾਂ ਲਿਆ ਜਾਂਦਾ ਹੈ ਤਾਂ ਦਿਮਾਗ ਵਿੱਚ ਸੁਨਹਿਰੀ ਰੰਗੇ ਖੇਤ, ਪੰਜ ਨਦੀਆਂ ਦੀ ਧਰਤੀ, ਸਰਹੱਦੀ ਵੀਰਤਾ ਅਤੇ ਖੁਸ਼ਹਾਲ ਜ਼ਿੰਦਗੀ ਦਾ ਚਿੱਤਰ ਉਭਰਦਾ ਹੈ। ਪਰ ਅੱਜ ਇਹੀ ਪੰਜਾਬ ਇੱਕ ਹੋਰ ਨਾਂ ਨਾਲ ਵੀ ਜਾਣਿਆ ਜਾ ਰਿਹਾ ਹੈ - ਦੇਸ਼ ਦਾ ਸਭ ਤੋਂ ਵੱਧ ਪ੍ਰਤੀ ਵਿਅਕਤੀ ਕਰਜ਼ੇ ਵਾਲਾ ਸੂਬਾ। ਪੀਆਰਐੱਸ ਲੈਜਿਸਲੇਟਿਵ ਰਿਸਰਚ ਦੀ ਤਾਜ਼ਾ ਰਿਪੋਰਟ ਮੁਤਾਬਕ ਪੰਜਾਬ ਵਿੱਚ ਔਸਤ ਪ੍ਰਤੀ ਵਿਅਕਤੀ ਕਰਜ਼ਾ 1,23,274 ਰੁਪਏ ਹੋ ਗਿਆ ਹੈ, ਜੋ ਕਿ ਕੇਰਲ (1,20,444 ਰੁਪਏ) ਨੂੰ ਵੀ ਪਿੱਛੇ ਛੱਡ ਗਿਆ। ਇਹ ਅੰਕੜਾ ਸਿਰਫ਼ ਇੱਕ ਨੰਬਰ ਨਹੀਂ, ਸਗੋਂ ਪੰਜਾਬ ਦੀ ਆਰਥਿਕ ਸਿਹਤ ਦੀ ਗੰਭੀਰ ਬਿਮਾਰੀ ਦਾ ਸੰਕੇਤ ਹੈ।

### ਸੀਏਜੀ ਦੀ ਰਿਪੋਰਟ ਨੇ ਖੜ੍ਹੇ ਕੀਤੇ ਵੱਡੇ ਸਵਾਲ

ਭਾਰਤ ਦੇ ਨਿਯੰਤਰਕ ਤੇ ਮਹਾਲੇਖਾਕਾਰ (ਕੈਗ) ਨੇ 19 ਸਤੰਬਰ 2025 ਨੂੰ ਜੋ ਰਿਪੋਰਟ ਜਾਰੀ ਕੀਤੀ ਸੀ, ਉਸ ਨੇ ਦੇਸ਼ ਭਰ ਦੇ ਰਾਜਾਂ ਦੇ ਕਰਜ਼ੇ ਦੀ ਭਿਆਨਕ ਤਸਵੀਰ ਪੇਸ਼ ਕੀਤੀ। 2013-14 ਵਿੱਚ ਜਿੱਥੇ 28 ਰਾਜਾਂ ਦਾ ਕੁੱਲ ਕਰਜ਼ਾ 17.57 ਲੱਖ ਕਰੋੜ ਸੀ, ਉੱਥੇ 2022-23 ਤੱਕ ਇਹ ਵਧ ਕੇ 59.60 ਲੱਖ ਕਰੋੜ ਰੁਪਏ ਹੋ ਗਿਆ ਸੀ - ਯਾਨੀ ਤਿੰਨ ਗੁਣਾ ਤੋਂ ਵੱਧ। ਪੰਜਾਬ ਦਾ ਕਰਜ਼ਾ ਆਪਣੇ ਜੀਐਸਡੀਪੀ ਦਾ 40.35% ਹੈ, ਜੋ ਦੇਸ਼ ਵਿੱਚ ਸਭ ਤੋਂ ਵੱਧ ਹੈ। ਨਾਗਾਲੈਂਡ (37.15%) ਅਤੇ ਪੱਛਮੀ ਬੰਗਾਲ (33.70%) ਵੀ ਪਿੱਛੇ ਨਹੀਂ।

ਕੈਗ ਨੇ ਸਭ ਤੋਂ ਡਰਾਉਣੀ ਗੱਲ ਇਹ ਕਹੀ ਕਿ 11 ਰਾਜਾਂ ਨੇ ਆਪਣੇ ਰੋਜ਼ਾਨਾ ਖਰਚੇ (ਰੈਵੇਨਿਊ ਖਰਚ) ਲਈ ਵੀ ਕਰਜ਼ਾ ਚੁੱਕਿਆ, ਜੋ ਕਿ ਐਫਆਰਬੀਐਮ ਐਕਟ ਦੀ ਸਪੱਸ਼ਟ ਉਲੰਘਣਾ ਹੈ। ਇਨ੍ਹਾਂ ਵਿੱਚ ਪੰਜਾਬ ਵੀ ਸ਼ਾਮਲ ਹੈ, ਜਿੱਥੇ ਤਕਰੀਬਨ 26% ਕਰਜ਼ਾ ਸਿਰਫ਼ ਰੋਜ਼ਾਨਾ ਖਰਚਿਆਂ ’ਤੇ ਲੱਗ ਰਿਹਾ ਹੈ। ਹਰਿਆਣਾ ਅਤੇ ਹਿਮਾਚਲ ਵਿੱਚ ਇਹ ਅੰਕੜਾ 50% ਦੇ ਕਰੀਬ ਹੈ।

### ਪੰਜਾਬ ਦਾ ਕਰਜ਼ਾ ਸਫ਼ਰ: 1980 ਤੋਂ ਅੱਜ ਤੱਕ

ਪੰਜਾਬ ਦੀ ਆਰਥਿਕ ਤਬਾਹੀ ਰਾਤੋ-ਰਾਤ ਨਹੀਂ ਹੋਈ। 1980 ਦੇ ਦਹਾਕੇ ਦੇ ਅਰੰਭ ਵਿੱਚ ਪੰਜਾਬ ਰੈਵੇਨਿਊ ਸਰਪਲੱਸ ਵਾਲਾ ਸੂਬਾ ਸੀ। ਪਰ ਦਹਾਕੇ ਦੇ ਅੰਤ ਤੱਕ ਉਹ ਰੈਵੇਨਿਊ ਘਾਟੇ ਵਾਲਾ ਸੂਬਾ ਬਣ ਗਿਆ। ਦਹਾਕਿਆਂ ਦੀਆਂ ਗਲਤ ਨੀਤੀਆਂ, ਰਾਜਨੀਤਿਕ ਲੋਕਾਂ ਦੀ ਐਸ਼ਪ੍ਰਸਤੀ ਅਤੇ ਆਰਥਿਕ ਮੰਦਹਾਲੀ ਨੇ ਪੰਜਾਬ ਨੂੰ ਕਰਜ਼ੇ ਦੀ ਡੂੰਘੀ ਖੱਡ ਵਿੱਚ ਧੱਕ ਦਿੱਤਾ।

### ਮੁਫ਼ਤ ਬਿਜਲੀ ਅਤੇ ਭਾਰੀ ਸਬਸਿਡੀਆਂ

ਪੰਜਾਬ ਵਿੱਚ ਹਰ ਸਰਕਾਰ ਨੇ ਵੋਟਾਂ ਲਈ ਮੁਫ਼ਤ ਬਿਜਲੀ, ਪਾਣੀ ਅਤੇ ਹੋਰ ਸਬਸਿਡੀਆਂ ਦੀ ਬਰਸਾਤ ਕੀਤੀ। ਅੱਜ ਪੰਜਾਬ ਦੀ ਬਿਜਲੀ ਸਬਸਿਡੀ 18-20 ਹਜ਼ਾਰ ਕਰੋੜ ਰੁਪਏ ਸਾਲਾਨਾ ਹੈ। ਇਸ ਨਾਲ ਰੈਵੇਨਿਊ ਘਾਟਾ ਪਿਆ ਹੈ, ਫਿਰ ਕਰਜ਼ਾ ਚੁਕਣਾ ਪਿਆ ਹੈ।

### ਉਦਯੋਗਾਂ ਦਾ ਪਲਾਇਨ

ਬਟਾਲਾ, ਗੋਬਿੰਦਗੜ੍ਹ, ਜਲੰਧਰ, ਲੁਧਿਆਣਾ - ਇੱਕ ਸਮਾਂ ਸੀ ਜਦੋਂ ਇਹ ਸ਼ਹਿਰ ਉਦਯੋਗਾਂ ਦੇ ਕੇਂਦਰ ਸਨ। ਅੱਜ ਇਨ੍ਹਾਂ ਵਿੱਚੋਂ ਜ਼ਿਆਦਾਤਰ ਉਦਯੋਗ ਗੁਜਰਾਤ, ਮਹਾਰਾਸ਼ਟਰ, ਹਰਿਆਣਾ ਤੇ ਹਿਮਾਚਲ ਚਲੇ ਗਏ। ਕਾਰਨ - ਉੱਚ ਬਿਜਲੀ ਦਰਾਂ, ਭ੍ਰਿਸ਼ਟਾਚਾਰ, ਬਿਊਰੋਕ੍ਰੇਸੀ ਤੇ ਟੈਕਸ। ਨਤੀਜਾ - ਟੈਕਸ ਆਮਦਨ ਘਟੀ, ਕਰਜ਼ਾ ਵਧਿਆ।

### ਖੇਤੀ ਸੰਕਟ ਅਤੇ ਘੱਟ ਟੈਕਸ ਆਮਦਨ

ਪੰਜਾਬ ਭਾਰਤ ਦੀ ਅੰਨ ਭੰਡਾਰ ਹੈ ਪਰ ਖੇਤੀ ’ਤੇ ਟੈਕਸ ਲਗਾਉਣਾ ਰਾਜਨੀਤਿਕ ਤੌਰ ’ਤੇ ਅਸੰਭਵ ਹੈ। ਨਤੀਜੇ ਵਜੋਂ ਖੇਤੀ ਤੋਂ ਸਿੱਧੀ ਆਮਦਨ ਜ਼ੀਰੋ। ਉਲਟਾ ਐਮਐਸਪੀ, ਖਰੀਦ ਤੇ ਸਟੋਰੇਜ ’ਤੇ ਸਬਸਿਡੀ ਦਾ ਬੋਝ ਹੈ।

### ਪੌਪੂਲਿਜ਼ਮ ਦੀ ਰਾਜਨੀਤੀ

ਕਾਂਗਰਸ, ਅਕਾਲੀ-ਭਾਜਪਾ ਤੇ ਹੁਣ ਆਮ ਆਦਮੀ ਪਾਰਟੀ - ਹਰ ਸਰਕਾਰ ਨੇ ਚੋਣਾਂ ਤੋਂ ਪਹਿਲਾਂ ਨਵੀਆਂ ਸਕੀਮਾਂ ਐਲਾਨੀਆਂ ਸਨ। ਮੁਫ਼ਤ ਬਿਜਲੀ, ਬੁਢਾਪਾ ਪੈਨਸ਼ਨ, ਮਹਿਲਾ ਭੱਤਾ - ਸਾਰਿਆਂ ਦਾ ਖਰਚਾ ਕਰਜ਼ੇ ਤੋਂ ਪੂਰਾ ਹੋਇਆ ਹੈ। ਇਸ ਨਾਲ ਪੰਜਾਬ ਦੀ ਆਰਥਿਕਤਾ ਨਿਘਰੀ ਹੈ।

### ਅੱਜ ਦੀ ਸਥਿਤੀ: ਭਿਆਨਕ ਅੰਕੜੇ

ਪੰਜਾਬ ਦਾ ਕੁੱਲ ਕਰਜ਼ਾ: ਲਗਭਗ 3.50 ਲੱਖ ਕਰੋੜ ਰੁਪਏ (2025 ਅਨੁਮਾਨ)

ਪ੍ਰਤੀ ਵਿਅਕਤੀ ਕਰਜ਼ਾ: 1,23,274 ਰਪਏ ਹੈ। ਜੀਅਐਸਡੀਪੀਸ਼ਧਫ ਦਾ 40.35% ਕਰਜ਼ਾ (ਕੁਝ ਰਿਪੋਰਟਾਂ ਅਨੁਸਾਰ 46-47%) ਹੈ। ਸਾਲਾਨਾ ਵਿਆਜ ਅਦਾਇਗੀ 30-35 ਹਜ਼ਾਰ ਕਰੋੜ ਰੁਪਏ ਹੈ। 90% ਤੋਂ ਵੱਧ ਨਵਾਂ ਕਰਜ਼ਾ ਪੁਰਾਣੇ ਕਰਜ਼ੇ ਅਤੇ ਵਿਆਜ ਭਰਨ ’ਤੇ ਖਰਚ ਹੁੰਦਾ ਹੈ। ਭਾਵ, ਪੰਜਾਬ ਅੱਜ ਇੱਕ ਅਜਿਹੇ ਚੱਕਰ ਵਿੱਚ ਫਸਿਆ ਹੈ ਜਿੱਥੇ ਨਵਾਂ ਕਰਜ਼ਾ ਚੁੱਕ ਕੇ ਪੁਰਾਣਾ ਕਰਜ਼ਾ ਤੇ ਵਿਆਜ ਭਰਿਆ ਜਾ ਰਿਹਾ ਹੈ। ਨਵੇਂ ਵਿਕਾਸ ਪ੍ਰਾਜੈਕਟ, ਸੜਕਾਂ, ਸਕੂਲ, ਹਸਪਤਾਲ - ਸਾਰੇ ਠੱਪ ਹਨ।

### ਮਾਹਿਰ ਕੀ ਕਹਿੰਦੇ ਹਨ ?

ਪੰਜਾਬ ਯੂਨੀਵਰਸਿਟੀ ਦੇ ਅਰਥਸ਼ਾਸਤਰੀ ਪ੍ਰੋ. ਆਰਐੱਸ ਘੁੰਮਣ ਕਹਿੰਦੇ ਹਨ ਕਿ ਪੰਜਾਬ ਦਾ ਸੰਕਟ ਸਿਰਫ਼ ਵਿੱਤੀ ਨਹੀਂ, ਸਗੋਂ ਸਿਆਸੀ ਇੱਛਾ-ਸ਼ਕਤੀ ਦਾ ਵੀ ਹੈ। ਜਦੋਂ ਤੱਕ ਸਬਸਿਡੀਆਂ ਨੂੰ ਤਰਕਸ਼ੀਲ ਨਹੀਂ ਕੀਤਾ ਜਾਵੇਗਾ, ਨਵੇਂ ਟੈਕਸ ਸਰੋਤ ਨਹੀਂ ਲੱਭੇ ਜਾਣਗੇ ਅਤੇ ਖਰਚਿਆਂ ’ਤੇ ਕਾਬੂ ਨਹੀਂ ਪਾਇਆ ਜਾਵੇਗਾ, ਪੰਜਾਬ ਕਰਜ਼ੇ ਦੀ ਦਲਦਲ ਵਿੱਚੋਂ ਨਹੀਂ ਨਿਕਲ ਸਕੇਗਾ। ਸਬਸਿਡੀਆਂ ਦੀ ਸਮੀਖਿਆ ਹੋਵੇ ਅਤੇ ਸਹੀ ਢੰਗ ਨਾਲ ਲਾਗੂ ਕੀਤਾ ਜਾਵੇ। ਮੁਫ਼ਤ ਬਿਜਲੀ ਨੂੰ ਸਿਰਫ਼ ਅਤੀ ਗਰੀਬਾਂ ਤੱਕ ਸੀਮਤ ਕੀਤਾ ਜਾਵੇ। ਅਮੀਰ ਕਿਸਾਨਾਂ ਤੋਂ ਬਿਜਲੀ ਦਾ ਪੂਰਾ ਖਰਚਾ ਵਸੂਲਿਆ ਜਾਵੇ।

ਪ੍ਰਾਪਰਟੀ ਟੈਕਸ, ਪ੍ਰੋਫੈਸ਼ਨਲ ਟੈਕਸ ਵਿੱਚ ਸੁਧਾਰ ਕੀਤਾ ਜਾਵੇ। ਪੰਜਾਬ ਵਿੱਚ ਵਧ ਰਹੀ ਰਿਹਾਇਸ਼ੀ ਤੇ ਵਪਾਰਕ ਜਾਇਦਾਦ ’ਤੇ ਵਧੇਰੇ ਟੈਕਸ ਲਗਾਇਆ ਜਾਵੇ। ਉਦਯੋਗ ਲਿਆਉਣ ਲਈ ਵਿਸ਼ੇਸ਼ ਪੈਕੇਜ, ਘੱਟ ਬਿਜਲੀ ਦਰਾਂ, ਟੈਕਸ ਛੋਟ, ਸਿੰਗਲ ਵਿੰਡੋ ਕਲੀਅਰੈਂਸ ਦਾ ਪ੍ਰਬੰਧ ਹੋਵੇ।

ਵਾਹਗਾ ਰਾਹੀਂ ਪਾਕਿਸਤਾਨ ਨਾਲ ਵਪਾਰ ਖੋਲ੍ਹਿਆ ਜਾਵੇ। ਸਿੱਖਿਆ, ਸਿਹਤ ਤੇ ਇਨਫਰਾਸਟ੍ਰਕਚਰ ’ਤੇ ਖਰਚ ਵਧਾਇਆ ਜਾਵੇ, ਰੋਜ਼ਾਨਾ ਖਰਚ ਘਟਾਇਆ ਜਾਵੇ।

### ਕੇਂਦਰ ਸਰਕਾਰ ਤੋਂ ਪੁਰਾਣੇ ਕਰਜ਼ਿਆਂ ’ਤੇ ਵਿਆਜ ਮਾਫ਼ੀ ਮੰਗੀ ਜਾਵੇ

ਪੰਜਾਬ ਅੱਜ ਜਿੱਥੇ ਖੜ੍ਹਾ ਹੈ, ਉੱਥੋਂ ਵਾਪਸੀ ਮੁਸ਼ਕਲ ਜ਼ਰੂਰ ਹੈ ਪਰ ਅਸੰਭਵ ਨਹੀਂ। ਜੇਕਰ ਸਿਆਸੀ ਪਾਰਟੀਆਂ ਲੋਕ ਲੁਭਾਵਨੇਪਨ ਤੋਂ ਉੱਪਰ ਉੱਠ ਕੇ ਇੱਕ ਸਾਂਝਾ “ਪੰਜਾਬ ਆਰਥਿਕ ਪੁਨਰਜਨਮ ਪਲਾਨ” ਬਣਾਉਣ ਅਤੇ ਲਾਗੂ ਕਰਨ ਲਈ ਸਹਿਮਤ ਹੋ ਜਾਣ ਤਾਂ ਅਗਲੇ 10-15 ਸਾਲਾਂ ਵਿੱਚ ਪੰਜਾਬ ਫਿਰ ਤੋਂ ਸਰਪਲੱਸ ਵਾਲਾ ਸੂਬਾ ਬਣ ਸਕਦਾ ਹੈ। ਪਰ ਜੇਕਰ ਅੱਜ ਵੀ “ਮੁਫ਼ਤ ਤੇ ਰਿਉੜੀਆਂ ਵੰਡਣ ਵਾਲੀ ਰਾਜਨੀਤੀ” ਜਾਰੀ ਰਹੀ ਤਾਂ ਇੱਕ ਦਿਨ ਪੰਜਾਬ ਦਾ ਨਾਂ ਸਿਰਫ਼ ਇੱਕ ਹੀ ਸੂਚੀ ਵਿੱਚ ਆਵੇਗਾ - “ਸਭ ਤੋਂ ਵੱਧ ਕਰਜ਼ਾਈ ਰਾਜ”।

## ਬਾਈਕ ਸਵਾਰਾਂ ਵਲੋਂ ਫਗਵਾੜਾ ਵਿਚ ‘ਆਪ’ ਆਗੂ ਦੇ ਘਰ ਉੱਤੇ ਫਾਇਰਿੰਗ



ਫਗਵਾੜਾ-ਇਥੇ ਬੁੱਧਵਾਰ ਤੇ ਵੀਰਵਾਰ ਦੀ ਦਰਮਿਆਨੀ ਰਾਤ ਡੇਢ ਵਜੇ ਦੇ ਕਰੀਬ ਮੋਟਰਸਾਈਕਲ ਸਵਾਰ ਦੋ ਅਣਪਛਾਤੇ ਬਦਮਾਸ਼ਾਂ ਨੇ ਆਮ ਆਦਮੀ ਪਾਰਟੀ (ਆਪ) ਆਗੂ ਤੇ ‘ਯੁੱਧ ਨਸ਼ਿਆਂ ਵਿਰੁੱਧ’ ਫਗਵਾੜਾ ਦੇ ਕੋਆਰਡੀਨੇਟਰ ਦਲਜੀਤ ਰਾਜੂ ਵਾਸੀ ਪਿੰਡ ਦਰਵੇਸ਼, ਫਗਵਾੜਾ ਦੇ ਘਰ ’ਤੇ ਫ਼ਾਇਰਿੰਗ ਕੀਤੀ। ਘਟਨਾ ਦੌਰਾਨ ਤਕਰੀਬਨ 21 ਗੋਲੀਆਂ ਚਲਾਈਆਂ ਗਈਆਂ। ਪੁਲੀਸ ਨੇ ਮੌਕੇ ਤੋਂ ਕਈ ਖਾਲੀ ਖੋਲ ਬਰਾਮਦ ਕੀਤੇ ਹਨ। ਘਟਨਾ ਸਮੇਂ ਦਲਜੀਤ ਰਾਜੂ, ਉਸ ਦੀ ਪਤਨੀ ਅਤੇ ਨਿੱਕੀ ਧੀ ਘਰ ਵਿੱਚ ਸੌਂ ਰਹੇ ਸਨ। ਗੋਲੀਆਂ ਚਲਾਉਣ ਮਗਰੋਂ ਮੁਲਜ਼ਮ ਮੌਕੇ ਤੋਂ ਫ਼ਰਾਰ ਹੋ ਗਏ।

# ਭਾਰਤੀ ਫੌਜ ਵਿੱਚ ਧਾਰਮਿਕ ਅਨੁਸ਼ਾਸਨ ਭੰਗ ਕਰਨ ਕਾਰਣ ਈਸਾਈ ਅਫ਼ਸਰ ਬਰਖਾਸਤ

## ✪ ਗੁਰਦੁਆਰੇ ਵਿਚ ਅਰਦਾਸ ਵਿਚ ਸ਼ਾਮਿਲ ਹੋਣ ਤੋਂ ਕੀਤਾ ਸੀ ਇਨਕਾਰ ✪ ਸੁਪਰੀਮ ਕੋਰਟ ਨੇ ਫੈਸਲਾ ਸਹੀ ਠਹਿਰਾਇਆ



ਨਵੀਂ ਦਿੱਲੀ-ਭਾਰਤੀ ਫੌਜ ਵਿੱਚ ਧਾਰਮਿਕ ਆਜ਼ਾਦੀ ਤੇ ਅਨੁਸ਼ਾਸਨ ਵਿਚਕਾਰ ਚੱਲ ਰਹੀ ਤਣਾਅ ਨੂੰ ਇੱਕ ਨਵਾਂ ਮੋੜ ਮਿਲਿਆ ਹੈ। ਸੁਪਰੀਮ ਕੋਰਟ ਨੇ ਈਸਾਈ ਅਫ਼ਸਰ ਲੈਫਟੀਨੈਂਟ ਸੈਮੂਅਲ ਕਮਲੇਸਨ ਦੀ ਬਰਖਾਸਤਗੀ ਨੂੰ ਸਹੀ ਠਹਿਰਾਇਆ ਹੈ, ਜਿਸ ਨੂੰ ਉਸ ਦੀ ਰੈਜੀਮੈਂਟ ਵਿੱਚ ਗੁਰਦੁਆਰੇ ਨਾਲ ਜੁੜੀਆਂ ਲਾਜ਼ਮੀ ਧਾਰਮਿਕ ਰਸਮਾਂ ਵਿੱਚ ਹਿੱਸਾ ਨਾ ਲੈਣ ਕਰਕੇ ਨੌਕਰੀ ਤੋਂ ਹਟਾਇਆ ਗਿਆ ਸੀ। ਚੀਫ਼ ਜਸਟਿਸ ਸੂਰਿਆ ਕਾਂਤ ਅਗਵਾਈ ਵਾਲੀ ਬੈਂਚ ਨੇ ਇਸ ਨੂੰ "ਗੰਭੀਰ ਅਨੁਸ਼ਾਸਨਹੀਣਤਾ" ਕਰਾਰ ਦਿੱਤਾ ਅਤੇ ਕਿਹਾ ਸੀ ਕਿ ਅਫ਼ਸਰ ਨੇ ਆਪਣੀ ਨਿੱਜੀ ਧਾਰਮਿਕ ਵਿਆਖਿਆ ਨੂੰ ਫੌਜ ਦੀ ਇਕਸੁਰਤਾ ਤੇ ਰੈਜੀਮੈਂਟ ਦੀ ਪਰੰਪਰਾ ਤੋਂ ਉੱਪਰ ਰੱਖਿਆ ਸੀ।

ਇਹ ਮਾਮਲਾ 2017 ਵਿੱਚ ਸ਼ੁਰੂ ਹੋਇਆ ਜਦੋਂ ਲੈਫਟੀਨੈਂਟ ਕਮਲੇਸਨ ਨੂੰ ਥਰਡ ਕੈਵਲਰੀ ਰੈਜੀਮੈਂਟ ਵਿੱਚ ਕਮਿਸ਼ਨ ਮਿਲਿਆ। ਇਹ ਰੈਜੀਮੈਂਟ ਪੰਜਾਬੀ ਸਿੱਖ, ਰਾਜਪੂਤ ਅਤੇ ਜਾਟ ਸਿਪਾਹੀਆਂ ਨਾਲ ਜੁੜੀ ਹੈ, ਜਿੱਥੇ ਧਾਰਮਿਕ ਰਸਮਾਂ ਫੌਜੀ ਇਕਜੁਟਤਾ ਦਾ ਅਹਿਮ ਹਿੱਸਾ ਹਨ। ਰੈਜੀਮੈਂਟ ਵਿੱਚ ਇੱਕ "ਸਰਵ ਧਰਮ ਸਥਾਨ" ਹੈ, ਜੋ ਹਿੰਦੂ ਮੰਦਰ ਤੇ ਗੁਰਦੁਆਰੇ ਦਾ ਮਿਸ਼ਰਤ ਰੂਪ ਹੈ। ਇੱਥੇ ਹਫ਼ਤਾਵਾਰੀ ਧਾਰਮਿਕ ਪਰੇਡਾਂ ਵਿੱਚ ਸਾਰੇ ਅਫ਼ਸਰਾਂ ਤੇ ਜਵਾਨਾਂ ਨੂੰ ਹਿੱਸਾ ਲੈਣਾ ਲਾਜ਼ਮੀ ਹੁੰਦਾ ਹੈ, ਜਿਸ ਨਾਲ ਯੂਨਿਟ ਵਿੱਚ ਜਜ਼ਬਾ ਤੇ ਏਕਤਾ ਪੈਦਾ ਹੁੰਦੀ ਹੈ। ਕਮਲੇਸਨ, ਜੋ ਪ੍ਰੋਟੈਸਟੈਂਟ ਈਸਾਈ ਹਨ, ਨੇ 2019 ਤੋਂ ਇਨ੍ਹਾਂ ਰਸਮਾਂ ਵਿੱਚ ਅੰਦਰਲੇ ਹਿੱਸੇ (ਸੈਕਟੂਮ ਸੈਂਕਟਮ) ਵਿੱਚ ਜਾ ਕੇ ਮੱਥਾ ਟੇਕਣ ਤੇ ਪੂਜਾ ਕਰਨ ਤੋਂ ਇਨਕਾਰ ਕੀਤਾ। ਉਨ੍ਹਾਂ ਦਾ ਕਹਿਣਾ ਸੀ ਕਿ ਇਹ ਉਨ੍ਹਾਂ ਦੇ ਇਕੇਸ਼ਵਰਵਾਦੀ (ਮੋਨੋਥੀਇਜ਼ਮ) ਵਿਸ਼ਵਾਸ ਨਾਲ ਮੇਲ ਨਹੀਂ ਖਾਂਦਾ, ਜਿੱਥੇ ਹੋਰ ਦੇਵਤਿਆਂ ਨੂੰ ਪੂਜਣਾ ਪਾਪ ਹੈ। ਉਹ ਬਾਹਰ ਖੜ੍ਹੇ ਹੋ ਕੇ ਸਤਿਕਾਰ ਕਰਨ ਲਈ ਤਿਆਰ ਸੀ, ਪਰ ਅੰਦਰ ਜਾਣ ਤੋਂ ਇਨਕਾਰ ਕਰ ਦਿੱਤਾ।

ਫੌਜ ਨੇ ਇਸ ਨੂੰ ਅਨੁਸ਼ਾਸਨਹੀਣਤਾ ਮੰਨਿਆ। ਉਸਦੀ ਕਈ ਵਾਰ ਕਾਊਂਸਲਿੰਗ ਕੀਤੀ ਗਈ ਅਤੇ ਇੱਕ ਈਸਾਈ ਪਾਦਰੀ ਨੇ ਵੀ ਸਲਾਹ ਦਿੱਤੀ ਕਿ ਇਸ ਨਾਲ ਈਸਾਈ ਧਰਮ ਦਾ ਉਲੰਘਣ ਨਹੀਂ ਹੁੰਦਾ। ਪਰ ਕਮਲੇਸਨ ਨੇ ਨਾ ਮੰਨਿਆ। ਫੌਜੀ ਅਧਿਕਾਰੀਆਂ ਨੇ ਕਿਹਾ ਕਿ ਇਹ ਰਸਮਾਂ ਸਿਰਫ਼ ਧਾਰਮਿਕ ਨਹੀਂ, ਸਗੋਂ ਯੂਨਿਟ ਦੀ ਏਕਤਾ ਤੇ ਜਜ਼ਬੇ ਲਈ ਜ਼ਰੂਰੀ ਹਨ। ਅਫ਼ਸਰ ਦਾ ਇਨਕਾਰ ਦੂਜੇ ਫੌਜੀਆਂ ਦੇ ਵਿਸ਼ਵਾਸ ਨੂੰ ਠੇਸ ਪਹੁੰਚਾਉਂਦਾ ਹੈ।" ਅੰਤ ਵਿੱਚ, 2021 ਵਿੱਚ ਆਰਮੀ ਐਕਟ ਅਧੀਨ ਉਨ੍ਹਾਂ ਨੂੰ ਬਰਖਾਸਤ ਕਰ ਦਿੱਤਾ ਗਿਆ। ਡਿਫੈਂਸ ਮਿਨਿਸਟਰੀ ਨੇ ਕਿਹਾ ਕਿ ਇਹ ਫੈਸਲਾ ਠੀਕ ਰਸਮੀ ਪ੍ਰਕਿਰਿਆ ਅਧੀਨ ਲਿਆ ਗਿਆ।

ਕਮਲੇਸਨ ਨੇ ਦਿੱਲੀ ਹਾਈ ਕੋਰਟ ਵਿੱਚ ਅਪੀਲ ਕੀਤੀ, ਜਿੱਥੇ ਮਈ 2025 ਵਿੱਚ ਫੈਸਲਾ ਫੌਜ ਦੇ ਹੱਕ ਵਿੱਚ ਆਇਆ। ਹਾਈ ਕੋਰਟ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਧਰਮ ਨੂੰ ਸਿਖਲਾਈ ਵਾਲੇ ਹੁਕਮ ਤੋਂ ਉੱਪਰ ਰੱਖਿਆ, ਜੋ "ਅਨੁਸ਼ਾਸਨ ਦੀ ਗੰਭੀਰ ਉਲੰਘਣਾ" ਹੈ। ਬਾਅਦ ਵਿੱਚ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਗਈ, ਜਿੱਥੇ ਸੀਨੀਅਰ ਵਕੀਲ ਗੋਪਾਲ ਸੰਕਰਨਾਰਾਇਣਨ ਨੇ ਬਚਾਅ ਕੀਤਾ। ਉਨ੍ਹਾਂ ਨੇ ਕਿਹਾ ਕਿ ਫੌਜ ਵਿੱਚ ਜਾ ਕੇ ਵੀ ਆਰਟੀਕਲ 25 ਅਧੀਨ ਧਾਰਮਿਕ ਆਜ਼ਾਦੀ ਨਹੀਂ ਖਤਮ ਹੁੰਦੀ। ਕਮਲੇਸਨ ਨੇ ਆਪਣੇ ਬਿਆਨ ਵਿੱਚ ਕਿਹਾ, "ਮੈਂ ਹੋਲੀ, ਦੀਵਾਲੀ ਵਰਗੇ ਤਿਉਹਾਰਾਂ ਵਿੱਚ ਹਿੱਸਾ ਲੈਂਦਾ ਹਾਂ, ਪਰ ਗੁਰਦੁਆਰੇ ਦੇ ਅੰਦਰ ਪੂਜਾ ਕਰਨਾ ਮੇਰੇ ਵਿਸ਼ਵਾਸ ਨਾਲ ਨਹੀਂ ਬਣਦਾ। ਮੈਂ ਬਾਹਰ ਖੜ੍ਹਾ ਹੋ ਕੇ ਸਤਿਕਾਰ ਕਰ ਸਕਦਾ ਹਾਂ।" ਉਨ੍ਹਾਂ ਨੇ ਇਹ ਵੀ ਕਿਹਾ ਕਿ ਫੌਜੀ ਭਾਈਚਾਰਾ ਭੋਜਨ, ਵਰਜ਼ਿਸ਼ਾਂ ਅਤੇ ਨੈਸ਼ਨਲ ਫਲੈਗ ਤੇ ਅਧਾਰਿਤ ਹੈ, ਨਾ ਕਿ ਧਾਰਮਿਕ ਰਸਮਾਂ ਉਪਰ।

ਸੁਪਰੀਮ ਕੋਰਟ ਨੇ 25 ਨਵੰਬਰ 2025 ਨੂੰ ਇਸ ਅਪੀਲ ਨੂੰ ਖਾਰਜ ਕਰ ਦਿੱਤਾ। ਚੀਫ਼ ਜਸਟਿਸ ਸੂਰਿਆ ਕਾਂਤ ਨੇ ਕਿਹਾ, "ਅਫ਼ਸਰ ਨੂੰ ਉਦਾਹਰਣ ਪੇਸ਼ ਕਰਨੀ ਪੈਂਦੀ ਹੈ। ਤੁਸੀਂ ਆਪਣੇ ਜਵਾਨਾਂ ਦਾ ਅਪਮਾਨ ਕੀਤਾ। ਜਦੋਂ ਤੁਹਾਡਾ ਪਾਸਟਰ ਵੀ ਕਹਿ ਗਿਆ ਕਿ ਇਹ ਠੀਕ ਹੈ, ਤਾਂ ਤੁਹਾਨੂੰ ਵੀ ਮੰਨ ਲੈਣਾ ਚਾਹੀਦਾ ਸੀ। ਤੁਸੀਂ ਆਪਣੀ ਨਿੱਜੀ ਵਿਆਖਿਆ ਨੂੰ ਯੂਨੀਫਾਰਮ ਵਿੱਚ ਨਹੀਂ ਲਿਆਉ ਸਕਦੇ।" ਉਨ੍ਹਾਂ ਨੇ ਕਮਲੇਸਨ ਨੂੰ ਜ਼ਿੱਦੀ ਵਿਅਕਤੀ ਅਤੇ "ਫੌਜ ਲਈ ਅਨੁਕੂਲ ਨਹੀਂ" ਕਰਾਰ ਦਿੱਤਾ। ਜਸਟਿਸ ਜੋਇਮਾਲਿਆ ਬਾਗਚੀ ਨੇ ਪੁੱਛਿਆ, "ਈਸਾਈ ਗ੍ਰੰਥਾਂ ਵਿੱਚ ਕਿੱਥੇ ਲਿਖਿਆ ਹੈ ਕਿ ਗੁਰਦੁਆਰੇ ਵਿੱਚ ਜਾਣਾ ਮਨ੍ਹਾ ਹੈ?" ਉਨ੍ਹਾਂ ਨੇ ਇਹ ਵੀ ਕਿਹਾ ਕਿ ਆਰਟੀਕਲ 25 ਸਿਰਫ਼ ਜ਼ਰੂਰੀ ਧਾਰਮਿਕ ਅਮਲਾਂ ਦੀ ਰਾਖੀ ਕਰਦਾ ਹੈ, ਨਾ ਕਿ ਹਰ ਨਿੱਜੀ ਭਾਵਨਾ ਦੀ। ਅਦਾਲਤ ਨੇ ਜ਼ੋਰ ਦਿੱਤਾ ਕਿ ਫੌਜ ਵਿੱਚ ਅਨੁਸ਼ਾਸਨ ਤੇ ਰੈਜੀਮੈਂਟ ਦੀ ਪਰੰਪਰਾ ਸਭ ਤੋਂ ਉੱਪਰ ਹੈ, ਅਤੇ ਇਹ ਫੈਸਲਾ "ਸਹੀ ਸੁਨੇਹਾ" ਦੇਣ ਲਈ ਜ਼ਰੂਰੀ ਹੈ। ਗੁਰਦੁਆਰੇ ਨੂੰ "ਸਭ ਤੋਂ ਧਾਰਮਿਕ ਸਹਿਣਸ਼ੀਲ ਸਥਾਨ" ਕਹਿ ਕੇ ਅਦਾਲਤ ਨੇ ਫੌਜੀ ਅਫਸਰ ਦੇ ਧਾਰਮਿਕ ਅਹੰਕਾਰ ਨੂੰ ਨਕਾਰਿਆ।


ਇਸ ਮਾਮਲੇ ਨੇ ਮੀਡੀਆ ਵਿੱਚ ਵੱਡੀ ਚਰਚਾ ਛੇੜ ਦਿੱਤੀ ਹੈ। ਬ੍ਰਿਟਿਸ਼ ਅਖਬਾਰ ਦ ਇੰਡੀਪੈਂਡੈਂਟ ਨੇ ਇਸ ਨੂੰ "ਭਾਰਤੀ ਫੌਜ ਵਿੱਚ ਈਸਾਈ ਸਿਪਾਹੀ ਨੂੰ ਗੁਰਦੁਆਰੇ ਵਿੱਚ ਅਰਦਾਸ ਵਿਚ ਸ਼ਾਮਲ ਹੋਣ ਤੋਂ ਇਨਕਾਰ ਕਰਨ ਲਈ ਨੌਕਰੀ ਤੋਂ ਹਟਾਇਆ" ਵਜੋਂ ਕਵਰ ਕੀਤਾ। ਅਖਬਾਰ ਨੇ ਨਿਰਪੱਖ ਰੂਪ ਵਿੱਚ ਘਟਨਾ ਦੀ ਵਿਆਖਿਆ ਕੀਤੀ, ਜ਼ੋਰ ਦਿੱਤਾ ਕਿ ਅਫ਼ਸਰ ਨੇ ਆਪਣੇ ਵਿਸ਼ਵਾਸ ਨੂੰ ਫੌਜੀ ਅਨੁਸ਼ਾਸਨ ਤੋਂ ਉੱਪਰ ਰੱਖਿਆ ਹੈ।

ਦ ਹਿੰਦੂ ਨੇ ਇਸ ਨੂੰ "ਸੁਪਰੀਮ ਕੋਰਟ ਨੇ ਈਸਾਈ ਫੌਜੀ ਅਫ਼ਸਰ ਦੀ ਅਪੀਲ ਖਾਰਜ ਕੀਤੀ, ਜਿਸ ਨੇ ਰੈਜੀਮੈਂਟੀ ਟੈਂਪਲ ਵਿੱਚ ਪੂਜਾ ਤੋਂ ਇਨਕਾਰ ਕੀਤਾ" ਵਜੋਂ ਪੇਸ਼ ਕੀਤਾ। ਅਖਬਾਰ ਨੇ ਨਿਰਪੱਖ ਤਰੀਕੇ ਨਾਲ ਅਦਾਲਤੀ ਵਾਦ ਵਾਦਾਂ ਨੂੰ ਰਿਪੋਰਟ ਕੀਤਾ, ਜਿਵੇਂ ਅਡੀਸ਼ਨਲ ਸਾਲੀਸੀਟਰ ਜਨਰਲ ਐਸ਼ਵਰਿਆ ਭਾਟੀ ਦਾ ਕਹਿਣਾ ਕਿ ਅਫ਼ਸਰ ਦਾ ਇਨਕਾਰ ਯੂਨਿਟ ਦੀ ਏਕਤਾ ਨੂੰ ਕਮਜ਼ੋਰ ਕਰਦਾ ਹੈ। ਉਨ੍ਹਾਂ ਨੇ ਅਫ਼ਸਰ ਦੇ ਵਕੀਲ ਦੀ ਰਾਇ ਨੂੰ ਵੀ ਸ਼ਾਮਲ ਕੀਤਾ, ਜੋ ਆਰਟੀਕਲ 25 ਦੇ ਹੱਕ ਨੂੰ ਰੋਕਣ ਵਾਲੇ ਫੌਜੀ ਅਨੁਸ਼ਾਸਨ ਨੂੰ ਚੁਣੌਤੀ ਦਿੰਦਾ ਹੈ। ਅਖਬਾਰ ਨੇ ਫੈਸਲੇ ਨੂੰ ਫੌਜੀ ਅਨੁਸ਼ਾਸਨ ਅਤੇ ਵਿਸ਼ਵਾਸ ਦੇ ਮਾਮਲੇ ਵਜੋਂ ਵੇਖਿਆ, ਪਰ ਕੋਈ ਆਪਣੀ ਰਾਇ ਨਹੀਂ ਜੋੜੀ।

ਟਾਈਮਜ਼ ਆਫ਼ ਇੰਡੀਆ ਨੇ ਸਿਰਲੇਖ ਵਿੱਚ ਲਿਖਿਆ ਕਿ ਧਾਰਮਿਕ ਅਹੰਕਾਰ ਵਿਚ ਅਫ਼ਸਰ ਨੇ ਜਵਾਨਾਂ ਦੇ ਵਿਸ਼ਵਾਸ ਨੂੰ ਨੁਕਸਾਨ ਪਹੁੰਚਾਇਆ। ਉਨ੍ਹਾਂ ਨੇ ਪਾਸਟਰ ਦੀ ਸਲਾਹ ਨੂੰ ਹਾਈਲਾਈਟ ਕੀਤਾ ਅਤੇ ਅਦਾਲਤ ਦੇ ਬਿਆਨ ਨੂੰ ਪੇਸ਼ ਕਰਦਿਆਂ ਕਿਹਾ ਕਿ, "ਤੁਸੀਂ ਆਪਣੀ ਨਿੱਜੀ ਧਾਰਮਿਕ ਵਿਆਖਿਆ ਨਾਲ ਜਵਾਨਾਂ ਦੀਆਂ ਭਾਵਨਾਵਾਂ ਨੂੰ ਠੇਸ ਨਹੀਂ ਪਹੁੰਚਾ ਸਕਦੇ।" ਅਖਬਾਰ ਨੇ ਫੌਜ ਨੂੰ "ਸੈਕੂਲਰ ਅਤੇ ਅਨੁਸ਼ਾਸਿਤ" ਕਹਿ ਕੇ ਫੈਸਲੇ ਨੂੰ ਸਮਰਥਨ ਦਿੱਤਾ ਅਤੇ ਇਸ ਨੂੰ "ਸਹੀ ਸੁਨੇਹਾ" ਵਜੋਂ ਵੇਖਿਆ। ਐੱਨਡੀਟੀਵੀ ਨੇ ਫੈਸਲੇ ਬਾਰੇ ਕਿਹਾ ਕਿ ਫੌਜ ਵਿੱਚ ਅਜਿਹੇ ਜ਼ਿੱਦੀ ਲੋਕ ਨਹੀਂ ਚੱਲ ਸਕਦੇ।"

ਇਹ ਫੈਸਲਾ ਭਾਰਤੀ ਫੌਜ ਵਿੱਚ ਧਾਰਮਿਕ ਵਿਭਿੰਨਤਾ ਦੇ ਚੁਣੌਤੀਆਂ ਨੂੰ ਰੋਸ਼ਨੀ ਪਾਉਂਦਾ ਹੈ। ਫੌਜ ਵਿੱਚ ਕਾਸਟ ਅਤੇ ਧਰਮ ਅਧਾਰਤ ਰੈਜੀਮੈਂਟਾਂ ਹਨ, ਪਰ "ਸਰਵ ਧਰਮ" ਨੀਤੀ ਨੂੰ ਅਪਣਾਇਆ ਜਾਂਦਾ ਹੈ। ਕੁਝ ਵਿਸ਼ਲੇਸ਼ਕਾਂ ਅਨੁਸਾਰ, ਇਹ ਮਾਮਲਾ ਆਰਟੀਕਲ 25 ਦੀ ਵਿਆਖਿਆ ਨੂੰ ਪ੍ਰਭਾਵਿਤ ਕਰੇਗਾ, ਜਿੱਥੇ ਨਿੱਜੀ ਵਿਸ਼ਵਾਸ ਨੂੰ ਸੰਸਥਾਗਤ ਅਨੁਸ਼ਾਸਨ ਨਾਲ ਤੋਲਿਆ ਜਾਂਦਾ ਹੈ। ਕੁਝ ਈਸਾਈ ਸੰਸਥਾਵਾਂ ਨੇ ਅਫ਼ਸਰ ਦੇ ਹੱਕ ਵਿੱਚ ਬੋਲਿਆ, ਪਰ ਜ਼ਿਆਦਾਤਰ ਮੀਡੀਆ ਨੇ ਅਦਾਲਤ ਨੂੰ ਸਹੀ ਠਹਿਰਾਇਆ। ਇਹ ਫੈਸਲਾ ਫੌਜ ਨੂੰ ਵਧੇਰੇ ਸੈਕੂਲਰ ਬਣਾਉਣ ਵਿੱਚ ਮਦਦ ਕਰੇਗਾ, ਪਰ ਧਾਰਮਿਕ ਆਜ਼ਾਦੀ ਦੇ ਸਵਾਲ ਖੜ੍ਹੇ ਕਰਦਾ ਰਹੇਗਾ।

# ਦਿੱਲੀ ਵਿਚ ਦਵਾਰਕਾ ਨੇੜੇ ਮੁਕਾਬਲੇ ਵਿਚ ਭਾਊ ਗੈਂਗ ਦਾ ਮੈਂਬਰ ਗ੍ਰਿਫਤਾਰ



ਨਵੀਂ ਦਿੱਲੀ-ਪੁਲੀਸ ਨੇ ਵੱਡੇ ਤੜਕੇ ਦਵਾਰਕਾ ਵਿਚ ਹੋਏ ਮੁਕਾਬਲੇ ਦੌਰਾਨ ਹਿਮਾਂਸ਼ੂ ਭਾਊ ਗਰੋਹ ਦੇ ਇੱਕ ਲੋੜੀਂਦੇ ਮੈਂਬਰ, ਜਿਸ ਦੇ ਸਿਰ 'ਤੇ 25,000 ਰੁਪਏ ਦਾ ਇਨਾਮ ਸੀ, ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮ ਅੰਕਿਤ (25), ਜੋ ਹਰਿਆਣਾ ਦੇ ਸੋਨੀਪਤ ਦੇ ਗੋਰਾਡ ਪਿੰਡ ਦਾ ਰਹਿਣ ਵਾਲਾ ਹੈ, ਨਜਫਗੜ੍ਹ ਵਿੱਚ ਗੋਲੀਬਾਰੀ ਦੀ ਘਟਨਾ ਅਤੇ 2020 ਵਿੱਚ ਬਹਾਦਰਗੜ੍ਹ ਵਿੱਚ ਸੀਆਈਏ ਟੀਮ 'ਤੇ ਗੋਲੀਬਾਰੀ ਦੌਰਾਨ ਪੁਲੀਸ ਕਾਂਸਟੇਬਲ ਨੂੰ ਜ਼ਖਮੀ ਕਰਨ ਦੇ ਦੋਸ਼ ਵਿੱਚ ਲੋੜੀਂਦਾ ਸੀ। ਪੁਲੀਸ ਨੇ ਦੱਸਿਆ ਕਿ 18 ਸਤੰਬਰ ਨੂੰ ਨਜਫਗੜ੍ਹ ਵਿੱਚ ਚਾਰ ਹਮਲਾਵਰਾਂ ਨੇ ਰੋਹਿਤ ਲਾਂਬਾ ਨਾਮ ਦੇ ਇੱਕ ਵਿਅਕਤੀ 'ਤੇ ਗੋਲੀਬਾਰੀ ਕੀਤੀ। ਜਾਂਚ ਦੌਰਾਨ ਇਸ ਵਿਚ ਭਾਊ ਗਰੋਹ ਦੀ ਸ਼ਮੂਲੀਅਤ ਦਾ ਪਤਾ ਲੱਗਾ। ਇੱਕ ਅਧਿਕਾਰੀ ਨੇ ਦੱਸਿਆ ਕਿ ਚਾਰ ਮੁਲਜ਼ਮਾਂ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ, ਜਦੋਂ ਕਿ ਦੋ ਮੁੱਖ ਨਿਸ਼ਾਨੇਬਾਜ਼ ਅੰਕਿਤ ਅਤੇ ਦੀਪਕ ਫਰਾਰ ਸਨ। ਗ੍ਰਿਫ਼ਤਾਰ ਕੀਤੇ ਗਏ ਮਸ਼ਕੂਕਾਂ ਤੋਂ ਪੁੱਛਗਿੱਛ ਅਤੇ ਮਨੁੱਖੀ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਪੁਲੀਸ ਨੇ ਅੰਕਿਤ ਅਤੇ ਦੀਪਕ ਨੂੰ ਫਰਾਰ ਸ਼ੂਟਰਾਂ ਵਜੋਂ ਪਛਾਣਿਆ। ਜ਼ਖ਼ਮੀ ਮੁਲਜ਼ਮ ਨੂੰ ਇਲਾਜ ਲਈ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦੀ ਹਾਲਤ ਸਥਿਰ ਦੱਸੀ ਜਾ ਰਹੀ ਹੈ।

# ਗੁਰੂ ਤੇਗ ਬਹਾਦਰ ਜੀ ਦੀ 350 ਵੀਂ ਸ਼ਹੀਦੀ ਵਰ੍ਹੇਗੰਢ ਪੰਥਕ ਆਗੂਆਂ ਨੇ ਆਪਸੀ ਫੁੱਟ ਵਿਚ ਰੋਲੀ

## ਨਿਊਜ ਵਿਸ਼ਲੇਸ਼ਣ

ਬਲਵਿੰਦਰ ਪਾਲ ਸਿੰਘ ਪ੍ਰੋਫੈਸਰ
9815700916

✪ ਸਮਾਗਮਾਂ ਉਪਰ ਸਿਆਸਤ ਤੇ ਰਾਜਸੀ ਹੰਕਾਰ ਹਾਵੀ ਰਹੇ, ਸੰਗਤਾਂ ਦੀ ਗਿਣਤੀ ਘੱਟ ਰਹੀ

✪ ਦਿੱਲੀ ਗੁਰਦੁਆਰਾ ਕਮੇਟੀ ਦੇ ਸਮਾਗਮਾਂ ਵਿਚ ਜਥੇਦਾਰ ਤੇ ਧਾਮੀ ਗ਼ੈਰਹਾਜ਼ਰ ਰਹੇ



ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਮਨੁੱਖਤਾ ਦੀ ਰਾਖੀ ਲਈ ਦਿੱਲੀ ਵਿੱਚ ਆਪਣਾ ਸੀਸ ਵਾਰਿਆ। 350 ਸਾਲ ਬਾਅਦ ਉਸੇ ਦਿੱਲੀ ਵਿੱਚ, ਉਸੇ ਅਨੰਦਪੁਰ ਸਾਹਿਬ ਵਿੱਚ ਅਤੇ ਪੰਜਾਬ ਦੇ ਹਰ ਪਾਸੇ ਉਨ੍ਹਾਂ ਦੀ ਸ਼ਹਾਦਤ ਨੂੰ ਯਾਦ ਕਰਨ ਦੇ ਸਮਾਗਮ ਹੋਏ, ਪਰ ਸਭ ਤੋਂ ਵੱਡੀ ਗੱਲ ਜੋ ਸਾਹਮਣੇ ਆਈ ਉਹ ਸੀ - ਸਿੱਖ ਆਗੂਆਂ ਵਿੱਚ ਏਕਤਾ ਦੀ ਘਾਟ। ਜਿੱਥੇ ਸਾਰੀ ਸਿੱਖ ਲੀਡਰਸ਼ਿਪ ਨੂੰ ਇੱਕਠੇ ਹੋ ਕੇ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਦਾ ਸੰਦੇਸ਼ ਫੈਲਾਉਣਾ ਚਾਹੀਦਾ ਸੀ, ਉੱਥੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦਿੱਲੀ ਵਾਲੇ ਕਿਸੇ ਵੀ ਸਮਾਗਮ ਵਿੱਚ ਸ਼ਿਰਕਤ ਨਹੀਂ ਕੀਤੀ। ਇਹ ਸਮਾਗਮ ਦਿੱਲੀ ਸਰਕਾਰ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਲਾਲ ਕਿਲ੍ਹੇ ਤੇ ਤਿੰਨ ਦਿਨ ਧੂਮ-ਧਾਮ ਨਾਲ ਕੀਤੇ ਸਨ। ਆਖ਼ਰੀ ਦਿਨ ਭਾਰਤ ਦੀ ਰਾਸ਼ਟਰਪਤੀ ਸ੍ਰੀਮਤੀ ਦਰੋਪਦੀ ਮੁਰਮੂ ਵੀ ਸ਼ਾਮਲ ਹੋਈ ਸੀ।

ਦਿੱਲੀ ਵਾਲੇ ਆਗੂਆਂ ਨੇ ਕੀ ਕਿਹਾ ?- ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਹਰਮੀਤ ਸਿੰਘ ਕਾਲਕਾ ਤੇ ਦਿੱਲੀ ਸਰਕਾਰ ਦੇ ਮੰਤਰੀ ਸ. ਮਨਜਿੰਦਰ ਸਿੰਘ ਸਿਰਸਾ ਨੇ ਸਾਫ਼ ਕਿਹਾ ਕਿ "ਉਨ੍ਹਾਂ ਨੇ ਜਥੇਦਾਰ ਸਾਹਿਬ ਤੇ ਧਾਮੀ ਜੀ ਨੂੰ ਬਾਰ-ਬਾਰ ਸੱਦਾ ਦਿੱਤਾ ਸੀ। ਅਸੀਂ ਅੰਮ੍ਰਿਤਸਰ ਜਾ ਕੇ ਖ਼ੁਦ ਸੱਦਾ ਦਿੱਤਾ ਸੀ। ਰਾਸ਼ਟਰਪਤੀ ਵਾਲੇ ਸਮਾਗਮ ਵਿੱਚ ਜਥੇਦਾਰ ਸਾਹਿਬ ਦਾ ਸੰਦੇਸ਼ ਪੜ੍ਹਨ ਲਈ ਵੀ ਸਮਾਂ ਰੱਖਿਆ ਸੀ। ਜਥੇਦਾਰ ਤੇ ਧਾਮੀ ਫਿਰ ਵੀ ਨਹੀਂ ਆਏ।" ਉਨ੍ਹਾਂ ਨੇ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਨੇ ਸ਼ੁਰੂ ਵਿੱਚ ਸਾਂਝੇ ਸਮਾਗਮ ਲਈ ਹਾਮੀ ਭਰੀ ਸੀ ਪਰ ਬਾਅਦ ਵਿੱਚ ਪਿੱਛੇ ਹਟ ਗਈ। 5-6 ਨਵੰਬਰ ਨੂੰ ਕਾਲਕਾ ਤੇ ਜਗਦੀਪ ਸਿੰਘ ਕਾਹਲੋਂ ਆਦਿ ਅੰਮ੍ਰਿਤਸਰ ਗਏ। ਉੱਥੇ ਲਿਖਤੀ ਵਾਅਦਾ ਕੀਤਾ ਸੀ ਕਿ ਸਾਰੇ ਪ੍ਰਚਾਰ ਵਿੱਚ ਸ਼੍ਰੋਮਣੀ ਕਮੇਟੀ ਦਾ ਨਾਂ ਸਭ ਤੋਂ ਉੱਪਰ ਹੋਵੇਗਾ, ਜੇ ਇੱਕੋ ਸਿੱਖ ਆਗੂ ਨੂੰ ਬੋਲਣ ਦਾ ਮੌਕਾ ਮਿਲੇ ਤਾਂ ਧਾਮੀ ਜੀ ਹੀ ਬੋਲਣਗੇ, ਬੰਦੀ ਸਿੰਘਾਂ ਦਾ ਮੁੱਦਾ ਵੀ ਮਿਲਕੇ ਉਠਾਵਾਂਗੇ । ਪਰ ਜਦੋਂ ਬਾਦਲ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਗੱਲ ਹੋਈ ਤਾਂ ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਨੂੰ ਸੱਦਾ ਸਾਂਝੇ ਤੌਰ ਤੇ ਦੇਣਾ ਹੈ ਤੇ ਉਹ ਖ਼ੁਦ ਵੀ ਜਾਣਗੇ। ਇਸ ਗੱਲ ਤੋਂ ਬਾਅਦ ਸਾਰੀਆਂ ਗੱਲਾਂ ਖ਼ਤਮ ਹੋ ਗਈਆਂ।

ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਜੀ ਦਾ ਪੱਖ-ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦਿਲੀ ਗੁਰਦੁਆਰਾ ਕਮੇਟੀ ਵਲੋਂ ਲਗਾਏ ਦੋਸ਼ਾਂ ਨੂੰ "ਅੱਧਾ ਸੱਚ" ਦੱਸਿਆ। ਉਨ੍ਹਾਂ ਕਿਹਾ, "ਉਨ੍ਹਾਂ ਨੇ ਪਹਿਲਾਂ ਹੀ ਪ੍ਰਧਾਨ ਮੰਤਰੀ ਨੂੰ ਸੱਦਾ ਭੇਜ ਦਿੱਤਾ ਸੀ, ਸਾਨੂੰ ਸਿਰਫ਼ ਉੱਥੇ ਫਿੱਟ ਕਰਨਾ ਚਾਹੁੰਦੇ ਸਨ। ਸੁਖਬੀਰ ਜੀ ਨੇ ਕਿਹਾ ਸੀ ਕਿ ਸੱਦਾ ਸਾਂਝਾ ਹੋਵੇ ਤਾਂ ਅਸੀਂ ਤਿੰਨੇ (ਸੁਖਬੀਰ, ਮੈਂ, ਕਾਲਕਾ) ਮਿਲ ਕੇ ਜਾਈਏ, ਪਰ ਕਾਲਕਾ ਨੇ ਮਨਾ ਕਰ ਦਿੱਤਾ। ਜਦੋਂ ਮੈਂ ਦਿੱਲੀ ਗਿਆ ਤਾਂ ਪਤਾ ਲੱਗਾ ਕਿ ਉਹ ਦਿੱਲੀ ਗੁਰਦੁਆਰਾ ਕਮੇਟੀ ਵਾਲੇ ਅਕਾਲੀ ਲੀਡਰਸ਼ਿਪ ਨੂੰ ਨਾਲ ਨਹੀਂ ਲੈ ਰਹੇ, ਇਸ ਲਈ ਮੀਟਿੰਗ ਵਿੱਚ ਨਹੀਂ ਗਿਆ।"

ਅਨੰਦਪੁਰ ਸਾਹਿਬ ਵਿੱਚ ਵੀ ਦੋ-ਦੋ ਸਮਾਗਮ-ਅਨੰਦਪੁਰ ਸਾਹਿਬ ਵਿੱਚ ਵੀ ਇੱਕੋ ਥਾਂ ਤ ਉਪਰ ਦੋ ਵੱਖਰੇ ਸਟੇਜ ਲੱਗੇ। ਇੱਕ ਸਟੇਜ ਸ਼੍ਰੋਮਣੀ ਕਮੇਟੀ ਦਾ, ਦੂਜੀ ਪੰਜਾਬ ਸਰਕਾਰ (ਆਮ ਆਦਮੀ ਪਾਰਟੀ) ਦੀ। ਮੁੱਖ ਮੰਤਰੀ ਭਗਵੰਤ ਮਾਨ ਨੇ ਜਥੇਦਾਰ ਸਾਹਿਬ ਤੇ ਤੰਜ ਕਸਿਆ ਤਾਂ ਜਥੇਦਾਰ ਸਾਹਿਬ ਨੇ ਵੀ ਜਵਾਬ ਦਿੱਤਾ। ਸੰਗਤ ਬਹੁਤ ਘੱਟ ਪਹੁੰਚੀ। ਸੜਕਾਂ ਉਪਰ ਸੰਗਤਾਂ ਦੀ ਬਹੁਤੀ ਆਵਾਜਾਈ ਨਹੀਂ ਦਿਖੀ ਜੋ ਹੋਲੇ ਮਹਲੇ ਉਪਰ ਪ੍ਰਭਾਵਸ਼ਾਲੀ ਦਿਖਦੀ ਹੈ। ਸ਼੍ਰੋਮਣੀ ਕਮੇਟੀ ਨੇ ਸ਼ਹੀਦੀ ਸਮਾਗਮਾਂ ਲਈ ਪੰਥਕ ਧਿਰਾਂ ਨਾਲ ਮੀਟਿੰਗ ਹੀ ਨਹੀਂ ਕੀਤੀ।

*ਇਹ ਪਹਿਲੀ ਵਾਰ ਨਹੀਂ ਹੋਇਆ*

2019 ਵਿੱਚ ਗੁਰੂ ਨਾਨਕ ਦੇਵ ਜੀ ਦੇ 550 ਪ੍ਰਕਾਸ਼ ਪੁਰਬ ਉਪਰ ਸੁਲਤਾਨਪੁਰ ਲੋਧੀ ਵਿੱਚ ਵੀ ਪੰਜਾਬ ਸਰਕਾਰ ਤੇ ਸ਼੍ਰੋਮਣੀ ਕਮੇਟੀ ਦੇ ਵੱਖਰੇ ਸਟੇਜ ਸਨ।

1999 ਵਿੱਚ ਖ਼ਾਲਸਾ ਸਾਜਨਾ ਦੀ ਤੀਜੀ ਸ਼ਤਾਬਦੀ ਦੌਰਾਨ ਜਥੇਦਾਰ ਭਾਈ ਰਣਜੀਤ ਸਿੰਘ ਨੂੰ ਜਲੀਲ ਕਰਕੇ ਅਹੁਦੇ ਤੋਂ ਸ਼੍ਰੋਮਣੀ ਕਮੇਟੀ ਨੇ ਬਰਖਾਸਤ ਕੀਤਾ ਤੇ ਅਨੇਕਾਂ ਵਿਵਾਦ ਪੈਦਾ ਕੀਤੇ। ਇਹ ਸਭ ਰਾਜਸੀ ਹੰਕਾਰ ਕਰਕੇ ਸ਼ਤਾਬਦੀ ਰੋਲੀ।

2008 ਵਿੱਚ ਹਜ਼ੂਰ ਸਾਹਿਬ ਤੇ ਗੁਰਤਾ ਗੱਦੀ ਦੀ ਤੀਜੀ ਸ਼ਤਾਬਦੀ ਵੀ ਰਾਜਨੀਤੀ ਦੀ ਭੇਟ ਚੜ੍ਹ ਗਈ।

ਸਿਖ ਚਿੰਤਕ ਡਾਕਟਰ ਪਰਮਜੀਤ ਸਿੰਘ ਮਾਨਸਾ ਦਾ ਕਹਿਣਾ ਹੈ ਕਿ ਹਰ ਵਾਰ ਗੱਲ ਆਉਂਦੀ ਹੈ ਕਿ "ਪੰਥ ਦੇ ਵੱਡੇ ਹਿੱਤ" ਦੀ, ਪਰ ਸਿੱਖ ਲੀਡਰਸ਼ਿਪ ਦੇ ਸਾਰੇ ਫੈਸਲੇ ਪਾਰਟੀਆਂ ਅਤੇ ਨਿੱਜੀ ਅਹੁਦਿਆਂ ਨੂੰ ਬਚਾਉਣ ਲਈ ਹੁੰਦੇ ਹਨ। ਸੱਤਾ ਦੀ ਲੜਾਈ, ਪੰਥ ਵਿਚ ਏਕਤਾ ਦੀ ਘਾਟ,ਨਖਿਧ ਸਿੱਖ ਲੀਡਰਸ਼ਿਪ ਕਾਰਣ ਸ਼ਤਾਬਦੀਆਂ ਦਾ ਪ੍ਰਭਾਵ ਖਤਮ ਹੋ ਰਿਹਾ। ਜੇ ਸ਼ਹੀਦੀ ਸ਼ਤਾਬਦੀ ਉਪਰ ਸਾਰੇ ਇਕੱਠੇ ਹੁੰਦੇ ਤਾਂ ਦਿੱਲੀ ਵਿੱਚ ਗੁਰੂ ਸਾਹਿਬ ਦੀ ਸ਼ਹਾਦਤ ਦਾ ਸੰਦੇਸ਼ ਦੁਨੀਆਂ ਭਰ ਵਿੱਚ ਗੂੰਜਦਾ। ਜਥੇਦਾਰ ਅਕਾਲ ਤਖਤ,ਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਇੱਕੋ ਪੰਥਕ ਸਟੇਜ ਉਪਰ ਹੁੰਦੇ। ਅੱਜ ਇੱਕ ਪਾਸੇ ਰਾਸ਼ਟਰਪਤੀ (ਦਿੱਲੀ), ਦੂਜੇ ਪਾਸੇ ਪ੍ਰਧਾਨ ਮੰਤਰੀ (ਕੁਰੂਕਸ਼ੇਤਰ) ਤੇ ਤੀਜੇ ਪਾਸੇ ਕੋਈ ਵੱਡਾ ਰਾਸ਼ਟਰੀ ਆਗੂ ਨਹੀਂ (ਅਨੰਦਪੁਰ ਸਾਹਿਬ)। ਇਸ ਤਰ੍ਹਾਂ ਇਸ ਸ਼ਤਾਬਦੀ ਦਾ ਲੋਕਾਂ ਉਪਰ ਪ੍ਰਭਾਵ ਨਹੀਂ ਜੰਮ ਸਕਿਆ।



## ਸੰਗਤ ਕਿਉਂ ਨਹੀਂ ਪਹੁੰਚੀ ?

ਅਨੰਦਪੁਰ ਸਾਹਿਬ ਵਿੱਚ ਸੰਗਤ ਬਹੁਤ ਘੱਟ ਸੀ। ਕਾਰਨ ਸਾਫ਼ ਹੈ - ਜਦੋਂ ਸੰਗਤ ਨੂੰ ਪਤਾ ਲੱਗਦਾ ਹੈ ਕਿ ਆਗੂ ਆਪਸ ਵਿੱਚ ਲੜ ਰਹੇ ਹਨ, ਤਾਂ ਉਹ ਘਰ ਬੈਠ ਜਾਂਦੀ ਹੈ। ਦਿਲ ਦੁਖਦਾ ਹੈ ਕਿ ਗੁਰੂ ਦਾ ਸਮਾਗਮ ਹੈ ਪਰ ਸਿੱਖ ਆਗੂ ਆਪਣੀਆਂ ਕੁਰਸੀਆਂ ਬਚਾਉਣ ਤੇ ਚੌਧਰਾਂ ਚਮਕਾਉਣ ਵਿੱਚ ਲੱਗੇ ਹਨ। ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਧਰਮ ਦੀ ਰਾਖੀ ਲਈ ਸੀਸ ਦਿੱਤਾ। 350 ਸਾਲ ਬਾਅਦ ਉਨ੍ਹਾਂ ਦੇ ਵਾਰਸ ਆਪਸ ਵਿੱਚ ਹੀ ਲੜ ਰਹੇ ਹਨ। ਜੇ ਅੱਜ ਗੁਰੂ ਸਾਹਿਬ ਦੇਖ ਰਹੇ ਹੋਣ ਤਾਂ ਉਨ੍ਹਾਂ ਦੇ ਮਨ ਨੂੰ ਬਹੁਤ ਦੁੱਖ ਹੋ ਰਿਹਾ ਹੋਵੇਗਾ। ਇਹ ਸਮਾਂ ਸੀ ਜਦੋਂ ਸਾਰੀ ਸਿੱਖ ਲੀਡਰਸ਼ਿਪ ਸੰਸਾਰ ਨੂੰ ਦਿਖਾਉਂਦੀ ਕਿ "ਸਰਬਤ ਦਾ ਭਲਾ" ਸਿਰਫ਼ ਬੋਲ ਨਹੀਂ, ਅਸਲੀਅਤ ਹੈ। ਸਾਡੇ ਸਤਿਗੁਰੂ ਦੀ ਸ਼ਹਾਦਤ ਮਨੁੱਖੀ ਅਧਿਕਾਰਾਂ, ਨਿਆਂ ਤੇ ਸਰਬਤ ਦੇ ਭਲੇ ਲਈ ਹੈ ਪਰ ਸਿੱਖ ਲੀਡਰਸ਼ਿਪ ਵੰਡੀ ਦਿੱਖੀ। ਪਰ ਜਦੋਂ ਤੱਕ ਸਿੱਖ ਆਗੂ ਆਪਸ ਵਿੱਚ ਲੜਦੇ ਰਹਿਣਗੇ, ਇਹ ਫਤਿਹ ਸਿਰਫ਼ ਮੂੰਹ ਨਾਲ ਹੀ ਬੋਲੀ ਜਾਂਦੀ ਰਹੇਗੀ, ਅਸਲ ਵਿਚ ਕਦੇ ਫਤਹਿ ਨਹੀਂ ਹੋਵੇਗੀ।

## ਲੰਬੇ ਸਮੇਂ ਦੇ ਪ੍ਰੋਜੈਕਟਾਂ ਦੀ ਘਾਟ ਕਿਉਂ ਪੰਥਕ ਲੀਡਰਸ਼ਿਪ ਕੋਲ

### ✪ ਸਿੱਖ ਕੌਮ ਕੋਲ ਪੈਸਾ ਵੀ ਹੈ, ਸੰਗਤ ਵੀ ਹੈ, ਪਰ ਸੋਚ ਈਵੈਂਟਾਂ ਤੱਕ ਸੀਮਤ ਹੈ

ਜਦੋਂ ਗੁਰੂ ਨਾਨਕ ਦੇਵ ਜੀ ਦੇ 500 ਸਾਲ ਹੋਏ ਸਨ ਤਾਂ ਸਭ ਤੋਂ ਵੱਡਾ ਪ੍ਰੋਜੈਕਟ ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ, 1969 ਵਿੱਚ ਸਿੱਖ ਧਰਮ ਦੇ ਬਾਨੀ ਗੁਰੂ ਨਾਨਕ ਸਾਹਿਬ ਦੇ ਪੰਜ ਸੌ ਸਾਲਾ ਮਨਾਉਂਦਿਆਂ ਸਥਾਪਿਤ ਕੀਤਾ ਗਿਆ ਸੀ। ਸ਼੍ਰੋਮਣੀ ਅਕਾਲੀ ਦਲ ਦੇ ਜਸਟਿਸ ਗੁਰਨਾਮ ਸਿੰਘ ਉਸ ਸਮੇਂ ਗਠਜੋੜ ਸਰਕਾਰ ਦੇ ਮੁੱਖ ਮੰਤਰੀ ਸਨ। ਹੁਣ ਦੀ ਤਰ੍ਹਾਂ ਨਹੀਂ, ਉਸ ਵੇਲੇ ਪੰਜਾਬ ਸਰਕਾਰ ਅਤੇ ਐਸ.ਜੀ.ਪੀ.ਸੀ. ਵਿਚਕਾਰ ਸਹਿਯੋਗ ਸੀ। ਇੱਕ ਹੋਰ ਵੱਡਾ ਪ੍ਰੋਜੈਕਟ ਗੁਰੂ ਨਾਨਕ ਥਰਮਲ ਪਲਾਂਟ ਬਠਿੰਡਾ ਸੀ। ਇਹ ਪਲਾਂਟ ਕੁਝ ਸਾਲ ਪਹਿਲਾਂ ਬੰਦ ਹੋ ਗਿਆ ਸੀ ਅਤੇ ਹੁਣ ਇਸ ਦੀ ਜ਼ਮੀਨ ਦੇ ਹਿੱਸੇ ਰਾਜ ਸਰਕਾਰ ਵੱਲੋਂ ਵੇਚੇ ਜਾ ਰਹੇ ਹਨ। ਖ਼ਾਲਸਾ ਸਾਜਨਾ ਦੀ ਤੀਜੀ ਸਦੀ ਤੇ ਵਿਰਾਸਤ-ਏ-ਖ਼ਾਲਸਾ ਮਿਊਜ਼ੀਅਮ ਬਣਿਆ (ਹਾਲਾਂਕਿ ਉਸ ਵੇਲੇ ਵੀ ਬਹੁਤ ਵਿਵਾਦ ਹੋਏ)। ਆਨੰਦਪੁਰ ਸਾਹਿਬ ਵਿੱਚ ਵਿਕਾਸ ਪ੍ਰੋਜੈਕਟ ਵੀ ਲਏ ਗਏ। ਵੱਡੇ ਸਮਾਗਮ ਆਯੋਜਿਤ ਕੀਤੇ ਗਏ, ਪਰ ਇਹ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਵਿਚਕਾਰ ਟਕਰਾਅ ਅਤੇ ਅਕਾਲ ਤਖਤ ਜਥੇਦਾਰ ਦੀ ਮਾੜੇ ਤਰੀਕੇ ਨਾਲ ਕੀਤੀ ਬਰਖਾਸਤਗੀ ਨਾਲ ਗ੍ਰਹਿਣੇ ਗਏ। ਹਾਲਾਂਕਿ, ਨਵੀਆਂ ਇਮਾਰਤਾਂ 'ਤੇ ਜ਼ੋਰ ਦੇਣ ਨਾਲ, ਸ਼ਹਿਰ ਦੀ ਪ੍ਰਾਚੀਨ ਵਿਰਾਸਤ ਨੂੰ ਨੁਕਸਾਨ ਪਹੁੰਚਿਆ। ਦੁਖਦਾਈ ਹੈ ਕਿ ਆਨੰਦਪੁਰ ਸਾਹਿਬ ਵਿੱਚ ਗੁਰੂਆਂ ਦੇ ਸਮੇਂ ਦੀ ਕੋਈ ਪੁਰਾਣੀ ਨਿਸ਼ਾਨੀ ਨਹੀਂ ਬਚੀ। ਗੁਰੂ ਗੋਬਿੰਦ ਸਿੰਘ ਨੇ ਸ਼ਹਿਰ ਨੂੰ ਰਣਨੀਤਿਕ ਲੋੜਾਂ ਅਤੇ ਭੂਗੋਲਿਕਤਾ ਦੇ ਅਨੁਸਾਰ ਮਜ਼ਬੂਤ ਕੀਤਾ ਸੀ ਪਰ ਸਭ ਕੁਝ ਤਬਾਹ ਕਰ ਦਿੱਤਾ ਗਿਆ। ਪਰ 350 ਸਾਲਾ ਸ਼ਹੀਦੀ ਵਰ੍ਹੇਗੰਢ ਤੇ ਕੋਈ ਵੱਡਾ ਪੱਕਾ ਪ੍ਰੋਜੈਕਟ ਨਹੀਂ। ਨਾ ਕੋਈ ਨਵੀਂ ਯੂਨੀਵਰਸਿਟੀ, ਨਾ ਕੋਈ ਵੱਡਾ ਰਿਸਰਚ ਸੈਂਟਰ, ਨਾ ਹੀ ਗੁਰੂ ਸਾਹਿਬ ਦੇ ਸੰਦੇਸ਼ ਨੂੰ ਦੁਨੀਆਂ ਤੱਕ ਪਹੁੰਚਾਉਣ ਵਾਲੀ ਕੋਈ ਵੱਡੀ ਮੀਡੀਆ/ਡਿਜੀਟਲ ਪਹਿਲ। ਨਾ ਹੀ ਏ ਆਈ ਸਿੱਖ ਯੂਨੀਵਰਸਿਟੀ, ਸਿਰਫ਼ ਨਗਰ ਕੀਰਤਨ, ਸਮਾਗਮ ਤੇ ਲੜਾਈਆਂ।

# ਸਿੱਖ ਅਮਰੀਕੀ ਫੌਜੀ ਅਫਸਰ ਜਿਸ ਨੇ ਫੌਜ ਦੀ ਨੀਤੀ ਬਦਲੀ, ਲੈਫਟੀਨੈਂਟ ਕਰਨਲ ਬਣਿਆ

ਅਰਲਿੰਗਟਨ, ਵਰਜੀਨੀਆ- ਅਮਰੀਕੀ ਫੌਜ ਦੇ ਸਿੱਖ ਅਫਸਰ ਮੇਜਰ ਸਿਮਰਤਪਾਲ ਸਿੰਘ (ਜਿਨ੍ਹਾਂ ਨੂੰ ਪਿਆਰ ਨਾਲ ''ਸਿਮਰ'' ਆਖਿਆ ਜਾਂਦਾ) ਨੂੰ 26 ਨਵੰਬਰ ਨੂੰ ਲੈਫਟੀਨੈਂਟ ਕਰਨਲ ਦੇ ਰੈਂਕ ਤੇ ਪ੍ਰਮੋਟ ਕੀਤਾ ਗਿਆ। ਇਹ ਉਹੀ ਅਫਸਰ ਹਨ ਜਿਨ੍ਹਾਂ ਨੇ ਆਪਣੀ ਦਾੜ੍ਹੀ ਤੇ ਦਸਤਾਰ ਰੱਖਣ ਦੇ ਹੱਕ ਲਈ ਲੜਾਈ ਲੜੀ ਅਤੇ ਅਮਰੀਕੀ ਫੌਜ ਦੀ ਪੁਰਾਣੀ ਨੀਤੀ ਬਦਲਵਾ ਦਿੱਤੀ।

ਇਸ ਪ੍ਰਮੋਸ਼ਨ ਮੌਕੇ ਸਿਮਰਤਪਾਲ ਸਿੰਘ ਨੇ ਕਿਹਾ, ''ਫੌਜ ਤੇ ਇਸ ਦੇਸ਼ ਨੇ ਪੰਜਾਬ ਦੇ ਇੱਕ ਪਿੰਡ ਦੇ ਮੁੰਡੇ ਨੂੰ ਉਹ ਸਭ ਕੁਝ ਦਿੱਤਾ ਜਿਹੜਾ ਉਹ ਕਦੇ ਸੋਚ ਵੀ ਨਹੀਂ ਸਕਦਾ ਸੀ। ਮੈਂ ਉਮੀਦ ਕਰਦਾ ਹਾਂ ਕਿ ਜਿੰਨਾ ਮਿਲਿਆ ਉਸ ਦਾ ਵੀ ਦਸਵਾਂ ਹਿੱਸਾ ਵਾਪਸ ਕਰ ਸਕਾਂ।''

ਪੰਜਾਬ ਦੇ ਪਿੰਡ ਵਿੱਚ ਜਨਮੇ ਸਿਮਰਤਪਾਲ ਸਿੰਘ ਦਾ ਪਰਿਵਾਰ 1984 ਦੀ ਨਸਲਕੁਸ਼ੀ ਤੋਂ ਬਾਅਦ ਅਮਰੀਕਾ ਆ ਗਿਆ ਸੀ। ਕੈਲੀਫੋਰਨੀਆ ਤੇ ਸੀਏਟਲ ਵਿੱਚ ਵੱਡੇ ਹੋਏ ਇਸ ਨੌਜਵਾਨ ਨੇ 2006 ਵਿੱਚ ਵੈਸਟ ਪੁਆਇੰਟ ਮਿਲਟਰੀ ਅਕੈਡਮੀ ਵਿੱਚ ਦਾਖਲਾ ਲਿਆ। ਉਸ ਵੇਲੇ ਫੌਜ ਦਾ ਨਿਯਮ ਸੀ ਕਿ ਦਾੜ੍ਹੀ ਨਹੀਂ ਰੱਖੀ ਜਾ ਸਕਦੀ। ਮਜਬੂਰਨ ਉਸ ਨੇ ਦਾੜ੍ਹੀ ਮੁੰਡਵਾ ਲਈ, ਪਰ ਬਾਅਦ ਵਿੱਚ ਕਿਹਾ, ''ਮੈਂ ਮਹਿਸੂਸ ਕੀਤਾ ਕਿ ਜਿਹੜੀਆਂ ਕਦਰਾਂ-ਕੀਮਤਾਂ ਮੈਨੂੰ ਚੰਗਾ ਸਿਪਾਹੀ ਬਣਾਉਂਦੀਆਂ ਸਨ, ਉਨ੍ਹਾਂ ਨੂੰ ਹੀ ਮੈਂ ਤੋੜ



ਦਿੱਤਾ।''

2015 ਵਿੱਚ ਸਿੱਖ ਕੋਲੀਸ਼ਨ ਦੇ ਵਕੀਲਾਂ ਨਾਲ ਮਿਲ ਕੇ ਸਿਮਰਤ ਪਾਲ ਸਿੰਘ ਨੇ ਇਹ ਲੜਾਈ ਲੜੀ। ਉਨ੍ਹਾਂ ਦੀ ਜਿੱਤ ਨੇ 2017 ਵਿੱਚ ਅਮਰੀਕੀ ਫੌਜ ਦੀ ਪੂਰੀ ਨੀਤੀ ਬਦਲ ਦਿੱਤੀ। ਹੁਣ ਸਿੱਖ ਸਿਪਾਹੀ ਆਪਣੀ ਦਾੜ੍ਹੀ ਤੇ ਦਸਤਾਰ ਰੱਖ ਕੇ ਬਿਨਾਂ ਕਿਸੇ ਰੋਕ-ਟੋਕ ਤੋਂ ਸੇਵਾ ਕਰ ਸਕਦੇ ਹਨ। ਇਸ ਤੋਂ ਬਾਅਦ ਏਅਰ ਫੋਰਸ, ਨੇਵੀ ਤੇ ਮਰੀਨ ਕੋਰ ਨੇ ਵੀ ਆਪਣੀਆਂ ਨੀਤੀਆਂ ਬਦਲ ਲਈਆਂ।

ਲਗਭਗ 20 ਸਾਲ ਦੀ ਸੇਵਾ ਵਿੱਚ ਲੈ. ਕਰਨਲ ਸਿਮਰਤਪਾਲ ਸਿੰਘ ਨੇ ਰੇਂਜਰ ਸਕੂਲ ਪਾਸ ਕੀਤਾ, ਅਫਗਾਨਿਸਤਾਨ ਵਿੱਚ ਬੰਬ ਡਿਸਪੋਜ਼ਲ ਦਾ ਕੰਮ ਕਰਦਿਆਂ ਬ੍ਰੌਂਜ਼ ਸਟਾਰ ਮੈਡਲ ਜਿੱਤਿਆ, ਵੈਸਟ ਪੁਆਇੰਟ ਵਿੱਚ ਪੜ੍ਹਾਇਆ ਤੇ ਹੁਣ ਫੋਰਟ ਲੈਵਨਵਰਥ ਵਿੱਚ ਕਮਾਂਡ ਐਂਡ ਜਨਰਲ ਸਟਾਫ ਕਾਲਜ ਵਿੱਚ ਪੜ੍ਹ ਰਹੇ ਹਨ।

ਸਿਮਰਤਪਾਲ ਸਿੰਘ ਦੀ ਜਿੱਤ ਨੇ ਨਾ ਸਿਰਫ਼ ਸਿੱਖ ਸਿਪਾਹੀਆਂ ਲਈ ਰਾਹ ਖੋਲ੍ਹਿਆ ਸਗੋਂ ਅਮਰੀਕਾ ਦੀ ''ਧਾਰਮਿਕ ਆਜ਼ਾਦੀ'' ਵਾਲੀ ਧਾਰਨਾ ਨੂੰ ਹੋਰ ਮਜ਼ਬੂਤ ਕੀਤਾ। ਉਸ ਨੇ ਦਿਖਾ ਦਿੱਤਾ ਕਿ ਧਰਮ ਤੇ ਸੇਵਾ ਇਕੱਠੇ ਚੱਲ ਸਕਦੇ ਹਨ। ਉਸ ਦੀਆਂ ਗੱਲਾਂ ਸਾਨੂੰ ਸਿਖਾਉਂਦੀਆਂ ਹਨ ਕਿ ਜੇ ਆਪਾਂ ਆਪਣੀ ਪਛਾਣ ਤੇ ਪੱਕੇ ਹੋਈਏ ਤਾਂ ਸਭ ਤੋਂ ਵੱਡੇ ਸਿਸਟਮ ਨੂੰ ਵੀ ਬਦਲਿਆ ਜਾ ਸਕਦਾ ਹੈ।

ਜਦੋਂ ਵੀ ਕੋਈ ਸਿੱਖ ਨੌਜਵਾਨ ਸੋਚੇਗਾ ਕਿ ''ਮੇਰੀ ਦਾੜ੍ਹੀ-ਦਸਤਾਰ ਕਾਰਨ ਮੈਨੂੰ ਪਿੱਛੇ ਰਹਿਣਾ ਪਵੇਗਾ'' ਤਾਂ ਲੈ. ਕਰਨਲ ਸਿਮਰਤਪਾਲ ਸਿੰਘ ਦੀ ਕਹਾਣੀ ਉਸ ਨੂੰ ਜਵਾਬ ਦੇਵੇਗੀ - ''ਨਹੀਂ, ਤੇਰੀ ਦਸਤਾਰ ਹੀ ਤੈਨੂੰ ਸਿਖਰ ਤੇ ਲੈ ਜਾਵੇਗੀ।''

## ਬੱਬਰ ਖਾਲਸਾ ਦੇ ਸ਼ੇਰਾ ਨੂੰ ਐਨਆਈਏ ਅਦਾਲਤ ਨੇ ਐਲਾਨਿਆ ਭਗੌੜਾ, ਰਿੰਦਾ ਦਾ ਹੈ ਨੇੜਲਾ ਸਾਥੀ

ਚੰਡੀਗੜ੍ਹ-ਪਿਛਲੇ ਸਾਲ ਸੈਕਟਰ 10 ਵਿਚ ਹੈਂਡ ਗ੍ਰਨੇਡ ਹਮਲੇ ਦੀ ਸਾਜ਼ਿਸ਼ ਵਿੱਚ ਸ਼ਾਮਲ ਸ਼ਮਸ਼ੇਰਾ ਸਿੰਘ ਸ਼ੇਰਾ ਨੂੰ ਚੰਡੀਗੜ੍ਹ ਸਥਿਤ ਰਾਸ਼ਟਰੀ ਜਾਂਚ ਏਜੰਸੀ (ਐੱਨ ਆਈ ਏ) ਦੀ ਵਿਸ਼ੇਸ਼ ਅਦਾਲਤ ਨੇ ਭਗੌੜਾ ਐਲਾਨਿਆ ਹੈ। ਉਹ ਬੱਬਰ ਖਾਲਸਾ ਇੰਟਰਨੈਸ਼ਨਲ ਸੰਗਠਨ ਨਾਲ ਜੁੜਿਆ ਹੈ। ਉਸ ਦਾ ਨਾਂ ਪੰਜਾਬ ਵਿੱਚ ਕਈ ਅਪਰਾਧਿਕ ਘਟਨਾਵਾਂ ਵਿੱਚ ਸਾਹਮਣੇ ਆਇਆ ਹੈ। ਉਸ ਨੂੰ ਖਾੜਕੂ ਹਰਿੰਦਰ ਸਿੰਘ ਰਿੰਦਾ ਦਾ ਨਜ਼ਦੀਕੀ ਸਾਥੀ ਦੱਸਿਆ ਜਾਂਦਾ ਹੈ, ਜੋ ਕਿ ਉਸੇ ਸੰਗਠਨ ਨਾਲ ਵੀ ਜੁੜਿਆ ਹੋਇਆ ਹੈ। ਉਹ ਇਸ ਸਮੇਂ ਅਰਮੇਨੀਆ ਵਿੱਚ ਲੁਕਿਆ ਹੋਇਆ ਹੈ। ਐੱਨਆਈਏ ਨੇ ਉਸ ਨੂੰ ਪਿਛਲੇ ਸਾਲ ਸੈਕਟਰ 10 ਬੰਬ ਧਮਾਕੇ ਵਿੱਚ ਵੀ ਦੋਸ਼ੀ ਵਜੋਂ ਨਾਮਜ਼ਦ ਕੀਤਾ ਸੀ। ਰਿੰਦਾ ਦਾ ਨਾਂ ਉਸ ਮਾਮਲੇ ਵਿੱਚ ਵੀ ਹੈ ਅਤੇ ਦੋਵੇਂ ਲੰਬੇ ਸਮੇਂ ਤੋਂ ਫਰਾਰ ਹਨ। ਰਿੰਦਾ ਅਤੇ ਸ਼ੇਰਾ ਨੇ ਪਿਛਲੇ ਸਾਲ ਖਾੜਕੂ ਹੈਪੀ ਪਸ਼ੀਅਨ ਰਾਹੀਂ ਧਮਾਕੇ ਦੀ ਸਾਜ਼ਿਸ਼ ਰਚੀ ਸੀ। ਇਹ ਤਿੰਨੋਂ ਇਸ ਸਮੇਂ ਏਜੰਸੀ ਦੀ ਪਹੁੰਚ ਤੋਂ ਬਾਹਰ ਹਨ। ਸ਼ੇਰਾ ਤੋਂ ਬਾਅਦ ਐੱਨਆਈਏ ਅਦਾਲਤ ਨੇ ਰਿੰਦਾ ਅਤੇ ਹੈਪੀ ਪਸ਼ੀਅਨ ਨੂੰ ਭਗੌੜਾ ਐਲਾਨਣ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ।

## ਪੰਜਾਬ ਦੇ ਭੂਜਲ 'ਤੇ ਖਤਰੇ ਦੀ ਘੰਟੀ

### ✪ 2025 ਵਿੱਚ ਆਰਓ ਪਲਾਂਟ, ਪਰ ਸੰਕਟ ਜਾਰੀ



ਪੰਜਾਬ ਸਰਕਾਰ ਨੇ ਇਸ ਸਮੱਸਿਆ ਨੂੰ ਮੰਨ ਲਿਆ ਹੈ ਅਤੇ ਕੁਝ ਕਦਮ ਚੁੱਕੇ ਹਨ। ਜਲ ਜੀਵਨ ਮਿਸ਼ਨ ਅਧੀਨ 2025 ਵਿੱਚ 5,000 ਆਰਓ ਪਲਾਂਟ ਲਗਾਏ ਜਾਣੇ ਹਨ, ਜਿਨ੍ਹਾਂ ਵਿੱਚੋਂ 2,000 ਪਹਿਲਾਂ ਹੀ ਚੱਲ ਰਹੇ ਹਨ। ਬਠਿੰਡਾ ਅਤੇ ਮਾਨਸਾ ਵਿੱਚ ਵਿਸ਼ੇਸ਼ ਟ੍ਰੀਟਮੈਂਟ ਪਲਾਂਟ ਲੱਗੇ ਹਨ, ਜੋ ਹਾਈਬ੍ਰਿਡ ਤਕਨੀਕ ਨਾਲ ਕੰਮ ਕਰਦੇ ਹਨ। ਸਰਕਾਰ ਨੇ ਫੰਡ ਵੀ ਵਧਾਏ ਹਨ - 2025 ਬਜਟ ਵਿੱਚ 500 ਕਰੋੜ ਰੁਪਏ ਭੂਜਲ ਸੁਰੱਖਿਆ ਲਈ ਰੱਖੇ ਗਏ ਹਨ।

ਪੰਜਾਬ ਦੀ 14-ਪੁਆਇੰਟ ਗ੍ਰਾਊਂਡਵਾਟਰ ਕੰਜ਼ਰਵੇਸ਼ਨ ਪਲਾਨ 2025 ਅਧੀਨ ਖੁਦਾਈ 'ਤੇ ਪਾਬੰਦੀ ਲਗਾਈ ਗਈ ਹੈ ਅਤੇ ਡਰਿਪ ਇਰੀਗੇਸ਼ਨ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਖੇਤੀਬਾੜੀ ਵਿਭਾਗ ਨੇ ਜੈਵਿਕ ਖਾਦਾਂ 'ਤੇ 50 ਫੀਸਦੀ ਸਬਸਿਡੀ ਦਿੱਤੀ ਹੈ। ਨਾਲ ਹੀ, ਰੈਗੂਲਰ ਟੈਸਟਿੰਗ ਲਈ 5368 ਮਾਨੀਟਰਿੰਗ ਵੈੱਲ ਬਣਾਏ ਗਏ ਹਨ। ਪਾਰਲੀਮੈਂਟਰੀ ਕਮੇਟੀ ਨੇ ਵੀ ਚਿੰਤਾ ਜ਼ਾਹਰ ਕੀਤੀ ਹੈ ਅਤੇ ਕੇਂਦਰ ਨੂੰ ਫੰਡ ਦੇਣ ਨੂੰ ਕਿਹਾ ਹੈ। ਪਰ ਮਾਹਿਰ ਕਹਿੰਦੇ ਹਨ ਕਿ ਇਹ ਕੁੱਲ ਮਾਤਰਾ ਦਾ 20 ਫੀਸਦੀ ਹੈ। ਗਰੀਬ ਖੇਤਰਾਂ ਵਿੱਚ ਆਰਓ ਪਲਾਂਟ ਨਹੀਂ ਪਹੁੰਚੇ ਅਤੇ ਜਾਗਰੂਕਤਾ ਦੀ ਕਮੀ ਹੈ। ਪੰਜਾਬੀਆਂ ਨੂੰ ਵੀ ਬਦਲਾਅ ਲਿਆਉਣਾ ਪਵੇਗਾ। ਕਿਸਾਨਾਂ ਨੂੰ ਘੱਟ ਪਾਣੀ ਵਾਲੀਆਂ ਫਸਲਾਂ ਅਪਣਾਉਣੀਆਂ ਚਾਹੀਦੀਆਂ ਹਨ ਅਤੇ ਖਾਦਾਂ ਦੀ ਵਰਤੋਂ ਘਟਾਉਣੀ ਚਾਹੀਦੀ ਹੈ।

ਸੀਜੀਡਬਲਿਊਬੀ ਦੀ ਰਿਪੋਰਟ ਚੇਤਾਵਨੀ ਹੈ ਕਿ ਪੰਜਾਬ ਦਾ ਭੂਜਲ 71.67 ਫੀਸਦੀ ਸੁਰੱਖਿਅਤ ਹੈ, ਪਰ 28.32 ਫੀਸਦੀ ਨਹੀਂ। ਯੂਰੇਨੀਅਮ ਤੋਂ ਇਲਾਵਾ ਨਾਈਟ੍ਰੇਟ (20.71 ਫੀਸਦੀ), ਫਲੋਰਾਈਡ (8.05 ਫੀਸਦੀ) ਅਤੇ ਆਰਐੱਸਸੀ (11.27 ਫੀਸਦੀ) ਵੀ ਖ਼ਤਰਨਾਕ ਹਨ। ਰਾਜਸਥਾਨ ਵਿੱਚ ਫਲੋਰਾਈਡ 41 ਫੀਸਦੀ ਅਤੇ ਨਾਈਟ੍ਰੇਟ 50.54 ਫੀਸਦੀ ਹੈ, ਪਰ ਪੰਜਾਬ ਵੀ ਪਿੱਛੇ ਨਹੀਂ।

ਪੰਜਾਬ, ਜੋ ਪੰਜ ਨਦੀਆਂ ਦੀ ਧਰਤੀ ਹੈ, ਅੱਜ ਪਾਣੀ ਦੇ ਸੰਕਟ ਨਾਲ ਜੂਝ ਰਿਹਾ ਹੈ। ਇਹ ਸਮਾਂ ਹੈ ਕਿ ਸਰਕਾਰ, ਕਿਸਾਨ ਅਤੇ ਲੋਕ ਇੱਕਠੇ ਆਉਣ। ਨਹੀਂ ਤਾਂ ਭਵਿੱਖੀ ਪੀੜ੍ਹੀਆਂ ਨੂੰ ਜ਼ਹਿਰੀਲਾ ਪਾਣੀ ਨਸੀਬ ਹੋਵੇਗਾ। ਰਿਪੋਰਟ ਕਹਿੰਦੀ ਹੈ - ਤੁਰੰਤ ਕਾਰਵਾਈ ਨਾ ਕੀਤੀ ਤਾਂ ਉੱਤਰੀ ਭਾਰਤ ਵਿੱਚ ਪਾਣੀ ਦਾ ਭਿਆਨਕ ਸੰਕਟ ਆ ਜਾਵੇਗਾ।

## ਸਰਹੱਦ ਪਾਰੋਂ ਦੋ ਸਮਗਲਰ ਭਰਾ ਆਈਈਡੀ ਸਮੇਤ ਗ੍ਰਿਫ਼ਤਾਰ

### ✪ ਪਾਕਿਸਤਾਨ ਦੇ ਖਾੜਕੂਆਂ ਨਾਲ ਸਬੰਧ ਹੋਣ ਦਾ ਸ਼ੱਕ

ਚੰਡੀਗੜ੍ਹ/ਅੰਮ੍ਰਿਤਸਰ-ਅੰਮ੍ਰਿਤਸਰ ਦਿਹਾਤੀ ਪੁਲਿਸ ਨੇ ਦੋ ਵਿਅਕਤੀਆਂ ਨੂੰ ਇਮਪ੍ਰੋਵਾਈਜ਼ਡ ਐਕਸਪਲੋਸਿਵ ਡਿਵਾਈਸ (ਆਈਈਡੀ) ਸਮੇਤ ਗ੍ਰਿਫ਼ਤਾਰ ਕੀਤਾ ਹੈ ਅਤੇ ਦੋ ਸਰਹੱਦ ਪਾਰ ਤਸਕਰੀ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ, ਜਿਨ੍ਹਾਂ ਕੋਲ ਮੋਬਾਈਲ ਫੋਨ ਵੀ ਹਨ। ਇਹ ਜਾਣਕਾਰੀ ਅੱਜ ਇੱਥੇ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਨੇ ਦਿੱਤੀ।

ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਅਕਾਸ਼ਦੀਪ ਸਿੰਘ ਉਰਫ਼ ਅਕਾਸ਼ ਅਤੇ ਯੁਵਰਾਜ ਸਿੰਘ ਵਜੋਂ ਹੋਈ ਹੈ। ਇਹ ਦੋਵੇਂ ਵਿਅਕਤੀ ਭਰਾ ਹਨ ਅਤੇ ਅੰਮ੍ਰਿਤਸਰ ਦੇ ਪਿੰਡ ਰਣੀਕੇ ਦੇ ਰਹਿਣ ਵਾਲੇ ਹਨ। ਆਈਈਡੀ ਅਤੇ ਮੋਬਾਈਲ ਫੋਨ ਬਰਾਮਦ ਕਰਨ ਤੋਂ ਇਲਾਵਾ, ਪੁਲਿਸ ਟੀਮਾਂ ਨੇ ਉਸਦਾ ਮੋਟਰਸਾਈਕਲ ਵੀ ਜ਼ਬਤ ਕਰ ਲਿਆ ਹੈ, ਜਿਸਦੀ ਵਰਤੋਂ ਉਹ ਅਪਰਾਧਿਕ ਗਤੀਵਿਧੀਆਂ ਨੂੰ ਅੰਜਾਮ ਦੇਣ ਲਈ ਕਰ ਰਿਹਾ ਸੀ, ਨੂੰ ਵੀ ਜ਼ਬਤ ਕਰ ਲਿਆ ਗਿਆ ਹੈ।



ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਹ ਦੋਵੇਂ ਪਾਕਿਸਤਾਨ ਸਥਿਤ ਹੈਂਡਲਰ ਸਨ। ਉਹ ਸੰਪਰਕ ਵਿੱਚ ਸਨ ਜਿਸ ਤੋਂ ਇਸ ਸਾਜ਼ਿਸ਼ ਪਿੱਛੇ ਸਰਹੱਦ ਪਾਰ ਮਜ਼ਬੂਤ ਸਬੰਧਾਂ



ਦਾ ਖੁਲਾਸਾ ਹੋਇਆ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੇ ਪਿੱਛੇ-ਪਿੱਛੇ ਸਬੰਧਾਂ ਨੂੰ ਸਥਾਪਤ ਕਰਨ ਲਈ ਹੋਰ ਜਾਂਚ ਕੀਤੀ ਜਾ ਰਹੀ ਹੈ।

ਹੋਰ ਜਾਣਕਾਰੀ ਦਿੰਦੇ ਹੋਏ, ਡਿਪਟੀ ਇੰਸਪੈਕਟਰ ਜਨਰਲ ਆਫ਼ ਪੁਲਿਸ (ਡੀਆਈਜੀ) ਬਾਰਡਰ ਰੇਂਜ ਸੰਦੀਪ ਗੋਇਲ ਨੇ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਦੋਵੇਂ ਵਿਅਕਤੀ ਸਰਹੱਦੀ ਸੂਬੇ ਵਿੱਚ ਸ਼ਾਂਤੀ ਅਤੇ ਸਦਭਾਵਨਾ ਨੂੰ ਭੰਗ ਕਰਨ ਲਈ ਇਲਾਕੇ ਵਿੱਚ ਸਨ। ਖਾੜਕੂ ਹਮਲਾ ਕਰਨ ਦੀ ਸਾਜ਼ਿਸ਼ ਰਚ ਰਹੇ ਸਨ। ਉਨ੍ਹਾਂ ਅੱਗੇ ਕਿਹਾ ਕਿ ਪੁਲਿਸ ਟੀਮਾਂ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਦੋਵੇਂ ਮੁਲਜ਼ਮਾਂ ਨੂੰ ਹੈਂਡਲਰਾਂ ਦੀ ਪਛਾਣ ਕਰਨ ਅਤੇ ਮਾਡਿਊਲ ਦੇ ਹੋਰ ਮੈਂਬਰਾਂ ਦੀ ਸ਼ਮੂਲੀਅਤ ਦਾ ਪਤਾ ਲਗਾਉਣ ਲਈ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

# ਹੁਣ ਭਾਰਤੀ ਵਿਦਿਆਰਥੀਆਂ ਲਈ ਕੈਨੇਡਾ ਜਾਣਾ ਸੁਪਨਾ ਨਹੀਂ, ਸਿਰਦਰਦ ਬਣਿਆ !

## ✪ ਕੈਨੇਡਾ ਵਿਖੇ ਭਾਰਤੀ ਵਿਦਿਆਰਥੀਆਂ ਦੀਆਂ ਅਰਜ਼ੀਆਂ 71 ਫੀਸਦੀ ਤੱਕ ਹੋ ਰਹੀਆਂ ਨੇ ਰੱਦ

ਪਹਿਲਾਂ ਤਾਂ ਗੱਲ ਇਹ ਸੀ ਕਿ ਪੰਜਾਬ, ਹਰਿਆਣਾ, ਗੁਜਰਾਤ ਤੇ ਉੱਤਰ ਪ੍ਰਦੇਸ਼ ਦੇ ਨੌਜਵਾਨਾਂ ਦਾ ਸੁਪਨਾ ਹੁੰਦਾ ਸੀ - "ਕੈਨੇਡਾ ਜਾਕੇ ਪੜ੍ਹਾਂਗੇ, ਨੌਕਰੀ ਕਰਾਂਗੇ ਤੇ ਪੱਕੇ ਹੋ ਜਾਵਾਂਗੇ।" ਪਰ ਹੁਣ ਉਹੀ ਕੈਨੇਡਾ ਭਾਰਤੀ ਵਿਦਿਆਰਥੀਆਂ ਦੀਆਂ ਅਰਜ਼ੀਆਂ 71 ਫੀਸਦੀ ਤੱਕ ਰੱਦ ਕਰ ਰਿਹਾ ਹੈ।

2023 ਵਿਚ ਭਾਰਤੀ ਵਿਦਿਆਰਥੀਆਂ ਨੂੰ 2 ਲੱਖ 22 ਹਜ਼ਾਰ ਤੋਂ ਵੱਧ ਸਟੱਡੀ ਪਰਮਿਟ ਮਿਲੇ ਸਨ।

2025 ਦੇ ਪਹਿਲੇ 8 ਮਹੀਨਿਆਂ ਵਿਚ ਸਿਰਫ਼ 9,955 ਭਾਰਤੀਆਂ ਨੂੰ ਮਿਲੇ। ਮਤਲਬ 95% ਤੋਂ ਵੱਧ ਦੀ ਕਮੀ !

ਸਿਰਫ਼ ਅਗਸਤ ਮਹੀਨੇ ਦੀ ਗੱਲ ਕਰੀਏ: 2023 ਵਿਚ 19,175 ਭਾਰਤੀਆਂ ਨੇ ਅਪਲਾਈ ਕੀਤਾ ਸੀ, 2025 ਵਿਚ ਸਿਰਫ਼ 3,920। ਯਾਨੀ 80% ਅਰਜ਼ੀਆਂ ਘਟ ਗਈਆਂ ਹਨ।

ਰਿਜੈਕਸ਼ਨ ਰੇਟ: ਜਨਵਰੀ 2025 ਤੋਂ ਅਗਸਤ 2025 ਤੱਕ ਭਾਰਤੀਆਂ ਦਾ 71% ਵੀਜ਼ੇ ਰੱਦ ਹੋਏ ਹਨ, ਜਦਕਿ ਦੁਨੀਆਂ ਭਰ ਦਾ ਔਸਤ 58% ਹੈ।

ਰੱਦ ਹੋਣ ਦੇ ਮੁੱਖ ਕਾਰਨ-ਜਿਹੜੇ ਪੜ੍ਹਨ ਨਹੀਂ ਆਏ, ਸਿਰਫ਼ ਕੈਨੇਡਾ ਸੈਟਲ ਹੋਣਾ ਚਾਹੁੰਦਾ ਹੈਨ।



ਹੁਣ ਪਹਿਲਾਂ ਨਾਲੋਂ ਜ਼ਿਆਦਾ ਪੈਸੇ ਦਿਖਾਉਣੇ ਪੈਂਦੇ ਨੇ। ਪਹਿਲਾਂ 10-12 ਲੱਖ ਦਿਖਾ ਕੇ ਚੱਲ ਜਾਂਦਾ ਸੀ, ਹੁਣ 20-25 ਲੱਖ ਤੋਂ ਘੱਟ ਹੋਵੇ ਤਾਂ ਸਿੱਧਾ ਵੀਜ਼ਾ ਰੱਦ।

ਹੋਰ ਕਾਰਨ - ਜਿਵੇਂ ਫਰਾਡ ਲੈਟਰ ਆਫ ਐਕਸੈਪਟੈਂਸ, ਫਰਜ਼ੀ ਬੈਂਕ ਸਟੇਟਮੈਂਟ, ਪਹਿਲਾਂ ਵੀਜ਼ਾ ਰੱਦ ਹੋਇਆ ਹੋਵੇ ਆਦਿ।

ਕੈਨੇਡਾ ਨੇ ਨਿਯਮ ਕਿਉਂ ਸਖ਼ਤ ਕੀਤੇ ?- ਪਹਿਲਾਂ ਬਹੁਤ ਸਾਰੇ ਬੱਚੇ ਛੋਟੇ-ਮੋਟੇ ਪ੍ਰਾਈਵੇਟ ਕਾਲਜਾਂ ਵਿਚ ਜਾਂਦੇ ਸਨ, ਜਿੱਥੇ ਪੜ੍ਹਾਈ ਦਾ ਨਾਂ ਨਿਸ਼ਾਨ ਨਹੀਂ ਸੀ, ਸਿਰਫ਼ ਪੇਪਰ ਕਰਵਾ ਕੇ ਪੀ.ਆਰ. ਦਾ ਰਾਹ ਲੱਭਦੇ ਸਨ।

ਫਰਾਡ ਬਹੁਤ ਵਧ ਗਿਆ - ਫਰਜ਼ੀ ਏਜੰਟ, ਫਰਜ਼ੀ ਅਡਮਿਸ਼ਨ ਲੈਟਰ, ਫਰਜ਼ੀ ਫੰਡ। ਕੈਨੇਡਾ ਵਿਚ ਘਰ ਦੇ ਕਿਰਾਏ ਦੀ ਭਾਰੀ ਕਿੱਲਤ, ਮਹਿੰਗਾਈ, ਬੇਰੁਜ਼ਗਾਰੀ ਹੈ। ਸਰਕਾਰ ਨੂੰ ਲੱਗਿਆ ਕਿ ਹੁਣ ਇੰਨੇ ਸਾਰੇ ਵਿਦੇਸ਼ੀ ਵਿਦਿਆਰਥੀ ਝੱਲੇ ਨਹੀਂ ਜਾ ਸਕਦੇ। 2026 ਲਈ ਸਟੱਡੀ ਪਰਮਿਟ ਦਾ ਕੋਟਾ 3 ਲੱਖ 5 ਹਜ਼ਾਰ ਤੋਂ ਘਟਾ ਕੇ 1 ਲੱਖ 55 ਹਜ਼ਾਰ ਕਰ ਦਿੱਤਾ। ਮਤਲਬ ਅੱਧਾ ਵੀ ਨਹੀਂ ਬਚਿਆ !

ਪੰਜਾਬੀ ਬੱਚਿਆਂ ਤੇ ਕਿੰਨਾ ਅਸਰ ਪਿਆ ?-ਪੰਜਾਬ ਤੇ ਗੁਜਰਾਤ ਤੋਂ ਸਭ ਤੋਂ ਵੱਧ ਬੱਚੇ ਜਾਂਦੇ ਸਨ। ਹੁਣ: ਪਾਬੰਦੀਆਂ ਕਾਰਣ ਏਜੰਟਾਂ ਦਾ ਧੰਦਾ ਠੱਪ ਹੋ ਚੁਕਾ ਹੈ। ਜਿਹਨਾਂ ਲੱਖਾਂ ਰੁਪਏ ਖਰਚ ਕੇ ਫਾਈਲ ਲਗਾਈ, ਉਹ ਰੱਦ ਹੋ ਰਹੇ ਨੇ। ਪਿੰਡਾਂ ਵਿਚ ਲੋਨ ਲੈ ਕੇ, ਖੇਤ ਵੇਚ ਕੇ ਪੈਸੇ ਲਾਏ ਸਨ, ਹੁਣ ਉਹ ਵੀ ਡੁੱਬ ਗਏ ਹਨ।

ਜਿਹੜੇ ਪਹਿਲਾਂ ਗਏ ਹੋਏ ਨੇ, ਉਹ ਵੀ ਪਰੇਸ਼ਾਨ ਨੇ - ਪੀ.ਆਰ. ਦਾ ਰਾਹ ਬੰਦ ਹੋ ਰਿਹਾ ਹੈ, ਵਰਕ ਪਰਮਿਟ ਮੁਸ਼ਕਲ ਹੈ, ਪੜ੍ਹਾਈ ਖਤਮ ਹੋਣ ਤੋਂ ਬਾਅਦ ਵਾਪਸ ਆਉਣਾ ਪੈ ਸਕਦਾ ਹੈ।

ਮਾਹਿਰ ਕੀ ਕਹਿ ਰਹੇ ਨੇ ?-ਟੋਰਾਂਟੋ ਦੀ ਪ੍ਰੋਫੈਸਰ ਊਸ਼ਾ ਜਾਰਜ ਕਹਿੰਦੀ ਨੇ: "ਇਹ ਕੋਈ ਭਾਰਤ-ਕੈਨੇਡਾ ਝਗੜੇ ਕਾਰਨ ਨਹੀਂ ਹੋ ਰਿਹਾ। ਇਹ ਕੈਨੇਡਾ ਦੀ ਆਪਣੀ ਸਮੱਸਿਆ ਹੈ - ਘਰ ਨਹੀਂ ਮਿਲ ਰਹੇ, ਨੌਕਰੀਆਂ ਨਹੀਂ ਹਨ, ਸਿਰਫ਼ ਚੰਗੇ ਯੂਨੀਵਰਸਿਟੀ/ਕਾਲਜ ਚੁਣੋ ਜਿੱਥੇ ਅਸਲ ਪੜ੍ਹਾਈ ਹੁੰਦੀ ਹੋਵੇ। ਪੈਸੇ ਪੂਰੇ ਦਿਖਾਓ, ਫਰਜ਼ੀ ਕਾਗਜ਼ ਨਾ ਚਲਾਓ।"

ਸਟੇਟਮੈਂਟ ਆਫ ਪਰਪਜ਼ ਬੜਾ ਮਜ਼ਬੂਤ ਲਿਖੋ ਕਿ ਤੁਸੀਂ ਅਸਲ ਵਿਚ ਪੜ੍ਹਨਾ ਚਾਹੁੰਦੇ ਓ, ਪੱਕੇ ਹੋਣ ਨਹੀਂ ਆਏ। ਜੇਕਰ ਰੱਦ ਹੋ ਗਿਆ ਤਾਂ ਦੁਬਾਰਾ ਅਪਲਾਈ ਕਰਨ ਤੋਂ ਪਹਿਲਾਂ ਕਮਜ਼ੋਰੀਆਂ ਦੂਰ ਕਰੋ।

ਹੋਰ ਦੇਸ਼ ਵੀ ਵੇਖੋ - ਜਰਮਨੀ, ਆਸਟ੍ਰੇਲੀਆ, ਆਇਰਲੈਂਡ, ਨਿਊਜ਼ੀਲੈਂਡ ਵਿਚ ਵੀ ਚੰਗੇ ਮੌਕੇ ਨੇ।

ਆਖਰੀ ਗੱਲ-ਜਿਹੜਾ ਬੱਚਾ ਅਸਲ ਵਿਚ ਪੜ੍ਹਨਾ ਚਾਹੁੰਦਾ ਐ, ਉਸ ਲਈ ਅੱਜ ਵੀ ਰਾਹ ਹੈ। ਪਰ ਜਿਹੜਾ ਸਿਰਫ਼ "ਪੀ.ਆਰ. ਲੈਣ ਦੇ ਚੱਕਰ ਵਿਚ ਹੈ, ਉਸ ਲਈ ਕੈਨੇਡਾ ਵਿਚ ਬਹੁਤ ਸੰਭਾਵਨਾ ਹੈ ਕਿ ਬੰਦ ਹੀ ਰਹੇਗਾ।"

# ਸੁਪਰੀਮ ਕੋਰਟ ਵਿੱਚ ਉੱਚ ਜਾਤੀਆਂ ਦਾ ਬੋਲਬਾਲਾ ਕਿਉਂ ?

23 ਨਵੰਬਰ 2025 ਨੂੰ ਭਾਰਤ ਦੇ ਮੁੱਖ ਜੱਜ ਜਸਟਿਸ ਭੂਸ਼ਣ ਰਾਮਕ੍ਰਿਸ਼ਨ ਗਵਈ ਰਿਟਾਇਰ ਹੋ ਗਏ ਸਨ। ਉਹ ਸੁਪਰੀਮ ਕੋਰਟ ਦੇ ਇਤਿਹਾਸ ਵਿੱਚ ਦੂਜੇ ਦਲਿਤ ਮੁੱਖ ਜੱਜ ਸਨ ਤੇ ਪਹਿਲੇ ਬੋਧੀ ਮੁੱਖ ਜੱਜ। ਉਨ੍ਹਾਂ ਦੇ ਜਾਣ ਤੋਂ ਬਾਅਦ ਸੁਪਰੀਮ ਕੋਰਟ ਵਿੱਚ ਹੁਣ ਸਿਰਫ਼ ਇੱਕ ਦਲਿਤ ਜੱਜ ਬਚਿਆ ਹੈ ਤੇ ਸਿਰਫ਼ ਇੱਕ ਮਹਿਲਾ ਜੱਜ (ਜਸਟਿਸ ਬੀ.ਵੀ. ਨਾਗਰਤਨਾ)। ਬਾਕੀ 31-32 ਜੱਜਾਂ ਵਿੱਚੋਂ ਜ਼ਿਆਦਾਤਰ ਉੱਚ ਹਿੰਦੂ ਜਾਤੀਆਂ (ਖ਼ਾਸਕਰ ਬ੍ਰਾਹਮਣ ਤੇ ਹੋਰ ਸਵਰਨ ਜਾਤੀਆਂ) ਨਾਲ ਸਬੰਧਤ ਹਨ। ਇਹ ਗੱਲ ਸਿਰਫ਼ ਅੰਕੜਿਆਂ ਦੀ ਨਹੀਂ, ਸਗੋਂ ਭਾਰਤੀ ਨਿਆਂ ਪ੍ਰਣਾਲੀ ਦੀ ਵਿਤਕਰੇ ਵਾਲੀ ਸਮਾਜਿਕ ਤਸਵੀਰ ਦੀ ਹੈ। ਅੱਜ ਵੀ ਦੇਸ਼ ਦੀ ਸਭ ਤੋਂ ਉੱਚੀ ਅਦਾਲਤ ਵਿੱਚ "ਉੱਚ ਜਾਤੀ ਦੇ ਮਰਦਾਂ" ਦਾ ਬੋਲਬਾਲਾ ਹੈ।

### ਅੰਕੜੇ ਕੀ ਕਹਿੰਦੇ ਨੇ ?

(ਨਵੰਬਰ 2025 ਤੱਕ)

ਸੁਪਰੀਮ ਕੋਰਟ ਜਾਤੀ-ਧਰਮ ਦਾ ਅਧਿਕਾਰਤ ਡਾਟਾ ਨਹੀਂ ਦਿੰਦਾ, ਪਰ ਵੱਖ-ਵੱਖ ਮੀਡੀਆ ਰਿਪੋਰਟਾਂ ਤੋਂ ਮਿਲੇ ਅੰਕੜੇ ਇਸ ਤਰ੍ਹਾਂ ਹਨ:

ਕੁੱਲ ਜੱਜ: 33 (ਇੱਕ ਸੀਟ ਖ਼ਾਲੀ)

ਬ੍ਰਾਹਮਣ ਜੱਜ: ਘੱਟੋ-ਘੱਟ 12 (36%)

ਹੋਰ ਸਵਰਨ (ਉੱਚ) ਜਾਤੀਆਂ: 8-9 (ਕੁੱਲ 60% ਤੋਂ ਵੱਧ ਉੱਚ ਜਾਤੀ ਹਿੰਦੂ)

## ✪ ਦਲਿਤ, ਔਰਤਾਂ ਤੇ ਘੱਟਗਿਣਤੀਆਂ ਕਿੱਥੇ ਖੜ੍ਹੀਆਂ ਨੇ ?

ਦਲਿਤ : ਸਿਰਫ਼ 1

ਆਦਿਵਾਸੀ : 0 (ਇੱਕ ਵੀ ਨਹੀਂ)

ਓਬੀਸੀ : 5

ਧਾਰਮਿਕ ਘੱਟਗਿਣਤੀ: 4 (1 ਮੁਸਲਿਮ, 1 ਈਸਾਈ, 1 ਪਾਰਸੀ, 1 ਜੈਨ)

ਸਿੱਖ ਜੱਜ: 0 (ਇੱਕ ਵੀ ਨਹੀਂ)

ਮਹਿਲਾ ਜੱਜ: ਸਿਰਫ਼ 1

(3% ਤੋਂ ਵੀ ਘੱਟ)

### ਭਾਰਤ ਦੀ ਆਬਾਦੀ ਵਿੱਚ

| | |
|---|---|
| ਦਲਿਤ+ਆਦਿਵਾਸੀ | = 25% ਤੋਂ ਵੱਧ |
| ਓਬੀਸੀ | = 50-52% |
| ਔਰਤਾਂ | = 48.5% |
| ਸਿੱਖ | = ਲਗਭਗ 2% |
| ਮੁਸਲਿਮ | = 14-15% |

ਪਰ ਸੁਪਰੀਮ ਕੋਰਟ ਵਿੱਚ ਇਨ੍ਹਾਂ ਸਾਰਿਆਂ ਦੀ ਨੁਮਾਇੰਦਗੀ ਲਗਭਗ ਜ਼ੀਰੋ ਜਾਂ ਇੱਕ-ਦੋ ਫ਼ੀਸਦੀ ਹੈ।

ਇਹ ਵਿਤਕਰਾ ਕਿਉਂ ਹੋ ਰਿਹਾ ਹੈ ?- ਕੋਲੇਜੀਅਮ ਸਿਸਟਮ ਦੀ ਬੰਦ ਕਮਰੇ ਵਾਲੀ ਪ੍ਰਕਿਰਿਆ ਹੈ। ਸੁਪਰੀਮ ਕੋਰਟ ਤੇ ਹਾਈ ਕੋਰਟ ਦੇ ਜੱਜਾਂ ਦੀ ਚੋਣ ਕਰਨ ਵਾਲਾ "ਕੋਲੇਜੀਅਮ" (5 ਸਭ ਤੋਂ ਸੀਨੀਅਰ ਜੱਜ) ਆਪਣੀ ਬੈਠਕ ਵਿੱਚ ਗੱਲਬਾਤ ਕਰਦਾ ਹੈ, ਕਿਸੇ ਦਾ ਨਾਂ ਰੱਦ ਕਰਨ ਦੀ ਵਜ੍ਹਾ ਜਨਤਕ ਨਹੀਂ ਦੱਸਦਾ। ਬਾਹਰੋਂ ਕੋਈ ਅਪੀਲ ਨਹੀਂ ਹੋ ਸਕਦੀ। ਜੇ ਕੋਲੇਜੀਅਮ ਵਿੱਚ ਜ਼ਿਆਦਾਤਰ ਉੱਚ ਜਾਤੀ ਦੇ ਜੱਜ ਹੋਣ ਤਾਂ ਅਕਸਰ ਉਹੀ ਲੋਕਾਂ ਨੂੰ ਤਰਜੀਹ ਦਿੰਦੇ ਹਨ ਜਿਨ੍ਹਾਂ ਨਾਲ ਉਨ੍ਹਾਂ ਦਾ ਸਮਾਜਿਕ-ਪਰਿਵਾਰਕ ਰਾਬਤਾ ਹੋਵੇ। ਬਹੁਤ ਸਾਰੇ ਜੱਜਾਂ ਦੇ ਪਿਤਾ, ਚਾਚਾ, ਦਾਦਾ ਜਾਂ ਰਿਸ਼ਤੇਦਾਰ ਵੱਡੇ ਵਕੀਲ ਜਾਂ ਜੱਜ ਰਹੇ ਹਨ। ਇਹ "ਲੀਗਲ ਡਾਇਨੈਸਟੀ" ਜ਼ਿਆਦਾਤਰ ਉੱਚ ਜਾਤੀਆਂ ਵਿੱਚੋਂ ਹੀ ਆਉਂਦੀ ਹੈ ਕਿਉਂਕਿ ਪੁਰਾਣੇ ਸਮੇਂ ਵਿੱਚ ਵਕਾਲਤ ਤੇ ਜੱਜ ਬਣਨ ਦਾ ਰਾਹ ਸਿਰਫ਼ ਉਨ੍ਹਾਂ ਕੋਲ ਹੀ ਸੀ।

ਸੁਪਰੀਮ ਕੋਰਟ ਵਿੱਚ ਪਹੁੰਚਣ ਲਈ 20-25 ਸਾਲ ਹਾਈ ਕੋਰਟ ਜਾਂ ਵੱਡੀਆਂ ਲਾਅ ਫਰਮਾਂ ਵਿੱਚ ਕੰਮ ਕਰਨਾ ਪੈਂਦਾ ਹੈ। ਇਸ ਵਿੱਚ ਲੱਖਾਂ-ਕਰੋੜਾਂ ਰੁਪਏ ਖ਼ਰਚ ਹੁੰਦੇ ਹਨ। ਗ਼ਰੀਬ, ਦਲਿਤ, ਆਦਿਵਾਸੀ ਜਾਂ ਘੱਟਗਿਣਤੀ ਪਿਛੋਕੜ ਵਾਲੇ ਵਿਅਕਤੀ ਅਕਸਰ ਇਸ ਰੇਸ ਵਿੱਚ ਪਿੱਛੇ ਰਹਿ ਜਾਂਦੇ ਹਨ। ਵਕਾਲਤ ਵਿੱਚ ਹੀ ਸਿਰਫ਼ 15% ਔਰਤਾਂ ਹਨ। ਕਲਾਇੰਟ ਵੱਡੇ ਕੇਸ ਜ਼ਿਆਦਾਤਰ ਮਰਦ ਵਕੀਲਾਂ ਨੂੰ ਦਿੰਦੇ ਹਨ। ਨਤੀਜਾ - ਹਾਈ ਕੋਰਟ ਤੇ ਸੁਪਰੀਮ ਕੋਰਟ ਵਿੱਚ ਔਰਤਾਂ ਦੀ ਗਿਣਤੀ ਬਹੁਤ ਘੱਟ ਹੈ।

ਸਾਲਾਨਾ ਰਿਪੋਰਟ ਦੀ ਦੁਰਵਰਤੋਂ-ਹਾਈ ਕੋਰਟ ਜੱਜ ਆਪਣੇ ਹੇਠਲੇ ਜ਼ਿਲ੍ਹਾ ਜੱਜਾਂ ਦੀ ਸਾਲਾਨਾ ਰਿਪੋਰਟ ਲਿਖਦੇ ਹਨ। ਬਹੁਤ ਸਾਰੇ ਦਲਿਤ, ਓਬੀਸੀ, ਔਰਤ ਜਾਂ ਘੱਟਗਿਣਤੀ ਜੱਜਾਂ ਨੇ ਦੱਸਿਆ ਕਿ ਜੇ ਉਹ "ਅੜਿੱਕਾ" ਲੈਂਦੇ ਹਨ ਜਾਂ ਸੀਨੀਅਰ ਜੱਜਾਂ ਦੀ ਗੱਲ ਨਹੀਂ ਮੰਨਦੇ ਤਾਂ ਉਨ੍ਹਾਂ ਦੀ ਰਿਪੋਰਟ ਖ਼ਰਾਬ ਕਰ ਦਿੱਤੀ ਜਾਂਦੀ ਹੈ। ਇਸ ਨਾਲ ਪ੍ਰਮੋਸ਼ਨ ਰੁਕ ਜਾਂਦੀ ਹੈ। ਅੱਜ ਤੱਕ ਸੁਪਰੀਮ ਕੋਰਟ ਵਿੱਚ ਬਹੁਤ ਘੱਟ ਸਿੱਖ ਜੱਜ ਬਣੇ ਹਨ। (ਸਿਰਫ਼ 1-2 ਸਿੱਖ ਹਾਈ ਕੋਰਟ ਮੁੱਖ ਜੱਜ ਬਣੇ ਹਨ। ਮੁਸਲਿਮ ਜੱਜ ਵੀ ਗਿਣਤੀ ਦੇ ਹਨ (ਹੁਣ ਸਿਰਫ਼ 1)। ਇਸ ਦੀ ਵੱਡੀ ਵਜ੍ਹਾ ਉਹੀ ਹੈ - ਫਿਰਕੂ ਵਿਤਕਰਾ, ਪੈਸੇ ਦੀ ਘਾਟ ਤੇ ਸਮਾਜਿਕ ਸੰਪਰਕਾਂ ਦੀ ਕਮੀ।

ਅੰਤ ਵਿੱਚ-ਭਾਰਤ ਦਾ ਸੁਪਰੀਮ ਕੋਰਟ ਦੁਨੀਆ ਦੀਆਂ ਸਭ ਤੋਂ ਵੱਡੀਆਂ ਅਦਾਲਤਾਂ ਵਿੱਚੋਂ ਇੱਕ ਹੈ, ਪਰ ਉਸ ਦੀ ਬੈਂਚ ਅੱਜ ਵੀ ਭਾਰਤੀ ਸਮਾਜ ਦੇ ਸਿਰਫ਼ ਇੱਕ ਛੋਟੇ ਜਿਹੇ ਹਿੱਸੇ ਦੀ ਨੁਮਾਇੰਦਗੀ ਕਰਦੀ ਹੈ। ਜਦੋਂ ਤੱਕ ਚੋਣ ਪ੍ਰਕਿਰਿਆ ਪਾਰਦਰਸ਼ੀ ਨਹੀਂ ਹੋਵੇਗੀ, ਜਦੋਂ ਤੱਕ ਨੀਵੇਂ ਪੱਧਰ ਤੋਂ ਹੀ ਦਲਿਤਾਂ, ਆਦਿਵਾਸੀਆਂ, ਔਰਤਾਂ, ਓਬੀਸੀ ਤੇ ਘੱਟਗਿਣਤੀਆਂ ਨੂੰ ਮੌਕੇ ਨਹੀਂ ਮਿਲਣਗੇ - ਤਦ ਤੱਕ "ਉੱਚ ਜਾਤੀ ਹਿੰਦੂ ਮਰਦਾਂ" ਦਾ ਬੋਲਬਾਲਾ ਇਸ ਤਰ੍ਹਾਂ ਹੀ ਜਾਰੀ ਰਹੇਗਾ।

2026-27 ਵਿੱਚ 8-10 ਜੱਜ ਰਿਟਾਇਰ ਹੋਣ ਵਾਲੇ ਹਨ। ਇਹ ਵੱਡਾ ਮੌਕਾ ਹੈ ਕਿ ਸੁਪਰੀਮ ਕੋਰਟ ਆਪਣੀ ਬੈਂਚ ਦੀ 'ਨਿਰਪਖ ਤਸਵੀਰ' ਸਥਾਪਿਤ ਕਰੇ।

# ਮਹੀਨਾਵਾਰ ਕਿਸਮਤ ਦੇ ਸਿਤਾਰੇ

## ਦਸੰਬਰ ਮਹੀਨਾ 2025

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। -ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)**
ਇਸ ਸਮੇਂ ਦੌਰਾਨ ਕਮਾਈ ਘੱਟ ਅਤੇ ਖਰਚੇ ਵਧੇਰੇ ਹੋਣਗੇ। ਕਾਰੋਬਾਰੀ ਅਤੇ ਘਰੇਲੂ ਉਲਝਣਾਂ ਕਰਕੇ ਮਨ ਪ੍ਰੇਸ਼ਾਨ ਰਹੇਗਾ। ਕਿਸੇ ਸੱਜਣ-ਮਿੱਤਰ ਨਾਲ ਮੇਲ ਹੋਵੇਗਾ। ਗੁੱਸੇ ਅਤੇ ਉਤੇਜਨਾ ਨਾਲ ਬਣਿਆ ਕੰਮ ਵਿਗੜ ਸਕਦਾ ਹੈ। ਇਸ ਲਈ ਆਪਣੇ ਆਪ 'ਤੇ ਕਾਬੂ ਰੱਖਣ ਵਿੱਚ ਹੀ ਭਲਾਈ ਹੈ। ਸਾਂਝੇਦਾਰੀ ਦੇ ਕੰਮ ਵਿੱਚ ਨੁਕਸਾਨ ਹੋਣ ਦੇ ਯੋਗ ਹਨ। ਤਾਂਤਰਿਕ ਜੋਤਸ਼ੀ ਵੱਡੇ ਠੱਗ ਹੋ ਸਕਦੇ ਹਨ। ਇਨ੍ਹਾਂ ਦੇ ਚੁੰਗਲ ਵਿੱਚ ਨਾ ਫਸੋ। ਨਾ ਹੀ ਇਨ੍ਹਾਂ ਤੋਂ ਸਲਾਹ ਲਵੋ ਅਤੇ ਨਾ ਹੀ ਪੈਸੇ ਦਿਉ।

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)**
ਮਹੀਨੇ ਦੇ ਸ਼ੁਰੂ ਵਿੱਚ ਨਵੇਂ-ਨਵੇਂ ਦੋਸਤਾਂ ਨਾਲ ਮੇਲ ਹੋਵੇਗਾ। ਸੁੱਖ-ਸਾਧਨਾਂ, ਜ਼ਮੀਨ ਅਤੇ ਸਵਾਰੀ ਆਦਿ 'ਤੇ ਖਰਚ ਹੋਵੇਗਾ। ਪਰ ਧਨ ਦਾ ਲੈਣ-ਦੇਣ ਧਿਆਨ ਨਾਲ ਕਰਨਾ ਠੀਕ ਹੋਵੇਗਾ। ਇਸ ਸਮੇਂ ਦੌਰਾਨ ਦੂਜਿਆਂ ਨੂੰ ਸੌਂਪੇ ਕੰਮ ਵਿੱਚ ਪ੍ਰੇਸ਼ਾਨੀ ਆਵੇਗੀ। ਕਾਰੋਬਾਰ ਵਧਾਉਣ ਵਿੱਚ ਦੋਸਤਾਂ ਅਤੇ ਰਿਸ਼ਤੇਦਾਰਾਂ ਦੀ ਮਦਦ ਮਿਲੇਗੀ। ਧਰਮ-ਕਰਮ ਦੇ ਕੰਮਾਂ ਵੱਲ ਰੁਝਾਨ ਵਧੇਗਾ। ਘਰ ਵਿੱਚ ਮਾਹੌਲ ਸੁਖਾਵਾਂ ਰਹੇਗਾ। ਹਮੇਸ਼ਾ ਆਪਣੀ ਚਾਦਰ ਦੇਖ ਕੇ ਹੀ ਪੈਰ ਪਸਾਰੋ, ਫਜ਼ੂਲ ਦੀਆਂ ਪ੍ਰੇਸ਼ਾਨੀਆਂ ਤੋਂ ਰਾਹਤ ਮਿਲੇਗੀ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)**
ਆਮਦਨ ਘੱਟ ਅਤੇ ਖਰਚ ਜ਼ਿਆਦਾ ਰਹੇਗਾ। ਸੁਭਾਅ ਵਿੱਚ ਤੇਜ਼ੀ ਅਤੇ ਉਤੇਜਨਾ ਨਾਲ ਬਣਦੇ ਕੰਮਾਂ ਵਿੱਚ ਰੁਕਾਵਟਾਂ ਆਉਣਗੀਆਂ। ਭੈਣਾਂ-ਭਰਾਵਾਂ ਨਾਲ ਮਨ-ਮੁਟਾਅ ਹੋਵੇਗਾ। ਪਰਿਵਾਰ ਵਿੱਚ ਧਨ ਸਬੰਧੀ ਤੰਗੀ ਕਰਕੇ ਪ੍ਰੇਸ਼ਾਨੀ ਹੋਵੇਗੀ। ਮਿਹਨਤ ਅਤੇ ਸੰਘਰਸ਼ ਦੇ ਬਾਅਦ ਗੁਜ਼ਾਰੇ ਲਈ ਧਨ ਮਿਲੇਗਾ। ਸੁੱਖ-ਸਾਧਨਾਂ 'ਤੇ ਖਰਚ ਵਧੇਰੇ ਹੋਵੇਗਾ। ਆਪਣੇ ਮਾਤਾ ਪਿਤਾ ਕੋਲ ਬੈਠ ਕੇ ਪਰਿਵਾਰ ਦੀਆਂ ਗੱਲਾਂ ਸਾਂਝੀਆਂ ਕਰੋ,

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)**
ਵਿਦੇਸ਼ ਤੋਂ ਸ਼ੁੱਭ ਸਮਾਚਾਰ ਮਿਲੇਗਾ। ਕਿਸੇ ਖਾਸ ਆਦਮੀ ਦੀ ਮਦਦ ਨਾਲ ਕਾਰਜ ਸਿੱਧੀ ਹੋਵੇਗੀ। ਪਰਿਵਾਰ ਵਿੱਚ ਮਨ-ਮੁਟਾਉ ਅਤੇ ਖਰਚ ਜ਼ਿਆਦਾ ਰਹੇਗਾ। ਕਿਸੇ ਨਜ਼ਦੀਕੀ ਬੰਧੂ ਤੋਂ ਧੋਖਾ ਮਿਲਣ ਦੇ ਸੰਕੇਤ ਹਨ, ਇਸ ਲਈ ਸਾਵਧਾਨੀ ਵਿੱਚ ਰਹਿਣਾ ਹੀ ਠੀਕ ਹੋਵੇਗਾ। ਵਿੱਦਿਆਰਥੀ ਵਰਗ ਨੂੰ ਯੋਜਨਾ ਮੁਤਾਬਕ ਕੰਮ ਕਰਨ ਨਾਲ ਉੱਨਤੀ ਦੇ ਮੌਕੇ ਮਿਲਣਗੇ, ਪਰ ਨਾਲ ਹੀ ਕੜੀ ਮਿਹਨਤ ਕਰਨ ਦੀ ਵੀ ਲੋੜ ਹੋਵੇਗੀ। ਆਪਣੇ ਕੰਮ 'ਤੇ ਜਾਂ ਬਾਹਰ ਹਰੇਕ ਨਾਲ ਨਿਮਰਤਾ ਨਾਲ ਪੇਸ਼ ਆਵੋ,

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)**
ਮਹੀਨੇ ਦੇ ਸ਼ੁਰੂ ਵਿੱਚ ਨਵੇਂ-ਨਵੇਂ ਦੋਸਤਾਂ ਨਾਲ ਮੇਲ-ਜੋਲ ਹੋਵੇਗਾ। ਸੁੱਖ-ਸਾਧਨਾਂ, ਜ਼ਮੀਨ ਅਤੇ ਸਵਾਰੀ ਆਦਿ 'ਤੇ ਖਰਚ ਹੋਵੇਗਾ। ਪਰ ਧਨ ਦਾ ਲੈਣ-ਦੇਣ ਧਿਆਨ ਨਾਲ ਕਰਨਾ ਠੀਕ ਹੋਵੇਗਾ। ਸੋਚੇ ਹੋਏ ਕੰਮਾਂ ਵਿੱਚ ਰੁਕਾਵਟਾਂ ਵੀ ਆਉਣਗੀਆਂ। ਘਰੇਲੂ ਉਲਝਣਾਂ ਕਾਰਨ ਪ੍ਰੇਸ਼ਾਨੀਆਂ ਵਧਣਗੀਆਂ ਅਤੇ ਖਰਚ ਵੀ ਜ਼ਿਆਦਾ ਹੋਵੇਗਾ। ਅਚਾਨਕ ਯਾਤਰਾ ਦੇ ਵੀ ਯੋਗ ਹਨ। ਰੋਜ਼ਾਨਾ ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਸ਼ੁੱਭ ਅਤੇ ਕਲਿਆਣਕਾਰੀ ਹੋਵੇਗਾ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)**
ਆਰਥਿਕ ਪੱਖੋਂ ਇਸ ਸਮੇਂ ਰੁਕਾਵਟਾਂ ਵਿੱਚ ਉਲਝੇ ਰਹਿਣ ਦੇ ਯੋਗ ਹਨ। ਸ਼ਰੀਰਕ ਪੀੜ੍ਹਾ ਵੀ ਹੋਵੇਗੀ। ਉੱਚ ਪਧਰੀ ਵਿਅਕਤੀ ਨਾਲ ਮੇਲ ਲਾਭਕਾਰੀ ਹੋਵੇਗਾ। ਕਿਸੇ ਖਾਸ ਕੰਮ ਵਿੱਚ ਸਫਲਤਾ ਦੇ ਸਾਧਾਨ ਵੱਧਣਗੇ। ਮਿਹਨਤ ਅਤੇ ਵਧੇਰੇ ਦੌੜ-ਭੱਜ ਕਰਨ 'ਤੇ ਗੁਜ਼ਾਰੇ ਯੋਗ ਧਨ ਲਾਭ ਹੀ ਹੋਵੇਗਾ। ਕਾਰੋਬਾਰ ਵਿੱਚ ਉਤਾਰ-ਚੜ੍ਹਾਵ ਅਤੇ ਹੋਰ ਪ੍ਰੇਸ਼ਾਨੀਆਂ ਰਹਿਣਗੀਆਂ। ਸਾਂਝੇਦਾਰੀ ਦੇ ਕੰਮ ਵਿੱਚ ਸਫਲਤਾ ਦੇ ਯੋਗ ਹਨ। ਮਾਤਾ-ਪਿਤਾ ਨੂੰ ਗੁਰਦੁਆਰਾ ਸਾਹਿਬ ਜ਼ਰੂਰ ਲੈ ਕੇ ਜਾਵੋ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)**
ਮਿਹਨਤ ਦੇ ਬਾਵਜੂਦ ਗੁਜ਼ਾਰੇ ਯੋਗ ਧਨ ਲਾਭ ਹੋਵੇਗਾ। ਪਰ ਲੈਣ-ਦੇਣ ਧਿਆਨ ਨਾਲ ਕਰਨ ਦੀ ਲੋੜ ਹੈ। ਖਰਚ ਵੀ ਵੱਧ-ਚੜ੍ਹ ਕੇ ਹੋਣਗੇ। ਮਹੀਨੇ ਦੇ ਅਖੀਰ ਵਿੱਚ ਅਚਾਨਕ ਕੁਝ ਲਾਭ ਕਾਰਨ ਖੁਸ਼ੀ ਮਿਲੇਗੀ। ਸਾਂਝੇਦਾਰੀ ਦੇ ਕੰਮ ਵਿੱਚ ਨੁਕਸਾਨ ਦਾ ਡਰ ਹੈ। ਕੰਮਕਾਰ ਵਿੱਚ ਧੋਖਾ ਹੋ ਸਕਦਾ ਹੈ। ਇਸ ਲਈ ਸਾਵਧਾਨੀ ਵਰਤੋ। ਵਧੇਰੇ ਮਿਹਨਤ ਦੀ ਲੋੜ ਹੋਵੇਗੀ। ਜ਼ਿੰਦਗੀ ਜਿਉਣ ਲਈ ਮਿਲੀ ਹੈ, ਇਸ ਨੂੰ ਚੰਗੇ ਲੇਖੇ ਲਾਉ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)**
ਧਨ ਲਾਭ ਘੱਟ ਰਹੇਗਾ। ਆਲਸ ਵਿੱਚ ਵਾਧਾ ਹੋਵੇਗਾ। ਵਿਲਾਸ ਆਦਿ ਕੰਮਾਂ 'ਤੇ ਧਨ ਦਾ ਖਰਚ ਜ਼ਿਆਦਾ ਰਹੇਗਾ। ਫਜ਼ੂਲ ਸਫਰ ਦੇ ਕਾਰਨ ਪ੍ਰੇਸ਼ਾਨੀ ਦਾ ਸਾਹਮਣਾ ਹੋਵੇਗਾ। ਰੁਕੇ ਹੋਏ ਕੰਮ ਵਿੱਚ ਸੁਧਾਰ, ਆਮਦਨ ਘੱਟ ਅਤੇ ਖਰਚ ਜ਼ਿਆਦਾ, ਪਰ ਮਾਣ-ਇੱਜ਼ਤ ਵਿੱਚ ਵਾਧਾ ਹੋਵੇਗਾ। ਦੋਸਤਾਂ-ਮਿੱਤਰਾਂ ਦਾ ਸਹਿਯੋਗ ਮਿਲੇਗਾ। ਕਿਸੇ ਦੀ ਨਿੰਦਾ ਚੁਗਲੀ ਤੋਂ ਦੂਰ ਰਹੋ, ਹਮੇਸ਼ਾ ਆਪਣੇ ਕੰਮ ਨਾਲ ਮਤਲਬ ਰੱਖੋ, ਕਾਰੋਬਾਰ ਠੀਕ ਹੋਣਗੇ ਅਤੇ ਮਨ ਵੀ ਸ਼ਾਂਤ ਰਹੇਗਾ।

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)**
ਨੌਕਰੀ ਅਤੇ ਪਰਿਵਾਰ ਵਿੱਚ ਤਰੱਕੀ ਦੇ ਲਈ ਉੱਚ ਅਤੇ ਚੰਗੇ ਲੋਕਾਂ ਦਾ ਸਾਥ ਅਤੇ ਸਹਾਇਤਾ ਲਾਭਕਾਰੀ ਰਹੇਗੀ। ਗੁਜ਼ਾਰੇ ਲਈ ਧਨ ਦੀ ਪ੍ਰਾਪਤੀ ਹੋਵੇਗੀ, ਪਰ ਖਰਚ ਵੀ ਜ਼ਿਆਦਾ ਰਹਿਣਗੇ। ਜ਼ਮੀਨ-ਜਾਇਦਾਦ ਦੀ ਖਰੀਦੋ-ਫਰੋਖਤ ਕਰਦੇ ਸਮੇਂ ਸੁਚੇਤ ਰਹਿਣ ਦੀ ਲੋੜ ਹੈ। ਕਿਸੇ 'ਤੇ ਜ਼ਰੂਰਤ ਤੋਂ ਜ਼ਿਆਦਾ ਵਿਸ਼ਵਾਸ ਕਰਨਾ ਨੁਕਸਾਨਦਾਇਕ ਹੋ ਸਕਦਾ ਹੈ। ਇਸ ਲਈ ਆਪਣੀ ਸੋਚ ਮੁਤਾਬਕ ਸਹੀ ਫੈਸਲੇ ਲੈਣਾ ਠੀਕ ਰਹੇਗਾ। ਆਪਣੀ ਸੋਚ ਨੂੰ ਹਮੇਸ਼ਾ ਸਾਕਾਰਾਤਮਕ ਰੱਖੋ।

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)**
ਇਸ ਸਮੇਂ ਦੌਰਾਨ ਮਾਨਸਿਕ ਤਣਾਅ ਅਤੇ ਘਰੇਲੂ ਉਲਝਣਾਂ ਵੱਧਣਗੀਆਂ। ਵਧੇਰੇ ਸੰਘਰਸ਼ ਤੋਂ ਬਾਅਦ ਵੀ ਧਨ ਲਾਭ ਘੱਟ ਰਹੇਗਾ। ਕਾਰੋਬਾਰ ਮੱਧਮ ਅਤੇ ਧਨ ਲਾਭ ਸਾਧਾਰਨ ਹੋਵੇਗਾ। ਕਿਸੇ ਮਿੱਤਰ ਦੀ ਮਦਦ ਨਾਲ ਕਾਰੋਬਾਰੀ ਸਫਲਤਾ ਮਿਲੇਗੀ। ਨੌਕਰੀ ਵਿੱਚ ਤਰੱਕੀ ਅਤੇ ਮਾਣ-ਇੱਜ਼ਤ ਵਿੱਚ ਵਾਧਾ ਹੋਵੇਗਾ। ਪਰਿਵਾਰ ਵਿੱਚ ਸੁੱਖ ਸਾਧਨਾਂ 'ਤੇ ਖਰਚ ਹੋਵੇਗਾ। ਸਾਂਝੇਦਾਰੀ ਦੇ ਕੰਮ ਵਿੱਚ ਨੁਕਸਾਨ ਦੇ ਯੋਗ ਹਨ। ਰੋਜ਼ਾਨਾ ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਨਾ ਕਲਿਆਣਕਾਰੀ ਹੋਵੇਗਾ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)**
ਮਿਹਨਤ ਕਰਨ 'ਤੇ ਧਨ ਲਾਭ ਦੇ ਮੌਕੇ ਵੱਧਣਗੇ। ਕਿਸੇ ਧਾਰਮਿਕ ਕਾਰਜ 'ਤੇ ਖਰਚ ਹੋਵੇਗਾ। ਜ਼ਿਆਦਾ ਸਮਾਂ ਮਨੋਰੰਜਨ ਦੇ ਕਾਰਜਾਂ ਵਿੱਚ ਹੀ ਬੀਤੇਗਾ। ਮਨ ਵਿੱਚ ਉਤਸ਼ਾਹ ਅਤੇ ਖੁਸ਼ੀ ਆਵੇਗੀ। ਇਸ ਸਮੇਂ ਦੌਰਾਨ ਫਜ਼ੂਲ ਦਾ ਤਣਾਅ ਅਤੇ ਪ੍ਰੇਸ਼ਾਨੀ ਰਹੇਗੀ। ਘਰ ਵਿੱਚ ਕਲਹ-ਕਲੇਸ਼ ਹੋ ਸਕਦਾ ਹੈ। ਧਾਰਮਿਕ ਯਾਤਰਾ ਦੇ ਵੀ ਯੋਗ ਹਨ। ਆਪਣੇ ਕੰਮ 'ਤੇ ਜਾਂ ਬਾਹਰ, ਹਰੇਕ ਨਾਲ ਨਿਮਰਤਾ ਨਾਲ ਪੇਸ਼ ਆਵੋ, ਕਾਰੋਬਾਰ ਠੀਕ ਹੋਣਗੇ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)**
ਮਹੀਨੇ ਦੇ ਸ਼ੁਰੂ ਵਿੱਚ ਵਿਦੇਸ਼ੀ ਰਿਸ਼ਤੇਦਾਰਾਂ ਵੱਲੋਂ ਕੰਮ ਵਿੱਚ ਮਦਦ ਮਿਲੇਗੀ। ਸ਼ੁੱਭ ਸੂਚਨਾ ਅਤੇ ਅਚਾਨਕ ਧਨ ਲਾਭ ਹੋਵੇਗਾ। ਪਰਿਵਾਰ ਵਿੱਚ ਸੁਖਦ ਮਾਹੌਲ ਹੁੰਦੇ ਹੋਏ ਵੀ ਗੁਪਤ ਪ੍ਰੇਸ਼ਾਨੀ ਰਹੇਗੀ। ਆਰਥਿਕ ਹਾਲਾਤ ਪਹਿਲਾਂ ਨਾਲੋਂ ਬਿਹਤਰ ਹੋਣਗੇ। ਕਾਰੋਬਾਰੀ ਰੁਝੇਵਿਆਂ ਕਾਰਨ ਕੁਝ ਕੰਮਾਂ ਵਿੱਚ ਅਸਫਲਤਾ ਮਿਲੇਗੀ। ਕਿਸੇ ਖਾਸ ਦੋਸਤ ਤੋਂ ਧੋਖਾ ਮਿਲਣ ਦੇ ਯੋਗ ਹਨ। ਮਨ ਅੰਦਰ ਸਿਰਫ ਪ੍ਰਮਾਤਮਾ ਦਾ ਸਿਮਰਨ ਕਰੋ, ਵਿਗੜੇ ਕੰਮ ਜਲਦੀ ਬਣਨਗੇ।

----------


ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਊਟਿੰਗ ਸੁਈਟ

ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ


ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਵਿਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ!

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ


ਸਵ: ਸ੍ਰ. ਉਮਰਾਓ ਅਟਵਾਲ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com



## ਜ਼ਮੀਨ ਘਪਲੇ 'ਚ ਸ਼ੇਖ਼ ਹਸੀਨਾ ਨੂੰ ਪੰਜ ਸਾਲ ਦੀ ਸਜ਼ਾ

ਬੰਗਲਾਦੇਸ਼ ਦੀ ਅਦਾਲਤ ਨੇ ਅਹੁਦੇ ਤੋਂ ਲਾਂਭੇ ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ ਨੂੰ ਜ਼ਮੀਨ ਘੁਟਾਲੇ ਦੇ ਮਾਮਲੇ ਚ ਸੋਮਵਾਰ ਨੂੰ ਪੰਜ ਸਾਲ ਦੀ ਜੇਲ੍ਹ ਅਤੇ ਉਨ੍ਹਾਂ ਦੀ ਭਾਣਜੀ ਤੇ ਬਰਤਾਨਵੀ ਸੰਸਦ ਮੈਂਬਰ ਟਿਊਲਿਪ ਸਿੱਦੀਕ ਨੂੰ ਦੋ ਸਾਲ ਦੀ ਸਜ਼ਾ ਸੁਣਾਈ ਹੈ। ਸਰਕਾਰੀ ਖ਼ਬਰ ਏਜੰਸੀ ਬੀ ਐੱਸ ਐੱਸ ਮੁਤਾਬਕ ਢਾਕਾ ਵਿਖ ਵਿਸ਼ੇਸ਼ ਅਦਾਲਤ-4 ਦੇ ਜੱਜ ਮੁਹੰਮਦ ਰਬੀਉੱਲ ਆਲਮ ਨੇ ਇਸੇ ਮਾਮਲੇ ਚ ਹਸੀਨਾ ਦੀ ਭੈਣ ਸ਼ੇਖ਼ ਰੇਹਾਨਾ ਨੂੰ ਵੀ ਸੱਤ ਸਾਲ ਜੇਲ੍ਹ ਦੀ ਸਜ਼ਾ ਸੁਣਾਈ ਹੈ। ਭ੍ਰਿਸ਼ਟਾਚਾਰ ਦੇ ਇਸ ਮਾਮਲੇ ਚ 17 ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਸੀ। ਅਦਾਲਤ ਨੇ ਤਿੰਨ ਮੁਲਜ਼ਮਾਂ ਦੀ ਗ਼ੈਰ-ਮੌਜੂਦਗੀ ਚ ਇਹ ਫ਼ੈਸਲਾ ਸੁਣਾਇਆ। ਬਾਕੀ 14 ਮੁਲਜ਼ਮਾਂ ਨੂੰ ਪੰਜ-ਪੰਜ ਸਾਲ ਦੀ ਜੇਲ੍ਹ ਹੋਈ ਹੈ। ਅਦਾਲਤ ਨੇ ਹਸੀਨਾ, ਰੇਹਾਨਾ ਅਤੇ ਸਿੱਦੀਕ ਸਮੇਤ ਸਾਰੇ 17 ਮੁਲਜ਼ਮਾਂ ਤੇ ਇਕ-ਇਕ ਲੱਖ ਟਕੇ ਦਾ ਜੁਰਮਾਨਾ ਵੀ ਲਾਇਆ ਹੈ। ਬਰਤਾਨੀਆ ਦੀ ਬੰਗਲਾਦੇਸ਼ ਮੂਲ ਦੀ ਲੇਬਰ ਪਾਰਟੀ ਦੀ ਆਗੂ ਸਿੱਦੀਕ, ਰੇਹਾਨਾ ਦੀ ਧੀ ਹੈ ਅਤੇ 2015 ਤੋਂ ਹੈਂਪਸਟੈੱਡ ਅਤੇ ਹਾਈਗੇਟ ਤੋਂ ਸੰਸਦ ਮੈਂਬਰ ਹੈ। ਅੰਤਰਿਮ ਸਰਕਾਰ ਨੇ ਅਪਰੈਲ ਚ ਹਸੀਨਾ ਦੇ ਪ੍ਰਧਾਨ ਮੰਤਰੀ ਰਹਿਣ ਦੌਰਾਨ ਹੋਏ ਭ੍ਰਿਸ਼ਟਾਚਾਰ ਦੀ ਜਾਂਚ ਤਹਿਤ 43 ਸਾਲ ਦੀ ਸਿੱਦੀਕ ਲਈ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ ਸੀ। ਉਸ ਨੂੰ ਆਪਣੀ ਮਾਸੀ ਸ਼ੇਖ਼ ਹਸੀਨਾ ਨੂੰ ਪ੍ਰਭਾਵਿਤ ਕਰ ਕੇ ਢਾਕਾ ਦੇ ਬਾਹਰੀ ਇਲਾਕਿਆਂ ਚ ਆਪਣੀ ਮਾਂ, ਭਰਾ ਅਤੇ ਭੈਣ ਦੇ ਨਾਮ ਤੇ ਜ਼ਮੀਨ ਲੈਣ ਦਾ ਦੋਸ਼ੀ ਪਾਇਆ ਗਿਆ। ਉਂਝ, ਉਸ ਨੇ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕੀਤਾ ਹੈ। ਡੇਲੀ ਸਟਾਰ ਅਖ਼ਬਾਰ ਦੀ ਰਿਪੋਰਟ ਮੁਤਾਬਕ ਭ੍ਰਿਸ਼ਟਾਚਾਰ ਵਿਰੋਧੀ ਕਮਿਸ਼ਨ ਵੱਲੋਂ ਦਾਇਰ ਕੀਤੇ ਗਏ ਮਾਮਲਿਆਂ ਚ ਹਸੀਨਾ ਨਾਲ ਜੁੜਿਆ ਇਹ ਚੌਥਾ ਫ਼ੈਸਲਾ ਹੈ।

# ਸਤਿਗੁਰੂ ਨਾਨਕ ਦੀ ਸਿੱਖੀ ਨੂੰ ਸਮਰਪਿਤ ਸਿੱਖ ਹੀ ਤਨ ਆਰੇ ਨਾਲ ਚਿਰਵਾ ਕੇ ਤੇ ਉਬਲਦੀ ਦੇਗ਼ ਵਿੱਚ ਬੈਠ ਕੇ ਸ਼ਹੀਦੀ ਪ੍ਰਾਪਤ ਕਰ ਸਕਦਾ ਹੈ

## ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ ਹਿੰਦੂ ਨਹੀਂ ਸਿੱਖ ਸਨ

ਲੇਖਕ – ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477





**ਦਾਸ ਨੇ ਹੱਥਲੇ ਲੇਖ ਨੂੰ ਤਿੰਨਾਂ ਹਿੱਸਿਆਂ ਵਿੱਚ ਵੰਡਿਆ ਹੈ :**

(1) ਭਾਈ ਸਤੀ ਦਾਸ, ਭਾਈ ਮਤੀ ਦਾਸ ਤੇ ਭਾਈ ਦਿਆਲਾ ਜੀ ਨੂੰ ਹਿੰਦੂਆਂ ਵਜੋਂ ਪ੍ਰਚਾਰਨ ਦੀ ਯੋਜਨਾ, ਪ੍ਰਕਾਸ਼ ਸਿੰਘ ਬਾਦਲ ਤੇ ਆਰ।ਐੱਸ।ਐੱਸ। ਨੇ ਬ੍ਰਾਹਮਣ ਸਭਾ ਪੰਜਾਬ ਨਾਲ ਮਿਲ ਕੇ ਕਿਵੇਂ ਬਣਾਈ ?

(2) ਨਾਨਕ ਨਾਮ ਲੇਵਾ ਸਿੱਖਾਂ ਦੇ ਨਾਵਾਂ ਦੀ ਬਦਲੀ 1699 ਦੀ ਵੈਸਾਖੀ ਨੂੰ ਅਨੰਦਪੁਰ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਹੋਈ । ਜਦੋਂ ਦਸਮੇਸ਼ ਪਿਤਾ ਨੇ ਚਰਨ ਪਹੁਲ ਨੂੰ ਖੰਡੇ ਦੀ ਪਾਹੁਲ ਵਿੱਚ ਬਦਲ ਕੇ ਆਪਣੀ ਨਾਦੀ ਸੰਤਾਨ ਨੂੰ ਸਿੰਘ ਅਤੇ ਕੌਰ ਦਾ ਕੌਮੀ ਨਾਂਅ ਬਖ਼ਸ਼ਿਸ ਕੀਤਾ । ਗੁਰੂ ਨਾਨਕ ਦੀ ਚਰਨ ਪਾਹੁਲ ਲੈਣ ਤੋਂ ਬਾਅਦ ਹਰ ਕੋਈ ਨਾਨਕ ਨਾਮ ਲੇਵਾ ਸਿੱਖ ਸੀ ਪਰ ਉਸ ਦਾ ਨਾਂ ਨਹੀਂ ਸੀ ਬਦਲਿਆ ਜਾਂਦਾ । ਗੁਰੂ ਨਾਨਕ ਦੀ ਸੰਗਤ ਲਈ ਦਰਵਾਜੇ ਸਾਰਿਆਂ ਲਈ ਖੁੱਲ੍ਹੇ ਸਨ, ਪਰ ਇਹ ਚੌਖਟ ਨਹੀਂ ਸਨ, ਭਾਵ ਜਿਥੇ ਰੰਗ, ਨਸਲ, ਜਾਤ ਅਤੇ ਧਰਮ ਦਾ ਕੋਈ ਭੇਦਭਾਵ ਨਹੀਂ ਸੀ, ਉਥੇ ਸਿੱਖੀ ਦੀ ਵਿਚਾਰਧਾਰਾ, ਸੰਕਲਪ, ਸਰੂਪ ਤੇ ਸਿਧਾਂਤ ਵਿੱਚ ਕਿਸੇ ਨੂੰ ਕੋਈ ਛੋਟ ਨਹੀਂ ਸੀ ।

(3) ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਦਾ ਪਰਿਵਾਰਕ ਸਿੱਖੀ ਪਿਛੋਕੜ ਤੇ ਸ਼ਹਾਦਤ ।

1999 ਵਿੱਚ ਸਿੱਖ ਕੌਮ ਨੇ ਆਪਣਾ 300 ਸਾਲਾ ਦਿਹਾੜਾ ਮਨਾਉਣ ਦਾ ਟੀਚਾ ਮਿੱਥਿਆ । ਉਸ ਵੇਲੇ ਕੇਂਦਰ ਵਿੱਚ ਸਰਕਾਰ ਭਾਜਪਾ ਤੇ ਪੰਜਾਬ ਵਿੱਚ ਉਨ੍ਹਾਂ ਦੇ ਭਵੀਸ਼ਣ ਬਾਦਲ ਦੀ ਸੀ । ਸੈਂਟਰ ਸਰਕਾਰ ਨੇ 300 ਸਾਲਾ ਜਸ਼ਨਾਂ ਨੂੰ ਮਨਾਉਣ ਲਈ 100 ਕਰੋੜ ਰੁਪਏ ਦਿੱਤੇ । ਇਸ ਵਿੱਚੋਂ 50 ਕਰੋੜ ਰੁਪਏ ਆਰ।ਐੱਸ।ਐੱਸ। ਨੂੰ ਪਿੰਡਾਂ ਵਿੱਚ ਪ੍ਰਚਾਰ ਕਰਨ ਲਈ ਦਿੱਤੇ । ਸੈਂਟਰ ਤੋਂ ਭਾਜਪਾ ਨੇ ਪ੍ਰਕਾਸ਼ ਸਿੰਘ ਬਾਦਲ ਨੂੰ ਹਦਾਇਤ ਕਰ ਦਿੱਤੀ ਕਿ ਜੇ ਪੰਜ ਸਾਲ ਰਾਜ ਕਰਨਾ ਤਾਂ ਆਰ।ਐੱਸ।ਐੱਸ। ਨੂੰ ਪਿੰਡਾਂ ਵਿੱਚ ਪ੍ਰਚਾਰ ਕਰਨ ਤੋਂ ਰੋਕਣ ਦੀ ਹੀਆ ਨਾ ਕਰਨਾ । ਆਰ।ਐੱਸ।ਐੱਸ। ਨੇ ਪੰਜਾਹ ਕਰੋੜ ਰੁਪਏ ਤੇ ਮੁਰਲੀ ਮਨੋਹਰ ਜੋਸ਼ੀ ਦੀ ਐੱਚ।ਆਰ।ਡੀ। ਤੋਂ ਕਰੋੜਾਂ ਰੁਪਏ ਲੈ ਕੇ ਦੋ ਹਜ਼ਾਰ ਨਕਲੀ ਸਿੱਖ ਜਾ ਕੇ ਪਿੰਡਾਂ ਵਿੱਚ ਪ੍ਰਚਾਰ ਕਰਨ ਲੱਗੇ । ਇਹ ਨਕਲੀ ਸਿੱਖਾਂ ਦਾ ਪਿੰਡਾਂ ਵਿੱਚ ਜਾ ਕੇ ਜਿਥੇ ਇਹ ਪ੍ਰਚਾਰ ਕਰਨਾ ਸੀ ਕਿ ਸਿੱਖ ਹਿੰਦੂ ਹਨ, ਸੰਗਯ ਹੀ ਖ਼ਾਲਸਾ ਹੈ, ਖ਼ਾਲਸਾ ਹਿੰਦੂਆਂ ਦੀ ਰੱਖਿਆ ਲਈ ਸਾਜਿਆ ਗਿਆ, ਉਥੇ ਇਹ ਵੀ ਉਨ੍ਹਾਂ ਦੇ ਪ੍ਰਚਾਰ ਦਾ ਹਿੱਸਾ ਸੀ ਕਿ : ਛੋਟੇ ਸਾਹਿਬਜ਼ਾਦਿਆਂ ਨੂੰ ਸੂਬੇ ਸਰਹੰਦ ਵਜ਼ੀਦ ਖਾਂ ਦੇ ਹਵਾਲੇ ਕਰਕੇ ਸ਼ਹੀਦ ਕਰਵਾਉਣ ਵਾਲੇ ਗੰਗੂ ਬ੍ਰਾਹਮਣ ਦਾ ਨਾਂਅ ਬਦਲ ਕੇ ਗੰਗ-ਉਲ-ਹੱਕ ਦੇ ਨਾਂਅ ਵਜੋਂ ਪ੍ਰਚਾਰਿਆ ਜਾਵੇ । ਇਸੇ ਤਰ੍ਹਾਂ ਗੁਰੂ ਤੇਗ਼ ਬਹਾਦਰ ਸਾਹਿਬ ਨਾਲ ਸ਼ਹੀਦ ਹੋਣ ਵਾਲੇ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਨੂੰ ਸ਼ਰਮਾ ਲਿਖ ਕੇ ਹਿੰਦੂ ਸਾਬਤ ਕੀਤਾ ਜਾਵੇ । (ਨੋਟ-ਨਵੰਬਰ 2006, ਸੈਲਾਬ ਮੈਗਜ਼ੀਨ ਦੇ ਪੰਨਾ 33 ਉੱਤੇ ਖਾਲਸਾ ਪੰਚਾਇਤ ਵੱਲੋਂ ਇਕ ਲੰਬਾ ਚੌੜਾ ਲੇਖ ਛਪਿਆ ਸੀ ਦਾਸ ਨੇ ਆਪਣੇ ਲੇਖ ਨਾਲ ਸੰਬੰਧਿਤ ਉਕਤ ਕੁਝ ਟੂਕਾਂ ਉਸ ਲੇਖ ਵਿੱਚੋਂ ਲਈਆਂ ਹਨ) ਇਸੇ ਹੀ ਵਿਸ਼ੇ ਨਾਲ ਸੰਬੰਧਿਤ 27-6-2013 ਪੰਜਾਬ ਟਾਈਮਜ਼ ਦੇ ਪੰਨਾ 73 ਉੱਤੇ ਡਾ: ਅਮਰਜੀਤ ਸਿੰਘ, ਵਾਸ਼ਿੰਗਟਨ ਦਾ ਇਕ ਲੇਖ ਇਸ ਸਿਰਲੇਖ ਹੇਠ ਛਪਿਆ ਸੀ : ਬਾਦਲ ਵੱਲੋਂ ਸਿੱਖ ਕੌਮ ਅਤੇ ਸਿੱਖ ਇਤਿਹਾਸ ਦਾ ਕੀਤਾ ਜਾ ਰਿਹੈ ਸਤਿਆਨਾਸ਼, ਮਹਾਨ ਸਿੱਖ ਸ਼ਹੀਦਾਂ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਨੂੰ ਪੰਜਾਬ ਬ੍ਰਾਹਮਣ ਸਭਾ ਦੀ ਝੋਲੀ ਪਾਇਆ ।

ਲੇਖਕ ਨੇ ਇਸ ਲੇਖ ਵਿੱਚ ਜਾਗਰਣ ਅਖ਼ਬਾਰ ਵਿੱਚ ਛੱਪੀ ਇਕ ਖ਼ਬਰ ਅਤੇ ਜੰਮੂ-ਕਸ਼ਮੀਰ ਦੇ ਸਿੱਖਾਂ ਵੱਲੋਂ ਪ੍ਰਕਾਸ਼ ਸਿੰਘ ਬਾਦਲ ਦੇ ਇਸ ਬਿਆਨ ਦਾ ਵਿਰੋਧ ਕੀਤਾ ਗਿਆ ਜਿਸ ਵਿੱਚ ਬਾਦਲ ਨੇ ਕਿਹਾ ਕਿ ਭਾਈ ਮਤੀ ਦਾਸ, ਭਾਈ ਸਤੀ ਦਾਸ ਤੇ ਭਾਈ ਦਿਆਲਾ ਨੂੰ ਹਿੰਦੂ ਸਿੱਧ ਕਰਨ ਲਈ ਬ੍ਰਾਹਮਣ ਸਭਾ ਪੰਜਾਬ ਵੱਲੋਂ ਬਣਾਈ ਜਾ ਰਹੀ ਯਾਦਗਾਰ ਲਈ ਬਾਦਲ ਸਰਕਾਰ ਵੱਲੋਂ 50 ਲੱਖ ਰੁਪਏ ਦਿੱਤੇ ਜਾਣਗੇ ਦਾ ਹਵਾਲਾ ਦਿੱਤਾ ਹੈ । ਬਾਦਲ ਵੱਲੋਂ ਸਿੱਖ ਕੌਮ ਅਤੇ ਸਿੱਖ ਇਤਿਹਾਸ ਦਾ ਕੀਤਾ ਜਾ ਰਿਹੈ ਸਤਿਆਨਾਸ਼ ਲੇਖ ਦਾ ਸਾਰ ਅੰਸ਼ ਹੈ : ਪੰਜਾਬ ਦੇ ਮੁੱਖ ਮੰਤਰੀ (2013 ਵਿੱਚ) ਪ੍ਰਕਾਸ਼ ਸਿੰਘ ਬਾਦਲ ਨੇ ਕਿਸੇ ਹਿੰਦੂ ਮੰਦਿਰ ਵਿੱਚ ਜਾ ਕੇ ਇਹ ਸਹੁੰ ਖਾਧੀ ਜਾਪਦੀ ਹੈ ਕਿ ਉਹ ਨਿਵੇਕਲੇ ਸਿੱਖ ਧਰਮ, ਸਿੱਖ ਇਤਿਹਾਸ ਅਤੇ ਸਿੱਖ ਕੌਮ ਨੂੰ ਮਰਨ ਤੋਂ ਪਹਿਲਾਂ ਹਿੰਦੂਤਵ ਦੇ ਸਮੁੰਦਰ ਵਿੱਚ ਗਰਕ ਕਰਕੇ ਹੀ ਰਹੇਗਾ (ਨੋਟ-ਲੇਖਕ ਦੀ ਉਕਤ ਭਵਿੱਖਬਾਣੀ ਸੱਚ ਸਾਬਤ ਹੋਈ ਹੈ) ਪੰਜਾਬ ਵਿੱਚ ਇਸ ਵੇਲੇ ਕਾਫੀ ਪ੍ਰਸਿੱਧ ਅਖ਼ਬਾਰ ਜਾਗਰਣ ਵਿੱਚੋਂ ਇਕ ਖ਼ਬਰ ਹਿੰਦੂ ਧਰਮ ਦੀ ਰੱਖਿਆ ਲਈ ਸ਼ਹੀਦ ਹੋਣ ਵਾਲਿਆਂ ਦੀ ਬਣੇਗੀ ਯਾਦਗਾਰ ਦੇ ਸਿਰਲੇਖ ਹੇਠ ਪ੍ਰਕਾਸ਼ਤ ਹੋਈ ਹੈ । ਇਸ ਖ਼ਬਰ ਦਾ ਵੇਰਵਾ ਆਪਣੇ ਆਪ ਵਿੱਚ ਹੀ ਦਰਸਾ ਰਿਹਾ ਹੈ ਕਿ ਪੰਜਾਬ ਦਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਕਿਵੇਂ ਸਿੱਖ ਧਰਮ ਦੀ ਨਿਵੇਕਲੀ ਤੇ ਸੁਤੰਤਰ ਹੋਂਦ ਹਸਤੀ ਦਾ ਸਤਿਆਨਾਸ਼ ਕਰਨ ‘ਤੇ ਤੁਲਿਆ ਹੋਇਆ ਹੈ । ਇਸ ਖ਼ਬਰ ਦੇ ਵੇਰਵੇ ਅਨੁਸਾਰ ਹਿੰਦੂ ਧਰਮ ਦੀ ਰੱਖਿਆ ਵਾਸਤੇ ਸਿੱਖਾਂ ਦੇ ਨੌਵੇਂ ਗੁਰੂ ਤੇਗ਼ ਬਹਾਦਰ ਸਾਹਿਬ ਜੀ ਨਾਲ ਸ਼ਹੀਦ ਹੋਣ ਵਾਲੇ ਭਾਈ ਮਤੀ ਦਾਸ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੀ ਯਾਦਗਾਰ ਸ੍ਰੀ ਅਨੰਦਪੁਰ ਸਾਹਿਬ ਵਿਖੇ ਬਣਾਈ ਜਾਵੇਗੀ । ਇਹ ਜਾਣਕਾਰੀ ਅੱਜ ਪੰਜਾਬ ਦੇ ਮੁੱਖ ਮੰਤਰੀ ਬਾਦਲ ਨੇ ਪਿੰਡ ਖਾਟੀ ਵਿੱਚ ਬ੍ਰਾਹਮਣ ਸਭਾ ਪੰਜਾਬ ਵੱਲੋਂ ਭਗਵਾਨ ਪਰਸ਼ੂ ਰਾਮ ਜੀ ਦੇ ਤੱਪ ਅਸਥਾਨ ਵਿਖੇ ਸੂਬਾ ਪੱਧਰੀ ਮਹਾਂ ਸੰਮੇਲਨ ਨੂੰ ਸੰਬੋਧਨ ਕਰਦਿਆਂ ਦਿੱਤੀ । ਉਨ੍ਹਾਂ ਨੇ ਖਾਟੀ ਧਾਮ ਅਸਥਾਨ ਦੀ ਇਮਾਰਤ ਲਈ 50 ਲੱਖ ਰੁਪਏ ਦੇਣ ਦਾ ਐਲਾਨ ਵੀ ਕੀਤਾ । ਪ੍ਰਕਾਸ਼ ਸਿੰਘ ਬਾਦਲ ਵੱਲੋਂ ਪੰਜਾਬ ਬ੍ਰਾਹਮਣ ਸਭਾ ਦੇ ਪਰਸ਼ੂ ਰਾਮ ਸਮਾਗਮ ਵਿੱਚ ਜਾ ਕੇ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਦੀ ਸ਼ਹੀਦੀ ਯਾਦਗਾਰ ਬਣਾਉਣ ਦਾ ਐਲਾਨ ਇਹ ਸਪੱਸ਼ਟ ਸੁਨੇਹਾ ਦੇਣਾ ਸੀ ਕਿ ਸਿੱਖ ਧਰਮ ਵਿੱਚ ਯਕੀਨ ਰੱਖਣ ਵਾਲੇ ਇਹ ਤਿੰਨੇ ਸ਼ਹੀਦ ਸਿੱਖ ਨਹੀਂ ਸਨ, ਬ੍ਰਾਹਮਣ ਸਨ ਜਿਨ੍ਹਾਂ ਨੇ ਹਿੰਦੂ ਧਰਮ ਦੀ ਰੱਖਿਆ ਲਈ ਸ਼ਹੀਦੀ ਦਿੱਤੀ (ਨੋਟ-ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਜੀ ਤਿੰਨੇ ਸਿੱਖ ਸ਼ਹੀਦਾਂ ਨੂੰ ਪੰਜਾਬ ਸਭਾ ਬ੍ਰਾਹਮਣ ਦੀ ਝੋਲੀ ਪਾਉਣ ਦੀ ਸਲਾਹ ਪ੍ਰਕਾਸ਼ ਸਿੰਘ ਬਾਦਲ ਨੂੰ ਸਾਬਕਾ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਤਰਲੋਚਨ ਸਿੰਘ ਨੇ ਦਿੱਤੀ ਸੀ) ਪ੍ਰਕਾਸ਼ ਸਿੰਘ ਬਾਦਲ ਦੇ ਉਕਤ ਬਿਆਨਾਂ ਦਾ ਖੰਡਨ ਜੰਮੂ-ਕਸ਼ਮੀਰ ਦੇ ਸਿੱਖਾਂ ਨੇ ਇਨ੍ਹਾਂ ਸ਼ਬਦਾਂ ਵਿੱਚ ਕੀਤਾ : ਸਿੱਖ ਧਰਮ ਵਿੱਚ ਪ੍ਰਵੇਸ਼ ਕਰਨ ਤੋਂ ਬਾਅਦ ਕਿਸੇ ਦੀ ਕੋਈ ਪਿਛਲੀ ਜਾਤ-ਪਾਤ ਨਹੀਂ ਰਹਿੰਦੀ, ਇਸ ਲਈ ਸਿੱਖ ਸ਼ਹੀਦਾਂ ਨੂੰ ਉਨ੍ਹਾਂ ਦੇ ਸਿੱਖੀ ਧਾਰਨ ਕਰਨ ਤੋਂ ਪਹਿਲਾਂ ਦੇ ਪਿਛੋਕੜ ਨਾਲ ਜੋੜਨਾ ਘੋਰ ਅਵੱਗਿਆ ਹੈ । ਗੁਰੂ ਨਾਨਕ ਸਾਹਿਬ ਨੇ ਨਵਾਂ ਮੱਤ (ਸਿੱਖ ਮੱਤ) ਤੇ ਨਵਾਂ ਪੰਥ ਚਲਾਇਆ । ਮੁਸਲਮਾਨ ਵੀ ਉਨ੍ਹਾਂ ਸਿੱਖ ਬਣਦੇ ਜਾਂਦੇ ਸਨ ਤੇ ਹਿੰਦੂ ਵੀ । ਬ੍ਰਾਹਮਣ ਵੀ ਉਨ੍ਹਾਂ ਦੇ ਸਿੱਖ ਸਨ ਤੇ ਸ਼ੂਦਰ ਵੀ । ਜਿਹੜਾ ਉਨ੍ਹਾਂ ਦਾ ਸਿੱਖ ਬਣਦਾ ਸੀ ਉਹ ਨਾ ਹਿੰਦੂ ਰਹਿੰਦਾ ਸੀ ਨਾ ਮੁਸਲਮਾਨ, ਉਹ ਗੁਰੂ ਨਾਨਕ ਦਾ ਸਿੱਖ ਅਖਵਾਂਦਾ ਸੀ । ਬਾਬੇ ਨਾਨਕ ਦੀ ਸਿੱਖੀ ਤੇ ਬਾਬੇ ਨਾਨਕ ਦੇ ਮਾਰਗ ਨੂੰ ਲੋਕ ਗੁਰੂ-ਮੱਤ ਆਖਣ ਲੱਗ ਪਏ ਅਤੇ ਬਾਬੇ ਨਾਨਕ ਦੇ ਪੰਥ ਨੂੰ ਨਿਰਮਲ ਪੰਥ ਤੇ ਸੱਚਾ ਪੰਥ ਆਖਣ ਲੱਗ ਪਏ (ਮਾਰਿਆ ਸਿੱਕਾ ਜਗਤ ਵਿਚਿ ਨਾਨਕ ਨਿਰਮਲ ਪੰਥ ਚਲਾਇਆ) ਇਉਂ ਗੁਰੂ ਨਾਨਕ ਨੇ ਨਵੇਂ ਧਰਮ ਅਤੇ ਨਵੇਂ ਪੰਥ ਦੀ ਨੀਂਹ ਰੱਖੀ । ਇਸ ਪੰਥ ਤੇ ਮੱਤ ਨੂੰ ਨਵੀਂ ਦੀਖਿਆ, ਸਿੱਖਿਆ ਦੀ ਰਸਮ ਦਿੱਤੀ । ਨਵੀਂ ਰਹਿਤ ਬਹਿਤ ਦਿੱਤੀ । ਨਵਾਂ ਅਧਿਆਤਮਕ ਤੇ ਸਮਾਜਿਕ ਸਿਧਾਂਤ ਦਿੱਤਾ। ਗੁਰੂ ਨਾਨਕ ਸਾਹਿਬ ਦੇ ਸ਼ਬਦ ਗੁਰੂ ਦਾ ਸਿਧਾਂਤ ਉਨ੍ਹਾਂ ਦਾ ਅੰਮ੍ਰਿਤ ਗਿਆਨ ਇਸ ਪੰਥ ਦਾ ਮੂਲ ਅਧਾਰ ਬਣਿਆ । ਹਿੰਦੂਆਂ ਮੁਸਲਮਾਨਾਂ ਦਰਮਿਆਨ, ਨੀਵੀਆਂ ਤੇ ਉੱਚੀਆਂ ਸ਼੍ਰੇਣੀਆਂ ਦਰਮਿਆਨ ਖੜ੍ਹੀਆਂ ਕੀਤੀਆਂ ਸਮਾਜ ਤੇ ਸੱਭਿਆਚਾਰ ਦੀਆਂ ਦੀਵਾਰਾਂ ਗੁਰੂ ਦੇ ਸਿੱਖੀ ਸਿਧਾਂਤਾਂ ਨੇ ਹੂੰਝ ਕੇ ਪਰੇ ਮਾਰੀਆਂ । ਇਨ੍ਹਾਂ ਦਿਨਾਂ ਵਿੱਚ ਹੀ ਉਨ੍ਹਾਂ ਨੇ ਆਪਣੇ ਨਵੇਂ ਗਿਆਨ ਦੀ ਦੀਖਿਆ ਦੇਣੀ ਅਰੰਭ ਕੀਤੀ ।

**ਬਾਕੀ ਹਿਸਾ ਅਗਲੇ ਸਫ਼ੇ 26 ਤੇ ਪੜ੍ਹੋ**

25 ਸਫ਼ੇ ਦੀ ਬਾਕੀ

ਇਹ ਦੀਖਿਆ ਚਰਨ-ਪਾਹੁਲ ਦੇ ਕੇ ਨਾਮ ਦ੍ਰਿੜਾ ਕੇ ਦਿੱਤੀ ਜਾਂਦੀ ਸੀ । ਇਨ੍ਹਾਂ ਦਿਨਾਂ ਵਿੱਚ ਹੀ ਉਨ੍ਹਾਂ ਨੇ ਆਪਣੀ ਰਹਿਤ ਮਰਿਯਾਦਾ ਦੇ ਨਿਯਮ ਬਣਾਏ ਜੋ ਸਭ ਸਿੱਖਾਂ ਲਈ ਸਾਂਝੇ ਸਨ ਚਾਹੇ ਉਹ ਸਿੱਖ ਪਹਿਲਾਂ ਹਿੰਦੂ ਸਨ ਚਾਹੇ ਮੁਸਲਮਾਨ ਸਨ, ਚਾਹੇ ਪਹਿਲਾਂ ਅਛੂਤ ਸਨ ਉਨ੍ਹਾਂ ਲਈ ਉਪਦੇਸ਼ ਰਹਿਤ ਮਰਿਯਾਦਾ ਤੇ ਦੀਖਿਆ ਸਾਂਝੀ ਸੀ। ਆਪਣੀਆਂ ਉਦਾਸੀਆਂ ਦੌਰਾਨ ਕਈ ਸ੍ਰੇਸ਼ਟ ਸਿੱਖਾਂ ਨੂੰ ਚਰਨ-ਪਾਹੁਲ ਦਿੱਤੀ । ਜਦ ਮਰਦਾਨੇ ਨੂੰ ਦੀਖਿਆ ਮਿਲੀ ਤਾਂ ਉਸ ਨੂੰ ਵੀ ਇਹੀ ਰਹਿਤ ਮਰਿਯਾਦਾ ਦ੍ਰਿੜ ਕਰਵਾਈ ਗਈ ਸੀ। ਕੇਸ ਰੱਖਣੇ, ਪਿਛਲੀ ਰਾਤ ਸਤਿਨਾਮ ਦਾ ਜਾਪ ਜਪਣਾ, ਆਉਂਦੇ ਜਾਂਦੇ ਸਾਧ ਸੰਤ ਦੀ ਸੇਵਾ ਕਰਨੀ, ਲੋੜਵੰਦਾਂ ਦੀ ਮਦਦ ਕਰਨੀ । ਗੁਰੂ ਨਾਨਕ ਦੀ ਚਰਨ-ਪਾਹੁਲ ਲੈਣ ਤੋਂ ਬਾਅਦ ਹਰ ਕੋਈ ਨਾਨਕ ਨਾਮ ਲੇਵਾ ਸਿੱਖ ਸੀ । ਗੁਰੂ ਨਾਨਕ ਦੀ ਸੰਗਤ ਲਈ ਦਰਵਾਜ਼ੇ ਸਾਰਿਆਂ ਲਈ ਖੁੱਲ੍ਹੇ ਸਨ, ਪਰ ਇਹ ਚੌਖਟ ਨਹੀਂ ਸਨ । ਭਾਵ, ਜਿਥੇ ਰੰਗ ਨਸਲ ਜਾਤ ਅਤੇ ਧਰਮ ਦਾ ਕੋਈ ਭੇਦ-ਭਾਵ ਨਹੀਂ ਸੀ, ਉਥੇ ਸਿੱਖੀ ਦੀ ਵਿਚਾਰਧਾਰਾ, ਸੰਕਲਪ, ਸਰੂਪ ਤੇ ਸਿੱਖੀ ਸਿਧਾਂਤ ਵਿੱਚ ਕੋਈ ਛੋਟ ਨਹੀਂ ਸੀ। ਗੁਰੂ ਨਾਨਕ ਦੀ ਸਿੱਖੀ ਧਾਰਨ ਕਰਨ ਵਾਲੇ ਮਨੁੱਖ ਸਿੱਖ ਕਹਿਲਾਏ ।


ਭਾਈ ਮਤੀ ਦਾਸ ਅਤੇ ਸਤੀ ਦਾਸ ਦੇ ਵਡੇਰੇ ਭਾਈ ਗੌਤਮ ਜੀ ਨੇ ਸਭ ਤੋਂ ਪਹਿਲਾਂ ਸਿੱਖੀ ਧਾਰਨ ਕੀਤੀ ਤੇ ਉਨ੍ਹਾਂ ਦੀ ਪੀੜ੍ਹੀ ਨੇ ਸਾਰੇ ਗੁਰੂ ਸਾਹਿਬਾਨ ਦੀ ਸੇਵਾ ਵਿੱਚ ਰਹਿ ਕੇ ਸਿੱਖੀ ਦੀ ਚੜ੍ਹਦੀ ਕਲਾ ਵਾਸਤੇ ਖਾਸ ਯੋਗਦਾਨ ਪਾਇਆ । ਸਿੱਖ ਧਰਮ ਦੀ ਪ੍ਰਫੁੱਲਤਾ ਵਾਸਤੇ ਸ਼ੁਰੂਆਤੀ ਦਿਨਾਂ ਵਿੱਚ ਭਾਈ ਗੌਤਮ ਜੀ ਦੇ ਪਰਿਵਾਰ ਨੇ ਅਹਿਮ ਭੂਮਿਕਾ ਨਿਭਾਈ । ਭਾਈ ਗੌਤਮ ਜੀ ਦੇ ਪਰਿਵਾਰ ਵਿੱਚੋਂ ਜੋ ਸਿੱਖ ਧਰਮ ਵਿੱਚ ਆਏ ਉਹ ਮੀਰੀ-ਪੀਰੀ ਦ ਮਾਲਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਮੇਂ ਅਕਾਲ ਤਖ਼ਤ ਦੀ ਸਿਰਜਨਾ ਤੋਂ ਬਾਅਦ ਬਣਾਈ ਅਕਾਲ ਫੌਜ ਵਿੱਚ ਸ਼ਾਮਿਲ ਹੋ ਕੇ ਚੰਗੇ ਸਾਹਸੀ ਯੋਧੇ ਬਣੇ । ਜਿਨ੍ਹਾਂ ਨੇ ਸਿੱਖ ਧਰਮ ਲਈ ਮਹਾਨ ਕੁਰਬਾਨੀਆਂ ਦਿੰਦੇ ਹੋਏ ਸ਼ਹੀਦੀਆਂ ਪ੍ਰਾਪਤ ਕੀਤੀਆਂ ਜਿਵੇਂ ਕਿ, ਭਾਈ ਪਰਾਗਾ ਜੀ ਤੇ ਭਾਈ ਬਾਲੂ ਗਉ ਜੀ। ਗੁਰੂ ਤੇਗ਼ ਬਹਾਦਰ ਸਾਹਿਬ ਨਾਲ ਚਾਂਦਨੀ ਚੌਂਕ ਵਿੱਚ ਸ਼ਹੀਦ ਹੋਣ ਵਾਲੇ ਦੋ ਸਕੇ ਭਰਾ ਮਤੀ ਦਾਸ ਅਤੇ ਭਾਈ ਸਤੀ ਦਾਸ ਗੁਰੂ ਤੇਗ਼ ਬਹਾਦਰ ਸਾਹਿਬ ਦੇ ਚੜ੍ਹਦੀ ਕਲਾ ਵਾਲੇ ਅਨਿਨ ਸਿੱਖ ਸਨ । ਇਨ੍ਹਾਂ ਦੋਵਾਂ ਭਰਾਵਾਂ ਨੂੰ ਗੁਰੂ ਤੇਗ਼ ਬਹਾਦਰ ਦੇ ਸਾਹਮਣੇ ਸ਼ਹੀਦ ਕੀਤਾ ਗਿਆ । ਭਾਈ ਮਤੀ ਦਾਸ ਨੂੰ ਆਰੇ ਨਾਲ ਚੀਰ ਕੇ ਸ਼ਹੀਦ ਕੀਤਾ ਗਿਆ ਅਤੇ ਭਾਈ ਸਤੀ ਦਾਸ ਦੇ ਸਰੀਰ ਦੁਆਲੇ ਰੂੰ ਲਪੇਟ ਕੇ ਅੱਗ ਲਗਾ ਦਿੱਤੀ ਜਿਸ ਨਾਲ ਉਹ ਸ਼ਹੀਦ ਹੋ ਗਏ । ਇਨ੍ਹਾਂ ਦੋਵਾਂ ਅਨਿਨ ਸਿੱਖਾਂ ਦੀ ਸ਼ਹਾਦਤ ਵੇਖਕੇ ਹੀ ਗੁਰੂ ਤੇਗ਼ ਬਹਾਦਰ ਸਾਹਿਬ ਨੇ ਆਪਣੇ ਪਾਵਨ ਪਵਿੱਤਰ ਮੁੱਖ ਤੋਂ ਉਚਾਰਨ ਕਰਕੇ ਕਿਹਾ ਸੀ ਧੰਨ ਸਿੱਖੀ, ਭਾਈ ਦਿਆਲਾ-ਭਾਈ ਦਿਆਲਾ ਜੀ 12 ਭਰਾ ਸਨ । ਭਾਈ ਦਿਆਲਾ ਜੀ ਦੇ ਪਿਤਾ ਭਾਈ ਮਾਈ ਦਾਸ ਤੇ ਦਾਦਾ ਭਾਈ ਬਲੂ ਰਾਮ ਜੀ ਸਨ । ਇਸ ਵੰਸ਼ ਦੀਆਂ ਤਿੰਨ ਪੀੜੀਆਂ ਵਿੱਚੋਂ 29 ਸਿੱਖ ਸ਼ਹੀਦ ਹੋਏ । ਭਾਈ ਦਿਆਲਾ ਜੀ ਸ਼ਹੀਦ ਭਾਈ ਮਨੀ ਸਿੰਘ ਦੇ ਸਕੇ ਭਰਾ ਸਨ। ਭਾਈ ਦਿਆਲਾ ਜੀ ਦੇ ਵੱਡ ਵਡੇਰੇ ਪੱਕੇ ਗੁਰਸਿੱਖ ਸਨ । ਉਨ੍ਹਾਂ ਦੇ ਦਾਦਾ ਭਾਈ ਬਲੂ ਜੀ ਗੁਰੂ ਹਰਗੋਬਿੰਦ ਸਾਹਿਬ ਜੀ ਤਰਫੋਂ ਅੰਮ੍ਰਿਤਸਰ ਦੀ ਜੰਗ ਵਿੱਚ ਲੜਿਆ ਅਤੇ ਅਨੇਕਾਂ ਮੁਗ਼ਲਾਂ ਨੂੰ ਮਾਰ ਕੇ ਸ਼ਹਾਦਤ ਪ੍ਰਾਪਤ ਕੀਤੀ । ਭਾਈ ਮਾਈਦਾਸ ਨੇ ਆਪਣੇ ਦੋਵਾਂ ਪੁੱਤਰਾਂ ਭਾਈ ਦਿਆਲਾ ਉਮਰ 15 ਸਾਲ ਅਤੇ ਭਾਈ ਮਨੀ ਰਾਮ (ਨੋਟ ਇਹੀ ਭਾਈ ਮਨੀ ਰਾਮ 1699 ਦੀ ਵੈਸਾਖੀ ਨੂੰ ਅੰਮ੍ਰਿਤ ਛੱਕ ਕੇ ਭਾਈ ਮਨੀ ਸਿੰਘ ਬਣਿਆ ਅਤੇ ਬੰਦ ਬੰਦ ਕਟਵਾ ਕੇ ਸ਼ਹਾਦਤ ਪ੍ਰਾਪਤ ਕੀਤੀ) ਉਮਰ 13 ਸਾਲ ਨੂੰ ਗੁਰੂ ਹਰਿ ਰਾਏ ਸਾਹਿਬ ਦੀ ਸੇਵਾ ਵਿੱਚ ਲਿਆਂਦਾ । ਬਾਅਦ ਵਿੱਚ ਗੁਰੂ ਤੇਗ਼ ਬਹਾਦਰ ਸਾਹਿਬ ਨੇ ਭਾਈ ਦਿਆਲਾ ਜੀ ਨੂੰ ਘਰ ਬਾਰੀ ਵਜ਼ੀਰ ਥਾਪਿਆ । ਭਾਈ ਦਿਆਲਾ ਜੀ ਵੀ ਭਾਈ ਮਤੀ, ਭਾਈ ਸਤੀ ਦਾਸ ਨਾਲ ਉਸ ਸਮੇਂ ਚਾਂਦਨੀ ਚੌਂਕ ਵਿੱਚ ਗੁਰੂ ਤੇਗ਼ ਬਹਾਦਰ ਸਾਹਿਬ ਦੇ ਨਾਲ ਸਨ ਜਦੋਂ ਉਨ੍ਹਾਂ ਦੀ ਸ਼ਹਾਦਤ ਹੋਈ । ਭਾਈ ਮਤੀ ਦਾਸ ਤੇ ਸਤੀ ਦਾਸ ਦੀ ਸ਼ਹਾਦਤ ਤੋਂ ਬਾਅਦ ਕਾਜੀ ਅਬਦੁੱਲ ਵਹੀਰ ਨੇ ਜਦੋਂ ਭਾਈ ਦਿਆਲਾ ਨੂੰ ਕਲਮਾਂ ਪੜ੍ਹਨ ਲਈ ਕਿਹਾ ਤਾਂ ਕਿਹਾ ਤੋਂ ਅੱਗੋਂ ਭਾਈ ਦਿਆਲਾ ਜੀ ਨੇ ਜੁਆਬ ਦਿੱਤਾ : ਅਸੀਂ ਸਿੱਖਾਂ ਨੇ ਗੁਰੂ ਸਾਹਿਬਾਨ ਤੋਂ ਅਲ-ਕਲਮਾ (ਧੁਰ ਕੀ ਬਾਣੀ) ਪੜ੍ਹ ਲਈ ਹੈ ਜੋ ਕਿ ਗੁਰਬਾਣੀ ਰੂਪ ਵਿੱਚ ਧੁਰ ਦਰਗਾਹੋਂ, ਸਤਿਗੁਰੂ ਨਾਨਕ ਦੇ ਹਿਰਦੇ ਰਾਹੀਂ ਇਸ ਧਰਤੀ 'ਤੇ ਪ੍ਰਕਾਸ਼ਮਾਨ ਹੋਈ ਹੈ । ਸਮੂਹ ਸ੍ਰਿਸ਼ਟੀ ਤੇ ਕਾਇਨਾਤ ਦਾ ਰਚਨਹਾਰ ਇਕੋ ਇਕ ਅਕਾਲ ਪੁਰਖ ਹੈ ।

ਅਸੀਂ ਸਿੱਖ ਅਕਾਲ ਪੁਰਖ ਵਾਚ (ਮੂਲ ਮੰਤਰ) ਦਾ ਹੀ ਜਾਪ ਕਰਦੇ ਹਾਂ । ਇਹ ਜੁਆਬ ਸੁਣ ਕੇ ਕਾਜੀ ਅਬਦੁੱਲ ਨੇ ਗੁੱਸੇ ਵਿੱਚ ਬੁਖਲਾਏ ਹੋਏ ਨੇ ਜਲਾਦਾਂ ਨੂੰ ਹੁਕਮ ਦਿੱਤਾ ਕਿ ਇਸ ਸਿੱਖੜੇ ਨੂੰ ਉਬਲਦੀ ਦੇਗ਼ ਵਿੱਚ ਬਿਠਾਲ ਕੇ ਸ਼ਹੀਦ ਕੀਤਾ ਜਾਵੇ । ਭਾਈ ਦਿਆਲਾ ਜੀ ਨੇ ਗੁਰੂ ਦੇ ਚਰਨਾਂ ਦਾ ਧਿਆਨ ਧਰਦੇ ਹੋਏ ਆਪ ਹੀ ਉਬਲਦੀ ਦੇਗ਼ ਵਿੱਚ ਪਹਿਲਾਂ ਸੱਜਾ ਪੈਰ ਪਾਇਆ ਫਿਰ ਖੱਬਾ ਪੈਰ ਦੇਗ਼ ਵਿੱਚ ਪਾ ਕੇ ਚੌਂਕੜਾ ਮਾਰ ਕੇ ਬੈਠ ਗਏ ਅਤੇ ਗੁਰਬਾਣੀ ਦਾ ਪਾਠ ਕਰਦਿਆਂ ਕਰਦਿਆਂ ਉਹ ਸ਼ਹੀਦ ਹੋ ਗਏ। ਨਵੰਬਰ 1675 ਈ: ਨੂੰ ਚਾਂਦਨੀ ਚੌਂਕ ਦਿੱਲੀ ਵਿਖੇ ਗੁਰੂ ਤੇਗ਼ ਬਹਾਦਰ ਸਾਹਿਬ ਨਾਲ ਸ਼ਹੀਦ ਹੋਣ ਵਾਲੇ ਭਾਈ ਮਤੀ ਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲਾ ਨਿਰਸੰਦੇਹ ਗੁਰੂ ਕੇ ਸਿੱਖ ਸਨ । ਸਤਿਗੁਰੂ ਨਾਨਕ ਦੀ ਸਿੱਖੀ ਨੂੰ ਸਮਰਪਿਤ ਸਿੱਖ ਹੀ ਤਨ ਆਰੇ ਨਾਲ ਚਿਰਵਾ ਕੇ ਅਤੇ ਉਬਲਦੀ ਦੇਗ਼ ਵਿੱਚ ਬੈਠ ਕੇ ਸ਼ਹੀਦੀ ਪ੍ਰਾਪਤ ਕਰ ਸਕਦਾ ਹੈ ।

ਗੁਰੂ ਪੰਥ ਦਾ ਦਾਸ
ਜਥੇਦਾਰ ਮਹਿੰਦਰ ਸਿੰਘ ਯੂਕੇ

* * * * * * *

# ਟਰੰਪ ਵੱਲੋਂ 19 ਦੇਸ਼ਾਂ ਦੇ ਨਾਗਰਿਕਾਂ ਦੇ ਗਰੀਨ ਕਾਰਡਾਂ ਬਾਰੇ ਮੁੜ ਨਰੀਖਣ ਕਰਨ ਦੇ ਆਦੇਸ਼




**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਵਾਈਟ ਹਾਊਸ ਨੇੜੇ ਇੱਕ ਅਫ਼ਗਾਨਸਤਾਨੀ ਮੂਲ ਦੇ ਵਿਅਕਤੀ ਵੱਲੋਂ ਗੋਲੀਆਂ ਮਾਰ ਕੇ 2 ਨੈਸ਼ਨਲ ਗਾਰਡਾਂ ਨੂੰ ਗੰਭੀਰ ਜ਼ਖਮੀ ਕਰ ਦੇਣ ਉਪਰੰਤ ਰਾਸ਼ਟਰਪਤੀ ਡੋਨ-ਾਲਡ ਟਰੰਪ ਨੇ 19 ਵਿਵਾਦਤ ਦੇਸ਼ਾਂ ਦੇ ਨਾਗਿਰਕਾਂ ਦੇ ਗਰੀਨ ਕਾਰਡਾਂ ਬਾਰੇ ਮੁੜ ਨਰੀਖਣ ਕਰਨ ਦੇ ਆਦੇਸ਼ ਦਿੱਤੇ ਹਨ। ਇਹ ਪ੍ਰਗਟਾਵਾ ਅਮਰੀਕਾ ਦੇ ਗ੍ਰਹਿ ਸੁਰੱਖਿਆ ਵਿਭਾਗ ਦੇ ਡਾਇਰੈਕਟਰ ਜੋਸਫ ਐਡਲੋਅ ਨੇ ਕੀਤਾ ਹੈ। ਐਡਲੋਅ ਨੇ ਐਕਸ ਉਪਰ ਲਿਖਿਆ ਹੈ ਕਿ ਰਾਸ਼ਟਰਪਤੀ ਦੇ ਆਦੇਸ਼ ਤੇ ਗਰੀਨ ਕਾਰਡਾਂ ਧਾਰਕਾਂ ਦੀ ਨਵੇਂ ਸਿਰੇ ਤੋਂ ਬਹੁਤ ਬਰੀਕੀ ਨਾਲ ਜਾਂਚ ਪੜਤਾਲ ਕੀਤੀ ਜਾਵੇਗੀ। ਗੋਲੀਬਾਰੀ ਤੋਂ ਬਾਅਦ ਯੂ ਐਸ ਸਿਟੀਜਨਸ਼ਿੱਪ ਐਂਡ ਇਮੀਗ੍ਰੇਸ਼ਨ ਸਰਵਿਸਜ ਵਿਭਾਗ ਪਹਿਲਾਂ ਹੀ ਅਫਗਾਨਿਸਤਾਨ ਨਾਗਰਿਕਾਂ ਦੀਆਂ ਦਰਖਾਸਤਾਂ ਉਪਰ ਰੋਕ ਲਾ ਚੁੱਕਾ ਹੈ। ਅਫਗਾਨਿਸਤਾਨ ਉਨਾਂ ਦੇਸ਼ਾਂ ਵਿੱਚ ਸ਼ਾਮਿਲ ਹੈ ਜਿਸ ਦੇ ਨਾਗਰਿਕਾਂ ਉਪਰ ਟਰੰਪ ਇਸ ਸਾਲ ਜੂਨ ਵਿੱਚ ਅਮਰੀਕਾ ਆਉਣ ਤੇ ਪਾਬੰਦੀ ਲਾ ਚੁੱਕੇ ਹਨ। ਨੈਸ਼ਨਲ ਗਾਰਡਾਂ ਉਪਰ ਹਮਲਾ ਕਰਨ ਵਾਲਾ ਰਹਿਮਾਨਉਲਾ ਲਕਨਵਾਲ ਅਫਗਾਨਿਸਤਾਨ ਵਿੱਚ ਸੀ ਆਈ ਏ ਸਮੇਤ ਅਮਰੀਕਾ ਦੀਆਂ ਅਨੇਕਾਂ ਸਰਕਾਰੀ ਏਜੰਸੀਆਂ ਨਾਲ ਕੰਮ ਕਰ ਚੁੱਕਾ ਹੈ। ਨਿਊਯਾਰਕ ਟਾਈਮਜ਼ ਤੇ ਵਾਲ ਸਟਰੀਟ ਜਨਰਲ ਦੀ ਰਿਪੋਰਟ ਅਨੁਸਾਰ 29 ਸਾਲਾ ਲਕਨਵਾਲ ਨੇ ਕੰਧਾਰ ਵਿੱਚ ਸੀ ਆਈ ਏ ਸਮਰਥਕ ਮਿਲਟਰੀ ਯੁਨਿਟ ਲਈ ਕੰਮ ਕੀਤਾ ਸੀ। ਉਹ 2021 ਵਿੱਚ ਅਫਗਾਨਿਸਤਾਨ ਵਿਚੋਂ ਅਮਰੀਕੀ ਫੌਜਾਂ ਕੱਢਣ ਉਪਰੰਤ ਅਮਰੀਕਾ ਆਇਆ ਸੀ। ਜਿਨਾਂ ਵਿਵਾਦਤ 19 ਦੇਸ਼ਾਂ ਦੇ ਨਾਗਰਿਕਾਂ ਦੇ ਗਰੀਨ ਕਾਰਡਾਂ ਤੇ ਮੁੜ ਵਿਚਾਰ ਕੀਤਾ ਜਾਣਾ ਹੈ ਉਨਾਂ ਵਿੱਚ ਅਫਗਾਨਿਸਤਾਨ, ਬਰਮਾ, ਚਾਡ, ਰਿਪਬਲਿਕ ਆਫ ਕਾਂਗੋ, ਇਕੂਆਟੋਰੀਅਲ ਗੁਇਨੀਆ, ਈਰੀਟਰੀ, ਹੈਤੀ, ਇਰਾਨ, ਲੀਬੀਆ, ਸੋਮਾਲੀਆ, ਸੁਡਾਨ, ਯਮਨ, ਬਰੂੰਡੀ, ਕਿਊਬਾ,ਲਾਓਸ, ਸੀਏਰਾ ਲਿਓਨ, ਤੁਰਕਮੇਨਿਸਤਾਨ, ਟੋਗੋ ਤੇ ਵੈਂਜ਼ੁਏਲਾ ਸ਼ਾਮਿਲ ਹਨ।**

# ਸਾਡੇ ਗੁਰੂ ਘਰਾਂ ਵਿਚ ਕਿੰਨੀ ਕੁ ਸੰਗਤ ਬਾਣੀ ਨਾਲ ਜੁੜਦੀ ਹੈ

## ਪਾਠਕਾਂ ਦੇ ਪੱਤਰ

ਭਾਰਤ ਵਿੱਚ ਸਲੈਬਾਂ ਵਾਲਾ mindset ਖ਼ਤਮ ਨਹੀਂ ਹੋ ਸਕਦਾ, ਇਸ ਨੂੰ ਖ਼ਤਮ ਕਰਨ ਲਈ ਤੁਹਾਨੂੰ ਗੁਰੂ ਪੀਰਾਂ ਦੇ ਦਿੱਤੇ ਸੰਦੇਸ਼ 'ਤੇ ਚੱਲਣਾ ਪਵੇਗਾ। ਜਿਵੇਂ ਸਾਡਾ ਰਹਿਣਾ, ਧਰਮ ਦੀ ਕਿਰਤ ਕਰਨੀ, ਗਰੀਬ ਦੀ ਮਦਦ ਕਰਨੀ, ਦਸਵੰਧ ਦੇਣਾ, ਰੱਬ ਨੂੰ ਹਮੇਸ਼ਾਂ ਯਾਦ ਰੱਖਣਾ, ਇਹ ਭੁੱਲਣਾ ਨਹੀਂ ਕਿ ਅਸੀਂ ਹਮੇਸ਼ਾਂ ਇਥੇ ਰਹਿਣਾ ਨਹੀਂ, ਸਭ ਜੱਗ ਚੱਲਣਹਾਰ ਹੈ। ਚੰਗੇ ਕੰਮ ਕਰਨੇ, ਹਰ ਇਕ ਦਾ ਭਲਾ ਸੋਚਣਾ, ਇਹ ਤਾਂ ਗੁਰੂ ਘਰ ਜਾਣ ਨਾਲ ਬਾਣੀ ਪੜ੍ਹਨ ਨਾਲ ਉਸ ਮੁਤਾਬਕ ਚੱਲਣ ਨਾਲ ਤੁਹਾਡਾ ਦਿਮਾਗ ਉਸ ਧਾਰਨੀ ਵੱਲ ਚੱਲੇਗਾ। ਸਾਡੇ ਗੁਰੂ ਘਰਾਂ ਦੀ ਗੱਲ ਕਰੀਏ ਦੇਖੋ ਕਿਤਨੀ ਸੰਗਤ ਜੁੜਦੀ ਹੈ। ਕਿਵੇਂ ਲੰਗਰ ਚੱਲਦੇ ਹਨ, ਕੀਰਤਨ ਹੁੰਦਾ, ਬਾਣੀ ਪੜ੍ਹੀ ਜਾਂਦੀ ਹੈ, ਕਥਾ ਹੁੰਦੀ ਹੈ। ਪਰ ਸੁਨਣ ਵਾਲੇ, ਉਸ ਨੂੰ ਅਪਨਾਉਣ ਵਾਲੇ ਕਿਤਨੇ ਫੀਸਦੀ ਹਨ 5% ਤਾਂ ਵੱਧ ਬਾਕੀ ਗੁਰੂ ਘਰ ਇਕ ਸੋਸ਼ਲ ਕਲੱਬ ਲਈ ਵਰਤਦੇ ਹਨ। ਸੁਨਣ ਵਾਲੇ ਘੱਟ ਹਨ ਦੁੱਖ ਸੁੱਖ ਕਰਨ ਵਾਲੇ ਜ਼ਿਆਦਾ। ਫਿਰ mind ਨੇ ਕੀ ਕਰਨਾ ਹੈ, ਅਸੀਂ ਬੈਠੇ ਬਾਣੀ ਪੜ੍ਹਦੇ ਹਾਂ ਪਰ ਸਾਡਾ ਦਿਮਾਗ ਕਿਤੇ ਦਾ ਕਿਤੇ ਹੁੰਦਾ ਹੈ। ਆਮ ਗੱਲ ਦੇਖੋ ਸਾਡੇ ਮਸਕੀਨ ਕੀ ਕਹਿੰਦੇ ਸਨ ਕਿ ਜਦੋਂ ਹੋਰ ਕੋਈ ਥਾਂ ਨਹੀਂ ਅਸੀਂ ਗੁਰੂ ਘਰ ਦੇ ਸੇਵਕ ਬਣ ਜਾਂਦੇ ਹਾਂ, ਹੋਰ ਕੋਈ ਕੰਮ ਨਾ ਹੋਵੇ ਫਿਰ ਕਮੇਟੀ ਦੇ ਮੈਂਬਰ, ਫਿਰ ਪ੍ਰਧਾਨ, ਬੱਸ ਫਿਰ ਚੱਲ ਸੋ ਚੱਲ ਅਰਥਾਤ ਘਰ ਵਿੱਚ ਜਿਸ ਦੀ ਕੋਈ ਸੁਣਵਾਈ ਨਹੀਂ ਅਗਰ ਪ੍ਰਧਾਨ ਬਣ ਗਿਆ ਫਿਰ ਆਮ ਜਨਤਾ 'ਤੇ ਕਿਤਨਾ ਪ੍ਰਭਾਵ ਛੱਡ ਸਕਦਾ ਹੈ। ਸਿਰਫ ਦਾਹੜੀ ਨਾ ਕੱਟੋ, ਵਾਲਾਂ ਦੀ ਬੇਅਦਬੀ ਨਾ ਕਰੋ ਆਦਿ। ਫਿਰ ਅੱਗੇ ਲੀਡਰ ਬਣਕੇ ਭੀ ਉਸ ਦਾ ਉਹ ਹੀ ਹਾਲ ਰਹਿਣਾ ਹੈ। ਹੁਣ ਦੀ ਖ਼ਬਰ ਹੈ ਪ੍ਰਦੇਸ਼ ਦੇ ਗੁਰੂ ਘਰ ਦੀ ਜਿਥੇ ਗਿਆਨੀ ਜੀ ਨੇ ਕਿਵੇਂ ਕਈ ਲੱਖ ਡਾਲਰ ਦਾ ਨਕਦ ਘਰ ਲਿਆ, ਚਾਰ ਲੱਖ ਦੀ ਨਕਦੀ ਫੜੀ ਗਈ ਡਾਲਰ ਦਾ ਕੁਝ ਭੀ ਗੁਰੂ ਘਰ ਵਿੱਚੋਂ ਕਿਤਨੀ ਰਕਮ ਗਾਇਬ ਹੈ ਉਨ੍ਹਾਂ ਦੀ ਤਨਖਾਹ 1000 (ਇਕ ਹਜ਼ਾਰ) ਡਾਲਰ ਤੋਂ 1500 ਡਾਲਰ ਕੀਤੀ ਹੈ ਦੇਖੋ ਦਿਮਾਗ ਆਪਣੇ ਆਪ ਚੱਕਰ ਖਾਂਦਾ ਰਹੇਗਾ, ਕਿਵੇਂ ਉਸ ਨੂੰ set ਕਰ ਸਕਦੇ ਹੋ। ਅੱਗੇ ਉਸ ਨਾਲ ਕੀਤੀ ਬੀਤੇਗੀ ਵਾਹਿਗੁਰੂ ਜਾਣੇ। ਹੋਰ ਦੇਖੋ ਸਾਡੀ ਪੰਜਾਬ ਸਰਕਾਰ ਨੂੰ ਹਾਈ ਕੋਰਟ ਨੇ ਅਵਾਰਾ ਪਸ਼ੂਆਂ ਬਾਰੇ ਰੋਕਥਾਮ ਲਈ ਹੁਕਮ ਦਿੱਤਾ ਇਸ ਨੂੰ ਅੱਛੀ ਤਰ੍ਹਾਂ ਠੀਕ ਕਰੋ, ਸਰਕਾਰ ਨੇ ਅੱਗੇ ਆਮ ਜਨਤਾ ਦਾ ਭਲਾ ਕਰ ਦਿੱਤਾ, ਪਹਿਲਾਂ ਜਿਥੇ ਘਟਨਾ ਹੋਈ ਉਹ ਥਾਂ ਦੱਸੋ ਸਮੇਤ ਗਵਾਹ ਫਿਰ 70% ਸਰੀਰਕ ਨੁਕਸਾਨ ਹੋਵੇ, ਡਾਕਟਰ ਤੋਂ ਸਰਟੀਫਿਕੇਟ ਲਵੋ। ਹੋਰ ਕਈ ਤਰ੍ਹਾਂ ਦੇ ਨੋਟ ਹਨ, ਦੱਸੋ ਗਵਾਹੀ ਕਿਵੇਂ ਭਰੇ ਉਥੇ ਹੈ ਹੀ ਕੋਈ ਨਹੀਂ, ਡਾਕਟਰ ਤੋਂ ਸਰਟੀਫਿਕੇਟ ਲੈਣਾ ਸੌਖਾ ਉਤਨੇ ਪੈਸੇ ਮਿਲਣੇ ਨਹੀਂ ਜਿਤਨੇ ਪਹਿਲਾਂ ਖਰਚ ਕਰ ਦਿਉ, ਫਿਰ ਕਿਸ ਕਿਸ ਦਾ mind set ਹੋਵੇਗਾ, ਸਾਰਿਆਂ ਦੇ ਦਿਮਾਗ ਅਕਾਸ਼ ਵਿੱਚ ਘੁੰਮਣਗੇ ਗਵਾਹ ਦੇ, ਡਾਕਟਰ ਦੇ, ਸੱਟਾਂ ਖਾਣ ਵਾਲੇ ਦੇ। ਫਿਰ ਦੇਖੋ ਸਰਕਾਰੀ ਸਟੋਰ ਹੈ 25 ਹਜ਼ਾਰ ਤੋਂ ਵੱਧ ਚੋਰੀ ਹੋਈ ਝੋਨਾ ਪਹਿਲਾਂ ਭੀ ਉਸ ਦੀ ਚੋਰੀ ਹੈ ਕਿਥੋਂ ਲੱਭੇਗੀ। ਉਪਰੋਕਤ ਕਿਸੇ ਦੀ ਸ਼ਾਨ ਦੇ ਖ਼ਿਲਾਫ਼ ਲਿਖ ਦਿੱਤਾ ਹੋਵੇ ਖ਼ਿਮਾਂ ਦਾ ਜਾਚਕ ਹਾਂ।



**ਆਪ ਦਾ ਦਾਸ-K.Singh Jogi**

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

**ਇਸ ਸਵਾਲ ਦੇ ਜਵਾਬ ਦਾ ਪਹਿਲਾ ਹਿਸਾ ਪਿਛਲੇ ਹਫਤੇ ਦੇ ਪੇਪਰ ਸਫਾ 27'ਤੇ ਪੜ੍ਹੋ**

**636. ਪਰਵਾਨ ਕੌਣ ਹੁੰਦਾ ਹੈ ਜਾਂ ਜਗਤ ਵਿਚ ਆਉਣਾ ਕਿਸਦਾ ਪਰਵਾਨ ਹੁੰਦਾ ਹੈ?**

"ਹਰਿ ਕਾ ਭਾਣਾ ਮੰਨਹਿ ਸੇ ਜਨ ਪਰਵਾਣੁ॥ ਅੰਗ 1129" । ਜਿਹਨਾਂ ਨੇ ਪ੍ਰਭੂ ਨਾਲ਼ ਚਿੱਤ ਲਾ ਲਿਆ ਉਹ ਪਰਵਾਨ ਹੁੰਦੇ ਹਨ । "ਸੇ ਪਰਵਾਣੁ ਜਿਨੀ ਹਰਿ ਸਿਉ ਚਿਤੁ ਲਾਇਆ ॥ ਅੰਗ 1155" । ਜਿਸਦੇ ਹਿਰਦੇ 'ਚ ਪ੍ਰਭੂ ਦਾ ਨਾਮ ਹੈ ਉਹ ਬੰਦਾ ਪਰਵਾਨ ਹੁੰਦਾ ਹੈ । "ਜਿਸੁ ਨਾਮੁ ਰਿਦੈ ਸੋ ਪੁਰਖੁ ਪਰਵਾਣੁ ॥ ਅੰਗ 1156"। ਜਿਹਨਾਂ ਨੇ ਇਕ ਪ੍ਰਭੂ ਨੂੰ ਜਾਣ ਲਿਆ ਉਹ ਸੇਵਕ ਜਨ ਪਰਵਾਨ ਹੁੰਦੇ ਹਨ। "ਜਿਨ ਇਕੁ ਜਾਤਾ ਸੇ ਜਨ ਪਰਵਾਣੁ ॥ ਅੰਗ 1175" । ਜਿਹੜਾ ਪ੍ਰਭੂ ਦੇ ਨਾਮ ਰਸ 'ਚ ਰੰਗਿਆ ਗਿਆ ਉਹ ਸੇਵਕ ਜਨ ਪਰਵਾਨ ਹੁੰਦਾ ਹੈ । "ਹਰਿ ਰਸਿ ਰਾਤਾ ਜਨੁ ਪਰਵਾਣੁ ॥7॥ ਅੰਗ 1189" । ਜੋ ਜਿਉਂਦੇ ਜੀ (ਆਪਾ ਭਾਵ ਮਾਰ ਕੇ) ਮਰਿਆ ਰਹੇ ਉਹ ਪਰਵਾਨ ਹੁੰਦਾ ਹੈ । "ਜੀਵਤ ਮਰਤ ਰਹੈ ਪਰਵਾਣੁ ॥ ਅੰਗ 1289" । ਜਿਹੜਾ ਸ੍ਰਿਸ਼ਟੀ ਦੇ ਜਾਨਣਹਾਰ ਪ੍ਰਭੂ ਦੇ ਗੁਣ ਗਾਉਂਦਾ ਹੈ ਤੇ ਹਰ ਰੋਜ਼ ਪ੍ਰਭੂ ਦਾ ਧਿਆਨ ਧਰਦਾ ਹੈ ਉਸਦਾ ਜਗਤ ਵਿਚ ਆਉਣਾ ਪਰਵਾਨ ਹੁੰਦਾ ਹੈ । "ਗੋਬਿਦੁ ਗਾਈਐ ਨਿਤ ਧਿਆਈਐ ਪਰਵਾਣੁ ਸੋਈ ਆਇਆ ॥ ਅੰਗ 1312"। ਹੇ ਪ੍ਰਭੂ! ਤੇਰੇ ਨਾਮ (ਵਿਚ ਰੱਤਿਆਂ) ਮਾਣ, ਮਹਾਨਤਾ ਤੇ ਪ੍ਰਵਾਨਗੀ ਮਿਲਦੀ ਹੈ । "ਨਾਇ ਤੇਰੈ ਮਾਣੁ ਮਹਤ ਪਰਵਾਣੁ ॥ ਅੰਗ 1327" । ਜਿਹਨਾਂ ਨੇ ਘਟ ਘਟ ਦੇ ਜਾਨਣਹਾਰ ਨੂੰ ਜਾਣ ਲਿਆ ਉਹ ਇਸ ਸੰਸਾਰ ਵਿਚ ਪੂਰਨ ਹੁੰਦੇ ਹਨ ਤੇ ਪਰਵਾਨ ਹੁੰਦੇ ਹਨ । "ਜਿਨੀ ਜਾਣੁ ਸੁਜਾਣਿਆ ਜਗਿ ਤੇ ਪੂਰੇ ਪਰਵਾਣੁ ॥2॥ ਅੰਗ 1329" । ਗੁਰੂ ਦੇ ਦਰਸ਼ਨ ਪਰਸਨ ਨਾਲ਼ ਜਨਮ ਸਫਲਾ ਤੇ ਪ੍ਰਵਾਨ ਹੁੰਦਾ ਹੈ । "ਦਰਸਨਿ ਪਰਸਿਐ ਗੁਰੂ ਕੈ ਸਚੁ ਜਨਮੁ ਪਰਵਾਣੁ ॥9॥ ਅੰਗ 1392" । ਗੁਰੂ ਦੇ ਉਪਦੇਸ਼ ਕਰਕੇ (ਸਤਿਗੁਰੂ ਅਰਜਨ ਦੇਵ ਜੀ) ਪਰਵਾਨ ਹੋ ਗਏ ਤੇ ਉਹਨਾਂ ਨੇ ਰਾਜ ਵਿਚ ਜੋਗ (ਪ੍ਰਭੂ ਨਾਲ਼ ਮਿਲਾਪ) ਦੀ ਕਮਾਈ ਕੀਤੀ । "ਗੁਰ ਪਰਚੈ ਪਰਵਾਣੁ ਰਾਜ ਮਹਿ ਜੋਗੁ ਕਮਾਯਉ ॥ ਅੰਗ 1408" । ਜਿਹੜਾ ਮਨੁੱਖ (ਪ੍ਰਭੂ-ਚਰਨਾਂ ਦੀ ਪ੍ਰੀਤ ਦੀ) ਚੋਟ ਨਾਲ਼ ਆਪਾ-ਭਾਵ ਵਲੋਂ ਮਰ ਜਾਂਦਾ ਹੈ, ਉਸਦੀ ਲੱਗੀ ਹੋਈ ਪ੍ਰੀਤ ਪਰਵਾਨ ਹੁੰਦੀ ਹੈ । ਇਹ ਪ੍ਰੀਤ ਉਸਨੂੰ ਲੱਗਦੀ ਹੈ ਜਿਸਨੂੰ ਪ੍ਰਭੂ ਲਾਉਂਦਾ ਹੈ, ਲੱਗਦੀ ਹੈ ਤਾਂ ਉਹ ਪਰਵਾਨ ਹੁੰਦਾ ਹੈ । "ਚੋਟੈ ਸੇਤੀ ਜੋ ਮਰੈ ਲਗੀ ਸਾ ਪਰਵਾਣੁ ॥ ਜਿਸ ਨੋ ਲਾਏ ਤਿਸੁ ਲਗੈ ਲਗੀ ਤਾ ਪਰਵਾਣੁ ॥ ਅੰਗ 1411"।

ਉਸ ਬ੍ਰਾਹਮਣ ਨੂੰ ਭਲਾ ਆਖੋ ਜੋ ਪ੍ਰਭੂ ਨੂੰ ਵਿਚਾਰ ਰਾਹੀਂ ਬੁੱਝ (ਜਾਣ) ਲੈਂਦਾ ਹੈ । ਗੁਰੂ ਦੇ ਸ਼ਬਦ ਦੀ ਵਿਚਾਰ ਰਾਹੀਂ ਪ੍ਰਭੂ ਦੀ ਸਿਫਤ ਸਲਾਹ ਕਰੇ ਤੇ ਪ੍ਰਭੂ ਵਾਰੇ ਪੜ੍ਹੇ । ਉਹਦਾ ਜਗਤ ਤੇ ਆਇਆ ਪਰਵਾਨ ਹੈ ਜੋ ਆਪਣੀ ਕੁਲ ਦਾ ਉਧਾਰ ਕਰ ਲੈਂਦਾ ਹੈ । "ਸੋ ਬ੍ਰਾਹਮਣੁ ਭਲਾ ਆਖੀਐ ਜਿ ਬੂਝੈ ਬ੍ਰਹਮੁ ਬੀਚਾਰੁ ॥ ਹਰਿ ਸਾਲਾਹੇ ਹਰਿ ਪੜੈ ਗੁਰ ਕੈ ਸਬਦਿ ਵੀਚਾਰਿ ॥ ਆਇਆ ਓਹੁ ਪਰਵਾਣੁ ਹੈ ਜਿ ਕੁਲ ਕਾ ਕਰੇ ਉਧਾਰੁ ॥ ਅੰਗ 1093" ।

**637. ਪ੍ਰਭੂ ਦੀ ਦਰਗਹ ਵਿਚ ਕੌਣ ਪਰਵਾਨ ਹੁੰਦਾ ਹੈ?**

ਗੁਰੂ ਨੂੰ ਮਿਲ ਕੇ ਡਰਾਉਣੇ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਈਦਾ ਹੈ, ਪ੍ਰਭੂ ਦੀ ਦਰਗਹ ਵਿਚ ਇੱਜ਼ਤ ਮਿਲਦੀ ਹੈ ਤੇ ਪਰਵਾਨ ਹੋ ਜਾਈਦਾ ਹੈ । "ਗੁਰ ਮਿਲਿ ਭਉਜਲੁ ਲੰਘੀਐ ਦਰਗਹ ਪਤਿ ਪਰਵਾਣੁ॥ ਅੰਗ 22" ॥ ਸਤਿਗੁਰੂ ਨਾਨਕ ਦੇਵ ਜੀ ਬੇਨਤੀ ਸਰੂਪ ਪ੍ਰਸ਼ਨ ਕਰਦੇ ਹਨ ਕਿ ਗਿਆਨੀ ਕਿੱਦਾਂ ਦਾ ਹੁੰਦਾ ਹੈ? ਅਤੇ ਆਪ ਹੀ ਉੱਤਰ ਦਿੰਦੇ ਹਨ ਕਿ ਉਹ ਜੋ ਆਪਣੇ ਆਪ ਨੂੰ ਪਛਾਣਦਾ ਹੈ ਤੇ ਉਸ ਪਰਮਾਤਮਾ ਨੂੰ ਜਾਣ ਲੈਂਦਾ ਹੈ । ਜੋ ਗੁਰੂ ਦੀ ਮਿਹਰ ਨਾਲ਼ ਬ੍ਰਹਮ ਦੀ ਵਿਚਾਰ ਕਰਦਾ ਹੈ । ਅਜਿਹਾ ਗਿਆਨੀ ਪ੍ਰਭੂ ਦੀ ਦਰਗਹ ਵਿਚ ਪਰਵਾਨ ਹੁੰਦਾ ਹੈ । "ਪ੍ਰਣਵਤਿ ਨਾਨਕੁ ਗਿਆਨੀ ਕੈਸਾ ਹੋਇ ॥ ਆਪੁ ਪਛਾਣੈ ਬੂਝੈ ਸੋਇ ॥ ਗੁਰ ਪਰਸਾਦਿ ਕਰੇ ਬੀਚਾਰੁ ॥ ਸੋ ਗਿਆਨੀ ਦਰਗਹ ਪਰਵਾਣੁ ॥4॥30॥ ਅੰਗ 25" । ਉਹੀ ਮਨੁੱਖ ਪਰਮਾਤਮਾ ਦਾ ਸੇਵਕ ਆਖਿਆ ਜਾ ਸਕਦਾ ਹੈ, ਜੇਹੜਾ ਪ੍ਰਭੂ ਨੂੰ ਆਪਣੇ ਹਿਰਦੇ ਵਿਚ ਟਿਕਾਈ ਰੱਖਦਾ ਹੈ । ਜਿਹੜਾ ਆਪਣੇ ਅੰਦਰੋਂ ਹਉਮੈ ਮਾਰ ਕੇ ਆਪਣਾ ਮਨ ਤੇ ਸਰੀਰ ਪ੍ਰਭੂ ਦੇ ਹਵਾਲੇ ਕਰ ਦਿੰਦਾ ਹੈ । ਅਜਿਹਾ ਗੁਰੂ ਅਨੁਸਾਰੀ ਧੰਨ ਹੈ ਤੇ (ਪ੍ਰਭੂ ਦੀ ਦਰਗਹ ਵਿਚ) ਪਰਵਾਨ ਹੈ ਜੋ ਕਿ ਜਨਮ ਦੀ ਬਾਜ਼ੀ ਕਦੇ ਵੀ ਹਾਰ ਕੇ ਨਹੀਂ ਆਉਂਦਾ। "ਸੋ ਸੇਵਕ ਹਰਿ ਆਖੀਐ ਜੋ ਹਰਿ ਰਾਖੈ ਉਰਿ ਧਾਰਿ ॥ ਮਨੁ ਤਨੁ ਸਉਪੇ ਆਗੈ ਧਰੈ ਹਉਮੈ ਵਿਚਹੁ ਮਾਰਿ ॥ ਧਨੁ ਗੁਰਮੁਖਿ ਸੋ ਪਰਵਾਣੁ ਹੈ ਜਿ ਕਦੇ ਨ ਆਵੈ ਹਾਰਿ ॥3॥ ਅੰਗ 28" । ਜਿਹੜਾ 24 ਘੰਟੇ ਮਨ 'ਚ ਪ੍ਰਭੂ ਦਾ ਜਾਪ ਕਰਦਾ ਹੈ, ਉਸਦਾ ਜਨਮ ਸਫਲਾ ਹੁੰਦਾ ਹੈ ਤੇ ਉਹ (ਪ੍ਰਭੂ ਦੀ ਹਜ਼ੂਰੀ) ਵਿਚ ਪਰਵਾਨ ਹੁੰਦਾ ਹੈ। "ਆਠ ਪਹਰ ਮਨਿ ਹਰਿ ਜਪੈ ਸਫਲੁ ਜਨਮੁ ਪਰਵਾਣੁ ॥ ਅੰਗ 298" । ਸਦੀਵੀ ਸ਼ਾਹ (ਅਵਿਨਾਸ਼ੀ ਪ੍ਰਭੂ) ਦੇ ਸੇਵਕ (ਭਗਤ) ਹੀ ਪਰਵਾਨ ਹੁੰਦੇ ਹਨ । "ਸੇਵਕ ਸਚੇ ਸਾਹ ਕੇ ਸੇਈ ਪਰਵਾਣੁ ॥ ਅੰਗ 315" । ਜਿਨ੍ਹਾਂ ਮਨੁੱਖਾਂ ਨੇ ਗੁਰੂ ਦੀ ਬਾਣੀ ਨਾਲ ਆਪਣਾ ਚਿੱਤ ਜੋੜਿਆ ਹੈ ਉਹ ਮਨੁੱਖ ਪਵਿਤ੍ਰ ਹੋ ਜਾਂਦੇ ਹਨ ਤੇ ਪਰਵਾਨ ਹੁੰਦੇ ਹਨ। ਹੇ ਨਾਨਕ! ਉਹਨਾਂ ਨੂੰ ਪਰਮਾਤਮਾ ਦਾ ਨਾਮ ਕਦੇ ਭੁੱਲਦਾ ਨਹੀਂ, ਸਦਾ-ਥਿਰ ਰਹਿਣ ਵਾਲੇ ਪਰਮਾਤਮਾ ਦੇ ਦਰ ਤੇ ਉਹ ਸੱਚੇ ਜਾਣੇ ਜਾਂਦੇ ਹਨ । "ਜਿਨ ਬਾਣੀ ਸਿਉ ਚਿਤੁ ਲਾਇਆ ਸੇ ਜਨ ਨਿਰਮਲ ਪਰਵਾਣੁ ॥ ਨਾਨਕ ਨਾਮੁ ਤਿਨ੍ਹਾ ਕਦੇ ਨ ਵੀਸਰੈ ਸੇ ਦਰਿ ਸਚੇ ਜਾਣੁ ॥9॥13॥35॥ ਅੰਗ 429"। ਜਿਹੜੇ ਮਨੁੱਖ ਇਕ ਪ੍ਰਭੂ ਦੇ ਨਾਮ ਨੂੰ ਦ੍ਰਿੜ ਕਰ ਲੈਂਦੇ ਹਨ ਤੇ ਮਾਇਆ ਦਾ ਮੋਹ ਦੂਰ ਕਰ ਲੈਂਦੇ ਹਨ, ਉਹ ਪਰਮਾਤਮਾ ਦੀ ਦਰਗਹ ਵਿਚ ਪਰਵਾਨ ਹੋ ਜਾਂਦੇ ਹਨ । "ਸੇ ਜਨ ਪਰਵਾਣੁ ਹੋਏ ਜਿਨ੍ਹੀ ਇਕੁ ਨਾਮੁ ਦਿੜਿਆ ਦੁਤੀਆ ਭਾਉ ਚੁਕਾਇਆ ॥ ਅੰਗ 441" ।

**ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ**

ਪੰਜਾਬ ਟਾਈਮਜ਼

**PANJAB TIMES (EST 1965)**

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

**FOR SUBSCRIPTION**
*(PLEASE TICK ONE RELEVANT BOX)*

6 MONTHS ---- £105 ☐
1 YEAR ---- £205 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ । ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ ।

NAME..........................................................................................
ADDRESS.....................................................................................
..............................................POST CODE.............................
TEL.............................................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

*Post with payments to:* ***SUBSCRIPTION***
PANJAB TIMES BRIDLE GATE LANE, ALVASTON, DERBY, DE24 0QW, U.K.
or call on / WHATSAPP NO : 07966 388 388
*www.panjabtimes.uk Email: Panjabtimes@aol.com*

**ਸ੍ਰੀ ਗੁਰੂ ਸਿੰਘ ਸਭਾ ਗੁਰਦੁਆਰਾ ਨੌਟਿੰਘਮ ਵਿਖੇ ਗੁਰਸਿੱਖ ਗ੍ਰੰਥੀ ਸਿੰਘ ਦੀ ਤੁਰੰਤ ਲੋੜ ਹੈ**

ਮੁੱਖ ਕੰਮ :- ਸਵੇਰੇ ਸ਼ਾਮ ਕੀਰਤਨ ਕਰਨਾ, ਨਿੱਤਨੇਮ ਅਤੇ ਸੁਖਮਨੀ ਸਾਹਿਬ ਦਾ ਪਾਠ ਕਰਨਾ, ਤਬਲਾ ਵਜਾਉਣਾ ਜਾਣਦਾ ਹੋਵੇ । ਸਥਾਨ :- ਨੌਟਿੰਘਮ ਵਿਖੇ
ਸਮਾਂ :- ਦੋ ਸਾਲਾਂ ਲਈ ਸਵੇਰੇ ਸ਼ਾਮ ਫੁੱਲ ਟਾਈਮ ਕੰਮ, ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਮੁਤਾਬਕ ਵਧੀਆ ਤਨਖਾਹ ਹੋਵੇਗੀ ।
ਸ਼ਰਤਾਂ :- ਕੀਰਤਨ ਕਰਨ ਦੇ ਯੋਗ ਹੋਵੇ ਅਤੇ ਧਾਰਮਿਕ ਕਾਰਜਾਂ ਸਬੰਧੀ ਹੋਰ ਡਿਊਟੀਆਂ ਵੀ ਕਰ ਸਕਦਾ ਹੋਵੇ । ਪੰਜਾਬੀ ਅੰਗਰੇਜ਼ੀ ਵਿੱਚ ਚੰਗੀ ਮੁਹਾਰਤ ਹੋਵੇ, ਤੇ ਪੜ੍ਹ ਅਤੇ ਬੋਲ ਤੇ ਲਿਖ ਸਕਦਾ ਹੋਵੇ। ਸੋਹਣਾ ਤਜ਼ਰਬਾ ਹੋਣਾ ਜ਼ਰੂਰੀ ਹੈ । ਜੇ ਕੋਈ ਸਿੰਘ ਪਹਿਲਾਂ ਹੀ ਯੂ ਕੇ ਵਿਚ ਆਇਆ ਹੋਵੇ ਉਸ ਨੂੰ ਪਹਿਲ ਦਿੱਤੀ ਜਾ ਸਕਦੀ ਹੈ । ਯੂ ਕੇ ਵਿੱਚ ਕੰਮ ਕਰਨ ਦਾ ਅਧਿਕਾਰ ਹੋਣਾ ਜ਼ਰੂਰੀ ਹੈ।
ਬੰਦ ਹੋਣ ਦੀ ਤਾਰੀਕ :- ਗਿਆਨਵਾਨ ਅਤੇ ਤਜ਼ਰਬੇਕਾਰ ਬਿਨੈਕਾਰ ਹੇਠਾਂ ਦਿੱਤੇ ਪਤੇ 'ਤੇ ਲਿਖਤੀ ਅਰਜ਼ੀਆਂ 13 ਦਸੰਬਰ 2025 ਤੋਂ ਪਹਿਲਾਂ ਭੇਜਣ ਦੀ ਕ੍ਰਿਪਾ ਕਰਨ ।

**1 Vacancy for (Tier - 5) Religious Worker**

**Main Duties:** Performing Kirtan (Hymn Singing), Nitnem, Sukhmani Sahib Paath, Kirtan in Morning and Evening (full time work).
**Location:** Nottingham.
**Duration & Remuneration:** **2 years, attractive salary will be according to UK employment Law.**
**Requirements:** Should be able to perform Kirtan and carry out other religious activities as listed in main duties. Must have good understanding of Gurmukhi and English. Must have sufficient experience. Work reference required from previous employer. Must have right to work in U.K.
*Candidates with knowledge and experience Please apply with 'cv' to Sri Guru Singh Sabha Gurdwara on address given below or*
***via Email:a.mahil52@gmail.com / Email:ssgsecretary.rai@gmail.com***
**For more Information Please contact:**
**S. Amrik Singh Mahil : +44 (0) 7956 494 844 (or)**
**S. Harjinder Singh Rai: +44 (0) 7989 424 263**
**Closing Date: 13th December 2025**

**SRI GURU SINGH SABHA GURDWARA, NOTTINGHAM**
**26 NOTTINGHAM ROAD, NOTTINGHAM, NG7 7AE, (U.K.)**
**Please Contact for more information Tel: 01159 622 132**

# ਇਨਸਾਨੀਅਤ ਅਜੇ ਜ਼ਿੰਦਾ ਹੈ



## ਨਿਰਮਲ ਸਿੰਘ ਕੰਧਾਲਵੀ



ਸੰਨ 1975 ਦੀ ਕ੍ਰਿਸਮਸ ਤੋਂ ਦੋ ਦਿਨ ਪਹਿਲਾਂ ਸ਼ਾਮ ਨੂੰ ਰੌਬ ਅਤੇ ਉਸ ਦੀ ਪਤਨੀ ਡਿਆਨ ਘਰ ਬੈਠੇ ਟੀ. ਵੀ. ਦੇਖ ਸਨ ਕਿ ਦਰਵਾਜ਼ੇ ‘ਤੇ ਦਸਤਕ ਹੋਈ।

ਕ੍ਰਿਸਮਸ ਦੇ ਗੀਤ ਗਾਉਂਦੇ ਬੱਚੇ ਗਲੀਆਂ ‘ਚ ਘੁੰਮ ਰਹੇ ਸਨ ਤੇ ਪੈਸੇ ਮੰਗ ਰਹੇ ਸਨ। ਰੌਬ ਦਰਵਾਜ਼ੇ ਵਲ ਵਧਿਆ, ਡਿਆਨ ਕਹਿਣ ਲੱਗੀ, “ਕਈ ਬੱਚੇ ਪੈਸੇ ਲੈ ਗਏ ਹਨ, ਹੁਣ ਦਰਵਾਜ਼ਾ ਨਾ ਖੋਲ੍ਹੀਂ,” ਪਰ ਪਤਾ ਨਹੀਂ ਕਿਉਂ ਰੌਬ ਦੇ ਕਦਮ ਵਧੇ ਤੇ ਉਸ ਨੇ ਦਰਵਾਜ਼ਾ ਖੋਲ੍ਹ ਦਿਤਾ। ਬਾਹਰ ਇਕ ਮੈਲ਼ੇ-ਕੁਚੈਲੇ ਕੱਪੜਿਆਂ ਵਾਲ਼ਾ ਬੰਦਾ ਖੜ੍ਹਾ ਸੀ। ਲਗਦਾ ਸੀ ਜਿਵੇ ਉਸ ਨੇ ਕਈ ਦਿਨਾਂ ਦਾ ਮੂੰਹ ਵੀ ਨਹੀਂ ਸੀ ਧੋਤਾ।

“ਕੀ ਤੁਸੀਂ ਮੈਨੂੰ ਨਹੀਂ ਜਾਣਦੇ? ਮੈਂ ਰੌਨੀ ਲੌਕਵੁੱਡ ਆਂ,” ਉਸ ਬੰਦੇ ਨੇ ਕਿਹਾ ਤੇ ਨਾਲ ਹੀ ਆਪਣੇ ਹੱਥ ‘ਚ ਫੜਿਆ ਹੋਇਆ ਇਕ ਕਾਲ਼ੇ ਰੰਗ ਦਾ ਬੈਗ ਰੌਬ ਨੂੰ ਥਮ੍ਹਾ ਦਿਤਾ ਜਿਸ ਵਿਚ ਇਕ ਫਰੋਜ਼ਨ ਚਿਕਨ ਸੀ।

ਪਹਿਲਾਂ ਤਾਂ ਰੌਬ ਨੇ ਉਸ ਨੂੰ ਪਛਾਣਿਆਂ ਨਾ ਪਰ ਫੇਰ ਅਚਾਨਕ ਪੁਰਾਣੀਆਂ ਯਾਦਾਂ ਕਿਸੇ ਫ਼ਿਲਮ ਦੀ ਤਰ੍ਹਾਂ ਉਸ ਦੀਆਂ ਅੱਖਾਂ ਅੱਗੇ ਘੁੰਮਣ ਲੱਗੀਆਂ।

ਸੰਡੇ ਸਕੂਲ ‘ਚ ਇਕ ਦਿਨ ਕਲਾਸ ਟੀਚਰ ਮਿਸ ਵਿਲੀਅਮਜ਼ ਨੇ ਇਕ ਨਵੇਂ ਬੱਚੇ ਵਲ ਇਸ਼ਾਰਾ ਕਰਦਿਆਂ ਕਲਾਸ ਨੂੰ ਦੱਸਿਆ ਕਿ ਇਹ ਰੌਨੀ ਐ, ਇਹਨੂੰ ਕੁਝ ਮੁਸ਼ਕਿਲਾਂ ਹਨ ਤੇ ਇਹਨੂੰ ਤੁਹਾਡੇ ਨਾਲ ਰਚਣ ਮਿਚਣ ‘ਚ ਥੋੜ੍ਹਾ ਵਕਤ ਲੱਗੇਗਾ। ਰੌਨੀ ਨੇ ਸਭ ਤੋਂ ਪਹਿਲਾਂ ਰੌਬ ਦੇ ਹੀ ਇਕ ਮਿੱਤਰ ਨੂੰ ਟੱਕਰ ਮਾਰ ਦਿਤੀ ਤੇ ਮਿਸ ਵਿਲੀਅਮਜ਼ ਦਾ ਹੈਂਡ ਬੈਗ ਇਧਰ ਉਧਰ ਕਰ ਦਿਤਾ।

ਰੌਨੀ ਗਿਆਰਾਂ ਸਾਲਾਂ ਦਾ ਹੋਇਆ ਤਾਂ ਇਕ ਦਮ ਕਿਧਰੇ ਗੁੰਮ ਗਿਆ। ਪਿੱਛੋਂ ਪਤਾ ਚੱਲਿਆ ਕਿ ਕੌਂਸਲ ਦੇ ਸੋਸ਼ਲ ਸਰਵਿਸਜ਼ ਮਹਿਕਮੇ ਨੇ ਉਸ ਨੂੰ 200 ਮੀਲ ਦੂਰ ਕਿਸੇ ਮੰਦ-ਬੁੱਧੀ ਵਾਲੇ ਬੱਚਿਆਂ ਦੇ ਸਕੂਲ ‘ਚ ਦਾਖ਼ਲ ਕਰਵਾ ਦਿਤਾ ਸੀ।

ਇਕ ਦਮ ਰੌਬ 1975 ਦੇ ਸਮੇਂ ‘ਚੋਂ ਬਾਹਰ ਆਇਆ ਤੇ ਉਸ ਨੇ ਰੌਨੀ ਨੂੰ ਪੁੱਛਿਆ ਕਿ ਉਹ ਚਿਕਨ ਕਿਉਂ ਚੁੱਕੀ ਫਿਰਦਾ ਸੀ? ਰੌਨੀ ਨੇ ਦੱਸਿਆ ਕਿ ਉਸ ਦਾ ਕੋਈ ਟਿਕਾਣਾ ਨਹੀਂ, ਚਿਕਨ ਨੂੰ ਉਹ ਕਿੱਥੇ ਰੋਸਟ ਕਰਦਾ? ਕਿਸੇ ਨੇ ਕ੍ਰਿਸਮਸ ਵਾਸਤੇ ਤੋਹਫ਼ਾ ਦਿਤਾ ਸੀ ਉਸ ਨੂੰ। ਰੌਬ ਉਸ ਨੂੰ ਅੰਦਰ ਲੈ ਆਇਆ ਤੇ ਡਿਆਨ ਨੂੰ ਰੌਨੀ ਬਾਰੇ ਦੱਸਿਆ। ਉਸ ਸ਼ਾਮ ਉਨ੍ਹਾਂ ਨੇ ਉਹੀ ਚਿਕਨ ਰੋਸਟ ਕੀਤਾ। ਖਾਣਾ ਖਾਣ ਤੋਂ ਬਾਅਦ ਰੌਬ ਨੇ ਕੌਫ਼ੀ ਬਣਾਈ ਤੇ ਉਹ ਤਿੰਨੇ ਜਣੇ ਗੱਲਾਂ ਕਰਨ ਲੱਗੇ। ਰੌਬ ਤੇ ਡਿਆਨ ਨੇ ਰੌਨੀ ਨੂੰ ਨਿੱਕੇ ਨਿੱਕੇ ਸਵਾਲ ਪੁੱਛੇ। ਜਦੋਂ ਪੁੱਛਿਆ ਗਿਆ ਕਿ ਉਹ ਰਾਤ ਨੂੰ ਸੌਂਦਾ ਕਿਥੇ ਐ ਤਾਂ ਉਸ ਨੇ ਦੱਸਿਆ ਕਿ ਦੁਕਾਨਾਂ ਦੇ ਅੱਗੇ ਕਾਰਡ ਬੋਰਡਾਂ ਦਾ ਬਿਸਤਰਾ ਬਣਾ ਕੇ ਰਾਤ ਲੰਘਾ ਲੈਂਦਾ ਹੈ।

ਜਦ ਦੂਜੇ ਕਮਰੇ ‘ਚ ਰੌਨੀ ਟੀ.ਵੀ. ਦੇਖ ਰਿਹਾ ਸੀ ਤਾਂ ਇਧਰ ਰੌਬ ਅਤੇ ਡਿਆਨ ਸਲਾਹਾਂ ਕਰ ਰਹੇ ਸਨ ਕਿ ਰੌਨੀ ਦਾ ਹੁਣ ਕੀ ਕਰਨਾ ਹੈ। ਉਨ੍ਹਾਂ ਨੇ ਫ਼ੈਸਲਾ ਕੀਤਾ ਕਿ ਰੌਨੀ ਨੂੰ ਬੌਕਸਿੰਗ ਡੇਅ ਤੱਕ ਰੱਖ ਲਿਆ ਜਾਵੇ ਤੇ ਹੁਣ ਉਸ ਨੂੰ ਸ਼ਾਵਰ ਲੈਣ ਲਈ ਕਿਹਾ ਜਾਵੇ ਤੇ ਡਿਆਨ ਉਸ ਦੇ ਕੱਪੜੇ ਧੋ ਦੇਵੇ।

ਦੂਜੇ ਦਿਨ ਉਹ ਉਸ ਨੂੰ ਸ਼ਾਪਿੰਗ ਲਈ ਲੈ ਗਏ ਤੇ ਉਸ ਨੂੰ ਕ੍ਰਿਸਮਸ ਦੇ ਤੋਹਫ਼ੇ ਖ਼ਰੀਦ ਕੇ ਦਿਤੇ। ਉਨ੍ਹਾਂ ਨੇ ਨੋਟ ਕੀਤਾ ਕਿ ਰੌਨੀ ਗੱਲਬਾਤ ਕਰਨ ਵਿਚ ਥੋੜ੍ਹੀ ਔਕੜ ਮਹਿਸੂਸ ਕਰਦਾ ਸੀ ਪਰ ਘਰ ਦੇ ਨਿੱਕੇ ਨਿੱਕੇ ਕੰਮ ਕਰਨ ਵਿਚ ਬੜਾ ਤੇਜ਼ ਸੀ।

ਬੌਕਸਿੰਗ ਡੇਅ ਆਇਆ ਤੇ ਲੰਘ ਗਿਆ। ਰੌਬ ਤੇ ਡਿਆਨ ਨੇ ਮਹਿਸੂਸ ਕੀਤਾ ਕਿ ਉਹ ਇੰਜ ਕਿਵੇਂ ਰੌਨੀ ਨੂੰ ਘਰੋਂ ਜਾਣ ਲਈ ਕਹਿਣ? ਸੋ, ਉਨ੍ਹਾਂ ਨੇ ਕੌਂਸਲ ਦੇ ਸੋਸ਼ਲ ਡੀਪਾਰਟਮੈਂਟ ਮਹਿਕਮੇ ਤੋਂ ਪਤਾ ਕੀਤਾ ਤਾਂ ਕਿ ਰੌਨੀ ਨੂੰ ਬੇਘਰੇ ਲੋਕਾਂ ਲਈ ਬਣੇ ਕਿਸੇ ਸ਼ੈਲਟਰ ਹੋਮ ਵਿਚ ਜਗ੍ਹਾ ਮਿਲ ਜਾਵੇ। ਪਰ ਉੱਥੋਂ ਜਵਾਬ ਮਿਲ ਗਿਆ ਕਿਉਂਕਿ ਉਨ੍ਹਾਂ ਪਾਸ ਪਹਿਲਾਂ ਹੀ ਵੇਟਿੰਗ ਲਿਸਟ ਸੀ।

ਸੋ, ਰੌਬ ਤੇ ਡਿਆਨ ਨੇ ਛੋਟੇ ਬੈੱਡਰੂਮ ‘ਚੋਂ ਆਪਣਾ ਨਿੱਕਾ ਮੋਟਾ ਸਾਮਾਨ ਚੁੱਕ ਕੇ ਕਮਰਾ ਰੌਨੀ ਲਈ ਖਾਲੀ ਕਰ ਦਿਤਾ। ਕੋਸ਼ਿਸ਼ ਕਰਦਿਆਂ ਕਰਦਿਆਂ ਰੌਨੀ ਨੂੰ ਸਥਾਨਕ ਕੌਂਸਲ ਵਿਚ ਕੂੜਾ ਚੁੱਕਣ ਦੀ ਨੌਕਰੀ ਮਿਲ ਗਈ ਤੇ ਇੰਜ ਮਹੀਨੇ ਤੇ ਫਿਰ ਸਾਲ ਬੀਤਦੇ ਗਏ।

ਰੌਬ ਦੱਸਦਾ ਹੈ ਕਿ ਰੌਨੀ ਬਹੁਤ ਹੀ ਮਾਯੂਸ ਪਰ ਪਿਆਰਾ ਮਹਿਮਾਨ ਸੀ। ਡਿਆਨ ਕਈ ਵਾਰੀ ਕਹਿੰਦੀ, “ ਮੈਨੂੰ ਸਮਝ ਨਹੀਂ ਆਉਂਦੀ ਕਿ ਮੈਂ ਰੌਨੀ ਦੀ ਭੈਣ ਹਾਂ, ਮਾਂ ਹਾਂ, ਦੋਸਤ ਹਾਂ ਜਾਂ ਉਸ ਦੀ ਸੋਸ਼ਲ ਵਰਕਰ।”

ਰੌਨੀ ਦੇ ਆਉਣ ਤੋਂ ਕੁਝ ਸਾਲਾਂ ਬਾਅਦ ਡਿਆਨ ਨੇ ਇਕ ਬੇਟੀ, ਕੇਟੀ, ਨੂੰ ਜਨਮ ਦਿਤਾ ਤੇ ਫਿਰ ਬੇਟੇ ਲਾਇਡ ਨੂੰ। ਹੁਣ ਦੋਵਾਂ ਜੀਆਂ ਨੂੰ ਘਰ ਛੋਟਾ ਲੱਗਣ ਲੱਗਿਆ ਤੇ ਉਨ੍ਹਾਂ ਨੇ ਫ਼ੈਸਲਾ ਕੀਤਾ ਕਿ ਉਹ ਰੌਨੀ ਨੂੰ ਕਹਿ ਦੇਣ ਕਿ ਉਹ ਹੁਣ ਆਪਣੇ ਰਹਿਣ ਦਾ ਕਿਸੇ ਹੋਰ ਥਾਂ ਬੰਦੋਬਸਤ ਕਰ ਲਵੇ।

ਰੌਬ ਦੱਸਦਾ ਹੈ ਕਿ ਉਹ ਤੇ ਡਿਆਨ ਉਸ ਦੇ ਕਮਰੇ ‘ਚ ਗਏ ਤੇ ਰੌਨੀ ਨੇ ਉਹੀ ਫ਼ਿਕਰਾ ਬੋਲਿਆ ਜੋ ਉਹ ਦਰਜਣਾਂ ਵਾਰੀ ਪਹਿਲਾਂ ਵੀ ਬੋਲ ਚੁੱਕਿਆ ਸੀ। ਸ਼ਾਇਦ ਇਹ ਫ਼ਿਕਰਾ ਉਦੋਂ ਦਾ ਹੀ ਉਸ ਦੇ ਮੂੰਹ ‘ਤੇ ਚੜ੍ਹਿਆ ਹੋਇਆ ਸੀ ਜਦੋਂ ਉਹ ਕੇਅਰ ਹੋਮ ਵਿਚ ਰਹਿੰਦਾ ਸੀ। “ ਕੀ ਮੈਂ ਕੁਝ ਗ਼ਲਤ ਕੀਤਾ?” ਰੌਬ ਹਮੇਸ਼ਾ ਹੀ ਇਸ ਦਾ ਜਵਾਬ ਦਿੰਦਾ ਤੇ ਕਹਿੰਦਾ ਕਿ “ ਨਹੀਂ, ਉਸ ਨੇ ਕੁਝ ਗ਼ਲਤ ਨਹੀਂ ਕੀਤਾ।”

ਡਿਆਨ ਸੋਚ ਰਹੀ ਸੀ ਕਿ ਕੀ ਰੌਨੀ ਨੂੰ ਸੁੱਝ ਗਿਆ ਸੀ ਕਿ ਉਹ ਦੋਵੇਂ ਜੀਅ ਉਸ ਨੂੰ ਚਲੇ ਜਾਣ ਲਈ ਕਹਿਣ ਵਾਸਤੇ ਹੀ ਉਸ ਦੇ ਕਮਰੇ ‘ਚ ਆਏ ਸਨ।

ਅਚਾਨਕ ਹੀ ਡਿਆਨ ਰੌਬ ਨੂੰ ਖਿੱਚ ਕੇ ਬਾਹਰ ਲੈ ਆਈ ਤੇ ਹੰਝੂ ਕੇਰਦਿਆਂ ਬੋਲੀ, “ ਰੌਬ, ਆਪਾਂ ਇੰਜ ਨਹੀਂ ਕਰ ਸਕਦੇ, ਰੌਨੀ ਨੂੰ ਜਾਣ ਲਈ ਨਹੀਂ ਕਹਿ ਸਕਦੇ।”

ਇਕ ਦਿਨ ਉਹ ਤਿੰਨੇ ਬੈਠੇ ਗੱਲਾਂ ਕਰ ਰਹੇ ਸਨ ਕਿ ਰੌਨੀ ਰੌਬ ਨੂੰ ਕਹਿਣ ਲੱਗਾ, “ ਰੌਬ, ਅਸੀਂ ਦੋਸਤ ਆਂ, ਕਿ ਨਹੀਂ?”

ਰੌਬ ਨੇ ਕਿਹਾ, “ ਹਾਂ, ਰੌਨੀ ਆਪਾਂ ਦੋਸਤ ਹਾਂ।”

“ਫਿਰ ਅਸੀਂ ਹਮੇਸ਼ਾ ਲਈ ਇਕੱਠੇ ਰਹਿ ਸਕਦੇ ਹਾਂ, ਕਿ ਨਹੀਂ?” ਰੌਨੀ ਨੇ ਪੁੱਛਿਆ।

ਰੌਬ ਨੇ ਡਿਆਨ ਵਲ ਦੇਖਿਆ ਤੇ ਡਿਆਨ ਨੇ ਸਿਰ ਹਿਲਾ ਕੇ ਮੰਨਜ਼ੂਰੀ ਦਿਤੀ।

“ਹਾਂ ਰੌਨੀ, ਅਸੀਂ ਇਕੱਠੇ ਰਹਿ ਸਕਦੇ ਹਾਂ,” ਰੌਬ ਨੇ ਕਿਹਾ।

ਇੰਜ ਸਮਾਂ ਬੀਤਦਾ ਗਿਆ। ਕਈ ਸਾਲਾਂ ਬਾਅਦ ਰੌਬ ਨੂੰ ਪਤਾ ਚੱਲਿਆ ਕਿ 1953 ‘ਚ ਰੌਨੀ ਦੇ ਮਾਂ ਬਾਪ ਨੇ ਉਸ ਨੂੰ ਦੱਸਿਆ ਸੀ ਕਿ ਉਹ ‘ਹਾਲੀਡੇਅ’ ‘ਤੇ ਜਾ ਰਿਹਾ ਸੀ ਪਰ ਇਕੱਲਾ ਹੀ। ਉਹ ਮੰਦ-ਬੁੱਧੀ ਬੱਚਾ ਸੀ ਤੇ ਮਾਪਿਆਂ ਨੇ ਸੋਸ਼ਲ ਸਰਵਿਸਜ਼ ਮਹਿਕਮੇ ਦੀ ਸਲਾਹ ਨਾਲ਼ ਉਸ ਨੂੰ ਇਕ ਸੋਸ਼ਲ ਵਰਕਰ ਨਾਲ ਦੂਰ ਦੁਰਾਡੇ ਕਿਸੇ ਕੇਅਰ ਹੋਮ ਵਿਚ ਭੇਜ ਦਿਤਾ ਸੀ। ਕੇਅਰ ਹੋਮ ‘ਚ ਆਏ ਨਵੇਂ ਬੱਚੇ ਨੂੰ ਬਾਕੀ ਬੱਚਿਆਂ ਵਲੋਂ ਬਹੁਤ ਤੰਗ ਕੀਤਾ ਜਾਂਦਾ ਸੀ। ਰੌਨੀ ਨੂੰ ਵੀ ਇਕ ਉੱਚੀ ਕੰਧ ‘ਤੇ ਚੜ੍ਹਾ ਕੇ ਧੱਕਾ ਦਿਤਾ ਗਿਆ ਜਿਸ ਨਾਲ ਉਸ ਦੇ ਗੋਡਿਆਂ ‘ਤੇ ਗੰਭੀਰ ਸੱਟਾਂ ਲੱਗੀਆਂ ਜੋ ਉਸ ਨੂੰ ਸਾਰੀ ਉਮਰ ਰੜਕਦੀਆਂ ਰਹੀਆਂ।

ਰੌਨੀ ਇਸ ਦੰਪਤੀ ਨਾਲ 45 ਸਾਲ ਰਿਹਾ। ਰੌਬ ਯਾਦ ਕਰਦਿਆਂ ਕਹਿੰਦਾ ਹੈ ਕਿ, “ ਇਨ੍ਹਾਂ ਸਾਲਾਂ ਦੌਰਾਨ ਬੜੇ ਉਤਰਾਅ ਚੜ੍ਹਾ ਆਏ। ਰੌਨੀ ਕਈ ਵਾਰੀ ਕੁਵੇਲੇ ਹੀ ਕਿਚਨ ‘ਚ ਭਾਂਡੇ ਖੜਕਾਉਂਦਾ ਰਹਿੰਦਾ, ਤੇ ਸਿਹਤ ਸਫ਼ਾਈ ਲਈ ਵੀ ਉਸ ਨੂੰ ਯਾਦ ਕਰਾਉਣਾ ਪੈਂਦਾ, ਪਰ ਇਸ ਸਭ ਕੁਝ ਦੇ ਬਾਵਜੂਦ ਵੀ ਉਹ ਇਕ ਬਹੁਤ ਹੀ ਕੋਮਲ-ਚਿੱਤ ਇਨਸਾਨ ਸੀ। ਸਾਡੇ ਬੇਟੇ ਲਾਇਡ ਦੇ ਜਨਮ ਤੋਂ ਬਾਅਦ ਡਿਆਨ ਬਿਮਾਰ ਹੋ ਗਈ ਤੇ ਉਸ ਦਾ ਪਿੱਤੇ ਦਾ ਓਪਰੇਸ਼ਨ ਕਰਵਾਉਣਾ ਪਿਆ ਤੇ ਫਿਰ ਉਸ ਨੂੰ ਇਕ ਹੋਰ ਗੰਭੀਰ ਬਿਮਾਰੀ ਨੇ ਘੇਰ ਲਿਆ। ਉਸ ਲਈ ਬਿਸਤਰੇ ‘ਚੋਂ ਉੱਠਣਾ ਵੀ ਮੁਹਾਲ ਹੋ ਗਿਆ। ਜਿੰਨਾ ਚਿਰ ਡਿਆਨ ਬੈੱਡ ‘ਤੇ ਰਹੀ ਮੈਂ ਅਤੇ ਰੌਨ ਨੇ ਘਰ ਦੀਆਂ ਸਾਰੀਆਂ ਜ਼ਿੰਮੇਵਾਰੀਆਂ ਸੰਭਾਲੀਆਂ। ਰੌਨੀ ਨਿੱਕੇ ਬੱਚੇ ਲਈ ਦੁੱਧ ਦੀ ਬੋਤਲ ਤਿਆਰ ਕਰਦਾ, ਨਾਪੀਆਂ ਬਦਲਦਾ, ਕੇਟੀ ਨੂੰ ਖਿਡਾਉਂਦਾ। ਉਹ ਸਾਡੇ ਘਰ ਦੋ ਦਿਨਾਂ ਦਾ ਮਹਿਮਾਨ ਬਣ ਕੇ ਆਇਆ ਸੀ ਤੇ ਦੋਸਤ ਬਣ ਗਿਆ ਤੇ ਫਿਰ ਦੋਸਤ ਤੋਂ ਭਰਾ ਬਣ ਗਿਆ ਜਿਸ ਦੀ ਕਿ ਮੈਨੂੰ ਕਮੀ ਸੀ, ਫਿਰ ਸਾਡੇ ਬੱਚੇ ਵੀ ਵਿਆਹੇ ਗਏ ਤੇ ਅਸੀਂ ਦੋਹਤਰਿਆਂ ਪੋਤਰਿਆਂ ਵਾਲੇ ਹੋ ਗਏ ਪਰ ਰੌਨੀ ਅਜੇ ਵੀ ਸਾਡੇ ਨਾਲ ਹੀ ਰਹਿੰਦਾ ਸੀ, ਘਰ ਦੀਆਂ ਕਈ ਪ੍ਰਕਾਰ ਦੀਆਂ ਜ਼ਿੰਮੇਵਾਰੀਆਂ ਉਹ ਚੁੱਕਦਾ।

ਸੰਨ 2020 ਸੀ ਜਦੋਂ ਰੌਨੀ ਨੂੰ ਅਧਰੰਗ ਦਾ ਅਟੈਕ ਹੋਇਆ। ਐਂਬੂਲੈਂਸ ਆਈ, ਜਦੋਂ ਐਂਬੂਲੈਂਸ ਦਾ ਦਰਵਾਜ਼ਾ ਬੰਦ ਕਰਨ ਲੱਗੇ ਮੈਂ ਰੋਂਦਿਆਂ ਉੱਚੀ ਸਾਰੀ ਕਿਹਾ, “ ਰੌਨੀ, ਆਈ ਲਵ ਯੂ’

ਐਂਬੂਲੈਂਸ ਦੇ ਅੰਦਰੋਂ ਆਵਾਜ਼ ਆਈ, “ ਆਈ ਲਵ ਯੂ ਟੂ ਰੌਬ।”

ਕੋਵਿਡ-19 ਕਰ ਕੇ ਲਾਕਡਾਊਨ ਲੱਗਾ ਹੋਇਆ ਸੀ ਤੇ ਰੌਬ ਅਤੇ ਡਿਆਨ ਰੌਨੀ ਨੂੰ ਦੇਖਣ ਵੀ ਨਹੀਂ ਜਾ ਸਕਦੇ ਸਨ। ਦੋ ਮਹੀਨਿਆਂ ‘ਚ ਉਹ ਸਿਰਫ਼ ਇਕ ਵਾਰੀ ਹੀ ਰੌਨੀ ਨੂੰ ਹਸਪਤਾਲ ‘ਚ ਦੇਖ ਸਕੇ ਸਨ ਪਰ ਇਹ ਮੌਕਾ ਮੇਲ ਹੀ ਸੀ ਕਿ ਜਿਸ ਵੇਲੇ ਰੌਨੀ ਦੇ ਸਵਾਸ ਪੂਰੇ ਹੋਏ ਉਹ ਉਸ ਦੇ ਬੈੱਡ ਪਾਸ ਬੈਠੇ ਸਨ। ਰੌਨੀ ਦੀ ਉਮਰ 75 ਸਾਲ ਸੀ। ਰੌਬ ਉਸ ਨੂੰ ਯਾਦ ਕਰਦਿਆਂ ਕਹਿੰਦਾ ਹੈ, “ਅਸੀਂ ਉਸ ਨੂੰ ਬਹੁਤ ਯਾਦ ਕਰਦੇ ਹਾਂ, ਗਲ਼ੀ ਮੁਹੱਲੇ ‘ਚ ਉਹ ਇਕ ਬਹੁਤ ਹੀ ਦਿਆਲੂ ਇਨਸਾਨ ਦੇ ਤੌਰ ‘ਤੇ ਜਾਣਿਆਂ ਜਾਂਦਾ ਸੀ, ਉਹ ਸਭ ਨੂੰ ਪਿਆਰ ਦਿੰਦਾ ਤੇ ਲੈਂਦਾ ਸੀ।”

ਰੌਨੀ ਦੀ ਮੌਤ ਤੋਂ ਬਾਅਦ ਕਾਰਡਿਫ਼ (ਵੇਲਜ਼) ਵਿਚ 1.6 ਮਿਲੀਅਨ ਪੌਂਡ ਦੀ ਕੀਮਤ ਨਾਲ ਇਕ ਵੈੱਲ-ਬੀਇੰਗ ਸੈਂਟਰ ਖੋਲ੍ਹਿਆ ਗਿਆ ਜਿਸ ਦਾ ਨਾਮ ਰੌਨੀ ਦੇ ਸਰਨੇਮ ਪਿੱਛੇ ‘ਦੀ ਲੌਕਵੁੱਡ ਸੈਂਟਰ’ ਰੱਖਿਆ ਗਿਆ ਜਿਸ ਵਿਚ ਰੌਨੀ ਦੀਆਂ ਬੱਚਤਾਂ ਦੇ ਪੈਸੇ ਦਾ ਹਿੱਸਾ ਵੀ ਪਾਇਆ ਗਿਆ।

ਰੌਬ ਕਹਿੰਦਾ ਹੈ, “ਅਸੀਂ ਰੌਨੀ ਨੂੰ ਬਹੁਤ ਯਾਦ ਕਰਦੇ ਹਾਂ ਤੇ ਉਸ ਦੀਆਂ ਗੱਲਾਂ ਕਰਦੇ ਰਹਿੰਦੇ ਹਾਂ। ਜ਼ਿੰਦਗੀ ਵਿਚ ਜੇ ਕਦੇ ਕੋਈ ਅਜਿਹਾ ਮੌਕਾ ਆਇਆ ਤਾਂ ਮੈਂ ਤੇ ਡਿਆਨ ਫਿਰ ਅਜਿਹਾ ਹੀ ਕਰਾਂਗੇ। ਸਾਡੇ ਬੱਚਿਆਂ ਨੇ ਵੀ ਇਕ ਬੇਘਰੇ ਬੰਦੇ ਨੂੰ ਘਰ ਰੱਖਣ ਦਾ ਕਦੇ ਇਤਰਾਜ਼ ਨਹੀਂ ਸੀ ਕੀਤਾ।

ਸੱਚਮੁੱਚ ਹੀ ਰੌਨੀ ਸਾਡੇ ਲਈ ਇਕ ਤੋਹਫ਼ਾ ਸੀ।”

* * * * * * * *

10 ਦਸੰਬਰ
ਜਨਮ ਦਿਨ
'ਤੇ ਵਿਸ਼ੇਸ਼

– ਲੇਖਕ –
ਭਗਵਾਨ ਸਿੰਘ ਜੌਹਲ




Email:bhagwansinghjohal@gmail.com

# ਸਿੱਖ ਇਤਿਹਾਸ ਦੇ ਸਫ਼ਲ ਚਿੱਤਰਕਾਰ ਸ: ਕ੍ਰਿਪਾਲ ਸਿੰਘ ਆਰਟਿਸਟ ਨੂੰ ਯਾਦ ਕਰਦਿਆਂ

ਸਿੱਖ ਇਤਿਹਾਸ ਨੂੰ ਜਿਸ ਸਫਲਤਾ ਨਾਲ ਸ. ਕ੍ਰਿਪਾਲ ਸਿੰਘ ਆਰਟਿਸਟ ਨੇ ਚਿੱਤਰਿਆ, ਉਸ ਦੇਣ ਦੇ ਬਦਲੇ ਵਿੱਚ ਸਮੁੱਚਾ ਸਿੱਖ ਜਗਤ ਭਾਵੇਂ ਉਹ ਦੇਸ਼ ਵਿੱਚ ਜਾਂ ਵਿਦੇਸ਼ ਵਿੱਚ ਵੱਸਦਾ ਹੈ, ਉਨ੍ਹਾਂ ਨੂੰ ਬੜੇ ਸਤਿਕਾਰ ਨਾਲ ਯਾਦ ਕਰਦਾ ਹੈ। ਚਿੱਤਰਕਾਰੀ ਇਕ ਕੋਮਲ ਕਲਾ ਹੈ, ਇਸ ਕਲਾ ਦੇ ਕਦਰਦਾਨ ਲੱਭਣ ਲਈ ਕਈ ਵਾਰ ਕਿਸੇ ਨਿਸ਼ਠਾਵਾਨ ਚਿੱਤਰਕਾਰ ਨੂੰ ਵੀ ਪੂਰਾ ਜੀਵਨ ਪਰਖ ਦੀਆਂ ਘੜੀਆਂ ਵਿੱਚੋਂ ਨਿਕਲਣਾ ਪੈਂਦਾ ਹੈ। ਸਾਡੇ ਘਰਾਂ ਤੋਂ ਅਜਾਇਬ-ਘਰਾਂ ਤੱਕ ਇਸ ਸੂਖਮ ਕਲਾ ਨੂੰ ਪਹੁੰਚਾਣ ਵਾਲਾ ਇਹ ਮਹਾਨ ਚਿੱਤਰਕਾਰ ਸ. ਕ੍ਰਿਪਾਲ ਸਿੰਘ ਆਰਟਿਸਟ ਅਜਿਹਾ ਕਲਾਕਾਰ ਸੀ, ਜਿਸ ਦੇ ਬੁਰਸ਼ ਦੀ ਛੂਹ ਨੂੰ ਅੱਜ ਵੀ ਹਰ ਉੱਭਰ ਰਿਹਾ ਚਿੱਤਰਕਾਰ ਤੇ ਕਲਾ ਪ੍ਰੇਮੀ ਸਿਰ ਝੁਕਾਉਂਦਾ ਹੈ। ਇਸ ਮਹਾਨ ਚਿੱਤਰਕਾਰ ਦਾ ਜਨਮ 10 ਦਸੰਬਰ, 1923 ਈ: ਨੂੰ ਜ਼ਿਲ੍ਹਾ ਫਿਰੋਜ਼ਪੁਰ ਦੇ ਪਿੰਡ ਬੜਾ ਚੈਨ ਸਿੰਘ ਵਾਲਾ ਵਿੱਚ ਸ. ਭਗਤ ਸਿੰਘ ਤੇ ਮਾਤਾ ਹਰ ਕੌਰ ਦੇ ਗ੍ਰਹਿ ਵਿਖੇ ਹੋਇਆ। ਸ. ਕ੍ਰਿਪਾਲ ਸਿੰਘ ਦਾ ਬਚਪਨ ਆਮ ਪੇਂਡੂ ਬੱਚਿਆਂ ਵਾਂਗ ਹੀ ਬੀਤਿਆ। ਆਪਣੇ ਪਿੰਡ ਦੇ ਨੇੜਲੇ ਕਸਬੇ ਜ਼ੀਰਾ ਤੋਂ ਦੱਸਵੀਂ ਪਾਸ ਕਰਕੇ ਇਸ ਨੇ ਲਾਹੌਰ ਦੇ ਐਸ.ਡੀ. ਕਾਲਜ ਵਿਖੇ ਦਾਖਲਾ ਪ੍ਰਾਪਤ ਕੀਤਾ। ਇਥੋਂ ਇਨ੍ਹਾਂ ਐਫ.ਐਸ.ਸੀ. (ਨਾਨ-ਮੈਡੀਕਲ) ਦਾ ਇਮਤਿਹਾਨ ਪਾਸ ਕੀਤਾ।

1942 ਈ: ਵਿੱਚ ਇਹ ਸਿਰੜੀ ਤੇ ਮਿਹ-ਨਤੀ ਨੌਜਵਾਨ ਪੜ੍ਹਾਈ ਵਿੱਚਕਾਰ ਛੱਡ ਕੇ ਮਿਲਟਰੀ ਅਕਾਊਂਟਸ ਡਿਪਾਰਟਮੈਂਟ ਵਿੱਚ ਭਰਤੀ ਹੋ ਗਿਆ। 1942 ਤੋਂ 1947 ਤੱਕ ਲਗਾਤਾਰ ਇਸੇ ਵਿਭਾਗ ਵਿੱਚ ਕਾਰਜਸ਼ੀਲ ਰਿਹਾ। ਕਲਾ ਪ੍ਰੇਮੀ ਹੋਣ ਕਰਕੇ ਪੜ੍ਹਾਈ ਅਤੇ ਨੌਕਰੀ ਦੌਰਾਨ ਆਪਣੇ ਘਰ ਵਿੱਚ ਹੀ ਵੱਖ-ਵੱਖ ਘਟਨਾਵਾਂ ਅਤੇ ਉਘੇ ਵਿਅਕਤੀਆਂ ਦੇ ਚਿੱਤਰ ਤੇ ਖਾਕੇ ਬਣਾ ਕੇ ਆਪਣੇ ਆਲੇ-ਦੁਆਲੇ ਸਮਾਜ ਵਿੱਚ ਵੱਸਦੇ ਕਲਾ ਦੇ ਪਾਰਖੂਆਂ ਤੋਂ ਭਰਪੂਰ ਪ੍ਰਸ਼ੰਸਾ ਪ੍ਰਾਪਤ ਕਰਦਾ ਰਿਹਾ। 1947 ਵਿੱਚ ਦੇਸ਼ ਵੰਡਿਆ ਗਿਆ, ਸ. ਕ੍ਰਿਪਾਲ ਸਿੰਘ ਵਰਗੇ ਕੋਮਲ-ਭਾਵੀ ਕਲਾ ਪ੍ਰੇਮੀ ਦੇ ਮਨ 'ਤੇ ਗਹਿਰੀ ਸੱਟ ਵੱਜੀ। ਲਾਹੌਰ ਛੱਡ ਕੇ ਜਲੰਧਰ ਆਉਣਾ ਪਿਆ। ਸ. ਕ੍ਰਿਪਾਲ ਸਿੰਘ ਨੇ ਹੁਣ ਮਨ ਬਣਾ ਲਿਆ ਕਿ ਚਿੱਤਰਕਾਰੀ ਦੇ ਕਿੱਤੇ ਨੂੰ ਹੀ ਅਪਨਾਉਣਾ ਪਵੇਗਾ। ਇਸ ਕਿੱਤੇ ਵਿੱਚ ਸਫ਼ਲਤਾ ਦੀਆਂ ਪੌੜੀਆਂ ਚੜ੍ਹਦਾ ਅਤੇ ਕਿਸਮਤ ਅਜ਼ਮਾਈ ਕਰਦਾ ਇਹ ਮਹਾਨ ਕਲਾਕਾਰ ਦੇਸ਼ ਦੀ ਰਾਜਧਾਨੀ ਦਿੱਲੀ ਜਾ ਵੱਸਿਆ।



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੇਂਦਰੀ ਸਿੱਖ ਅਜਾਇਬ-ਘਰ ਦੇ ਇਤਿਹਾਸਕ ਚਿੱਤਰਾਂ ਦੀਆਂ ਸੇਵਾਵਾਂ ਲਈ ਬੁਲਾਇਆ। ਇਸ ਅਜਾਇਬ-ਘਰ ਦੀ ਸੇਵਾ ਨੂੰ ਬੜੀ ਤਨਦੇਹੀ ਨਾਲ ਨਿਭਾਇਆ। 1962 ਈ: ਵਿੱਚ ਸ. ਕ੍ਰਿਪਾਲ ਸਿੰਘ ਆਰਟਿਸਟ ਮੁੜ ਦਿੱਲੀ ਪਰਤ ਗਏ। ਉਥੇ ਉਨ੍ਹਾਂ ਗੁਰਦੁਆਰਾ ਬੰਗਲਾ ਸਾਹਿਬ ਲਈ ਅਨੇਕਾਂ ਬਹੁਮੁੱਲੇ ਚਿੱਤਰ ਬਣਾਏ। ਇਸ ਦੇ ਨਾਲ-ਨਾਲ ਸਿੱਖ ਰੈਜਮੈਂਟ ਸੈਂਟਰ ਲਈ ਵੀ ਚਿੱਤਰਕਾਰੀ ਕੀਤੀ। ਦਿੱਲੀ ਨਿਵਾਸ ਦੌਰਾਨ ਸ. ਕ੍ਰਿਪਾਲ ਸਿੰਘ ਦਾ ਮਿਲਾਪ ਕਲਾ-ਪਾਰਖੂ ਡਾ: ਮਹਿੰਦਰ ਸਿੰਘ ਰੰਧਾਵਾ ਨਾਲ ਹੋਇਆ। ਇਸ ਤੋਂ ਇਲਾਵਾ ਸ. ਕ੍ਰਿਪਾਲ ਸਿੰਘ ਨੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਤੀਜੀ ਸ਼ਤਾਬਦੀ ਸਮੇਂ ਗੁਰੂ ਤੇਗ ਬਹਾਦਰ ਮਿਊਜ਼ੀਅਮ ਸ੍ਰੀ ਅਨੰਦਪੁਰ ਸਾਹਿਬ ਨੂੰ ਸਖ਼ਤ ਮਿਹਨਤ ਨਾਲ ਤਿਆਰ ਕੀਤਾ। ਸ. ਕ੍ਰਿਪਾਲ ਸਿੰਘ ਦੀ ਚਿੱਤਰਕਾਰੀ ਨੂੰ ਉਦੋਂ ਹੋਰ ਉਤਸ਼ਾਹ ਮਿਲਿਆ, ਜਦੋਂ ਉਨ੍ਹਾਂ ਸਾਹਿਬਜ਼ਾਦਾ ਅਜੀਤ ਸਿੰਘ ਮੈਮੋਰੀਅਲ, ਐਸ.ਏ.ਐਸ. ਨਗਰ (ਮੁਹਾਲੀ) ਨੂੰ ਆਪਣੀ ਕਲਾ ਦੀ ਛੂਹ ਨਾਲ ਸ਼ਿੰਗਾਰਿਆ। ਇਸ ਤੋਂ ਬਾਅਦ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਪੰਜਾਬ ਦੀ ਵਿਰਾਸਤ ਨੂੰ ਚਿੱਤਰਿਆ। ਗੁਰਦੁਆਰਾ ਮੈਹਦੇਆਣਾ ਸਾਹਿਬ, ਜਗਰਾਉਂ ਅਤੇ ਗਦਰ ਪਾਰਟੀ ਮੈਮੋਰੀਅਲ ਮਿਊਜ਼ੀਅਮ ਲਈ ਵੀ ਉਨ੍ਹਾਂ ਬੇਸ਼ਕੀਮਤੀ ਚਿੱਤਰ ਕੌਮ ਦੀ ਝੋਲੀ ਵਿੱਚ ਪਾਏ।

ਹਮੇਸ਼ਾ ਕਾਲੇ ਬਸਤਰਾਂ ਨੂੰ ਧਾਰਨ ਕਰਨ ਵਾਲੇ ਸ. ਕ੍ਰਿਪਾਲ ਸਿੰਘ ਆਰਟਿਸਟ ਨੂੰ ਅਨੇਕਾਂ ਸੰਸਥਾਵਾਂ ਨੇ ਸਮੇਂ-ਸਮੇਂ ਬਹੁਤ ਸਾਰੇ ਮਾਣ-ਸਨਮਾਨ ਦਿੱਤੇ। ਪੰਜਾਬ ਆਰਟਸ ਕੌਂਸਲ ਵੱਲੋਂ ਸਰਵੋਤਮ ਚਿੱਤਰਕਾਰ ਵਜੋਂ 1981 ਵਿੱਚ ਸਨਮਾਨਿਤ ਕੀਤਾ ਗਿਆ। ਆਪਣੇ ਆਖਰੀ ਸਾਹਾਂ ਤੱਕ ਇਹ ਮਹਾਨ ਚਿੱਤਰਕਾਰ ਕਲਾ ਨੂੰ ਸਮਰਪਿਤ ਹੋ ਕੇ ਜੀਵਿਆ। ਚਿੱਤਰਕਾਰੀ ਦੇ ਖੇਤਰ ਵਿੱਚ ਜਿਹੜਾ ਮਾਣ ਸ. ਕ੍ਰਿਪਾਲ ਸਿੰਘ ਨੇ ਪ੍ਰਾਪਤ ਕੀਤਾ, ਉਹ ਵਿਰਲੇ ਪੰਜਾਬੀਆਂ ਦੇ ਹਿੱਸੇ ਆਇਆ ਹੈ। 26 ਅਪ੍ਰੈਲ, 1990 ਨੂੰ ਪੰਜਾਬੀ ਜੀਵਨ ਦਾ ਇਹ ਮਹਾਨ ਚਿਤੇਰਾ ਇਸ ਫਾਨੀ ਸੰਸਾਰ ਨੂੰ ਅਲਵਿਦਾ ਆਖ ਗਿਆ। ਉਸ ਦੀ ਕਲਾ ਨੂੰ ਸਾਡਾ ਪ੍ਰਣਾਮ।

Email: bhagwansinghjohal@gmail.com

## ਗੋਰਿਆਂ ਦੀ ਸੰਘਣੀ ਵੱਸੋਂ ਵਾਲੇ ਸ਼ਹਿਰ ਲਕਬਰੋ ਚ ਲਕਬਰੋ ਅਤੇ ਕੌਲਵਿਲ ਦੀਆਂ ਸੰਗਤਾਂ ਵੱਲੋਂ ਮਨਾਈ ਗਈ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ

ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਗੋਰਿਆਂ ਦੀ ਸੰਘਣੀ ਵੱਸੋਂ ਵਾਲੇ ਸ਼ਹਿਰ ਲਕਬਰੋ ਅਤੇ ਕੌਲਵਿਲ ਦੀਆਂ ਸੰਗਤਾਂ ਵੱਲੋਂ ਸਾਂਝੇ ਤੌਰ ਤੇ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350 ਸਾਲਾ ਸ਼ਹੀਦੀ ਦਿਹਾੜਾ ਬੜੇ ਹੀ ਉਤਸਾਹ ਤੇ ਪਿਆਰ ਸਤਿਕਾਰ ਨਾਲ ਮਨਾਇਆ ਗਿਆ ।ਇਸ ਮੌਕੇ ਤੇ ਲਕਬਰੋ ਦੇ ਗੁਰਦੁਆਰਾ ਸਾਹਿਬ ਵਿਖੇ ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਉਣ ਉਪਰੰਤ ਰਾਗੀ ਢਾਡੀ ਅਤੇ ਕਵੀਸ਼ਰੀ ਦਰਬਾਰ ਸਜਾਇਆ ਗਿਆ, ਜਿਸ ਵਿੱਚ ਪੰਥ ਦੇ ਮਹਾਨ ਕਵੀਸ਼ਰੀ ਤੇ ਰਾਗੀ ਜਥਿਆਂ ਨੇ ਗੁਰੂ ਜਸ ਗਾਇਨ ਕੀਤਾ। ਇਸ ਧਾਰਮਿਕ ਸਮਾਗਮ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਬੰਥਕ ਤਜਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਹਰ ਸਾਲ ਹੀ ਲਕਬਰੋ ਤੇ ਕੋਲਵਿ਼ਲ ਦੀਆਂ ਸੰਗਤਾਂ ਵੱਲੋਂ ਸਾਂਝੇ ਤੌਰ ਤੇ ਉਪਰਾਲਾ ਕਰਕੇ ਕੌਲਵਿਲ ਤੇ ਲਕਬਰੋ ਵਿਖੇ ਧਾਰਮਿਕ ਦਿਹਾੜੇ ਮਨਾਏ ਜਾਂਦੇ ਹਨ। ਕੌਲਵਿਲ ਅਤੇ ਲਕਬਰੋ ਦੇ ਨੇੜਲੇ ਸ਼ਹਿਰਾਂ ਲੈਸਟਰ, ਬਰਮਿੰਘਮ, ਡਰਬੀ, ਨੋਟਿੰਗਮ ਤੋਂ ਵੱਡੀ ਗਿਣਤੀ ਸੰਗਤਾਂ ਨੇ ਸਿਰਕਤ ਕੀਤੀ। ਇਸ ਮੌਕੇ ਤੇ ਗੁਰੂ ਕਾ ਅਟੁਟ ਲੰਗਰ ਵੀ ਵਰਤਾਇਆ ਗਿਆ।



ਕੌਲਵਿਲ ਅਤੇ ਲਕਬਰੋ ਦੀਆਂ ਸੰਗਤਾਂ ਵੱਲੋਂ ਸਾਂਝੇ ਤੌਰ ਤੇ ਲਕਬਰੋ ਦੇ ਗੁਰਦੁਆਰਾ ਸਾਹਿਬ ਵਿਖੇ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਸਬੰਧੀ ਕਰਵਾਏ ਗਏ ਧਾਰਮਿਕ ਸਮਾਗਮ ਮੌਕੇ ਹਾਜ਼ਿਰ ਸੰਗਤਾਂ।

## ਇਟਲੀ ਵਿੱਚ ਭਾਰਤੀ ਨੌਜਵਾਨ ਭਗਤ ਸਿੰਘ ਦਾ ਬੇਰਹਿਮੀ ਨਾਲ ਹੋਇਆ ਕਤਲ, ਸ਼ੱਕ ਦੇ ਆਧਾਰ ਤੇ ਪੁਲਸ ਤੇ ਮਰਹੂਮ ਦੇ ਸਾਥੀ ਸਤੀਸ਼ ਕੁਮਾਰ ਨੂੰ ਕੀਤਾ ਗ੍ਰਿਫਤਾਰ




ਰੋਮ (ਗੁਰਸ਼ਰਨ ਸਿੰਘ ਸੋਨੀ) ਇਟਲੀ ਦੇ ਭਾਰਤੀ ਭਾਈਚਾਰੇ ਲਈ ਇੱਕ ਬੇਹੱਦ ਮੰਦਭਾਗੀ ਤੇ ਦੁਖਦਾਈ ਘਟਨਾ ਵਾਪਰਨ ਨਾਲ ਸਮੁੱਚੇ ਭਾਈਚਾਰੇ ਵਿੱਚ ਮਾਤਮ ਛਾਇਆ ਹੋਇਆ ਹੈ ਜਿਸ ਵਿੱਚ ਬੀਤੇ ਦਿਨ ਭਾਰਤੀ ਨੌਜਵਾਨ ਭਗਤ ਸਿੰਘ (37) ਦਾ ਬੇਰਹਿਮੀ ਨਾਲ ਕਤਲ ਹੋ ਗਿਆ ਹੈ ਪਰ ਕਤਲ ਕਿਸ ਨੇ ਤੇ ਕਿਓ ਕੀਤਾ ਇਸ ਦੀ ਇਟਲੀ ਪੁਲਸ ਬਹੁਤ ਬਾਰੀਕੀ ਨਾਲ ਜਾਂਚ ਪੜਤਾਲ ਕਰ ਰਹੀ ਹੈ ਜਿਸ ਦੇ ਚਲਦਿਆਂ ਪੁਲਸ ਨੇ ਸ਼ੱਕ ਦੇ ਆਧਾਰ ਤੇ ਸ਼ਤੀਸ ਕੁਮਾਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਮ੍ਰਿਤਕ ਭਗਤ ਸਿੰਘ ਜੋ ਕਿ ਹਰਿਆਣਾ ਸੂਬੇ ਨਾਲ ਸਬੰਧਿਤ ਸੀ ਦੇ ਰਿਸ਼ਤੇਦਾਰ ਨੇ ਪ੍ਰੈੱਸ ਨਾਲ ਆਪਣਾ ਦੁੱਖ ਸਾਂਝਾ ਕਰਦਿਆਂ ਜਾਣਕਾਰੀ ਦਿੱਤੀ ਕਿ ਭਗਤ ਸਿੰਘ ਦਾ ਬੀਤੇ ਦਿਨ ਕਿਸੇ ਤੇਜ਼ਧਾਰ ਹਥਿਆਰ ਨਾਲ ਕਤਲ ਹੋ ਗਿਆ ਹੈ ਜਿਹੜਾ ਕਿ ਲਾਤੀਨਾ ਜ਼ਿਲ੍ਹੇ ਦੇ ਪੁਨਤੀਨੀਆ ਸ਼ਹਿਰ ਰਹਿੰਦਾ ਸੀ ।ਕਤਲ ਕਿਸ ਨੇ ਤੇ ਕਿਓ ਕੀਤਾ ਇਸ ਦੀ ਪੁਲਸ ਛਾਣਬੀਣ ਕਰ ਰਹੀ ਹੈ ਤੇ ਮ੍ਰਿਤਕ ਦੇ ਨਾਲ ਰਹਿੰਦੇ ਭਾਰਤੀ ਨੌਜਵਾਨ ਸ਼ਤੀਸ ਕੁਮਾਰ (38) ਨੂੰ ਸ਼ੱਕ ਦੇ ਆਧਾਰ ਉਪੱਰ ਪੁਲਸ ਨੇ ਹਿਰਾਸਤ ਵਿੱਚ ਲਿਆ ਹੈ। ਮਰਹੂਮ 3 ਸਾਲ ਪਹਿਲਾਂ ਚੰਗੇ ਭਵਿੱਖ ਲਈ ਇਟਲੀ ਆਇਆ ਸੀ ਤੇ ਫਿਰ ਪੁਰਤਗਾਲ ਤੋਂ ਪੇਪਰ ਬਣਾ ਕੁਝ ਮਹੀਨੇ ਪਹਿਲਾਂ ਹੀ ਵਾਪਸ ਇਟਲੀ ਕੰਮ ਕਰਨ ਆਇਆ ।ਇਸ ਘਟਨਾ ਨਾਲ ਵਿਦੇਸ਼ੀਆਂ ਵਿੱਚ ਸਹਿਮ ਦਾ ਮਾਹੌਲ ਦੇਖਿਆ ਜਾ ਰਿਹਾ ਹੈ ਜਦੋਂਕਿ ਮਰਹੂਮ ਆਪਣੇ ਪਿੱਛੇ ਦੋ ਨੰਨ ਬੱਚੇ ਤੇ ਵਿਧਵਾ ਪਤਨੀ ਛੱਡ ਗਿਆ ਹੈ।

– ਲੇਖਕ –
ਗਿ: ਗੁਰਬਖ਼ਸ਼ ਸਿੰਘ ਗੁਲਸ਼ਨ
ਸੰਪਰਕ ਲਈ:
+44 7956 302743



# ਗੁਰੂ ਬੈਠਾ ਅਮਰੁ ਸਰੂਪ ਹੋਇ

## ਕਿਸ਼ਤ–18

ਸਾਨੂੰ ਜਾਪਦਾ ਹੈ ਇਹ ਸਾਰਾ ਕੌਤਕ ਅੱਖੀਂ ਵੇਖਣ ਵਾਲੇ ਧੰਨ ਗੁਰੂ ਰਾਮਦਾਸ ਜੀ ਨੇ ਕਦੀ ਇਉਂ ਫ਼ੁਰਮਾਇਆ:

ਜਿਨੀ ਹਰਿ ਹਰਿ ਨਾਮੁ ਧਿਆਇਆ
ਤਿਨੀ ਪਾਇਅੜੇ ਸਰਬ ਸੁਖਾ॥
ਸਭੁ ਜਨਮੁ ਤਿਨਾ ਕਾ ਸਫਲੁ ਹੈ
ਜਿਨ ਹਰਿ ਕੇ ਨਾਮ ਕੀ ਮਨਿ ਲਾਗੀ ਭੁਖਾ॥
ਜਿਨੀ ਗੁਰ ਕੈ ਬਚਨਿ ਆਰਾਧਿਆ
ਤਿਨ ਵਿਸਰਿ ਗਏ ਸਭ ਦੁਖਾ॥
ਤੇ ਸੰਤ ਭਲੇ ਗੁਰਸਿਖ ਹੈ
ਜਿਨ ਨਾਹੀ ਚਿੰਤ ਪਰਾਈ ਚੁਖਾ॥
ਧਨੁ ਧੰਨੁ ਤਿਨਾ ਕਾ ਗੁਰੂ ਹੈ
ਜਿਸੁ ਅੰਮ੍ਰਿਤ ਫਲ ਹਰਿ ਲਾਗੇ ਮੁਖਾ॥6॥
ਗ.ਗ੍ਰ.ਸਾ. ਪੰਨਾ 588

ਕੁਝ ਦਿਨ ਗੋਇੰਦਵਾਲ ਠਹਿਰਣ ਉਪਰੰਤ ਵਾਪਸ ਸੁਲਤਾਨਪੁਰ ਪਰਤਣ ਲਈ ਹਜ਼ੂਰ ਪਾਸੋਂ ਆਗਿਆ ਮੰਗੀ ਤਾਂ ਪਾਤਸ਼ਾਹ ਜੀ ਨੇ ਹੋਰ ਤੁੱਠਦਿਆਂ ਹੋਇਆਂ ਬਚਨ ਕੀਤਾ,

'ਮਹੇਸ਼ਾ ਭਾਈ! ਹੁਣ ਤੁਸੀਂ ਆਪਣਾ ਘਰ ਕੇਂਦਰ ਮੰਨ ਕੇ ਗੁਰਸ਼ਬਦ ਅਤੇ ਭੋਜਨ ਦਾ ਲੰਗਰ ਚਲਾਓ ਅਰ ਆਲੇ ਦੁਆਲੇ ਵੱਸਣ ਵਾਲਿਆਂ ਤੱਕ ਪਹੁੰਚ ਕੇ ਗੁਰੂ ਕਾ ਸੁਨੇਹਾ ਦਿਹੁ, ਜਿਉਂ ਜਿਉਂ ਸੇਵਾ ਕਰੋਗੇ ਗੁਰੂ ਬਾਬੇ ਜੀ ਦੀਆਂ ਬਰਕਤਾਂ ਤੁਹਾਡੀ ਝੋਲੀ ਵਿਚ ਪੈਣਗੀਆਂ'।

ਗੁਰੂ ਕੀ ਆਸੀਸ ਪ੍ਰਾਪਤ ਕਰ ਕੇ ਭਾਈ ਮਹੇਸ਼ਾ ਜੀ ਨਿਹਾਲ ਹੋ ਗਏ। 'ਸਤਿਬਚਨ' ਕਹਿ ਕੇ ਮੱਥਾ ਟੇਕਿਆ ਅਰ ਵਾਪਸ ਪਰਤ ਕੇ ਆਪਣੇ ਸਾਰੇ ਪ੍ਰਵਾਰ ਸਹਿਤ ਹੀ ਗੁਰੂ ਕੀ ਕਾਰ ਕਮਾਉਣੀ ਸ਼ੁਰੂ ਕਰ ਦਿੱਤੀ। ਸਤਿਗੁਰਾਂ ਦੀ ਕਿਰਪਾ ਸਦਕਾ ਛੇਤੀ ਹੀ ਸਾਰੀਆਂ ਬਰਕਤਾਂ ਦਾ ਮੀਂਹ ਵੱਸਣ ਲੱਗ ਪਿਆ।

ਸਮਾਂ ਆਉਣ 'ਤੇ ਗੁਰੂ ਸਾਹਿਬ ਨੇ ਭਾਈ ਸਾਹਿਬ ਨੂੰ 'ਮੰਜੀਦਾਰ' ਪ੍ਰਚਾਰਕ ਥਾਪਿਆ ਜਿਨ੍ਹਾਂ ਨੇ ਉੱਤਮ ਸੇਵਾ ਨਿਬਾਹੀ।

ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਅਨੁਸਾਰ:

ਆਇ ਸ਼ਰਨ ਜੋ ਗੁਰ ਕੀ ਪਰੈ
(ਜੋ ਵੀ ਸਤਿਗੁਰੂ ਦੀ ਸ਼ਰਨ ਆ ਗਿਆ)।
ਬ੍ਰਹਮ ਗਿਆਨ ਜੁਤਿ ਸ਼ਕਤਿ ਸੁ ਧਰੈ
(ਉਸ ਕਰਤਾਰ ਨਾਲ ਅਭੇਦ ਹੋ ਸਭੋ ਕੁਝ ਪਾਇਆ)।
ਦੋਨਹੁਂ ਹਾਥਨ ਸੋਂ ਬਰਤਾਵੈਂ (ਹਜ਼ੂਰ ਦੋਹਾਂ ਹੱਥਾਂ ਨਾਲ ਦਾਤਾਂ ਵੰਡਦੇ ਹਨ)।
ਮਾਨਹਿਂ ਬਚਨ ਪਾਰ ਪਰ ਜਾਵੈਂ
(ਬਚਨ ਮੰਨਣ ਵਾਲਿਆਂ ਦਾ ਜੀਵਨ ਸਫ਼ਲ ਹੋ ਜਾਂਦਾ ਹੈ)।23॥38॥ ਰਾਸ 1

### ਸ਼ੇਖ਼ਾਂ ਦੀ ਈਰਖਾ

ਚੌਧਰੀ ਗੋਇੰਦੇ ਦੀ ਆਗਿਆ ਨਾਲ ਕੁਝ ਪ੍ਰਵਾਰ ਸ਼ੇਖ਼ਾਂ ਦੇ ਗੋਇੰਦਵਾਲ ਵਿਚ ਆ ਵੱਸੇ। ਕੁਝ ਸਮਾਂ ਤਾਂ ਬੀਤਣ 'ਤੇ ਇਨ੍ਹਾਂ ਅੰਦਰ ਗੁਰੂ-ਘਰ ਪ੍ਰਤੀ ਈਰਖਾ ਪੈਦਾ ਹੋਣ ਲੱਗ ਪਈ। ਘਰ ਵਿਚ ਈਰਖਾਲੂ ਗੱਲਾਂ ਦਾ ਅਸਰ ਇਨ੍ਹਾਂ ਦੇ ਬੱਚਿਆਂ 'ਤੇ ਵੀ ਹੋਇਆ। ਇਸ ਦੇ ਨਤੀਜੇ ਵਜੋਂ ਬੱਚੇ ਗੁਰਸਿੱਖਾਂ ਨਾਲ ਆਨੇ ਬਹਾਨੇ ਸ਼ਰਾਰਤਾਂ ਕਰਨ ਲੱਗੇ।

ਸਾਡੇ ਸਾਖੀਕਾਰ ਲਿਖਦੇ ਹਨ ਕਿ ਜਦੋਂ ਸਿੱਖ ਬੀਬੀਆਂ ਬਿਆਸ ਤੋਂ ਪਾਣੀ ਲੈਣ ਜਾਂਦੀਆਂ ਤਾਂ ਇਹ ਗੁਲੇਲਾਂ ਮਾਰ ਕੇ ਘੜੇ ਭੰਨਣ ਲੱਗੇ। ਗੱਲ ਵੱਡੀ ਨ ਹੋਵੇ ਇਸ ਲਈ ਸਿੱਖਾਂ ਆ ਕੇ ਸਤਿਗੁਰਾਂ ਨੂੰ ਪੁੱਛਿਆ ਕਿ ਪਾਤਸ਼ਾਹ ਸਾਨੂੰ ਹੁਕਮ ਕਰੋ ਕਿ ਕੀਹ ਕਰਨਾ ਚਾਹੀਦਾ ਹੈ? ਹਜ਼ੂਰ ਫ਼ੁਰਮਾਇਆ ਕਿ ਬੀਬੀਆਂ ਦੀ ਬਜਾਇ ਤੁਸੀਂ ਆਪ ਮਸ਼ਕ ਭਰ ਲਿਆਇਆ ਕਰੋ ਤਾਂ ਕਿ ਝਗੜੇ ਦਾ ਕਾਰਨ ਮਿਟ ਜਾਵੇ। ਸਿੱਖਾਂ ਨੇ ਇਉਂ ਕਰਨਾ ਸ਼ੁਰੂ ਕਰ ਦਿੱਤਾ। ਸ਼ੇਖ਼ਾਂ ਦੇ ਚੰਭਲਾਏ ਬੱਚੇ ਹੁਣ ਤੀਰ ਕਮਾਨ ਚੁੱਕ ਲਿਆਏ ਅਰ ਮਸ਼ਕਾਂ ਪਾੜਨ ਲੱਗੇ। ਸਿੱਖਾਂ ਨੇ ਫਿਰ ਪਾਤਸ਼ਾਹ ਜੀ ਕੋਲ ਆ ਕੇ ਪੁੱਛਿਆ ਕਿ ਉਹ ਹੁਣ ਕੀਹ ਕਰਨ। ਹਜ਼ੂਰ ਕਹਿਣ ਲਗੇ ਕਿ ਇਕ ਯਤਨ ਲੜਾਈ ਟਾਲਣ ਦਾ ਹੋਰ ਕਰ ਲਈਏ, ਇਸ ਲਈ ਤੁਸੀਂ ਗਾਗਰਾਂ ਵਿਚ ਪਾਣੀ ਲੈ ਆਇਆ ਕਰੋ। ਸਿੱਖ ਬਚਨ ਮੰਨ ਕੇ ਗਾਗਰਾਂ ਦੀ ਵਰਤੋਂ ਕਰਨ ਲੱਗ ਪਏ। ਇਹ ਵੇਖ ਕੇ ਬੱਚੇ ਪੱਕੇ ਗੁਲੇਲੇ ਮਾਰਨ ਲੱਗ ਪਏ। ਸਿੱਖ ਫਿਰ ਹਜ਼ੂਰ ਪਾਸ ਆਏ ਅਰ ਮੁਸ਼ਕਲ ਦੱਸੀ। ਸਾਖੀਕਾਰ ਆਖਦੇ ਹਨ ਕਿ ਪਾਤਸ਼ਾਹ ਜੀ ਸੁਣ ਕੇ ਚੁੱਪ ਕਰ ਰਹੇ।

ਥੋੜੇ ਦਿਨ ਹੀ ਬੀਤੇ ਸਨ ਕਿ ਤੀਰਥ ਯਾਤਰਾ ਯਾਤਰਾ 'ਤੇ ਜਾਂਦੀ ਸੰਨਿਆਸੀਆਂ ਦੀ ਇਕ ਟੋਲੀ ਇਥੇ ਆਣ ਰੁਕੀ। ਜਦੋਂ ਇਨ੍ਹਾਂ ਦੇ ਸੇਵਕ ਪਾਣੀ ਦੇ ਘੜੇ ਭਰ ਕੇ ਮੁੜ ਰਹੇ ਸਨ ਤਾਂ ਸ਼ੇਖ਼ਾਂ ਦੇ ਬੱਚੇ ਘੜੇ ਭੰਨ ਕੇ ਭੱਜ ਗਏ। ਸੇਵਕਾਂ ਕੋਲੋਂ ਪਤਾ ਲੱਗਣ 'ਤੇ ਸੰਨਿਆਸੀਆਂ ਦਾ ਮਹੰਤ ਬਾਹਰ ਪਤਾ ਕਰਨ ਨਿਕਲਿਆ ਤਾਂ ਇਥ ਸ਼ਰਾਰਤੀ ਬੱਚੇ ਨੇ ਉਸ ਨੂੰ ਵੀ ਗੁਲੇਲੇ ਨਾਲ ਫੁੰਡਿਆ। ਮੰਦੇ ਭਾਗੀਂ ਗੁਲੇਲਾ ਮਹੰਤ ਦੀ ਅੱਖ 'ਤੇ ਆਣ ਲੱਗਾ। ਉਨ੍ਹੀਂ ਦਿਨੀਂ ਸੰਨਿਆਸੀ ਲੋਕ ਵੀ ਸ਼ਸਤ੍ਰ ਧਾਰਨ ਕਰ ਕੇ ਸਫ਼ਰ ਕਰਿਆ ਕਰਦੇ ਸਨ, ਇਹ ਵੇਖ ਕੇ ਸੰਨਿਆਸੀ ਰੋਹ ਵਿਚ ਆ ਗਏ ਤੇ ਦੌੜ ਦੌੜ ਕੇ ਮੁੰਡੇ ਜਾ ਫੜੇ। ਇਸ ਤੋਂ ਪਹਿਲਾਂ ਕਿ ਸ਼ੇਖ਼ ਇਨ੍ਹਾਂ ਤੱਕ ਰਲ ਕੇ ਪਹੁੰਚ ਕਰਦੇ ਇਨ੍ਹਾਂ ਨੇ ਕੁਝ ਮੁੰਡਿਆਂ ਨੂੰ ਚੀਰ-ਪਾੜ ਦਿੱਤਾ।

ਸ਼ਸਤਰ ਪਕੜ ਕਰਿ ਕੇਤੇ ਮਾਰੇ।
ਕੇਤੇ ਚੀਰੇ ਕੇਤੇ ਫਾਰੇ॥34॥

ਸ਼ੇਖ਼ਾਂ ਨੇ ਕੁਝ ਸੰਨਿਆਸੀ ਮਾਰ ਦਿੱਤੇ। ਸਾਰੇ ਗੋਇੰਦਵਾਲ ਵਿਚ ਹਾਲ-ਪਾਹਰਿਆ ਹੋ ਗਈ ਪਰ ਕੋਈ ਸ਼ੇਖ਼ਾਂ ਦੀ ਮਦਦ 'ਤੇ ਨ ਬਹੁੜਿਆ। ਅਗਲੇ ਦਿਨ ਸੰਨਿਆਸੀ ਆਪਣੀ ਮੰਜ਼ਿਲ ਵੱਲ ਰਵਾਨਾ ਹੋ ਗਏ।



ਗੁਰੂ ਅਮਰਦਾਸ ਪਾਤਸ਼ਾਹ ਜੀ

# ਅਮਰੀਕਾ ਨੂੰ ਹੁਨਰਮੰਦ ਭਾਰਤੀਆਂ ਤੋਂ ਬਹੁਤ ਲਾਭ ਹੋਇਆ: ਐਲਨ ਮਸਕ



ਟੈਸਲਾ ਦੇ ਸੀਈਓ ਐਲਨ ਮਸਕ ਨੇ ਦਾਅਵਾ ਕੀਤਾ ਕਿ ਅਮਰੀਕਾ ਨੂੰ ਹੁਨਰਮੰਦ ਭਾਰਤੀਆਂ (Talented Indians) ਤੋਂ ਬਹੁਤ ਲਾਭ ਹੋਇਆ ਹੈ। ਇਮੀਗ੍ਰੇਸ਼ਨ ਨੀਤੀਆਂ ਅਤੇ ਆਲਮੀ ਪ੍ਰਤਿਭਾ ਨੂੰ ਆਕਰਸ਼ਿਤ ਕਰਨ ਦੀ ਮਹੱਤਤਾ ਬਾਰੇ ਚੱਲ ਰਹੀਆਂ ਚਰਚਾਵਾਂ ਦੌਰਾਨ, ਟੈਸਲਾ ਦੇ ਸੀਈਓ ਐਲਨ ਮਸਕ ਨੇ ਸੰਯੁਕਤ ਰਾਜ ਅਮਰੀਕਾ ਵਿੱਚ ਭਾਰਤੀ ਪ੍ਰਤਿਭਾ ਦੇ ਮਹੱਤਵਪੂਰਨ ਯੋਗਦਾਨ ਨੂੰ ਸਵੀਕਾਰ ਕੀਤਾ ਅਤੇ ਕਿਹਾ ਕਿ ਦੇਸ਼ ਨੂੰ ਹੁਨਰਮੰਦ ਭਾਰਤੀਆਂ ਤੋਂ ਬਹੁਤ ਲਾਭ ਹੋਇਆ ਹੈ।

ਜ਼ੀਰੋਧਾ (Zerodha) ਦੇ ਸਹਿ-ਸੰਸਥਾਪਕ ਨਿਖਿਲ ਕਾਮਥ ਨਾਲ ਇੱਕ ਇੰਟਰਵਿਊ ਵਿੱਚ, ਮਸਕ ਨੇ ਇਮੀਗ੍ਰੇਸ਼ਨ ਨੀਤੀਆਂ ਅਤੇ ਉੱਦਮਤਾ ਬਾਰੇ ਗੱਲ ਕੀਤੀ। ਉਨ੍ਹਾਂ ਕਿਹਾ, ਫ਼ਲਦਤੋ ਮੇਰਾ ਖ਼ਿਆਲ ਹੈ ਕਿ ਅਮਰੀਕਾ ਨੂੰ ਅਮਰੀਕਾ ਆਏ ਪ੍ਰਤਿਭਾਸ਼ਾਲੀ ਭਾਰਤੀਆਂ ਤੋਂ ਬਹੁਤ ਲਾਭ ਹੋਇਆ ਹੈ। ਮੇਰਾ ਮਤਲਬ ਹੈ, ਅਮਰੀਕਾ ਨੂੰ ਭਾਰਤ ਤੋਂ ਪ੍ਰਤਿਭਾ ਦਾ ਬਹੁਤ ਵੱਡਾ ਲਾਭ ਹੋਇਆ ਹੈ।ਭਾਰਤੀ ਮੂਲ ਦੇ ਕਈ ਵਿਅਕਤੀਆਂ ਨੇ ਅਮਰੀਕੀ ਅਰਥਵਿਵਸਥਾ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ, ਜਿਸ ਨਾਲ ਵਿਕਾਸ ਨੂੰ ਹੁਲਾਰਾ ਮਿਲਿਆ ਹੈ। ਉਨ੍ਹਾਂ ਨੇ ਇਮੀਗ੍ਰੇਸ਼ਨ ਨੀਤੀਆਂ ਦੀ ਜ਼ਰੂਰਤ ਤੇ ਜ਼ੋਰ ਦਿੱਤਾ ਅਤੇ ਬਾਇਡਨ ਪ੍ਰਸ਼ਾਸਨ ਦੀ ਸਰਹੱਦੀ ਨਿਯੰਤਰਣ ਦੀ ਘਾਟ ਦੀ ਨਿੰਦਾ ਕੀਤੀ ਅਤੇ ਕਿਹਾ ਕਿ ਖੁੱਲ੍ਹੀਆਂ ਸਰਹੱਦਾਂ ਨੁਕਸਾਨਦੇਹ ਸਨ ਕਿਉਂਕਿ ਉਨ੍ਹਾਂ ਨੇ ਅਪਰਾਧੀਆਂ ਨੂੰ ਵੀ ਅਮਰੀਕਾ ਵਿੱਚ ਦਾਖਲ ਹੋਣ ਦੀ ਇਜਾਜ਼ਤ ਦਿੱਤੀ ਸੀ।

ਜੈ ਗੁਰਦੇਵ

## ਸ੍ਰੀ ਗੁਰੂ ਰਵਿਦਾਸ ਭਵਨ ਸਟਰੂਡ ਵਿਖੇ ਇਕ ਗ੍ਰੰਥੀ ਸੇਵਾਦਾਰ ਦੀ ਲੋੜ

**ਸ੍ਰੀ ਗੁਰੂ ਰਵਿਦਾਸ ਸਭਾ ਮਿਡਵੇਅ ਵਿਖੇ ਗ੍ਰੰਥੀ ਦੀਆਂ ਸੇਵਾਵਾਂ ਨਿਭਾਉਣ ਵਾਲੇ ਇੱਕ ਗੁਰਸਿੱਖ ਗ੍ਰੰਥੀ ਦੀ ਜ਼ਰੂਰਤ ਹੈ। ਉਹਨਾਂ ਦੀਆਂ ਸੇਵਾਵਾਂ ਵਿਚ ਸ਼ਾਮਿਲ ਹਨ: ਰੋਜ਼ਾਨਾ ਨਿੱਤਨੇਮ ਅਤੇ ਵਿਸ਼ੇਸ਼ ਪ੍ਰੋਗਰਾਮਾਂ ਵਿਚ ਮੋਹਰੀ ਰੋਲ ਨਿਭਾਉਣਾ, ਬੱਚਿਆਂ ਅਤੇ ਨੌਜਵਾਨਾਂ ਨੂੰ ਧਾਰਮਿਕ ਵਿੱਦਿਆ ਦੇਣਾ, ਵਿਆਹ ਸ਼ਾਦੀਆਂ, ਅੰਤਿਮ ਸੰਸਕਾਰ ਅਤੇ ਹੋਰ ਵਿਸ਼ੇਸ਼ ਸੇਵਾਵਾਂ ਨਿਭਾਉਣਾ ਅਤੇ ਸੰਗਤ ਦੀ ਭਲਾਈ ਲਈ ਉਹਨਾਂ ਨੂੰ ਗੁਰਬਾਣੀ ਮੁਤਾਬਕ ਸਲਾਹ ਦੇਣਾ ਅਤੇ ਲੋਕਲ ਸੰਗਤ ਵਿਚੋਂ ਜੇ ਕੋਈ ਧਾਰਮਿਕ ਸੇਵਾਵਾਂ ਕਰਨ ਦਾ ਚਾਹਵਾਨ ਹੋਵੇ ਤਾਂ ਉਹਨਾਂ ਨੂੰ ਸਿਖਲਾਈ ਪ੍ਰਦਾਨ ਕਰਨਾ ਆਦਿ। ਉਹਨਾਂ ਦੇ ਯੂ ਕੇ ਵਿਚ ਰਹਿਣ ਸਹਿਣ ਅਤੇ ਖਾਣ ਪੀਣ ਦਾ ਖਰਚਾ ਗੁਰਦੁਆਰਾ ਸਾਹਿਬ ਵੱਲੋਂ ਕੀਤਾ ਜਾਵੇਗਾ। ਯੂ ਕੇ ਦੇ ਇੰਪਲਾਇਮੈਂਟ ਕਾਨੂੰਨ ਮੁਤਾਬਕ ਤਨਖਾਹ ਅਤੇ ਕੰਮ ਹਫ਼ਤੇ ਦੇ 35 ਘੰਟੇ ਹੋਵੇਗਾ। ਉਹਨਾਂ ਦੇ ਕੋਲ ਯੂ ਕੇ ਵਿੱਚ ਕੰਮ ਕਰਨ ਦੀ ਇਜਾਜ਼ਤ ਹੋਣੀ ਜ਼ਰੂਰੀ ਹੈ। ਯੋਗ ਉਮੀਦਵਾਰ ਯੋਗਤਾ ਸਮੇਤ ਅਰਜ਼ੀਆਂ ਹੇਠਾਂ ਦਿੱਤੇ ਪਤੇ 'ਤੇ ਜਾਂ ਈਮੇਲ ਰਾਹੀਂ 19 ਦਸੰਬਰ 2025 ਤੱਕ ਭੇਜਣ ਦੀ ਕ੍ਰਿਪਾਲਤਾ ਕਰਨ ਜਾਂ ਸਭਾ ਦੇ ਪ੍ਰਧਾਨ ਅਤੇ ਜਨਰਲ ਸਕੱਤਰ ਨਾਲ ਸੰਪਰਕ ਕਰਨ ਜੀ ।**

## VACANCYTIER-5 RELIGIOUS WORKER REQUIRED

Preaching and performing pastoral duties in a religious order in a community which involves a permanent commitment.

***PASTORAL DUTIES INCLUDE:*** Leading worship regularly and on special occasions; giving religious education to children and adults by preachiing or teaching; officiating at marriages, funerals and other special services; and offering counselling and welfare support to members of the congregation; and recruting, training and co-ordinating the work of any local volunteers and lay preachers. The living and food expenses for the Religious workder will be paid for by the Gurdwara for the duration of employment. Salary will be according to qualifications and under U.K. employment law. Work per week 35 hours. Must have right to work in U.K.

**Please apply with your CV'S via Email:ravidassiamedway@gmail.com**
**Closing date: 19-12-2025**

**Contact: President Mr. Harjinder Bagha 07784 298 027**

**SRI GURU RAVIDASS SABHA MEDWAY**
**SRI GURU RAVIDASS BHAWAN,**
**1 VICARAGE ROAD, STROOD KENT, ME2 4DG, U.K.**

**ਲੜੀਵਾਰ ਨਾਵਲ**



**ਸ਼ਿਵਚਰਨ ਜੱਗੀ (ਕੁੱਸਾ)**

**ਫੋਨ : 07853 317 891**

Email: jaggikussa@yahoo.de

**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**

**ਕਿਸ਼ਤ 51**

# ਇੱਕ ਮੇਰੀ ਅੱਖ ਕਾਸ਼ਣੀ...

**ਟੁੰਡੇ ਹੱਥੋਂ ਉਹ ਬੱਲੀ ਅਤੇ ਜੱਸੀ ਦਾ ਕੰਡਾ ਕਢਵਾਉਣਾ ਚਾਹੁੰਦਾ ਸੀ। ਜਦੋਂ ਦਾ ਦੋਹਾਂ ਭਰਾਵਾਂ ਨੇ ਆਪਣਾ ਕਾਰੋਬਾਰ ਸ਼ੁਰੂ ਕੀਤਾ ਸੀ, ਉਹ ਡੋਗਰ ਵਰਗੇ ਜੱਦੀ ਪੁਸ਼ਤੀ ਰਾਠ ਬੰਦਿਆਂ ਨੂੰ ਪਿੱਛੇ ਛੱਡਦੇ ਜਾ ਰਹੇ ਸਨ। ਜਿਹਨਾਂ ਲੋਕਾਂ ਨੂੰ ਡੋਗਰ ਅਤੇ ਉਸ ਦਾ ਭਰਾ ਬੇਲਾ ਵਿਆਜੂ ਪੈਸੇ ਦਿੰਦੇ ਸਨ, ਉਹੀ ਲੋਕ ਹੁਣ ਬੱਲੀ ਅਤੇ ਜੱਸੀ ਦੇ ਬਾਪ ਸਰਦਾਰੇ ਤੋਂ ਪੈਸੇ ਵਿਆਜੂ ਚੁੱਕਣ ਲੱਗ ਪਏ ਸਨ। ਖੁੰਧਕ ਤਾਂ ਅਸਲ ਵਿੱਚ ਡੋਗਰ ਨੂੰ ਇਹਨਾਂ ਵਿਆਜੂ ਪੈਸਿਆਂ ਵਾਲੀ ਸੀ। ਪਰ ਬਹਾਨਾ ਉਹ ਕਿਰਾਏ ਦੀ ਦੁਕਾਨ ਦਾ ਬਣਾ ਰਿਹਾ ਸੀ। ਇਸੇ ਮਾਮਲੇ ਵਿੱਚ ਉਹ ਕੌਲੀ ਚੱਟ ਨੰਬਰਦਾਰ ਅਤੇ ਟੁੱਕੜਬੋਚ ਸਰਪੰਚ ਨੂੰ ਵੀ ਲਾਹਣ ਪਿਆ ਚੁੱਕਾ ਸੀ ਅਤੇ ਬੱਕਰਾ ਖੁਆ ਚੁੱਕਾ ਸੀ। ਵੈਸੇ ਵੀ ਅੜੇ ਥੁੜੇ ਨੰਬਰਦਾਰ ਅਤੇ ਸਰਪੰਚ ਡੋਗਰ ਦੇ ਮਹਿਮਾਨ ਆ ਬਣਦੇ ਸਨ ਅਤੇ ਡੋਗਰ ਅਤੇ ਉਸ ਦੇ ਭਰਾ ਬੇਲੇ ਨੇ ਵੀ ਉਹਨਾਂ ਨੂੰ ਕਦੇ ਖਾਲੀ ਨਹੀਂ ਮੋੜਿਆ ਸੀ।**

## ਕਾਂਡ 23

-"ਲਓ ਬਈ ਮੁੰਡਿਓ, ਥੋਨੂੰ ਇੱਕ ਮ੍ਹੀਨੇ ਦਾ ਟੈਮ ਦੇਤਾ, ਤੇ ਇੱਕ ਮ੍ਹੀਨੇ ਬਾਅਦ ਡੋਗਰ ਦੀ ਦੁਕਾਨ ਖਾਲੀ ਕਰ ਦਿਓ...। ਭਾਈਚਾਰੇ ਨਾਲ਼ ਟੱਕਰ ਚੰਗੀ ਨੀ ਹੁੰਦੀ...।" ਕੌਲੀ ਚੱਟ ਨੰਬਰਦਾਰ ਨੇ ਬੱਲੀ ਅਤੇ ਜੱਸੀ ਨੂੰ ਰੜਕਾ ਕੇ ਜਿਹੇ ਕਿਹਾ। ਉਸ ਦੇ ਬਰਾਬਰ ਬੈਠਾ ਸਰਪੰਚ ਬੱਗੀਆਂ ਮੁੱਛਾਂ ਵਿੱਚ ਮੁਛਕਤੀਏਂ ਹੱਸ ਰਿਹਾ ਸੀ। ਸਾਰੀ ਪੰਚਾਇਤ ਵਿੱਚ ਸਰਦਾਰਾ ਫਿੱਕਾ ਜਿਹਾ ਹੋਇਆ ਖੜ੍ਹਾ ਸੀ। ਉਹ ਸਰਪੰਚ ਅਤੇ ਟੁੱਕੜਬੋਚ ਨੰਬਰਦਾਰ ਦੇ ਪੱਖਪਾਤੀ ਵਤੀਰੇ ਤੋਂ ਪ੍ਰੇਸ਼ਾਨ ਹੋ ਗਿਆ ਸੀ। ਸਾਰਾ ਪਿੰਡ ਵੀ ਚੁੱਪ ਸੀ ਅਤੇ ਮੂਕ ਦਰਸ਼ਕ ਬਣ ਕੇ 'ਤਮਾਸ਼ਾ' ਦੇਖ ਰਿਹਾ ਸੀ।

-"ਅਸੀਂ ਕਦੋਂ ਟੱਕਰ ਲਈ ਐ, ਤਾਇਆ ਜੀ...? ਟੱਕਰ ਆਲ਼ੀ ਤਾਂ ਅਸੀਂ ਕੋਈ ਗੱਲ ਈ ਨੀ ਕੀਤੀ...।" ਬੱਲੀ ਬੋਲਿਆ।

-"ਜੇ ਨਾਸਾਂ ਭੰਨਾਉਣੀਐਂ, ਤਾਂ ਗੱਲ ਕਰ ਕੇ ਦੇਖ ਲਾ...!" ਡੋਗਰ ਨੇ ਸਾਰੇ ਪਿੰਡ ਦੇ ਸਾਹ-ਮਣੇ ਉਸ ਦੀ ਛੋਤ ਜਿਹੀ ਲਾਹ ਦਿੱਤੀ। ਪਰ ਪਿਉ ਪੁੱਤ ਘੋਰ ਹੈਰਾਨ ਸਨ ਕਿ ਸਾਰੇ ਪਿੰਡ ਅਤੇ ਪੰਚਾਇਤ ਵਿੱਚੋਂ ਕਿਸੇ ਨੇ ਵੀ ਉਹਨਾਂ ਦੇ ਹੱਕ ਵਿੱਚ ਹੁੰਗਾਰਾ ਤੱਕ ਨਹੀਂ ਭਰਿਆ ਸੀ। ਵਿਰੋਧੀ ਧਿਰ, ਖ਼ਾਸ ਕਰ ਕੇ ਡੋਗਰ ਜੇਤੂ ਅੰਦਾਜ਼ ਵਿੱਚ ਹੱਸਦਾ ਸੀ।

ਸਾਰੇ ਚੁੱਪ-ਚੁੱਪ ਜਿਹੇ ਘਰ ਆ ਗਏ।

ਪਿੰਡ ਵਿੱਚ ਹੋਰ ਕੋਈ ਦੁਕਾਨ ਨਹੀਂ ਸੀ, ਜੋ ਉਹ ਕਿਰਾਏ 'ਤੇ ਲੈ ਸਕਦੇ।

ਕੋਈ ਖਾਲੀ ਪਲਾਟ ਲੈ ਕੇ ਦੁਕਾਨ ਬਣਾਉਣ ਨੂੰ ਵੀ ਟਾਈਮ ਲੱਗ ਜਾਣਾ ਸੀ।

ਪਰ ਖਾਲੀ ਪਲਾਟ ਵੀ ਕੋਈ ਨਜ਼ਰ ਨਹੀਂ ਆ ਰਿਹਾ ਸੀ।

ਬੱਲੀ ਅਤੇ ਜੱਸੀ ਨੇ ਵੱਡੇ ਭਰਾ ਭੋਲੇ ਦੀ ਡਿਊਟੀ ਕੋਈ ਪਲਾਟ ਲੱਭਣ 'ਤੇ ਲਾ ਦਿੱਤੀ।

-"ਚੜ੍ਹੇ ਮ੍ਹੀਨੇ ਪਹਿਲਾਂ ਕਿਰਾਇਆ ਦੇਈਦਾ ਸੀ, ਡੋਗਰ ਪਤਾ ਨੀ ਪਤੰਦਰ ਕਿਉਂ ਔਖਾ ਹੋਇਆ ਫਿਰਦੈ...?" ਸਰਦਾਰਾ ਆਪਣੀ ਜਗਾਹ ਦੁਖੀ ਸੀ।

-"ਮੈਨੂੰ ਗੁੱਸਾ ਗਿਲਾ ਡੋਗਰ 'ਤੇ ਨਹੀਂ ਬਾਪੂ...! ਮੈਨੂੰ ਗੁੱਸਾ ਪਿੰਡ ਵਾਲਿਆਂ 'ਤੇ ਐ, ਜਿਹੜੇ ਪੰਚਾਇਤ ਵਿੱਚ ਵੀ ਕੁਛ ਨੀ ਬੋਲੇ...। ਸ਼ਰੀਕ ਦਿਲ ਨੂੰ ਲਾਂਬੂ ਲਾਉਂਦਾ ਰਿਹਾ ਤੇ ਸਾਰਾ ਪਿੰਡ ਈ ਘੇਸਲ਼ ਮਾਰ ਗਿਆ...। ਕੋਈ ਵੀ ਨੀ ਬੋਲਿਆ...।"

-"ਚੱਲ ਛੱਡ ਪੁੱਤ, ਅਗਲਿਆਂ ਦੀ ਪਤਾ ਨੀ ਕੀ ਮਜਬੂਰੀ ਹੁੰਦੀ ਐ...?"

## ਕਾਂਡ 24

ਅਗਲੇ ਦਿਨ ਡੋਗਰ ਆਥਣੇ ਆਪਣੇ ਜੁੰਡੀ ਦੇ ਯਾਰ ਟੁੰਡੇ ਕੋਲ਼ ਬੈਠਾ ਦਾਰੂ ਪੀ ਰਿਹਾ ਸੀ। ਟੁੰਡਾ ਇਲਾਕੇ ਦਾ ਮੰਨਿਆਂ ਤੰਨਿਆਂ ਬਦਮਾਸ਼ ਸੀ। ਸਾਰੀ ਉਮਰ ਕੋਰਟ, ਕਚਿਹਰੀਆਂ ਅਤੇ ਠਾਣਿਆਂ ਵਿੱਚ ਹੀ ਕੱਢੀ ਸੀ। ਉਸ ਦੇ ਮੱਥੇ ਵਿੱਚ ਇੱਕ ਡੂੰਘਾ ਟੱਕ ਸੀ, ਜੋ ਸ਼ਾਇਦ ਕਿਸੇ ਲੜਾਈ ਵਿੱਚ ਲੱਗਿਆ ਸੀ।

-"ਬਾਈ ਟੁੰਡਿਆ, ਤੇਰੇ ਹੁੰਦੇ ਸਾਨੂੰ ਟੈਨਸ਼ਨ ਹੋਵੇ, ਡੁੱਬ ਮਰਨ ਆਲ਼ੀ ਗੱਲ ਨੀ..?" ਡੋਗਰ ਨੇ ਟੁੰਡੇ ਨੂੰ ਇੱਕ ਤਰ੍ਹਾਂ ਨਾਲ਼ ਮਿਹਣਾ ਜਿਹਾ ਮਾਰਿਆ।

-"ਤੂੰ ਸਿੱਧੀ ਗੱਲ ਕਰ...! ਤਾਤੇ ਬਾਤੇ ਜੇ ਕਾਹਨੂੰ ਕਰੀ ਜਾਨੈਂ...?" ਟੁੰਡੇ ਨੇ ਲੱਠ ਵਰਗਾ ਪੈਰ ਧਰਤੀ 'ਤੇ ਮਾਰਿਆ। ਮੰਜੇ ਦੀਆਂ ਚੂਲ਼ਾਂ ਨੇ ਦੁਹਾਈ ਮਚਾ ਦਿੱਤੀ। ਡੇਢ੍ਹ ਕੁਇੰਟਲ ਦਾ ਟੁੰਡਾ ਬੋਤੇ ਵਾਂਗ ਮੰਜੇ 'ਤੇ ਖਿਲਰਿਆ ਜਿਹਾ ਬੈਠਾ ਸੀ।

-"ਯਾਰ ਮੈਂ ਦੋ ਲੌਂਡਿਆਂ ਨੂੰ ਆਪਣੀ ਦੁਕਾਨ ਕਿਰਾਏ 'ਤੇ ਦੇ ਦਿੱਤੀ, ਹੁਣ ਮੇਰੇ ਸਾਲ਼ੇ ਛੱਡਦੇ ਨੀ...।"

-"ਕੀ ਕਹਿੰਦੇ ਐ ਉਹ ਸੂਰਮੇਂ...?" ਟੁੰਡੇ ਦਾ ਮੱਥੇ ਵਾਲ਼ਾ ਟੱਕ ਤਰਸੂਲ ਵਾਂਗ ਸਿੱਧਾ ਹੋ ਗਿਆ।

-"ਕਹਿਣਾ ਕੀ ਐ...? ਬੱਸ ਆਲ਼ੇ ਕੌਡੀ ਛਿੱਕੇ ਕੌਡੀ ਕਰੀ ਜਾਂਦੇ ਐ...।"

-"ਦੁਕਾਨ ਛੁਡਾਉਣੀ ਕਦੋਂ ਐਂ...?"

-"ਚਾਹੇ ਕੱਲ੍ਹ ਛੁਡਾ ਦੇ...!"

-"ਲੈ ਫੇਰ, ਕੱਚ ਕਾਹਦੈ...?" ਟੁੰਡੇ ਨੇ ਗੋਡੇ ਜਿੱਡਾ ਗਿਲਾਸ ਦਾਰੂ ਨਾਲ਼ ਭਰ ਕੇ ਅੰਦਰ ਸੁੱਟਿਆ। ਘਰ ਦੀ ਕੱਢੀ ਦਾਰੂ ਨੇ ਉਸ ਅੰਦਰ ਅੱਗ ਮਚਾ ਦਿੱਤੀ ਸੀ।

-"ਪਰ ਇੱਕ ਗੱਲ ਐ ਬਾਈ ਟੁੰਡਿਆ...।"

-"ਬੋਲ...?"

-"ਪਿੰਡ ਦਾ ਕੰਮ ਐਂ, ਜਾਣਾ ਤੈਨੂੰ 'ਕੱਲੇ ਨੂੰ ਪਊਗਾ...।"

-"ਹੋਰ ਮੈਂ ਨਾਲ਼ ਬਾਜਾ ਤੇ ਬਰਾਤ ਲੈ ਕੇ ਜਾਣੀ ਐਂ...? ਤੂੰ ਮੈਨੂੰ ਬੱਸ ਘਰ ਦਿਖਾਦੀਂ, ਤੋਰੀ ਮਾਂਗੂੰ ਮੈਂ ਧੂਹ ਲਿਆਊਂਗਾ...। ਇੱਕ ਤਾਂ ਤੂੰ ਚਿੰਤਾ ਬਾਹਲ਼ੀ ਕਰਦੈਂ ਡੋਗਰਾ...! ਤੂੰ ਤਾਂ ਜਮਾਂ ਈ.... ਮੇਰੇ ਮੂੰਹੋਂ ਕੁਛ ਹੋਰ ਨਿਕਲ਼ ਚੱਲਿਆ ਸੀ...।" ਟੁੰਡੇ ਦੀ ਗੱਲ ਸੁਣ ਕੇ ਡੋਗਰ ਉਚੀ-ਉਚੀ ਹੱਸ ਪਿਆ। ਅਸਲ ਵਿੱਚ ਡੋਗਰ ਦੀ ਖ਼ੁਸ਼ੀ ਦੀ ਕੋਈ ਸੀਮਾਂ ਨਹੀਂ ਸੀ। ਟੁੰਡੇ ਹੱਥੋਂ ਉਹ ਬੱਲੀ ਅਤੇ ਜੱਸੀ ਦਾ ਕੰਡਾ ਕਢਵਾਉਣਾ ਚਾਹੁੰਦਾ ਸੀ। ਜਦੋਂ ਦਾ ਦੋਹਾਂ ਭਰਾਵਾਂ ਨੇ ਆਪਣਾ ਕਾਰੋਬਾਰ ਸ਼ੁਰੂ ਕੀਤਾ ਸੀ, ਉਹ ਡੋਗਰ ਵਰਗੇ ਜੱਦੀ ਪੁਸ਼ਤੀ ਰਾਠ ਬੰਦਿਆਂ ਨੂੰ ਪਿੱਛੇ ਛੱਡਦੇ ਜਾ ਰਹੇ ਸਨ। ਜਿਹਨਾਂ ਲੋਕਾਂ ਨੂੰ ਡੋਗਰ ਅਤੇ ਉਸ ਦਾ ਭਰਾ ਬੇਲਾ ਵਿਆਜੂ ਪੈਸੇ ਦਿੰਦੇ ਸਨ, ਉਹੀ ਲੋਕ ਹੁਣ ਬੱਲੀ ਅਤੇ ਜੱਸੀ ਦੇ ਬਾਪ ਸਰਦਾਰੇ ਤੋਂ ਪੈਸੇ ਵਿਆਜੂ ਚੁੱਕਣ ਲੱਗ ਪਏ ਸਨ। ਖੁੰਧਕ ਤਾਂ ਅਸਲ ਵਿੱਚ ਡੋਗਰ ਨੂੰ ਇਹਨਾਂ ਵਿਆਜੂ ਪੈਸਿਆਂ ਵਾਲੀ ਸੀ। ਪਰ ਬਹਾਨਾ ਉਹ ਕਿਰਾਏ ਦੀ ਦੁਕਾਨ ਦਾ ਬਣਾ ਰਿਹਾ ਸੀ। ਇਸੇ ਮਾਮਲੇ ਵਿੱਚ ਉਹ ਕੌਲੀ ਚੱਟ ਨੰਬਰਦਾਰ ਅਤੇ ਟੁੱਕੜਬੋਚ ਸਰਪੰਚ ਨੂੰ ਵੀ ਲਾਹਣ ਪਿਆ ਚੁੱਕਾ ਸੀ ਅਤੇ ਬੱਕਰਾ ਖੁਆ ਚੁੱਕਾ ਸੀ। ਵੈਸੇ ਵੀ ਅੜੇ ਥੁੜੇ ਨੰਬਰਦਾਰ ਅਤੇ ਸਰਪੰਚ ਡੋਗਰ ਦੇ ਮਹਿਮਾਨ ਆ ਬਣਦੇ ਸਨ ਅਤੇ ਡੋਗਰ ਅਤੇ ਉਸ ਦੇ ਭਰਾ ਬੇਲੇ ਨੇ ਵੀ ਉਹਨਾਂ ਨੂੰ ਕਦੇ ਖਾਲੀ ਨਹੀਂ ਮੋੜਿਆ ਸੀ।

ਅਗਲੇ ਦਿਨ ਆਥਣੇ 'ਖਾਓ-ਪੀਏ' ਜਿਹੇ ਡੋਗਰ ਨੇ ਦੂਰੋਂ ਉਂਗਲ਼ ਦੇ ਇਸ਼ਾਰੇ ਨਾਲ਼ ਟੁੰਡੇ ਨੂੰ ਬੱਲੀ ਅਤੇ ਜੱਸੀ ਦਾ ਘਰ ਦਿਖਾ ਦਿੱਤਾ। ਦਾਰੂ ਵਿੱਚ ਅੰਨ੍ਹਾਂ ਹੋਇਆ ਟੁੰਡਾ ਬਲ਼ਦ ਮੂਤਣੀਆਂ ਪਾਉਂਦਾ ਉਹਨਾਂ ਦੇ ਘਰ ਨੂੰ ਤੁਰਿਆ ਜਾ ਰਿਹਾ ਸੀ।

ਗੁਰਮੇਲ ਕੌਰ ਚੌਂਕੇ ਵਿੱਚ ਰੋਟੀਆਂ ਲਾਹ ਰਹੀ ਸੀ।

ਭੋਲਾ ਮੱਝਾਂ ਨੂੰ ਪਾਣੀ ਪਿਆ ਰਿਹਾ ਸੀ।

ਬੱਲੀ ਅਤੇ ਜੱਸੀ ਬੈਠਕ ਵਿੱਚ ਬੈਠੇ ਹਿਸਾਬ ਕਿਤਾਬ ਕਰ ਰਹੇ ਸਨ।

ਦਰਵਾਜੇ ਵਿੱਚ ਖੜ੍ਹ ਕੇ ਟੁੰਡੇ ਨੇ ਲਲਕਾਰਾ ਮਾਰਿਆ ਅਤੇ ਫਿਰ ਬੱਕਰਾ ਬੁਲਾਇਆ। ਉਹ ਦਰਵਾਜਾ ਧੱਕ ਕੇ ਅੰਦਰ ਚਲਿਆ ਗਿਆ ਅਤੇ ਰੋਟੀਆਂ ਲਾਹੁੰਦੀ ਗੁਰਮੇਲ ਕੌਰ ਦੇ ਮੂਹਰੇ ਜਾ ਖੜ੍ਹਾ।

-"ਕਿੱਥੇ ਐ ਨੀ ਤੇਰੇ ਵੱਡੇ ਸੂਰਮੇ ਪੁੱਤ...? ਕੱਢ ਬਾਹਰ ਉਹਨਾਂ ਨੂੰ...!" ਉਸ ਨੇ ਗੁਰਮੇਲ ਕੌਰ ਨੂੰ ਵਾਲ਼ਾਂ ਤੋਂ ਫੜ ਲਿਆ। ਗੁਰਮੇਲ ਕੌਰ ਨੇ ਹੱਥ ਵਿੱਚ ਫੜਿਆ ਵੇਲਣਾਂ ਪੂਰੇ ਜੋਰ ਨਾਲ਼ ਟੁੰਡੇ ਦੇ ਹੱਥ 'ਤੇ ਮਾਰਿਆ। ਇੱਕ ਵਾਰ ਤਾਂ ਟੁੰਡੇ ਨੂੰ ਭੰਬੂਤਾਰੇ ਦਿਸੇ। ਪਰ ਉਹ ਸੰਭਲ਼ ਗਿਆ।

-"ਤੂੰ ਦੁਨੀਆਂ ਦੇ ਵੈਲੀ ਬੰਦੇ ਨੂੰ ਮਾਰਨ ਆਉਨੀ ਐਂ ਕੁੱਤੀਏ...?" ਉਸ ਨੇ ਗੁਰਮੇਲ ਕੌਰ 'ਤੇ ਲੱਤਾਂ ਘਸੁੰਨਾਂ ਦਾ ਮੀਂਹ ਵਰ੍ਹਾ ਦਿੱਤਾ। ਜਸਮੇਲ ਕੌਰ ਬਚਾਓ ਲਈ ਰੌਲ਼ਾ ਪਾਉਣ ਲੱਗ ਪਈ। ਪੈਂਦੀ ਸੱਟੇ ਭੋਲੇ ਨੇ ਸ਼ਰਾਬੀ ਟੁੰਡੇ ਨੂੰ ਆ ਢਾਹਿਆ ਅਤੇ ਮਿੰਟਾਂ ਵਿੱਚ ਮੋਰ ਬਣਾ ਦਿੱਤਾ। ਰੌਲ਼ਾ ਸੁਣ ਕੇ ਆਂਢ ਗੁਆਂਢ ਦੇ ਲੋਕ ਇਕੱਠੇ ਹੋ ਗਏ। ਬੱਲੀ, ਭੋਲੇ ਅਤੇ ਜੱਸੀ ਨੇ ਟੁੰਡੇ ਦੇ ਜੋ ਹੱਥ ਆਇਆ, ਮਾਰ ਦਿੱਤਾ। ਟੁੰਡੇ ਨੇ ਉਹਨਾਂ ਦੀ ਨਿਹੱਥੀ ਅਤੇ ਨਿਰਦੋਸ਼ ਮਾਂ ਉਪਰ ਹਮਲਾ ਕੀਤਾ ਸੀ।

ਆਂਢ ਗੁਆਂਢ ਦੇ ਲੋਕਾਂ ਨੇ ਵਿੱਚ ਪੈ ਕੇ ਟੁੰਡੇ ਨੂੰ ਉਹਨਾਂ ਤੋਂ ਛੁਡਾਇਆ।

ਟੁੰਡਾ ਲਹੂ ਲੁਹਾਣ ਸੀ। ਉਸ ਦੇ ਸਿਰ 'ਚੋਂ ਖ਼ੂਨ ਧਰਾਲ਼ੀਂ ਵਹਿ ਰਿਹਾ ਸੀ। ਅੱਖ ਕੋਲ਼ੋਂ ਬਿੱਲੀ ਦੀ ਪੂਛ ਵਰਗੀ ਧਾਰ ਵਗ ਰਹੀ ਸੀ। ਉਹ ਬੌਂਦਲਿਆ ਜਿਹਾ ਧਰਤੀ 'ਤੇ ਲਿਟਿਆ ਪਿਆ ਸੀ।

ਬਿਗਾਨੇ ਪਿੰਡ ਦਾ ਬਦਮਾਸ਼ ਸ਼ਰਾਬੀ ਹੋ ਕੇ ਪਿੰਡ ਦੀ ਔਰਤ ਦੀ ਇੱਜ਼ਤ ਨੂੰ ਆ ਚਿੰਬੜਿਆ ਸੀ, ਇਹ ਸਾਰੇ ਪਿੰਡ ਲਈ ਨਮੋਸ਼ੀ ਵਾਲ਼ੀ ਗੱਲ ਸੀ।

-"ਸਾਲ਼ਾ ਬਿਗਾਨੇ ਪਿੰਡ ਦਾ ਲਗਾੜਾ ਆ ਕੇ ਪਿੰਡ ਦੀਆਂ ਬੁੜ੍ਹੀਆਂ ਦੀ ਇੱਜ਼ਤ ਨੂੰ ਪੈਂਦੈ, ਕੌਣ ਐ ਇਹ...?" ਕਿਸੇ ਨੇ ਬੇਬ੍ਹਵੀ ਗੱਲ ਪੁੱਛੀ।

-"ਮੈਂ ਇਹਨੂੰ ਡੋਗਰ ਤੇ ਉਹਦੇ ਭਰਾ ਬੇਲੇ ਨਾਲ਼ ਦਾਰੂ ਪੀਂਦਾ ਕਈ ਵਾਰ ਦੇਖਿਐ...।" ਕਿਸੇ ਨੇ ਅਜੀਬ ਹੀ ਭਾਖਿਆ ਦਿੱਤੀ ਤਾਂ ਸਾਰੇ ਪਿੰਡ ਦਾ ਗੁੱਸਾ ਡੋਗਰ ਅਤੇ ਬੇਲੇ ਵੱਲ ਨੂੰ ਮੁੜ ਪਿਆ।


-"ਓਏ ਬਹੁੜੀ ਓਏ...! ਪਿੰਡ 'ਚ ਮੂੰਹ ਰੋਸੇ ਤਾਂ ਵੀਹ ਵਾਰੀ ਹੋ ਜਾਂਦੇ ਐ, ਕਿਸੇ ਬਲੱਜ ਨੂੰ ਲਿਆ ਕੇ ਡਰਾਵੇ ਦੁਆਉਣੇ ਕਿੱਧਰਲੀ ਅਕਲ ਵਾਲ਼ੀ ਗੱਲ ਐ...?" ਅਮਲੀ ਬੋਲਿਆ, "ਇਹ ਤਾਂ ਸਰਾਸਰ ਗਲਤ ਐ...!"

-"ਇਹ ਤਾਂ ਸਾਰੇ ਪਿੰਡ ਦੀ ਦਾੜ੍ਹੀ 'ਚ ਮੂਤਣ ਆਲ਼ੀ ਗੱਲ ਐ ਭਾਈ...।" ਗਿਆਨੀ ਵੀ ਕਰੋਧੀ ਹੋਇਆ ਖੜ੍ਹਾ ਸੀ।

-"ਐਹਨੂੰ ਸਾਲ਼ੇ ਨੂੰ ਪਾਣੀ ਧਾਣੀ ਪਿਆਓ, ਕਿਤੇ ਇਹ ਨਾ ਗੱਡੀ ਚੜ੍ਹਜੇ...!" ਕਿਸੇ ਨੇ ਫੱਟੜ ਟੁੰਡੇ ਵੱਲ ਉਂਗਲ਼ ਕਰ ਕੇ ਕਿਹਾ। ਟੁੰਡਾ ਹਲਾਲ ਕੀਤੇ ਕੁੱਕੜ ਵਾਂਗ ਲਹੂ ਨਾਲ਼ ਭਿੱਜਿਆ ਪਿਆ ਸੀ।

-"ਮਰਨ ਦਿਓ ਮੇਰੇ ਸਾਲ਼ੇ ਨੂੰ...! ਐਹੋ ਜੇ ਤੋਂ ਕੀ ਕਾਢਾ ਕਢਵਾਉਣੈ, ਜਿਹੜਾ ਧੀ ਭੈਣ ਦੀ ਇੱਜ਼ਤ ਦਾ ਸਾਂਝੀ ਨੀ...।"

(ਚਲਦਾ)....




ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!
-ਸੰਪਾਦਕ

# ਕੀ ਜਿਮਨੀ ਚੋਣ ਦੀ ਜਿੱਤ ਅਗਲੀ ਸਰਕਾਰ ਦਾ ਕੋਈ ਪੈਮਾਨਾ ਹੁੰਦੀ ਹੈ




**ਬਲਵਿੰਦਰ ਸਿੰਘ ਭੁੱਲਰ**

ਜ਼ਿਮਨੀ ਚੋਣਾਂ ਹਰ ਸਰਕਾਰ ਦੌਰਾਨ ਹੀ ਆਉਂਦੀਆਂ ਰਹਿੰਦੀਆਂ ਹਨ। ਚੋਣ ਦਾ ਐਲਾਨ ਹੁੰਦਾ ਹੈ, ਵੋਟਾਂ ਪੈਂਦੀਆਂ ਹਨ, ਨਤੀਜਾ ਆਉਂਦਾ ਹੈ ਅਤੇ ਜਿੱਤ ਚੁੱਕਿਆ ਉਮੀਦਵਾਰ ਵਿਧਾਇਕ ਵਜੋਂ ਸਹੁੰ ਚੁੱਕ ਲੈਂਦਾ ਹੈ ਅਤੇ ਕੰਮ ਖਤਮ ਹੋ ਜਾਂਦਾ ਹੈ। ਪਰ ਪਿਛਲੇ ਦਿਨੀਂ ਤਰਨਤਾਰਨ ਹਲਕੇ ਦੀ ਜ਼ਿਮਨੀ ਚੋਣ ਦੇ ਜੇਤੂ ਸ੍ਰ. ਹਰਮੀਤ ਸਿੰਘ ਨੇ ਭਾਵੇਂ ਸਹੁੰ ਚੁੱਕ ਲਈ ਹੈ, ਪਰ ਇਸ ਚੋਣ ਦਾ ਕੰਮ ਅਜੇ ਸਮੇਟਿਆ ਹੋਇਆ ਨਜ਼ਰ ਨਹੀਂ ਆ ਰਿਹਾ। ਸਗੋਂ ਚੋਣ ਪ੍ਰਕਿਰਿਆ ਖਤਮ ਹੋਣ ਤੋਂ ਬਾਅਦ ਦਿਨੋ ਦਿਨ ਚਰਚਾਵਾਂ ਵਧ ਰਹੀਆਂ ਹਨ ਕਿ ਚੋਣਾਂ ਸਮੇਂ ਕੀ ਹੋਇਆ?

ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਸ੍ਰੀਮਤੀ ਸੁਖਵਿੰਦਰ ਕੌਰ ਰੰਧਾਵਾ ਸੀ ਅਤੇ ਉਸਦੀ ਕਵਰਿੰਗ ਉਮੀਦਵਾਰ ਵਜੋਂ ਉਸਦੀ ਧੀ ਕੰਚਨਪ੍ਰੀਤ ਕੌਰ ਨੇ ਫਾਰਮ ਭਰੇ ਸਨ, ਜੋ ਕਾਫ਼ੀ ਸਮੇਂ ਤੋਂ ਕੈਨੇਡਾ ਰਹਿੰਦੀ ਹੈ। ਸ੍ਰੀਮਤੀ ਰੰਧਾਵਾ ਨੂੰ ਚੰਗੀਆਂ ਵੋਟਾਂ ਹਾਸਲ ਹੋਈਆਂ ਅਤੇ ਉਹ ਨਤੀਜੇ ਵਿੱਚ ਦੂਜੇ ਸਥਾਨ 'ਤੇ ਰਹੀ। ਇਸ ਨਤੀਜੇ ਤੋਂ ਅਕਾਲੀ ਦਲ ਬਹੁਤ ਖੁਸ਼ ਅਤੇ ਹੌਸਲੇ ਵਿੱਚ ਹੈ। ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਪਿਛਲੇ ਕਰੀਬ ਦੋ ਦਹਾਕਿਆਂ ਤੋਂ ਮਾੜੀ ਹਾਲਤ ਵਿੱਚ ਪਹੁੰਚ ਚੁੱਕੇ ਅਕਾਲੀ ਦਲ ਨੂੰ ਆਕਸੀਜਨ ਮਿਲੀ ਹੈ, ਪਰ ਇਸਦੇ ਨਾਲ ਨਾਲ ਪਾਰਟੀ ਅਤੇ ਉਮੀਦਵਾਰ ਦੇ ਪਰਿਵਾਰ ਦੀ ਕਾਰਗੁਜ਼ਾਰੀ 'ਤੇ ਵੀ ਕਈ ਸਵਾਲ ਉੱਠ ਰਹੇ ਹਨ। ਅਕਾਲੀ ਉਮੀਦਵਾਰ ਦੀ ਧੀ ਬੀਬੀ ਕੰਚਨਪ੍ਰੀਤ ਕੌਰ ਹਲਕੇ ਵਿੱਚ ਮੁੱਖ ਬੁਲਾਰੇ ਵਜੋਂ ਵਿਚਰਦੀ ਰਹੀ ਅਤੇ ਉਸਨੇ ਮੁਹਿੰਮ ਨੂੰ ਪੂਰਾ ਭਖਾਇਆ ਅਤੇ ਪ੍ਰਚਾਰ ਕੀਤਾ। ਉਮੀਦਵਾਰ ਦੇ ਪਰਿਵਾਰਕ ਮੈਂਬਰ ਪ੍ਰਚਾਰ ਕਰਦੇ ਹੀ ਹੁੰਦੇ ਹਨ, ਇਸ ਗੱਲ ਦਾ ਤਾਂ ਕਿਸੇ ਨੂੰ ਕੋਈ ਇਤਰਾਜ਼ ਨਹੀਂ ਸੀ ਹੋ ਸਕਦਾ, ਪਰ ਉਸਨੇ ਪ੍ਰਚਾਰ ਕਰਨ ਦਾ ਸਾਧਨ ਕਿਹੜਾ ਵਰਤਿਆ, ਇਹ ਹਰ ਬੁੱਧੀਜੀਵੀ ਅਤੇ ਜਾਗਰੂਕ ਵਿਅਕਤੀ ਨੂੰ ਜ਼ਰੂਰ ਚੁੱਭਦਾ ਹੈ।

ਕੰਚਨਪ੍ਰੀਤ 'ਤੇ ਦੋਸ਼ ਲਗਦੇ ਰਹੇ ਕਿ ਉਸਦੇ ਇਸ ਹਲਕੇ ਦੇ ਇੱਕ ਵੱਡੇ ਗੈਂਗਸਟਰ ਅੰਮ੍ਰਿਤਪਾਲ ਸਿੰਘ ਬਾਠ ਨਾਲ ਨਜ਼ਦੀਕੀ ਸਬੰਧ ਹਨ, ਜਿਸ 'ਤੇ ਕਈ ਮੁਕੱਦਮੇ ਦਰਜ ਹਨ। ਇਹ ਵੀ ਦੱਸਿਆ ਜਾ ਰਿਹਾ ਹੈ ਕਿ ਕੰਚਨਪ੍ਰੀਤ ਕੌਰ ਕੈਨੇਡਾ ਵਿੱਚ ਇਸ ਅੰਮ੍ਰਿਤਪਾਲ ਬਾਠ ਨਾਲ ਲਿਵ ਇਨ ਰਿਲੇਸ਼ਨ ਦੇ ਤੌਰ 'ਤੇ ਕਈ ਸਾਲਾਂ ਤੋਂ ਰਹਿ ਰਹੀ ਹੈ। ਚੋਣਾਂ ਸਮੇਂ ਵੋਟਰਾਂ ਨੂੰ ਉਸ (ਅੰਮ੍ਰਿਤਪਾਲ ਬਾਠ) ਰਾਹੀਂ ਧਮਕੀਆਂ ਦਿਵਾਈਆਂ ਗਈਆਂ ਕਿ ਜੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਹਰਮੀਤ ਸਿੰਘ ਨੂੰ ਵੋਟ ਪਾਈ ਗਈ ਤਾਂ ਉਸਨੂੰ ਜਾਨੋ ਮਾਰ ਦਿੱਤਾ ਜਾਵੇਗਾ। ਅਕਾਲੀ ਦਲ ਨੂੰ ਵੋਟ ਪਾਉਣ ਲਈ ਹਦਾਇਤਾਂ ਵੀ ਕੀਤੀਆਂ ਗਈਆਂ। ਇਨ੍ਹਾਂ ਦੋਸ਼ਾਂ ਦੇ ਆਧਾਰ 'ਤੇ ਮੁਕੱਦਮੇ ਵੀ ਦਰਜ ਹੋਏ ਹਨ। ਆਮ ਲੋਕ ਅਜਿਹੇ ਮੁਕੱਦਮਿਆਂ ਨੂੰ ਵੀ ਕਈ ਵਾਰ ਝੂਠੇ ਮੰਨ ਜਾਂਦੇ ਹਨ, ਪਰ ਕੰਚਨਪ੍ਰੀਤ ਦਾ ਭਾਰਤ ਆਉਣਾ ਅਤੇ ਵਾਪਸ ਜਾਣਾ, ਗੈਂਗਸਟਰ ਬਾਠ ਨਾਲ ਸਬੰਧਾਂ ਅਤੇ ਉਸ ਵਿਰੁੱਧ ਦਰਜ ਮੁਕੱਦਮਿਆਂ ਬਾਰੇ ਕਾਫ਼ੀ ਕੁਝ ਸਪਸ਼ਟ ਕਰਦੇ ਹਨ। ਕੰਚਨਪ੍ਰੀਤ ਕੌਰ ਕੈਨੇਡਾ ਤੋਂ ਨਿਪਾਲ ਰਸਤੇ ਚੋਣਾਂ ਤੋਂ ਪਹਿਲਾਂ ਭਾਰਤ ਆਈ। ਕਰੀਬ ਦੋ ਮਹੀਨੇ ਪੰਜਾਬ ਵਿੱਚ ਰਹਿ ਕੇ ਪ੍ਰਚਾਰ ਕੀਤਾ। ਵੋਟਾਂ ਪੈਣ ਤੋਂ ਤੁਰੰਤ ਬਾਅਦ ਨਿਪਾਲ ਰਸਤੇ ਹੀ ਕੈਨੇਡਾ ਵੱਲ ਚੋਰੀ ਚੋਰੀ ਚਲੀ ਗਈ। ਜੇਕਰ ਉਹ ਸੱਚੀ ਸੀ, ਉਸਦਾ ਕੋਈ ਕਸੂਰ ਜਾਂ ਦੋਸ਼ ਨਹੀਂ ਸੀ ਤਾਂ ਉਸਨੇ ਅਜਿਹਾ ਕਿਉਂ ਕੀਤਾ? ਉਸਦੀ ਇਹ ਕਾਰਵਾਈ ਵੋਟਰਾਂ ਨੂੰ ਧਮਕਾਉਣ ਵਾਲੇ ਮੁਕੱਦਮਿਆਂ ਨੂੰ ਜਾਇਜ਼ ਠਹਿਰਾਉਣ ਵੱਲ ਇਸ਼ਾਰਾ ਕਰਦੀ ਹੈ। ਸਵਾਲ ਉੱਠਦਾ ਹੈ ਕਿ ਅਕਾਲੀ ਦਲ ਹੁਣ ਗੈਂਗਸਟਰਾਂ ਨੂੰ ਮੋਹਰੇ ਲਾ ਕੇ ਚੋਣਾਂ ਲੜਿਆ ਕਰੇਗਾ? ਇਹ ਰੁਝਾਨ ਰਾਜਨੀਤੀ ਲਈ ਲਾਭਦਾਇਕ ਨਹੀਂ ਹੋਵੇਗਾ ਅਤੇ ਨਾ ਹੀ ਸ਼੍ਰੋਮਣੀ ਅਕਾਲੀ ਦਲ ਕਦੇ ਅਜਿਹੀ ਨੀਤੀ ਦਾ ਮੁਦਈ ਰਿਹਾ ਹੈ।

ਦੂਜੀ ਗੱਲ, ਨਤੀਜੇ ਵਿੱਚ ਦੂਜੇ ਸਥਾਨ 'ਤੇ ਆ ਜਾਣ ਬਾਅਦ ਅਕਾਲੀ ਦਲ ਨੇ ਹੰਕਾਰੀ ਲਹਿਜੇ ਵਿੱਚ ਪ੍ਰਚਾਰ ਕੀਤਾ ਕਿ ਅਗਲੀ ਸਰਕਾਰ ਉਹਨਾਂ ਦੀ ਪਾਰਟੀ ਦੀ ਹੋਵੇਗੀ ਅਤੇ ਸ੍ਰ. ਸੁਖਬੀਰ ਸਿੰਘ ਬਾਦਲ ਮੁੱਖ ਮੰਤਰੀ ਹੋਣਗੇ। ਲੋਕਾਂ ਉੱਤੇ ਪ੍ਰਭਾਵ ਬਣਾਉਣ ਅਤੇ ਵਿਰੋਧੀਆਂ ਨੂੰ ਡਰਾਉਣ ਦੇ ਇਰਾਦੇ ਨਾਲ ਸੁਖਬੀਰ ਬਾਦਲ ਨੂੰ ਡੈਨਾਸੋਰ ਦਾ ਸੰਗਲ ਫੜ ਕੇ ਤੁਰਿਆ ਜਾਂਦਾ ਵਿਖਾਇਆ ਗਿਆ, ਜਿਵੇਂ ਇਹ ਹਊਆ ਖੜ੍ਹਾ ਕੀਤਾ ਜਾਵੇ ਕਿ "ਆ ਗਿਆ ਸੁਖਬੀਰ ਬਾਦਲ!" ਵੱਡੀ ਸ਼ਕਤੀ ਹਾਸਲ ਕਰਕੇ, ਜਿਹੜਾ ਡੈਨਾਸੋਰ ਨੂੰ ਵੀ ਕਾਬੂ ਕਰ ਲਵੇਗਾ। ਅਸਲ ਵਿੱਚ ਡੈਨਾਸੋਰ ਨੂੰ ਵਿਰੋਧੀ ਧਿਰ ਜਾਂ ਅਫਸਰਸ਼ਾਹੀ ਵਜੋਂ ਪੇਸ਼ ਕੀਤਾ ਗਿਆ ਸੀ। ਇਹ ਪ੍ਰਚਾਰ ਵੀ ਅਕਾਲੀ ਦਲ ਦੀਆਂ ਨੀਤੀਆਂ ਅਤੇ ਸਿੱਖ ਸਿਧਾਂਤ ਅਨੁਸਾਰ ਸੰਗਤਾਂ ਮੋਹਰੇ ਨਿਮਾਣੇ ਸਿੱਖ ਵਜੋਂ ਪੇਸ਼ ਹੋਣ ਦੇ ਵਿਰੁੱਧ ਹੈ। ਇੱਥੇ ਹੀ ਬੱਸ ਨਹੀਂ, ਸ੍ਰ. ਸੁਖਬੀਰ ਸਿੰਘ ਬਾਦਲ ਤਾਂ ਅਗਲੀ ਸਰਕਾਰ ਲਈ ਮੰਤਰੀਆਂ ਦਾ ਐਲਾਨ ਵੀ ਕਰਨ ਲੱਗ ਪਿਆ, ਜਿਵੇਂ ਸਰਕਾਰ ਤਾਂ ਬਣ ਹੀ ਗਈ ਹੋਵੇ, ਬੱਸ ਸਹੁੰ ਚੁੱਕਣੀ ਹੀ ਰਹਿੰਦੀ ਹੋਵੇ। ਇੱਥੇ ਹੀ ਬੱਸ ਨਹੀਂ, ਪਾਰਟੀ ਪ੍ਰਧਾਨ ਸ੍ਰ. ਬਾਦਲ ਭਾਸ਼ਣਾਂ ਵਿੱਚ ਕਹਿ ਰਹੇ ਹਨ ਕਿ ਸੱਤਾ ਸੰਭਾਲ ਲੈਣ 'ਤੇ ਅਕਾਲੀ ਸਰਕਾਰ ਪਹਿਲਾਂ ਵਾਂਗ ਡਟ ਕੇ ਕੰਮ ਕਰੇਗੀ। ਪਰ ਸ਼ਾਇਦ ਉਹ ਭੁੱਲ ਗਏ ਹਨ ਕਿ ਪਹਿਲੀ ਉਹਨਾਂ ਦੀ ਸਰਕਾਰ ਵੇਲੇ ਹੋਏ ਕੰਮਾਂ ਕਾਰਨ ਹੀ ਅਕਾਲੀ ਦਲ ਅਰਸ਼ ਤੋਂ ਫਰਸ਼ 'ਤੇ ਆ ਗਿਆ ਸੀ। ਸ੍ਰ. ਬਾਦਲ ਨੂੰ ਅਕਾਲੀ ਸਰਕਾਰ ਵੇਲੇ ਦੇ ਮੰਤਰੀ ਮੰਡਲ ਸਮੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁਖ ਖੜ੍ਹ ਕੇ ਮੁਆਫ਼ੀਆਂ ਮੰਗਣੀਆਂ ਪਈਆਂ ਸਨ ਅਤੇ ਧਾਰਮਿਕ ਸਜ਼ਾ ਭੁਗਤਣੀ ਪਈ ਸੀ। ਕੀ ਅਗਲੀ ਸਰਕਾਰ ਬਣਨ 'ਤੇ ਵੀ ਉਹੋ ਜਿਹੇ ਕੰਮ ਹੀ ਹੋਣਗੇ, ਜੋ ਪਿਛਲੀ ਸਰਕਾਰ ਵੇਲੇ ਹੋਏ ਸਨ?

ਜ਼ਿਮਨੀ ਚੋਣ ਨਤੀਜੇ ਵਿੱਚ ਦੂਜੇ ਸਥਾਨ 'ਤੇ ਆਉਣ ਨਾਲ ਸਰਕਾਰ ਨਹੀਂ ਬਣ ਜਾਂਦੀ। ਜੇ ਮਨਦੀਪ ਸਿੰਘ ਦੂਜੇ ਨੰਬਰ 'ਤੇ ਆ ਜਾਂਦਾ ਤਾਂ ਕੀ ਉਸਦੀ ਸਰਕਾਰ ਬਣ ਜਾਂਦੀ? ਜੇ ਕੋਈ ਆਜ਼ਾਦ ਦੂਜੇ ਸਥਾਨ 'ਤੇ ਆ ਜਾਂਦਾ ਤਾਂ ਕੀ ਉਹ ਅਗਲੀ ਸਰਕਾਰ ਬਣਾ ਲੈਂਦਾ? ਦੂਜੇ ਸਥਾਨ 'ਤੇ ਆਉਣਾ ਨਾ ਕੋਈ ਪੈਮਾਨਾ ਹੈ ਅਤੇ ਨਾ ਹੀ ਭਵਿੱਖ ਦਾ ਕੋਈ ਅੰਦਾਜ਼ਾ ਲਾਇਆ ਜਾ ਸਕਦਾ ਹੈ। ਜੇ ਕਾਂਗਰਸ ਏਕਤਾ ਨਾਲ ਜਿੱਤ ਹਾਸਲ ਕਰਨ ਵਾਸਤੇ ਚੋਣ ਲੜਦੀ ਤਾਂ ਉਹ ਵੀ ਦੂਜੇ ਸਥਾਨ 'ਤੇ ਆ ਸਕਦੀ ਸੀ, ਪਰ ਉਹ ਤਾਂ ਹਾਰਨ ਹਰਾਉਣ ਦੀ ਲੜਾਈ ਹੀ ਲੜ ਰਹੀ ਸੀ। ਦੂਜੇ ਪਾਸੇ ਆਮ ਆਦਮੀ ਪਾਰਟੀ 'ਤੇ ਦੋਸ਼ ਲੱਗ ਰਹੇ ਹਨ ਕਿ ਤਰਨਤਾਰਨ ਚੋਣ ਮੌਜੂਦਾ ਰਾਜ ਸਰਕਾਰ ਦੇ ਦਬਾਅ ਅਤੇ ਪੁਲਿਸ ਦੀ ਮਦਦ ਨਾਲ ਜਿੱਤੀ ਗਈ ਹੈ। ਕਾਫ਼ੀ ਹੱਦ ਤਕ ਇਹ ਸਚਾਈ ਵੀ ਹੋ ਸਕਦੀ ਹੈ, ਸਰਕਾਰ ਭਾਵੇਂ ਕੋਈ ਵੀ ਹੋਵੇ, ਜ਼ਿਮਨੀ ਚੋਣ ਉਹ ਦਬਾਅ ਨਾਲ ਹੀ ਜਿੱਤਦੀ ਹੁੰਦੀ ਹੈ। ਤਰਨਤਾਰਨ ਦੀ ਇਸ ਜ਼ਿਮਨੀ ਚੋਣ ਸਮੇਂ ਕਥਿਤ ਤੌਰ 'ਤੇ ਪੁਲਿਸ ਰਾਜ, ਗੈਂਗਵਾਰ, ਗੁੰਡਾਗਰਦੀ, ਭ੍ਰਿਸ਼ਟਾਚਾਰ, ਧਮਕੀਆਂ ਆਦਿ ਦੀਆਂ ਚਰਚਾਵਾਂ ਵੀ ਹੁੰਦੀਆਂ ਰਹੀਆਂ ਹਨ।

ਸਿਆਸੀ ਪਾਰਟੀਆਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਡੰਡੇ ਦੇ ਜ਼ੋਰ ਨਾਲ ਲੋਕਰਾਜੀ ਹਕੂਮਤਾਂ ਨਹੀਂ ਚੱਲ ਸਕਦੀਆਂ, ਡਿਕਟੇਟਰਸ਼ਿੱਪ ਹੀ ਚੱਲ ਸਕਦੀ ਹੈ। ਪੰਜਾਬ ਦੇ ਲੋਕ ਤਾਨਾਸ਼ਾਹੀ ਦਾ ਨੱਕ ਭੰਨਣਾ ਵੀ ਜਾਣਦੇ ਹਨ। ਬੀਤੇ ਤੋਂ ਸਬਕ ਲੈ ਕੇ ਲੋਕ ਰਾਜ ਦੇ ਢੰਗ ਤਰੀਕਿਆਂ ਦੇ ਆਧਾਰ 'ਤੇ ਨੀਤੀਆਂ ਤੈਅ ਕਰਨੀਆਂ ਚਾਹੀਦੀਆਂ ਹਨ, ਡਰਾਵੇ, ਧਮਕੀਆਂ ਨਾ ਲੋਕ ਹਿਤ ਵਿੱਚ ਹੋਣਗੀਆਂ ਅਤੇ ਨਾ ਹੀ ਸੂਬੇ ਦੇ ਹਿਤ ਵਿੱਚ। ਸ਼੍ਰੋਮਣੀ ਅਕਾਲੀ ਦਲ ਲਈ ਇਸ ਚੋਣ ਨਤੀਜੇ ਤੋਂ ਅਗਲੀ ਸਰਕਾਰ ਬਣ ਜਾਣ ਦਾ ਭੁਲੇਖਾ ਮਨ ਵਿੱਚੋਂ ਕੱਢ ਦੇਣਾ ਚਾਹੀਦਾ ਹੈ ਆਪਣੀਆਂ ਪੁਰਾਤਨ ਰਿਵਾਇਤਾਂ ਅਨੁਸਾਰ ਆਮ ਲੋਕਾਂ ਵਿੱਚ ਸੰਪਰਕ ਸਥਾਪਤ ਕਰਨ ਵੱਲ ਧਿਆਨ ਦੇਣਾ ਚਾਹੀਦਾ ਹੈ। ਹੰਕਾਰੀ ਸ਼ਬਦਾਵਲੀ ਸਹਾਈ ਨਹੀਂ ਹੋ ਸਕਦੀ, ਬਲਕਿ ਲੋਕਾਂ ਨਾਲੋਂ ਦੂਰੀਆਂ ਬਣਾਉਣ ਦਾ ਆਧਾਰ ਬਣ ਸਕਦੀ ਹੈ।



# ਸਰਕਾਰਾਂ ਅਤੇ ਸਿਆਸੀ ਲੋਕਾਂ ਹਥਿਆਈਆਂ ਸਥਾਨਕ ਸਰਕਾਰਾਂ

ਗੁਰਮੀਤ ਸਿੰਘ ਪਲਾਹੀ
-9815802070





**ਹਰ ਤਿਮਾਹੀ, ਛਿਮਾਹੀ ਪੰਜਾਬ ਚੋਣਾਂ 'ਚ ਝੋਕਿਆ ਜਾ ਰਿਹਾ ਹੈ। ਕਦੇ ਪੰਚਾਇਤ ਚੋਣਾਂ, ਕਦੇ ਮਿਊਂਸਪਲ ਚੋਣਾਂ, ਕਦੇ ਕਿਸੇ ਹਲਕੇ ਦੀ ਉਪ ਚੋਣ। ਅਤੇ ਜਿਸ ਢੰਗ ਨਾਲ ਇਹ ਚੋਣਾਂ ਕੀਤੀਆਂ, ਕਰਵਾਈਆਂ ਜਾਂਦੀਆਂ ਹਨ, ਇਹਨਾਂ ਪੰਚਾਇਤ ਚੋਣਾਂ ਵੇਲੇ ਵੀ, ਮਿਊਂਸਪਲ ਕਾਰਪੋਰੇਸ਼ਨ ਚੋਣਾਂ ਵੇਲੇ ਵੀ ਇਹਨਾਂ ਉੱਤੇ ਵੱਡੇ ਸਵਾਲ ਖੜੇ ਹੋਏ। ਸਰਕਾਰ ਕਟਿਹਰੇ 'ਚ ਲੋਕਾਂ ਵੱਲੋਂ ਖੜੀ ਕੀਤੀ ਗਈ। ਉਸ ਵੱਲੋਂ ਪਿੰਡਾਂ 'ਚ ਆਪਣੇ ਬੰਦਿਆਂ ਰਾਹੀਂ ਸਰਪੰਚ, ਪੰਚ ਬਣਾਏ ਗਏ ਤਾਂ ਕਿ ਇੰਝ ਦਿਸੇ ਕਿ ਪਿੰਡਾਂ 'ਚ ਸਿਆਸੀ ਤਾਕਤ ਸਰਕਾਰ ਹੱਥ ਹੈ। ਧੜੇਬੰਦੀ, ਪੈਸੇ, ਧੱਕੇ ਧੌਂਸ ਦਾ ਪੂਰਾ ਬੋਲਬਾਲਾ ਦਿਸਿਆ। ਉਂਝ ਹਰੇਕ ਸਿਆਸੀ ਧਿਰ ਨੇ ਵੀ ਆਪਣੇ ਕਾਨੂੰਨੀ, ਗ਼ੈਰ-ਕਾਨੂੰਨੀ ਸਾਧਨਾਂ ਦੀ ਵਰਤੋਂ ਕੀਤੀ। ਹੁਣ ਇਹੋ ਵਰਤਾਰਾ ਬਲਾਕ ਸੰਮਤੀਆਂ ਅਤੇ ਜ਼ਿਲਾ ਪ੍ਰੀਸ਼ਦਾਂ ਦੀਆਂ ਚੋਣਾਂ 'ਚ ਵੇਖਣ ਨੂੰ ਮਿਲੇਗਾ। ਇਸ ਨਾਲ ਇਹਨਾਂ ਸਥਾਨਕ ਸਰਕਾਰਾਂ ਦੇ ਅਸਲ ਮੰਤਵ ਨੂੰ ਖੋਰਾ ਲੱਗੇਗਾ।**

ਪੰਜਾਬ ਵਿੱਚ ਸਾਲ 2025 'ਚ ਹੋਣ ਵਾਲੀਆਂ ਪੇਂਡੂ ਖੇਤਰ ਨਾਲ ਸੰਬੰਧਿਤ ਸਥਾਨਕ ਸਰਕਾਰਾਂ, ਬਲਾਕ ਸੰਮਤੀਆਂ, ਜ਼ਿਲਾ ਪ੍ਰੀਸ਼ਦਾਂ ਦੀਆਂ ਚੋਣਾਂ ਕਰਾਉਣ ਲਈ 14 ਦਸੰਬਰ 2025 ਦਾ ਦਿਨ, ਕਾਫ਼ੀ ਅੜਚਨਾਂ, ਅਦਾਲਤੀ ਕੇਸਾਂ ਦੇ ਨਿਪਟਾਰੇ ਤੋਂ ਬਾਅਦ, ਚੋਣ ਕਮਿਸ਼ਨ ਪੰਜਾਬ ਵੱਲੋਂ ਮਿਥਿਆ ਗਿਆ ਹੈ।

ਪੰਜਾਬ ਵਿੱਚ ਮੁੜ ਫਿਰ ਚੋਣ ਅਖਾੜਾ ਭਖੇਗਾ। ਪੰਜਾਬ ਦੀਆਂ ਸਿਆਸੀ ਪਾਰਟੀਆਂ ਪਿੰਡਾਂ ਦੇ ਲੋਕਾਂ 'ਚ ਆਪਣਾ ਅਧਾਰ ਲੱਭਣ ਲਈ ਸਰਗਰਮ ਹੋ ਗਈਆਂ ਹਨ। ਉਹਨਾਂ ਆਪੋ-ਆਪਣੇ ਚੋਣਾਵੀਂ ਚੋਣ ਨਿਸ਼ਾਨ 'ਤੇ ਚੋਣਾਂ ਲੜਨ ਦਾ ਬਿਗਲ ਵਜਾ ਦਿੱਤਾ ਹੈ। ਇੱਥੋਂ ਤੱਕ ਕਿ ਭਾਰਤੀ ਜਨਤਾ ਪਾਰਟੀ ਜਿਸ ਦਾ " ਕਿਸਾਨ ਅੰਦੋਲਨ" ਵੇਲੇ ਪਿੰਡਾਂ 'ਚ ਦਾਖ਼ਲਾ ਬੰਦ ਸੀ, ਉਹ ਵੀ ਇਹਨਾਂ ਚੋਣਾਂ 'ਚ ਸਰਗਰਮ ਹੋਈ ਦਿਸਦੀ ਹੈ।

ਕਾਰਨ ਸਪਸ਼ਟ ਹੈ, ਉਹ ਇਹ ਕਿ ਸਾਲ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸਿਆਸੀ ਧਿਰਾਂ ਆਪਣੇ 'ਪਰ' ਤੋਲਣਾ ਚਾਹੁੰਦੀਆਂ ਹਨ। ਇਹਨਾਂ ਚੋਣਾਂ 'ਚ ਇੱਕ ਕਰੋੜ ਛੱਤੀ ਲੱਖ ਵੋਟਰ ਹਿੱਸਾ ਲੈਣਗੇ ਅਤੇ 50 ਫ਼ੀਸਦੀ ਮਹਿਲਾ ਉਮੀਦਵਾਰ ਇਸ ਵਿੱਚ ਲਾਜ਼ਮੀ ਬਣਾਏ ਗਏ ਹਨ। ਕੀ ਇਹ 2027 ਦੀਆਂ ਚੋਣਾਂ ਦਾ ਸੈਮੀਫਾਈਨਲ ਹੋ ਨਿਬੜੇਗਾ?

ਕੇਂਦਰ ਦੀ ਸਰਕਾਰ ਨੇ ਸਾਲ 1992 ਵਿੱਚ 73ਵੀਂ ਸੋਧ ਕੀਤੀ ਸੀ। ਇਹ ਸੋਧ ਪੰਚਾਇਤੀ ਰਾਜ ਪ੍ਰਬੰਧ ਨੂੰ ਚੁਸਤ-ਦਰੁਸਤ ਕਰਨ ਲਈ ਸੀ। ਇਸ ਵਾਸਤੇ ਇੱਕ ਵਿਧੀ-ਵਿਧਾਨ ਬਣਾਇਆ ਗਿਆ ਸੀ। ਲੋਕਤੰਤਰੀ ਪ੍ਰਕਿਰਿਆ ਨੂੰ ਮਜ਼ਬੂਤ ਕਰਨ ਵੱਲ ਇਹ ਵੱਡਾ ਕਦਮ ਸੀ। ਇਸ ਸੋਧ ਅਧੀਨ ਪੇਂਡੂ ਸਥਾਨਕ ਸਰਕਾਰਾਂ ਨੂੰ ਵੱਡੇ-ਵੱਡੇ ਕੰਮ ਸੌਂਪਣਾ ਮਿਥਿਆ ਗਿਆ ਸੀ ਤਾਂ ਕਿ ਪਿੰਡਾਂ ਦੀਆਂ ਇਹ ਸੰਸਥਾਵਾਂ, ਪਿੰਡਾਂ ਦੇ ਢਾਂਚੇ ਦੇ ਵਿਕਾਸ, ਲਈ ਕੰਮ ਕਰ ਸਕਣ। ਪਿੰਡਾਂ 'ਚ ਨੌਜਵਾਨਾਂ ਲਈ ਰੁਜ਼ਗਾਰ ਮੁਖੀ ਪੜ੍ਹਾਈ ਲਈ ਮਦਦ ਕਰ ਸਕਣ। ਪਿੰਡਾਂ ਦੀ ਸਫ਼ਾਈ, ਪਿੰਡਾਂ 'ਚ ਸਿਹਤ ਸਹੂਲਤਾਂ, ਇੱਥੋਂ ਤੱਕ ਕਿ ਪਿੰਡਾਂ 'ਚ ਪੜ੍ਹਾਈ ਦਾ ਯੋਗ ਪ੍ਰਬੰਧ ਕਰਨ ਲਈ ਮੋਹਰੀ ਰੋਲ ਅਦਾ ਕਰ ਸਕਣ। ਪਰ ਤੇਤੀ ਵਰ੍ਹੇ ਬੀਤਣ ਬਾਅਦ ਵੀ ਇਹ ਸੰਸਥਾਵਾਂ ਜਾਪਦਾ ਹੈ ਮਿੱਥੇ ਨਿਸ਼ਾਨਿਆਂ ਵੱਲ ਸਾਰਥਕ ਕਦਮ ਨਹੀਂ ਪੁੱਟ ਸਕੀਆਂ। ਕਾਰਨ ਸਿੱਧਾ ਤੇ ਸਪਸ਼ਟ ਹੈ ਕਿ ਇਹਨਾਂ ਪੇਂਡੂ ਸਥਾਨਕ ਸਰਕਾਰਾਂ (ਪਿੰਡ ਪੰਚਾਇਤਾਂ, ਬਲਾਕ ਸੰਮਤੀਆਂ, ਜ਼ਿਲਾ ਪ੍ਰੀਸ਼ਦਾਂ) ਨੂੰ ਸਿਆਸੀ ਲੋਕਾਂ ਨੇ ਹਥਿਆ ਲਿਆ ਹੈ ਅਤੇ ਤਤਕਾਲੀ ਸਰਕਾਰਾਂ ਦੀ ਸਿਰੇ ਦੀ ਦਖ਼ਲ-ਅੰਦਾਜੀ ਨੇ ਇਹਨਾਂ ਸੰਸਥਾਵਾਂ ਦਾ ਰੂਪ ਹੀ ਬਿਗਾੜ ਕੇ ਰੱਖ ਦਿੱਤਾ ਹੈ।

ਆਓ, ਵੇਖੀਏ, ਪੰਜਾਬ ਦੇ ਪੇਂਡੂ ਸਮਾਜ ਦੇ ਹਾਲਾਤ ਕਿਹੋ ਜਿਹੇ ਹਨ। ਪੇਂਡੂ ਸਮਾਜ ਬੁਰੀ ਤਰ੍ਹਾਂ ਧੜੇਬੰਦੀ ਦਾ ਸ਼ਿਕਾਰ ਹੈ। ਜਾਤ-ਬਰਾਦਰੀ ਦੇ ਨਾਮ 'ਤੇ ਵੰਡਿਆ ਪਿਆ ਹੈ। ਬੇਰੁਜ਼ਗਾਰੀ ਨੇ ਨੌਜਵਾਨਾਂ ਦਾ ਨਾਸ ਮਾਰਿਆ ਹੋਇਆ ਹੈ। ਉਹ ਨਸ਼ਿਆਂ ਦੀ ਮਾਰ ਹੇਠ, ਗੈਂਗਸਟਰਾਂ ਦੇ ਪ੍ਰਭਾਵ ਹੇਠ ਅਤੇ ਸਿਆਸੀ ਨੇਤਾਵਾਂ ਦੀਆਂ ਕੋਝੀਆਂ ਚਾਲਾਂ 'ਚ ਫਸਕੇ ਪੰਜਾਬੀ ਸਮਾਜ ਦੀਆਂ ਅਸਲ ਕਦਰਾਂ-ਕੀਮਤਾਂ ਨੂੰ ਭੁਲਾਕੇ ਵੈਰ-ਵਿਰੋਧ, ਲੁੱਟ-ਖੋਹ, ਕਰਨ ਜਿਹੇ ਕਾਰਿਆਂ ਵੱਲ ਰੁਚਿਤ ਹੋਏ ਵਿਖਾਈ ਦਿੰਦੇ ਹਨ। ਇਸ ਪੇਂਡੂ ਭੈੜੇ ਮਾਹੌਲ ਦਾ ਲਾਹਾ "ਸਿਆਸੀ ਨੇਤਾ" ਚੁੱਕ ਰਹੇ ਹਨ, ਜਿਹੜੇ ਸਾਮ-ਦਾਮ-ਦੰਡ, ਜਿਹੇ ਹਥਿਆਰਾਂ ਨਾਲ ਤਾਕਤ ਹਥਿਆਕੇ ਸੱਤਾ 'ਤੇ ਕਾਬਜ਼ ਹੋਣਾ ਆਪਣਾ ਆਖ਼ਰੀ ਨਿਸ਼ਾਨਾ ਮਿਥੀ ਬੈਠੇ ਹਨ, ਜਿਹਨਾਂ ਲਈ ਸਮਾਜਕ ਸਾਰੋਕਾਰ, ਭਾਈਚਾਰਾ, ਸਮਾਜ ਸੇਵਾ, ਮਨੁੱਖੀ ਕਦਰਾਂ-ਕੀਮਤਾਂ ਕੋਈ ਅਰਥ ਨਹੀਂ ਰੱਖਦੀਆਂ।

ਜਿਹੜੀ ਵੀ ਸਿਆਸੀ ਧਿਰ ਪੰਜਾਬ ਸੂਬੇ ਦੀ ਗੱਦੀ ਉੱਤੇ ਕਾਬਜ਼ ਹੋਈ, ਉਸ ਵੱਲੋਂ ਪੇਂਡੂ ਸਥਾਨਕ ਸਰਕਾਰਾਂ ਨੂੰ ਨਿਸ਼ਾਨਾ ਬਣਾਇਆ ਗਿਆ। ਸੰਵਿਧਾਨ ਦੀ 73ਵੀਂ ਸੋਧ ਵਿੱਚ ਜਿਹੜੇ ਹੱਕ ਪੇਂਡੂ ਸੰਸਥਾਵਾਂ ਨੂੰ ਮਿਲੇ, ਉਹਨਾਂ ਨੂੰ ਆਪਣੇ ਸਰਕਾਰੀ ਨਿਯਮਾਂ, ਨੇਮਾਂ ਨਾਲ ਘਟਾਇਆ ਅਤੇ ਇਹਨਾਂ ਸੰਸਥਾਵਾਂ ਨੂੰ ਸਿਰਫ਼ ਸਰਕਾਰ ਉੱਤੇ ਨਿਰਭਰ ਹੋਣ 'ਤੇ ਮਜ਼ਬੂਰ ਕਰ ਦਿੱਤਾ।

ਪਿੰਡਾਂ ਦੀ ਸਭ ਤੋਂ ਪਹਿਲੀ ਸਥਾਨਕ ਇਕਾਈ ਗ੍ਰਾਮ ਸਭਾ ਹੈ। ਜਿਸ ਕੋਲ ਵੱਡੇ ਅਧਿਕਾਰ ਹਨ। ਇਹ ਪਿੰਡ ਦੇ ਵੋਟਰਾਂ ਦੀ ਸੰਸਥਾ ਹੈ। ਇਹ ਸੰਸਥਾ ਗ੍ਰਾਮ ਪੰਚਾਇਤ ਦੀ ਚੋਣ ਕਰਦੀ ਹੈ। ਇਹ ਗ੍ਰਾਮ ਸਭਾ ਬਲਾਕ ਸੰਮਤੀਆਂ ਅਤੇ ਜ਼ਿਲਾ ਪ੍ਰੀਸ਼ਦਾਂ ਚੁਣਦੀ ਹੈ। ਤਾਂ ਕਿ ਪਿੰਡਾਂ 'ਚ ਸਵੈ-ਸਾਸ਼ਨ ਪ੍ਰਣਾਲੀ ਲਾਗੂ ਹੋਵੇ ਅਤੇ ਕੇਂਦਰ ਅਤੇ ਸੂਬਾ ਸਰਕਾਰ ਦੀਆਂ ਸਕੀਮਾਂ ਲਾਗੂ ਕਰਨ ਦਾ ਕੰਮ ਵੀ ਇਹਨਾਂ ਸੰਸਥਾਵਾਂ ਕੋਲ ਹੈ। 73ਵੀਂ ਸੋਧ ਅਨੁਸਾਰ ਪੰਚਾਇਤਾਂ ਲਈ ਕੇਂਦਰੀ ਵਿੱਤ ਕਮਿਸ਼ਨ ਦੁਆਰਾ ਸਿਫ਼ਾਰਸ਼ ਕੀਤੇ ਅਨੁਸਾਰ ਫੰਡ ਪ੍ਰਾਪਤ ਕਰਨ ਦਾ ਪ੍ਰਾਵਾਧਾਨ ਤਾਂ ਹੈ ਹੀ, ਕੇਂਦਰੀ ਸਪਾਂਸਰਡ ਸਕੀਮਾਂ ਨੂੰ ਲਾਗੂ ਕਰਨ ਲਈ ਫੰਡ ਵੀ ਇਹਨਾਂ ਸੰਸਥਾਵਾਂ ਲਈ ਉਪਲੱਬਧ ਹਨ ਅਤੇ ਰਾਜ ਸਰਕਾਰਾਂ ਵੱਲੋਂ ਰਾਜ ਵਿੱਤ ਕਮਿਸ਼ਨਾਂ ਦੀਆਂ ਸਿਫ਼ਾਰਸ਼ਾਂ ਤੇ ਫੰਡ ਵੀ ਇਹਨਾਂ ਸੰਸਥਾਵਾਂ ਲਈ ਮਿਲਦੇ ਹਨ।

73ਵੀਂ ਸੋਧ ਅਨੁਸਾਰ ਸਰਕਾਰ ਦੇ 29 ਵਿਭਾਗਾਂ ਦਾ ਕੰਮ ਕਾਰ ਵੀ ਇਹਨਾਂ ਸੰਸਥਾਵਾਂ ਨੂੰ ਸੌਂਪਿਆ ਗਿਆ ਦੱਸਿਆ ਜਾਂਦਾ ਹੈ। ਇਸਦਾ ਪ੍ਰਬੰਧਨ ਜ਼ਿਲਾ ਪ੍ਰੀਸ਼ਦ ਰਾਹੀਂ ਕੀਤਾ ਜਾਣਾ ਮਿਥਿਆ ਗਿਆ ਹੈ।

ਪਰ ਆਓ ਵੇਖੀਏ ਅਸਲੀਅਤ ਕੀ ਹੈ। ਪਿੰਡ ਪੰਚਾਇਤਾਂ ਅਸਲ ਅਰਥਾਂ 'ਚ ਪੰਗੂ ਬਣਾ ਦਿੱਤੀਆਂ ਗਈਆਂ ਹਨ। ਪਿੰਡ ਪੰਚਾਇਤਾਂ ਦਾ ਸਾਰਾ ਕਾਰੋਬਾਰ ਅਤੇ ਵਿਕਾਸ ਕਾਰਜ ਅਸਿੱਧੇ ਤੌਰ 'ਤੇ ਬਲਾਕ ਵਿਕਾਸ ਅਤੇ ਪੰਚਾਇਤ ਅਧਿਕਾਰੀਆਂ ਦੇ ਹੱਥ ਕਰ ਦਿੱਤਾ ਹੋਇਆ ਹੈ। ਪਿੰਡ ਦਾ ਸਰਪੰਚ ਆਪਣੀ ਮਰਜ਼ੀ ਨਾਲ ਪੰਚਾਇਤ ਫੰਡ ਵਿੱਚੋਂ ਇੱਕ ਪੈਸਾ ਵੀ ਖ਼ਰਚਣ ਦਾ ਅਧਿਕਾਰੀ ਨਹੀਂ ਹੈ। ਪੰਚਾਇਤ ਸਕੱਤਰ, ਬਲਾਕ ਵਿਕਾਸ ਅਧਿਕਾਰੀ ਤੋਂ ਬਿਨ੍ਹਾਂ ਇੱਕ ਪੈਸਾ ਵੀ ਖ਼ਾਤੇ 'ਚੋਂ ਕੱਢਿਆ ਨਹੀਂ ਜਾ ਸਕਦਾ ਜਾਂ ਖ਼ਰਚਿਆ ਨਹੀਂ ਜਾ ਸਕਦਾ। ਉਹ ਵਿਅਕਤੀ ਜਿਸਨੂੰ ਸਮੁੱਚਾ ਪਿੰਡ ਵੋਟਾਂ ਪਾਕੇ ਚੁਣਦਾ ਹੈ, ਉਸ ਕੋਲ ਆਖ਼ਿਰ ਫਿਰ ਸ਼ਕਤੀ ਕਿਹੜੀ ਹੈ? ਇਹੋ ਹਾਲ ਪੰਚਾਇਤ ਸੰਮਤੀਆਂ, ਜ਼ਿਲਾ ਪ੍ਰੀਸ਼ਦਾਂ ਦਾ ਹੈ, ਜਿਹਨਾਂ ਦੀਆਂ ਸ਼ਕਤੀਆਂ ਅਫ਼ਸਰਸ਼ਾਹੀ ਅਤੇ ਹਾਕਮਾਂ ਨੇ ਆਪਣੇ ਲੜ ਬੰਨੀਆ ਹੋਈਆਂ ਹਨ। ਮੈਂਬਰ ਤਾਂ ਸਿਰਫ਼ ਮੀਟਿੰਗ ਦਾ "ਅਜੰਡਾ" ਬਣਾ ਕੇ ਰੱਖ ਦਿੱਤੇ ਗਏ ਹਨ। ਹੈਰਾਨੀ ਦੀ ਗੱਲ ਤਾਂ ਇਹ ਵੀ ਹੈ ਕਿ ਇਹਨਾਂ ਚੁਣੇ ਨੁਮਾਇੰਦਿਆਂ ਨੂੰ ਮਹੀਨਾ ਆਨਰੇਰੀਅਮ ਵੀ ਨਹੀਂ ਮਿਲਦਾ, ਜਿਵੇਂ ਕਾਰਪੋਰੇਸ਼ਨਾਂ ਦੇ ਮੈਂਬਰਾਂ ਨੂੰ ਮਿਲਦਾ ਹੈ।

ਇਹ ਸਪਸ਼ਟ ਕੀਤਾ ਗਿਆ ਸੀ ਸੋਧ ਵਿੱਚ ਕਿ ਪੇਂਡੂ ਭਾਰਤ 'ਚ ਸਧਾਰਨ ਸਰਕਾਰ ਇੱਕ ਮੁਢਲੀ ਪ੍ਰਣਾਲੀ ਹੈ। ਇਹਨਾਂ ਸੰਸਥਾਵਾਂ ਦਾ ਕੰਮ ਪਿੰਡਾਂ ਦਾ ਆਰਥਿਕ ਵਿਕਾਸ ਕਰਨ, ਸਮਾਜਿਕ ਨਿਆਂ ਨੂੰ ਮਜ਼ਬੂਤ ਕਰਨਾ ਮਿਥਿਆ ਸੀ।

ਇਹ ਸਪਸ਼ਟ ਕੀਤਾ ਗਿਆ ਕਿ ਪੇਂਡੂ ਭਾਰਤ 'ਚ ਸਥਾਨਕ ਸਰਕਾਰ ਇੱਕ ਮੁਢਲੀ ਪ੍ਰਣਾਲੀ ਹੈ। ਇਹਨਾ ਸੰਸਥਾਵਾਂ ਦਾ ਕੰਮ ਪਿੰਡਾਂ ਦਾ ਆਰਥਿਕ ਵਿਕਾਸ ਕਰਨਾ, ਸਮਾਜਿਕ ਨਿਆਂ ਨੂੰ ਮਜ਼ਬੂਤ ਕਰਨਾ ਅਤੇ ਸੂਬਾ ਅਤੇ ਕੇਂਦਰ ਸਰਕਾਰ ਦੀਆਂ ਯੋਜਨਾਵਾਂ ਲਾਗੂ ਕਰਨਾ ਹੈ। ਸਥਾਨਕ ਸਰਕਾਰਾਂ ਨੂੰ ਦੋਵੇਂ ਸਰਕਾਰਾਂ, ਕੇਂਦਰ ਤੇ ਸੂਬਾ ਸਰਕਾਰ ਦੇ ਬਰਾਬਰ ਸੰਵਿਧਾਨਿਕ ਅਧਿਕਾਰ ਮਿਲੇ।

ਪਰ ਕੁਝ ਇੱਕ ਸੂਬਾ ਸਰਕਾਰਾਂ ਨੂੰ ਛੱਡਕੇ ਵੱਡੀ ਗਿਣਤੀ ਸੂਬਾ ਸਰਕਾਰਾਂ ਨੇ ਪੰਚਾਇਤਾਂ ਨੂੰ ਅਧਿਕਾਰ ਨਹੀਂ ਦਿੱਤੇ ਹੋਏ। ਸਰਕਾਰੀ ਦਖ਼ਲ ਦੇ ਨਾਲ-ਨਾਲ ਸਿਆਸੀ ਦਖ਼ਲ ਨੇ ਪੰਚਾਇਤੀ ਪ੍ਰਬੰਧ ਨੂੰ ਖੋਖਲਾ ਕੀਤਾ ਹੋਇਆ ਹੈ। ਯੋਜਨਾਵਾਂ ਅਧੀਨ ਜਿਹੜੀ ਸਹਾਇਤਾ ਵਿੱਤ ਕਮਿਸ਼ਨ ਰਾਹੀਂ ਸਿੱਧਿਆਂ ਪੰਚਾਇਤੀ ਫੰਡਾਂ 'ਚ ਆਉਣੀ ਹੁੰਦੀ ਹੈ, ਉਸ ਉਤੇ ਵੀ ਅਫ਼ਸਰਸ਼ਾਹੀ ਤੇ ਕਾਬਜ ਸਿਆਸੀ ਧਿਰਾਂ ਆਪਣਾ ਕੁੰਡਾ ਰੱਖਦੀਆਂ ਹਨ। ਪੰਚਾਇਤੀ ਰਾਜ ਪ੍ਰਬੰਧਨ ਅਧੀਨ ਪੰਜਾਬ ਦੀ ਹਾਲਤ ਤਾਂ ਜ਼ਿਆਦਾ ਖਸਤਾ ਹੈ, ਜਿਸ ਅਨੁਸਾਰ ਪੰਚਾਇਤਾਂ ਤਾਂ ਪੰਚਾਇਤ ਸਕੱਤਰਾਂ ਅਤੇ ਮੁਲਾਜ਼ਮਾਂ ਦੇ ਰਹਿਮੋ-ਕਰਮ ਉਤੇ ਹੈ। ਗ੍ਰਾਮ ਸਭਾਵਾਂ, ਆਮ ਇਜਲਾਸ ਕਰਨ ਦੀ ਪਰੰਪਰਾਂ ਤਾਂ ਬੱਸ ਕਾਗਜ਼ੀ ਹੈ। ਸਰਪੰਚ, ਬਲਾਕ ਪੰਚਾਇਤਾਂ ਦਫ਼ਤਰਾਂ ਦੇ ਚੱਕਰ ਕੱਟਦੇ, ਕਾਰਵਾਈ ਰਜਿਸਟਰ ਲੈ ਕੇ ਬਿੱਲ ਆਦਿ ਦੇ ਭੁਗਤਾਣ ਲਈ, ਆਮ ਵੇਖੇ ਜਾਂਦੇ ਹਨ। ਸਿਤਮ ਦੀ ਗੱਲ ਤਾਂ ਇਹ ਹੈ ਕਿ ਬਲਾਕਾਂ 'ਚ ਪੰਚਾਇਤ ਸਕੱਤਰ, ਜਿਹਨਾ ਕੋਲ ਅਥਾਹ ਪੰਚਾਇਤੀ ਸ਼ਕਤੀਆਂ ਇਕੱਠੀਆਂ ਹੋ ਚੁੱਕੀਆਂ ਹਨ, ਕੋਲ ਦੋ-ਦੋ, ਤਿੰਨ-ਤਿੰਨ ਦਰਜਨਾਂ ਤੱਕ ਪੰਚਾਇਤਾਂ ਦੇ ਚਾਰਜ ਹਨ। ਇਹੋ ਜਿਹੇ ਹਾਲਾਤ ਵਿੱਚ ਪੇਂਡੂ ਵਿਕਾਸ ਦੀ ਕੀ ਤਵੱਕੋ ਹੋ ਸਕਦੀ ਹੈ?


ਪੇਂਡੂ ਪੰਚਾਇਤਾਂ, ਸਥਾਨਕ ਸਰਕਾਰ ਨਾਲ ਸੂਬਾ ਸਰਕਾਰਾਂ ਦੇ ਧੱਕੇ ਦੀ ਦਾਸਤਾਨ ਇਥੇ ਹੀ ਖ਼ਤਮ ਨਹੀਂ ਹੁੰਦੀ। ਆਮਦਨ ਜ਼ਮੀਨ ਦੇ ਠੇਕੇ ਭਾਵ ਕਿਰਾਏ ਦੀ ਹੈ ਜਾਂ ਪੰਚਾਇਤੀ ਹੁਕਮਾਂ ਦੇ ਕਿਰਾਏ ਦੀ ਜਾਂ ਹੋਰ, ਇਸ ਵਿਚੋਂ ਪਿੰਡਾਂ ਨੂੰ ਆਮਦਨ ਵਿਚੋਂ ਲਗਭਗ ਤੀਜਾ ਹਿੱਸਾ (30 ਫ਼ੀਸਦੀ) ਬਲਾਕ ਸੰਮਤੀਆਂ ਪੰਚਾਇਤ ਸਕੱਤਰਾਂ ਦੀ ਤਨਖ਼ਾਹ ਲਈ ਹਰ ਵਰ੍ਹੇ ਲੈ ਜਾਂਦੀਆਂ ਹਨ। ਅਸਲ ਵਿੱਚ ਤਾਂ ਸੰਵਿਧਾਨ ਦੀ ਰੂਹ ਅਨੁਸਾਰ ਪੰਚਾਇਤਾਂ ਨੂੰ ਦਿੱਤੇ ਗਏ ਅਧਿਕਾਰ, ਸਥਾਨਕ ਸਰਕਾਰਾਂ ਦੀ ਪਦਵੀ, ਕੰਮ ਕਰਨ ਦੀ ਖੁੱਲ੍ਹ ਸਭ ਕੁਝ ਸੂਬਾ ਸਰਕਾਰ ਅਤੇ ਹਾਕਮਾਂ ਵਲੋਂ ਹਥਿਆਈ ਜਾ ਚੁੱਕੀ ਹੈ ਅਤੇ ਹਥਿਆਈ ਜਾਂਦੀ ਰਹੀ ਹੈ। ਇੱਕ ਆਖ਼ਰੀ ਤਸੱਲੀ ਪੰਚਾਇਤੀ ਨੁਮਾਇੰਦਿਆਂ ਦੀ ਇਹੋ ਹੈ ਕਿ ਅਸੀਂ ਲੋਕਾਂ ਦੇ ਚੁਣੇ ਹੋਏ ਹਾਂ।

ਬਾਕੀ ਹਿਸਾ ਸਫਾ 34 ਤੇ ਪੜ੍ਹੋ

# ਗੁਰਮਿਤ ਦਾ ਪਹਿਲਾ ਪ੍ਰਚਾਰਕ ਭਾਈ ਮਰਦਾਨਾ ਜੀ

## ਬਰਸੀ 'ਤੇ ਵਿਸ਼ੇਸ਼

ਰਮੇਸ਼ ਬੱਗਾ ਚੋਹਲਾ





> ਆਪਣੇ ਸੱਚੇ ਅਤੇ ਪੱਕੇ ਸਾਥੀ ਸ਼੍ਰੀ ਗੁਰੂ ਨਾਨਕ ਦੇਵ ਜੀ ਨਾਲ ਬਚਨ-ਬਿਲਾਸ ਕਰਦਿਆਂ ਅਖੀਰ 28 ਨਵੰਬਰ 1534 ਈ: ਨੂੰ ਭਾਈ ਮਰਦਾਨਾ ਜੀ ਇਸ ਭੌਤਿਕ ਸੰਸਾਰ ਤੋਂ ਰੁਖ਼ਸਤ ਪਾ ਗਏ। ਆਪਣੇ ਸੁੱਖ-ਦੁੱਖ ਦੇ ਭਾਈਵਾਲ ਭਾਈ ਮਰਦਾਨਾ ਜੀ ਨੂੰ ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਹੱਥੀਂ ਦਰਿਆ ਕੁਰਮ ਦੇ ਕਿਨਾਰੇ ਸਪੁਰਦ-ਏ-ਖਾਕ ਕਰ ਦਿੱਤਾ, ਜਿਥੇ ਅੱਜ ਵੀ ਉਨ੍ਹਾਂ (ਭਾਈ ਸਾਹਿਬ) ਦੀ ਔਲਾਦ ਉਨ੍ਹਾਂ ਦੀ ਯਾਦ ਨੂੰ ਸੰਭਾਲੀ ਬੈਠੀ ਹੈ।

ਸਿੱਖ ਇਤਿਹਾਸ ਵਿਚ ਜਿਥੇ ਸ੍ਰੀ ਗੁਰੁ ਨਾਨਕ ਦੇਵ ਜੀ ਦਾ ਨਾਮ ਬੜੀ ਹੀ ਸ਼ਰਧਾ ਅਤੇ ਸਤਿਕਾਰ ਦੀ ਭਾਵਨਾ ਨਾਲ ਲਿਆ ਜਾਂਦਾ ਹੈ ਉਥੇ ਭਾਈ ਮਰਦਾਨਾ ਜੀ ਦਾ ਨਾਂ ਵੀ ਬਹੁਤ ਹੀ ਅਦਬ ਅਤੇ ਪਿਆਰ ਨਾਲ ਲਿਆ ਜਾਂਦਾ ਹੈ। ਧਰਤ ਲੋਕਈ ਨੂੰ ਸੋਧਣ ਹਿੱਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਈ ਕਈ ਮੀਲ ਬਿਖਰਿਆਂ ਪੈਂਡਿਆਂ ਦਾ ਸਫਰ ਤਹਿ ਕੀਤਾ ਹੈ। ਇਸ ਸਫਰ ਵਿਚ ਬਾਬੇ ਦਾ ਡੱਟਵਾਂ ਸਾਥ ਦੇਣ ਵਾਲਿਆਂ ਵਿੱਚ ਭਾਈ ਮਰਦਾਨਾ ਜੀ ਦਾ ਨਾਮ ਉੱਭਰਵੇਂ ਰੂਪ ਵਿੱਚ ਲਿਆ ਜਾਂਦਾ ਹੈ। ਭਾਈ ਮਰਦਾਨਾ ਜੀ ਜਿਨ੍ਹਾਂ ਦਾ ਪਹਿਲਾ ਨਾਮ ਭਾਈ 'ਦਾਨਾ' ਸੀ, ਦਾ ਜਨਮ 6 ਫਰਵਰੀ 1459 ਈ.ਨੂੰ ਪਿੰਡ ਤਲਵੰਡੀ(ਰਾਏ ਭੋਏ ਦੀ) ਦੇ ਵਸਨੀਕ ਚੌਂਭੜ ਜਾਤ ਦੇ ਮਿਰਾਸੀ ਮੀਰ ਬਾਦਰੇ ਅਤੇ ਮਾਤਾ ਲੱਖੋ ਜੀ ਦੇ ਘਰ ਹੋਇਆ। ਉਮਰ ਪੱਖੋਂ ਭਾਈ ਮਰਦਾਨਾ ਜੀ ਗੁਰੂ ਨਾਨਕ ਪਾਤਿਸ਼ਾਹ ਨਾਲੋਂ ਲੱਗਭਗ ਸਵਾ 10 ਸਾਲ ਵੱਡੇ ਸਨ। ਮਿਰਾਸੀਆਂ ਦੇ ਘਰ ਦੀ ਪੈਦਾਇਸ਼ ਹੋਣ ਕਰਕੇ ਸੰਗੀਤ ਉਨ੍ਹਾਂ ਦੀ ਵਿਰਾਸਤੀ ਦਾਤ ਸੀ।

ਭਾਈ ਮਰਦਾਨਾ ਜੀ ਦੀ ਜੋਟੀ ਗੁਰੁ ਨਾਨਕ ਦੇਵ ਜੀ ਨਾਲ ਛੋਟੀ ਉਮਰ ਵਿੱਚ ਪੈ ਗਈ ਸੀ ਜੋ ਗੁਰੁ ਸਾਹਿਬ ਵੱਲੋਂ ਮਿਲੇ ਰੱਜਵੇਂ ਪਿਆਰ ਅਤੇ ਸਤਿਕਾਰ ਕਾਰਣ ਆਖ਼ਰੀ ਦਮ ਤੱਕ ਨਿਭਦੀ ਰਹੀ। ਇਹ ਜੋਟੀ ਜਿੱਥੇ 'ਨਾਨਕੁ ਤਿਨ ਕੈ ਸੰਗਿ ਸਾਥਿ'ਵਰਗੀ ਭਰਾਤਰੀਭਾਵ ਵਾਲੀ ਅਤੇ ਨਿਮਾਣਿਆਂ ਨੂੰ ਮਾਣ ਬਖਸ਼ਣ ਵਾਲੀ ਵਿਚਾਰਧਾਰਾ ਦੀ ਤਰਜ਼ਮਾਨੀ ਕਰਦੀ ਹੈ,ਉਥੇ ਸਾਂਝੀਵਾਲਤਾ ਦੇ ਸਿਧਾਂਤ ਨੂੰ ਵੀ ਪਕਿਆਈ ਬਖ਼ਸ਼ਦੀ ਹੈ। ਭਾਈ ਸਾਹਿਬ ਜਿਥੇ ਇੱਕ ਉੱਚਕੋਟੀ ਦੇ ਸੰਗੀਤਕਾਰ ਸਨ ਉਥੇ ਗੁਰੁ ਸਾਹਿਬ ਦੇ ਸੱਚੇ ਤੇ ਪੱਕੇ ਮਿੱਤਰ ਵੀ ਸਨ।

ਸੁੱਖ-ਦੁੱਖ ਦੇ ਭਾਈਵਾਲ ਹੋਣ ਦੇ ਨਾਲ-ਨਾਲ ਭਾਈ ਮਰਦਾਨਾ ਜੀ ਗੁਰੂ ਨਾਨਕ ਸਾਹਿਬ ਵੱਲੋਂ ਪ੍ਰਵਾਨਿਤ ਪ੍ਰਚਾਰਕ ਵੀ ਸਨ, ਜਿਨ੍ਹਾਂ ਨੂੰ ਗੁਰੂ ਜੀ ਵੱਲੋਂ ਕੁੱਝ ਵਿਸ਼ੇਸ਼ ਅਧਿਕਾਰ ਪ੍ਰਾਪਤ ਸਨ। ਇਨ੍ਹਾਂ ਅਧਿਕਾਰਾਂ ਦੀ ਵਰਤੋਂ ਉਹ ਗੁਰੁ ਨਾਨਕ ਬਾਣੀ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਕਰਦੇ ਸਨ। ਭਾਈ ਸਾਹਿਬ ਦੇ ਇਸ ਉਪਰਾਲੇ ਨੇ ਬਹੁਤ ਸਾਰੇ ਜਗਿਆਸੂਆਂ ਨੂੰ ਸਿੱਖੀ ਦੇ ਲੜ ਲਾਇਆ ਜਿਨ੍ਹਾਂ ਵਿੱਚ ਭਾਈ ਨੀਰੂ ਦਾ ਨਾਮ ਵਰਨਣਯੋਗ ਹੈ।

ਭਾਈ ਮਰਦਾਨਾ ਜੀ ਦਾ ਇਹ ਵੀ ਇੱਕ ਸੁਭਾਗ ਰਿਹਾ ਹੈ ਕਿ ਉਨ੍ਹਾਂ ਨੂੰ ਮਨੁੱਖਤਾ ਦੇ ਰਹਿਬਰ ਸ੍ਰੀ ਗੁਰੁ ਨਾਨਕ ਸਾਹਿਬ ਦਾ ਵਡੇਰਾ ਅਤੇ ਲੰਮੇਰਾ (ਲੱਗਭਗ ਛੇ ਦਹਾਕੇ) ਸਾਥ ਪ੍ਰਾਪਤ ਹੋਇਆ ਹੈ। ਇਸ ਸਾਥ ਸਦਕਾ ਹੀ ਉਨ੍ਹਾਂ ਨੇ ਗੁਰੂ ਸਾਹਿਬ ਨਾਲ ਦੇਸ-ਵਿਦੇਸ਼ ਦਾ ਲੱਗਭਗ 40000 ਕਿਲੋਮੀਟਰ (ਚਾਰ ਉਦਾਸੀਆਂ) ਦਾ ਸਫਰ ਤਹਿ ਕੀਤਾ ਹੈ। ਇਸ ਸਫਰ ਦੌਰਾਨ ਜਦੋਂ ਗੁਰੂ ਨਾਨਕ ਪਾਤਸ਼ਾਹ ਦੀ ਬਿਰਤੀ ਅਕਾਲ ਪੁਰਖ ਨਾਲ ਜੁੜਦੀ ਤਾਂ ਉਹ ਭਾਈ ਸਾਹਿਬ ਨੂੰ ਸੰਬੋਧਿਤ ਹੋ ਕੇ ਆਖਦੇ "ਮਰਦਾਨਿਆ ! ਰਬਾਬ ਵਜਾ ਬਾਣੀ ਆਈ ਹੈ"। ਤੇ ਭਾਈ ਸਾਹਿਬ ਗੁਰੂ ਜੀ ਦਾ ਹੁਕਮ ਪਾ ਕੇ ਰਬਾਬ ਦੀਆਂ ਤਾਰਾਂ ਛੇੜ ਦਿੰਦੇ।

ਜਿਥੇ ਭਾਈ ਮਰਦਾਨਾ ਜੀ ਨੂੰ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਨੂੰ 19 ਰਾਗਾਂ ਵਿਚ ਪਰੋ ਕੇ ਗਾਉਣ ਦਾ ਸ਼ਰਫ ਹਾਸਲ ਹੈ ਉਥੇ ਨਾਲ ਹੀ ਉਨ੍ਹਾਂ ਨੂੰ ਗੁਰੂ ਘਰ ਦੇ ਪਹਿਲੇ ਕੀਰਤਨੀਏ ਹੋਣ ਦਾ ਮਾਣ ਵੀ ਮਿਲਦਾ ਹੈ। ਇਹ ਮਾਣ-ਸਤਿਕਾਰ ਭਾਈ ਮਰਦਾਨਾ ਜੀ ਤੱਕ ਹੀ ਸੀਮਤ ਨਹੀਂ ਰਿਹਾ ਸਗੋਂ ਉਸ ਦੀਆਂ ਕਈ ਪੀੜ੍ਹੀਆਂ ਤੱਕ ਬਣਿਆ ਆ ਰਿਹਾ ਹੈ। ਗੁਰੂ ਨਾਨਕ ਸਾਹਿਬ ਦੀ ਪੰਜਵੀਂ (ਸ਼੍ਰੀ ਗੁਰੁ ਅਰਜਨ ਦੇਵ ਜੀ) ਅਤੇ ਛੇਵੀਂ (ਸ੍ਰੀ ਗੁਰੂ ਹਰਗੋਬਿੰਦ ਜੀ) ਜੋਤ ਦੇ ਸਮੇਂ ਕੀਰਤਨ ਦੀ ਸੇਵਾ ਨਿਭਾਉਣ ਵਾਲੇ ਭਾਈ ਸੱਤਾ ਜੀ ਅਤੇ ਭਾਈ ਬਲਵੰਡ ਜੀ ਰਬਾਬੀ ਵੀ ਇਸੇ ਹੀ ਖਾਨਦਾਨ ਨਾਲ ਸਬੰਧਤ ਸਨ। ਭਾਈ ਲਾਲ ਜੀ ਅਤੇ ਭਾਈ ਸ਼ਾਦ ਜੀ ਦਾ ਨਾਮਵਰ ਕੀਰਤਨੀ ਜਥਾ ਵੀ ਇਸ ਹੀ ਘਰਾਣੇ ਨਾਲ ਜੁੜਿਆ ਹੋਇਆ ਹੈ।

ਜਗਤ ਜਲੰਦੇ ਨੂੰ ਤਾਰਦੇ ਹੋਏ ਜਦੋਂ ਸ਼੍ਰੀ ਗੁਰੁ ਨਾਨਕ ਦੇਵ ਜੀ (ਆਪਣੀ ਚੌਥੀ ਉਦਾਸੀ ਸਮੇਂ) ਅਫਗਾਨਿਸਤਾਨ ਦੇ ਨਗਰ ਖੁਰਮ ਵਿਖੇ ਪਹੁੰਚੇ ਤਾਂ ਭਾਈ ਮਰਦਾਨਾ ਜੀ ਨੂੰ ਅਕਾਲ-ਪੁਰਖ ਦਾ ਸਦੀਵੀ ਸੱਦਾ ਆ ਗਿਆ। ਇਸ ਮੌਕੇ ਉਨ੍ਹਾਂ ਨੇ ਆਪਣੇ ਸੱਚੇ ਸਾਥੀ ਸ਼੍ਰੀ ਗੁਰੂ ਨਾਨਕ ਦੇਵ ਜੀ ਕੋਲੋਂ ਅਲਵਿਦਾ ਲੈਣੀ ਚਾਹੀ। ਗੁਰੂ ਸਾਹਿਬ ਨੇ ਕਰਤਾਰ ਦੇ ਹੁਕਮ ਨੂੰ ਪ੍ਰਵਾਨ ਕਰਦਿਆਂ ਭਾਈ ਸਾਹਿਬ ਨੂੰ ਗਲ ਨਾਲ ਲਿਆ ਅਤੇ ਬਚਨ ਕੀਤਾ ਕਿ, "ਮਰਦਾਨਿਆਂ ਜੇ ਤੇਰਾ ਚਿਤ ਹੋਵੇ ਤਾਂ ਤੇਰੀ ਦੇਹੀ ਨੂੰ ਬ੍ਰਾਹਮਣ ਵਾਂਗੂ ਪਾਣੀ ਵਿਚ ਸੁਟ ਦਿਆਂ,ਖੱਤਰੀ ਵਾਂਗੂੰ ਸਾੜ ਦਿਆਂ, ਵੈਸ਼ ਵਾਗੂੰ ਹਵਾ ਵਿਚ ਉਡਾ ਦਿਆਂ ਜਾਂ ਫਿਰ ਮੁਸਲਮਾਨਾਂ ਵਾਂਗ ਧਰਤੀ ਦੇ ਹਵਾਲੇ ਕਰ ਦਿਆਂ"। ਬਾਬੇ ਦੇ ਬਚਨਾਂ ਦਾ ਜਵਾਬ ਦਿੰਦਿਆ ਭਾਈ ਮਰਦਾਨੇ ਨੇ ਕਿਹਾ, "ਵਾਹ, ਬਾਬਾ ਵਾਹ ਅਜੇ ਵੀ ਸਰੀਰਾਂ ਦੇ ਚਕਰਾਂ ਵਿਚ ਹੀ ਪਾਈ ਜਾਨਾ"। ਬਾਬਾ ਫਿਰ ਬੋਲਿਆ, "ਭਾਈ ਮਰਦਾਨਿਆਂ ਜੇ ਤੂੰ ਕਹੇ ਤਾਂ ਤੇਰੀ ਸਮਾਧ ਬਣਾ ਦੇਈਏ"। ਉਸ ਵਕਤ ਭਾਈ ਸਾਹਿਬ ਨੇ ਜੋ ਉੱਤਰ ਦਿੱਤਾ ਉਹ ਬਹੁਤ ਹੀ ਭਾਵਪੂਰਤ ਸੀ, " ਬਾਬਾ ! ਬੜੀ ਮੁਸ਼ਕਿਲ ਨਾਲ ਤਾਂ ਸਰੀਰ ਦੀ ਰੂਪੀ ਸਮਾਧ ਵਿਚੋਂ ਬਹਾਰ ਆਉਣ ਲੱਗਾ ਹਾਂ ਹੁਣ ਫਿਰ ਪੱਥਰਾਂ ਦੀ ਸਮਾਧ ਵਿਚ ਪਾਉਣਾ ਚਾਹੁੰਨਾ"।

ਆਪਣੇ ਸੱਚੇ ਅਤੇ ਪੱਕੇ ਸਾਥੀ ਸ਼੍ਰੀ ਗੁਰੁ ਨਾਨਕ ਦੇਵ ਜੀ ਨਾਲ ਬਚਨ-ਬਿਲਾਸ ਕਰਦਿਆਂ ਅਖੀਰ 28 ਨਵੰਬਰ 1534 ਈ: ਨੂੰ ਭਾਈ ਮਰਦਾਨਾ ਜੀ ਇਸ ਭੌਤਿਕ ਸੰਸਾਰ ਤੋਂ ਰੁਖ਼ਸਾਤ ਪਾ ਗਏ। ਆਪਣੇ ਸੁੱਖ-ਦੁੱਖ ਦੇ ਭਾਈਵਾਲ ਭਾਈ ਮਰਦਾਨਾ ਜੀ ਨੂੰ ਸ਼੍ਰੀ ਗੁਰੁ ਨਾਨਕ ਦੇਵ ਜੀ ਨੇ ਆਪਣੀ ਹੱਥੀਂ ਦਰਿਆ ਕੁਰਮ ਦੇ ਕਿਨਾਰੇ ਸਪੁਰਦ-ਏ-ਖਾਕ ਕਰ ਦਿੱਤਾ, ਜਿਥੇ ਅੱਜ ਵੀ ਉਨ੍ਹਾਂ (ਭਾਈ ਸਾਹਿਬ) ਦੀ ਔਲਾਦ ਉਨ੍ਹਾਂ ਦੀ ਯਾਦ ਨੂੰ ਸੰਭਾਲੀ ਬੈਠੀ ਹੈ।

-ਮੋ: 9463132719

## 33 ਸਫ਼ੇ ਦੀ ਬਾਕੀ

ਅੱਜ ਪਿੰਡਾਂ ਦੀ ਹਾਲਤ ਬਹੁਤ ਭੈੜੀ ਹੈ। ਪੇਂਡੂ ਸੜਕਾਂ ਟੁੱਟੀਆਂ ਪਈਆਂ ਹਨ। ਪਿੰਡਾਂ 'ਚ ਖੁੱਲ੍ਹੇ ਹਸਪਤਾਲਾਂ 'ਚ ਸਟਾਫ਼ ਦੀ ਕਮੀ ਹੈ, ਦਵਾਈਆਂ ਦੀ ਘਾਟ ਹੈ। ਪੇਂਡੂ ਸਕੂਲਾਂ 'ਚ ਅਧਿਆਪਕਾਂ ਦੀਆਂ ਅੱਧੀਆਂ ਅਸਾਮੀਆਂ ਖਾਲੀ ਹਨ। ਪੇਂਡੂ ਵਿਕਾਸ ਦੇ ਨਾਹਰੇ ਵੱਡੇ ਹਨ, ਪਰ ਉਹਨਾਂ ਦੇ ਪੱਲੇ ਕੁਝ ਪਾਇਆ ਨਹੀਂ ਜਾ ਰਿਹਾ। ਪਿੰਡਾਂ ਦੇ ਸੁਧਾਰ ਦਾ ਜ਼ੁੰਮਾ ਸਥਾਨਕ ਸਰਕਾਰ ਦਾ ਸੀ, ਪਰ ਇਹਨਾਂ ਕੋਲ ਇੰਨੀਆਂ ਸ਼ਕਤੀਆਂ ਹੀ ਨਹੀਂ ਰਹਿਣ ਦਿੱਤੀਆਂ ਗਈਆਂ, ਜਿਸ ਕਾਰਨ ਇਹ ਸੰਸਥਾਵਾਂ ਬਲਾਕ ਸੰਪਤੀਆਂ ਤੇ ਜ਼ਿਲਾ ਪ੍ਰੀਸ਼ਦਾਂ ਕਿਧਰੇ ਨਜ਼ਰ ਨਹੀਂ ਪੈਂਦੀਆਂ।

ਹਰ ਤਿਮਾਹੀ, ਛਿਮਾਹੀ ਪੰਜਾਬ ਚੋਣਾਂ 'ਚ ਝੋਕਿਆ ਜਾ ਰਿਹਾ ਹੈ। ਕਦੇ ਪੰਚਾਇਤ ਚੋਣਾਂ, ਕਦੇ ਮਿਊਂਸਪਲ ਚੋਣਾਂ, ਕਦੇ ਕਿਸੇ ਹਲਕੇ ਦੀ ਉਪ ਚੋਣ। ਅਤੇ ਜਿਸ ਢੰਗ ਨਾਲ ਇਹ ਚੋਣਾਂ ਕੀਤੀਆਂ, ਕਰਵਾਈਆਂ ਜਾਂਦੀਆਂ ਹਨ, ਇਹਨਾਂ ਪੰਚਾਇਤ ਚੋਣਾਂ ਵੇਲੇ ਵੀ, ਮਿਊਂਸਪਲ ਕਾਰਪੋਰੇਸ਼ਨ ਚੋਣਾਂ ਵੇਲੇ ਵੀ ਇਹਨਾਂ ਉੱਤੇ ਵੱਡੇ ਸਵਾਲ ਖੜੇ ਹੋਏ। ਸਰਕਾਰ ਕਟਿਹਰੇ 'ਚ ਲੋਕਾਂ ਵੱਲੋਂ ਖੜੀ ਕੀਤੀ ਗਈ। ਉਸ ਵੱਲੋਂ ਪਿੰਡਾਂ 'ਚ ਆਪਣੇ ਬੰਦਿਆਂ ਰਾਹੀਂ ਸਰਪੰਚ, ਪੰਚ ਬਣਾਏ ਗਏ ਤਾਂ ਕਿ ਇੰਝ ਦਿਸੇ ਕਿ ਪਿੰਡਾਂ 'ਚ ਸਿਆਸੀ ਤਾਕਤ ਸਰਕਾਰ ਹੱਥ ਹੈ। ਧੜੇਬੰਦੀ, ਪੈਸੇ, ਧੱਕੇ ਧੌਂਸ ਦਾ ਪੂਰਾ ਬੋਲਬਾਲਾ ਦਿਸਿਆ। ਉਂਝ ਹਰੇਕ ਸਿਆਸੀ ਧਿਰ ਨੇ ਵੀ ਆਪਣੇ ਕਾਨੂੰਨੀ, ਗ਼ੈਰ-ਕਾਨੂੰਨੀ ਸਾਧਨਾਂ ਦੀ ਵਰਤੋਂ ਕੀਤੀ। ਹੁਣ ਇਹੋ ਵਰਤਾਰਾ ਬਲਾਕ ਸੰਮਤੀਆਂ ਅਤੇ ਜ਼ਿਲਾ ਪ੍ਰੀਸ਼ਦਾਂ ਦੀਆਂ ਚੋਣਾਂ 'ਚ ਵੇਖਣ ਨੂੰ ਮਿਲੇਗਾ। ਇਸ ਨਾਲ ਇਹਨਾਂ ਸਥਾਨਕ ਸਰਕਾਰਾਂ ਦੇ ਅਸਲ ਮੰਤਵ ਨੂੰ ਖੋਰਾ ਲੱਗੇਗਾ।

ਲੋੜ ਤਾਂ ਇਸ ਗੱਲ ਦੀ ਹੈ ਕਿ ਪੇਂਡੂ ਸੰਸਥਾਵਾਂ ਨੂੰ ਤਕੜਿਆ ਕੀਤਾ ਜਾਵੇ। ਉਹਨਾਂ ਨੂੰ ਵੱਧ ਅਧਿਕਾਰੀ ਮਿਲਣ। ਸਰਕਾਰਾਂ ਦਾ ਸਥਾਨਕ ਸਰਕਾਰਾਂ 'ਚ ਦਖ਼ਲ ਘਟੇ। ਉਹਨਾਂ ਨੂੰ ਆਪ ਟੈਕਸ ਲਗਾਉਣ, ਆਪੋ-ਆਪਣੇ ਖੇਤਰ ਦੀਆਂ ਲੋੜਾਂ ਅਨੁਸਾਰ ਵਿਕਾਸ ਕਰਨ ਦਾ ਹੱਕ ਮਿਲੇ, ਤਦੇ ਪਿੰਡ ਵਿਕਾਸ ਕਰ ਸਕਦਾ ਹੈ। ਤਦੇ ਪਿੰਡ ਤੇ ਪੇਂਡੂ ਸੰਸਥਾਵਾਂ ਦੀ 'ਸਿਹਤ' ਠੀਕ ਹੋ ਸਕਦੀ ਹੈ।

ਅੱਜ ਉਸ ਸਮੇਂ ਲੋੜ ਇਹਨਾਂ ਪੇਂਡੂ ਸੰਸਥਾਵਾਂ ਨੂੰ ਮਜ਼ਬੂਤ ਕਰਨ ਦੀ ਵੱਧ ਦਿਸਦੀ ਹੈ, ਜਦੋਂ "ਪੰਜਾਬ ਦਾ ਪਿੰਡ" ਵਧੇਰੇ ਸਮੱਸਿਆਵਾਂ ਦਾ ਟਾਕਰਾ ਕਰ ਰਿਹਾ ਹੈ। ਜਦ ਪਿੰਡ ਦਾ ਖੇਤ, ਘਰ, ਪਿੰਡ ਪ੍ਰਬੰਧ ਰਸਾਤਲ ਵੱਲ ਵੱਧ ਰਿਹਾ ਹੈ।

ਇਹ ਤਦੇ ਸੰਭਵ ਹੋ ਸਕੇਗਾ ਜਦੋਂ ਇਹ ਚੋਣਾਂ ਤਣਾਅ ਰਹਿਤ, ਅਜ਼ਾਦ ਹੋਣਗੀਆਂ ਅਤੇ ਚੋਣਾਂ ਉਪਰੰਤ ਇਹਨਾਂ ਸਥਾਨਕ ਸਰਕਾਰਾਂ ਨੂੰ ਉਪਰਲੀ, ਹੇਠਲੀ ਸਰਕਾਰ ਤੋਂ ਮੁਕਤੀ ਮਿਲੇਗੀ।

ਸੰਵਿਧਾਨ ਦੇ ਆਰਟੀਕਲ-40 ਅਨੁਸਾਰ ਸਥਾਨਕ ਸਰਕਾਰਾਂ ਦਾ ਰੁਤਬਾ ਮਿਲਿਆ ਹੈ ਅਤੇ ਅਧਿਕਾਰ ਸੂਬਾ ਸਰਕਾਰ, ਕੇਂਦਰ ਸਰਕਾਰ ਦੇ ਬਰਾਬਰ ਦੇ ਹਨ ਤਾਂ ਕਿ ਜ਼ਮੀਨੀ ਪੱਧਰ 'ਤੇ ਲੋਕਤੰਤਰੀ ਪ੍ਰੀਕਿਰਿਆ 'ਚ ਉਹ ਹਿੱਸੇਦਾਰ ਬਨਣ।

-ਗੁਰਮੀਤ ਸਿੰਘ ਪਲਾਹੀ

# ਮਿੱਠੀ ਧੁਨ ਰਬਾਬ ਦੀ – 'ਪੰਜਾਬ ਯੂਨੀਵਰਸਿਟੀ ਪੰਜਾਬ ਦੀ'

# 10 ਜਨਵਰੀ 1986 ਬਨਾਮ 10 ਨਵੰਬਰ 2025 – ਮੰਗਾਂ ਅਤੇ ਮੋਰਚੇ

– ਭਖਦੇ ਮਸਲੇ –

**ਹਰਜਿੰਦਰ ਸਿੰਘ ਮੰਡੇਰ**




ਮਿੱਠੀ ਧੁਨ ਰਬਾਬ ਦੀ
ਪੰਜਾਬ ਯੂਨੀਵਰਸਿਟੀ ਪੰਜਾਬ ਦੀ
ਸੂਹਾ ਫੁੱਲ ਗੁਲਾਬ ਦਾ
ਚੰਡੀਗੜ੍ਹ ਪੰਜਾਬ ਦਾ

ਪੰਜਾਬ ਦੇ ਨੌਜਵਾਨਾਂ ਵੱਲੋਂ ਚੰਡੀਗੜ੍ਹ ਵਿਖੇ ਪੰਜਾਬ ਯੂਨੀਵਰਸਿਟੀ ਨੂੰ ਕੇਂਦਰ ਸਰਕਾਰ ਦੇ ਹੱਥਾਂ ਵਿੱਚ ਜਾਣ ਤੋਂ ਰੋਕਣ ਲਈ ਇਹ ਨਾਹਰੇ ਦਿੱਤੇ ਗਏ। ਜਦੋਂ ਕੇਂਦਰ ਸਰਕਾਰ ਨੇ ਪੰਜਾਬ ਯੂਨੀਵਰਸਿਟੀ ਬਾਰੇ ਨੋਟੀਫਿਕੇਸ਼ਨ ਜਾਰੀ ਕੀਤਾ, ਉਸ ਦਿਨ ਤੋਂ ਹੀ ਦੁਨੀਆ ਭਰ ਦੇ ਮੀਡੀਏ ਦੀਆਂ ਨਜ਼ਰਾਂ ਓਧਰ ਲੱਗੀਆਂ ਰਹੀਆਂ । ਅੱਜ ਸੋਸ਼ਲ ਮੀਡੀਆ ਰਾਹੀਂ ਕੋਈ ਵੀ ਖ਼ਬਰ ਤੇ ਸੂਚਨਾ ਮਿੰਟਾਂ ਸਕਿੰਟਾਂ ਵਿੱਚ ਦੁਨੀਆ ਦੇ ਹਰ ਕੋਨੇ 'ਚ ਪਹੁੰਚ ਜਾਂਦੀ ਹੈ। ਅਸੀਂ ਸਾਰਿਆਂ ਨੇ ਦੇਖਿਆ ਕਿ ਪੰਜਾਬ ਦੇ ਨੌਜਵਾਨਾਂ ਨੇ ਸਰਕਾਰ ਤੇ ਪ੍ਰਸ਼ਾਸਨ ਦੇ ਨਾਲ ਕਿਵੇਂ ਮੱਥਾ ਲਾਇਆ । ਪੰਜਾਬ ਦੇ ਹਰ ਵਰਗ ਦੇ ਲੋਕ ਵਿਦਿਆਰਥੀਆਂ ਦੇ ਨਾਲ ਡਟ ਕੇ ਖੜ੍ਹ ਗਏ ਤੇ ਆਖਿਰ ਉਹਨਾਂ ਦੀ ਜਿੱਤ ਹੋਈ। ਜਿੱਤਦੇ ਵੀ ਕਿਉਂ ਨਾ, ਜਿਵੇਂ ਕਹਿੰਦੇ ਨੇ ਏਕੇ ਵਿੱਚ ਬਰਕਤ ਹੁੰਦੀ ਹੈ । ਸੋ ਸਾਰੇ ਪੰਜਾਬ ਵਾਸੀ ਵਿਦਿਆਰਥੀਆਂ ਦੀ ਮੁਹਿੰਮ ਦੇ ਨਾਲ ਡਟ ਕੇ ਜੁੜ ਗਏ ਤੇ ਸਰਕਾਰ ਨੂੰ ਉਹਨਾਂ ਦੀਆਂ ਮੰਗਾਂ ਮੰਨਣੀਆਂ ਪਈਆਂ, ਬੇਸ਼ੱਕ ਵਕਤੀ ਤੌਰ ਤੇ ਹੀ ਸਹੀ, ਪਰ ਇਕੱਠ ਦੇ ਨਤੀਜੇ ਸਾਹਮਣੇ ਹਨ। ਸ਼ਾਇਦ ਸਰਕਾਰ ਨੇ ਸੋਚਿਆ ਕਿ ਇਹ ਤਾਂ ਹੁਣ ਯੂਨੀਵਰਸਿਟੀ ਦੇ ਨਾਲ ਮੁੜ ਚੰਡੀਗੜ੍ਹ ਦਾ ਮੁੱਦਾ ਵੀ ਚੁੱਕ ਤੁਰੇ ਹਨ, ਸੋ 'ਸਾਰਾ ਜਾਂਦਾ ਦੇਖੀਏ ਤਾਂ ਅੱਧਾ ਦੇਈਏ ਲੁਟਾ' ਵਾਲੀ ਗੱਲ ਹੋ ਗਈ ਲਗਦੀ ਹੈ। ਜਿਸ ਲਈ ਸਰਕਾਰ ਯੂਨੀਵਰਸਿਟੀ ਵਿਦਿ-ਆਰਥੀਆਂ ਦੀ ਸਿੰਡੀਕੇਟ ਆਦਿ ਦੀ ਚੋਣ ਕਰਵਾਉਣ ਦੀ ਮੰਗ ਮੰਨ ਲਈ ਹੈ।

ਆਈ ਲਿੱਟ ਕਰਕੇ ਵਿਦੇਸ਼ਾਂ ਵਿੱਚ ਪੜ੍ਹਾਈ ਕਰਨ ਜਾਣ ਵਾਲੇ ਨੌਜਵਾਨਾਂ ਵੱਲ ਦੇਖ ਕੇ ਲਗਦਾ ਹੈ ਕਿ ਇਹ ਅਫ਼ਵਾਹ ਗਲਤ ਹੀ ਉਡਾਈ ਗਈ ਸੀ ਕਿ ਪੰਜਾਬ ਦਾ ਕੋਈ ਨੌਜਵਾਨ ਪੰਜਾਬ ਵਿੱਚ ਰਹਿਣਾ ਨਹੀਂ ਚਾਹੁੰਦਾ, ਪੜ੍ਹਨਾ ਨਹੀਂ ਚਾਹੁੰਦਾ । ਯੂਨੀਵਰਸਿਟੀ ਲਈ ਉਠੇ ਸੰਘਰਸ਼ ਨੇ ਜੱਗ ਜ਼ਾਹਿਰ ਕਰ ਦਿੱਤਾ ਹੈ ਕਿ ਪੰਜਾਬ ਦਾ ਨੌਜ-ਵਾਨ ਪੜ੍ਹ ਲਿਖ ਕੇ ਅੱਗੇ ਵਧਣਾ ਚਾਹੁੰਦਾ ਹੈ, ਪਰ ਦਿੱਲੀ ਹੈ ਕਿ ਸਮਝਦੀ ਨਹੀਂ । ਬੀਤੇ 50 – 60 ਸਾਲਾਂ ਤੋਂ ਪੰਜਾਬ ਦੇ ਵਿਰੁੱਧ ਹੀ ਭੁਗਤ ਰਹੀ ਹੈ । ਅਸਲ ਵਿੱਚ ਦਿੱਲੀ ਪੰਜਾਬ ਦੇ ਖਿਲਾਫ਼ ਹੈ ਕਿਉਂ ? ਇਹ ਸਮਝਣ ਵਾਲੀ ਗੱਲ ਹੈ।

ਇਸ ਸਵਾਲ ਦਾ ਜਵਾਬ ਇਹ ਹੈ ਕਿ ਪੰਜਾਬ ਵਿੱਚ ਅਣਖੀ ਤੇ ਸਰਬੱਤ ਦਾ ਭਲਾ ਚਾਹੁਣ ਵਾਲੀ ਸਿੱਖ ਕੌਮ ਵਸਦੀ ਹੈ । ਤੇ ਦਿੱਲੀ ਦੇ ਤਾਜ਼ਦਾਰਾਂ ਨੂੰ ਉਹਨਾਂ ਦਾ ਇਹ ਸੁਭਾਅ ਬਿਲਕੁੱਲ ਵੀ ਬਰਦਾਸ਼ਤ ਨਹੀਂ ਹੈ। ਪੰਜਾਬ ਹਮੇਸ਼ਾਂ ਹੀ ਦਿੱਲੀ ਦੀ ਹਵਾ ਦੇ ਉਲਟ ਚੱਲਿਆ ਹੈ । ਇਹ ਵੀ ਦਿੱਲੀ ਨੂੰ ਬਰਦਾਸ਼ਤ ਨਹੀਂ ਹੈ । ਇਸ ਲਈ ਪੰਜਾਬ ਦੇ ਹੱਕਾਂ ਲਈ ਸਿੱਖਾਂ ਨੂੰ ਹੀ ਹਮੇਸ਼ਾਂ ਸੰਘਰਸ਼ ਕਰਨਾ ਪਿਆ ਹੈ । ਨਿੱਕੀਆਂ-ਨਿੱਕੀਆਂ ਜਾਇਜ਼ ਤੇ ਹੱਕੀ ਮੰਗਾਂ ਨੂੰ ਲੈ ਕੇ ਵੀ ਮੋਰਚੇ ਤੇ ਮੋਰਚਾ ਲਾਉਣਾ ਪਿਆ ਹੈ । ਇਉਂ ਲੱਗਣ ਲੱਗ ਪਿਆ ਜਿਵੇਂ ਸਿੱਖ ਕੇਵਾਲ ਮੋਰਚੇ ਲਾਉਣ ਜੋਗੇ ਹੀ ਰਹਿ ਗਏ ਹਨ ।



ਪੰਜਾਬ ਦੇ ਦਰਜਣਾਂ ਪਿੰਡਾਂ ਨੂੰ ਉਜਾੜ ਬਣਾਈ ਗਈ ਪੰਜਾਬ ਯੂਨੀਵਰਸਿਟੀ

**ਕਦੇ ਅਸੀਂ ਵੱਧ ਅਧਿਕਾਰਾਂ ਲਈ ਲੜਦੇ ਹਾਂ, ਕਦੇ ਅਸੀਂ ਆਪਣੇ ਧਰਮ ਨਾਲ ਸਬੰਧਿਤ ਉੱਘੇ ਸ਼ਹਿਰਾਂ ਨੂੰ ਪਵਿੱਤਰ ਦਰਜਾ ਦਿਵਾਉਣ ਲਈ ਜੂਝਦੇ ਹਾਂ, ਕਦੇ ਅਸੀਂ ਚੰਡੀਗੜ੍ਹ ਅਤੇ ਆਪਣੇ ਦਰਿਆਵਾਂ ਦੇ ਪਾਣੀਆਂ ਦੀ ਮਲਕੀਅਤ ਲਈ ਲੜਦੇ ਹਾਂ, ਕਦੇ ਅਸੀਂ ਆਪਣੇ ਵਿੱਦਿਅਕ ਅਦਾਰਿਆਂ ਲਈ ਜੱਦੋ-ਜਹਿਦ ਕਰਦੇ ਹਾਂ, ਕਦੇ ਅਸੀਂ ਆਪਣੀਆਂ ਜ਼ਮੀਨਾਂ ਦੀ ਰਾਖੀ ਅਤੇ ਫਸਲਾਂ ਦੇ ਵਾਜਬ ਮੁੱਲ ਲਈ ਸੰਘਰਸ਼ ਕਰਦੇ ਹਾਂ, ਕਦੇ ਅਸੀਂ ਆਪਣੀ ਪਛਾਣ ਬਚਾਉਣ ਲਈ ਸੰਤਾਪ ਹੰਢਾਉਂਦੇ ਹਾਂ। ਸ਼ਾਂਤਮਈ ਮੋਰਚੇ ਲਾ ਕੇ ਮੰਗਾਂ ਮੰਗਣ ਨਾਲ ਵੀ ਜਦੋਂ ਮੁੱਢਲੇ ਹੱਕ ਨਹੀਂ ਮਿਲਦੇ ਤੇ ਲੋਕ ਅਵਾਜ਼ਾਰ ਹੋ ਕੇ ਕਾਨੂੰਨ ਨੂੰ ਆਪਣੇ ਹੱਥਾਂ ਵਿੱਚ ਲੈਣ ਵੱਲ ਤੁਰ ਪੈਂਦੇ ਨੇ --। ਇਹ ਗੱਲ ਅੱਜ ਦੀ ਲੋਕਤੰਤਰਿਕ ਪ੍ਰਣਾਲੀ ਵਿੱਚ ਸਹੀ ਤੇ ਜਾਇਜ਼ ਨਹੀਂ ਮੰਨੀ ਜਾਂਦੀ। ਪਰ ਜਦੋਂ ਕੋਈ ਰਾਜਸੀ ਧਿਰ ਖੁਦ ਹੀ ਲੋਕਤੰਤਰਿਕ ਪ੍ਰਣਾਲੀ ਦੇ ਅਸੂਲਾਂ ਦੀ ਵਾਅਦਾ-ਖਿਲਾਫ਼ੀ ਕਰਦੀ ਹੈ ਤਾਂ ਲੋਕਾਂ ਦਾ ਅਜਿਹੇ ਰਾਜ ਪ੍ਰਬੰਧਾਂ ਤੋਂ ਵਿਸ਼ਵਾਸ ਹੀ ਉਠ ਜਾਂਦਾ ਹੈ, ਤੇ ਉਹ ਆ-ਮੁਹਾਰੇ ਹੋ ਸੰਘਰਸ਼ ਦੇ ਰਾਹ ਪੈ ਜਾਂਦੇ ਹਨ .....**

ਜਦੋਂ ਯੂਨੀਵਰਸਿਟੀ ਦੇ ਵਿਦਿਆਥੀਆਂ ਨੇ 10 ਨਵੰਬਰ ਦੇ ਸੰਘਰਸ਼ ਦੀ ਤਾਰੀਕ ਦਾ ਐਲਾਨ ਕੀਤਾ ਸੀ ਤਾਂ ਮੈਨੂੰ ਜਨਵਰੀ 1986 ਦੀ 10 ਤਾਰੀਕ ਯਾਦ ਆ ਗਈ। ਉਸ ਤੋਂ ਲੈ ਕੇ ਹੁਣ ਤੱਕ 40 ਸਾਲਾਂ ਤੋਂ ਸਿੱਖਾਂ ਉਤੇ ਹੋ ਰਹੇ ਜ਼ੁਲਮਾਂ, ਘੱਲੂਘਾਰਿਆਂ ਦੇ ਸਾਰੇ ਦ੍ਰਿਸ਼ ਸਾਹਮਣੇ ਆ ਗਏ। ਹੁਣ ਸਵਾਲ ਉਠਦਾ ਹੈ ਕਿ ਆਖਰ ਕਦੋਂ ਤੱਕ ਇਉਂ ਹੀ ਚਲਦਾ ਰਹੇਗਾ ? ਇਸ ਸਵਾਲ ਦੇ ਜਵਾਬ ਵਿੱਚ ਸਿੱਖਾਂ ਦੁਆਰਾ ਭਾਰਤੀ ਯੂਨੀਅਨ ਨਾਲੋਂ ਅਲੱਗ ਹੋਣ ਅਤੇ ਅਜ਼ਾਦੀ ਲਈ ਕੀਤਾ ਜਾ ਰਿਹਾ ਸੰਘਰਸ਼ ਸਾਹਮਣੇ ਆ ਗਿਆ।

ਇਥੇ ਆਪਣੀ ਅਗਲੀ ਆ ਰਹੀ ਕਿਤਾਬ (-----) ਦਾ ਇਕ ਲੇਖ ਪਾਠਕਾਂ ਦੇ ਨਾਲ ਸਾਂਝਾ ਕਰ ਰਿਹਾ ਹਾਂ।

***

ਸਾਲ 1986 ਚੜ੍ਹਿਆ ਹੀ ਸੀ ਕਿ ਸਿੱਖੀ ਦਾ ਪ੍ਰਚਾਰ ਕਰਨ ਵਾਲੇ ਤੇ ਸਿੱਖ ਹੱਕਾਂ ਦੀ ਗੱਲ ਕਰਨ ਵਾਲੇ ਦੋ ਆਗੂਆਂ, ਪ੍ਰੋਫੈਸਰ ਦਰਸ਼ਨ ਸਿੰਘ ਰਾਗੀ ਅਤੇ ਪੱਤਰਕਾਰ ਸ: ਭਰਪੂਰ ਸਿੰਘ ਬਲਬੀਰ ਨੂੰ ਗ੍ਰਿਫ਼ਤਾਰ ਕਰਕੇ ਉਹਨਾਂ ਉੱਤੇ ਦੇਸ਼ ਧ੍ਰੋਹ ਦੇ ਮੁਕੱਦਮੇ ਚਲਾਏ ਗਏ। ਦੋਸ਼ ਇਹ ਲਾਇਆ ਕਿ ਇਹ ਭਾਰਤ ਦੀ ਪਾਰਲੀਮੈਂਟ ਨੂੰ ਬੰਬਾਂ ਨਾਲ ਉਡਾਉਣਾ ਚਾਹੁੰਦੇ ਸਨ । ਉਹਨਾਂ ਦੀ ਗ੍ਰਿਫ਼ਤਾਰੀ ਦੀ ਖਬਰ ਸਾਰੇ ਪੰਜਾਬ ਵਿੱਚ ਜੰਗਲ ਦੀ ਅੱਗ ਵਾਂਗ ਫੈਲ ਗਈ। ਸਿੱਖ ਸਟੂਡੈਂਟਸ ਫ਼ੈਡਰੇਸ਼ਨ ਨੇ ਇਹਨਾਂ ਦੋਵੇਂ ਆਗੂਆਂ ਦੀ ਰਿਹਾਈ ਲਈ 10 ਜਨਵਰੀ 1986 ਨੂੰ ਸਾਰੇ ਪੰਜਾਬ ਵਿੱਚ ਰੇਲਾਂ ਤੇ ਆਵਾਜਾਈ ਰੋਕਣ ਦਾ ਐਲਾਨ ਕਰ ਦਿੱਤਾ ਤੇ ਸਰਕਾਰ ਨੂੰ ਅਲਟੀਮੇਟਮ ਦੇ ਦਿੱਤਾ ਕਿ ਜਾਂ ਤਾਂ 10 ਜਨਵਰੀ ਤੋਂ ਪਹਿਲਾਂ ਇਹਨਾਂ ਨੂੰ ਰਿਹਾਅ ਕੀਤਾ ਜਾਵੇ ਨਹੀਂ ਤਾਂ ਉਹ ਪੰਜਾਬ ਪੱਧਰ ਤੇ ਸਾਰਾ ਦਿਨ ਰੇਲਾਂ ਤੇ ਹੋਰ ਆਵਾਜਾਈ ਬੰਦ ਕਰ ਦੇਣਗੇ। ਪੰਜਾਬ ਵਿੱਚ ਬੇਸ਼ੱਕ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਸੀ, ਪੰਜਾਬ ਦੇ ਮੁੱਖ ਮੰਤਰੀ ਸ: ਸੁਰ-ਜੀਤ ਸਿੰਘ ਬਰਨਾਲਾ ਸਨ। ਕੇਂਦਰ ਸਰਕਾਰ ਨੂੰ ਖੁਸ਼ ਰੱਖਣ ਅਤੇ ਆਪਣੀ ਸਰਕਾਰ ਦੀ ਸਲਾਮਤੀ ਲਈ ਉਹਨਾਂ ਨੇ ਫ਼ੈਡਰੇਸ਼ਨ ਦੇ ਇਸ ਚੈਲੰਜ ਦਾ ਸਖਤੀ ਨਾਲ ਜਵਾਬ ਦੇਣ ਦਾ ਪ੍ਰਬੰਧ ਕਰ ਲਿਆ । ਫ਼ੈਡਰੇਸ਼ਨ ਦੇ ਆਗੂਆਂ ਅਤੇ ਵਰਕਰਾਂ ਦੀਆਂ ਪੁਲਿਸ ਵੱਲੋਂ ਧੜਾ ਧੜ ਗ੍ਰਿਫ਼ਤਾਰੀਆਂ ਹੋਣ ਲੱਗੀਆਂ । ਉਹਨਾਂ ਦਿਨਾਂ ਵਿੱਚ ਮੀਡੀਆ ਅਖਬਾਰਾਂ ਸਭ ਕੁਝ ਸਰਕਾਰ ਦੇ ਕਾਬੂ ਹੇਠ ਹੁੰਦਾ ਸੀ। ਇਥੋਂ ਤੱਕ ਕਿ ਪੁਲਿਸ ਅਫ਼ਸਰ ਜਿਹੋ ਜਿਹੀ ਖਬਰ ਆਪ ਲਿਖ ਕੇ ਜਾਂ ਲਿਖਵਾ ਕੇ ਪੱਤਰਕਾਰ ਨੂੰ ਦੇ ਦਿੰਦਾ, ਕਿਸੇ ਰਿਪੋਰਟਰ ਜਾਂ ਸੰਪਾਦਕ ਦੀ ਜ਼ੁਰਅਤ ਨਹੀਂ ਸੀ ਹੁੰਦੀ ਕਿ ਉਸ ਖਬਰ ਦੇ ਸਬੂਤ ਪੁੱਛੇ ਜਾਂ ਉਸ ਵਿੱਚ ਕੋਈ ਸੋਧ ਕਰ ਸਕੇ। ਉਹ ਹੂ-ਬ-ਹੂ ਉਹੀ ਖਬਰ ਉਂਞ ਹੀ ਛਾਪ ਦਿੰਦੇ ਸਨ। ਸਿੱਖ ਵਿਰੋਧੀ ਅਖਬਾਰਾਂ ਜੱਗ ਬਾਣੀ, ਪੰਜਾਬ ਕੇਸਰੀ, ਕਾਮਰੇਡਾਂ ਦੀ ਅਖਬਾਰ ਨਵਾਂ ਜ਼ਮਾਨਾ ਤਾਂ ਖੁਦ ਹੀ ਪੁਲਿਸ ਅਫ਼ਸਰਾਂ ਨਾਲ ਬੈਠ ਕੇ ਅਜਿਹੀਆਂ ਟੇਬਲ ਨਿਊਜ਼ ਤਿਆਰ ਕਰਦੇ ਤੇ ਬਾਕੀ ਸਾਰੇ ਮੀਡੀਆ ਨੂੰ ਪੁਲਿਸ ਅਫ਼ਸਰਾਂ ਵੱਲੋਂ ਭੇਜ ਦਿੱਤੀ ਜਾਂਦੀ।

ਸਾਨੂੰ ਪਿੰਡਾਂ ਵਿੱਚ ਅਜਿਹੀਆਂ ਖਬਰਾਂ ਦੀ ਅਜੇ ਭਿਣਕ ਨਹੀਂ ਸੀ। ਮੈਂ 7 ਜਨਵਰੀ ਨੂੰ ਆਪਣੇ ਪਿੰਡੋਂ ਕਪੂਰਥਲੇ ਕਾਲਜ ਨੂੰ ਜਾ ਰਿਹਾ ਸੀ। ਬੜੀਆਂ ਅੜਚਣਾਂ ਆਈਆਂ ਫਿਰ ਵੀ ਘੁੰਮ-ਘੁੰਮਾ ਕੇ ਕਪੂਰਥਲੇ ਬੱਸ ਅੱਡੇ ਤੇ ਜਿਉਂ ਹੀ ਬੱਸ ਵਿੱਚੋਂ ਉੱਤਰਿਆ ਤਾਂ ਪੁਲਿਸ ਵਾਲਿਆਂ ਨੇ ਬੱਸ ਨੂੰ ਘੇਰਾ ਪਾ ਲਿਆ, ਵਿਦਿਆਰਥੀਆਂ ਨੂੰ ਉਹ ਉਥੋਂ ਹੀ ਗ੍ਰਿਫ਼ਤਾਰ ਕਰੀ ਜਾ ਰਹੇ ਸਨ। ਮੈਨੂੰ ਵੀ ਉਹਨਾਂ ਨੇ ਫੜ ਕੇ ਅੱਗੇ ਲਾ ਲਿਆ। ਮੇਰੇ ਮੋਢਿਆਂ 'ਤੇ ਇਕ ਥੈਲਾ ਪਾਇਆ ਹੋਇਆ ਸੀ, ਜਿਸ ਵਿੱਚ ਕੁਝ ਕਿਤਾਬਾਂ, ਦੰਦ ਸਾਫ਼ ਕਰਨ ਵਾਲਾ ਬੁਰਸ਼ (ਜੋ ਮੈਂ ਸ਼ਹਿਰੋਂ ਬਦਲਣ ਲਈ ਲੈ ਕੇ ਗਿਆ ਸੀ), ਟੁੱਥ ਪੇਸਟ ਅਤੇ ਇਕ ਰੇਡੀਓ ਮੁਰੰਮਤ ਕਰਵਾਉਣ ਵਾਸਤੇ ਸ਼ਹਿਰ ਨੂੰ ਲੈ ਕੇ ਗਿਆ ਸੀ। ਜਿਉਂ ਹੀ ਇਕ ਪੁਲਿਸ ਅਫ਼ਸਰ ਨੇ ਉਸ ਥੈਲੇ ਦੀ ਤਲਾਸ਼ੀ ਕੀਤੀ ਤਾਂ ਇਹ ਚੀਜ਼ਾਂ ਦੇਖ ਕੇ ਉਹ ਨਾਲ ਦੇ ਸਿਪਾਹੀਆਂ ਨੂੰ ਕਹਿਣ ਲੱਗਾ, "ਇਹ ਤਾਂ ਘਰ ਹੀ ਨਹੀਂ ਜਾਂਦਾ, ਇਹ ਝੋਲੇ ਵਿੱਚ ਦੰਦਾਂ ਵਾਲਾ ਬੁਰਸ਼ ਵਗੈਰਾ ਸਭ ਕੁਝ ਨਾਲ ਹੀ ਲਈ ਫਿਰਦਾ ਹੈ। ਆਹ ਰੇਡੀਓ, ਚੰਗੀ ਤਰ੍ਹਾਂ ਜਾਂਚ ਕਰ ਲਓ ਕਿਤੇ 'ਰੇਡੀਓ ਬੰਬ' ਹੀ ਨਾ ਹੋਵੇ।"

ਇਥੋਂ ਗ੍ਰਿਫ਼ਤਾਰ ਕਰਕੇ ਮੈਨੂੰ (ਲੇਖਕ ਨੂੰ) ਨੇੜੇ ਕੋਤਵਾਲੀ ਪੁਲਿਸ ਥਾਣੇ ਲੈ ਗਏ। ਥਾਣੇ ਵਿੱਚ ਹੋਰ ਵੀ ਬੜਾ ਅਨੋਖਾ ਹੀ ਮੰਜ਼ਰ ਸੀ। ਉਥੇ ਪਹਿਲਾਂ ਹੀ ਕੁਝ ਨੌਜਵਾਨ ਬਿਠਾਏ ਹੋਏ ਸਨ। ਕੋਤਵਾਲੀ ਥਾਣੇ ਦੇ ਬਾਹਰ ਸਥਾਨਕ ਅਕਾਲੀ ਆਗੂ ਧਰਨਾ ਲਾਈ ਖੜ੍ਹੇ ਸਨ। ਮੈਂ ਦੇਖਾਂ ਇੰਨੇ ਸਿੰਘ ਥਾਣੇ ਦੇ ਦਰਵਾਜ਼ੇ ਮੋਹਰੇ ਕਿਉਂ ਜਮ੍ਹਾਂ ਹੋਏ ਤੇ ਨਾਹਰੇ ਮਾਰ ਰਹੇ ਸਨ। ਪੁਲਿਸ ਵਾਲੇ ਮੈਨੂੰ ਅੱਗੇ ਅੰਦਰ ਲੈ ਕੇ ਗਏ ਤਾਂ ਤਿੰਨ ਸਿੱਖ ਬੀਬੀਆਂ, ਪਿੰਡ ਵਰਿਆਹਾਂ ਤੋਂ ਬੀਬੀ ਪਰਮਜੀਤ ਕੌਰ ਤੇ ਉਹਨਾਂ ਦੇ ਨਾਲ ਦੋ ਹੋਰ ਭੈਣਾਂ ਨੂੰ ਗ੍ਰਿਫ਼ਤਾਰ ਕਰਕੇ ਪੁਲਿਸ ਨੇ ਕੋਤਵਾਲੀ ਥਾਣੇ ਲਿਆਂਦਾ ਹੋਇਆ ਸੀ। ਤਾਂ ਮੈਨੂੰ ਥਾਣੇ ਦੇ ਬਾਹਰ ਸਿੰਘਾਂ ਦੇ ਇਕੱਠੇ ਹੋਣ ਦਾ ਸਵੱਬ ਪਤਾ ਚੱਲਿਆ। ਜਦੋਂ ਹੀ ਮੈਂ ਅੰਦਰ ਪਹੁੰਚਿਆ ਤਾਂ ਉਹਨਾਂ ਮੈਨੂੰ ਦੱਸਿਆ ਕਿ ਜ਼ਨਾਨਾ ਪੁਲਿਸ ਤੋਂ ਬਿਨਾ ਹੀ ਉਹਨਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਤੇ ਪੁੱਛਗਿੱਛ ਦੇ ਬਹਾਨੇ ਇਹਨਾਂ ਪੁਲਿਸ ਵਾਲਿਆਂ ਨੇ ਜ਼ਨਾਨਾ ਪੁਲਿਸ ਦੀ ਗੈਰ-ਹਾਜ਼ਰੀ ਵਿੱਚ ਉਹਨਾਂ ਦੇ ਨਾਲ ਕੁੱਟ ਮਾਰ ਕੀਤੀ ਹੈ। ਉਹਨਾਂ ਦੀ ਧੌਣ ਉਤੇ ਅਤੇ ਪਿੱਠ ਤੇ ਡੰਡੇ ਮਾਰੇ ਗਏ ਹਨ। ਉਹ ਅਜੇ ਮੇਰੇ ਨਾਲ ਗੱਲ ਕਰ ਹੀ ਰਹੀਆਂ ਸਨ, ਕਿ ਪੁਲਿਸ ਦੇ ਸਿਪਾਹੀਆਂ ਨੇ ਮੈਨੂੰ ਉਹਨਾਂ ਤੋਂ ਪਰੇ ਲਿਜਾ ਕੇ ਕੋਤਵਾਲੀ ਦੇ ਕਮਰੇ ਅੰਦਰ ਬੰਦ ਕਰ ਦਿੱਤਾ। ਉਥੇ ਹੀ ਜਗਵਿੰਦਰ ਸਿੰਘ ਨੂੰ ਲਿਆ ਕੇ ਬੰਦ ਕਰ ਦਿੱਤਾ। ਇਹ ਜਗਵਿੰਦਰ ਸਿੰਘ ਐਡਵੋਕੇਟ ਬਣ ਗਿਆ ਸੀ (ਉਸ ਨੂੰ 1992 ਵਿੱਚ ਪੁਲਿਸ ਨੇ ਪੁੱਛਗਿੱਛ ਦੇ ਬਹਾਨੇ ਘਰੋਂ ਗ੍ਰਿਫ਼ਤਾਰ ਕਰਕੇ ਲਾ-ਪਤਾ ਕਰ ਦਿੱਤਾ ਸੀ,

ਬਾਕੀ 36 ਪੰਨੇ 'ਤੇ

35 ਪੰਨੇ ਦਾ ਬਾਕੀ ਹਿੱਸਾ

ਜੋ ਅੱਜ ਤੱਕ ਨਹੀਂ ਮਿਲਿਆ)। ਜਾਣੀ ਪੁਲਿਸ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਵਰਕਰਾਂ ਨੂੰ 10 ਜਨਵਰੀ ਦੇ ਰੇਲ ਰੋਕੋ ਵਾਲੇ ਅੰਦੋਲਨ ਤੋਂ ਪਹਿਲਾਂ ਹੀ ਫੜ ਕੇ ਜੇਹਲਾਂ ਅੰਦਰ ਬੰਦ ਕਰ ਰਹੀ ਸੀ, ਤਾਂ ਜੋ ਇਹ ਅੰਦੋਲਨ ਅਸਫਲ ਹੋ ਜਾਵੇ। ਅੰਦਰ ਲਿਜਾ ਕੇ ਪੁਲਿਸ ਨੇ ਜਾਮਾ ਤਲਾਸ਼ੀ ਕੀਤੀ, ਮਤਲਬ ਕਿ ਜਦੋਂ ਪੁਲਿਸ ਕਿਸੇ ਨੂੰ ਗ੍ਰਿਫ਼ਤਾਰ ਕਰਦੀ ਤਾਂ ਕਾਨੂੰਨ ਮੁਤਾਬਕ ਇਹ ਰਿਕਾਰਡ ਰੱਖਿਆ ਜਾਂਦਾ ਹੈ ਕਿ ਗ੍ਰਿਫ਼ਤਾਰ ਵਿਅਕਤੀ ਪਾਸੋਂ ਕੀ ਕੁਝ ਮਿਲਿਆ, ਉਸ ਵਿੱਚ ਸਭ ਕੁਝ ਲਿਖਣਾ ਜ਼ਰੂਰੀ ਹੁੰਦਾ ਸੀ। ਕਾਲਜ ਦੇ ਸ਼ਨਾਖਤੀ ਕਾਰਡ, ਥੋੜ੍ਹੀ ਜਿਹੀ ਨਕਦੀ, ਘੜੀ ਅਤੇ ਮੇਰੇ ਝੋਲੇ ਵਿੱਚ ਹੋਰ ਕਈ ਕੁਝ ਵੀ ਸੀ, ਸਭ ਕੁਝ ਪੁਲਿਸ ਨੇ ਰੱਖ ਲਿਆ ਸੀ, ਕੇਵਲ ਇਕ ਸ਼ਨਾਖਤੀ ਕਾਰਡ ਹੀ ਵਾਪਸ ਮਿਲਿਆ ਸੀ, ਉਹ ਵੀ ਦੋ ਤਿੰਨ ਮਹੀਨੇ ਬਾਅਦ ਜੇਹਲ ਵਿੱਚੋਂ ਰਿਹਾਅ ਹੋਣ ਪਿੱਛੋਂ।

ਇਸੇ ਦਿਨ ਮੇਰੇ ਇਕ ਹੋਰ ਪਿਆਰੇ ਮਿੱਤਰ ਰਸਭਿੰਨਾ ਕੀਰਤਨ ਕਰਨ ਵਾਲੇ ਸੁਰਿੰਦਰ ਸਿੰਘ ਮਠਾੜੂ ਪਿੰਡ ਸਿੱਧਵਾਂ ਦੋਨਾ ਨੂੰ ਵੀ ਬੱਸ ਵਿੱਚੋਂ ਉੱਤਰਦਿਆਂ ਗ੍ਰਿਫ਼ਤਾਰ ਕਰਕੇ ਪੁਲਿਸ ਵਾਲੇ ਉਸੇ ਕੋਤਵਾਲੀ ਥਾਣੇ ਵੱਲ ਲਿਜਾ ਰਹੇ ਸਨ, ਥਾਣੇ ਦੇ ਮੋਹਰੇ ਜਦੋਂ ਆਏ ਤਾਂ ਉਥੇ ਜਮ੍ਹਾਂ ਹੋਏ ਸਿੰਘਾਂ ਦੇ ਇਕੱਠ ਦੀ ਭੀੜ ਕਾਰਨ ਪੁਲਿਸ ਵਾਲੇ ਉਸ ਉਤੇ ਕਾਬੂ ਨਾ ਰੱਖ ਸਕੇ, ਜਦੋਂ ਹੋਰ ਗ੍ਰਿਫਤਾਰ ਸਿੰਘਾਂ ਨੂੰ ਥਾਣੇ ਦੇ ਦਰਵਾਜ਼ੇ ਅੰਦਰ ਵਾੜਨ ਲੱਗੇ ਤਾਂ ਇਕ ਸਿਪਾਹੀ ਦੇ ਮਨ ਵਿੱਚ ਪਤਾ ਨਹੀਂ ਕਿਵੇਂ ਖਿਆਲ ਆਇਆ, ਹੋ ਸਕਦਾ ਉਸ ਨੂੰ ਸਿੰਘ ਦੀ ਪੋਲੀਓ ਕਾਰਨ ਪ੍ਰਭਾਵਿਤ ਕਮਜ਼ੋਰ ਲੱਤ ਬਾਰੇ ਅਹਿਸਾਸ ਹੋ ਗਿਆ ਹੋਵੇ ਤੇ ਉਹ ਸੁਰਿੰਦਰ ਸਿੰਘ ਨੂੰ ਭੀੜ ਵੱਲ ਧੱਕਾ ਦੇ ਕੇ ਕਹਿਣ ਲੱਗਾ ਜਾਹ ਭੱਜ ਜਾਹ, ਤੇ ਉਹ ਉਥੋਂ ਹਿਰਨ ਹੋ ਗਏ, ਫਿਰ ਪੁਲਿਸ ਦੇ ਕਾਬੂ ਨਹੀਂ ਆਏ।

# ਮੰਗਾਂ ਅਤੇ ਮੋਰਚੇ

ਸਾਨੂੰ ਇਕ ਰਾਤ ਕੋਤਵਾਲੀ ਅੰਦਰ ਰੱਖਿਆ, ਫਿਰ ਅਗਲੇ ਦਿਨ ਕੇਂਦਰੀ ਜੇਹਲ ਕਪੂਰਥਲਾ ਵਿੱਚ ਭੇਜ ਦਿੱਤਾ। ਉਥੇ ਜੇਹਲ ਵਾਲਿਆਂ ਨੇ ਸਿੰਘਾਂ ਦੀ ਮੁੜ ਜਾਮਾ-ਤਲਾਸ਼ੀ ਦੌਰਾਨ ਗਾਤਰੇ ਪਾਈਆਂ ਕਿਰਪਾਨਾਂ ਵੀ ਲੁਹਾ ਕੇ ਰੱਖ ਲਈਆਂ ਅਤੇ ਅੰਦਰ ਬੈਰਕ ਵਿੱਚ ਭੇਜ ਦਿੱਤਾ, ਜਿੱਥੇ ਪਹਿਲਾਂ ਹੀ ਇਕ ਦੋ ਸਿੰਘ ਰਹਿੰਦੇ ਸਨ। ਜੇਹਲ ਵਿੱਚ ਜਿਹੜੀ ਬੈਰਕ ਸਾਨੂੰ ਦਿੱਤੀ ਗਈ, ਉਸ ਵਿੱਚ ਨਿਹੰਗ ਸਿੰਘ ਭਾਈ ਹਰਭਜਨ ਸਿੰਘ ਜਿਹਨਾਂ ਨੂੰ ਸਾਰੇ ਬਾਬਾ ਤੰਬੂ ਕਹਿੰਦੇ ਸਨ ਦੋ ਕੁ ਹੋਰ ਸਿੰਘ ਉਹਨਾਂ ਦੇ ਨਾਲ ਸਨ। ਜੇਹਲ ਦੇ ਅੰਦਰ ਦਾ ਮਾਹੌਲ ਕਿਹੋ ਜਿਹਾ, ਉਸ ਦਾ ਵੀ ਜ਼ਿਕਰ ਕਰਨਾ ਜ਼ਰੂਰੀ ਹੈ। ਇਹ ਬੈਰਕ ਤਕਰੀਬਨ ਇਕ ਪਾਸੇ ਨੂੰ 25-30 ਫੁੱਟ ਤੇ ਦੂਜੇ ਪਾਸੇ ਨੂੰ 15 ਕੁ ਫੁੱਟ ਅਕਾਰ ਦੀ ਹੋਵੇਗੀ। ਇਕ ਪਾਸੇ ਅਖੀਰ ਵਿੱਚ ਕੰਧ ਕਰਕੇ ਕੋਣਾ ਬਣਾ ਕੇ ਟੌਇਲਟ ਅਤੇ ਪਾਣੀ ਲਈ ਚੁਬੱਚਾ ਬਣਾਇਆ ਹੋਇਆ, ਜਿਸ ਵਿੱਚ ਪਾਣੀ ਭਰ ਕੇ ਇਸ਼ਨਾਨ ਕਰਨ ਦੀ ਸਹੂਲਤ ਸੀ। ਹੇਠਲਾ ਫਰਸ਼ ਮੋਟੀਆਂ ਇੱਟਾਂ ਦਾ ਹੀ ਸੀ, ਜਿਸ ਉਤੇ ਹੇਠਾਂ ਹੀ ਕੰਬਲ ਵਿਸ਼ਾ ਕੇ ਸੌਣ ਦਾ ਪ੍ਰਬੰਧ ਸੀ। ਕੰਬਲ ਵੀ ਉਹ ਜਿਹੜੇ ਪੁਰਾਤਨ ਸਮੇਂ ਵਿੱਚ 1970-80 ਵਿੱਚ ਆਮ ਤੌਰ ਤੇ ਲੋਕ ਵਰਤਦੇ ਸਨ। ਵਿਆਹ ਸ਼ਾਦੀਆਂ ਸਮੇਂ ਮਿਲਣੀ ਮੌਕੇ ਤਾਂ ਚੰਗੇ ਕੰਬਲ ਵਰਤੇ ਜਾਂਦੇ ਸਨ, ਪਰ ਇਹ ਜਿਹੜੇ ਹਵਾਲਾਤੀਆਂ ਤੇ ਕੈਦੀਆਂ ਨੂੰ ਕੰਬਲ ਦਿੱਤੇ ਜਾਂਦੇ ਸਨ, ਬਹੁਤ ਹੀ ਘਟੀਆ ਕਿਸਮ ਦੇ ਸਨ। ਇਕ ਜਣੇ ਨੂੰ 5 ਤੋਂ 6 ਤੱਕ ਕੰਬਲ ਦਿੱਤੇ ਜਾਂਦੇ ਸਨ, ਜਨਵਰੀ ਮਹੀਨੇ ਵਿੱਚ ਪੰਜਾਬ ਵਿੱਚ ਕਾਫ਼ੀ ਠੰਢ ਹੁੰਦੀ ਹੈ। ਤਿੰਨ ਕੰਬਲ ਹੇਠਾਂ ਅਤੇ ਤਿੰਨ ਉੱਪਰ ਲੈ ਕੇ ਰਾਤ ਦਾ ਸਮਾਂ ਬਿਤਾਇਆ ਜਾਂਦਾ ਸੀ। ਜੇ ਕਿਸੇ ਸਿੰਘ ਨੂੰ ਜ਼ਿਆਦਾ ਠੰਢ ਲੱਗਦੀ ਤਾਂ ਕੋਈ ਹਮਦਰਦ ਸਿੰਘ ਉਸ ਨੂੰ ਆਪਣਾ ਇਕ ਕੰਬਲ ਦੇ ਦਿੰਦਾ। ਸਾਰੇ ਸਿੰਘ ਬੜੇ ਪਿਆਰ ਤੇ ਇਕ ਦੂਜੇ ਦੇ ਸਤਿਕਾਰ ਨਾਲ ਰਹਿੰਦੇ ਸਨ।

1986 ਦੀ 10 ਜਨਵਰੀ ਆ ਗਈ ਫ਼ੈਡਰੇਸ਼ਨ ਵਾਲਿਆਂ ਦੀਆਂ ਅਗਾਊਂ ਗ੍ਰਿਫ਼ਤਾਰੀਆਂ ਦੇ ਬਾਵਜੂਦ ਰੇਲ ਰੋਕੋ ਦੌਰਾਨ ਹਜ਼ਾਰਾਂ ਲੋਕ ਪੰਜਾਬ ਦੀਆਂ ਸੜਕਾਂ ਅਤੇ ਰੇਲਵੇ ਲਾਈਨਾਂ ਉੱਤੇ ਜਾ ਪਹੁੰਚੇ ਅਤੇ ਰੇਲਾਂ ਬੰਦ ਕਰ ਦਿੱਤੀਆਂ। ਦੂਜੇ ਪਾਸੇ ਪੁਲਿਸ ਨੂੰ ਸਖਤ ਹਿਦਾਇਤਾਂ ਸਨ ਕਿ ਇਹਨਾਂ ਨੂੰ ਫੜ-ਫੜ ਕੇ ਜੇਹਲਾਂ ਵਿੱਚ ਬੰਦ ਕਰ ਦਿਓ। 10 ਜਨਵਰੀ ਨੂੰ ਸਾਰਾ ਦਿਨ ਪੁਲਿਸ ਵੱਲੋਂ ਸਿੰਘਾਂ ਦੀ ਫੜੋ-ਫੜੀ ਹੁੰਦੀ ਰਹੀ ਤੇ ਗੱਡੀਆਂ/ਬੱਸਾਂ ਭਰ-ਭਰ ਕੇ ਉਹਨਾਂ ਨੂੰ ਜੇਹਲਾਂ ਵਿੱਚ ਲਿਆਂਦਾ ਗਿਆ। ਸ਼ਾਮ ਤੱਕ ਸਾਡੀ ਬੈਰਕ ਕਾਫ਼ੀ ਭਰ ਗਈ ਸੀ, ਹੋਰ ਵੀ ਕਈ ਬੈਰਕਾਂ ਵਿੱਚ ਬੰਦ ਕੀਤੇ ਗਏ ਸਨ। ਇਸ ਅੰਦੋਲਨ ਦੌਰਾਨ ਜੋ ਮੈਨੂੰ ਯਾਦ ਹੈ ਕਪੂਰਥਲੇ ਦੀ ਇਕੱਲੀ ਜੇਹਲ ਵਿੱਚ ਦੋ ਢਾਈ ਸੌ ਦੇ ਕਰੀਬ ਸਿੱਖ ਗ੍ਰਿਫ਼ਤਾਰ ਕਰਕੇ ਲਿਆਂਦੇ ਗਏ ਸਨ। ਉਹਨਾਂ ਨੂੰ ਵੱਖ-ਵੱਖ ਬੈਰਕਾਂ ਵਿੱਚ ਕਿਸੇ ਵਿੱਚ 20 ਕਿਸੇ 'ਚ 25 ਜਣਿਆਂ ਨੂੰ ਰੱਖਿਆ ਗਿਆ। ਫ਼ੈਡਰੇਸ਼ਨ ਵਰਕਰ ਜਿਹੜੇ ਬਾਹਰ ਰਹਿ ਗਏ ਸਨ, ਉਹ ਤਾਂ ਅੰਦਰ ਆਏ ਹੀ, ਨਾਲ ਬਹੁਤ ਸਾਰੇ ਸਮਰਥਕ ਵੀ ਬੰਦ ਕੀਤੇ ਗਏ, ਬੇਸ਼ੱਕ ਉਹ ਫ਼ੈਡਰੇਸ਼ਨ ਦੇ ਵਰਕਰ ਜਾਂ ਮੈਂਬਰ ਨਹੀਂ ਸਨ, ਜਿਹਨਾਂ ਨੇ ਰੇਲ ਰੋਕੋ ਅੰਦੋਲਨ ਵਿੱਚ ਭਾਗ ਲਿਆ। ਪਰ ਜੋ ਵੀ ਰੇਲਾਂ ਰੋਕਣ ਵਾਲਿਆਂ ਵਿੱਚ ਸ਼ਾਮਿਲ ਸਨ, ਉਹ ਸਾਰੇ ਲਿਆ ਕੇ ਅੰਦਰ ਬੰਦ ਕਰ ਦਿੱਤੇ ਗਏ ਸਨ। ਇਹਨਾਂ ਆਉਣ ਵਾਲਿਆਂ ਵਿੱਚ, ਪ੍ਰਧਾਨ ਰਘਬੀਰ ਸਿੰਘ ਨਿਮਾਣਾ, ਸੁਰਿੰਦਰ ਸਿੰਘ ਮਠਾੜੂ, ਹਰਵਿੰਦਰ ਸਿੰਘ ਰਾਣਾ ਆਦਿ ਦੇ ਨਾਂ ਵਰਣਨਯੋਗ ਹਨ। ਫਗਵਾੜਾ ਕਪੂਰਥਲਾ ਜਿਲ੍ਹੇ ਵਿੱਚ ਹੋਣ ਕਰਕੇ ਉਥੋਂ ਗ੍ਰਿਫ਼ਤਾਰ ਕੀਤੇ ਸਿੰਘ ਵੀ ਕਪੂਰਥਲਾ ਜੇਹਲ ਵਿੱਚ ਪਹੁੰਚਾ ਦਿੱਤੇ ਗਏ, ਜਿਹਨਾਂ ਦੀ ਅਗਵਾਈ ਮੋਹਣ ਸਿੰਘ ਕਡਿਆਣਾ ਕਰ ਰਹੇ ਸਨ। ਇਹਨਾਂ ਦੇ ਇਲਾਵਾ ਹੋਰ ਬਹੁਤ ਸਾਰੇ ਸਿੰਘ ਬੰਦ ਸਨ।

ਇਹ ਲੇਖ ਸਾਂਝਾ ਕਰਨ ਦਾ ਮਕਸਦ ਏਨਾ ਹੀ ਹੈ ਕਿ ਜਿਵੇਂ ਕਿਹਾ ਜਾਂਦਾ ਹੈ, 'ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ'। ਇਹ ਗੱਲ 1947 ਤੋਂ ਪਹਿਲਾਂ ਤੱਕ ਤਾਂ ਠੀਕ ਸੀ, ਪਰ ਜਦੋਂ ਬਾਕੀ ਸਾਰਾ ਦੇਸ਼ ਅਜ਼ਾਦ ਹੋ ਗਿਆ ਤਾਂ ਪੰਜਾਬ ਨੂੰ ਉਹ ਅਜ਼ਾਦੀ ਕਿਉਂ ਨਹੀਂ ? ਜੇ ਹੁਣ ਵੀ ਹਰੇਕ ਮੰਗ ਪੂਰੀ ਕਰਨ ਲਈ ਇੰਝ ਹੀ ਸੰਘਰਸ਼ ਕਰਨਾ ਪੈਣਾ ਹੈ ਤਾਂ ਫਿਰ ਇੱਕ ਵਾਰ ਪੂਰਨ ਅਜ਼ਾਦੀ ਲਈ ਕਿਉਂ ਨਹੀਂ ? ਇਹ ਸਵਾਲ ਉਹਨਾਂ ਸਿੱਖਾਂ ਅਤੇ ਪੰਜਾਬੀਆਂ ਲਈ ਹੈ, ਜਿਹੜੇ ਅਜੇ ਵੀ ਕਹਿੰਦੇ ਨੇ ਕਿ ਅਸੀਂ ਭਾਰਤ ਦੇ ਨਾਲ ਰਹਿ ਕੇ ਅਜ਼ਾਦੀ ਦਾ ਨਿੱਘ ਮਾਣ ਰਹੇ ਹਾਂ।


## ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, 106 ਈਸਟ ਪਾਰਕ ਰੋਡ, ਲੈਸਟਰ

## ਗੁਰਦੁਆਰਾ ਸਾਹਿਬ ਦੇ ਸੰਵਿਧਾਨ ਵਿੱਚ ਸੋਧ ਕਰਨ ਲਈ ਜ਼ਰੂਰੀ ਸੂਚਨਾ

**ਸੰਵਿਧਾਨਕ ਸੋਧਾਂ ਲਈ ਰਜਿਸਟਰਡ ਮੈਂਬਰਾਂ ਵੱਲੋਂ ਵੋਟਾਂ 21 ਦਸੰਬਰ ਨੂੰ ਸਵੇਰ 9:00 ਤੋਂ ਸ਼ਾਮ 6:00 ਵਜੇ ਤੱਕ**

**VOTING FOR AMENDMENTS OF THE CONSTITUTION ON 21ST DECEMBER**

**VENUE: GURDWARA SIRI GURU TEGH BAHADUR SAHIB, LEICESTER (TIME: 9:00AM - 6:00PM)**

ਗੁਰੂ ਪਿਆਰੀ ਸਾਧ ਸੰਗਤ ਜੀ,

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਈਸਟ ਪਾਰਕ ਰੋਡ ਲੈਸਟਰ ਦੇ ਸੰਵਿਧਾਨ ਵਿੱਚ ਲੰਮੇ ਸਮੇਂ ਤੋਂ ਬਾਅਦ ਸੋਧ ਕਰਨ ਲਈ 21 ਦਸੰਬਰ ਨੂੰ ਗੁਰਦੁਆਰਾ ਸਾਹਿਬ ਵਿਖੇ ਸੰਗਤਾਂ ਦੀਆਂ ਵੋਟਾਂ ਪੈ ਰਹੀਆਂ ਹਨ। ਇਹਨਾਂ ਵੋਟਾਂ ਦੇ ਵਿੱਚ ਗੁਰਦੁਆਰਾ ਸਾਹਿਬ ਦੇ ਵੋਟਰ ਮੈਂਬਰ ਹੀ ਆਪਣੀ ਵੋਟ ਦਾ ਇਸਤੇਮਾਲ ਕਰ ਸਕਦੇ ਹਨ। ਗੁਰਦੁਆਰਾ ਸਾਹਿਬ ਦੇ ਰਜਿਸਟਰਡ ਮੈਂਬਰਾਂ ਨੂੰ ਬੇਨਤੀ ਹੈ ਕਿ 21 ਦਸੰਬਰ 2025 ਨੂੰ ਵੋਟ ਪਾਉਣ ਲਈ ਆਪਣੇ ਮੈਂਬਰਸ਼ਿੱਪ ਕਾਰਡ ਜ਼ਰੂਰ ਲੈ ਕੇ ਆਉਣ। ਆਪਣੇ ਵੋਟ ਦੀ ਵਰਤੋਂ ਕਰਕੇ ਪ੍ਰਬੰਧਕ ਸੁਧਾਰਾਂ ਵਿੱਚ ਆਪਣਾ ਯੋਗਦਾਨ ਪਾਓ ਜੀ।

### ਸੰਵਿਧਾਨ 'ਚ ਕੀਤੀਆਂ ਜਾਣ ਵਾਲੀਆਂ ਸੋਧਾਂ:

* ਕਮੇਟੀ ਦੀ ਮਿਆਦ ਵਿੱਚ 3 ਸਾਲ ਤੱਕ ਦਾ ਵਾਧਾ
* ਰਜਿਸਟਰਡ ਮੈਂਬਰਾਂ ਦੀ ਮਿਆਦ 9 ਸਾਲ ਹੋਵੇਗੀ
* 60 ਸਾਲ ਤੋਂ ਉਪਰ ਲਈ ਮੈਂਬਰਸ਼ਿੱਪ ਉਮਰ ਭਰ ਲਈ

ਆਉਂਦੇ ਸਾਲਾਂ ਵਿੱਚ ਕਮੇਟੀ ਦੀਆਂ ਹੋਣ ਵਾਲੀਆਂ ਚੋਣਾਂ ਕਰਾਉਣ ਲਈ ਇੱਕ ਬੋਰਡ ਦਾ ਗਠਨ ਕੀਤਾ ਜਾਇਆ ਕਰੇਗਾ, ਜਿਸ ਵਿੱਚ ਗੁਰੂ ਘਰ ਦੀਆਂ ਚੋਣਾਂ ਵਿੱਚ ਭਾਗ ਲੈਣ ਵਾਲੇ ਵੱਖ-ਵੱਖ ਗਰੁੱਪਾਂ ਦੇ ਦੋ-ਦੋ ਨੁਮਾਇੰਦੇ ਸ਼ਾਮਿਲ ਕਰਨੇ ਜ਼ਰੂਰੀ ਹੋਣਗੇ।

**ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਲੈਸਟਰ – GURDWARA SIRI GURU TEGH BAHADUR, LEICESTER**

106 EAST PARK ROAD LEICESTER, LE5 4QB. TEL: 0116 2742453 / www.gtbgurdwara.com

ਪ੍ਰਧਾਨ ਗੁਰਨਾਮ ਸਿੰਘ ਨਵਾਂ ਸ਼ਹਿਰ: 07834 764903, ਜਨਰਲ ਸਕੱਤਰ ਸਤਵਿੰਦਰ ਸਿੰਘ ਦਿਓਲ: 07877 889115, ਸਟੇਜ ਸਕੱਤਰ-ਮੁਖਤਿਆਰ ਸਿੰਘ, ਖਜ਼ਾਨਚੀ-ਪ੍ਰਮਜੀਤ ਸਿੰਘ ਰਾਏ

# ਸਦੀਆਂ ਤੋਂ ਫੁਟ ਨੇ ਸਿੱਖਾਂ ਨੂੰ ਸਤਿਗੁਰੂ ਦੇ ਮਿਸ਼ਨ ਤੋਂ ਭਟਕਾ ਦਿੱਤਾ, ਸਹੀ ਲੀਡਰਸ਼ਿਪ ਦੀ ਲੋੜ

ਇਕਬਾਲ ਸਿੰਘ ਲਾਲਪੁਰਾ
9780003333



ਸਿੱਖ ਕੌਮ ਨੇ ਹੁਣੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ 350ਵੀਂ ਸ਼ਹਾਦਤ ਦੀ ਵਰ੍ਹੇਗੰਢ ਮਨਾ ਕੇ ਹਟੀ ਹੈ, ਜਿਨ੍ਹਾਂ ਨੇ ਹਿੰਦੂ ਧਰਮ ਦੇ "ਤਿਲਕ ਤੇ ਜਨੇਊ" ਤੇ ਮਨੁੱਖੀ ਅਧਿਕਾਰਾਂ, ਨਿਆਂ ਦੀ ਰਾਖੀ ਲਈ ਆਪਣੀ ਸ਼ਹਾਦਤ ਦਿੱਤੀ ਸੀ। ਭਾਰਤ ਅਤੇ ਵਿਦੇਸ਼ਾਂ ਵਿੱਚ ਸਰਕਾਰੀ ਸੰਸਥਾਵਾਂ, ਸਮਾਜਕ ਸੰਗਠਨਾਂ ਤੇ ਸਿੱਖ ਸੰਸਥਾਵਾਂ ਨੇ ਭਾਰੀ ਰਕਮਾਂ ,ਸਮਾਗਮ, ਦੀਵਾਨ, ਨਗਰ-ਕੀਰਤਨ, ਮਿਠਾਈ ਵੰਡਣ ਅਤੇ ਗੁਰਦੁਆਰਿਆਂ ਨੂੰ ਰੌਸ਼ਨ ਕਰਨ 'ਤੇ ਲਾਈਆਂ। ਪਰ ਇਨ੍ਹਾਂ ਸ਼ਤਾਬਦੀਆਂ ਵਿਚ ਸਿੱਖ ਇਤਿਹਾਸ ਤੇ ਗੁਰੂ ਦੀ ਫਿਲਾਸਫੀ ਨੂੰ ਉਘਾੜਿਆ ਨਹੀਂ ਗਿਆ। ਨਾ ਹੀ ਕੋਈ ਪੰਥ ਤੇ ਸਮਾਜ ਹਿਤ ਵਿਚ ਪ੍ਰੋਜੈਕਟ ਪੇਸ਼ ਕੀਤਾ ਗਿਆ ਹੈ।

ਗੁਰੂ ਕਾਲ, ਮਿਸਲਾਂ ਦੇ ਦੌਰ ਤੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਅਜਿਹੇ ਵਿਸ਼ਾਲ ਜਸ਼ਨਾਂ ਨੂੰ ਮਨਾਉਣ ਦਾ ਕੋਈ ਇਤਿਹਾਸਕ ਸਬੂਤ ਨਹੀਂ ਮਿਲਦਾ। ਸਿੱਖ ਫ਼ਲਸਫ਼ਾ ਹੈ ,ਕਿ ਹਰ ਦਿਨ ਪਵਿੱਤਰ ਹੈ ਅਤੇ ਗੁਰੂ ਦੇ ਹੁਕਮ ਵਿਚ ਜੀਉਣਾ ਤੇ ਗੁਰੂ ਨੂੰ ਸਦਾ ਯਾਦ ਰਖਣਾ ਸਿੱਖ ਦਾ ਕਰਮ ਹੈ , ਨਾ ਕਿ ਪ੍ਰਦਰਸ਼ਨ ਤੇ ਵਿਖਾਵੇ ਕਰਨਾ। ਇਸ ਲਈ ਇੱਕ ਸਵਾਲ ਉੱਠਦਾ ਹੈ: ਜਿਨ੍ਹਾਂ ਰਸਮਾਂ-ਰਿਵਾਜਾਂ ਨੂੰ ਗੁਰੂਆਂ ਨੇ ਖੁਦ ਪ੍ਰਵਾਨ ਨਹੀਂ ਸੀ ਕੀਤਾ, ਉਨ੍ਹਾਂ 'ਤੇ ਢੇਰ ਸਾਰੇ ਖਰਚੇ ਕਰਨ ਦਾ ਅਸਲ ਲਾਭ ਕੀ ਹੋਇਆ ਅਤੇ ਸਭ ਤੋਂ ਵੱਡਾ ਸਵਾਲ ਹੈ,ਕਿ ਅੱਜ ਸਿੱਖ ਕੌਮ ਦੀ ਲੀਡਰਸ਼ਿਪ ਧਾਰਮਿਕ, ਰਾਜਨੀਤਿਕ, ਸਮਾਜਿਕ ਤੇ ਮਾਨਸਿਕ ਤੌਰ 'ਤੇ ਵਿਸ਼ਵ ਪੱਧਰ 'ਤੇ ਕਿੱਥੇ ਖੜ੍ਹੀ ਹੈ ?

ਗੁਰੂ ਨਾਨਕ ਸਾਹਿਬ ਜੀ ਨੇ ਸਿੱਖ ਨੂੰ ਧਰਤੀ ਦਾ ਫਰਿਸ਼ਤਾ ਬਣਾਇਆ ਹੈ , ਜੋ ਪਵਿੱਤਰਤਾ, ਦਯਾ, ਹਿੰਮਤ ਤੇ ਸਾਰੀ ਮਨੁੱਖਤਾ ਦੀ ਸੇਵਾ ਵਿੱਚ ਜੀਵੇ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦੇਵਤਾ ਪਰੰਪਰਾ ਨੂੰ ਸੰਤ-ਸਿਪਾਹੀ ਬਣਾ ਕੇ ਧਰਮ ਦੀ ਰਾਖੀ ਲਈ ਬੇਖੌਫ਼ ਲੜਨ ਵਾਲਾ ਵੀ ਬਣਾ ਦਿੱਤਾ। ਇਸ ਨਵੇਂ ਸਿਰਜੇ ਗੁਰੂ ਪੰਥ ਨੇ ਭਾਰਤ ਵਿਚ ਇਨਕਲਾਬੀ ਤਬਦੀਲੀ ਲਿਆਂਦੀ, ਪੁਰਾਣੀ ਰਸਮੀ ਕਰਮਕਾਂਡੀ ਵਿਵਸਥਾ ਨੂੰ ਤੋੜ ਕੇ ਨਿਰਮਲ ਪੰਥ ਸਥਾਪਤ ਕੀਤਾ, ਜਿਸ ਵਿੱਚ ਨਾ ਪੁਜਾਰੀ ਹੈ, ਨਾ ਵਿਚੋਲਾ, ਨਾ ਅੰਧਵਿਸ਼ਵਾਸ ਲਈ ਕੋਈ ਥਾਂ। ਗੁਰੂ ਦੇ ਪੰਥ ਨੇ ਸਦੀਆਂ ਦੇ ਵਿਦੇਸ਼ੀ ਮੁਗਲ ਸਮਰਾਜ ਕਬਜ਼ੇ ਨੂੰ ਖਤਮ ਕੀਤਾ, ਦਬੇ-ਕੁਚਲੇ ਲੋਕਾਂ ਨੂੰ ਇਜ਼ਤ ਬਖਸ਼ੀ ਤੇ ਰਸਮਾਂ ਦੀ ਥਾਂ ਸੱਚੀ ਰੂਹਾਨੀਅਤ ਸਮਾਜ ਵਿੱਚ ਲਿਆਂਦੀ। ਪਰ ਖਾਲਸਾ ਪੰਥ ਅੱਗੇ ਵਧਿਆ ਤਾਂ ਸਿੱਖ ਧੜਿਆਂ ਵਿੱਚ ਫੁੱਟ ਤੇ ਮਿਸਲਾਂ ਦੇ ਟਕਰਾਅ ਨੇ ਇਸ ਰੂਹਾਨੀ ਤੇ ਫੌਜੀ ਤਾਕਤ ਨੂੰ ਕਮਜ਼ੋਰ ਕਰ ਦਿੱਤਾ ਸੀ। ਮਹਾਰਾਜਾ ਰਣਜੀਤ ਸਿੰਘ, ਖਾਲਸਾ ਰਾਜ ਦੇ ਆਖਰੀ ਮਹਾਨ ਜਰਨੈਲ ਤੇ ਆਗੂ ਹੋਏ ਉੱਨਾਂ ਦੇ ਸਮੇਂ ਵੀ ਇਕਜੁਟਤਾ ਵਿੱਚ ਦਰਾੜਾਂ ਪੈਣ ਲੱਗ ਪਈਆਂ ਸਨ। ਜਦੋਂ ਅੰਗਰੇਜ਼ਾਂ ਨੇ ਖਾਲਸਾ ਰਾਜ ਤੇ ਕਬਜ਼ਾ ਕੀਤਾ, ਤਾਂ ਉਨ੍ਹਾਂ ਦੀ ਕਈ ਸਿੱਖ ਸਰਦਾਰਾਂ ਨੇ ਮਦਦ ਕੀਤੀ ਜਿਸ ਕਰਕੇ ਉਨ੍ਹਾਂ ਨੇ 1849 ਵਿੱਚ ਪੰਜਾਬ 'ਤੇ ਕਬਜ਼ਾ ਕਰ ਲਿਆ।

ਰਾਜਨੀਤਿਕ ਸੱਤਾ ਜਾਣ ਤੋਂ ਬਾਅਦ ਸਿੱਖਾਂ ਹਥੋਂ ਧਾਰਮਿਕ ਸੰਸਥਾਵਾਂ ਵੀ ਨਿਕਲ ਗਈਆਂ। ਗੁਰਦੁਆਰੇ ਵੰਸ਼ਵਾਦੀ ਤੇ ਕਰਮਕਾਂਡੀ ਮਹੰਤਾਂ ਦੇ ਹੱਥ ਚਲੇ ਗਏ ਤੇ ਜਿਨ੍ਹਾਂ ਰਸਮਾਂ ਨੂੰ ਗੁਰੂ ਸਾਹਿਬਾਨ ਨੇ ਰੱਦ ਕੀਤਾ ਸੀ, ਉਹ ਸਿੱਖ ਪੰਥ ਦਾ ਹਿੱਸਾ ਬਣਨ ਲੱਗ ਪਈਆਂ। ਚਮਤਕਾਰ ਦਿਖਾਉਣ ਵਾਲੇ ਬਾਬਿਆਂ ਦਾ ਧੜਾ ਵੀ ਉੱਭਰਿਆ ਜੋ ਆਪਣੇ ਆਪ ਨੂੰ ਰੱਬ ਜਾਂ ਗੁਰੂ ਦੇ ਬਰਾਬਰ ਦੱਸਦਾ ਸੀ । ਬਾਬਾ ਵਾਦ ਸਿੱਖਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨ ਕ੍ਰਾਂਤੀਕਾਰੀ ਸਿੱਖਿਆ ਤੋਂ ਭਟਕਾ ਕੇ ਸ਼ਖਸੀਅਤ ਪੂਜਾ ਵੱਲ ਮੋੜਣ ਲਗਾ। ਅੰਗਰੇਜ਼ਾਂ ਨੇ ਇਹ ਯਕੀਨੀ ਬਣਾਇਆ ਕਿ ਸਿੱਖਾਂ ਵਿੱਚ ਕੋਈ ਮਜਬੂਤ ਨੇਤਾ ਨਾ ਉੱਭਰੇ। ਸਿੰਘ ਸਭਾ ਤੇ ਬਾਅਦ ਵਿੱਚ ਐਸ.ਜੀ.ਪੀ.ਸੀ. ਵਰਗੇ ਸਿੱਖ ਸੁਧਾਰਵਾਦੀ ਅੰਦੋਲਨਾਂ ਨੂੰ ਵੀ ਹਰ ਕਦਮ 'ਤੇ ਅੰਗਰੇਜ਼ੀ ਸਿਸਟਮ ਨਾਲ ਲੜਨਾ ਪਿਆ। ਅਸਲ ਸੁਧਾਰਕਾਂ ਦੇ ਨਾਲ-ਨਾਲ ਬਰਤਾਨੀਆਂ ਪੱਖੀ, ਸਿੱਖ ਆਗੂਆਂ ਨੂੰ ਵੀ ਉਭਾਰਿਆ ਗਿਆ, ਜਿਸ ਨਾਲ ਕੌਮ ਵਿੱਚ ਉਲਝਣ ਵਧ ਗਈ। ਆਜ਼ਾਦੀ ਤੋਂ ਬਾਅਦ ਵੀ ਬਹੁਤਾ ਬਦਲਾਅ ਨਹੀਂ ਆਇਆ। ਕਾਂਗਰਸ ਨੇ ਵੀ ਅੰਗਰੇਜ਼ਾਂ ਵਾਲੀ ਫੁਟ ਪਾਓ-ਰਾਜ ਕਰੋ ਦੀ ਨੀਤੀ ਆਪਣਾ ਰਾਜਨੀਤਕ ਵਿਰਸਾ ਸਮਝਕੇ, ਅਪਨਾ ਲਈ ਤੇ ਕਈ ਨਵੇਂ ਸਿੱਖ ਆਗੂ ਵੀ ਜਾਤੀ ਤੇ ਰਾਜਨੀਤਿਕ ਹਿੱਤਾਂ ਨਾਲ ਕਾਂਗਰਸ ਨਾਲ ਜੁੜ ਗਏ, ਪੰਥਕ ਸਿਧਾਂਤਾਂ ਨਾਲ ਉਨ੍ਹਾਂ ਦਾ ਕੋਈ ਸਬੰਧ ਨਹੀਂ ਰਿਹਾ। ਇਹ ਸਭਿਆਚਾਰਕ ਨਿਘਾਰ ਸਿੱਖ ਪੰਥ ਵਿਚ ਵਧਦਾ ਰਿਹਾ ਤੇ ਜਿਹੜੀ ਕੌਮ ਇਤਿਹਾਸ ਵਿਚ ਮੁਗਲ ਤੇ ਅੰਗਰੇਜ਼ ਸਮਰਾਜ ਨੂੰ ਜੜ੍ਹਾਂ ਤੋਂ ਹਿਲਾਉਂਦੀ ਸੀ, ਉਹ ਸਪੱਸ਼ਟਤਾ ਤੇ ਦਿਸ਼ਾ ਦੀ ਭਾਲ ਵਿੱਚ ਭੰਬਲਭੂਸੇ ਪੈ ਗਈ ।

ਸਿੱਖ ਲੀਡਰਸ਼ਿਪ ਵਿਚ ਸਿਧਾਂਤਕ ਨਿਘਾਰ ਵਧਦਾ ਗਿਆ। ਸਿੱਖ, ਜੋ ਕਦੇ ਦੇਸ਼ ਤੇ ਸਮਾਜ ਦੇ ਰਾਖੇ ਵਜੋਂ ਜਾਣੇ ਜਾਂਦੇ ਸਨ, ਉਨ੍ਹਾਂ ਨੂੰ ਕਾਂਗਰਸ ਰਾਜ ਦੌਰਾਨ ਉਗਰਵਾਦੀ ਜਾਂ ਵੱਖਵਾਦੀ ਕਿਹਾ ਜਾਣ ਲੱਗਾ। ਅੱਜ ਕੋਈ ਮਜ਼ਬੂਤ ਵਿਸ਼ਵ ਪੱਧਰੀ ਸਿੱਖ ਸੰਗਠਨ ਨਹੀਂ ਹੈ, ਜੋ ਸਿੱਖ ਮਸਲਿਆਂ ਨੂੰ ਅੱਗੇ ਰੱਖੇ ਤੇ ਕੌਮ ਵਿਰੁੱਧ ਖੜੇ ਕੀਤੇ ਝੂਠੇ ਨੈਰੇਟਿਵ ਦਾ ਮੁਕਾਬਲਾ ਕਰੇ। ਸਿੱਖ ਕੌਮ ਨੂੰ ਆਗੂਆਂ ਦੀ ਘਾਟ ਕਾਰਨ,ਵਾਰ-ਵਾਰ ਅਨਿਆਂ, ਵਿਤਕਰੇ ਤੇ ਰਾਜਨੀਤਿਕ ਧੋਖੇ ਮਿਲੇ ਹਨ ਅਤੇ ਉਹ ਆਪਣੇ ਮਾਨਸਿਕ ਜਖਮਾਂ ਦਾ ਇਲਾਜ ਵੀ ਨਾ ਕਰ ਸਕੇ। ਸਿੱਖ ਪੰਥ ਦੇ ਭਾਵਨਾਤਮਕ ਜਖਮਾਂ ਨੂੰ ਕਦੇ ਵਿਚਾਰਿਆ ਨਹੀਂ ਗਿਆ। ਇਹ ਮਾਨਸਿਕ ਪੀੜਾ ਦਾ ਰੋਗ ਪੀੜ੍ਹੀ-ਦਰ-ਪੀੜ੍ਹੀ ਚਲਦਾ ਰਿਹਾ ਹੈ ਅਤੇ ਨਕਾਰਾਤਮਕ ਯਾਦਾਂ ਗਹਿਰੀਆਂ ਬੈਠ ਗਈਆਂ ਹਨ, ਜਿਸ ਨਾਲ ਸਿੱਖ ਦਾ ਵਿਵਹਾਰ ਤੇ ਰਾਜਨੀਤਿਕ ਪ੍ਰਤੀਕ੍ਰਿਆਵਾਂ ਪ੍ਰਭਾਵਿਤ ਹੋਈਆਂ ਹਨ। ਮਨੋਵਿਗਿਆਨ ਤੇ ਮੈਡੀਕਲ ਸਾਇੰਸ ਦੱਸਦੇ ਹਨ ਕਿ ਲਗਾਤਾਰ ਡਰ ਜਾਂ ਨਕਾਰਾਤਮਕ ਸੋਚ ਕਾਰਨ ਵਿਅਕਤੀ ਦੀ ਯਾਦਦਾਸ਼ਤ ਕਮਜ਼ੋਰ ਹੁੰਦੀ ਹੈ, ਨਿਰਣਾ ਸ਼ਕਤੀ ਵਿਗੜਦੀ ਹੈ ਤੇ ਚਿੰਤਾ ਜਾਂ ਹਮਲਾਵਰ ਵਿਵਹਾਰ ਵਧਦਾ ਹੈ। ਜਿਹੜੀ ਕੌਮ ਬੇਖੌਫ ਰਾਖੇ ਪੈਦਾ ਕਰਦੀ ਸੀ, ਅੱਜ ਅਕਸਰ ਡਰ ਦੇ ਚੱਕਰ ਵਿੱਚ ਫਸੀ ਨਜ਼ਰ ਆਉਂਦੀ ਹੈ। ਕੌਮ ਵਾਰੇ ਮਾੜਾ ਲੇਬਲ ਲੱਗਣ ਦਾ ਡਰ, ਪਛਾਣ ਖਤਮ ਹੋਣ ਦਾ ਡਰ, ਰਾਜਨੀਤਿਕ ਲੀਡਰਾਂ ਵਲੋਂ ਵਰਤੋਂ ਦਾ ਡਰ ਸਿੱਖ ਮਾਨਸਿਕਤਾ ਨੂੰ ਕਮਜ਼ੋਰ ਕਰ ਰਿਹਾ ਹੈ। ਬਹੁਤ ਸਾਰੀਆਂ ਪੰਥ ਵਿਰੋਧੀ ਤਾਕਤਾਂ ਤੇ ਗਰੁੱਪ ਇਸ ਡਰ ਦਾ ਫਾਇਦਾ ਚੁੱਕਦੇ ਹਨ। ਤਰਕ ਦੀ ਥਾਂ ਭਾਵਨਾਵਾਂ, ਸਾਜ਼ਿਸ਼ੀ ਥਿਊਰੀਆਂ ਤੇ ਸੋਸ਼ਲ ਮੀਡੀਆ ਪ੍ਰੋਪੇਗੰਡੇ ਨਾਲ ਸਿੱਖ ਪ੍ਰਭਾਵਿਤ ਹੋ ਜਾਂਦੇ ਹਨ। ਇਸ ਨਾਲ ਨੌਜਵਾਨ ਗਲਤ ਦਿਸ਼ਾ ਗ੍ਰਹਿਣ ਕਰਦੇ ਹਨ, ਚੰਗੀ ਤੇ ਭਵਿੱਖ ਲਈ ਨੀਤੀ ਨਹੀਂ ਬਣਦੀ, ਇਕਜੁਟਤਾ ਨਹੀਂ ਹੁੰਦੀ ਤੇ ਕੌਮ ਕਮਜ਼ੋਰ ਰਹਿ ਜਾਂਦੀ ਹੈ।

ਦੁਨੀਆ ਬਦਲ ਗਈ ਹੈ ਤੇ ਦੂਸਰੀਆਂ ਸਤਾਈਆਂ ਕੌਮਾਂ ਨੇ ਆਪਣੇ ਆਪ ਨੂੰ ਸਮੇਂ ਅਨੁਸਾਰ ਢਾਲ ਲਿਆ ਹੈ ,ਯਹੂਦੀ ਕੌਮ ਨੇ ਲਗਭਗ ਪੂਰੀ ਤਬਾਹੀ ਤੋਂ ਬਾਅਦ ਵਿਦਿਆ, ਇਕਜੁਟਤਾ, ਸੰਵਾਦ ਤੇ ਮਜ਼ਬੂਤ ਵਿਸ਼ਵ ਨੈੱਟਵਰਕ ਨਾਲ ਆਪਣੇ ਆਪ ਨੂੰ ਮੁੜ ਉਸਾਰਿਆ ਹੈ। ਉਨ੍ਹਾਂ ਨੇ ਸੰਸਥਾਵਾਂ, ਖੋਜ, ਕੂਟਨੀਤੀ ਤੇ ਸਾਂਝੀ ਲੀਡਰਸ਼ਿਪ ਨੂੰ ਉਭਾਰਿਆ ਹੈ, ਜਦਕਿ ਯਹੂਦੀ ਕਈ ਮਹਾਂਦੀਪਾਂ ਵਿੱਚ ਮਜ਼ਬੂਤ ਹੋਏ ਹਨ। ਪਰ ਸਿੱਖ - ਜਿਨ੍ਹਾਂ ਕੋਲ ਕਿਤੇ ਜ਼ਿਆਦਾ ਹਿੰਮਤ ਤੇ ਇਤਿਹਾਸਕ ਤਾਕਤ ਸੀ - ਅੱਜ ਵੀ ਵੰਡੇ ਹੋਏ ਹਨ। ਨਾ ਕੋਈ ਸਿੱਖ ਪੰਥ ਕੋਲ ਥਿੰਕ-ਟੈਂਕ ਹੈ, ਨਾ ਵਿਸ਼ਵ ਤਾਲਮੇਲ ਵਾਲੀ ਸੰਸਥਾ, ਨਾ ਅੰਤਰਰਾਸ਼ਟਰੀ ਪੱਧਰ ਦੀ ਖੋਜ ਸੰਸਥਾ, ਨਾ ਇਕਜੁੱਟ ਰਾਜਨੀਤਿਕ ਆਵਾਜ਼ ਹੀ ਰਹੀ ਹੈ, ਲੋਕਤੰਤਰ ਦੇ ਤਿੰਨ ਥੰਮ੍ਹ - ਵਿਧਾਨਸਭਾ, ਕਾਰਜਪਾਲਿਕਾ ਤੇ ਨਿਆਂਪਾਲਿਕਾ-ਵਿੱਚ ਸਿੱਖ ਪ੍ਰਭਾਵ ਨਾਮਾਤਰ ਰਹਿ ਗਿਆ ਹੈ। ਚੌਥਾ ਥੰਮ੍ਹ ਮੀਡੀਆ ਵਿੱਚ ਵੀ ਸਿੱਖ ਮੌਜੂਦਗੀ ਨਹੀਂ ਰਹੀ,ਇਸ ਦੇ ਉਲਟ ਅੰਦਰੂਨੀ ਫੁੱਟਾਂ ਅਜੇ ਵੀ ਜਾਰੀ ਹਨ, ਅਕਸਰ ਉਹ ਗਰੁੱਪ ਅੱਗੇ ਵਧਾਉਂਦੇ ਹਨ ਜੋ ਆਪਣੇ ਆਪ ਨੂੰ ਧਰਮ ਦੇ ਰਾਖੇ ਦੱਸ ਕੇ ਭਾਵਨਾਤਮਕ ਬਲੈਕਮੇਲ ਕਰਦੇ, ਆਪਣੇ ਸਵਾਰਥ ਨੂੰ ਪੂਰਾ ਕਰਦੇ ਹਨ।

ਕਈ ਆਗੂ ਕੌਮ ਨੂੰ ਲਗਾਤਾਰ ਡਰਾਵਾ ਦਿੰਦੇ ਰਹਿੰਦੇ ਹਨ ਕਿ ਆਰ.ਐਸ.ਐਸ. ਜਾਂ ਕੇਂਦਰ ਸਰਕਾਰ ਸਿੱਖਾਂ ਦੀ ਦੁਸ਼ਮਣ ਹੈ। ਪਰ ਇਹ ਨੈਰੇਟਿਵ ਤੱਥਾਂ ਦੇ ਆਧਾਰਿਤ ਨਹੀਂ ਹੈ। ਆਰ.ਐਸ.ਐਸ. ਸਿੱਖਾਂ ਦੀ ਦੁਸ਼ਮਣ ਨਹੀਂ ਹੈ ਪਰ ਉਹ ਵੱਡੇ ਕੈਨਵਸ 'ਤੇ ਕੰਮ ਕਰਦੀ ਹੈ। ਈਰਖਾ ਜਾਂ ਡਰ ਦੀ ਥਾਂ ਸਿੱਖਾਂ ਨੂੰ ਵੀ ਵੱਡਾ ਸੋਚਣਾ ਚਾਹੀਦਾ ਹੈ ਤੇ ਵਿਸ਼ਵ ਲੋੜਾਂ ਮੁਤਾਬਕ ਸੰਸਥਾਵਾਂ ਬਣਾਉਣੀਆਂ ਚਾਹੀਦੀਆਂ ਹਨ। ਇੱਕ ਛੋਟੀ, ਖੰਡਿਤ ਕੌਮ ਕਲਪਿਤ ਦੁਸ਼ਮਣਾਂ ਨਾਲ ਨਹੀਂ ਲੜ ਸਕਦੀ; ਪਹਿਲਾਂ ਆਪਣੇ ਆਪ ਨੂੰ ਸੰਗਠਿਤ ਕਰਨਾ ਪਵੇਗਾ। ਮੌਜੂਦਾ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਜੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵੱਲੋਂ ਤਾਂ ਪਿਛਲੇ ਸਿੱਖ ਕਤਲੇਆਮਾਂ ਦੇ ਪੀੜਤਾਂ ਨੂੰ ਰਾਹਤ ਦੇਣ ਤੇ ਦੋਸ਼ੀਆਂ ਵਿਰੁੱਧ ਕਾਰਵਾਈ ਕਰਨ ਦੀਆਂ , ਕੋਸ਼ਿਸ਼ਾਂ ਹੋ ਰਹੀਆਂ ਹਨ। ਉਨ੍ਹਾਂ ਦੀ ਅਗਵਾਈ ਵਿੱਚ ਅੱਜ ਦੁਨੀਆਂ ਭਰ ਦੇ ਭਾਰਤੀ ਦੂਤਘਰ ਸਿੱਖ ਇਤਿਹਾਸ ਤੇ ਗੁਰਪੁਰਬ ਵਾਲੇ ਦਿਨ ਮਨਾਉਂਦੇ ਹਨ, ਜਿਸ ਨਾਲ ਸਿੱਖ ਧਰਮ ਨੂੰ ਵਿਸ਼ਵ ਪੱਧਰੀ ਸਤਿਕਾਰ ਮਿਲ ਰਿਹਾ ਹੈ। ਅਜਿਹੇ ਕਦਮਾਂ ਦੀ ਤਾਂ ਸਰਾਹਨਾ ਕਰਨੀ ਚਾਹੀਦੀ ਹੈ, ਨਿਰਾਧਾਰ ਆਲੋਚਨਾ ਨਹੀਂ ਕਰਨੀ ਚਾਹੀਦੀ।

ਬਦਕਿਸਮਤੀ ਨਾਲ, ਸਰਹੱਦ ਪਾਰ ਦੇ ਕਈ ਹਿੰਸਕ ਤੇ ਦੇਸ ਵਿਰੋਧੀ ਤੱਤ ਸਿੱਖ ਨੌਜਵਾਨਾਂ ਵਿੱਚ ਡਰ ਦਾ ਫਾਇਦਾ ਚੁੱਕ ਕੇ ਭਟਕਾਉਂਦੇ ਹਨ। ਪੰਥ ਨੂੰ ਹਿੰਸਾ ਦੀ ਨਹੀਂ, ਸਗੋਂ ਸਪੱਸ਼ਟਤਾ, ਰਣਨੀਤੀ, ਵਿਦਿਆ ਤੇ ਇਕਜੁਟਤਾ ਦੀ ਲੋੜ ਹੈ।

ਸਿੱਖ ਕੌਮ ਦਾ ਮਨੋਬਲ ਗੁਰਬਾਣੀ ਦੇ ਲੜ ਲਗਣ ਨਾਲ ਹੀ ਮਜ਼ਬੂਤ ਹੁੰਦਾ ਹੈ। ਗੁਰਬਾਣੀ ਜ਼ਖਮੀ ਮਨ ਦੀ ਸਭ ਤੋਂ ਚੰਗੀ ਦਵਾਈ ਹੈ। ਨਾਮ ਸਿਮਰਨ ਸਟਰੈਸ ਘਟਾਉਂਦਾ ਹੈ, ਮਨ ਨੂੰ ਸਥਿਰ ਕਰਦਾ ਹੈ ਤੇ ਭਾਵਨਾਤਮਕ ਮਜ਼ਬੂਤੀ ਦਿੰਦਾ ਹੈ। ਗੁਰੂ ਦੇ ਹੁਕਮ ਉਪਰ ਅਮਲ ਸਿੱਖ ਦਾ ਸੁਚਜਾ ਜੀਵਨ ਅਨੁਸ਼ਾਸਨ, ਸਪੱਸ਼ਟਤਾ ਤੇ ਸਵੈ-ਮਾਣ ਬਣਾਉਂਦਾ ਹੈ। ਜਦੋਂ ਕੌਮ ਆਪਣੇ ਗੁਰੂ ਨਾਲ ਜੁੜਦੀ ਹੈ ਤਾਂ ਕਰਮਕਾਂਡ ਖਤਮ ਹੁੰਦੇ ਹਨ, ਡਰ ਦੂਰ ਹੁੰਦਾ ਹੈ ਤੇ ਸੱਚੀ ਹਿੰਮਤ ਵਾਪਸ ਆਉਂਦੀ ਹੈ। ਸਿੱਖਾਂ ਨੂੰ ਪਰਿਵਾਰਾਂ ਵਿੱਚ, ਪੰਥ ਵਿੱਚ ਤੇ ਦੇਸ਼ ਨਾਲ ਸੰਵਾਦ ਨੂੰ ਅਪਨਾਉਣਾ ਚਾਹੀਦਾ ਹੈ। ਸੰਵਾਦ ਡਰ ਘਟਾਉਂਦਾ ਹੈ, ਭਰੋਸਾ ਪੈਦਾ ਕਰਦਾ ਹੈ।


ਇੱਕ ਹੋਰ ਪਹਿਲ ਪੰਥਕ ਸੰਸਥਾਵਾਂ ਨੂੰ ਕਰਨੀ ਚਾਹੀਦੀ ਹੈ ਕਿ ਵਿਦਿਆ ਵਲ ਧਿਆਨ ਦੇਵੋ। ਭਵਿੱਖ ਯੂਨੀਵਰਸਿਟੀਆਂ, ਖੋਜ ਕੇਂਦਰਾਂ, ਡਿਜੀਟਲ ਪਲੇਟਫਾਰਮਾਂ ਤੇ ਵਿਸ਼ਵ ਪੱਧਰੀ ਸੰਸਥਾਵਾਂ ਵਿੱਚ ਹੈ ਜੋ ਸਿੱਖ ਇਤਿਹਾਸ, ਸਿੱਖ ਹੱਕ, ਸਿੱਖ ਫਿਲਾਸਫੀ ਤੇ ਅੰਤਰਰਾਸ਼ਟਰੀ ਫੋਰਮਾਂ ਵਿੱਚ ਸਿੱਖ ਨਜ਼ਰੀਏ ਨੂੰ ਪੇਸ਼ ਕਰਨ ਲਈ ਸਮਰੱਥ ਹੋ ਸਕਦਾ ਹੈ, ਗਿਆਨ ਹੀ ਸੱਤਾ ਦਾ ਮੁੱਢ ਹੈ; ਬਿਨਾਂ ਗਿਆਨ ਦੇ ਬਹਾਦੁਰ ਵੀ ਲਾਚਾਰ ਹੋ ਜਾਂਦੇ ਹਨ।

ਸਿੱਖ ਕੌਮ ਨੂੰ ਸਾਂਝੀ ਨੀਤੀ ਤੇ ਮਜਬੂਤ ਲੀਡਰਸ਼ਿਪ ਮੁੜ ਉਸਾਰਨੀ ਪਵੇਗੀ। ਗਲਤੀ ਉਨ੍ਹਾਂ ਸਿੱਖਾਂ ਵਿਚ ਹੈ ਜੋ ਸੱਤਾ ਜਾਂ ਪ੍ਰਭਾਵ ਵਾਲੀਆਂ ਥਾਵਾਂ 'ਤੇ ਹਨ ,ਪਰ ਨਿੱਜੀ ਲਾਭ ਨੂੰ ਕੌਮ ਦੇ ਭਲੇ ਤੋਂ ਉੱਪਰ ਰੱਖਦੇ ਹਨ। ਗੁਰੂ ਸਾਹਿਬ ਨੇ ਖਾਲਸੇ ਨੂੰ ਲੋਕਤੰਤਰੀ ਵਿਵਸਥਾ ਬਣਾਇਆ ਸੀ ਜਿੱਥੇ ਗੁਰਮਤਿਆਂ ਰਾਹੀਂ ਸਾਂਝੇ ਫੈਸਲੇ ਹੁੰਦੇ ਸਨ। ਇਸ ਪਰੰਪਰਾ ਨੂੰ ਮੁੜ ਜੀਵੰਤ ਕਰਨਾ ਚਾਹੀਦਾ ਹੈ। ਜਿੱਥੇ ਵੀ ਸੰਭਵ ਹੋਵੇ, ਸਿੱਖਾਂ ਨੂੰ ਦੂਸਰੀਆਂ ਕੌਮਾਂ ਨਾਲ ਗਠਜੋੜ ਬਣਾਉਣੇ ਚਾਹੀਦੇ ਹਨ, ਇਕੱਲੇ ਪੈਣ ਦੀ ਥਾਂ ਰਿਸ਼ਤੇ ਮਜ਼ਬੂਤ ਕਰਨੇ ਚਾਹੀਦੇ ਹਨ। ਭਾਰਤ ਤੇਜ਼ੀ ਨਾਲ ਬਦਲ ਰਿਹਾ ਹੈ। ਸਿੱਖਾਂ ਨੇ ਹਰ ਖੇਤਰ - ਫੌਜ, ਉਦਯੋਗ, ਖੇਤੀਬਾੜੀ, ਖੇਡਾਂ, ਨਿਆਂਪਾਲਿਕਾ, ਪ੍ਰਸ਼ਾਸਨ - ਵਿੱਚ ਯੋਗਦਾਨ ਪਾਇਆ ਹੈ, ਪਰ ਕੌਮ ਨੂੰ ਆਪਣਾ ਕੈਨਵਸ ਵਿਸ਼ਵ ਪੱਧਰ ਤੱਕ ਫੈਲਾਉਣਾ ਪਵੇਗਾ ਤਾਂ ਜੋ ਪ੍ਰਸੰਗਿਕ ਰਹਿ ਸਕੇ।

ਸਿੱਖ ਪੰਥ ਨੇ ਸਦੀਆਂ ਤੋਂ ਸ਼ਹਾਦਤਾਂ, ਜੰਗਾਂ, ਧੋਖੇ ਤੇ ਰਾਜਨੀਤਿਕ ਚਾਲਾਂ ਸਹੀਆਂ ਹਨ, ਫਿਰ ਵੀ ਮਜ਼ਬੂਤ ਖੜ੍ਹਾ ਹੈ। ਪਰ ਸਿਰਫ ਖੜ੍ਹੇ ਰਹਿਣਾ ਕਾਫੀ ਨਹੀਂ; ਹੁਣ ਸਪੱਸ਼ਟਤਾ, ਆਤਮ-ਵਿਸ਼ਵਾਸ ਤੇ ਇਕਜੁਟਤਾ ਨਾਲ ਮੁੜ ਉੱਠਣ ਦਾ ਸਮਾਂ ਹੈ। ਰਾਹ ਸਾਫ ਹੈ: ਗੁਰੂ ਦੇ ਮਾਰਗ 'ਤੇ ਵਾਪਸ ਆਓ, ਮਨ ਨੂੰ ਠੀਕ ਕਰੋ, ਡਰ ਖਤਮ ਕਰੋ, ਵਿਦਿਆ ਅਪਨਾਓ, ਸੰਵਾਦ ਕਰੋ ਤੇ ਬੋਧਿਕ ਲੀਡਰਸ਼ਿਪ ਉਸਾਰੋ। ਗੁਰੂਆਂ ਨੇ ਸਿੱਖਾਂ ਨੂੰ ਧਰਤੀ ਦੇ ਫਰਿਸ਼ਤੇ, ਮਨੁੱਖਤਾ ਦੇ ਰਾਖੇ, ਸੱਚ ਦੇ ਡਟਵੇਂ ਤੇ ਇਨਸਾਫ ਦੇ ਦੂਤ ਬਣਾਇਆ ਸੀ। ਤਦ ਹੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਅਸਲ ਸਤਿਕਾਰ ਹੋਵੇਗਾ - ਮਹਿੰਗੇ ਜਸ਼ਨਾਂ ਨਾਲ ਨਹੀਂ, ਸਗੋਂ ਉਨ੍ਹਾਂ ਅਸੂਲਾਂ ਨੂੰ ਜੀ ਕੇ ਜਿਨ੍ਹਾਂ ਦੀ ਰਾਖੀ ਲਈ ਉਹ ਸ਼ਹੀਦ ਹੋਏ। ਆਓ, ਤਿਲਕ-ਜਨੇਊ ਵਾਲਿਆਂ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਪੁੱਤਰਾਂ ਵਿਚਕਾਰ ਸਦੀਵੀ ਦੋਸਤੀ ਬਣਾਈਏ, ਜਿਸ ਦਾ ਜ਼ਿਕਰ ਇਸ ਸ਼ਬਦ ਵਿਚ ਹੈ:"ਨਾ ਕਹੂੰ ਅਬ ਕੀ, ਨਾ ਕਹੂੰ ਤਬ ਕੀ। ਅਗਰ ਨ ਹੋਤੇ ਗੁਰੂ ਗੋਬਿੰਦ ਸਿੰਘ, ਸੁੰਨਤ ਹੋਤੀ ਸਭ ਕੀ।" ਅਜਿਹੀ ਇਕਜੁਟਤਾ ਸਾਡੀ ਕੌਮ ਨੂੰ ਮਜ਼ਬੂਤ ਕਰੇਗੀ, ਆਤਮ-ਵਿਸ਼ਵਾਸ ਵਾਪਸ ਲਿਆਵੇਗੀ ਤੇ ਗਵਾਚੀ ਹੋਈ ਸ਼ਾਨ ਮੁੜ ਪ੍ਰਾਪਤ ਕਰਾਏਗੀ।

ਸਾਬਕਾ ਚੇਅਰਮੈਨ, ਰਾਸ਼ਟਰੀ ਅਲਪਸੰਖਿਅਕ ਕਮਿਸ਼ਨ ਭਾਰਤ ਸਰਕਾਰ

# ਸਿਹਤ ਤੇ ਸੁੰਦਰਤਾ



## ਕੈਲਸ਼ੀਅਮ ਦੀ ਘਾਟ ਹੋਣ ’ਤੇ ਸਿਹਤ ਦਾ ਹੁੰਦਾ ਹੈ ਨੁਕਸਾਨ

ਕੀ ਤੁਸੀਂ ਜਾਣਦੇ ਹੋ ਕਿ ਕੈਲਸ਼ੀਅਮ ਨਾ ਸਿਰ.ਫ ਸਾਡੀਆਂ ਹੱਡੀਆਂ ਨੂੰ ਮਜ਼ਬੂਤ ਕਰਨ ਲਈ ਜ਼ਰੂਰੀ ਹੈ, ਸਗੋਂ ਇਹ ਕਈ ਹੋਰ ਮਹੱਤਵਪੂਰਨ ਕਾਰਜ ਵੀ ਕਰਦਾ ਹੈ? ਹਾਂ, ਕੈਲਸ਼ੀਅਮ ਮਾਸਪੇਸ਼ੀਆਂ ਦੇ ਸੁੰਗੜਨ, ਦਿਮਾਗੀ ਪ੍ਰਣਾਲੀ ਅਤੇ ਦਿਲ ਦੀ ਧੜਕਣ ਨੂੰ ਕੰਟਰੋਲ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਆਓ ਜਾਣਦੇ ਹਾਂ ਕਿ ਕਿਹੜੇ ਲੱਛਣ ਕੈਲਸ਼ੀਅਮ ਦੀ ਕਮੀ ਦਾ ਪਤਾ ਲਗਾਉਣ ਵਿੱਚ ਮਦਦ ਕਰ ਸਕਦੇ ਹਨ ਇਹ ਕੈਲਸ਼ੀਅਮ ਦੀ ਕਮੀ ਦਾ ਸਭ ਤੋਂ ਆਮ ਲੱਛਣ ਹੈ।


ਥਕਾਵਟ ਅਤੇ ਕਮਜ਼ੋਰੀ-ਜੇਕਰ ਤੁਸੀਂ ਲਗਾਤਾਰ ਥਕਾਵਟ ਮਹਿਸੂਸ ਕਰਦੇ ਹੋ, ਭਾਵੇਂ ਕੋਈ ਖਾਸ ਮਿਹਨਤ ਨਾ ਕੀਤੀ ਹੋਵੇ ਅਤੇ ਸੁਸਤ ਅਤੇ ਕਮਜ਼ੋਰ ਮਹਿਸੂਸ ਕਰਦੇ ਹੋ ਤਾਂ ਇਹ ਕੈਲਸ਼ੀਅਮ ਦੀ ਕਮੀ ਦਾ ਸੰਕੇਤ ਹੋ ਸਕਦਾ ਹੈ। ਕੈਲਸ਼ੀਅਮ ਸਰੀਰ ਵਿੱਚ ਊਰਜਾ ਪਾਚਕ ਕਿਰਿਆ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਸ ਦੀ ਘਾਟ ਊਰਜਾ ਦੇ ਪੱਧਰ ਨੂੰ ਘਟਾਉਂਦੀ ਹੈ, ਜਿਸ ਨਾਲ ਚਿੜਚਿੜਾਪਨ, ਤਣਾਅ ਅਤੇ ਧਿਆਨ ਦੀ ਘਾਟ ਵਰਗੀਆਂ ਸਮੱਸਿਆਵਾਂ ਪੈਦਾ ਹੁੰਦੀਆਂ ਹਨ।

ਨਹੁੰਆਂ ਅਤੇ ਚਮੜੀ ’ਤੇ ਪ੍ਰਭਾਵ-ਕੈਲਸ਼ੀਅਮ ਦੀ ਘਾਟ ਕਾਰਨ ਨਹੁੰ ਭੁਰਭੁਰਾ ਅਤੇ ਭੁਰਭੁਰਾ ਹੋ ਸਕਦੇ ਹਨ। ਉਨ੍ਹਾਂ ’ਤੇ ਚਿੱਟੇ ਧੱਬੇ ਦਿਖਾਈ ਦੇ ਸਕਦੇ ਹਨ ਅਤੇ ਉਹ ਆਸਾਨੀ ਨਾਲ ਟੁੱਟ ਸਕਦੇ ਹਨ। ਇਸੇ ਤਰ੍ਹਾਂ ਚਮੜੀ ਸੁੱਕੀ ਅਤੇ ਬੇਜਾਨ ਦਿਖਾਈ ਦੇ ਸਕਦੀ ਹੈ। ਕੈਲਸ਼ੀਅਮ ਚਮੜੀ ਦੇ ਪੁਨਰ ਸੁਰਜੀਤੀ ਲਈ ਵੀ ਜ਼ਰੂਰੀ ਹੈ।

ਦੰਦਾਂ ਦੀਆਂ ਸਮੱਸਿਆਵਾਂ-ਜਿਵੇਂ ਹੱਡੀਆਂ ਪ੍ਰਭਾਵਿਤ ਹੁੰਦੀਆਂ ਹਨ, ਉਸੇ ਤਰ੍ਹਾਂ ਦੰਦ ਵੀ ਕੈਲਸ਼ੀਅਮ ਦੀ ਘਾਟ ਤੋਂ ਮੁਕਤ ਨਹੀਂ ਹਨ। ਦੰਦਾਂ ਦਾ ਕਮਜ਼ੋਰ ਹੋਣਾ, ਮਸੂੜਿਆਂ ਦਾ ਸੁੱਜਣਾ, ਦੰਦਾਂ ਦਾ ਸੜਨਾ ਵਧਣਾ ਅਤੇ ਜੜ੍ਹਾਂ ਦਾ ਕਮਜ਼ੋਰ ਹੋਣਾ ਕੈਲਸ਼ੀਅਮ ਦੀ ਘਾਟ ਦੇ ਲੱਛਣ ਹੋ ਸਕਦੇ ਹਨ। ਬੱਚਿਆਂ ਵਿੱਚ, ਇਸ ਦੀ ਘਾਟ ਦੰਦਾਂ ਦੇ ਵਿਕਾਸ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ।

ਤੰਤੂ ਵਿਗਿਆਨ ਸੰਬੰਧੀ ਸਮੱਸਿਆਵਾਂ-ਤੰਤੂ ਪ੍ਰਣਾਲੀ ਦੇ ਸਹੀ ਕੰਮਕਾਜ ਲਈ ਕੈਲਸ਼ੀਅਮ ਜ਼ਰੂਰੀ ਹੈ। ਇਹ ਨਸਾਂ ਦੇ ਸੰਕੇਤਾਂ ਦੇ ਸੰਚਾਰ ਵਿੱਚ ਮਦਦ ਕਰਦਾ ਹੈ। ਜਦੋਂ ਸਰੀਰ ਵਿੱਚ ਇਸ ਦੀ ਮਾਤਰਾ ਘੱਟ ਜਾਂਦੀ ਹੈ ਤਾਂ ਇਹ ਸਿੱਧੇ ਤੌਰ ’ਤੇ ਨਾੜੀਆਂ ਨੂੰ ਪ੍ਰਭਾਵਿਤ ਕਰਦਾ ਹੈ। ਇਸ ਨਾਲ ਹੱਥਾਂ, ਪੈਰਾਂ ਅਤੇ ਉਂਗਲਾਂ ਵਿੱਚ ਸੁੰਨ ਹੋਣਾ, ਝਰਨਾਹਟ ਦੀ ਭਾਵਨਾ ਹੋ ਸਕਦੀ ਹੈ। ਗੰਭੀਰ ਮਾਮਲਿਆਂ ਵਿੱਚ, ਮਾਸਪੇਸ਼ੀਆਂ ’ਚ ਕੜਵੱਲ, ਯਾਦਦਾਸ਼ਤ ਦੀ ਘਾਟ ਅਤੇ ਦੌਰੇ ਵੀ ਪੈ ਸਕਦੇ ਹਨ।

## ਕੈਂਸਰ ਖ਼ਿਲਾ.ਫ ਬੈਕਟੀਰੀਆ ਬਣੇਗਾ ਇਲਾਜ



ਵਿਗਿਆਨੀਆਂ ਦਾ ਕਹਿਣਾ ਹੈ ਕਿ ਜਲਦੀ ਹੀ ਉਹ ਬੈਕਟੀਰੀਆ ਨੂੰ ਇਸ ਤਰ੍ਹਾਂ ਕੰਟਰੋਲ ਕਰਨ ’ਚ ਕਾਮਯਾਬ ਹੋ ਜਾਣਗੇ ਕਿ ਸਰੀਰ ਵਿਚ ਜਾਣ ਤੋਂ ਬਾਅਦ ਇਹ ਬੈਕਟੀਰੀਆ ਕੈਂਸਰ ਵਾਲੀਆਂ ਕੋਸ਼ਿਕਾਵਾਂ ਨੂੰ ਖੋਜ ਕੇ ਨਸ਼ਟ ਕਰਨਗੇ। ਖਾਸ ਗੱਲ ਇਹ ਹੈ ਕਿ ਬੈਕਟੀਰੀਆ ਆਪਣਾ ਕੰਮ ਪੂਰਾ ਕਰਨ ਤੋਂ ਬਾਅਦ ਸਰੀਰ ਵਿਚ ਕੋਈ ਹੋਰ ਨੁਕਸਾਨ ਕੀਤੇ ਬਿਨਾਂ ਖਤਮ ਹੋ ਜਾਣਗੇ।

ਵਿਗਿਆਨਕ ਖੋਜਾਂ ਦਾ ਆਧਾਰ-ਇਹ ਜਾਣਕਾਰੀ ਵੈਬਸਾਈਟ ਦਾ ਕਨਵਰਸੇਸ਼ਨ ’ਤੇ ਜੋਸੇ.ਫਿਨ ਰਾਈਟ ਅਤੇ ਸੂਜ਼ਨ ਵੁਡਸ ਵਲੋਂ ਪ੍ਰਕਾਸ਼ਿਤ ਇਕ ਖੋਜ ਰਿਪੋਰਟ ਵਿਚ ਦਿੱਤੀ ਗਈ ਹੈ। ਦੋਵੇਂ ਵਿਗਿਆਨੀ ਆਸਟ੍ਰੇਲੀਆ ਦੇ ਸਾਊਥ ਆਸਟ੍ਰੇਲੀਆਨ ਹੈਲਥ ਐਂਡ ਮੈਡਿਕਲ ਰਿਸਰਚ ਇੰਸਟੀਟਿਊਟ ਨਾਲ ਜੁੜੇ ਹਨ ਅਤੇ ਕੈਂਸਰ ’ਤੇ ਦਵਾਈ ਸੰਬੰਧੀ ਅਧਿਐਨ ਕਰ ਰਹੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਕਈ ਕਿਸਮਾਂ ਦੇ ਟਿਊਮਰ (ਗੰਢਾਂ) ਦਾ ਇਲਾਜ ਬਹੁਤ ਮੁਸ਼ਕਲ ਹੁੰਦਾ ਹੈ। ਕਈ ਵਾਰ ਕੈਂਸਰ ਦੇ ਇਲਾਜ ਤੋਂ ਬਾਅਦ ਵੀ ਇਹ ਮੁੜ ਉੱਭਰ ਆਉਂਦਾ ਹੈ, ਕਿਉਂਕਿ ਸਰੀਰ ਦੀ ਰੋਗ-ਪ੍ਰਤੀਰੋਧਕ ਪ੍ਰਣਾਲੀ ਅਤੇ ਕੈਂਸਰ ਵਿਚਕਾਰ ਇਕ ਲੰਬੀ ਲੜਾਈ ਚੱਲਦੀ ਰਹਿੰਦੀ ਹੈ। ਵਿਗਿਆਨੀਆਂ ਨੇ ਖੁਲਾਸਾ ਕੀਤਾ ਕਿ ਲਗਭਗ 100 ਸਾਲ ਪਹਿਲਾਂ, ਕੁਝ ਡਾਕਟਰਾਂ ਨੇ ਵੇਖਿਆ ਸੀ ਕਿ ਜਿਹੜੇ ਕੈਂਸਰ ਮਰੀਜ਼ ਕਿਸੇ ਬੈਕਟੀਰੀਆ ਨਾਲ ਸੰਕਰਮਿਤ ਹੋ ਗਏ ਸਨ, ਉਨ੍ਹਾਂ ਵਿਚ ਕੈਂਸਰ ਦੇ ਲੱਛਣ ਅਚਾਨਕ ਘਟ ਜਾਂ ਗਾਇਬ ਹੋ ਗਏ ਸਨ। ਹੁਣ ਆਧੁਨਿਕ ਵਿਗਿਆਨ ਨੇ ਇਸ ਦੀ ਵਿਗਿਆਨਕ ਵਜ੍ਹਾ ਖੋਜ ਲਈ ਹੈ - ਬੈਕਟੀਰੀਆ ਸਰੀਰ ਦੀ ਰੋਗ-ਪ੍ਰਤੀਰੋਧਕ ਪ੍ਰਣਾਲੀ ਨੂੰ ਸਰਗਰਮ ਕਰ ਦਿੰਦੇ ਹਨ, ਜੋ ਫਿਰ ਕੈਂਸਰ ਕੋਸ਼ਿਕਾਵਾਂ ’ਤੇ ਹਮਲਾ ਕਰਦੀ ਹੈ।

ਕੈਂਸਰ ਕੋਸ਼ਿਕਾਵਾਂ ਵਿਚ ਹੀ ਜਿਊਂਦੇ ਹਨ ਇਹ ਬੈਕਟੀਰੀਆ-ਕੁਝ ਬੈਕਟੀਰੀਆ ਸਿਰ.ਫ ਕੈਂਸਰ ਗੰਢਾਂ ਦੇ ਅੰਦਰ ਹੀ ਵਿਕਸਿਤ ਹੁੰਦੇ ਹਨ, ਪਰ ਸਿਹਤਮੰਦ ਟਿਸ਼ੂਜ਼ ’ਚ ਨਹੀਂ। ਇਸ ਦਾ ਕਾਰਣ ਹੈ ਕਿ ਇਹ ਬੈਕਟੀਰੀਆ ਆਪਣਾ ਖੁਰਾਕ ਮਰੀ ਹੋਈ ਕੈਂਸਰ ਕੋਸ਼ਿਕਾਵਾਂ ਤੋਂ ਲੈਂਦੇ ਹਨ। ਉਨ੍ਹਾਂ ਦੀ ਇਹ ਵਿਸ਼ੇਸ਼ਤਾ ਹੀ ਉਨ੍ਹਾਂ ਨੂੰ ਕੈਂਸਰ ਇਲਾਜ ਦੇ ਹਥਿਆਰ ਵਜੋਂ ਵਰਤਣ ਦਾ ਆਧਾਰ ਬਣਾਉਂਦੀ ਹੈ।

ਦੁਨੀਆ ਭਰ ਵਿਚ ਵੱਧ ਰਿਹਾ ਰੁਝਾਨ-ਪਿਛਲੇ 30 ਸਾਲਾਂ ਵਿਚ ਇਸ ਵਿਸ਼ੇ ‘ਤੇ 500 ਤੋਂ ਵੱਧ ਸੋਧ ਪੱਤਰ ਆ ਚੁੱਕੇ ਹਨ ਅਤੇ 70 ਕਲੀਨਿਕਲ ਟ੍ਰਾਇਲ ਹੋ ਚੁੱਕੇ ਹਨ। ਦੁਨੀਆ ਭਰ ਦੀਆਂ 24 ਸਟਾਰਟਅਪ ਕੰਪਨੀਆਂ ਇਸ ਬੈਕਟੀਰੀਆ-ਆਧਾਰਿਤ ਕੈਂਸਰ ਥੈਰੇਪੀ ’ਤੇ ਕੰਮ ਕਰ ਰਹੀਆਂ ਹਨ।

## * ਚੁੰਝਾਂ–ਪ੍ਹੌਂਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ





*62 ਸਾਲ ਦੀ ਉਮਰ ‘ਚ ਆਸਟਰੇਲੀਅਨ ਪ੍ਰਧਾਨ ਮੰਤਰੀ ਨੇ ਆਪਣਾ ਘਰ ਵਸਾਇਆ- ਇਕ ਖ਼ਬਰ

-ਦਿਲ ਜਵਾਨ ਹੋਣਾ ਚਾਹੀਦਾ, ਉਮਰਾਂ ‘ਚ ਕੀ ਰੱਖਿਆ।



*ਪੰਥਕ ਸੰਸਥਾਵਾਂ ਦੀ ਰਾਖੀ ਲਈ ਪੰਥ ਇਕੱਠਾ ਹੋਵੇ- ਸੁਖਬੀਰ ਬਾਦਲ

-ਪਰ ਪੰਥ ਮੇਰੇ ਮਗਰ ਹੀ ਇਕੱਠਾ ਹੋਵੇ ਤਾਂ ਕਿ ਇਸ ਨੂੰ ਉੱਥੇ ਡੋਬਾਂ ਜਿੱਥੋਂ ਮੁੜ ਕੇ ਨਿਕਲ ਨਾ ਸਕੇ।



*ਅਕਾਲੀ ਦਲ-ਭਾਜਪਾ ਦੀਆਂ ਵਿਚਾਰਧਾਰਾਵਾਂ ਇਕ ਦੂਜੇ ਦੀਆਂ ਵਿਰੋਧੀ, ਗੱਠਜੋੜ ਕਿਵੇਂ ਹੋਵੇਗਾ?- ਪਰਗਟ ਸਿੰਘ

-ਪਰਗਟ ਸਿੰਘ ਜੀ ਤੁਹਾਨੂ ਭੁਲੇਖਾ ਹੈ, ਇਨ੍ਹਾਂ ਦੀਆਂ ਵਿਚਾਰਧਾਰਾਵਾਂ ਇਕੋ ਹੀ ਹਨ।




*ਜਿੱਤ ਤੋਂ ਬਾਅਦ ਪੰਜਾਬ ਯੂਨੀਵਰਸਿਟੀ ਬਚਾਉ ਮੋਰਚੇ ਦਾ ਅੰਦੋਲਨ ਸਮਾਪਤ- ਇਕ ਖ਼ਬਰ

-ਆਈ ਆ ਮੋਰਚਾ ਜਿੱਤ ਕੇ, ਗੁਰੂ ਜੀ ਤੇਰੀ ਫੌਜ ਰੰਗਲੀ।



*ਕੇਂਦਰੀ ਬਿਜਲੀ ਸੋਧ ਬਿੱਲ ਬਾਰੇ ਪੰਜਾਬ ਸਰਕਾਰ ਆਪਣਾ ਸਟੈਂਡ ਸਪਸ਼ਟ ਕਰੇ- ਪੰਧੇਰ

-ਮੂੰਹ ਐਧਰ ਕਰ ਸੋਹਣਿਆਂ ਵੇ, ਕਿਉਂ ਨਜ਼ਰਾਂ ਚੁਰਾਉਨਾਂ ਏਂ।



*ਮੈਨੂੰ ਚੁਣੌਤੀ ਦਿਤੀ ਤਾਂ ਦੇਸ਼ ਭਰ ਵਿਚ ਭਾਜਪਾ ਦੀ ਨੀਂਹ ਹਿਲਾ ਦੇਵਾਂਗੀ- ਮਮਤਾ ਚੈਟਰਜੀ

-ਮੈਨੂੰ ਨਰਮ ਕੁੜੀ ਨਾ ਜਾਣੀ, ਲੜ ਜੂੰ ਭਰਿੰਡ ਬਣ ਕੇ।

*ਮੋਹਾਲੀ ਵਿਚ ਯੂਥ ਕਾਂਗਰਸ ਪੰਜਾਬ ਨੇ ਭਾਜਪਾ ਵਿਰੁੱਧ ਕੱਢੀ ਲਲਕਾਰ ਰੈਲੀ- ਇਕ ਖ਼ਬਰ

-ਤੇਰੇ ਬੂਹੇ ਅੱਗੇ ਡਾਂਗ ਖੜਕਾਉਣੀ, ਨੀ ਦਾਰੂ ਪੀ ਕੇ ਮਿੱਤਰਾਂ ਨੇ।




*ਐੱਸ. ਆਈ. ਆਰ. ਪਿੱਛੇ ਅਸਲ ਇਰਾਦਾ ਹੈ ਐੱਨ. ਆਰ. ਸੀ.- ਮਮਤਾ ਬੈਨਰਜੀ

-ਕੰਢੇ ਕੰਢੇ ਹੀਰ ਭਾਲ਼ਦਾ, ਰਾਂਝਾ ਪੱਜ ਮੱਝੀਆਂ ਦਾ ਲਾਵੇ।




*ਕਿਸਾਨਾਂ ਵਲੋਂ ਕੇਂਦਰ ਨੂੰ ਤਿੱਖੇ ਸੰਘਰਸ਼ ਦੀ ਚਿਤਾਵਨੀ- ਇਕ ਖ਼ਬਰ

-ਪਰੇ ਹਟ ਜਾ ਬਲਦ ਸਿੰਙ ਮਾਰੂ, ਨੀ ਸੋਨੇ ਦੇ ਤਵੀਤ ਵਾਲ਼ੀਏ।



*ਜੀ-20 ਸੰਮੇਲਨ ਲਈ ਸਾਊਥ ਅਮਰੀਕਾ ਨੂੰ ਸੱਦਾ ਨਹੀਂ ਦੇਵਾਂਗੇ- ਟਰੰਪ

-ਮੂੰਹ ਉਂਗਲਾਂ ਘੱਤ ਕੇ ਕਹਿਣ ਸੱਭੇ, ਕਾਰੇ ਕਰਨ ਥੀਂ ਇਹ ਨਾ ਸੰਗਦਾ ਏ।




*ਟਰੰਪ ਨੇ ਜੋਅ ਬਾਇਡਨ ਵਲੋਂ ਪਾਸ ਕੀਤੇ ਸਾਰੇ ਹੁਕਮ ਕੀਤੇ ਰੱਦ- ਇਕ ਖ਼ਬਰ

-ਘੁੰਡ ਕੱਢਣਾ ਮੜਕ ਨਾਲ ਤੁਰਨਾ, ਸਹੁਰੀਂ ਜਾ ਕੇ ਦੋ ਦੋ ਪਿੱਟਣੇ।



*ਪੰਜਾਬ ਸਿਰ ਕਰਜ਼ੇ ਦੀ ਪੰਡ ਦਿਨੋਂ ਦਿਨ ਭਾਰੀ ਹੋ ਰਹੀ ਹੈ- ਪਰਗਟ ਸਿੰਘ

-ਕੱਚਾ ਬਾਜਰਾ ਤਿਲਾਂ ਦੀ ਮੁੱਠ ਗਰਮੀ, ਨਾ ਚੱਬ ਚੋਬਰੀਏ।




*ਤੀਜੀ ਦੁਨੀਆਂ ਦੇ ਸਾਰੇ ਦੇਸ਼ਾਂ ਤੋਂ ਪਰਵਾਸ ਨੂੰ ਪੱਕੇ ਤੌਰ ‘ਤੇ ਰੋਕਿਆ ਜਾਵੇਗਾ- ਟਰੰਪ

-ਨਿੰਮ ਦਾ ਤੂੰ ਮਾਣ ਨਾ ਕਰੀਂ, ਸਾਨੂੰ ਤੋਤਿਆਂ ਨੂੰ ਬਾਗ਼ ਬਥੇਰੇ।



*ਪੂਰਾ ਪੰਜਾਬ ਪੁੱਛ ਰਿਹੈ ਭਗਵੰਤ ਮਾਨ ਜੀ ਮਨਰੇਗਾ ਦਾ ਪੈਸਾ ਕਿੱਥੇ ਗਿਆ?- ਅਸ਼ਵਨੀ ਸ਼ਰਮਾ

-ਗੋਰੇ ਰੰਗ ‘ਤੇ ਝਰੀਟਾਂ ਵੱਜੀਆਂ, ਬੇਰੀਆਂ ਦੇ ਬੇਰ ਖਾਣੀਏਂ।



*ਟਰੰਪ ਵਲੋਂ ਮਮਦਾਨੀ ਦਾ ਵ੍ਹਾਈਟ ਹਾਊਸ ਵਿਚ ਨਿੱਘਾ ਸਵਾਗਤ- ਇਕ ਖ਼ਬਰ

-ਮਿੱਠੇ ਬੇਰ ਸੁਰਗਾਂ ਦਾ ਮੇਵਾ, ਕੋਲ਼ ਬਹਿ ਕੇ ਚੁਗ ਮਿੱਤਰਾ।

# ਗੁਰੂ ਸਾਹਿਬਾਨ ਨਾਲ ਸੰਬੰਧਿਤ ਗੁਰਦੁਆਰਾ ਸਾਹਿਬਾਨ ਦਾ ਇਤਿਹਾਸ

# ਗੁਰਦੁਆਰਾ ਕੋਸ਼

–ਡਾ: ਜਸਬੀਰ ਸਿੰਘ ਸਰਨਾ
–ਦਿਲਜੀਤ ਸਿੰਘ ਬੇਦੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਸਿੱਖ ਰਿਵਾਇਤ ਅਨੁਸਾਰ, ਬੱਚਿਆਂ ਨੂੰ ਜ਼ਿੰਦਾ ਹੀ ਨੀਹਾਂ ਵਿੱਚ ਚੁਣਿਆ ਗਿਆ ਸੀ। ਜਦੋਂ ਨੀਹਾਂ ਦੀ ਦੀਵਾਰ ਗਰਦਨ ਤੱਕ ਪੁੱਜੀ ਤਾਂ ਉਨ੍ਹਾਂ ਨੂੰ ਸ਼ਹੀਦ ਕੀਤਾ ਗਿਆ। ਅਜਿਹੀ ਸ਼ਹੀਦੀ ਪੂਰੇ ਸੰਸਾਰ ਵਿੱਚ ਅਨੋਖੀ ਅਤੇ ਪਹਿਲੀ ਵੇਰ ਹੋਈ ਹੈ। ਇਸੇ ਲਈ ਸਰਹਿੰਦ ਨੂੰ ਗੁਰੂਮਾਰੀ ਆਖ ਕੇ ਵੀ ਮੁਖਾਤਿਬ ਕੀਤਾ ਜਾਂਦਾ ਹੈ।

ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸੱਚਖੰਡ ਪਿਆਨਾ ਕਰਨ ਬਾਅਦ (ਨਵੰਬਰ 1708) ਬਾਬਾ ਬੰਦਾ ਸਿੰਘ ਬਹਾਦਰ ਨੇ ਸਿੱਖ ਫ਼ੌਜਾਂ ਇਕੱਠੀਆਂ ਕਰ ਸਰਹਿੰਦ 'ਤੇ ਹਮਲਾ ਕਰਕੇ ਇੱਟ ਨਾ ਇੱਟ ਵਜਾ ਕੇ ਸਰਹਿੰਦ ਨੂੰ ਬਰਬਾਦ ਕਰ ਦਿੱਤਾ ਸੀ। ਮੁਗ਼ਲ ਫ਼ੌਜਾਂ ਨੂੰ ਖਦੇੜ ਕੇ ਵਜ਼ੀਰ ਖਾਨ ਚੱਪੜ-ਚਿੜੀ ਦੀ ਲੜਾਈ (12 ਮਈ 1710) ਵਿੱਚ ਮਾਰ ਦਿੱਤਾ। ਦੋ ਦਿਨਾਂ ਦੀ ਲੜਾਈ ਬਾਅਦ ਸਰਹਿੰਦ ਸਿੱਖਾਂ ਨੇ ਫ਼ਤਹਿ ਕੀਤੀ ਅਤੇ ਭਾਈ ਬਾਜ਼ ਸਿੰਘ ਨੂੰ ਗਵਰਨਰ ਬਣਾਇਆ। ਬਾਅਦ ਵਿੱਚ ਸ਼ਾਹੀ ਫ਼ੌਜਾਂ ਦੁਬਾਰਾ ਸਰਹਿੰਦ ਆਪਣੇ ਕਬਜ਼ੇ ਵਿੱਚ ਕਰ ਲਈ। ਮਾਰਚ 1748 ਵਿੱਚ ਸਰਹਿੰਦ ਆਰਜ਼ੀ ਤੌਰ 'ਤੇ ਅਫ਼ਗਾਨ ਗਵਰਨਰ ਅਹਿਮਦ ਸ਼ਾਹ ਦੁਰਾਨੀ ਨੇ ਫ਼ਤਹਿ ਕੀਤਾ। ਦਿੱਲੀ ਦੀਆਂ ਮੁਗ਼ਲ ਫ਼ੌਜਾਂ ਨੇ ਚੌਥੇ ਹਮਲੇ ਵਿੱਚ (1756-57) ਦੁਬਾਰਾ ਕਬਜ਼ਾ ਕਰ ਲਿਆ। 1758 ਦੇ ਸ਼ੁਰੂ ਵਿੱਚ ਸਿੱਖਾਂ ਨੇ ਮਰਹੱਟਿਆਂ ਨਾਲ ਮਿਲ ਕੇ ਸਰਹਿੰਦ 'ਤੇ ਕਬਜ਼ਾ ਕਰ ਲਿਆ। ਅਹਿਮਦ ਸ਼ਾਹ ਨੇ ਮਰਹੱਟਿਆਂ ਨੂੰ ਪਾਣੀਪਤ ਦੇ ਮੈਦਾਨ ਵਿੱਚ ਜਨਵਰੀ 1761 ਵਿੱਚ ਹਰਾ ਦਿੱਤਾ ਅਤੇ ਸਿੱਖਾਂ ਨੂੰ ਵੱਡਾ ਧੱਕਾ ਲੱਗਾ, ਵੱਡਾ ਘੱਲੂਘਾਰਾ 5 ਫਰਵਰੀ 1762 ਨੂੰ ਹੋਇਆ। ਸਿੱਖਾਂ ਇਕੱਠੇ ਹੋ ਕੇ 17 ਮਈ 1762 ਨੂੰ ਸਰਹਿੰਦ 'ਤੇ ਹਮਲਾ ਕੀਤਾ ਅਤੇ ਫ਼ੌਜਦਾਰ ਜ਼ੈਨ ਖਾਨ ਨੇ ਪੰਜਾਹ ਹਜ਼ਾਰ (50,000) ਰੁਪਏ ਦਾ ਨਜ਼ਰਾਨਾ ਦਲ ਖ਼ਾਲਸਾ ਨੂੰ ਪੇਸ਼ ਕੀਤਾ। 14 ਜਨਵਰੀ 1754 ਨੂੰ ਇਕ ਭਾਰੀ ਯੁੱਧ ਹੋਇਆ ਜਦੋਂ ਦਲ ਖ਼ਾਲਸਾ ਦੀ ਕਮਾਨ ਜੱਸਾ ਸਿੰਘ ਆਹਲੂਵਾਲੀਆ ਕਰ ਰਿਹਾ ਸੀ ਅਤੇ ਸਰਹਿੰਦ 'ਤੇ ਹਮਲਾ ਕੀਤਾ ਗਿਆ। ਜ਼ੈਨ ਖਾਨ ਇਸ ਲੜਾਈ ਵਿੱਚ ਮਾਰਿਆ ਗਿਆ ਅਤੇ ਸਰਹਿੰਦ ਫ਼ਤਹਿ ਕਰਕੇ ਸਿੱਖਾਂ ਲੁੱਟਮਾਰ ਕਰਕੇ ਤਬਾਹ ਕਰ ਦਿੱਤਾ। ਇਸ ਹੱਥ ਲੱਗੇ ਮਾਲ ਨੂੰ ਅੰਮ੍ਰਿਤ-ਸਰ ਦੇ ਗੁਰਦੁਆਰਿਆਂ ਦੀ ਤਾਮੀਰੀ 'ਤੇ ਖਰਚ ਕੀਤਾ ਗਿਆ ਜੋ ਅਹਿਮਸ਼ਾਹ ਨੇ ਢਹਿ-ਢੇਰੀ ਕਰ ਦਿੱਤੇ ਸਨ। ਸਰਹਿੰਦ ਸਰਕਾਰ ਦੀ ਜ਼ਮੀਨ ਦਲ ਖ਼ਾਲਸਾ ਦੇ ਲੀਡਰਾਂ ਵਿੱਚ ਵੰਡੀ ਗਈ ਪਰ ਕੋਈ ਵੀ ਸਰਹਿੰਦ ਸ਼ਹਿਰ ਲੈਣ ਲਈ ਤਿਆਰ ਨਹੀਂ ਸੀ ਜਿਥੇ ਗੁਰੂ ਗੋਬਿੰਦ ਸਾਹਿਬ ਦੇ ਦੋ ਛੋਟੇ ਸਾਹਿਬਜ਼ਾਦੇ ਸ਼ਹੀਦ ਕਰ ਦਿੱਤੇ ਗਏ ਸਨ। ਆਖਰ ਇਹ ਖਿੱਤਾ ਬੁੱਢਾ ਸਿੰਘ ਨੂੰ ਦਿੱਤਾ ਗਿਆ ਜੋ ਭਾਈ ਭਗਤੂ ਦੀ ਵੰਸ਼ ਵਿੱਚੋਂ ਸੀ। 2 ਅਗਸਤ 1764 ਨੂੰ ਇਹ ਸ੍ਰ. ਆਲਾ ਸਿੰਘ (ਪਟਿਆਲੇ ਦੇ ਬਾਨੀ) ਨੂੰ ਦਿੱਤਾ ਗਿਆ। ਇੰਝ, ਸਰਹਿੰਦ 1948 ਤੱਕ ਪਟਿਆਲਾ ਦੇ ਅਧਿਕਾਰ ਖੇਤਰ ਵਿੱਚ ਰਿਹਾ। ਮਹਾਰਾ-ਜਾ ਕਰਮ ਸਿੰਘ ਆਫ਼ ਪਟਿਆਲਾ (1813-45) ਨੇ ਸਰਹਿੰਦ ਵਿੱਚ ਦੋ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਯਾਦ ਵਿੱਚ ਗੁਰ-ਦੁਆਰੇ ਤਾਮੀਰ ਕੀਤੇ। ਉਸ ਨੇ ਨਿਜ਼ਾਮਤ ਦਾ ਨਾਂ ਸਰਹਿੰਦ ਤੋਂ ਬਦਲ ਕੇ ਫ਼ਤਹਿਗੜ੍ਹ ਸਾਹਿਬ ਰੱਖਿਆ ਜੋ ਪ੍ਰਮੁੱਖ ਗੁਰਦੁਆਰੇ ਦਾ ਨਾਂ ਵੀ ਹੈ। ਫ਼ਤਹਿਗੜ੍ਹ ਸਾਹਿਬ ਦਾ ਜ਼ਿਕਰ ਅੰਦਰਾਜ ਫ਼ਤਹਿਗੜ੍ਹ ਵਿੱਚ ਵੱਖਰਾ ਕੀਤਾ ਗਿਆ ਹੈ। ਗੁਰਦੁਆਰਿਆਂ ਤੋਂ ਇਲਾਵਾ ਇਥੇ ਸ਼ੇਖ ਅਹਿਮਦ ਸਰਹੰਦੀ (1569-1624) ਅਤੇ ਉਸ ਦੇ ਪਰਿਵਾਰ ਦੇ ਮੈਂਬਰਾਂ ਦੇ ਤੱਕੀਏ ਵੀ ਹਨ।




**ਪੁਸਤਕ ਸੂਚੀ**:-1. ਗੰਡਾ ਸਿੰਘ- ਸਰਦਾਰ ਜੱਸਾ ਸਿੰਘ ਆਹਲੂਵਾਲੀਆ, ਪਟਿਆਲਾ, 1969 2. ਗੁਪਤਾ, ਹਰੀ ਰਾਮ- ਹਿਸਟਰੀ ਆਫ਼ ਦੀ ਸਿੱਖਜ਼, ਦਿੱਲੀ, 1978-82 3. ਦਿਲਗੀਰ, ਹਰਜਿੰਦਰ ਸਿੰਘ (ਡਾ.)- ਦੀ ਸਿੱਖ ਰੈਫਰੈਂਸ ਬੁੱਕ, ਕੈਨੇਡਾ, 1997 4. ਹਰਬੰਸ ਸਿੰਘ (ਸੰ)- ਦੀ ਇਨਸਾਈਕਲੋਪੀਡੀਆ ਆਫ਼ ਸਿੱਖਇਜ਼ਮ, ਜਿਲਦ ਚੌਥੀ, ਪਟਿਆਲਾ, 1998

## ਸਰਬਲੀ

ਪੰਜਾਬ ਦੇ ਜ਼ਿਲ੍ਹਾ ਰੋਪੜ ਵਿੱਚ ਇਕ ਪਿੰਡ ਸਰਬਲੀ ਹੈ ਜੋ ਰੋਪੜ ਨੂਰਪੁਰ ਬੇਦੀ ਸੜਕ 'ਤੇ ਪਿੰਡ ਨੂਰਪੁਰ ਬੇਦੀ ਤੋਂ 10 ਕਿਲੋਮੀਟਰ ਦੱਖਣ ਵੱਲ ਹੈ। ਇਸ ਥਾਂ ਗੁਰੂ ਗੋਬਿੰਦ ਸਿੰਘ ਸਾਹਿਬ ਅਨੰਦਪੁਰ ਸਾਹਿਬ ਤੋਂ ਆ ਕੇ ਕੁਝ ਸਮਾਂ ਠਹਿਰੇ ਸਨ। ਜਿਥੇ ਗੁਰੂ ਸਾਹਿਬ ਨੇ ਕੈਂਪ ਲਾਇਆ ਸੀ ਉਹ ਪਿੰਡ ਦੇ ਬਾਹਰਵਾਰ ਦੱਖਣ ਵੱਲ ਹੈ ਜਿਥੇ ਅੱਜ ਕੱਲ੍ਹ ਗੁਰਦੁਆਰਾ ਰੈਣਥਾਂਬਾ ਸਾਹਿਬ ਪਾਤਸ਼ਾਹੀ ਦਸਵੀਂ ਬਣਿਆ ਹੋਇਆ ਹੈ। ਪ੍ਰਕਾਸ਼ ਅਸਥਾਨ ਦਾ ਕਮਰਾ 3.75 ਮੀਟਰ ਮੁਰੱਬਾ ਗੁੰਬਦਨੁਮਾ ਹੈ। 1970 ਵਿੱਚ ਇਸ ਦੇ ਸਾਹਮਣੇ ਹਾਲ ਬਣਾਇਆ ਗਿਆ ਸੀ। 21 ਮੀਟਰ ਉੱਚਾ ਨਿਸ਼ਾਨ ਸਾਹਿਬ ਗੁਰਦੁਆਰੇ ਦੇ ਖੱਬੇ ਹੱਥ ਹੈ। ਗੁਰਦੁਆਰੇ ਦਾ ਪ੍ਰਬੰਧ ਮੁਕਾਮੀ ਕਮੇਟੀ ਰਾਹੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਰਦੀ ਹੈ।

ਪੁਸਤਕ ਸੂਚੀ:-
1. ਗੁਰਮੁੱਖ ਸਿੰਘ- ਹਿਸਟਾਰੀਕਲ ਸਿੱਖ ਸ਼ਰਾਇਨਜ਼, ਅੰਮ੍ਰਿਤਸਰ, 1995

## ਸਰਾਇ ਨਾਂਗਾ

ਪੰਜਾਬ ਦੇ ਪਹਿਲਾਂ ਫ਼ਰੀਦਕੋਟ ਜ਼ਿਲ੍ਹੇ ਅਤੇ ਅੱਜ-ਕੱਲ੍ਹ ਨਵੇਂ ਬਣੇ ਜ਼ਿਲ੍ਹਾ ਮੁਕ-ਤਸਰ ਸਾਹਿਬ ਦਾ ਇਕ ਪਿੰਡ ਸਰਾਇ ਨਾਂਗਾ ਹੈ ਜੋ ਮੁਕਤਸਰ ਤੋਂ 16 ਕਿਲੋਮੀਟਰ ਦੂਰ ਉੱਤਰ-ਪੂਰਬ ਵੱਲ ਹੈ। ਇਸ ਥਾਂ ਗੁਰੂ ਨਾਨਕ ਸਾਹਿਬ ਦੇ ਚਰਨ ਪਏ ਹਨ ਅਤੇ ਗੁਰੂ ਅੰਗਦ ਸਾਹਿਬ ਦੀ ਜਨਮ-ਭੂਮੀ ਹੈ। ਗੁਰੂ ਅੰਗਦ ਸਾਹਿਬ ਦਾ ਜਨਮ 1504 ਨੂੰ ਹੋਇਆ ਅਤੇ ਉਸ ਤੋਂ ਬਾਅਦ ਇਸ ਨੂੰ ਉਸ ਸਮੇਂ ਮੱਤੇ ਕੀ ਸਰਾਇ ਆਖਿਆ ਜਾਂਦਾ ਸੀ। ਇਸ ਥਾਂ ਨੂੰ ਬਾਬਰ ਦੇ ਹਮਲਿਆਂ ਦੌਰਾਨ ਤਬਾਹ ਤੇ ਬਰਬਾਦ ਕੀਤਾ ਗਿਆ ਸੀ। ਗੁਰੂ ਸਾਹਿਬ ਦਾ ਪਰਿਵਾਰ ਤਬਾਹੀ ਨੂੰ ਭਾਸਦੇ ਹੋਏ ਪਹਿਲਾਂ ਹੀ ਇਥੋਂ ਚਲਾ ਗਿਆ ਸੀ। ਇਸ ਖੰਡਰਾਤ ਹੋਈ ਪੁਰਾਣੀ ਸਰਾਇ 'ਤੇ ਹੀ ਗੁਰੂ ਅੰਗਦ ਸਾਹਿਬ ਦੀ ਯਾਦ ਵਿੱਚ ਗੁਰਦੁਆਰਾ ਬਣਿਆ ਹੋਇਆ ਹੈ। ਇਸ ਦਾ ਪ੍ਰਬੰਧ ਪਹਿਲਾਂ ਨਾਂਗਾ ਸਾਧੂ ਕਰਦੇ ਸਨ ਜਿਸ ਕਾਰਨ ਪਿੰਡ ਨੂੰ ਨਾਂਗੇ-ਦੀ-ਸਰਾਇ ਅਤੇ ਦਫ਼ਤਰੀ ਕਾਗਜ਼ਾਂ ਵਿੱਚ ਸਰਾਇ-ਨਾਂਗਾ ਕਰਕੇ ਲਿਖਿਆ ਮਿਲਦਾ ਹੈ। ਇਸ ਪਿੰਡ ਵਿੱਚ ਹੁਣ ਦੋ ਇਤਿਹਾਸਕ ਗੁਰਦੁਆਰੇ ਹਨ।

ਬਾਕੀ ਅਗਲੇ ਹਫ਼ਤੇ ਪੜ੍ਹੋ

# ਫੇਸਬੁੱਕ 'ਤੇ ਇੱਕ ਔਰਤ ਨੇ ਪਿਆਰ ਦਾ ਨਾਟਕ ਕਰਕੇ 2,80,000 ਡਾਲਰਾਂ ਦੀ ਮਾਰੀ ਠੱਗੀ


ਜੋਸਫ ਨੋਵਾਕ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਵਾਲਿੰਗਟਨ, ਨਿਊਜਰਸੀ ਵਿੱਚ ਰਹਿੰਦੇ 52 ਸਾਲਾ ਜੋਸਫ ਨੋਵਾਕ ਦੀ ਫੇਸਬੁੱਕ ਉਪਰ ਇਕ ਔਰਤ ਨਾਲ ਸ਼ੁਰੂ ਹੋਈ ਦੋਸਤੀ ਦਾ ਅੰਤ ਉਸ ਦੀ ਜੀਵਨ ਭਰ ਦੀ ਕਮਾਈ ਦੇ ਖਾਤਮੇ ਨਾਲ ਹੋਇਆ ਹੈ। ਅਕਤੂਬਰ 2024 ਵਿੱਚ ਨੋਵਾਕ ਨੇ ਫੇਸਬੁੱਕ ਉਪਰ ਇਕ ਪੋਸਟ ਸਾਂਝੀ ਕੀਤੀ ਸੀ ਕਿ ਸੇਫ ਫਾਸਟ ਫੂਡ ਦੇ ਬਦਲ ਨਾ ਹੋਣ ਕਾਰਨ ਉਸ ਦਾ ਪੁੱਤਰ ਸੀਲੇਸ ਰੋਗ ਤੋਂ ਪੀੜਤ ਹੈ। ਇਸ 'ਤੇ ਬਹੁਤ ਸਾਰੀਆਂ ਟਿੱਪਣੀਆਂ ਆਈਆਂ ਜਿਨਾਂ ਵਿਚੋਂ ਇੱਕ ਟਿੱਪਣੀ ਇੱਕ ਔਰਤ ਜਿਸ ਨੇ ਆਪਣਾ ਨਾਂ ਏਲਿਸ ਡੈਨਰ ਦੱਸਿਆ, ਦੀ ਸੀ। ਉਸ ਨੇ ਆਪਣੀ ਟਿੱਪਣੀ ਵਿੱਚ ਕਿਹਾ ਸੀ ' ਮੈ ਨਹੀਂ ਜਾਣਦੀ ਕਿ ਤੁਸੀਂ ਮੇਰੇ ਫੇਸਬੁੱਕ ਉਪਰ ਸੰਭਾਵੀ ਮਿਤਰ ਹੋ.. ਮੈ ਤੁਹਾਨੂੰ ਸ਼ਾਮਿਲ ਕੀਤਾ ਹੈ ਤੇ ਆਸ ਕਰਦੀ ਹਾਂ ਕਿ ਇਸ ਨਾਲ ਤੁਸੀਂ ਗਲਤ ਮਹਿਸੂਸ ਨਹੀਂ ਕਰੋਗੇ।' ਉਸ ਨੇ ਹੋਰ ਲਿਖਿਆ 'ਮੈਨੂੰ ਤੁਹਾਡੀ ਪੁੱਤਰ ਬਾਰੇ ਦਿੱਲ ਨੂੰ ਛੂਹ ਲੈਣ ਵਾਲੀ ਪੋਸਟ ਮਿਲੀ ਹੈ, ਕੀ ਅਸੀਂ ਸੰਪਰਕ ਕਰ ਸਕਦੇ ਹਾਂ? ਇਹ ਸੁਨੇਹਾ ਸਧਾਰਨ ਸੀ ਤੇ ਇਸ ਵਿੱਚ ਕੁਝ ਵੀ ਨੁਕਸਾਨਦਾਇਕ ਨਹੀਂ ਲੱਗਦਾ ਸੀ। ਡੈਨਰ ਨੇ ਆਪਣੇ ਆਪ ਨੂੰ ਫੈਸ਼ਨ ਡਿਜਾਈਨਰ ਦਸਿਆ ਤੇ ਕਿਹਾ ਕਿ ਉਹ ਨਿਊਯਾਰਕ ਵਿੱਚ ਮੈਡੀਸਨ ਐਵੀਨਿਊ ਵਿੱਚ ਕੰਮ ਕਰਦੀ ਹੈ। ਉਨਾਂ ਵਿਚਾ-ਲੇ ਦੋਸਤੀ ਫੇਸਬੁੱਕ ਤੋਂ ਬਦਲ ਕੇ ਵੱਟਸ ਐਪ ਉਪਰ ਆ ਗਈ ਤੇ ਆਪਸ ਵਿੱਚ ਨਿੱਜੀ ਗੱਲਾਂ ਵੀ ਸਾਂਝੀਆਂ ਕਰਨ ਲੱਗੇ। ਨੋਵਾਕ ਜਿਸ ਦੀ ਇਨਫਰਮੇਸ਼ਨ ਟੈਕਨਾਲੋਜੀ ਦੇ ਉਪ ਪ੍ਰਧਾਨ ਵਜੋਂ ਨੌਕਰੀ ਜਾਂਦੀ ਰਹੀ ਸੀ ਤੇ ਉਹ ਪਤਨੀ ਨਾਲ ਦੋ ਬੱਚਿਆਂ ਦੀ ਸਾਂਭ ਸੰਭਾਲ ਨੂੰ ਲੈ ਕੇ ਕਾਨੂੰਨੀ ਲੜਾਈ ਲੜ ਰਿਹਾ ਸੀ। ਡੈਨਰ ਨੇ ਦਸਿਆ ਕਿ ਉਹ ਫੈਸ਼ਨ ਡਿਜਾਈਨਰ ਵਜੋਂ ਸ਼ਾਹੀ ਜਿੰਦਗੀ ਜੀ ਰਹੀ ਹੈ ਤੇ ਤਲਾਕਸ਼ੁੱਦਾ ਹੈ। ਇਸ ਸਾਲ ਫਰਵਰੀ ਵਿੱਚ ਉਨਾਂ ਨੇ ਇਕ ਦੂਸਰੇ ਨੂੰ ਪਿਆਰ ਕਰਨ ਦਾ ਐਲਾਨ ਕੀਤਾ। ਅਪ੍ਰੈਲ ਵਿੱਚ ਡੈਨਰ ਨੇ ਇਕ ਨਕਲੀ ਕ੍ਰਿਪਟੋ ਨਿਵੇਸ਼ ਸਕੀਮ ਵਿੱਚ ਪੈਸਾ ਲਾਉਣ ਦੀ ਸ਼ਿਫਾਰਿਸ਼ ਕੀਤੀ ਜਿਸ ਉਪਰੰਤ ਨੋਵਾਕ ਨੇ ਆਪਣੀ ਜੀਵਨ ਭਰ ਦੀ ਕਮਾਈ 2,80,000 ਡਾਲਰ ਇਸ ਨਕਲੀ ਸਕੀਮ ਵਿੱਚ ਨਿਵੇਸ਼ ਕਰ ਦਿੱਤੇ। ਇਸ ਤੋਂ ਬਾਅਦ ਡੈਨਰ ਆਪਣੀ ਪ੍ਰੋਫਾਈਲ ਸਮੇਤ ਫੇਸਬੁੱਕ ਤੋਂ ਗਾਇਬ ਹੋ ਗਈ। ਸਭ ਕੁਝ ਗਵਾਉਣ ਤੋਂ ਬਾਅਦ ਨੋਵਾਕ ਹੁਣ ਪਛਤਾ ਰਿਹਾ ਹੈ ਤੇ ਆਪਣੇ ਬੱਚਿਆਂ ਦੇ ਭਵਿੱਖ ਬਾਰੇ ਚਿੰਤਤ ਹੈ। ਉਸ ਕੋਲ ਆਪਣੀ 78 ਸਾਲਾ ਬਿਰਧ ਮਾਂ ਦੀ ਦਵਾਈ ਲਈ ਵੀ ਪੈਸੇ ਨਹੀਂ ਹਨ।

# ਕਾਵਿ-ਕਿਆਰੀ

## ਸ਼ਹਾਦਤ


ਸੱਚ ਦੇ ਅਕਾਸ਼ ਉੱਤੇ ਚਮਕ ਰਹੇਗੀ,
ਹਮੇਸ਼ਾ ਇਸ ਸ਼ਹਾਦਤ ਦੇ ਤਾਰੇ ਦੀ।
ਸੁਣੀ ਨਾ ਸੀ ਕੋਈ ਇਹੋ ਜਿਹੀ ਸ਼ਹੀਦੀ,
ਨਾ ਦਾਸਤਾਨ ਇਹੋ ਜਿਹੇ ਵਰਤਾਰੇ ਦੀ।
ਛਪੜੀਆਂ ਅਤੇ ਟੋਭੇ ਛੱਡ ਕੇ,
ਹੁਣ ਹੱਥ ਪਾ ਲਓ ਸਾਗਰ ਨੂੰ।
ਹੁਕਮ ਹੈ ਇਸਲਾਮ ਕਬੂਲ ਕਰਵਾਉ,
ਸਿੱਖਾਂ ਦੇ ਗੁਰੂ ਤੇਗ਼ ਬਹਾਦਰ ਨੂੰ।
ਚੁਭਦੀ ਸੀ ਔਰੰਗੇ ਨੂੰ ਗਿਣਤੀ ਸਿੱਖਾਂ ਦੀ,
ਅਤੇ ਗੱਲ ਚਲਦੀ ਸਿੱਖੀ ਦੇ ਪ੍ਰਚਾਰੇ ਦੀ।
ਸੱਚ ਦੇ ਅਕਾਸ਼ ਉੱਤੇ ਚਮਕ ਰਹੇਗੀ,
ਹਮੇਸ਼ਾ ਇਸ ਸ਼ਹਾਦਤ ਦੇ ਤਾਰੇ ਦੀ।
ਸੁਣੀ ਗੁਰੂ ਨੇ ਤਿਲਕ ਜੰਞੂ ਦੀ ਵਿਥਿਆ,
ਜਿਵੇਂ ਬਚਨ ਬਿਲਾਸ ਸਨ ਬੇਦਾਂ ਦੇ।
ਜਾਣੀ ਜਾਣ ਗੁਰੂ ਸੀ ਆਪੇ,
ਸਭ ਧਰਮ ਦੀਆਂ ਕਤੇਬਾਂ ਦੇ।
ਪੰਡਿਤ ਕ੍ਰਿਪਾ ਰਾਮ ਅਨੰਦਪੁਰ ਆ ਢੁੱਕਿਆ,
ਜਦੋਂ ਲੋੜ ਪਈ ਸਹਾਰੇ ਦੀ।
ਸੱਚ ਦੇ ਅਕਾਸ਼ ਉੱਤੇ ਚਮਕ ਰਹੇਗੀ,
ਹਮੇਸ਼ਾ ਇਸ ਸ਼ਹਾਦਤ ਦੇ ਤਾਰੇ ਦੀ।
ਭਾਵੇਂ ਤਿਲਕ ਆਪ ਨਹੀਂ ਲਾਉਂਦੇ,
ਪਰ ਕਿਸੇ ਦਾ ਮਿਟਾਉਣ ਨਹੀਂ ਦੇਣਾ।
ਭਾਵੇਂ ਜੰਜੂ ਆਪ ਨਹੀਂ ਪਾਉਂਦੇ,
ਪਰ ਕਿਸੇ ਦਾ ਲਹਾਉਣ ਨਹੀਂ ਦੇਣਾ।
ਹਮੇਸ਼ਾ ਸੁਣਦੇ ਰਹੇ ਫ਼ਰਿਆਦ ਗੁਰੂ,
ਹਰ ਦਰ ਦੇ ਉੱਤੇ ਪਧਾਰੇ ਦੀ।
ਸੱਚ ਦੇ ਅਕਾਸ਼ ਉੱਤੇ ਚਮਕ ਰਹੇਗੀ,
ਹਮੇਸ਼ਾ ਇਸ ਸ਼ਹਾਦਤ ਦੇ ਤਾਰੇ ਦੀ।
ਮਹਿਲ, ਸਪੁੱਤਰ ਛੱਡ ਕੇ ਤੁਰਨਾ,
ਕਿਸ ਦੀ ਅੱਖ ਨਾ ਰੋਏਗੀ।
ਜੋ ਦੁੱਖ ਸੁੱਖ ਨੂੰ ਸਮ ਕਰ ਜਾਣੇ,
ਉਹ ਕੈਸੀ ਸ਼ਖ਼ਸੀਅਤ ਹੋਵੇਗੀ।
ਫਿਰ ਨਾ ਤੱਕਣੀ ਨਸੀਬ ਹੋਵੇਗੀ,
ਨੌਂ ਸਾਲ ਦੇ ਸਪੁੱਤਰ ਪਿਆਰੇ ਦੀ।
ਸੱਚ ਦੇ ਅਕਾਸ਼ ਉੱਤੇ ਚਮਕ ਰਹੇਗੀ,
ਹਮੇਸ਼ਾ ਇਸ ਸ਼ਹਾਦਤ ਦੇ ਤਾਰੇ ਦੀ।
ਚੱਲ ਕੇ ਆਪ ਸ਼ਹੀਦੀ ਪਾਉਣ ਜਾਣਾ,
ਕੋਈ ਮਿਲਦੀ ਕਿਤੇ ਮਿਸਾਲ ਨਹੀਂ,
ਅੱਗ ਲਾਉਂਦੀ ਸਤੀ ਦਾਸ ਨੂੰ ਰੂੰ ਦੇ ਵਿੱਚ ਲਪੇਟ ਕੇ,
ਦਿੱਲੀ ਦੇਖ ਭਾਈ ਦਿਆਲੇ ਨੂੰ ਦੇਗ 'ਚ ਉਬਾਲ ਰਹੀ।
ਦਿਲ ਚੀਰਵੀਂ ਬਣ ਗਈ ਕਹਾਣੀ,
ਮਤੀ ਦਾਸ ਤੇ ਚਲਦੇ ਆਰੇ ਦੀ।
ਸੱਚ ਦੇ ਅਕਾਸ਼ ਉੱਤੇ ਚਮਕ ਰਹੇਗੀ,
ਹਮੇਸ਼ਾ ਇਸ ਸ਼ਹਾਦਤ ਦੇ ਤਾਰੇ ਦੀ।
ਜ਼ੁਲਮ ਦੇ ਤੁਫ਼ਾਨ ਕੀ ਰੋਕਣਗੇ,
ਗੁਰੂ ਹੱਕ ਸੱਚ ਦੇ ਪਾਂਧੀ ਨੂੰ।
ਨਾ ਭੈ ਦੇਣਾ, ਨਾ ਭੈ ਮੰਨਣਾ,
ਕੀ ਜਾਨਣ ਆਰੇ, ਅੱਗ ਤਪਾਂਦੀ ਨੂੰ।
ਕਾਇਆਂ ਕੰਧ ਤਾਂ ਢਹਿ ਹੀ ਜਾਣੀ,
ਜੋ ਬਣੀ ਹੈ ਰੇਤਾ ਗਾਰੇ ਦੀ ।
ਸੱਚ ਦੇ ਅਕਾਸ਼ ਉੱਤੇ ਚਮਕ ਰਹੇਗੀ,
ਹਮੇਸ਼ਾ ਇਸ ਸ਼ਹਾਦਤ ਦੇ ਤਾਰੇ ਦੀ ।
ਬਚਨ, ਬਾਣੀ, ਬਿਬੇਕ ਬੁੱਧ ਦੇ ਮਾਲਕ,
ਖਾਲਸਾ ਪੰਥ ਦੀ ਡੰਡੀ ਪਾ ਚੱਲੇ।
ਧਰਮ,ਅਜ਼ਾਦੀ, ਹੱਕ ਲਈ ਲੜਨ ਦਾ,
ਗੁਰੂ ਰਾਹ ਪੱਕਾ ਕਰਵਾ ਚੱਲੇ।
ਇੱਕ ਦਿਨ ਖਾਲਸਾ ਖੜਗ ਖੜਕਾਵੇਗਾ,
ਗੂੰਜ ਗੂੰਜੇਗੀ ਜੈਕਾਰੇ ਦੀ।
ਸੱਚ ਦੇ ਅਕਾਸ਼ ਉੱਤੇ ਚਮਕ ਰਹੇਗੀ,
ਹਮੇਸ਼ਾ ਇਸ ਸ਼ਹਾਦਤ ਦੇ ਤਾਰੇ ਦੀ।
ਸ਼ਾਂਤੀ, ਸਮਝ, ਸੰਤੁਲਨ ਰੱਖ ਕੇ,
ਨੌਵੇਂ ਨਾਨਕ ਸ਼ਹੀਦੀ ਪਾ ਦਿੱਤੀ।
ਸਗਲ ਸਰਿਸ਼ਟੀ ਦੀ ਚਾਦਰ ਬਣ ਕੇ,
ਸੇਵਾ, ਸਮਰਪਣ, ਸੱਚ ਦੀ ਗੱਲ ਸਮਝਾ ਦਿੱਤੀ।
ਨਹੀਂ ਛੱਡਣੀ ਬਾਂਹ, ਜਦ ਵੀ ਹੈ ਪਕੜੀ,
'ਰਾਏ' ਫ਼ਰਿਆਦੀ ਆਏ ਟੁੱਟੇ ਹਾਰੇ ਦੀ।
ਸੱਚ ਦੇ ਅਕਾਸ਼ ਉੱਤੇ ਚਮਕ ਰਹੇਗੀ,
ਹਮੇਸ਼ਾ ਇਸ ਸ਼ਹਾਦਤ ਦੇ ਤਾਰੇ ਦੀ।
ਸੁਣੀ ਨਾ ਸੀ ਕੋਈ ਇਹੋ ਜਿਹੀ ਸ਼ਹੀਦੀ,
ਨਾ ਦਾਸਤਾਨ ਇਹੋ ਜਿਹੇ ਵਰਤਾਰੇ ਦੀ।



ਡਾ. ਮੁਹਿੰਦਰ ਸਿੰਘ ਰਾਏ

## ਡਾਕਟਰ ਬਣਨ ਦਾ ਸੁਪਨਾ

ਰਵਿੰਦਰ ਸਿੰਘ ਕੁੰਦਰਾ ਕੌਵੈਂਟਰੀ, ਯੂ ਕੇ



ਕਲਾ ਅਤੇ ਅਕਲ ਦੀ ਦੁਨੀਆ ਨਿੱਤ ਛੜੱਪੇ ਮਾਰੇ,
ਕਲਯੁਗ ਦੇ ਅਜੋਕੇ ਰੌਂ ਵਿੱਚ ਅੱਗੇ ਵਧਦੀ ਜਾਵੇ।
ਹਰ ਪਾਸੇ ਭਰਮਾਰ ਹੈ ਡਾਕਟਰਾਂ ਅਤੇ ਅਦੀਬਾਂ ਦੀ,
ਨਿੱਘਰਦੀ ਜਾਵੇ ਸਾਡੀ ਹਾਲਤ ਬੇਚਾਰੇ 'ਤੇ ਗ਼ਰੀਬਾਂ ਦੀ।
ਕਿੰਨੇ ਭਾਵੇਂ ਸਿਆਣੇ ਬਣੀਏ ਵੁੱਕਤ ਨਾ ਕੋਈ ਪੈਂਦੀ,
ਸਾਡੀ ਵਧੀਆ ਗੱਲ ਵੀ ਲੋਕਾਂ ਦੇ ਨੇੜੇ ਨਹੀਂ ਖਹਿੰਦੀ।
ਦੂਜੇ ਪਾਸੇ ਉਹ ਚਤਰ ਲੋਕ ਜੋ ਡੱਡੇ ਨੂੰ ਡੰਡਾ ਲਾਉਂਦੇ,
ਲੋਕਾਂ ਕੋਲੋਂ ਧੌਂਸ ਨਾਲ ਹੀ ਖ਼ੁਦ ਡਾਕਟਰ ਕਹਿਲਾਉਂਦੇ।
ਆਕੜ ਦੇ ਵਿੱਚ ਨਹੁੰ ਨਹੀਂ ਖੁਭਦਾ ਗਰਦਣ ਰੱਖਦੇ ਸਿੱਧੀ,
ਕੀ ਕੱਦ 'ਤੇ ਕੀ ਸ਼ੋਰਬਾ ਨਿੱਕਲੇ ਜੇ ਪਾਈਏ ਦੀ ਹੋਵੇ ਪਿੱਦੀ।
ਨਖ਼ਰੇ ਉਨ੍ਹਾਂ ਦੇ ਦੇਖ ਦੇਖ ਮੇਰੇ ਮਨ ਨੂੰ ਪੈਂਦੀਆਂ ਘੇਰਾਂ,
ਦਿਲ ਕਰਦੈ ਕਿ ਮੈਂ ਵੀ ਡਾਕਦਾਰ ਬਣ ਜਾਵਾਂ ਇੱਕ ਵੇਰਾਂ।
ਫੋਕੀ ਸ਼ੋਹਰਤ ਮੈਂ ਵੀ ਖੱਟਾਂ ਠੁੱਕ ਜਿਹਾ ਫ਼ੇਰ ਬੱਝੇ,
ਜਿੱਧਰ ਜਾਵਾਂ ਹੋਣ ਸਲਾਮਾਂ ਕੀ ਸੱਜੇ 'ਤੇ ਕੀ ਖੱਬੇ।
ਇਸ ਚਾਹਤ ਦੇ ਸੁਪਨੇਂ ਲੈਂਦਿਆਂ ਕਾਲ਼ੇ ਹੋ ਗਏ ਧੌਲ਼ੇ,
ਮੜਕ ਸ਼ੜਕ ਸਭ ਮੱਠੀ ਪੈ ਗਈ ਪੈਰ ਚੱਲਣ ਹੁਣ ਹੌਲ਼ੇ।

ਪਰ ਇੱਕ ਰਾਤ ਸੁਪਨੇ ਦੇ ਵਿੱਚ ਚਮਤਕਾਰ ਜੋ ਹੋਇਆ,
ਸੁੱਤੇ ਦਾਸ ਨੂੰ ਰੱਬ ਨੇ ਆ ਕੇ ਰਜਾਈ 'ਚ ਇੰਝ ਝੰਜੋਇਆ।
ਉੱਠ ਓਏ ਸੱਜਣਾ ਕਿਹੜੀ ਗਾਫ਼ਲ ਨੀਂਦ ਤੂੰ ਪਿਆਂ ਏ ਸੁੱਤਾ,
ਆ ਅੱਜ ਰੱਜ ਕੇ ਕਰੀਏ ਤੇਰੇ ਕਰਮਾਂ ਦਾ ਕਿੱਸਾ ਕੁੱਤਾ।
ਚੁੰਧਿਆ ਗਈਆਂ ਅੱਖਾਂ ਮੇਰੀਆਂ ਦਿਲ ਬਾਗ਼ ਬਾਗ਼ ਫਿਰ ਹੋਇਆ,
ਸ਼ਾਖਸ਼ਾਤ ਜਦੋਂ ਰੱਬ ਨੂੰ ਦੇਖਿਆ ਸਾਹਮਣੇ ਮੇਰੇ ਖਲੋਇਆ।
ਬੋਲਿਆ, ਬੰਦਿਆ ਭਾਗ ਮੈਂ ਤੇਰੇ ਆਇਆਂ ਹੱਥੀਂ ਖੋਲ੍ਹਣ,
ਭਾਵਨਾਵਾਂ ਤੇਰੀਆਂ ਦੇ ਪਰਚੇ ਤਾਂ ਆਪ ਮੁਹਾਰੇ ਬੋਲਣ।
ਭਾਵੇਂ ਤੈਨੂੰ ਸਭ ਕੁੱਝ ਮਿਲਿਆ ਫ਼ੇਰ ਵੀ ਤੂੰ ਨਿੱਤ ਝੁਰਦਾ,
ਖ਼ੁਦ ਨੂੰ ਡਾਕਟਰ ਕਹਾਵਣ ਬਾਝੋਂ ਤੇਰਾ ਝੱਟ ਨਹੀਂ ਤੁਰਦਾ।
ਸ਼ੁਰੂ ਕਰ ਲੈ ਤੂੰ ਵੀ ਅੱਜ ਤੋਂ ਖ਼ੁਦ ਡਾਕਦਾਰ ਕਹਿਲਾਉਣਾ,
ਮੈਂ ਹਾਂ ਤੇਰੀ ਪਿੱਠ 'ਤੇ ਬੰਦਿਆ ਛੱਡ ਦੇ ਤੂੰ ਘਬਰਾਉਣਾ।

ਮੈਂ ਕਿਹਾ ਰੱਬ ਜੀ! ਇਹ ਕੰਮ ਨਹੀਂ ਲੱਗਦਾ ਇੰਨਾ ਸੌਖਾ,
ਇਸ ਦੁਨੀਆ ਵਿੱਚ ਝੂਠ ਦਾ ਖਮਿਆਜ਼ਾ ਭਰਨਾ ਬੜਾ ਹੈ ਔਖਾ।
ਇੱਥੇ ਤਾਂ ਕਈ ਵੇਲਣ ਵੇਲ ਕੇ ਦੁਨੀਆ ਕਰਦੀ ਸੌਦੇ,
ਸਿਫਾਰਸ਼ਾਂ ਅਤੇ ਵੱਢੀਆਂ ਰਾਹੀਂ ਕਈ ਕਰਦੇ ਫਿਰਦੇ ਲੋਂਦੇ।
ਤਾਂ ਜਾ ਕੇ ਕਿਤੇ ਉਨ੍ਹਾਂ ਨੂੰ ਇੱਕ ਕਾਗਜ਼ ਜਿਹਾ ਹਥਿਆਉਂਦਾ,
ਤਾਹੀਉਂ ਡਾਕਦਾਰ ਪੈਰ ਪੈਰ 'ਤੇ ਰੋਅਬ ਜਿਹਾ ਫਿਰ ਪਾਉਂਦਾ।
ਹੱਸ ਪਿਆ ਫੇਰ ਰੱਬ ਮੇਰੇ 'ਤੇ ਕਹਿੰਦਾ ਓਏ ਭੋਲੇ ਬੰਦੇ!
ਤੇਰੇ ਵਰਗੀ ਜ਼ਮੀਰ ਨਾਲ ਨਹੀਂ ਚੱਲਦੇ ਦੁਨੀਆ ਦੇ ਧੰਦੇ।
ਜੇ ਤੂੰ ਰੋਟੀ ਨਾਲ ਹੈ ਨਿੱਤ ਦਿਨ ਖਾਣੀ ਘਿਉ 'ਤੇ ਸ਼ੱਕਰ,
ਤਾਂ ਸਿੱਖ ਲੈ ਅੱਜ ਤੋਂ ਹੀ ਕਰਨੇ ਚੋਟੀ ਦੇ ਤੂੰ ਮੱਕਰ।
ਮੇਰੀ ਇਨ੍ਹਾਂ ਦੀ ਯਾਰੀ ਗੂੜ੍ਹੀ ਤੈਨੂੰ ਕਿਉਂ ਨਹੀਂ ਦਿਸਦੀ?
ਤੇਰੇ ਸਾਹਮਣੇ ਇਨ੍ਹਾਂ ਦੇ ਅੱਗੇ ਦੁਨੀਆ ਜਾਂਦੀ ਵਿਛਦੀ।
ਮੈਂ ਜੋ ਹਾਂ ਤੇਰੀ ਪਿੱਠ ਉੱਤੇ ਫੇਰ ਤੈਨੂੰ ਹੈ ਕੀ ਚਿੰਤਾ?
ਕਹਾ ਤੂੰ ਡਾਕਦਾਰ ਹਿੱਕ ਠੋਕ ਕੇ ਵਿਚਰ ਤੂੰ ਨਿਸ਼ੰਗ ਅਚਿੰਤਾ!
ਕਹਾ ਤੂੰ ਡਾਕਦਾਰ ਹਿੱਕ ਠੋਕ ਕੇ ਵਿਚਰ ਤੂੰ ਨਿਸ਼ੰਗ ਅਚਿੰਤਾ!

## ਤੌਹੀਨ ਤੇ



ਪਰਮਿੰਦਰ ਸਿੱਧੂ

ਜਦ ਤੱਕ ਦਿਲ ਵਿੱਚ ਰਹੀਆਂ, ਕਿਸੇ ਦੇ ਨਾ ਨਜ਼ਰੀ ਪਈਆਂ
ਕੀਤਾ ਟੱਬਰ ਸਾਰਾ ਖੇਰੂੰ-ਖੇਰੂੰ, ਪਈਆਂ ਕੰਧਾਂ ਜਦ ਜ਼ਮੀਨ ਤੇ !
ਰੱਬ ਧਿਆਉਣ ਡੇਰੇ ਵਿੱਚ, ਮੁੜ ਆਉਣ ਸ਼ੱਕ ਦੇ ਘੇਰੇ ਵਿੱਚ
ਸ਼ਰੇਆਮ ਹੀ ਉੱਠਣ ਲੱਗੇ, ਤੋਹਮਤ ਜਦ ਗੱਦੀ ਨਸ਼ੀਨ ਤੇ !
ਬੋਤਲ ਵੱਟੇ ਰਹੇ ਵੇਚਦੇ ਵੋਟ ਜੇ, ਜ਼ਮੀਰ ਵੇਚ ਕਮਾਏ ਨੋਟ ਜੇ
ਨਚਾਉਂਦੇ ਰਹਿਣਾ ਨੇਤਾ ਸਾਨੂੰ, ਜਿਉਂ ਸੱਪ ਜੋਗੀ ਦੀ ਬੀਨ ਤੇ !
ਨਿੱਤ ਨਵੇਂ ਫੁੱਲ ਤੇ ਬਹਿਣਾ ਜੇ, ਭੌਰੇ ਵਾਂਗ ਭਟਕਦੇ ਰਹਿਣਾ ਜੇ
ਦਿਲ ਵਿੱਚ ਜੇ ਵਫ਼ਾ ਨਹੀਂ, ਕਰ ਨਾ ਮਾਣ ਚਿਹਰੇ ਹਸੀਨ ਤੇ !
ਵਾਲ ਵੀ ਵਿੰਗਾ ਹੋਣ ਨਾ ਦੇਵੇ, ਜੋ ਕਰਮਾਂ ਦਾ ਖੋਣ ਨਾ ਦੇਵੇ
ਜੋ ਕਰੂ ਰੱਬ ਭਲੀ ਹੀ ਕਰੂਗਾ, ਜੇ ਛੱਡ ਦੇਵੇ ਏਸ ਯਕੀਨ ਤੇ !
ਮਾਂ-ਬਾਪ ਦੁੱਖੀ ਨੇ ਕਰਜ਼ੇ ਕਰਕੇ, ਪੁੱਤ ਦੇ ਕੰਨ੍ਹ ਤੇ ਜੂੰ ਨਾ ਸਰਕੇ
ਨਿੱਤ ਹੀ ਲੋਕੀਂ ਪਾਉਣ ਲਾਹਨਤਾਂ, ਐਸੇ ਗੱਭਰੂ ਸ਼ੌਕੀਨ ਤੇ !
ਇੱਜ਼ਤ ਦਾ ਕੋਈ ਮੁੱਲ ਨਾ ਸੱਜਣਾ, ਕਰ ਬੈਠੀ ਭੁੱਲ ਨਾ ਸੱਜਣਾ
ਅੰਦਰੋਂ-ਅੰਦਰੀ ਨਹੀਂ ਹੱਸੀ ਦਾ, ਕਿਸੇ ਦੀ ਹੋਈ ਤੌਹੀਨ ਤੇ !
ਫਰਜ਼ ਕੀ, ਅਧਿਕਾਰ ਭੁੱਲ ਜੇ, ਹੱਕ ਆਪਣੇ ਹੱਕਦਾਰ ਭੁੱਲਜੇ
ਪਰਮਿੰਦਰ ਜਿਹੇ ਪਾਪੀ ਨੂੰ ਜੇ, ਮਿਲਜੇ ਦਾਰੂ ਸੰਗ ਨਮਕੀਨ ਤੇ !

## ਸੱਜਣ ਸੱਜਣ ਰੱਟ ਲੱਗੀ ਏ

ਸੱਜਣ ਸੱਜਣ ਰੱਟ ਲੱਗੀ ਏ
ਅੱਖ 'ਤੇ ਐਵੇਂ ਝੱਟ ਲੱਗੀ ਏ

ਦਿਲ ਵੀ ਚਕਨਾਚੂਰ ਏ ਹੋਇਆ
ਪੱਥਰ ਨੂੰ ਵੀ ਸੱਟ ਲੱਗੀ ਏ

ਜਾਂ ਉਹ ਵਿਕਣਾ ਹੀ ਨਈਂ ਚਾਹੁੰਦੇ
ਜਾਂ ਫਿਰ ਕੀਮਤ ਘੱਟ ਲੱਗੀ ਏ

ਵੱਟ ਸ਼ਰੀਕ ਨੂੰ ਲੱਗਣਾ ਹੀ ਸੀ
ਵੱਟ ਦੇ ਨਾਲ ਜੋ ਵੱਟ ਲੱਗੀ ਏ

ਅੱਖ ਲਾਵਣ ਦੀ ਚੱਸ ਆਵੇਗੀ
ਸੂਲੀ ਮੈਨੂੰ ਖੱਟ ਲੱਗੀ ਏ

-ਬੁਸ਼ਰਾ ਨਾਜ਼

## ਸਤਾਈ ਦੀਆਂ ਤਿਆਰੀਆਂ



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਕਬਰਾਂ 'ਤੇ ਮੇਲੇ ਚਾਹੇ ਚੱਲਣ ਕਬੱਡੀ ਮੈਚ
ਦਿੰਦੇ ਨੇ ਸਪੀਚਾਂ ਉੱਥੇ ਜਾ ਕੇ ਨਿਆਰੀਆਂ।
ਕੱਟਾ-ਵੱਛੀ ਮਰੇ ਤਾਂ ਕਰਨ 'ਅਫਸੋਸ' ਜਾਂਦੇ
ਵੋਟਾਂ ਲਈ ਦਾਅ ਬਹੁਤੇ ਖੇਡ੍ਹਣੇ ਜੁਹਾਰੀਆਂ।
ਵਿਆਹ ਭੋਗਾਂ ਉੱਤੇ ਜਾ ਕੇ ਬੀਅ ਜਾਣੋ ਬੀਜਦੇ
ਵੋਟ-ਫੁੱਲਾਂ ਵਾਸਤੇ ਨੇ ਇਨਾਂ ਲਈ ਕਿਆਰੀਆਂ।
ਆ ਗਿਆ ਉਬਾਲ਼ਾ ਬੇਹੀ ਕੜ੍ਹੀ ਵਿਚ ਫੇਰ ਯਾਰੋ
ਪਿੰਡ ਸ਼ਹਿਰ ਪਹੁੰਚ ਹੋਣ ਲੱਗੀਆਂ ਮੱਕਾਰੀਆਂ।
ਹੱਸ ਹੱਸ ਸਭ ਨੂੰ ਹੀ 'ਹਾਂਜੀ ਹਾਂਜੀ' ਕਹੀ ਜਾਂਦੇ
ਜਾਗਦੇ ਨੇ ਲੋਕ ਹੁਣ ਆਈਆਂ ਹੁਸ਼ਿਆਰੀਆਂ।
'ਸੇਵਾਦਾਰ' ਬਣ ਬਣ ਫਿਰਦੇ ਐ ਲੋਕਾਂ ਮੂਹਰੇ
ਕੱਸੀਆਂ ਅਸਲ 'ਚ ਸਤਾਈ ਲਈ ਤਿਆਰੀਆਂ!
-ਤਰਲੋਚਨ ਸਿੰਘ ਦੁਪਾਲ ਪੁਰ

# ਗੈਂਗਸਟਰ ਰਾਜੂ ਸ਼ੂਟਰ ਤੇ ਹੈਪੀ ਬਾਬਾ ਸਮੇਤ 5 ਹੋਰ ਹਥਿਆਰਾਂ ਸਮੇਤ ਗ੍ਰਿਫ਼ਤਾਰ



ਤਰਨ ਤਾਰਨ-ਥਾਣਾ ਸਦਰ ਤਰਨ ਤਾਰਨ ਦੀ ਪੁਲਿਸ ਨੇ 2 ਨਾਮੀ ਗੈਂਗਸਟਰਾਂ ਸਮੇਤ 5 ਹੋਰਨਾਂ ਵਿਅਕਤੀਆਂ ਨੂੰ ਕਾਬੂ ਕਰਨ ਵਿਚ ਸਫਲਤਾ ਪ੍ਰਾਪਤ ਕੀਤੀ ਹੈ। ਕਾਬੂ ਕੀਤੇ ਗੈਂਗਟਰਾਂ ਪਾਸੋਂ 7 ਪਿਸਤੌਲ ਜਿਨ੍ਹਾਂ ਵਿਚ 2 ਪਿਸਤੌਲ 30 ਬੋਰ, 3 ਪਿਸਤੌਲ 32 ਬੋਰ ਅਤੇ 2 ਪਿਸਤੌਲ ਜਗਾਨਾ 9 ਐੱਮ. ਐੱਮ., 1 ਪਿਸਤੌਲ ਡੰਮੀ ਸਮੇਤ 14 ਕਾਰਤੂਸ ਬਰਾਮਦ ਹੋਏ ਹਨ।

ਐੱਸ. ਐੱਸ. ਪੀ. ਸੁਰਿੰਦਰ ਲਾਂਬਾ ਨੇ ਦੱਸਿਆ ਕਿ ਐੱਸ.ਪੀ.(ਡੀ) ਰਿਪੁਤਾਪਨ ਸਿੰਘ ਦੀ ਨਿਗਰਾਨੀ ਹੇਠ ਇੰਸਪੈਕਟਰ ਪ੍ਰਭਜੀਤ ਸਿੰਘ ਇੰਚਾਰਜ਼ ਸੀ.ਆਈ.ਏ. ਸਟਾਫ ਤਰਨ ਤਾਰਨ ਵਲੋਂ 26 ਨਵੰਬਰ ਨੂੰ ਇੰਸਪੈਕਟਰ ਪ੍ਰਭਜੀਤ ਸਿੰਘ ਅਤੇ ਉਨ੍ਹਾਂ ਦੀ ਟੀਮ ਨੂੰ ਹਿਊਮਨ ਇੰਨਟੈਲੀਜੈਂਸ ਅਤੇ ਤਕਨੀਕੀ ਇੰਨਟੈਲੀਜੈਂਸ ਰਾਹੀਂ ਇਹ ਪਤਾ ਲੱਗਾ ਕਿ ਚਰਨਜੀਤ ਸਿੰਘ ਰਾਜੂ ਸੂਟਰ ਤੇ ਹਰਪ੍ਰੀਤ ਸਿੰਘ ਹੈਪੀ ਬਾਬਾ ਅਲਾਦੀਪੁਰ ਨੇ ਮਿਲਕੇ ਦੋਵਾਂ ਜਾਣਿਆਂ ਨੇ ਜੇਲ੍ਹ 'ਚੋਂ ਰਿਹਾਅ ਹੋਣ ਦੀ ਖੁਸ਼ੀ ਵਿਚ ਸ਼ਾਹ ਪੈਲਸ ਨੌਰੰਗਾਬਾਦ ਪਾਰਟੀ ਰੱਖੀ ਹੈ ਅਤੇ ਇਨ੍ਹਾਂ ਦੋਵਾਂ ਜਾਣਿਆ ਨੇ ਆਪਣੇ-ਆਪਣੇ ਅਪਰਾਧਿਕ ਦੋਸਤ (ਮਿੱਤਰ) ਵੀ ਬਲਾਏ ਹਨ ਅਤੇ ਇਨ੍ਹਾਂ ਗੈਂਗਸਟਰਾ ਨੇ ਕੋਈ ਰਾਜੀਨਾਮਾ ਵੀ ਕਰਨਾ ਹੈ। ਰਾਜੂ ਸ਼ੂਟਰ ਅਤੇ ਹੈਪੀ ਬਾਬਾ ਅਤੇ ਇਨ੍ਹਾਂ ਦੇ ਸਾਥੀਆਂ ਪਾਸ ਭਾਰੀ ਮਾਤਰਾ ਵਿਚ ਨਾਜਾਇਜ਼ ਹਥਿਆਰ ਵੀ ਹਨ। ਤਰਨ ਤਾਰਨ ਪੁਲਿਸ ਵਲੋਂ ਇਨ੍ਹਾਂ ਨੂੰ ਕਾਬੂ ਕਰਨ ਲਈ ਵੱਖ-ਵੱਖ ਟੀਮਾਂ ਤਿਆਰ ਕਰਕੇ ਪਿੰਡ ਨੌਰੰਗਾਬਾਦ ਦੇ ਸ਼ਾਹ ਪੈਲਿਸ ਵਿਚ ਛਾਪੇਮਾਰੀ ਕਰਕੇ ਸਰਚ ਅਭਿਆਨ ਸ਼ੁਰੂ ਕਰ ਦਿੱਤਾ ਗਿਆ। ਪੁਲਿਸ ਵਲੋਂ ਛਾਪੇਮਾਰੀ ਦੌਰਾਨ ਹਰਪ੍ਰੀਤ ਸਿੰਘ ਉਰਫ ਹੈਪੀ ਬਾਬਾ ਅਲਾਦੀਪੁਰ ਪਾਸੋ ਇਕ ਪਿਸਤੌਲ 32 ਬੋਰ ਸਮੇਤ 2 ਰੌਂਦ ਜਿੰਦਾ, ਚਰਨਜੀਤ ਸਿੰਘ ਰਾਜੂ ਸ਼ੂਟਰ ਵਾਸੀ ਸੰਘੇ ਪਾਸੋਂ ਇਕ ਪਿਸਤੌਲ 32 ਬੋਰ 2 ਰੌਂਦ ਜਿੰਦਾ, ਮਨਜਿੰਦਰ ਸਿੰਘ ਮਨੀ ਜੋਧਪੁਰ ਪਾਸੋਂ ਇਕ ਪਿਸਤੌਲ 32 ਬੋਰ 2 ਰੌਂਦ ਜਿੰਦਾ 32 ਬੋਰ, ਰਾਜਕਰਨ ਸਿੰਘ ਰਾਜਾ ਸਾਹਬਪੁਰ ਪਾਸੋਂ ਇਕ ਪਿਸਤੌਲ ਡੰਮੀ, ਬੌਬੀ ਸਰਾਵਾਂ ਨੇੜੇ ਅਜਨਾਲਾ ਪਾਸੋਂ ਇਕ ਪਿਸਤੌਲ 30 ਬੋਰ ਸਮੇਤ 2 ਰੌਂਦ ਜਿੰਦਾ, ਜੁਗਰਾਜ ਸਿੰਘ ਨੌਰੰਗਾਬਾਦ ਪਾਸੋ ਇਕ ਪਿਸਤੌਲ 30 ਬੋਰ ਸਮੇਤ 2 ਰੌਂਦ ਜਿੰਦਾ 30 ਬੋਰ ਅਤੇ ਗੁਰਦੇਵ ਸਿੰਘ ਵਾਸੀ ਕੰਕਾ ਕੰਡਿਆਲਾ ਨੂੰ ਗ੍ਰਿਫਤਾਰ ਕਰਕੇ ਇਨ੍ਹਾਂ ਪਾਸੋਂ ਕੁੱਲ 5 ਪਿਸਤੌਲ ਬਰਾਮਦ ਕਰਕੇ ਇਨ੍ਹਾਂ ਖ਼ਿਲਾਫ ਥਾਣਾ ਸਦਰ ਤਰਨ ਤਾਰਨ ਵਿਖੇ ਅਸਲਾ ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ।

## ਗੈਂਗਸਟਰ ਅਨਮੋਲ ਬਿਸ਼ਨੋਈ ਨੂੰ ਮਾਰੇ ਜਾਣ ਦਾ ਡਰ

**✪ ਸੁਰੱਖਿਆ ਲਈ ਅਰਜ਼ੀ ਦਾਇਰ ਕੀਤੀ**



ਨਵੀਂ ਦਿੱਲੀ-ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਭਰਾ ਅਨਮੋਲ ਬਿਸ਼ਨੋਈ ਨੇ ਅਦਾਲਤ ਵਿੱਚ ਇੱਕ ਸੁਰੱਖਿਆ ਅਰਜ਼ੀ ਦਾਇਰ ਕੀਤੀ ਹੈ, ਜਿਸ ਵਿੱਚ ਉਸ ਨੇ ਹਾਲ ਹੀ ਵਿੱਚ ਸੋਸ਼ਲ ਮੀਡੀਆ 'ਤੇ ਕੀਤੀਆਂ ਪੋਸਟਾਂ ਕਾਰਨ ਪਾਕਿਸਤਾਨੀ ਗੈਂਗਸਟਰ ਸ਼ਹਿਜ਼ਾਦ ਭੱਟੀ ਵੱਲੋਂ ਨਿਸ਼ਾਨਾ ਬਣਾਏ ਜਾਣ ਅਤੇ ਮਾਰੇ ਜਾਣ ਦੇ ਡਰ ਦਾ ਹਵਾਲਾ ਦਿੱਤਾ ਹੈ। ਅਨਮੋਲ ਨੂੰ ਅਮਰੀਕਾ ਤੋਂ ਦੇਸ਼ ਨਿਕਾਲਾ ਦੇ ਕੇ ਭੇਜੇ ਜਾਣ ਤੋਂ ਬਾਅਦ ਕੌਮੀ ਜਾਂਚ ਏਜੰਸੀ ਨੇ ਗ੍ਰਿਫ਼ਤਾਰ ਕੀਤਾ ਸੀ ਅਤੇ ਉਹ ਇਸ ਸਮੇਂ ਕੌਮੀ ਜਾਂਚ ਏਜੰਸੀ ਦੀ ਹਿਰਾਸਤ ਵਿੱਚ ਹੈ। ਅਰਜ਼ੀ ਵਿੱਚ ਅਨਮੋਲ ਨੇ ਅਦਾਲਤ ਨੂੰ ਜਾਂਚ ਏਜੰਸੀ ਨੂੰ ਨਿਰਦੇਸ਼ ਜਾਰੀ ਕਰਨ ਦੀ ਮੰਗ ਕੀਤੀ ਹੈ ਕਿ ਅਦਾਲਤ ਤੱਕ ਲਿਜਾਣ ਵੇਲੇ ਢੁਕਵੀਂ ਹਥਿਆਰਬੰਦ ਪੁਲੀਸ ਸੁਰੱਖਿਆ ਪ੍ਰਦਾਨ ਕੀਤੀ ਜਾਵੇ। ਅਦਾਲਤ ਨੂੰ ਸਬੰਧਤ ਅਥਾਰਟੀ ਨੇ ਬਿਸ਼ਨੋਈ ਦਾ ਖ਼ਤਰਾ ਮੁਲਾਂਕਣ ਅਤੇ ਸੁਰੱਖਿਆ ਮੁਲਾਂਕਣ ਕਰਨ ਦਾ ਹੁਕਮ ਦੇਣ ਦੀ ਵੀ ਬੇਨਤੀ ਕੀਤੀ ਗਈ ਹੈ। ਬੀਤੇ ਸ਼ਨਿਚਰਵਾਰ ਨੂੰ ਸਪੈਸ਼ਲ ਜੱਜ ਪ੍ਰਸ਼ਾਂਤ ਸ਼ਰਮਾ ਨੇ ਨਿਯਮਤ ਅਦਾਲਤ ਦੀ ਬਜਾਏ ਕੌਮੀ ਜਾਂਚ ਏਜੰਸੀ ਹੈੱਡਕੁਆਰਟਰ ਦੇ ਅੰਦਰ ਸੁਣਵਾਈ ਕੀਤੀ ਅਤੇ ਅਨਮੋਲ ਦੀ ਹਿਰਾਸਤ 5 ਦਸੰਬਰ ਤੱਕ ਵਧਾਉਣ ਦਾ ਹੁਕਮ ਦਿੱਤਾ। ਇਸ ਤੋਂ ਪਹਿਲਾਂ 19 ਨਵੰਬਰ ਨੂੰ ਅਨਮੋਲ ਨੂੰ 11 ਦਿਨਾਂ ਲਈ ਕੌਮੀ ਜਾਂਚ ਏਜੰਸੀ ਦੀ ਹਿਰਾਸਤ ਵਿੱਚ ਭੇਜਿਆ ਗਿਆ ਸੀ।

## ਲਖੀਮਪੁਰ ਖੀਰੀ ਦੀ ਸੜਕ 'ਤੇ ਦੋ ਸਿੱਖ ਨੌਜਵਾਨਾਂ ਨੂੰ ਘੇਰ ਕੇ ਬੁਰੀ ਤਰ੍ਹਾਂ ਕੁੱਟਿਆ

**✪ ਫਿਰਕੂ ਗਰੋਹ ਨੇ ਪੱਗ ਲਾਹੀਆਂ, ਧਾਰਮਿਕ ਭਾਵਨਾਵਾਂ ਨੂੰ ਕੀਤਾ ਜ਼ਖ਼ਮੀ**



ਲਖੀਮਪੁਰ ਖੀਰੀ (ਉੱਤਰ ਪ੍ਰਦੇਸ਼)- ਨਿਘਾਸਨ ਕੋਤਵਾਲੀ ਖੇਤਰ ਦੇ ਲੁਧੌਰੀ ਪਿੰਡ ਵਿੱਚ ਬੀਤੇ ਦਿਨੀਂ ਇੱਕ ਦੁਖਾਂਤਕ ਘਟਨਾ ਵਾਪਰੀ। ਦੋ ਸਿੱਖ ਨੌਜਵਾਨ ਗ੍ਰੰਥੀ, ਜੋ ਅਖੰਡ ਪਾਠ ਤੋਂ ਵਾਪਸ ਆ ਰਹੇ ਸਨ, ਉਨ੍ਹਾਂ ਨੂੰ 10-12 ਫਿਰਕੂ ਗੁੰਡਿਆਂ ਨੇ ਸੜਕ 'ਤੇ ਘੇਰ ਲਿਆ ਤੇ ਬੇਰਹਿਮੀ ਨਾਲ ਕੁੱਟਿਆ। ਕੁਟਮਾਰ ਦੌਰਾਨ ਇੱਕ ਨੌਜਵਾਨ ਦੀ ਪੱਗ ਵੀ ਖਿੱਚ ਕੇ ਲਾਹ ਦਿੱਤੀ ਗਈ ਤੇ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀਆਂ ਗੰਦੀਆਂ ਗਾਲ੍ਹਾਂ ਕੱਢੀਆਂ ਗਈਆਂ। ਪੀੜਤ ਨੌਜਵਾਨਾਂ ਵਿੱਚੋਂ ਇੱਕ ਮਨਪ੍ਰੀਤ ਸਿੰਘ (ਨਿਵਾਸੀ ਗੋਵਿੰਦਪੁਰ ਫਾਰਮ, ਲੁਧੌਰੀ) ਨੇ ਦੱਸਿਆ ਕਿ ਉਹ ਆਪਣੇ ਦੋਸਤ ਗੁਰਵਿੰਦਰ ਸਿੰਘ ਨਾਲ ਮਹਿੰਗਪੁਰ (ਥਾਣਾ ਸੰਪੂਰਨਾਨਗਰ) ਤੋਂ ਬਿਰਜਾਪੁਰਵਾ ਵਿੱਚ ਅਖੰਡ ਪਾਠ ਕਰਵਾ ਕੇ ਵਾਪਸ ਆ ਰਿਹਾ ਸੀ। ਸ਼ਾਮ ਸਾਢੇ ਪੰਜ ਵਜੇ ਦੇ ਕਰੀਬ ਲੁਧੌਰੀ ਵਿੱਚ ਨਿਸਾਰ ਅਹਿਮਦ ਦੇ ਘਰ ਕੋਲ ਅਚਾਨਕ 10-12 ਨੌਜਵਾਨਾਂ ਨੇ ਉਨ੍ਹਾਂ ਦੀ ਬਾਈਕ ਰੋਕ ਲਈ। ਉਨ੍ਹਾਂ ਦੇ ਨਾਂ - ਅਜੈ, ਵਿਜੈ, ਅੰਕਿਤ, ਅਖਿਲੇਸ਼, ਅਨੁਜ, ਸ਼ਿਵਮ (ਲੁਧੌਰੀ) ਤੇ ਸੋਨੂੰ, ਸ਼ੁਭਮ (ਬਿਹਾਰੀਪੁਰਵਾ) ਆਦਿ ਦੱਸੇ ਜਾ ਰਹੇ ਹਨ।

ਇਹਨਾਂ ਨੇ ਦੋਵਾਂ ਨੌਜਵਾਨਾਂ ਨੂੰ ਬਾਈਕ ਤੋਂ ਹੇਠਾਂ ਸੁੱਟ ਕੇ ਲੱਤਾਂ-ਮੁਕੇ, ਲਾਠੀਆਂ, ਡੰਡਿਆਂ ਨਾਲ ਬੁਰੀ ਤਰ੍ਹਾਂ ਮਾਰਿਆ। ਮਨਪ੍ਰੀਤ ਸਿੰਘ ਦੀ ਪੱਗ ਖਿੱਚ ਕੇ ਲਾਹ ਦਿੱਤੀ ਤੇ ਧਾਰਮਿਕ ਟਿੱਪਣੀਆਂ ਕਰਦਿਆਂ ਬਹੁਤ ਗੰਦੀਆਂ ਗਾਲ੍ਹਾਂ ਕੱਢੀਆਂ। ਲੋਕਾਂ ਦੀ ਸੂਚਨਾ 'ਤੇ ਪੁਲਿਸ ਮੌਕੇ 'ਤੇ ਪਹੁੰਚੀ ਤਾਂ ਹਮਲਾਵਰ ਭੱਜ ਗਏ। ਇਸ ਘਟਨਾ ਦਾ ਵੀਡੀਓ ਸ਼ਨੀਵਾਰ ਨੂੰ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਿਆ, ਜਿਸ ਤੋਂ ਬਾਅਦ ਪੂਰੇ ਖੇਤਰ ਵਿੱਚ ਸਿੱਖ ਭਾਈਚਾਰੇ ਵਿੱਚ ਭਾਰੀ ਰੋਸ ਪਾਇਆ ਗਿਆ। ਇਸ ਤੋਂ ਬਾਅਦ ਸੈਂਕੜੇ ਸਿੱਖ ਭਾਈਚਾਰੇ ਦੇ ਲੋਕ ਨਿਘਾਸਨ ਕੋਤਵਾਲੀ ਪਹੁੰਚੇ ਤੇ ਘੇਰਾਓ ਕਰਕੇ ਤੁਰੰਤ ਕਾਰਵਾਈ ਦੀ ਅਪੀਲ ਕੀਤੀ। ਕੋਤਵਾਲ ਮਹੇਸ਼ ਚੰਦਰ ਨੇ ਦੱਸਿਆ ਕਿ ਮਨਪ੍ਰੀਤ ਸਿੰਘ ਦੇ ਬਿਆਨ 'ਤੇ ਮੁਕੱਦਮਾ ਦਰਜ ਕਰ ਲਿਆ ਗਿਆ ਸੀ ਤੇ ਜਾਂਚ ਜਾਰੀ ਹੈ। ਉਨ੍ਹਾਂ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਸਿੱਖ ਭਾਈਚਾਰੇ ਵੱਲੋਂ ਮੰਗ ਕੀਤੀ ਜਾ ਰਹੀ ਹੈ ਕਿ ਮਾਮਲੇ ਦੀ ਡੂੰਘਾਈ ਨਾਲ ਜਾਂਚ ਹੋਵੇ ਤੇ ਦੋਸ਼ੀਆਂ ਨੂੰ ਜਲਦੀ ਗ੍ਰਿਫ਼ਤਾਰ ਕੀਤਾ ਜਾਵੇ।

## ਜਲੰਧਰ ਵਿਚ ਜੇਲ੍ਹ ਤੋਂ ਜ਼ਮਾਨਤ 'ਤੇ ਆਏ ਗੁੰਡਿਆਂ ਨੇ ਸਾਥੀਆਂ ਨਾਲ ਮਿਲ ਵਿਧਵਾ ਮਾਂ ਤੇ ਧੀ ਨਾਲ ਕੀਤਾ ਗੈਂਗਰੇਪ

ਸ਼ਾਹਕੋਟ-ਸ਼ਾਹਕੋਟ ਸਬ ਡਿਵੀਜ਼ਨ ਦੀ ਪੁਲਸ ਵੱਲੋਂ ਥਾਣਾ ਲੋਹੀਆਂ ਵਿਖੇ ਹੋਏ ਗੈਂਗਰੇਪ ਦੇ ਮੁੱਖ ਦੋਸ਼ੀ ਸਣੇ 2 ਹੋਰ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਨ ਲਏ ਜਾਣ ਦੀ ਜਾਣਕਾਰੀ ਮਿਲੀ ਹੈ। ਜਾਣਕਾਰੀ ਦਿੰਦੇ ਹੋਏ ਹਰਵਿੰਦਰ ਸਿੰਘ ਵਿਰਕ ਜਲੰਧਰ ਦਿਹਾਤੀ ਐੱਸ. ਐੱਸ. ਪੀ. ਨੇ ਦੱਸਿਆ ਕਿ ਮਿਤੀ 23-24 ਨਵੰਬਰ ਦੀ ਦਰਮਿਆਨੀ ਰਾਤ ਨੂੰ ਸ਼ਾਹਕੋਟ ਸਬ ਡਿਵੀਜ਼ਨ ਦੇ ਇਕ ਪਿੰਡ ਵਿੱਚ ਮੋਟਰ 'ਤੇ ਖੇਤਾਂ ਵਿੱਚ ਮਿਹਨਤ-ਮਜ਼ਦੂਰੀ ਕਰਦੇ ਪ੍ਰਵਾਸੀ ਮਾਂ ਅਤੇ ਧੀ ਨਾਲ ਉਸ ਦੇ ਜੁਵਾਈ ਅਤੇ ਛੋਟੇ ਤਿੰਨ ਬੱਚਿਆਂ ਨੂੰ ਬੰਦੀ ਬਣਾ ਕੇ ਹਥਿਆਰਾਂ ਦੀ ਨੋਕ 'ਤੇ ਗੈਂਗਰੇਪ ਕੀਤਾ ਗਿਆ ਸੀ।

ਜਿਸ ਸਬੰਧੀ ਮਾਂ ਅਤੇ ਧੀ ਨੇ ਦੱਸਿਆ ਕਿ 4 ਅਣਪਛਾਤੇ ਵਿਅਕਤੀ, ਜਿਨ੍ਹਾਂ ਨੇ ਜ਼ਬਰਦਸਤੀ ਮੋਟਰ ਉੱਤੇ ਬਣੇ ਕਮਰੇ ਅੰਦਰ ਦਾਖ਼ਲ ਹੋ ਕੇ ਉਨ੍ਹਾਂ ਨਾਲ ਕੁੱਟਮਾਰ ਕੀਤੀ, ਉਨ੍ਹਾਂ ਦੇ ਜੁਵਾਈ ਅਤੇ ਛੋਟੇ ਬੱਚਿਆਂ ਨੂੰ ਦੂਜੇ ਕਮਰੇ ਵਿੱਚ ਬੰਦ ਕਰਕੇ ਵਿਧਵਾ ਮਾਂ (35 ਸਾਲ) ਨਾਲ ਤਿੰਨ ਵਿਅਕਤੀਆਂ ਵੱਲੋਂ ਅਤੇ ਧੀ (19 ਸਾਲ) ਨਾਲ ਇਕ ਵਿਅਕਤੀ ਵੱਲੋਂ ਇੱਕ ਕਮਰੇ ਵਿੱਚ ਲਿਜਾ ਕੇ ਡਰਾ ਧਮਕਾ ਕੇ ਵਾਰੋ-ਵਾਰੀ ਗੈਂਗਰੇਪ ਕੀਤਾ। ਜਿਸ 'ਤੇ ਥਾਣਾ ਲੋਹੀਆਂ ਦੀ ਮਹਿਲਾ ਇੰਸਪੈਕਟਰ ਸੀਮਾ ਵੱਲੋਂ ਮੁਕੱਦਮਾ ਦਰਜ ਕਰ ਲਿਆ ਗਿਆ ਸੀ।

ਐੱਸ. ਐੱਸ. ਪੀ. ਨੇ ਦੱਸਿਆ ਕਿ ਜਾਂਚ ਦੌਰਾਨ ਪੁਲਸ ਵੱਲੋਂ ਸਾਜ਼ਨ, ਰੋਕੀ , ਰਾਜਨ ਤੇ ਅਰਸ਼ਪ੍ਰੀਤ ਸਿੰਘ ਪੂਨੀਆਂ ਨੂੰ ਕੇਸ ਵਿੱਚ



ਨਾਮਜ਼ਦ ਕੀਤਾ ਗਿਆ। ਪੁਲਸ ਅਧਿਕਾਰੀ ਨੇ ਦੱਸਿਆ ਕਿ ਇਨ੍ਹਾਂ ਚਾਰਾਂ ਵਿੱਚੋਂ 3 ਮੁਲਜ਼ਮਾਂ ਨੂੰ ਪੁਲਸ ਨੇ ਖੰਡਰਨੁਮਾ ਰੈਸਟ ਹਾਊਸ, ਨੇੜੇ ਰੇਲਵੇ ਸਟੇਸ਼ਨ ਲੋਹੀਆਂ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਜਦਕਿ ਚੌਥੇ ਮੁਲਜ਼ਮ ਰਾਜਨ ਨੂੰ ਫੜ੍ਹਣ ਲਈ ਪੁਲਸ ਵਲੋਂ ਛਾਪੇਮਾਰੀ ਕੀਤੀ ਜਾ ਰਹੀ ਹੈ।

ਐੱਸ. ਐੱਸ. ਪੀ. ਵਿਰਕ ਨੇ ਦੱਸਿਆ ਕਿ ਗ੍ਰਿਫ਼ਤਾਰ ਵਿਅਕਤੀਆਂ ਨੇ ਪੁੱਛਗਿੱਛ ਦੌਰਾਨੇ ਇਹ ਵੀ ਪਤਾ ਲੱਗਾ ਹੈ ਕਿ ਉਨ੍ਹਾਂ ਨੇ ਰਲ਼ ਕੇ ਚੋਰੀ ਦੇ ਨਾਲ-ਨਾਲ ਗੈਂਗਰੇਪ ਵਰਗੇ ਘਿਨੌਣੇ ਅਪਰਾਧ ਨੂੰ ਅੰਜਾਮ ਦਿੱਤਾ ਅਤੇ ਗੈਂਗਰੇਪ ਤੋਂ ਬਾਅਦ ਉੱਥੇ ਪਈ ਵਿਦੇਸ਼ੀ ਸ਼ਰਾਬ ਪੀਤੀ।

# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ


– ਲੇਖਕ –
ਗਿਆਨੀ
ਗੁਰਦਿੱਤ ਸਿੰਘ



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕਿਸ਼ਤ–22**

**ਗੁਰੂ ਗ੍ਰੰਥ ਸਾਹਿਬ ਵਿੱਚ ਆਏ ਸ਼ਬਦ ਅਤੇ ਜੋਧਪੁਰ ਦੇ ਪ੍ਰਾਪਤ ਪੁਰਾਣੇ ਗ੍ਰੰਥ ਦੇ ਪਦਿਆਂ ਤੋਂ ਪ੍ਰਗਟ ਹੁੰਦਾ ਹੈ, ਜਦੋਂ ਉਨ੍ਹਾਂ, ਇਨ੍ਹਾਂ ਪਦਿਆਂ ਦੀ ਰਚਨਾ ਕੀਤੀ, ਉਸ ਸਮੇਂ ਉਹ ਸਰਗੁਣ ਪੂਜਾ, ਅਵਤਾਰ ਵਾਦ, ਨਾਲ ਹੀ ਵੇਦ ਸਿਮਰਤੀ ਤੋਂ ਵੀ ਉੱਚਾ ਉੱਠਕੇ ਰਾਮਾਨੰਦ ਸੁਆਮੀ ਰਮਤ ਬ੍ਰਹਮ ਨਿਰੰਕਾਰ ਬ੍ਰਹਿਮ ਨਾਲ ਅਭੇਦ ਅਵਸਥਾ ਦੇ ਧਾਰਨੀ ਅਤੇ ਪ੍ਰਚਾਰਕ ਹੋ ਗਏ ਸੀ । ਫਲਸਰੂਪ ਇਹ ਸਰਲ ਭਾਸ਼ਾ ਵਾਲੇ ਪਦੇ ਰੂਪਮਾਨ ਹੋਏ । ਇਹ ਪਲਟਾ ਅਤੇ ਉੱਚੀ ਅਵਸਥਾ ਦੀ ਪ੍ਰਾਪਤੀ, ਜਿਵੇਂ ਉਨ੍ਹਾਂ ਖੁਦ ਦੱਸਿਆ ਹੈ, ਸੱਚੇ ਸਤਿਗੁਰੂ ਦੇ ਸ਼ਬਦ ਦੁਆਰਾ ਪ੍ਰਾਪਤ ਹੋਈ, ਇਸ ਅਵਸਥਾ ਦਾ ਵਰਣਨ ਉਨ੍ਹਾਂ ਆਪਣੀ ਰਚਨਾ ਵਿੱਚ ਸਪੱਸ਼ਟ ਰੂਪ ਵਿੱਚ ਕੀਤਾ ਹੈ**




ਉਨ੍ਹੋਂ ਨੇ ਉਪਾਸਨਾ ਕੇ ਲੀਏ ਬੈਕੁੰਠ ਵਾਸੀ ਕਾ ਸਰੂਪ ਲੇ ਕਰ, ਲੋਕ ਮੇ ਲੀਲਾ ਵਿਸਤਾਰ ਕਰਨੇ ਵਾਲੇ ਅਵਤਾਰ ਰਾਮ ਕਾ ਆਸ਼ਰਯ ਲੀਯਾ। ਉਨ ਕੇ ਇਸ਼ਟ ਦੇਵ ਰਾਮ ਹੂਏ ਔਰ ਮੂਲ ਮੰਤ੍ਰ ਰਾਮ ਨਾਮ। (ਰਾਮ ਚੰਦਰ ਸ਼ੁਕਲ, ਹਿੰਦੀ ਸਾਹਿਤ ਕਾ ਇਤਿਹਾਸ ਸਫ਼ਾ 103)

ਕ੍ਰਿਸ਼ਨ ਭਗਤੀ ਦੇ ਬਰਾਬਰ ਰਾਮ ਭਗਤੀ ਖੜ੍ਹੀ ਕਰਨੀ ਕੋਈ ਛੋਟਾ ਜਿਹਾ ਪਰਿ–ਵਰਤਨ ਨਹੀਂ ਸੀ, ਕਿਉਂਕਿ ਵਾਸੂਦੇਵ ਪੂਜਯ ਵੈਸ਼ਣਵ ਭਗਤ, ਰਾਮ ਭਗਤੀ ਨੂੰ ਭਗਤੀ ਹੀ ਨਹੀਂ ਮੰਨਦੇ ਸੀ। ਉਨ੍ਹਾਂ ਦਾ ਦੀਖਿਆ ਮੰਤਰ; ਜੋ ਆਪਣੇ ਅਨੁਇਆਈਆਂ ਨੂੰ ਦ੍ਰਿੜ੍ਹ ਕਰਾਉਂਦਾ ਸੀ; ਓ ਨਮੋ ਭਗਵਤੇ ਵਾਸੁਦੇਵਾਯ ਸੀ। ਰਾਮਾਨੰਦ ਜੀ ਨੇ ਆਪਣਾ ਵੱਖਰਾ ਦੀਖਿਆ ਮੰਤਰ– ਓਅੰਰਾਮਯ ਏ ਨਮਃ ਨਿਸ਼ਚਿਤ ਕੀਤਾ, ਜਿਸ ਨੂੰ ਖੋੜਛਾਮਾਤਰਾ (ਸੋਲ੍ਹਾਂ ਮਾਤਰਾ) ਗੁਰ ਮੰਤਰ ਕਿਹਾ ਗਿਆ ਮੂਲ ਮੰਤਰ ਉਨ੍ਹਾਂ ਵੱਖਰਾ ਪ੍ਰਸਿੱਧ ਕੀਤਾ: ਸ੍ਰੀ ਰਾਮ ਖੋੜੇਛਰ ਮੰਤਰ ਸ੍ਰੀ ਰਾਮਯ ਨਮਃ। ਵਿਦਵਾਨਾਂ ਨੇ ਉਨ੍ਹਾਂ ਦੇ ਇਸ ਕਰਮ ਬਾਰੇ ਕਿਹਾ ਹੈ: ਰਾਮਾਨੰਦ ਜੀ ਨੇ ਭਗਵਾਨ ਸ੍ਰੀ ਰਾਮਚੰਦਰ ਜੀ ਕੋ ਪਰਮ ਪੁਰਸ਼ ਮਾਨਕਰ ਉਨ ਕੀ ਉਪਾਸਨਾ ਕਾ ਪਰਿਵਰਤਨ ਬੜੇ ਹੀ ਆਗ੍ਰਹਿ ਤਥਾ ਨਿਸ਼ਠਾ ਕੇ ਸਾਥ ਕੀਆ ਔਰ ਇਸੀ ਲੀਏ ਉਨ ਕੇ ਅਨੁਇਆਈ ਵੈਸ਼ਣਵ ਰਾਮਾਵਤ ਸੰਪਰਦਾਏ ਕੇ ਅੰਤਰਗਤ ਮਾਨੇ ਜਾਤੇ ਹੈਂ। (ਬਲਦੇਵ ਉਪਾਧਯ, ਭਗਵਤ ਸੰਪਰਦਾਇ, ਸਫ਼ਾ–261)

ਗੁਰੂ ਗ੍ਰੰਥ ਸਾਹਿਬ ਵਿੱਚ ਆਏ ਸ਼ਬਦ ਅਤੇ ਜੋਧਪੁਰ ਦੇ ਪ੍ਰਾਪਤ ਪੁਰਾਣੇ ਗ੍ਰੰਥ ਦੇ ਪਦਿਆਂ ਤੋਂ ਪ੍ਰਗਟ ਹੁੰਦਾ ਹੈ, ਜਦੋਂ ਉਨ੍ਹਾਂ, ਇਨ੍ਹਾਂ ਪਦਿਆਂ ਦੀ ਰਚਨਾ ਕੀਤੀ, ਉਸ ਸਮੇਂ ਉਹ ਸਰਗੁਣ ਪੂਜਾ, ਅਵਤਾਰ ਵਾਦ, ਨਾਲ ਹੀ ਵੇਦ ਸਿਮਰਤੀ ਤੋਂ ਵੀ ਉਚਾ ਉੱਠਕੇ ਰਾਮਾਨੰਦ ਸੁਆਮੀ ਰਮਤ ਬ੍ਰਹਮ ਨਿਰੰਕਾਰ ਬ੍ਰਹਿਮ ਨਾਲ ਅਭੇਦ ਅਵਸਥਾ ਦੇ ਧਾਰਨੀ ਅਤੇ ਪ੍ਰਚਾਰਕ ਹੋ ਗਏ ਸੀ। ਫਲਸਰੂਪ ਇਹ ਸਰਲ ਭਾਸ਼ਾ ਵਾਲੇ ਪਦੇ ਰੂਪਮਾਨ ਹੋਏ। ਇਹ ਪਲਟਾ ਅਤੇ ਉਚੀ ਅਵਸਥਾ ਦੀ ਪ੍ਰਾਪਤੀ, ਜਿਵੇਂ ਉਨ੍ਹਾਂ ਖੁਦ ਦੱਸਿਆ ਹੈ, ਸੱਚੇ ਸਤਿਗੁਰੂ ਦੇ ਸ਼ਬਦ ਦੁਆਰਾ ਪ੍ਰਾਪਤ ਹੋਈ, ਇਸ ਅਵਸਥਾ ਦਾ ਵਰਣਨ ਉਨ੍ਹਾਂ ਆਪਣੀ ਰਚਨਾ ਵਿੱਚ ਸਪੱਸ਼ਟ ਰੂਪ ਵਿੱਚ ਕੀਤਾ ਹੈ:

ਸੋ ਬ੍ਰਹਮ ਬਤਾਇਓ ਗੁਰ ਮਨਹੀ ਮਾਹਿ
(ਰਾਗ ਬਸੰਤ, ਗੁਰੂ ਗ੍ਰੰਥ ਸਾਹਿਬ 1195)

ਇਹ ਘਰ ਆਕੇ ਗਿਆਨ ਦੇਣ ਵਾਲੇ ਸਤਿਗੁਰੂ, ਰਾਘਵਾ ਨੰਦ ਨਹੀਂ ਹੋ ਸਕਦੇ। ਰਾਘਵਾ ਨੰਦ ਜੀ–ਜਿਵੇਂ ਉਪਰ ਚਰਚਾ ਕੀਤੀ ਗਈ ਹੈ– ਰਾਮਾਨੁਜੀ ਪੱਧਤੀ ਦੇ ਅਚਾਰਯ ਸਨ। ਜਿਨ੍ਹਾਂ ਤੋਂ ਰਾਮਾਨੰਦ ਨੇ ਵਿਦਰੋਹ ਕਰਕੇ ਵੱਖਰੀ ਸੰਪ੍ਰਦਾਇ ਸਥਾਪਤ ਕੀਤੀ ਸੀ। ਦੂਜੀ ਇਹ ਵੀ ਕਥਾ ਹੈ ਰਾਘਵਾ ਨੰਦ ਜੀ ਆਪਣੀ ਆਯੂ ਰਾਮਾਨੰਦ ਜੀ ਨੂੰ ਦੇ ਕੇ ਅਰੰਭ ਕਾਲ ਵਿੱਚ ਹੀ ਚਲਾਣਾ ਕਰ ਚੁੱਕੇ ਸਨ। ਵਿਸ਼ੇਸ਼ ਪਲਟਾ ਰਾਮਾਨੰਦ ਜੀ ਨੂੰ ਉਸ ਸਤਿਗੁਰੂ ਨੇ ਦਿੱਤਾ, ਜੋ ਉਨ੍ਹਾਂ ਕੋਲ ਪੁੱਜਿਆ ਜਿਨ ਸਕਲ ਬਿਕਲ ਭ੍ਰਮ ਕਾਟੇ ਮੋਰ, ਸਾਰੇ ਕਲੇਸ਼ ਘਰ ਆਕੇ ਕੱਟੇ ਅਤੇ ਨਿਸ਼ਚੇ ਕਰਾਇਆ, ਗੁਰੁ ਕਾ ਸਬਦੁ ਕਾਟੈ ਕੋਟਿ ਕਰਮ। ਰਾਮਾਨੰਦ ਜੀ ਦੇ ਜੀਵਨ ਕਾਲ ਬਾਰੇ ਜਾਣਕਾਰੀ ਤੋਂ ਏਹ ਭੇਦ ਖੁੱਲ੍ਹਦਾ ਹੈ। ਉਨ੍ਹਾਂ ਦੇ ਗੁਰੂ ਨਾਨਕ ਸਾਹਿਬ ਨਾਲ ਰਾਮਾਨੰਦ ਦੇ ਮੇਲ ਦੱਸਣ ਵਾਲੀਆਂ ਲਿਖਤਾਂ ਤੋਂ ਇਸ ਸ਼ਬਦ ਦੀ ਉਥਾਨਕਾ ਦੀ ਪ੍ਰਿਸ਼ਟ ਭੂਮੀ ਬੱਝਦੀ ਤੇ ਪੁਸ਼ਟੀ ਹੁੰਦੀ ਹੈ, ਉਨ੍ਹਾਂ ਦੇ ਸ਼ਬਦ ਵਿੱਚ ਕਹੀ ਗਈ ਵਿਚਾਰ ਹੈ; ਕਿ ਮੈਨੂੰ ਗੁਰੂ ਨੇ ਮਨ ਅੰਦਰ ਹੀ ਬ੍ਰਹਮ ਦਿਖਾਇਆ ਹੈ।

## ਰਾਮਾਨੰਦ ਜੀ ਦਾ ਸਮਾਂ:

ਰਾਮਾਨੰਦ ਜੀ ਦਾ ਸਮਾਂ, ਕਈ ਹੋਰਨਾਂ ਭਗਤਾਂ ਦੇ ਸਮੇਂ ਵਾਂਗ ਚਰਚਾ ਦੀ ਖੁੱਲ੍ਹੀ ਖੇਡ ਦਾ ਮੈਦਾਨ ਬਣਿਆ ਹੋਇਆ ਹੈ। ਦੋ ਮੱਤ ਇਸ ਸੰਬੰਧੀ ਬਣਾਏ ਗਏ; ਇਕ ਮੱਤ ਵਾਲਿਆਂ ਨੂੰ, ਜਿਨ੍ਹਾਂ ਵਿੱਚ ਸਰ ਭੰਡਾਰਕਰ ਅਤੇ ਡਾ. ਪਟਵਰਧਨ, ਤੋਂ ਬਿਨਾਂ ਕੁਝ ਰਾਮਾਨੰਦੀ ਸੰਪ੍ਰਦਾਇ ਦੇ ਪ੍ਰਚਾਰਕ ਵੀ ਸ਼ਾਮਿਲ ਸਨ ਅਗਸਤ ਸੰਘਿਤਾ, (ਅਗਸਤਮਨੀ ਦੇ ਨਾਮ ਤੇ ਮਿਲਦੇ ਭਵਿੱਖ ਦੀਆਂ ਗੱਲਾਂ ਦੱਸਣ ਵਾਲੇ ਗ੍ਰੰਥ) ਦੇ ਭਵਿਸ਼ ਖੰਡ ਦੇ 131ਵੇਂ ਅਧਿਆਇ ਵਿੱਚ ਦੱਸੇ ਕਲਯੁੱਗ 4499 ਸੰਮਤ ਵਿੱਚ ਰਾਮਾਨੰਦ ਜੀ ਹੋਂਗੇ ਦੀ ਭਵਿੱਖ ਬਾਣੀ ਨੂੰ ਇਤਿਹਾਸਕ ਅਧਾਰ ਬਣਾਕੇ, ਉਸ ਕੱਚੀ ਨੀਂਹ ਉੱਤੇ ਰਾਮਾਨੰਦ ਜੀ ਦਾ ਸਮਾਂ, ਬਿਕ੍ਰਮੀ ਸੰਮਤ 1356 ਕਲਪਿਆ ਹੈ। ਰਾਮਾਨੰਦ ਸੰਪ੍ਰਦਾਇ ਦੇ ਕੁਝ ਲੋਕ, ਰਾਮਾਨੁਜ ਤੋਂ ਪੰਜਵੇਂ ਥਾਂ ਰਾਮਾਨੰਦ ਜੀ ਨੂੰ ਉੱਤਰਾਧਿਕਾਰੀ ਸਮਝਦੇ ਹਨ। ਉਹ ਵੀ ਏਸੇ ਸਮੇਂ ਰਾਮਾਨੰਦ ਜੀ ਦੇ ਹੋਣ ਦੀ ਮਾਨਤਾ ਦੇ ਧਾਰਨੀ ਸਨ। ਗ੍ਰੀਅਰਸਨ ਸਾਹਿਬ ਨੇ 1920 ਵਿੱਚ ਅਤੇ ਡਾ. ਫਰਕੁਹਰ ਨੇ (ਕੇ. ਜੇ. ਆਰ. ਏ. ਮਹੇਸ਼) ਲਿਖਿਆ ਹੈ:

ਅਗਸਤ ਸੰਹਤਾ ਦੇ ਛਪੇ ਹੋਇ ਪਹਿਲੇ ਮੂਲ ਸੰਸਕ੍ਰਿਤ ਗ੍ਰੰਥ ਵਿੱਚ ਇਹ ਰਾਮਾਨੰਦ ਜੀ ਵਾਲਾ ਭਾਗ ਹੈ ਹੀ ਨਹੀਂ ਸੀ। ਉਨ੍ਹਾਂ ਨੂੰ ਇਸ ਗ੍ਰੰਥ ਦਾ ਇਕ ਹਿੰਦੀ ਅਨੁਵਾਦ ਪ੍ਰਾਪਤ ਹੋ ਗਿਆ ਸੀ।

ਜਿਸ ਤੋਂ ਸਪੱਸ਼ਟ ਹੈ, ਭਵਿੱਸ਼ ਪੁਰਾਣ ਦੀ ਮੂਲ ਸ਼ਾਖਾ, ਰਾਮਾਨੰਦ ਬਾਰੇ ਕੀਤੇ ਗਏ ਭਵਿੱਸ਼ ਵਾਕਾਂ ਤੋਂ ਰਹਿਤ ਸੀ, ਇਸ ਵਿਰਤਾਂਤ ਪਿੱਛੋਂ ਕਿਸੇ ਰਾਮਾਨੰਦੀ ਭਗਤ ਨੇ ਮਨ ਦੀ ਮੌਜ ਵਿੱਚ ਆਕੇ ਨਵਾਂ ਅੰਸ਼ ਦਾਖਲ ਕੀਤਾ ਹੈ। ਰਾਮਾਨੰਦ ਸੰਪਰਦਾਏ, ਖੋਜ–ਗ੍ਰੰਥ ਦੇ ਲੇਖਕ ਨੇ ਰਾਮਾਨੰਦ ਜੀ ਬਾਰੇ ਪਹਿਲੇ ਭਵਿੱਖ ਵਾਕਾਂ ਸੰਬੰਧੀ ਕਿਹਾ ਹੈ:

ਭਵਿਸ਼ ਪੁਰਾਣ ਮੇ ਰਾਮਾਨੰਦ ਕਾ ਜੀਵਨ ਵ੍ਰਿਤ ਕਬ ਜੋੜਾ ਗਯਾ, ਯਹਿ ਕਹਿਣਾ ਕਠਨ ਹੈ, ਕਿੰਤੂ ਇਤਨਾ ਨਿਸ਼ਚਿਤ ਹੈ ਕਿ ਯਹ ਅੰਸ਼ ਤੁਲਸੀ ਦਾਸ ਕੇ ਸਮਯ ਮੇਂ ਅਥਵਾ ਉਸਕੇ ਪੀਛੇ ਹੀ ਜੋੜਾ ਗਯਾ ਹੋਗਾ। (ਸਫ਼ਾ 36)

ਦੂਜਾ ਮੱਤ ਪੱਛਮੀ, ਖ਼ਾਸ ਕਰ ਅੰਗ੍ਰੇਜ਼ ਵਿਦਵਾਨਾਂ ਨੂੰ ਅਥਾਰਟੀ ਮੰਨਣ ਵਾਲੇ ਵਿਦਵਾਨਾਂ ਦਾ ਹੈ, ਜਿਸ ਵਿੱਚ ਜੇ.ਐਨ. ਫਰਕੁਹਰ, ਵਿਲਸਨ, ਮੈਕਾਲਫ ਤੇ ਡਾ. ਤਾਰਾ ਚੰਦ ਆਦਿਕ ਹਨ। ਇਨ੍ਹਾਂ ਨੇ ਰਾਮਾਨੰਦ ਦਾ ਸਮਾਂ 1400 ਈਸਵੀ ਤੋਂ 1470 ਤੱਕ ਦਾ ਖਿਆਲ ਕੀਤਾ ਹੈ। ਇਸ ਮੱਤ ਵਾਲਿਆਂ ਬਾਰੇ (ਰਾਮਾਨੰਦ ਸੰਪ੍ਰਦਾਇ) ਖੋਜ ਪ੍ਰਬੰਧ ਦੇ ਲੇਖਕ ਨੇ ਕਿਹਾ ਹੈ: ਇਸ ਮੱਤ ਕੀ ਵਿਥਿਆ ਸਵਯੰ ਸੰਦਿਗਧ ਬਾਤੋਂ ਕੇ ਵਰਨਣ ਮੇਂ ਹੀ ਵਰਤਮਾਨ ਹੈ। ਉਨ੍ਹਾਂ ਇਸ ਮੱਤ ਦੇ ਸ਼ੱਕੀ ਹੋਣ ਨੂੰ ਪੱਕੀ ਭੁੱਲ ਸਮਝ ਕੇ ਵਿਚਾਰਨਾ ਤੱਕ ਯੋਗ ਨਹੀਂ ਸਮਝਿਆ।

ਤੀਜਾ ਮੱਤ ਰਾਮਾਚਰਨ ਪੱਧਤੀ, ਰਾਮਾਨੰਦ ਜੀ ਦੇ ਆਪਣੇ ਲਿਖੇ ਗ੍ਰੰਥ ਉੱਤੇ ਅਧਾਰਤ ਹੈ, ਜਿਨ੍ਹਾਂ ਨੇ ਰਾਮਾਨੁਜ ਪਿੱਛੋਂ ਉਨ੍ਹਾਂ ਦੀ ਥਾਂ ਰਾਮਾਨੰਦ ਜੀ ਦਾ ਇਸ ਸ਼ਾਖ ਦੇ ਮੁਖੀ ਹੋਣ ਦੀ ਪ੍ਰਥਾ ਦੱਸਕੇ ਆਪਣੇ ਆਪ ਨੂੰ ਚੌਧਵੀਂ ਥਾਂ ਹੋਇਆ ਗਿਣਿਆ ਹੈ। ਇਹ ਗ੍ਰੰਥ ਸੰਸਕ੍ਰਿਤ ਵਿੱਚ ਹੈ, ਰਾਮਾਨੰਦ ਜੀ ਦੀ ਪ੍ਰਮਾਣਿਕ ਰਚਨਾ ਮੰਨਿਆ ਜਾਂਦਾ ਹੈ। ਰਾਮਾਨੰਦ ਜੀ ਆਪਣੀ ਗੁਰੂ ਪਰੰਪਰਾ ਬਿਆਨ ਕਰਦੇ ਹੋਏ ਦੱਸਦੇ ਹਨ ਕਿ ਮੇਰੇ ਤੋਂ ਪਹਿਲਾਂ ਇਸ ਸੰਪਰਦਾਏ ਦੇ ਤੇਰ੍ਹਾਂ ਮੁਖੀ ਕੌਣ ਕੌਣ ਹੋਏ ਸਨ। ਇਸ ਗ੍ਰੰਥ ਦੀਆਂ ਦੋ ਟੀਕਾਂ ਛਪੀਆਂ ਹਨ। ਇਕ ਪੰਡਿਤ ਟਹਿਲ ਦਾਸ ਕ੍ਰਿਤ ਹੈ, ਜਿਸ ਦੇ ਸਫ਼ਾ 3 ਤਿੰਨ ਉਪਰ ਇਸ ਦਾ ਵਿਵਰਣ ਹੈ, ਦੂਜੀ ਪੰਡਿਤ ਰਾਮ ਨਰਾਇਣ ਲਿਖਤ ਹੈ ਜਿਸ ਦੇ ਸਫ਼ਾ 34 ਅਤੇ 35 ਉਪਰ ਸੰਸਕ੍ਰਿਤ ਗ੍ਰੰਥ ਦੀ ਗੁਰੂ ਪਰੰਪਰਾ ਦਿੱਤੀ ਹੈ। ਉਸ ਮੁਤਾਬਕ ਰਾਮਾਨੰਦ ਜੀ ਤੋਂ ਪਹਿਲਾਂ ਤੇਰ੍ਹਾਂ ਅਚਾਰੀਆ ਹੋ ਚੁੱਕੇ ਸਨ: (1) ਰਾਘਵਾ ਨੰਦ (2) ਦਰਿਯਾ ਨੰਦ (3) ਸ੍ਰਿਯਾ ਨੰਦ (4) ਦੇਵਾ ਨੰਦ (5) ਦਵਾਰਾ ਨੰਦ (6) ਰਾਮੇਸ਼ਵਰ (7) ਸਦਾਚਾਰਯ (8) ਗੰਗਾਧਰ (9) ਪ੍ਰਸ਼ੋਤਮ (10) ਦੇਵਾਧਰ (11) ਮਾਧਵਾ ਚਾਰਯ (12) ਵੋਪਦੇਵਾਚਾਰਯ (13) ਕੁਰੇਸ (14) ਰਾਮਾਨੁਜ।

ਰਾਮਾਨੰਦੀ ਸੰਪਰਦਾਏ ਵਾਲਿਆਂ ਨੇ ਭਵਿੱਖ ਪੁਰਾਣ ਵਿੱਚ ਦੱਸੇ ਗਲਤ ਤੇ ਕਲਪਤ, ਪਿੱਛੋਂ ਪਾਏ ਸੰਮਤ ਨੂੰ ਠੀਕ ਆਖਕੇ ਰਾਮਾਨੰਦ ਜੀ ਨੂੰ ਜਗਤ ਵਿੱਚ, ਦੋ ਸੌ, ਇਕ ਕਥਨ ਅਨੁਸਾਰ 180 ਸਾਲ ਦੀ ਵੱਡੀ ਉਮਰ ਬਤੀਤ ਕਰਨ ਵਾਲੀ ਹਸਤੀ ਬਣਾਇਆ ਹੈ। ਹੋਰਨਾਂ ਗ੍ਰੰਥਾਂ ਦੀਆਂ ਰਚਨਾ, ਜਿਵੇਂ ਦੱਸਿਆ ਜਾ ਚੁੱਕਿਆ ਹੈ, ਉਨ੍ਹਾਂ ਦੇ ਨਾਮ ਉੱਤੇ ਰਚਨਾਵਾਂ ਘੜਨ ਦੀਆਂ ਕਸਰਾਂ ਮੁਕਾਉਣ ਵਾਲਿਆਂ ਦੀਆਂ ਹਨ। ਇਨ੍ਹਾਂ ਮਨਘੜਤ ਕਲਪਨਾਂ ਬਾਰੇ ਵਿਦਵਾਨ ਸੰਸਾਰ ਹੈਰਾਨ ਤੇ ਪ੍ਰੇਸ਼ਾਨ ਹੁੰਦਾ ਰਿਹਾ ਹੈ ਅਤੇ ਜਨਤਾ ਨੂੰ ਸੁਚੇਤ ਵੀ ਕਰਦਾ ਰਿਹਾ ਹੈ।

ਰਾਮ ਚੰਦਰ ਸ਼ੁਕਲ ਜੀ ਨੇ ਬੜੇ ਸਪੱਸ਼ਟ ਸਾਹਸ ਨਾਲ ਸੰਪ੍ਰਦਾਇ ਵੱਲੋਂ ਕੀਤੀ ਜਾ ਰਹੀ ਚੁੰਝ ਚਰਚਾ ਅਤੇ ਖੋਜੀ ਕਹਾਉਣ ਵਾਲਿਆਂ ਵੱਲੋਂ ਕੱਚੀ ਪਿੱਲੀ ਢੋਈ ਜਾ ਰਹੀ ਸਮੱਗਰੀ ਨੂੰ ਹੰਸ–ਚੋਗ ਬੁੱਧੀ ਨਾਲ ਦੁੱਧ ਤੇ ਪਾਣੀ ਵਾਂਗ ਨਿਖੇੜਦਿਆਂ ਇੰਝ ਲਿਖਿਆ ਹੈ:

(1) ਬਿਕ੍ਰਮੀ ਕੀ ਚੌਧਵੀਂ ਸ਼ਤਾਬਦੀ ਕੇ ਅੰਤ ਮੇਂ ਵੈਸ਼ਣਵ ਸ੍ਰੀ ਸੰਪਰਦਾਇ ਕੇ ਪ੍ਰਧਾਨ ਅਚਾਰਾਯ ਸ੍ਰੀ ਰਾਘਵਾਨੰਦ ਜੀ ਕਾਸ਼ੀ ਮੇਂ ਰਹਿਤੇ ਥੇ....ਰਾਘਵਾ ਨੰਦ ਜੀ ਰਾਮਾਨੰਦ ਕੋ ਦੀਖਛਾ ਪ੍ਰਕਾਸ਼ ਕਰ ਨਿਸ਼ਚਿੰਤ ਹੋਏ।

***ਬਾਕੀ ਹਿਸਾ ਅਗਲੇ ਹਫ਼ਤੇ ਪੜ੍ਹੋ***

# ਰਾਸ਼ਟਰੀ ਪੱਧਰ ਦੇ ਬਾਡੀ ਬਿਲਡਰ ਰੋਹਿਤ ਧਨਖੜ ਦਾ ਹੋਇਆ ਕਤਲ

## ✪ ਵਿਆਹ ਵਿਚ ਛੇੜਛਾੜ ਮਹਿਮਾਨਾਂ ਦੇ ਵਿਹਾਰ 'ਤੇ ਇਤਰਾਜ਼ ਤੋਂ ਬਾਅਦ ਵਾਪਰੀ ਘਟਨਾ

ਰੋਹਤਕ-ਹਰਿਆਣਾ ਦੇ ਰੋਹਤਕ ਜ਼ਿਲ੍ਹੇ ਦੇ ਇੱਕ ਰਾਸ਼ਟਰੀ ਪੱਧਰ ਦੇ ਪੈਰਾ-ਐਥਲੀਟ, ਰੋਹਿਤ ਧਨਖੜ, 'ਤੇ ਦੋ ਦਿਨ ਪਹਿਲਾਂ ਕੁਝ ਬੰਦਿਆਂ ਦੁਆਰਾ ਬੇਰਹਿਮੀ ਨਾਲ ਹਮਲਾ ਕਰਨ ਤੋਂ ਬਾਅਦ ਦਰਦਨਾਕ ਤੌਰ 'ਤੇ ਮੌਤ ਹੋ ਗਈ। ਇਹ ਹਮਲਾ ਧਨਖੜ ਦੁਆਰਾ ਇੱਕ ਵਿਆਹ ਵਿੱਚ ਉਨ੍ਹਾਂ ਦੇ ਕਥਿਤ ਅਸ਼ਲੀਲ ਵਿਹਾਰ ਨੂੰ ਲੈ ਕੇ ਉਨ੍ਹਾਂ ਦਾ ਸਾਹਮਣਾ ਕਰਨ ਤੋਂ ਬਾਅਦ ਹੋਇਆ। ਇੱਕ ਰਿਪੋਰਟ ਦੇ ਅਨੁਸਾਰ, ਇਹ ਘਟਨਾ 27 ਨਵੰਬਰ ਦੀ ਸ਼ਾਮ ਨੂੰ ਵਾਪਰੀ, ਜਦੋਂ ਧਨਖੜ ਅਤੇ ਉਸਦਾ ਦੋਸਤ, ਜਤਿਨ, ਰੇਵਾੜੀ ਖੇੜਾ ਵਿੱਚ ਇੱਕ ਰਿਸ਼ਤੇਦਾਰ ਦੇ ਘਰ ਇੱਕ ਵਿਆਹ ਵਿੱਚ ਸ਼ਾਮਲ ਹੋਏ ਸਨ।



ਧਨਖੜ ਦੇ ਪਰਿਵਾਰ ਨੇ ਦਾਅਵਾ ਕੀਤਾ ਕਿ ਭਿਵਾਨੀ ਵਿੱਚ ਇੱਕ ਰੇਲਵੇ ਕਰਾਸਿੰਗ ਦੇ ਨੇੜੇ ਧਨਖੜ ਨੂੰ ਇੱਕ ਵਿਆਹ ਵਿੱਚ ਔਰਤਾਂ ਨਾਲ ਛੇੜਛਾੜ ਕਰਨ 'ਤੇ ਇਤਰਾਜ਼ ਕਰਨ 'ਤੇ ਬੇਰਹਿਮੀ ਨਾਲ ਕੁੱਟਿਆ ਗਿਆ। ਹਾਲਾਂਕਿ, ਸਮਾਰੋਹ ਤੋਂ ਬਾਅਦ, ਜਦੋਂ ਧਨਖੜ ਅਤੇ ਜਤਿਨ ਰੋਹਤਕ ਵਾਪਸ ਜਾ ਰਹੇ ਸਨ, ਤਾਂ ਉਨ੍ਹਾਂ ਦੀ ਗੱਡੀ ਨੂੰ ਪਿੱਛੇ ਤੋਂ ਟੱਕਰ ਮਾਰ ਦਿੱਤੀ ਗਈ। ਫਿਰ ਉਨ੍ਹਾਂ ਨੂੰ ਲਗਪਗ 15 ਤੋਂ 20 ਬੰਦਿਆਂ ਨੇ ਘੇਰ ਲਿਆ, ਜਿਨ੍ਹਾਂ ਨੇ ਧਨਖੜ 'ਤੇ ਲੋਹੇ ਦੀਆਂ ਰਾਡਾਂ ਅਤੇ ਹਾਕੀ ਸਟਿੱਕਾਂ ਨਾਲ ਹਿੰਸਕ ਹਮਲਾ ਕਰ ਦਿੱਤਾ, ਜਿਸ ਨਾਲ ਉਹ ਗੰਭੀਰ ਜ਼ਖਮੀ ਹੋ ਗਿਆ। ਜਤਿਨ ਹਮਲੇ ਤੋਂ ਬਚਣ ਵਿੱਚ ਕਾਮਯਾਬ ਹੋ ਗਿਆ। ਪੇਸ਼ੇਵਰ ਪਾਵਰਲਿਫਟਰ ਨੂੰ ਪਹਿਲਾਂ ਭਿਵਾਨੀ ਜਨਰਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ, ਪਰ ਉਸਦੀ ਹਾਲਤ ਵਿਗੜ ਗਈ, ਅਤੇ ਬਾਅਦ ਵਿੱਚ ਉਸਨੂੰ ਰੋਹਤਕ ਤਬਦੀਲ ਕਰ ਦਿੱਤਾ ਗਿਆ, ਜਿੱਥੇ ਅੰਤ ਵਿੱਚ ਉਸਦੀ ਸੱਟਾਂ ਕਾਰਨ ਮੌਤ ਹੋ ਗਈ।

ਜਤਿਨ ਨੇ ਭਿਆਨਕ ਘਟਨਾਵਾਂ ਦਾ ਜ਼ਿਕਰ ਕਰਦਿਆਂ ਕਿਹਾ, "ਮੈਂ ਅਤੇ ਰੋਹਿਤ ਆਪਣੇ ਰਿਸ਼ਤੇਦਾਰ ਦੇ ਵਿਆਹ 'ਤੇ ਗਏ ਸੀ। ਇਹ ਆਦਮੀ ਗਾਲੀ-ਗਲੋਚ ਕਰ ਰਹੇ ਸਨ, ਇਸ ਲਈ ਅਸੀਂ ਇਸ 'ਤੇ ਇਤਰਾਜ਼ ਕੀਤਾ। ਮੇਰੇ ਜੀਜੇ ਦੇ ਦਖਲ ਤੋਂ ਬਾਅਦ ਮਸਲਾ ਹੱਲ ਹੁੰਦਾ ਜਾਪਿਆ। ਹਾਲਾਂਕਿ, ਜਦੋਂ ਅਸੀਂ ਲਗਪਗ ਇੱਕ ਘੰਟੇ ਬਾਅਦ ਚਲੇ ਗਏ, ਤਾਂ ਉਨ੍ਹਾਂ ਹੀ ਆਦਮੀਆਂ ਨੇ ਸਾਡੀ ਗੱਡੀ ਰੋਕ ਲਈ। ਮੈਂ ਉਨ੍ਹਾਂ ਨੂੰ ਕਿਹਾ ਕਿ ਸਾਨੂੰ ਅਗਲੇ ਦਿਨ ਗੱਲ ਕਰਨੀ ਚਾਹੀਦੀ ਹੈ, ਪਰ ਉਹ ਯਾਤਰੀ ਖਿੜਕੀ ਖੋਲ੍ਹਣ ਵਿੱਚ ਕਾਮਯਾਬ ਹੋ ਗਏ, ਜਿੱਥੇ ਰੋਹਿਤ ਬੈਠਾ ਸੀ। ਫਿਰ ਉਨ੍ਹਾਂ ਨੇ ਮੇਰੇ ਪਾਸੇ ਦੀ ਖਿੜਕੀ 'ਤੇ ਡੰਡੇ ਨਾਲ ਵਾਰ ਕੀਤਾ। ਮੈਂ ਗੱਡੀ ਚਲਾ ਦਿੱਤੀ, ਪਰ ਉਹ ਸਾਡਾ ਪਿੱਛਾ ਕਰਨ ਲੱਗ ਪਏ।"

ਜਤਿਨ ਨੇ ਅੱਗੇ ਕਿਹਾ, "ਸਾਨੂੰ ਇੱਕ ਰੇਲਵੇ ਕਰਾਸਿੰਗ 'ਤੇ ਰੁਕਣਾ ਪਿਆ, ਜਿੱਥੇ ਉਨ੍ਹਾਂ ਨੇ ਸਾਡੀ ਕਾਰ ਨੂੰ ਘੇਰ ਲਿਆ। ਉਨ੍ਹਾਂ ਦੀ ਇੱਕ ਗੱਡੀ ਸਾਨੂੰ ਅੱਗੇ ਰੋਕ ਰਹੀ ਸੀ, ਅਤੇ ਤਿੰਨ ਹੋਰ ਪਿੱਛੇ ਸਨ। ਉਨ੍ਹਾਂ ਨੇ ਰੋਹਿਤ ਨੂੰ ਫੜ ਲਿਆ ਜਦੋਂ ਕਿ ਮੈਂ ਭੱਜਣ ਵਿੱਚ ਕਾਮਯਾਬ ਹੋ ਗਿਆ।"

ਹੁਣ ਤੱਕ, ਪੁਲਿਸ ਨੇ ਹਮਲੇ ਦੇ ਸਬੰਧ ਵਿੱਚ ਛੇ ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਹੈ ਅਤੇ ਹਮਲੇ ਵਿੱਚ ਵਰਤੇ ਗਏ ਇੱਕ ਵਾਹਨ ਨੂੰ ਜ਼ਬਤ ਕਰ ਲਿਆ ਹੈ। ਰੋਹਿਤ ਧਨਖੜ ਦੋ ਵਾਰ ਜੂਨੀਅਰ ਪੈਰਾ-ਨੈਸ਼ਨਲ ਰਿਕਾਰਡ ਧਾਰਕ ਅਤੇ ਸੱਤ ਵਾਰ ਸੀਨੀਅਰ ਪੈਰਾ-ਨੈਸ਼ਨਲ ਚੈਂਪੀਅਨ ਸੀ। ਉਸਨੇ ਅੰਤਰਰਾਸ਼ਟਰੀ ਪੈਰਾ ਪਾਵਰਲਿਫਟਿੰਗ ਮੁਕਾਬਲਿਆਂ ਵਿੱਚ ਭਾਰਤ ਦੀ ਨੁਮਾਇੰਦਗੀ ਵੀ ਕੀਤੀ ਸੀ। ਇਸ ਤੋਂ ਇਲਾਵਾ, ਉਸਨੇ ਇੱਕ ਜਿਮ ਟ੍ਰੇਨਰ ਵਜੋਂ ਵੀ ਕੰਮ ਕੀਤਾ।

## ਲੰਡਾ ਹਰੀਕੇ ਦੇ ਨਾਂ 'ਤੇ 50 ਲੱਖ ਮੰਗੇ, ਔਰਤਾਂ ਸਮੇਤ 4 ਗ੍ਰਿਫਤਾਰ

ਅੰਮ੍ਰਿਤਸਰ-ਕੈਨੇਡਾ ਵਿਚ ਲੁਕੇ ਫਿਰਦੇ ਖ਼ਤਰਨਾਕ ਗੈਂਗਸਟਰ ਲਖਬੀਰ ਲੰਡਾ ਹਰੀਕੇ ਦੇ ਨਾਂ 'ਤੇ ਪੰਜਾਹ ਲੱਖ ਰੁਪਏ ਦੀ ਫਿਰੌਤੀ ਮੰਗਣ ਦੇ ਦੋਸ਼ ਵਿਚ ਪੁਲਿਸ ਨੇ ਦੋ ਔਰਤਾਂ ਸਮੇਤ ਚਾਰ ਜਣਿਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੈਸੇ ਲੈਣ ਤੋਂ ਬਾਅਦ ਮੁਲਜ਼ਮਾਂ ਨੇ ਇਸ ਨੂੰ ਆਪਸ ਵਿਚ ਵੰਡਣਾ ਸੀ, ਜਾਂਚ ਦੌਰਾਨ ਪੁਲਿਸ ਨੂੰ ਦੁਬਈ ਨੰਬਰ ਤੋਂ ਵ੍ਹਟਸਐਪ ਸੁਨੇਹੇ ਵੀ ਭੇਜੇ। ਸੀਪੀ ਗੁਰਪ੍ਰੀਤ ਸਿੰਘ ਭੁੱਲਰ ਨੇ ਗ੍ਰਿਫ਼ਤਾਰ ਮੁਲਜ਼ਮਾਂ ਦੀ ਪਛਾਣ ਮੋਗਾ ਦੇ ਧਰਮਕੋਟ ਥਾਣੇ ਅਧੀਨ ਪੈਂਦੇ ਪਿੰਡ ਕਾਨਵਾਂ ਦੇ ਵਸਨੀਕ ਹਰਜਿੰਦਰ ਸਿੰਘ ਜਿੰਦੂ (30), ਤਰਨਤਾਰਨ ਜ਼ਿਲ੍ਹੇ ਦੇ ਪਿੰਡ ਮਾਨੋਚਾਹਲ ਦੇ ਵਸਨੀਕ ਜਸਪ੍ਰੀਤ ਸਿੰਘ ਬਾਬਾ (22), ਹੁਸ਼ਿਆਰਪੁਰ ਜ਼ਿਲ੍ਹੇ ਦੇ ਚੱਬੇਵਾਲ ਥਾਣੇ ਅਧੀਨ ਪੈਂਦੇ ਪਿੰਡ ਜੰਡੋਲੀ ਦੀ ਵਸਨੀਕ ਜਸਲੀਨ ਕੌਰ ਅਤੇ ਪਿੰਡ ਕੱਥੂਨੰਗਲ ਦੀ ਵਸਨੀਕ ਸੰਦੀਪ ਕੌਰ ਵਜੋਂ ਕੀਤੀ ਹੈ। ਦੁਬਈ ਰਹਿੰਦੇ ਵਿਸ਼ਾਲ ਨੂੰ ਵੀ ਨਾਮਜ਼ਦ ਕੀਤਾ ਗਿਆ ਹੈ। ਜਾਂਚ ਮੁਤਾਬਕ ਸੰਦੀਪ ਕੌਰ ਅਤੇ ਜਸਪ੍ਰੀਤ ਬਾਬਾ ਸ਼ਿਕਾਇਤਕਰਤਾ ਅਜੀਤਪਾਲ ਸਿੰਘ ਦੇ ਦੂਰ ਦੇ ਰਿਸ਼ਤੇਦਾਰ ਹਨ। ਅਜੀਤਪਾਲ ਨੇ ਹਾਲ ਹੀ ਵਿਚ ਆਪਣੀ ਜ਼ਮੀਨ ਵੇਚ ਦਿੱਤੀ ਹੈ ਅਤੇ ਹੁਣ ਆਪਣੇ ਪਰਿਵਾਰ ਨਾਲ ਖੇਤੀ ਕਰਦਾ ਹੈ। ਸੀਪੀ ਨੇ ਦੱਸਿਆ ਕਿ ਵਿਸ਼ਾਲ ਤੇ ਜਿੰਦੂ ਦੋਵੇਂ ਦੁਬਈ ਵਿਚ ਇਕ ਕੰਪਨੀ ਵਿਚ ਕੰਮ ਕਰਦੇ ਸਨ। ਜਿੰਦੂ ਨੂੰ ਜਸਲੀਨ ਇੰਟਰਨੈੱਟ ਮੀਡੀਆ ਪਲੇਟਫਾਰਮ 'ਤੇ ਮਿਲੀ ਸੀ। ਮੁਲਜ਼ਮਾਂ ਨੇ ਗੈਂਗਸਟਰ ਤੋਂ ਅੱਤਵਾਦੀ ਬਣੇ ਲਖਬੀਰ ਲੰਡਾ ਹਰੀਕੇ ਦੇ ਨਾਂ 'ਤੇ ਅਜੀਤਪਾਲ ਸਿੰਘ ਤੋਂ 50 ਲੱਖ ਰੁਪਏ ਦੀ ਫਿਰੌਤੀ ਮੰਗੀ ਸੀ। ਵੇਰਕਾ ਪੁਲਿਸ ਥਾਣੇ ਦੇ ਇੰਚਾਰਜ ਇੰਸਪੈਕਟਰ ਸੁਮਨ ਨੇ ਪੰਜ ਦਿਨਾਂ ਦੇ ਅੰਦਰ ਕੇਸ ਨੂੰ ਹੱਲ ਕਰ ਲਿਆ ਅਤੇ ਚਾਰਾਂ ਮੁਲਜ਼ਮਾਂ ਨੂੰ ਗ੍ਰਿ਼ਫ਼ਤਾਰ ਕਰ ਲਿਆ। ਮੁਲਜ਼ਮਾਂ ਤੋਂ ਜੁਰਮ ਵਿਚ ਵਰਤੇ ਗਏ ਚਾਰ ਮੋਬਾਈਲ ਫੋਨ ਵੀ ਬਰਾਮਦ ਕੀਤੇ ਗਏ ਹਨ। ਜਸਪ੍ਰੀਤ ਬਾਬਾ ਤੇ ਸੰਦੀਪ ਕੌਰ ਨੇ ਸਾਜ਼ਿਸ਼ ਰਚੀ ਸੀ ਅਤੇ ਫਿਰ ਜਿੰਦੂ ਨਾਲ ਰਾਬਤਾ ਕੀਤਾ ਸੀ। ਜਿੰਦੂ ਨੇ ਫਿਰ ਆਪਣੀ ਮਿੱਤਰ ਜਸਲੀਨ ਨੂੰ ਸਾਜ਼ਿਸ਼ ਵਿਚ ਸ਼ਾਮਲ ਕੀਤਾ। ਵਿਸ਼ਾਲ ਦੇ ਦੁਬਈ ਸਥਿਤ ਨੰਬਰ 'ਤੇ ਇਕ ਵਟਸਐਪ ਕਾਲ ਕੀਤੀ ਗਈ ਅਤੇ ਕਿਸਾਨ ਕੋਲੋਂ 50 ਲੱਖ ਰੁਪਏ ਦੀ ਫਿਰੌਤੀ ਮੰਗੀ ਗਈ ਸੀ।

## ਸਿੱਖ ਇਤਿਹਾਸ ਬਾਰੇ ਗਲਤ ਬਿਆਨੀ ਕਰਨ ਵਾਲੀਆਂ ਕਿਤਾਬਾਂ ਦੀ ਜਾਂਚ ਕੀਤੀ ਜਾਵੇ-ਸੁਪਰੀਮ ਸਿੱਖ ਕੌਂਸਲ ਯੂ ਕੇ

ਡਰਬੀ (ਪੰਜਾਬ ਟਾਈਮਜ਼) – ਬੀਤੇ ਦਿਨੀਂ ਡਾ: ਪਿਆਰੇ ਲਾਲ ਗਰਗ ਹੁਣਾਂ ਦੀ ਇੱਕ ਵੀਡੀਓ ਸਾਹਮਣੇ ਆਈ ਜਿਸ ਵਿੱਚ ਉਹਨਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਸਿੱਖ ਧਰਮ ਦੇ ਬਾਰੇ ਛਾਪੀਆਂ ਗਈਆਂ ਕੁੱਝ ਕਿਤਾਬਾਂ ਦਾ ਜ਼ਿਕਰ ਕੀਤਾ ਕਿ ਉਹਨਾਂ ਵਿੱਚ ਬਹੁਤ ਹੀ ਗਲਤ ਬਿਆਨੀ ਕੀਤੀ ਗਈ ਹੈ।




ਸ: ਹਰਦਿਆਲ ਸਿੰਘ ਧਮੜੈਤ

ਜਿਹਨਾਂ ਵਿੱਚ ਗੁਰ ਇਤਿਹਾਸ ਤੇ ਸਿੱਖ ਇਤਿਹਾਸ ਨੂੰ ਬਹੁਤ ਤੋੜ ਮਰੋੜ ਕੇ ਗਲਤ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਸੁਪਰੀਮ ਸਿੱਖ ਕੌਂਸਲ ਯੂ ਕੇ ਦੇ ਨੁਮਾਇੰਦੇ ਸ: ਹਰਦਿਆਲ ਸਿੰਘ ਧਮੜੈਤ ਨੇ ਉਕਤ ਵਿਚਾਰ ਪੇਸ਼ ਕਰਦਿਆਂ ਕਿਹਾ ਕਿ ਡਾ: ਪਿਆਰੇ ਲਾਲ ਗਰਗ ਅਨੁਸਾਰ ਜੇ ਸ਼੍ਰੋਮਣੀ ਗੁ: ਪ੍ਰ: ਕਮੇਟੀ ਨੇ ਇਹਨਾਂ ਕਿਤਾਬਾਂ ਨੂੰ ਛਾਪਣ ਸਮੇਂ ਅਣਗਹਿਲੀ ਵਰਤੀ ਹੈ ਜਾਂ ਚੰਗੀ ਤਰ੍ਹਾਂ ਪੁਣਛਾਣ ਨਹੀਂ ਕੀਤੀ ਗਈ ਤਾਂ ਇਹ ਬਹੁਤ ਹੀ ਮੰਦਭਾਗੀ ਗੱਲ ਹੈ, ਜਿਸ ਨਾਲ ਸਿੱਖ ਇਤਿਹਾਸ ਲੋਕਾਂ ਦੇ ਹੱਥਾਂ ਵਿੱਚ ਗਲਤ ਜਾਵੇਗਾ।

ਸ: ਧਮੜੈਤ ਨੇ ਕਿਹਾ ਕਿ ਅਸੀਂ ਸੁਪਰੀਮ ਸਿੱਖ ਕੌਂਸਲ ਯੂ ਕੇ ਵੱਲੋਂ ਸ਼੍ਰੋਮਣੀ ਗੁ: ਪ੍ਰ: ਕਮੇਟੀ ਨੂੰ ਅਪੀਲ ਕਰਦੇ ਹਾਂ ਕਿ ਵਿਦਵਾਨਾਂ ਦਾ ਇੱਕ ਬੋਰਡ ਬਣਾਇਆ ਜਾਵੇ ਜੋ ਕਮੇਟੀ ਵੱਲੋਂ ਤੇ ਹੋਰ ਪ੍ਰਕਾਸ਼ਕਾਂ ਵੱਲੋਂ ਪ੍ਰਕਾਸ਼ਤ ਕੀਤੀਆਂ ਗਈਆਂ ਕਿਤਾਬਾਂ ਦਾ ਨਿਰੀਖਣ ਕਰਨ ਤੇ ਗਲਤ ਕਿਤਾਬਾਂ ਨੂੰ ਵਾਪਸ ਲੈਣਾ ਚਾਹੀਦਾ ਹੈ। ਗਲਤ ਬਿਆਨੀ ਕਰਨ ਵਾਲੀਆਂ ਕਿਤਾਬਾਂ ਨੂੰ ਵੇਚਿਆ ਨਾ ਜਾਵੇ ਤੇ ਅੱਗੇ ਤੋਂ ਪੂਰੀ ਘੋਖ ਵਿਚਾਰ ਕਰਕੇ ਧਾਰਮਿਕ ਤੇ ਇਤਿਹਾਸਕ ਸਾਹਿਤ ਛਾਪਿਆ ਜਾਵੇ।

## ਲੁਧਿਆਣਾ ਵਿਖੇ ਵਿਆਹ ਦੌਰਾਨ ਹੋਈ ਗੈਂਗਵਾਰ, ਗੋਲੀਆਂ ਚੱਲੀਆਂ, ਔਰਤ ਸਮੇਤ ਦੋ ਦੀ ਮੌਤ

ਲੁਧਿਆਣਾ-ਲੁਧਿਆਣਾ ਵਿੱਚ ਪਿੰਡ ਲਲਤੋਂ ਨੇੜੇ ਬਾਠ ਕੈਸਲ ਰਿਜ਼ੋਰਟ ਵਿੱਚ ਸ਼ਨੀਵਾਰ ਦੇਰ ਰਾਤ ਦੋ ਧੜਿਆਂ ਵਿੱਚ ਗੈਂਗਵਾਰ ਹੋ ਗਈ। ਦੋਵੇਂ ਧਿਰਾਂ ਵੱਲੋਂ 50 ਤੋਂ ਵੱਧ ਰਾਊਂਡ ਫ਼ਾਇਰਿੰਗ ਕੀਤੀ ਗਈ। ਜਿਸ ਵਿੱਚ ਇੱਕ ਔਰਤ ਸਮੇਤ ਦੋ ਲੋਕਾਂ ਦੀ ਮੌਤ ਹੋ ਗਈ ਜਦੋਂਕਿ ਦੋ ਹੋਰ ਬਰਾਤੀ ਜ਼ਖ਼ਮੀ ਹੋ ਗਏ। ਦੋਵੇਂ ਧਿਰਾਂ ਦੇ ਗੈਂਗਸਟਰ ਫ਼ਰਾਰ ਹੋ ਗਏ। ਸੂਚਨਾ ਮਿਲਣ ਤੋਂ ਬਾਅਦ ਭਾਰੀ ਗਿਣਤੀ ਵਿੱਚ ਪੁਲਿਸ ਮੌਕੇ 'ਤੇ ਪਹੁੰਚੀ ਹੈ। ਉੱਥੇ ਹੀ ਜ਼ਖ਼ਮੀਆਂ ਨੂੰ ਡੀ.ਐਮ.ਸੀ. ਹਸਪਤਾਲ ਲਿਜਾਇਆ ਗਿਆ। ਜਾਣਕਾਰੀ ਮੁਤਾਬਕ, ਬਾਠ ਕੈਸਲ ਵਿੱਚ ਇੱਕ ਮੇਲੇ ਦੇ ਠੇਕੇਦਾਰ ਦਾ ਵਿਆਹ ਸੀ। ਇੱਥੇ ਸ਼ਹਿਰ ਦੇ ਵਿਧਾਇਕ ਅਤੇ ਹੋਰ ਆਗੂ ਵੀ ਬੁਲਾਏ ਗਏ ਸਨ। ਵਿਆਹ ਵਿੱਚ ਸਬਜ਼ੀ ਮੰਡੀ ਵਿੱਚ ਠੇਕੇਦਾਰੀ ਕਰਨ ਵਾਲੇ ਅਤੇ ਕੁਝ ਗੈਂਗਸਟਰ ਵੀ ਬੁਲਾਏ ਗਏ ਸਨ ਜਿਨ੍ਹਾਂ ਦੀ ਆਪਸ ਵਿੱਚ ਪੁਰਾਣੀ ਰੰਜਿਸ਼ ਚੱਲ ਰਹੀ ਸੀ।



– ਲੇਖਕ –
ਬਲਵਿੰਦਰ ਸਿੰਘ ਮੱਲ੍ਹੀ ਐੱਮ. ਏ.
ਲੈਸਟਰ, (ਯੂ.ਕੇ.)



07475446171
Email:Bmalhi1948@gmail.com


# ਤਰਨਤਾਰਨ ਜ਼ਿਮਨੀ ਚੋਣਾਂ ਨੂੰ ਲੈ ਕੇ ਲੋਕਤੰਤਰ ਦਾ ਘਾਣ

ਜਦੋਂ ਵੀ ਪੰਜਾਬ ਜਾਂ ਭਾਰਤ ਦੇ ਦੂਜੇ ਹਿੱਸੇ ਵਿੱਚ ਜ਼ਿਮਨੀ ਚੋਣ ਕਰਾਈ ਜਾਂਦੀ ਹੈ ਤਾਂ ਜਿੱਤ ਸੱਤਾਧਾਰੀ ਪਾਰਟੀ ਦੇ ਵਿਧਾਇਕ ਦੀ ਹੀ ਹੁੰਦੀ ਹੈ। ਲੋਕਾਂ ਵਿੱਚ ਵੀ ਰਾਏ ਪਾਈ ਜਾਂਦੀ ਹੈ ਕਿ ਜਿੱਤੇਗਾ ਤਾਂ ਸਰਕਾਰ ਦਾ ਹੀ ਉਮੀਦਵਾਰ। ਫੇਰ ਚੋਣਾਂ ਜਾਂ ਇਸ 'ਤੇ ਇੰਨਾ ਸਰਕਾਰੀ ਖਰਚਾ ਕਰਨ ਦੀ ਕੀ ਲੋੜ? ਇਹ ਭਾਰਤ ਵਿੱਚ ਲੋਕਤੰਤਰ ਦੀ ਥਾਂ ਨਾਮਜ਼ਦ ਪ੍ਰਤੀਕਿਰਿਆ ਨੂੰ ਦਰਸਾਉਂਦਾ ਹੈ। ਇਸੇ ਕਰਕੇ ਭਾਰਤ ਵਿੱਚ ਲੋਕਤੰਤਰੀ ਢਾਂਚਾ ਇੰਨਾ ਵਿਕਸਿਤ ਨਹੀਂ ਹੋ ਸਕਿਆ, ਕਿ ਕਲਿਆਣਕਾਰੀ ਰਾਜ ਸਥਾਪਤ ਕਰ ਸਕੇ। ਧਰਮਾਂ ਜਾਤਾਂ ਵਿੱਚ ਵੰਡੇ ਉਹ ਲੋਕ, ਦੇਸ਼ ਪ੍ਰਤੀ ਵਫ਼ਾਦਾਰੀ ਨਾਂ ਨਿਭਾਉਂਦੇ ਭਾਰਤੀ, ਇਕ ਮਜ਼ਬੂਤ ਲੋਕ ਰਾਏ ਨਹੀਂ ਅਪਣਾ ਸਕੇ। ਪ੍ਰਸ਼ਾਸਨ ਆਪਣੀਆਂ ਨਾਕਾਮੀਆਂ, ਰਿਸ਼ਵਤਖੋਰੀ ਅਤੇ ਆਪਣੀ ਤਾਕਤ ਦੀ ਦੁਰਵਰਤੋਂ ਨੂੰ ਛੁਪਾਉਂਦਿਆਂ, ਸਰਕਾਰ ਨੂੰ ਖੁਸ਼ ਕਰਨ ਲਈ ਉਨ੍ਹਾਂ ਦਾ ਏਜੰਟ ਬਣਕੇ ਰਹਿ ਜਾਂਦਾ ਹੈ। ਸਰਕਾਰ ਵੀ ਆਪਸੀ ਸੁਖਾਵੇਂ ਮਾਹੌਲ ਵਿੱਚ ਆਪਣੀ ਜਿੱਤ ਦੇ ਵਿਕਾਰ ਨੂੰ ਮੁੱਖ ਰੱਖਦਿਆਂ ਪ੍ਰਸ਼ਾਸਨ ਦੀ ਰੱਜ ਕੇ ਵਰਤੋਂ ਕਰਦੀ ਹੈ। ਲੋਕ ਆਪਸੀ ਲਾਲਚ ਅਤੇ ਸਰਕਾਰੀ ਕੰਮਾਂ ਨੂੰ ਸੁਲਝਾਉਣ ਦੇ ਚੱਕਰ ਵਿੱਚ ਚੱਲਦੀ ਸਰਕਾਰ ਦੇ ਉਮੀਦਵਾਰ ਦਾ ਪੱਖ ਪੂਰਦੇ ਹਨ ਅਤੇ ਯੋਗ ਉਮੀਦਵਾਰ ਨੂੰ ਪੂਰਾ ਸਮਰਥਨ ਨਹੀਂ ਦੇਂਦੇ। ਜਾਣਦਿਆਂ ਹੋਇਆਂ ਵੀ ਇਹ ਗੱਲ ਭੁੱਲ ਜਾਂਦੇ ਹਨ ਕਿ ਉਨ੍ਹਾਂ ਨੂੰ ਭਵਿੱਖ ਵਿੱਚ ਅਫ਼ਸਰਸ਼ਾਹੀ, ਵਾਅਦਾ ਖ਼ਿਲਾਫ਼ੀ, ਰਿਸ਼ਵਤਖੋਰੀ, ਬੇਰੁਜ਼ਗਾਰੀ, ਮਹਿੰਗਾਈ ਅਤੇ ਜੀਰੋ ਵਿਕਾਸ ਵਿਰੁੱਧ ਘੋਲ ਕਰਨਾ ਪਵੇਗਾ

ਇਨ੍ਹਾਂ ਹਾਲਾਤਾਂ ਦੇ ਮੱਦੇਨਜ਼ਰ ਆਮ ਆਦਮੀ ਦੀ ਸਰਕਾਰ ਦੇ ਡਿੱਗਦੇ ਗਰਾਫ਼ ਅਤੇ ਵਿਕਾਰ ਦੇ ਬਾਵਜੂਦ ਇਸ ਦੇ ਉਮੀਦ-ਵਾਰ ਹਰਮੀਤ ਸਿੰਘ ਸੰਧੂ ਨੇ ਤਰਨਤਾਰਨ ਦੀਆਂ ਜ਼ਿਮਨੀ ਚੋਣਾਂ ਵਿੱਚ 42649 ਵੋਟਾਂ ਹਾਸਲ ਕਰਕੇ ਜਿੱਤ ਪ੍ਰਾਪਤ ਕੀਤੀ। ਉਸ ਨੇ ਆਪਣੇ ਵਿਰੋਧੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਉਮੀਦਵਾਰ ਪ੍ਰਿੰਸੀਪਲ ਸੁਖਵਿੰਦਰ ਕੌਰ ਰੰਧਾਵਾ ਨੂੰ 12091 ਵੋਟਾਂ ਦੇ ਫ਼ਰਕ ਨਾਲ ਹਰਾਇਆ। ਪ੍ਰਿੰਸੀਪਲ ਸੁਖਵਿੰਦਰ ਕੌਰ ਰੰਧਾਵਾ ਨੇ 30558 ਵੋਟਾਂ ਹਾਸਲ ਕੀਤੀਆਂ। ਮੀਡੀਆ ਦੀ ਸੂਚਨਾ ਮੁਤਾਬਕ ਸੱਤਾਧਾਰੀ ਪਾਰਟੀ ਨੇ ਰੱਜ ਕੇ ਸਰਕਾਰੀ ਤੰਤਰ ਦੀ ਵਰਤੋਂ ਕੀਤੀ। ਆਮ ਆਦਮੀ ਪਾਰਟੀ ਦੇ ਮੁੱਖ ਆਗੂ ਸਿਸੋਸਦੀਆ ਪਹਿਲਾਂ ਹੀ ਬਿਆਨ ਦੇ ਚੁੱਕੇ ਸਨ ਕਿ ਆਉਣ ਵਾਲੀਆਂ ਚੋਣਾਂ ਵਿੱਚ ਉਹ ਸਾਮ, ਦਾਮ ਅਤੇ ਦੰਡ ਦੀ ਵਰਤੋਂ ਕਰਕੇ ਹਰ ਹੀਲੇ ਜਿੱਤ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਨਗੇ। ਤਰਨਤਾਰਨ ਦੇ ਦੋ ਡੀ.ਐਸ.ਪੀਆਂ ਨੂੰ ਪੱਖਪਾਤੀ ਦਖਲਅੰਦਾਜ਼ੀ ਕਾਰਨ ਚੋਣ ਕਮਿਸ਼ਨ ਦੇ ਨਿਰਦੇਸ਼ਾਂ 'ਤੇ ਹੋਰ ਜ਼ਿਲ੍ਹਿਆਂ ਵਿੱਚ ਬਦਲ ਦਿੱਤਾ ਗਿਆ ਸੀ। ਸ਼੍ਰੋਮਣੀ ਅਕਾਲੀ ਦਲ ਦੀ ਉਮੀਦਵਾਰ ਪ੍ਰਿੰਸੀਪਲ ਸੁਖਵਿੰਦਰ ਕੌਰ ਨੇ ਹਾਕਮ ਧਿਰ ਦੇ ਵਰਕਰਾਂ 'ਤੇ ਅਕਾਲੀ ਦਲ ਵਰਕਰਾਂ ਨੂੰ ਪੋਲਿੰਗ ਸਟੇਸ਼ਨਾਂ 'ਤੇ ਪ੍ਰੇਸ਼ਾਨ ਕਰਨ, ਪੁਲਸ 'ਤੇ ਪੋਲਿੰਗ ਕੇਂਦਰਾਂ ਦੇ ਬਾਹਰ ਉਨ੍ਹਾਂ ਦੇ ਵਰਕਰਾਂ ਦੀ ਤਲਾਸ਼ੀ ਆਦਿ ਲੈਣ ਦੇ ਦੋਸ਼ ਲਾਏ ਸਨ। ਤਰਨਤਾਰਨ ਵਿਧਾਨ ਸਭਾ ਸੀਟ 'ਤੇ ਜ਼ਿਮਨੀ ਚੋਣ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ 'ਤੇ ਪੁਲਸ ਰਾਹੀਂ ਉਨ੍ਹਾਂ ਨੂੰ ਡਰਾਉਣ ਧਮਕਾਉਣ ਦੇ ਮਕਸਦ ਨਾਲ ਝੂਠੇ ਪਰਚੇ ਦਰਜ ਕੀਤੇ ਗਏ। ਉਨ੍ਹਾਂ ਦੀਆਂ ਗ੍ਰਿਫ਼ਤਾਰੀਆਂ ਨੂੰ ਲੈ ਕੇ ਅਕਾਲੀ ਦਲ ਨੇ ਚੋਣ ਕਮਿਸ਼ਨ ਨੂੰ ਸ਼ਿਕਾਇਤ ਕੀਤੀ ਸੀ। ਇਕ ਰਿਪੋਰਟ ਮੁਤਾਬਕ ਐਫ਼.ਆਈ.ਆਰ. ਦਰਜ ਕਰਨ ਦੇ ਤਰੀਕੇ, ਗ੍ਰਿਫ਼ਤਾਰੀ ਦੇ ਸਮੇਂ ਆਦਿ 'ਤੇ ਸੁਆਲ ਖੜ੍ਹੇ ਕੀਤੇ ਗਏ ਸਨ। ਉੱਚ ਅਧਿਕਾਰੀਆਂ ਦੀਆਂ ਰਿਪੋਰਟਾਂ 'ਤੇ ਚੋਣ ਕਮਿਸ਼ਨ ਦੀ ਸੰਤੁਸ਼ਟੀ ਨਾ ਹੁੰਦਿਆਂ ਚੋਣ ਕਮਿਸ਼ਨ ਨੇ ਡੀ.ਜੀ.ਪੀ. ਗੌਰਵ ਯਾਦਵ ਨੂੰ ਤਲਬ ਕਰ ਲਿਆ ਹੈ, ਤਾਂ ਕਿ ਕਮਿਸ਼ਨ ਸਾਹਮਣੇ ਪੇਸ਼ ਹੋ ਕੇ ਜਵਾਬਦੇਹੀ ਦੇ ਸਕੇ। ਤਰਨਤਾਰਨ, ਅੰਮ੍ਰਿਤਸਰ, ਮੋਗਾ ਤੇ ਬਟਾਲੇ ਵਿੱਚ ਅਕਾਲੀ ਵਰਕਰਾਂ ਖ਼ਿਲਾਫ਼ ਨੌ ਐਫ.ਆਈ.ਆਰ. ਦਰਜ ਕੀਤੀਆਂ ਗਈਆਂ ਸਨ। ਇਸ ਤੋਂ ਬਾਅਦ ਚੋਣ ਅਬਜ਼ਰਵਰ ਉੜੀਸ਼ਾ ਕੈਡਰ ਦੀ ਆਈ.ਪੀ.ਐਸ. ਅਧਿਕਾਰੀ, ਸ਼ਾਇਲੀ ਐਮ ਦੀ ਰਿਪੋਰਟ ਦੇ ਆਧਾਰ 'ਤੇ ਚੋਣ ਕਮਿਸ਼ਨ ਨੇ ਅੱਠ ਨਵੰਬਰ ਨੂੰ ਤਰਨਤਾਰਨ ਦੀ ਐਸ.ਐਸ.ਪੀ. ਰਵਜੋਤ ਕੌਰ ਗਰੇਵਾਲ ਨੂੰ ਮੁਅੱਤਲ ਕਰ ਦਿੱਤਾ ਸੀ, ਕਿਉਂਕਿ ਉਹ ਆਪਣੀ ਜਾਤੀ ਦਖ਼ਲਅੰਦਾਜ਼ੀ ਨਾਲ ਚੋਣ ਵਿੱਚ ਆਮ ਆਦਮੀ ਪਾਰਟੀ ਸਰਕਾਰ ਦੀ ਵਫ਼ਾਦਾਰੀ ਕਰ ਰਹੀ ਸੀ।

ਕੁਝ ਦਿਨ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਦੇ ਆਈ.ਟੀ. ਵਿੰਗ ਦੇ ਮੁਖੀਏ ਨਛੱਤਰ ਗਿੱਲ ਨੂੰ ਬੜੀ ਖਿੱਚੋਤਾਣ ਪਿੱਛੋਂ ਅੰਮ੍ਰਿਤਸਰ ਤੋਂ ਪੰਜਾਬ ਪੁਲਸ ਨੇ ਸਰਕਾਰ ਦੇ ਇਸ਼ਾਰਿਆਂ 'ਤੇ ਹਿਰਾਸਤ ਵਿੱਚ ਲੈ ਲਿਆ ਸੀ। ਉਸ ਨੂੰ ਬਾਅਦ ਵਿੱਚ ਅਦਾਲਤ ਵਿੱਚ ਪੇਸ਼ ਕਰਕੇ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਜਿਸ ਨੂੰ ਅਕਾਲੀ ਦਲ ਨੇ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਸੀ। ਹਾਈ ਕੋਰਟ ਨੇ ਨਿਰਦੇਸ਼ ਦੇ ਕੇ ਇਸ ਨੂੰ ਗੈਰ ਕਾਨੂੰਨੀ ਹਿਰਾਸਤ ਵਜੋਂ ਕਰਾਰ ਦਿੱਤਾ ਹੈ। ਇਸ ਸਭ ਨੂੰ ਲੈ ਕੇ ਅਕਾਲੀ ਦਲ ਸਰਕਾਰ 'ਤੇ ਕਾਨੂੰਨੀ ਪ੍ਰਤੀਕਿਰਿਆ ਕਰ ਰਿਹਾ ਹੈ। ਇਹ ਸਭ ਉਸ ਸਰਕਾਰ ਦੇ ਵੇਲੇ ਹੋ ਰਿਹਾ ਹੈ, ਜੋ ਆਮ ਕਿਹਾ ਕਰਦੀ ਸੀ ਕਿ ਉਹ ਲੋਕਾਂ ਵਿੱਚ ਚੋਣ ਪ੍ਰਚਾਰ ਲਈ ਵੀ ਨਹੀਂ ਜਾਏਗੀ। ਉਸ ਦੇ ਕੰਮ ਬੋਲਣਗੇ, ਜਿਸ ਦੇ ਆਧਾਰ 'ਤੇ ਉਹ ਲੋਕਾਂ ਵਿੱਚ ਜਾਣਗੇ ਅਤੇ ਵੋਟਾਂ ਦੇ ਅਧਾਰ 'ਤੇ ਜਿੱਤ ਪ੍ਰਾਪਤ ਕਰਨਗੇ। ਪਰ ਅੱਜ ਉਹ ਜਿੱਤ ਨੂੰ ਮੁੱਖ ਰੱਖਦਿਆਂ ਹਰ ਤਰ੍ਹਾਂ ਦੇ ਹੱਥ ਕੰਡੇ ਅਪਣਾ ਰਹੀ ਹੈ। ਆਮ ਆਦਮੀ ਪਾਰਟੀ ਸੁਪਰੀਮੋ ਕੇਜਰੀਵਾਲ ਕਿਹਾ ਕਰਦੇ ਸਨ ਕਿ ਉਨ੍ਹਾਂ ਦੇ ਉਮੀਦਵਾਰ ਆਮ ਲੋਕਾਂ ਵਿੱਚੋਂ ਹੋਇਆ ਕਰਨਗੇ ਅਤੇ ਉਹ ਦਲ ਬਦਲੂਆਂ ਜਾਂ ਦੂਸਰੀਆਂ ਪਾਰਟੀਆਂ ਵਿੱਚੋਂ ਕੱਢੇ ਉਮੀਦਵਾਰਾਂ ਨੂੰ ਪਾਰਟੀ ਵਿੱਚ ਸ਼ਾਮਿਲ ਨਹੀਂ ਕਰਨਗੇ। ਤਰਨਤਾਰਨ ਤੋਂ ਆਮ ਆਦਮੀ ਪਾਰਟੀ ਦੇ ਜੇਤੂ ਉਮੀਦਵਾਰ ਹਰਮੀਤ ਸਿੰਘ ਸੰਧੂ ਤਿੰਨ ਵਾਰ ਅਕਾਲੀ ਦਲ ਦੇ ਵਿਧਾਇਕ ਰਹਿ ਚੁੱਕੇ ਹਨ। ਜਲੰਧਰ ਦੀ ਐਮ.ਪੀ. ਦੀ ਜ਼ਿਮਨੀ ਚੋਣ ਸਮੇਂ ਵੀ ਇਹੋ ਪ੍ਰਤੀਕਿਰਿਆ ਸਾਹਮਣੇ ਆਈ ਸੀ, ਜੋ ਕਿ ਕਾਂਗਰਸ ਦਾ ਵਿਧਾਇਕ ਰਹਿ ਚੁੱਕਾ ਸੀ। ਆਮ ਆਦਮੀ ਪਾਰਟੀ ਦੇ ਬਹੁਤ ਸਾਰੇ ਐਮ.ਐਲ.ਏ. ਦੂਸਰੀਆਂ ਪਾਰਟੀਆਂ ਤੋਂ ਹਨ। ਆਮ ਆਦਮੀ ਦੇ ਹਿੱਤ ਵਿੱਚ ਗੱਲਾਂ ਕਰਨ ਵਾਲੇ ਸੁਪਰੀਮੋ ਦੇ ਰਹਿਣ ਬਸੇਰੇ ਨੂੰ ਲੈ ਕੇ ਪਹਿਲਾਂ ਦਿੱਲੀ ਵਿੱਚ ਅਤੇ ਹੁਣ ਚੰਡੀਗੜ੍ਹ ਵਿੱਚ ਸ਼ੀਸ਼ ਮਹਿਲ ਬਨਾਉਣ ਦੇ ਦੋਸ਼ ਲੱਗ ਰਹੇ ਹਨ।

ਕੁੰਵਰ ਵਿਜੇ ਪ੍ਰਤਾਪ, ਜੋ ਪੰਜਾਬ ਦੇ ਡੀ.ਆਈ.ਜੀ. ਰਹਿ ਚੁੱਕੇ ਹਨ ਅਤੇ ਆਮ ਆਦਮੀ ਪਾਰਟੀ ਦੇ ਸਰਗਰਮ ਵਿਧਾਇਕ ਸਨ। ਵੱਧਦੇ ਨਸ਼ੇ ਅਤੇ ਪੰਜਾਬ ਵਿੱਚ ਵਿਗੜਦੀ ਕਾਨੂੰਨ ਵਿਵਸਥਾ ਨੂੰ ਲੈ ਕੇ ਉਨ੍ਹਾਂ ਦੇ ਬਿਆਨਾਂ ਕਰਕੇ ਉਨ੍ਹਾਂ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ ਗਿਆ ਸੀ। ਕੁਝ ਚਿਰ ਪਹਿਲਾਂ ਹੀ ਉਨ੍ਹਾਂ ਆਪਣੇ ਕਾਰਜਕਾਲ ਦੇ ਤਜਰਬੇ 'ਤੇ ਅਧਾਰਿਤ ਅਤੇ ਤਰਨਤਾਰਨ ਦੀ ਜ਼ਿਮਨੀ ਚੋਣ ਨੂੰ ਮੁਖ਼ਾਤਫ਼ ਇਕ ਵੀਡ-ਇਓ ਪੋਸਟ ਕੀਤੀ ਸੀ, ਜਿਸ ਮੁਤਾਬਕ ਚੋਣਾਂ ਵਿੱਚ ਪੰਜਾਬ ਪੁਲਸ ਸੱਤਾਧਾਰੀ ਪਾਰਟੀ ਦਾ ਹੱਥ ਠੋਕਾ ਬਣ ਕੇ ਰਹਿ ਜਾਂਦੀ ਹੈ, ਇਸ ਲਈ ਇਸ ਨੂੰ Demoracy by the police, ਨਾਂ ਕਿ Democracy by the people, for the people and of the people, ਕਿਹਾ ਜਾ ਸਕਦਾ ਹੈ। ਪੇਂਡੂ ਵਿਕਾਸ ਅਤੇ ਚੁੱਲ੍ਹਾ ਟੈਕਸ 'ਤੇ ਵੀ ਉਨ੍ਹਾਂ ਦਾ ਬਿਆਨ ਸੀ ਕਿ ਕਈ ਵਾਰ ਸਿੱਧੇ ਸਾਧੇ ਪੇਂਡੂ ਲੋਕਾਂ ਨੂੰ ਟੈਕਸ ਦੀ ਉਗਰਾਹੀ ਸਮੇਂ ਸੰਬੰਧਿਤ ਅਧਿਕਾਰੀਆਂ ਰਾਹੀਂ ਰਸੀਦ ਵੀ ਨਹੀਂ ਦਿੱਤੀ ਜਾਂਦੀ।

ਪੰਥਕ ਜਥੇਬੰਦੀਆਂ ਦੇ ਉਮੀਦਵਾਰ ਮਨਦੀਪ ਸਿੰਘ ਖ਼ਾਲਸਾ ਨੂੰ 19620 ਵੋਟਾਂ ਨਾਲ ਤੀਸਰਾ ਸਥਾਨ ਪ੍ਰਾਪਤ ਹੋਇਆ। ਅਗਰ ਉਹ ਮੈਦਾਨ ਵਿੱਚ ਨਾ ਉੱਤਰਦੇ ਤਾਂ ਅਕਾਲੀ ਦਲ ਬਾਦਲ ਦੀ ਜਿੱਤ ਯਕੀਨੀ ਸੀ। ਲੋੜ ਹੈ ਸਾਰੀਆਂ ਪੰਥਕ ਜਥੇਬੰਦੀਆਂ ਇਕ ਬੈਨਰ ਦੇ ਹੇਠ ਇਕੱਠੀਆਂ ਹੋ ਚੋਣਾਂ ਲੜਨ, ਤਾਂ ਜੋ ਪੰਜਾਬ ਦੇ ਭਲੇ ਲਈ ਇਕ ਸ਼ਕਤੀਸ਼ਾਲੀ ਖੇਤਰੀ ਪਾਰਟੀ ਦਾ ਉਭਾਰ ਹੋ ਸਕੇ। ਸਮਰਥਨ ਪੱਖੋਂ ਅਕਾਲੀ ਦਲ ਬਾਦਲ ਸਭ ਤੋਂ ਵੱਡੀ ਪੰਥਕ ਪਾਰਟੀ ਸਾਬਤ ਹੋਈ ਹੈ। ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿਪ ਅਤੇ ਵਰਕਰਾਂ ਵਿੱਚ ਇਕ ਨਵਾਂ ਉਤਸ਼ਾਹ ਦੇਖਣ ਨੂੰ ਮਿਲਿਆ ਹੈ, ਜਿਨ੍ਹਾਂ ਨੂੰ ਯਕੀਨ ਹੈ ਕਿ ਅਗਰ ਸੱਤਾਧਾਰੀ ਧਿਰ ਡੰਡਾ ਤੰਤਰ ਅਤੇ ਪੁਲਸ ਦੀ ਵਰਤੋਂ ਨਾ ਕਰਦੀ ਤਾਂ ਉਨ੍ਹਾਂ ਦੀ ਜਿੱਤ ਯਕੀਨੀ ਸੀ। ਪਾਰਟੀ ਵਰਕਰਾਂ ਵਿੱਚ 2027 ਦੀਆਂ ਚੋਣਾਂ ਨੂੰ ਲੈ ਕੇ ਬਹੁਮੱਤ ਦੀਆਂ ਆਸਾਂ ਪੂਰੀਆਂ ਹੋਣ ਦੀ ਉਮੀਦ ਹੈ। ਜਦਕਿ ਕਾਂਗਰਸ ਅਤੇ ਭਾਜਪਾ ਦੇ ਉਮੀਦਵਾਰਾਂ ਦੀ ਜ਼ਮਾਨਤ ਜ਼ਬਤ ਹੋ ਗਈ ਹੈ, ਤਾਂ ਸੁਆਲ ਉੱਠਦਾ ਹੈ ਕਿ ਅਜੋਕੇ ਸਮੇਂ ਵਿਰੋਧੀ ਧਿਰ ਕਾਂਗਰਸ ਹੈ ਜਾਂ ਸ਼੍ਰੋਮਣੀ ਅਕਾਲੀ ਦਲ?

ਹੜ੍ਹ ਪੀੜਤਾਂ ਨੂੰ ਲੈ ਕੇ ਹਰ ਸਮੇਂ ਉਨ੍ਹਾਂ ਦੀ ਮਦਦ ਵਾਸਤੇ ਸ਼੍ਰੋਮਣੀ ਅਕਾਲੀ ਦਲ ਪਹਿਲੀ ਕਤਾਰ ਵਿੱਚ ਦਿਖਾਈ ਦਿੱਤਾ। ਪਸ਼ੂਆਂ ਦੇ ਚਾਰੇ ਤੋਂ ਲੈ ਕੇ ਲੋਕਾਂ ਵਾਸਤੇ ਖੁਰਾਕ ਸਮੱਗਰੀ, ਮਾਲੀ ਇਮਦਾਦ, ਹਜ਼ਾਰਾਂ ਲੀਟਰ ਟਿਊਬਵੈੱਲਾਂ ਵਾਸਤੇ ਤੇਲ, ਖੇਤੀ ਵਾਸਤੇ ਬੀਜ ਦੇ ਕੇ ਪੇਂਡੂ ਲੋਕਾਂ ਵਿੱਚ ਨਾਮਣਾ ਖੱਟਿਆ ਹੈ। ਕਾਂਗਰਸ ਪਾਰਟੀ ਥੋੜ੍ਹੀ ਬਹੁਤ, ਪਰ ਆਮ ਪਾਰਟੀ ਤਾਂ ਹੜ੍ਹ ਪੀੜਤ ਇਲਾਕੇ ਵਿੱਚ ਕਿਤੇ ਦਿਖਾਈ ਹੀ ਨਹੀਂ ਦਿੱਤੀ। ਸੁਖ਼ਬੀਰ ਬਾਦਲ ਤਾਂ ਜਾਤੀ ਤੌਰ 'ਤੇ ਅੱਗੇ ਵੱਧ ਕੇ ਹਰ ਤਰ੍ਹਾਂ ਦੀ ਮਦਦ ਵਿੱਚ ਯੋਗਦਾਨ ਪਾਉਂਦੇ ਰਹੇ। ਅਕਾਲੀ ਦਲ ਬਾਦਲ ਦੇ ਡਿੱਗਦੇ ਵਿਕਾਰ ਨੂੰ ਇਕ ਨਵਾਂ ਉਤਸ਼ਾਹ ਮਿਲਿਆ ਹੈ। ਇਨ੍ਹਾਂ ਕਾਰਨਾਂ ਕਰਕੇ ਹੀ ਜਿਥੇ ਤੱਕ ਪੇਂਡੂ ਪੰਥਕ ਵੋਟ ਦਾ ਸਬੰਧ ਹੈ, ਸਭ ਤੋਂ ਵੱਡਾ ਹੁੰਗਾਰਾ ਮਿਲਿਆ ਹੈ। ਆਮ ਆਦਮੀ ਪਾਰਟੀ ਵਿਰੋਧੀ ਹੁੰਦਿਆਂ ਸਰਕਾਰਾਂ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲਾਉਂਦੀ ਰਹੀ, ਪਰ ਅੱਜ ਚੰਡੀਗੜ੍ਹ ਵਿੱਚ ਪੈਂਦੇ ਮੁਹਾਲੀ ਦੇ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ, ਜਿਸ ਕੋਲੋਂ 20 ਕਰੋੜ ਤੋਂ ਵੱਧ ਰਿਸ਼ਵਤਖੋਰੀ ਦਾ ਪੈਸਾ ਸੀ.ਬੀ.ਆਈ. ਰਾਹੀਂ ਫੜਿਆ ਗਿਆ ਹੈ, ਤਾਂ ਸਰਕਾਰ ਚੁੱਪ ਕਿਉਂ? ਉਸ ਦੇ ਘਰੋਂ 7.5 ਕਰੋੜ ਨਕਦੀ ਫੜੀ ਗਈ। ਵਿਦੇਸ਼ੀ ਜਾਇਦਾਦਾਂ ਵਿੱਚ ਦੁਬਈ ਦਾ ਅਪਾਰਟਮੈਂਟ 5 ਕਰੋੜ ਤੋਂ ਵੱਧ ਦਾ, ਕੈਨੇਡਾ ਵਿੱਚ 3-4 ਪਲਾਟ ਕਰੀਬ 10 ਕਰੋੜ ਦੇ ਅਤੇ ਪੰਜਾਬ ਵਿੱਚ ਉਸ ਦੇ ਘਰਾਂ ਵਿੱਚੋਂ ਨਕਦੀ ਤੇ ਸੋਨੇ ਦੇ ਗਹਿਣੇ। ਪੰਜਾਬ ਵਿੱਚ ਪਹਿਲੇ ਨਾਲੋਂ ਕਿਤੇ ਵੱਧ ਨਸ਼ਿਆਂ ਦੀ ਭਰਮਾਰ। ਵੱਖਰੇ ਵੱਖਰੇ ਸ਼ਹਿਰਾਂ ਵਿੱਚ ਗੋਲੀਬਾਰੀ ਦੀਆਂ ਹਰ ਰੋਜ਼ ਵਾਰਦਾਤਾਂ ਅਤੇ ਫਿਰੌਤੀਆਂ ਨੂੰ ਲੈ ਕੇ ਦਹਿਸ਼ਤ ਦਾ ਮਾਹੌਲ। ਰੇਤ ਮਾਫ਼ੀਆ ਨੂੰ ਖ਼ਤਮ ਕਰਕੇ ਢਾਈ ਹਜ਼ਾਰ ਕਰੋੜ ਰੁਪਏ ਦੀ ਹਰ ਸਾਲ ਦੀ ਬਚਤ ਕਰਕੇ ਪੰਜਾਬ ਦਾ ਵਿਕਾਸ ਦੇ ਵਾਅਦੇ ਝੂਠੇ ਹੀ ਸਾਬਤ ਨਹੀਂ ਹੋਏ, ਪਰ ਇਸ ਵਿੱਚ ਸਰਕਾਰ ਦੀ ਮਿਲੀ ਭੁਗਤ। ਕਿਸਾਨੀ ਅੰਦੋਲਨ ਵਿੱਚ ਦਿੱਲੀ ਵਿਖੇ ਖੁਦ ਸ਼ਾਮਿਲ ਹੋ ਕੇ, ਅੱਜ ਕਿਸਾਨੀ ਧਰਨਿਆਂ ਨੂੰ ਪੁਲਸ ਰਾਹੀਂ ਦਬਾਇਆ ਜਾ ਰਿਹਾ ਹੈ। ਰੰਗਲਾ ਪੰਜਾਬ ਬਨਾਉਣ ਵਾਲੀ ਸਰਕਾਰ 'ਤੇ ਹਰ ਰੋਜ਼ ਝੂਠ ਅਤੇ ਗੁੰਮਰਾਹ ਕਰਨ ਦੇ ਦੋਸ਼। ਪਵਿੱਤਰ ਸ਼ਹਿਰਾਂ ਅਤੇ ਅਨੰਦਪੁਰ ਦੀ ਯੂਨੀਵਰਸਿਟੀ ਦੇ ਵਾਅਦੇ ਨੂੰ ਲੈ ਕੇ ਲੋਕ ਯਕੀਨ ਨਾ ਕਰਦਿਆਂ ਹੱਸ ਰਹੇ ਹਨ। ਕੁਝ ਮਾਹਿਰਾਂ ਰਾਹੀਂ ਕਿਹਾ ਗਿਆ ਹੈ, ਪੱਲੇ ਨਹੀਂ ਧੇਲਾ ਕਰਦੀ ਮੇਲਾ ਮੇਲਾ। ਆਮ ਤੋਂ ਖ਼ਾਸ ਬਣੀ ਪਾਰਟੀ ਦਾ ਲੋਕਾਂ ਤੋਂ ਵਿਸ਼ਵਾਸ਼ ਉੱਠ ਚੁੱਕਾ ਹੈ।

ਅਨੰਦਪੁਰ ਸਾਹਿਬ ਵਿਖੇ ਵਿਧਾਨ ਸਭਾ ਦਾ ਬਹੁਪਾਰਟੀ ਇਜਲਾਸ ਬੁਲਾ ਕੇ ਮਤਾ ਪਾਸ ਕੀਤਾ ਗਿਆ ਹੈ ਕਿ ਤਿੰਨ ਪਵਿੱਤਰ ਸ਼ਹਿਰਾਂ ਅੰਮ੍ਰਿਤਸਰ, ਦਮਦਮਾ ਸਾਹਿਬ ਅਤੇ ਅਨੰਦਪੁਰ ਸਾਹਿਬ ਦੇ ਗੁਰਦੁਆਰਿਆਂ ਦੇ ਗਲਿਆਰੇ 'ਤੇ ਤੰਬਾਕੂ, ਸਿਗਰੇਟ, ਬੀੜ੍ਹੀ, ਸ਼ਰਾਬ ਅਤੇ ਮੀਟ ਦੀਆਂ ਦੁਕਾਨਾਂ 'ਤੇ ਹੀ ਨਹੀਂ, ਬਲਕਿ ਇਸ ਦੇ ਸੇਵਨ 'ਤੇ ਵੀ ਪਾਬੰਦੀ ਹੋਵੇਗੀ। ਬਹੁਤ ਸਾਰੇ ਅਲੋਚਕਾਂ ਰਾਹੀਂ ਅਲੋਚਨਾ ਕੀਤੀ ਗਈ ਹੈ ਕਿ ਇਹ ਪਾਬੰਦੀ ਤਾਂ ਪਹਿਲਾਂ ਹੀ ਬੇਅੰਤ ਸਿੰਘ ਦੀ ਕਾਂਗਰਸ ਸਰਕਾਰ ਅਤੇ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਸਮੇਂ ਲਾਗੂ ਹੋ ਚੁੱਕੀ ਹੈ, ਤਾਂ ਇਸ ਵਿੱਚ ਨਵਾਂ ਕੀ? ਬਹੁਤ ਸਾਰੇ ਬੁੱਧੀਜੀਵੀਆਂ ਦਾ ਵਿਚਾਰ ਹੈ ਕਿ ਇਸ ਪਾਬੰਦੀ ਨੂੰ ਲੈ ਕੇ ਗਲਿਆਰਿਆਂ ਦਾ ਖੇਤਰ ਫੱਲ ਵਧਾਇਆ ਜਾਵੇ ਅਤੇ ਪ੍ਰਸ਼ਾਸਨ ਰਾਹੀਂ ਇਸ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਵੇ।

* * * * *

# ਸਾਈਬਰ ਸੁਰੱਖਿਆ ਐਪ 'ਸੰਚਾਰ ਸਾਥੀ' ਕਾਰਣ ਕੇਂਦਰ ਸਰਕਾਰ ਦਾ ਵਿਰੋਧ ਹੋਇਆ

## ਖਾਸ ਖ਼ਬਰ ✪ ਵਿਰੋਧੀ ਧਿਰਾਂ ਨੇ ਕਿਹਾ ਕਿ ਸਰਕਾਰ ਲੋਕਾਂ ਦੀ ਜਸੂਸੀ ਕਰਨ ਚਾਹੁੰਦੀ ਹੈ

ਦੂਰਸੰਚਾਰ ਮੰਤਰਾਲੇ ਵੱਲੋਂ ਸਾਰੇ ਨਵੇਂ ਮੋਬਾਇਲ ਫੋਨਾਂ ਵਿੱਚ ਸਰਕਾਰ ਦੀ ਮਾਲਕੀ ਵਾਲੀ ਸਾਈਬਰ ਸੁਰੱਖਿਆ ਐਪ 'ਸੰਚਾਰ ਸਾਥੀ' ਪਹਿਲਾਂ ਤੋਂ ਇੰਸਟਾਲ ਕਰਨ 'ਤੇ ਉਸ ਨੂੰ ਫੋਨ ਤੋਂ ਨਾ ਹਟਾਉਣ ਦੇ ਨਿਰਦੇਸ਼ਾਂ ਦੇ ਬਾਅਦ ਹੋਏ ਭਾਰੀ ਵਿਰੋਧ ਦਰਮਿਆਨ ਕੇਂਦਰੀ ਸੰਚਾਰ ਮੰਤਰੀ ਜਿਓਤਿਰਾਦਿਤਿਆ ਸਿੰਧੀਆ ਨੇ ਮੰਗਲਵਾਰ ਸਫਾਈ ਦਿੱਤੀ ਕਿ ਇਹ ਐਪ ਵਿਕਲਪਕ ਹੋਵੇਗੀ। ਸੰਸਦ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਿੰਧੀਆ ਨੇ ਕਿਹਾ ਕਿ ਇਹ ਐਪ ਜਾਸੂਸੀ ਜਾਂ ਕਾਲ ਮਾਨੀਟਰਿੰਗ ਨਹੀਂ ਕਰਦੀ। ਇਹ ਆਨਲਾਈਨ ਠੱਗੀ ਤੋਂ ਬਚਾਉਣ ਲਈ ਹੈ। ਤੁਸੀਂ ਆਪਣੀ ਇੱਛਾ ਨਾਲ ਇਸ ਨੂੰ ਸਰਗਰਮ ਜਾਂ ਬੰਦ ਕਰ ਸਕਦੇ ਹੋ। ਜੇ ਤੁਸੀਂ ਸੰਚਾਰ ਸਾਥੀ ਨਹੀਂ ਚਾਹੁੰਦੇ ਤਾਂ ਇਸ ਨੂੰ ਡਿਲੀਟ ਕਰ ਸਕਦੇ ਹੋ। ਇਹ ਉਪਭੋਗਤਾ ਸੁਰੱਖਿਆ ਨਾਲ ਜੁੜੀ ਹੈ।"ਮੈਂ ਸਾਰੇ ਭਰਮ ਦੂਰ ਕਰਨਾ ਚਾਹੁੰਦਾ ਹਾਂ ਤੇ ਸਾਡਾ ਫਰਜ਼ ਹੈ ਕਿ ਅਸੀਂ ਇਹ ਐਪ ਸਭ ਤਕ ਪਹੁੰਚਾਈਏ।

ਮੰਤਰੀ ਨੇ ਤਾਂ ਆਪਣੀ ਸਫਾਈ ਦੇ ਦਿੱਤੀ, ਪਰ ਦੂਰਸੰਚਾਰ ਮੰਤਰਾਲੇ ਦੇ 28 ਨਵੰਬਰ ਦੇ ਨਿਰਦੇਸ਼ਾਂ ਦੇ ਹਵਾਲੇ ਨਾਲ ਜਿਹੜਾ ਬਿਆਨ ਪ੍ਰੈੱਸ ਇਨਫਰਮੇਸ਼ਨ ਬਿਊਰੋ (ਪੀ ਆਈ ਬੀ) ਨੇ ਬੀਤੇ ਸੋਮਵਾਰ ਜਾਰੀ ਕੀਤਾ ਸੀ, ਉਸ ਵਿੱਚ ਸਾਫ ਕਿਹਾ ਗਿਆ ਹੈ ਕਿ ਭਾਰਤ ਵਿੱਚ ਇਸਤੇਮਾਲ ਹੋਣ ਵਾਲੇ ਮੋਬਾਇਲ ਹੈਂਡਸੈੱਟ ਦੇ ਨਿਰਮਾਤਾ ਤੇ ਦਰਾਮਦਕਾਰ ਕੰਪਨੀਆਂ ਲਈ ਐਪ ਨੂੰ ਪ੍ਰੀ-ਇੰਸਟਾਲ ਕਰਨਾ ਤੇ ਉਸ ਨੂੰ ਵਰਤੋਂਹੀਣ ਨਾ ਹੋਣ ਦੇਣਾ ਲਾਜ਼ਮੀ ਹੈ। ਇਹ ਯਕੀਨੀ ਬਣਾਇਆ ਜਾਵੇ ਕਿ ਪਹਿਲਾਂ ਤੋਂ ਇੰਸਟਾਲ ਕੀਤੀ ਗਈ ਸੰਚਾਰ ਸਾਥੀ ਐਪ ਡਿਵਾਈਸ ਸੈੱਟਅਪ ਵੇਲੇ ਉਪਭੋਗਤਾ ਨੂੰ ਸਾਫ ਦਿਖਾਈ ਦੇਵੇ ਅਤੇ ਆਸਾਨੀ ਨਾਲ ਖੋਲ੍ਹੀ ਜਾ ਸਕੇ ਤੇ ਇਸ ਦੀ ਕਿਸੇ ਸੁਵਿਧਾ ਨੂੰ ਬੰਦ ਜਾਂ ਸੀਮਤ ਨਾ ਕੀਤਾ ਜਾਵੇ।

ਯਾਨੀ ਕਿ ਮੰਤਰੀ ਸਿੰਧੀਆ ਦੇ ਐਪ ਨੂੰ ਵਿਕਲਪਕ ਦੱਸਣ ਦੀ ਸਚਾਈ 'ਤੇ ਸੰਦੇਹ ਹੈ, ਕਿਉਂਕਿ ਸਰਕਾਰੀ ਨਿਰਦੇਸ਼ ਮੁਤਾਬਕ ਉਪਭੋਗਤਾ ਸੰਚਾਰ ਸਾਥੀ ਐਪ ਨੂੰ ਡਿਲੀਟ ਨਹੀਂ ਕਰ ਸਕਦਾ। ਜਦੋਂ ਤੱਕ ਸਰਕਾਰੀ ਆਦੇਸ਼ ਵਾਪਸ ਨਹੀਂ ਹੁੰਦਾ, ਮੰਤਰੀ 'ਤੇ ਯਕੀਨ ਨਹੀਂ ਕੀਤਾ ਜਾ ਸਕਦਾ। ਜੇ ਦੂਰਸੰਚਾਰ ਵਿਭਾਗ ਆਦੇਸ਼ ਰੱਦ ਨਹੀਂ ਕਰਦਾ, ਮੰਤਰੀ ਦੇ ਬਿਆਨ ਨੂੰ ਝੂਠ ਹੀ ਸਮਝਿਆ ਜਾਵੇਗਾ।

### ਐਪਲ 'ਸੰਚਾਰ ਸਾਥੀ' ਐਪ ਸੰਬੰਧੀ ਸਰਕਾਰ ਨਾਲ ਗੱਲਬਾਤ ਕਰੇਗਾ

ਨਵੀਂ ਦਿੱਲੀ-ਸੂਤਰਾਂ ਅਨੁਸਾਰ ਐਪਲ ਅਤੇ ਸੈਮਸੰਗ 'ਸੰਚਾਰ ਸਾਥੀ' ਐਪ ਸੰਬੰਧੀ ਸਰਕਾਰ ਨਾਲ ਗੱਲਬਾਤ ਕਰਨਗੇ ਅਤੇ ਮੋਬਾਈਲ ਫ਼ੋਨ 'ਚ ਇਸ ਐਪ ਨੂੰ ਪਹਿਲਾਂ ਤੋਂ ਹੀ ਇੰਸਟਾਲ ਕਰਨ ਸੰਬੰਧੀ ਨਿਰਦੇਸ਼ 'ਤੇ ਆਪਣਾ ਪੱਖ ਰੱਖਣਗੇ। ਜਾਣਕਾਰੀ ਅਨੁਸਾਰ ਕੰਪਨੀਆਂ ਸਰਕਾਰ ਦੇ ਨਿਰਦੇਸ਼ ਦੀ ਸਮੀਖਿਆ ਕਰ ਰਹੀਆਂ ਹਨ। ਸੰਭਾਵਨਾ ਹੈ ਕਿ ਮੌਜੂਦਾ ਸਮੇਂ ਜੋ ਆਦੇਸ਼ ਜਾਰੀ ਹੋਇਆ ਹੈ, ਉਸ 'ਤੇ ਕੰਪਨੀ ਰਾਜ਼ੀ ਨਾ ਹੋਵੇ, ਕਿਉਂਕਿ ਇਹ ਉਸ ਦੀ ਨੀਤੀ 'ਚ ਨਹੀਂ ਹੈ। ਐਪਲ ਨੇ ਕਿਹਾ ਕਿ ਕੰਪਨੀ ਦੁਨੀਆ ਦੇ ਕਿਸੇ ਵੀ ਦੇਸ਼ 'ਚ ਅਜਿਹਾ ਜ਼ਰੂਰੀ ਐਪ ਪਹਿਲਾਂ ਤੋਂ ਇੰਸਟਾਲ ਨਹੀਂ ਕਰਦੀ ਹੈ। ਕੰਪਨੀ ਦਾ ਦਾਅਵਾ ਹੈ ਕਿ ਇਸ ਨਾਲ ਆਈ.ਓ.ਐਸ1 ਦੀ ਨਿੱਜਤਾ ਅਤੇ ਸੁਰੱਖਿਆ ਢਾਂਚ ਪ੍ਰਭਾਵਿਤ ਹੋਵੇਗਾ।

### 'ਸੰਚਾਰ ਸਾਥੀ ਐਪ' ਪੈਗਾਸਸ ਦਾ ਨਵਾਂ ਰੂਪ ਹੈ-ਸਿਸੋਦੀਆ

ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ 'ਸੰਚਾਰ ਸਾਥੀ' ਐਪ ਵਿਅਕਤੀਗਤ ਆਜ਼ਾਦੀ ਅਤੇ ਨਿੱਜਤਾ 'ਤੇ ਸਿੱਧਾ ਹਮਲਾ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਭਾਜਪਾ ਸਰਕਾਰ ਨਾ ਸਿਰਫ਼ ਰਾਜਨੀਤਕ ਜਾਸੂਸੀ ਲਈ, ਸਗੋਂ ਵੱਡੇ ਬੈਂਕ ਧੋਖਾਧੜੀ ਅਤੇ ਵਿੱਤੀ ਘੁਟਾਲਿਆਂ ਨੂੰ ਵੀ ਸੁਲਝਾਉਣ ਲਈ ਨਾਗਰਿਕਾਂ ਦੇ ਫੋਨਾਂ 'ਚ ਘੁਸਪੈਠ ਕਰਨਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਇਹ ਐਪ ਪੈਗਾਸਸ ਦਾ ਨਵਾਂ ਰੂਪ ਹੈ। ਉਨ੍ਹਾਂ ਅੱਗੇ ਕਿਹਾ ਕਿ ਇੱਕ ਸਰਕਾਰ ਜੋ ਆਪਣੇ ਹੀ ਲੋਕਾਂ ਦੇ ਫੋਨਾਂ 'ਚ ਘੁਸਪੈਠ ਕਰਦੀ ਹੈ, ਉਨ੍ਹਾਂ ਦੀ ਜਾਣਕਾਰੀ ਚੋਰੀ ਕਰਦੀ ਹੈ ਅਤੇ ਉਨ੍ਹਾਂ ਦੀ ਨਿੱਜਤਾ ਨਾਲ ਖੇਡਦੀ ਹੈ, ਜਨਤਾ ਤੋਂ ਇੱਕ ਸਖ਼ਤ ਜਵਾਬ ਦੀ ਹੱਕਦਾਰ ਹੈ। ਲੋਕਾਂ ਨੂੰ ਸਰਕਾਰ ਨੂੰ ਇੱਕ ਸਪੱਸ਼ਟ ਸੁਨੇਹਾ ਦੇਣਾ ਚਾਹੀਦਾ ਹੈ।

# ਗੁਰੂ ਘਰਾਂ ਦੀ ਥਾਂ ਹਸਪਤਾਲ ਬਣਾਉਣ ਵਾਲੇ ਬਿਆਨ 'ਤੇ ਕੁਲਵੰਤ ਧਾਲੀਵਾਲ ਨੂੰ ਮੰਗਣੀ ਪਈ ਮੁਆਫ਼ੀ

ਅਨੰਦਪੁਰ ਸਾਹਿਬ-'ਵਰਲਡ ਕੈਂਸਰ ਕੇਅਰ' ਦੇ ਚੇਅਰਮੈਨ ਡਾ. ਕੁਲਵੰਤ ਸਿੰਘ ਧਾਲੀਵਾਲ ਨੇ ਆਪਣੇ ਵਿਵਾਦਿਤ ਬਿਆਨ ਤੇ ਮੁਆਫ਼ੀ ਮੰਗ ਲਈ ਹੈ। ਡਾ. ਕੁਲਵੰਤ ਸਿੰਘ ਧਾਲੀਵਾਲ, ਜੋ ਕਿ ਆਪਣੇ ਚੈਰੀਟੇਬਲ ਕੰਮਾਂ ਲਈ ਜਾਣੇ ਜਾਂਦੇ ਹਨ, ਹਾਲ ਹੀ ਵਿੱਚ ਆਪਣੇ ਇੱਕ ਬਿਆਨ ਕਾਰਨ ਵਿਵਾਦਾਂ ਵਿੱਚ ਘਿਰ ਗਏ ਸਨ। ਇਹ ਵਿਵਾਦ ਉਨ੍ਹਾਂ ਦੇ ਸਮਾਜ ਸੇਵੀ ਕੰਮਾਂ ਦੇ ਦੁਆਲੇ ਘੁੰਮਦਾ ਹੈ, ਜਿੱਥੇ ਉਹ ਕੈਂਸਰ ਜਾਗਰੂਕਤਾ ਨੂੰ ਵਧਾਉਣ ਲਈ ਧਾਰਮਿਕ ਦਾਨ ਨੂੰ ਸਿਹਤ ਸੇਵਾਵਾਂ ਵੱਲ ਮੋੜਨ ਦੀ ਗੱਲ ਕਰਦੇ ਹਨ। ਦਰਅਸਲ ਕੁਝ ਦਿਨ ਪਹਿਲਾਂ ਉਨ੍ਹਾਂ ਨੇ ਇੱਕ ਬਿਆਨ ਵਿੱਚ ਕਿਹਾ ਸੀ ਕਿ "ਹਰ ਪਿੰਡ ਵਿੱਚ 4 ਤੋਂ 5 ਗੁਰਦੁਆਰੇ ਹਨ ਪਰ ਹਸਪਤਾਲ ਡਿਸਪੈਂਸਰੀ ਇੱਕ ਵੀ ਨਹੀ, ਜੇ ਕਿਸੇ ਨੂੰ ਹਾਰਟ ਅਟੈਕ ਆਉਂਦਾ ਤਾਂ ਗੁਰਦੁਆਰੇ ਲੈਕੇ ਜਾਓਗੇ ਕਿਉਂਕਿ ਸਾਡੇ ਕੋਲ ਹਸਪਤਾਲ ਤਾਂ ਹੈ ਨਹੀਂ।" ਉਨ੍ਹਾਂ ਨੇ ਲੋਕਾਂ ਨੂੰ ਧਾਰਮਿਕ ਅਸਥਾਨਾਂ ਦੇ ਨਿਰਮਾਣ 'ਤੇ ਖਰਚ ਕਰਨ ਦੀ ਬਜਾਏ, ਕੈਂਸਰ ਦੇ ਮਰੀਜ਼ਾਂ ਦੇ ਇਲਾਜ ਲਈ ਪੈਸਾ ਦਾਨ ਕਰਨ ਦੀ ਅਪੀਲ ਕੀਤੀ ਸੀ। ਉਨ੍ਹਾਂ ਦੇ ਇਸ ਬਿਆਨ ਤੋਂ ਬਾਅਦ ਸੋਸ਼ਲ ਮੀਡੀਆ ਤੇ ਕੁਝ ਲੋਕ ਤਾਂ ਉਨ੍ਹਾਂ ਦੇ ਬਿਆਨ ਦੀ ਹਮਾਇਤ ਕਰਨ ਲੱਗੇ ਪਰ ਕੁਝ ਲੋਕਾਂ ਨੇ ਇਸ ਨੂੰ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲਾ ਬਿਆਨ ਦੱਸਿਆ, ਜਿਸ ਤੋਂ ਬਾਅਦ ਹੁਣ ਉਨ੍ਹਾਂ ਲੋਕਾਂ ਤੋਂ ਮੁਆਫ਼ੀ ਮੰਗ ਲਈ ਹੈ।

### ਡਾ. ਕੁਲਵੰਤ ਸਿੰਘ ਧਾਲੀਵਾਲ ਦਾ ਮੁਆਫ਼ੀਨਾਮਾ

ਤਾਜ਼ਾ ਵੀਡੀਓ ਵਿੱਚ ਡਾ. ਧਾਲੀਵਾਲ ਨੇ ਕਿਹਾ ਹੈ ਕਿ ਉਨ੍ਹਾਂ ਦਾ ਮਤਲਬ ਗੁਰੂ ਘਰਾਂ ਨੂੰ ਬਣਾਉਣ ਤੋਂ ਰੋਕਣਾ ਨਹੀਂ ਸੀ, ਸਗੋਂ ਇਹ ਸੀ ਕਿ ਗੁਰੂ ਘਰਾਂ ਨੂੰ ਜਾਤ-ਪਾਤ ਦੇ ਨਾਂ 'ਤੇ ਨਾ ਬਣਾਇਆ ਜਾਵੇ। ਉਨ੍ਹਾਂ ਨੇ ਸਪੱਸ਼ਟੀਕਰਨ ਦਿੰਦਿਆਂ ਦੱਸਿਆ ਕਿ ਉਨ੍ਹਾਂ ਨੇ ਅਨੰਦਪੁਰ ਸਾਹਿਬ ਦੇ ਪਿੰਡ ਝੂਮੇਵਾਲ ਵਿੱਚ ਨਵਾਂ ਗੁਰੂ ਗੋਬਿੰਦ ਸਿੰਘ ਚੈਰੀਟੇਬਲ ਹਸਪਤਾਲ ਖੋਲ੍ਹਣ ਤੋਂ ਪਹਿਲਾਂ, ਗੁਰੂ ਹਰ ਰਾਏ ਜੀ ਦੇ ਚਰਨਾਂ ਵਿੱਚ ਅਰਦਾਸ ਕੀਤੀ ਅਤੇ ਪਹਿਲਾਂ ਗੁਰੂ ਘਰ ਬਣਾਇਆ ਗਿਆ, ਫਿਰ ਹਸਪਤਾਲ ਦਾ ਉਦਘਾਟਨ ਕੀਤਾ ਗਿਆ। "ਸਾਧ ਸੰਗਤ ਜੀ ਮੇਰਾ ਇੰਨਾ ਹੀ ਮਤਲਬ ਸੀ ਕਿ ਆਪਾਂ ਗੁਰੂ ਘਰਾਂ ਦੇ ਜਾਤ-ਪਾਤ ਦੇ ਨਾਂ 'ਤੇ ਨਾ ਬਣਾਈਏ, ਮੈਂ ਮਾਫੀ



ਚਾਹੁੰਨਾ, ਮੇਰਾ ਸੀਸ ਤੁਹਾਡੇ ਚਰਨਾਂ ਵਿਚ। ਮੈਂ ਸੰਗਤ ਨੂੰ ਇਹ ਕਲੀਅਰ ਕਰ ਦੇਣਾ ਚਾਹੁੰਨਾ, ਫਿਰ ਵੀ ਜਾਣੇ-ਅਣਜਾਣੇ ਦੇ ਵਿੱਚ ਕਿਸੇ ਦੇ ਹਿਰਦੇ ਨੂੰ ਕੋਈ ਠੇਸ ਪਹੁੰਚੀ ਹੋਵੇ, ਮੇਰਾ ਸੀਸ ਤੁਹਾਡੇ ਚਰਨਾਂ ਵਿਚ। ਕੁਲਵੰਤ ਸਿੰਘ ਧਾਲੀਵਾਲ ਹਮੇਸ਼ਾ ਹੀ ਗੁਰੂ ਦਾ ਰਿਣੀ ਹੈ।"

### ਕੌਣ ਹਨ ਡਾ. ਕੁਲਵੰਤ ਸਿੰਘ ਧਾਲੀਵਾਲ?

ਡਾ. ਕੁਲਵੰਤ ਸਿੰਘ ਧਾਲੀਵਾਲ 'ਵਰਲਡ ਕੈਂਸਰ ਕੇਅਰ' ਦੇ ਚੇਅਰਮੈਨ ਹਨ। ਕੈਂਸਰ ਦੇ ਖਾਤਮੇ ਲਈ ਉਨ੍ਹਾਂ ਦੇ ਜਜ਼ਬੇ ਅਤੇ ਯਤਨਾਂ ਨੂੰ ਮਾਨਤਾ ਦਿੰਦੇ ਹੋਏ, ਸਾਲ 2014 ਵਿੱਚ ਉਨ੍ਹਾਂ ਨੂੰ ਰਜਿਸਟਰਡ ਚੈਰਿਟੀ 'ਵਰਲਡ ਕੈਂਸਰ ਕੇਅਰ' ਦਾ 'ਗਲੋਬਲ ਅੰਬੈਸਡਰ' ਨਿਯੁਕਤ ਕੀਤਾ ਗਿਆ ਸੀ।

ਉਨ੍ਹਾਂ ਨੇ 47 ਸਾਲ ਦੀ ਉਮਰ ਵਿੱਚ ਕਾਰੋਬਾਰ ਤੋਂ ਛੇਤੀ ਸੇਵਾਮੁਕਤੀ ਲੈ ਲਈ ਸੀ ਅਤੇ ਬਾਕੀ ਦਾ ਜੀਵਨ ਕੈਂਸਰ ਦੀ ਰੋਕਥਾਮ, ਖਾਤਮੇ ਅਤੇ ਇਲਾਜ ਲਈ ਦਾਨ ਕਰਨ ਦਾ ਫੈਸਲਾ ਕੀਤਾ। ਉਨ੍ਹਾਂ ਨੇ ਪਿੰਡਾਂ ਦੇ ਵਿਕਾਸ, ਔਰਤਾਂ ਵਿੱਚ ਭਰੂਣ-ਹੱਤਿਆ ਨੂੰ ਘਟਾਉਣ, ਕੈਂਸਰ ਮੁਕਤੀ, ਕਮਸਿਨ ਲੜਕੀਆਂ ਦੀ ਵਿਆਹ ਪ੍ਰਥਾ ਰੋਕਣ, ਸਿੱਖਿਆ ਦੀ ਕਮੀ ਅਤੇ ਐਮਰਜੈਂਸੀ ਰਾਹਤ ਵਰਗੇ ਖੇਤਰਾਂ ਵਿੱਚ ਕਈ ਮਹੱਤਵਪੂਰਨ ਪ੍ਰੋਜੈਕਟ ਸਫ਼ਲਤਾਪੂਰਵਕ ਚਲਾਏ ਹਨ। ਡਾ. ਧਾਲੀਵਾਲ ਸਰਕਾਰੀ ਅਤੇ ਗੈਰ-ਸਰਕਾਰੀ ਸੰਗਠਨਾਂ ਨਾਲ ਕੰਮ ਕਰਦੇ ਹਨ। ਉਨ੍ਹਾਂ ਦਾ ਮੰਨਣਾ ਹੈ ਕਿ "ਸਭ ਤੋਂ ਵੱਡਾ ਤੋਹਫ਼ਾ ਜੋ ਕੋਈ ਦੇ ਸਕਦਾ ਹੈ, ਉਹ ਸਿੱਖਿਆ ਅਤੇ ਗਿਆਨ ਹੈ।"

## 2 ਗੁਜਰਾਤੀਆਂ ਨੇ ਸੰਘੀ ਏਜੰਟ ਬਣ ਕੇ 6 ਲੱਖ ਡਾਲਰ ਤੋਂ ਵਧ ਦੀ ਮਾਰੀ ਠੱਗੀ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਭਾਰਤੀ ਮੂਲ ਦੇ 2 ਵਿਅਕਤੀਆਂ ਵੱਲੋਂ ਸੰਘੀ ਏਜੰਟ ਬਣ ਕੇ ਇਕ ਬਜ਼ੁਰਗ ਔਰਤ ਨਾਲ 6,53,000 ਡਾਲਰ ਦੀ ਠੱਗੀ ਮਾਰਨ ਦੀ ਖਬਰ ਹੈ। ਇਹ ਮਾਮਲਾ ਕੇਨੋਸ਼ਾ ਕਾਊਂਟੀ ਦੇ ਅਧਿਕਾਰੀਆਂ ਦੀ ਜਾਂਚ ਉਪਰੰਤ ਸਾਹਮਣੇ ਆਇਆ ਹੈ। ਵਿਸਕਾਨਸਿਨ ਅਧਿਕਾਰੀਆਂ ਅਨੁਸਾਰ ਦੋਵਾਂ ਵਿਅਕਤੀਆਂ ਦਾ ਕੌਮਾਂਤਰੀ ਪੱਧਰ 'ਤੇ ਸੰਪਰਕ ਹੈ ਤੇ ਇਨਾਂ ਵੱਲੋਂ ਠੱਗੇ ਗਏ ਜਿਆਦਾਤਰ ਪੈਸੇ ਅਮਰੀਕਾ ਤੋਂ ਬਾਹਰ ਭੇਜੇ ਜਾ ਚੁੱਕੇ ਹਨ। ਜਗਦੀਸ਼ ਕੁਮਾਰ ਨੰਦਨੀ ਤੇ ਚਿੰਤਨ ਠਾਕਰ ਜੋ ਮੂਲ ਰੂਪ ਵਿੱਚ ਗੁਜਰਾਤ ਨਾਲ ਸਬੰਧਤ ਹਨ,ਵਿਰੁੱਧ ਦਾਇਰ ਮਾਮਲੇ ਵਿੱਚ 1 ਲੱਖ ਡਾਲਰ ਤੋਂ ਵਧ ਦੀ ਮਨੀ ਲਾਂਡਰਿੰਗ ਤੇ 1 ਲੱਖ ਡਾਲਰ ਤੋਂ ਵਧ ਚੱਲ ਜਾਇਦਾਦ ਦੀ ਚੋਰੀ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ। ਜਾਂਚਕਾਰਾਂ ਅਨੁਸਾਰ ਪੀੜਤਾ ਨੂੰ ਇਕ ਵਿਅਕਤੀ ਨੇ ਫੋਨ ਉਪਰ ਆਪਣੇ ਆਪ ਨੂੰ ਸੰਘੀ ਏਜੰਟ ਦਸ ਕੇ ਕਿਹਾ ਕਿ ਉਸ ਦਾ ਬੈਂਕ ਅਕਾਊਂਟ ਹੈਕ ਹੋ ਗਿਆ ਹੈ ਤੇ ਬੇਹਤਰੀ ਇਸ ਵਿੱਚ ਹੈ ਕਿ ਉਹ ਆਪਣੇ ਪੈਸੇ ਨੂੰ ਸੋਨੇ ਵਿੱਚ ਨਿਵੇਸ਼ ਕਰ ਦੇਵੇ। ਔਰਤ ਇਨਾਂ ਦੇ ਝਾਂਸੇ ਵਿੱਚ ਆ ਗਈ ਤੇ ਉਸ ਨੇ 1 ਮਾਰਚ ਨੂੰ ਸੋਨੇ ਦੇ ਰੂਪ ਵਿੱਚ 3,32,750 ਡਾਲਰ ਤੇ 15 ਮਾਰਚ ਨੂੰ 1,39,500 ਡਾਲਰ ਸੋਨੇ ਦੇ ਰੂਪ ਵਿੱਚ ਆਪਣੇ ਕੇਨੋਸ਼ਾ ਸਥਿੱਤ ਘਰ ਵਿੱਚ ਇਨਾਂ ਨੂੰ ਸੌਂਪ ਦਿੱਤੇ। ਔਰਤ ਦਾ ਕੁਲ ਨੁਕਸਾਨ 6,53,000 ਡਾਲਰ ਤੋਂ ਵਧ ਦਾ ਹੋਇਆ। ਐਡੀਸਨ, ਇਲੀਨੋਇਸ ਪੁਲਿਸ ਨੇ ਨੰਦਨੀ ਨੂੰ ਗ੍ਰਿਫਤਾਰ ਕਰ ਲਿਆ ਹੈ ਜਿਸ ਨੇ ਮੰਨਿਆ ਕਿ ਉਸ ਨੇ ਔਰਤ ਦੇ ਘਰੋਂ ਸੋਨਾ ਲਿਆ ਹੈ। ਉਸ ਨੇ ਆਪਣੇ ਦੂਜੇ ਸਾਥੀ ਦਾ ਨਾਂ ਠਾਕਰ ਦੱਸਿਆ ਜੋ ਅਜੇ ਪੁਲਿਸ ਦੀ ਪਹੁੰਚ ਤੋਂ ਬਾਹਰ ਹੈ।

# ਨਸ਼ਿਆਂ ਨਾਲ ਪੰਜਾਬ ਲੱਥ-ਪੱਥ

## ਮੁੱਖ ਪੰਨੇ ਦਾ ਬਾਕੀ ਹਿੱਸਾ

***ਸਭ ਤੋਂ ਵੱਡੀ ਸਮੱਸਿਆ: ਓਟ ਸੈਂਟਰ ਦਾ ਗਲਤ ਜਗ੍ਹਾ 'ਤੇ ਹੋਣਾ***

ਸ਼ਹਿਰ ਵਾਸੀਆਂ ਦਾ ਮੰਨਣਾ ਹੈ ਕਿ ਇਸ ਸਾਰੀ ਸਮੱਸਿਆ ਦੀ ਜੜ੍ਹ ਓਟ ਸੈਂਟਰ ਦਾ ਸ਼ਹਿਰ ਦੇ ਬਿਲਕੁਲ ਵਿਚਕਾਰ ਸਥਿਤ ਹੋਣਾ ਹੈ। ਸਰਕਾਰੀ ਹਸਪਤਾਲ ਸ਼ਾਹਕੋਟ ਸ਼ਹਿਰ ਦੇ ਸੰਘਣੀ ਆਬਾਦੀ ਵਾਲੇ ਖੇਤਰ ਵਿੱਚ ਹੈ। ਜਦੋਂ 800 ਤੋਂ 900 ਦੇ ਕਰੀਬ ਨਸ਼ੇੜੀ ਰੋਜ਼ਾਨਾ ਸ਼ਹਿਰ ਦੇ ਵਿਚਕਾਰ ਇਕੱਠੇ ਹੁੰਦੇ ਹਨ, ਤਾਂ ਟ੍ਰੈਫਿਕ ਜਾਮ ਲੱਗਣਾ, ਲੜਾਈ-ਝਗੜੇ ਹੋਣਾ ਅਤੇ ਅਰਾਜਕਤਾ ਫੈਲਣੀ ਸੁਭਾਵਿਕ ਹੈ। ਅਜਿਹੇ ਕੇਂਦਰ ਸ਼ਹਿਰ ਤੋਂ ਬਾਹਰ ਖੁੱਲ੍ਹੀਆਂ ਥਾਵਾਂ 'ਤੇ ਹੋਣੇ ਚਾਹੀਦੇ ਹਨ, ਤਾਂ ਜੋ ਸ਼ਹਿਰੀ ਆਬਾਦੀ ਨੂੰ ਇਸ ਦੇ ਮਾੜੇ ਪ੍ਰਭਾਵਾਂ ਤੋਂ ਬਚਾਇਆ ਜਾ ਸਕੇ ਅਤੇ ਮਰੀਜ਼ਾਂ ਦਾ ਇਲਾਜ ਵੀ ਇਕਾਂਤ ਵਿਚ ਹੋ ਸਕੇ।

***ਨਸ਼ੇੜੀਆਂ ਕਾਰਨ ਓਪੀਡੀ ਘਟੀ, ਹਸਪਤਾਲ ਸਟਾਫ ਵੀ ਪ੍ਰੇਸ਼ਾਨ***

ਸੀ ਐਚ ਸੀ ਸ਼ਾਹਕੋਟ ਦੇ ਸੀਨੀਅਰ ਮੈਡੀਕਲ ਅਫਸਰ ਡਾ. ਦੀਪਕ ਚੰਦਰ ਨੇ ਦੱਸਿਆ ਕਿ ਓਟ ਸੈਂਟਰ ਵਿਚ ਗੋਲੀ ਲੈਣ ਆਉਂਦੇ ਵਿਅਕਤੀਆਂ ਕਾਰਨ ਹਸਪਤਾਲ ਦੇ ਕੰਮ-ਕਾਜ 'ਤੇ ਵੀ ਅਸਰ ਪਿਆ ਹੈ। ਮਰੀਜ਼ ਘੱਟ ਆਉਣ ਕਾਰਨ ਓ ਪੀ ਡੀ ਘੱਟ ਗਈ ਹੈ। ਉਨ੍ਹਾਂ ਦੱਸਿਆ ਕਿ ਹਸਪਤਾਲ 'ਚੋਂ ਵੀ 3 ਏ.ਸੀ., 5000 ਤੋਂ ਵੱਧ ਨਸ਼ਾ ਛੁਡਾਊ ਗੋਲੀਆਂ ਤੇ ਕਰਮਚਾਰੀਆਂ ਦੇ ਮੋਟਰਸਾਈਕਲ ਤੇ ਹੋਰ ਵਾਹਨ ਚੋਰੀ ਹੋ ਚੁੱਕੇ ਹਨ। ਪੁਲਿਸ ਨੂੰ ਸੂਚਿਤ ਕਰਨ ਦੇ ਬਾਵਜੂਦ ਵੀ ਅਜੇ ਤਕ ਚੋਰੀ ਕਰਨ ਵਾਲੇ ਫੜੇ ਨਹੀਂ ਜਾ ਸਕੇ ਹਨ ਤੇ ਨਾ ਹੀ ਸਮਾਨ ਬਰਾਮਦ ਹੋਇਆ ਹੈ। ਉਨ੍ਹਾਂ ਦੱਸਿਆ ਕਿ ਮੈਡੀਕਲ ਸਟੋਰਾਂ ਵਾਲੇ ਵੱਧ ਪੈਸੇ ਲੈ ਕੇ ਨਸ਼ੇੜੀਆਂ ਨੂੰ ਟੀਕੇ ਤੇ ਸਰਿੰਜਾਂ ਵੇਚਦੇ ਹਨ। ਇਹ ਵੀ ਸਾਹਮਣੇ ਆਇਆ ਹੈ ਕਿ ਹਸਪਤਾਲ ਦੀ ਪੁਰਾਣੀ ਬਿਲਡਿੰਗ 'ਚ ਬਣੀ ਐੱਸਐੱਮਓ ਦੀ ਰਿਹਾਇਸ਼ ਵਿਚ ਨਸ਼ੇੜੀਆਂ ਨੇ ਪੱਕਾ ਬਿਸਤਰਾ ਲਗਾਇਆ ਹੋਇਆ ਹੈ ਤੇ ਉੱਥੇ ਸ਼ਰੇਆਮ ਨਸ਼ੇ ਦੇ ਟੀਕੇ ਤੇ ਹੋਰ ਗਲਤ ਕੰਮ ਹੁੰਦਾ ਹੈ।

***'ਰੰਗਲਾ ਪੰਜਾਬ' ਬਣਾਉਣ ਲਈ ਚਲਾਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੀ ਨਿਕਲੀ ਫੂਕ***

ਰੈਜ਼ੀਡੈਂਸ਼ੀਅਲ ਵੈਲਫੇਅਰ ਐਸੋਸੀਏਸ਼ਨ ਦੇ ਜਨਰਲ ਸਕੱਤਰ ਐਡਵੋਕੇਟ ਡੈਨੀਅਲ ਗਿੱਲ, ਜਿਨ੍ਹਾਂ ਵੱਲੋਂ ਓਟ ਸੈਂਟਰ ਦਾ ਮਸਲਾ ਮਨੁੱਖੀ ਅਧਿਕਾਰ ਕਮਿਸ਼ਨ ਦੇ ਸਾਹਮਣੇ ਉਠਾਇਆ ਗਿਆ ਹੈ, ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਚਲਾਈ 'ਯੁੱਧ ਨਸ਼ਿਆਂ ਵਿਰੁੱਧ' ਸ਼ਾਹਕੋਟ ਵਿਖੇ ਮਹਿਜ਼ ਇੱਕ ਮਜ਼ਾਕ ਬਣ ਕੇ ਰਹਿ ਗਈ ਹੈ। ਭਾਵੇਂ ਸਰਕਾਰ ਤੇ ਪੁਲਿਸ ਪ੍ਰਸ਼ਾਸਨ ਹਰ ਰੋਜ਼ ਨਸ਼ਾ ਤਸਕਰਾਂ ਦੇ ਲੱਕ ਤੋੜਨ ਤੇ ਪੰਜਾਬ ਨੂੰ 'ਰੰਗਲਾ ਪੰਜਾਬ' ਬਣਾਉਣ ਦੇ ਵੱਡੇ-ਵੱਡੇ ਦਾਅਵੇ ਕਰਦੇ ਹਨ, ਪਰ ਓਟ ਸੈਂਟਰ ਦੇ ਬਾਹਰਲੇ ਹਾਲਾਤ ਸਰਕਾਰ ਦੀ ਇਸ ਮੁਹਿੰਮ ਦੀ ਅਸਲ ਪੋਲ ਖੋਲ੍ਹ ਰਹੇ ਹਨ।

ਜਿੱਥੇ ਇੱਕ ਪਾਸੇ ਸਰਕਾਰ ਨਸ਼ਾ ਖਤਮ ਕਰਨ ਦੀ ਗੱਲ ਕਰਦੀ ਹੈ, ਉੱਥੇ ਹੀ ਦੂਜੇ ਪਾਸੇ ਸ਼ਹਿਰ ਦੇ ਸਰਕਾਰੀ ਹਸਪਤਾਲ ਦੇ ਬਾਹਰ ਸ਼ਰੇਆਮ ਨਸ਼ਾ ਵਿਕਣਾ ਅਤੇ ਨਸ਼ੇੜੀਆਂ ਦਾ ਬੇਖੌਫ ਘੁੰਮਣਾ ਇਹ ਸਾਬਤ ਕਰਦਾ ਹੈ ਕਿ ਸਰਕਾਰੀ ਹੁਕਮ ਤੇ ਮੁਹਿੰਮਾਂ ਸਿਰਫ ਅਖਬਾਰੀ ਬਿਆਨਾਂ ਅਤੇ ਇਸ਼ਤਿਹਾਰਾਂ ਤੱਕ ਹੀ ਸੀਮਤ ਹਨ। ਜੇਕਰ ਸਰਕਾਰ ਦੀ ਨੀਅਤ ਸਾਫ਼ ਹੁੰਦੀ ਅਤੇ ਮੁਹਿੰਮ ਅਸਰਦਾਰ ਹੁੰਦੀ, ਤਾਂ ਅੱਜ ਨਸ਼ਾ ਤਸਕਰਾਂ ਵਿਚ ਕਾਨੂੰਨ ਦਾ ਡਰ ਹੁੰਦਾ, ਪਰ ਇੱਥੇ ਤਾਂ ਕਾਨੂੰਨ ਖੁਦ ਨਸ਼ੇੜੀਆਂ ਅੱਗੇ ਬੇਵੱਸ ਨਜ਼ਰ ਆ ਰਿਹਾ ਹੈ।


**CHANGE OF NAME**

Please one tick box
- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

Account Name: Punjab Times Trust Ltd

Account No: 20853011 Sort Code: 20-25-85


# ਉੱਘੇ ਗੀਤਕਾਰ ਝਲਮਣ ਸਿੰਘ ਢੰਡਾ ਨਹੀਂ ਰਹੇ



ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਉੱਘੇ ਗੀਤਕਾਰ ਝਲਮਣ ਸਿੰਘ ਢੰਡਾ ਦਾ ਬੀਤੇ ਸ਼ਨਿਚਰਵਾਰ 29 ਨਵੰਬਰ ਨੂੰ ਅਚਾਨਕ ਦੇਹਾਂਤ ਹੋ ਗਿਆ। ਉਹ ਕੁਝ ਸਮੇਂ ਲਈ ਪੰਜਾਬ ਗਏ ਹੋਏ ਸਨ। ਉਹਨਾਂ ਦਾ ਅੰਤਿਮ ਸੰਸਕਾਰ ਪਿੰਡ ਝੰਡਾ ਵਿਖੇ ਕੀਤਾ ਗਿਆ। ਝਲਮਣ ਸਿੰਘ ਢੰਡਾ ਨੇ ਪੰਜਾਬ ਅਤੇ ਖਾਸ ਤੌਰ ਤੇ ਸਿੱਖ ਇਤਿਹਾਸ ਕੇ ਬਹੁਤ ਗੀਤ, ਕਵਿਤਾਵਾਂ ਅਤੇ ਵਾਰਾਂ ਲਿਖੀਆਂ। ਜਿਹਨਾਂ ਨੂੰ ਤਰਸੇਮ ਸਿੰਘ ਮੋਰਾਂਵਾਲੀ, ਸੁਖਸ਼ਿੰਦਰ ਸ਼ਿੰਦਾ ਅਤੇ ਬਹੁਤ ਸਾਰੇ ਢਾਡੀ ਜੱਥਿਆਂ ਵੱਲੋਂ ਗਾਇਆ ਗਿਆ। ਸ: ਢੰਡਾ ਨੇ ਉੱਘੇ ਕੀਰਤਨੀਏ ਗਿਆਨ ਸਿੰਘ ਸੁਰਜੀਤ ਤੋਂ ਸੰਗੀਤ ਦੀ ਸਿੱਖਿਆ ਪ੍ਰਾਪਤ ਕੀਤੀ। ਸ: ਢੰਡਾ ਨੇ ਆਪਣੇ ਗੀਤਾਂ ਦੀਆਂ ਕਿਤਾਬਾਂ ਵੀ ਪੰਥ ਦੀ ਝੋਲੀ ਪਾਈਆਂ। ਮੌਜੂਦਾ ਸੰਘਰਸ਼ ਦੇ ਯੋਧਿਆ ਦਾ ਇਤਿਹਾਸ ਵੀ ਉਹਨਾਂ ਦੀ ਕਲਮ ਨੇ ਲਿਖਿਆ। ਉਹ ਆਪਣੇ ਪ੍ਰੀਵਾਰ ਨਾਲ ਗ੍ਰੇਵਜ਼ੈਂਡ ਵਿਖੇ ਰਹਿ ਰਹੇ ਸਨ। ਗੁਰਦੁਆਰਾ ਸ੍ਰੀ ਗੁਰੂ ਨਾਨਕ ਦਰਬਾਰ ਗ੍ਰੇਵਜ਼ੈਂਡ ਦੇ ਅਣਥੱਕ ਸੇਵਾਦਾਰ ਵਜੋਂ ਵੀ ਆਪਣੀਆਂ ਸੇਵਾਵਾਂ ਦਿੰਦੇ ਰਹੇ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਧਾਨ ਇੰਦੀ ਸਿੰਘ ਸੱਲ, ਦਵਿੰਦਰ ਸਿੰਘ ਭਿੰਦਾ ਮੁਠੱਡਾ, ਸਤਨਾਮ ਸਿੰਘ ਸੱਤਾ ਮੁਠੱਡਾ, ਰਸ਼ਪਾਲ ਸਿੰਘ ਪਾਲਾ ਸਹੋਤਾ, ਸੁਰਿੰਦਰ ਸਿੰਘ ਮਾਣਕ, ਗੁਰਪਾਲ ਸਿੰਘ ਉੱਪਲ, ਗ੍ਰੇਵਜ਼ੈਂਡ ਕਬੱਡੀ ਕਲੱਬ, ਇੰਗਲੈਂਡ ਕਬੱਡੀ ਫੈਡਰੇਸ਼ਨ ਪ੍ਰਧਾਨ ਕਰਮਜੀਤ ਸਿੰਘ ਕੰਮਾ ਔਜਲਾ, ਚੇਅਰਮੈਨ ਬਲਵਿੰਦਰ ਸਿੰਘ ਚੱਠਾ, ਗਾਇਕ ਸੁਖਸ਼ਿੰਦਰ ਸ਼ਿੰਦਾ, ਬਲਦੇਵ ਔਜਲਾ ਬੁਲਟ, ਪੰਜਾਬੀ ਸਾਹਿਤ ਕਲਾ ਕੇਂਦਰ ਯੂ ਕੇ, ਸੰਤੋਖ ਸਿੰਘ ਢੇਸੀ, ਮਨਪ੍ਰੀਤ ਸਿੰਘ ਬੱਧਨੀ ਕਲਾਂ ਆਦਿ ਨੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਪੰਜਾਬੀ ਸਾਹਿਤ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਕਿਹਾ ਹੈ।

# ਅੰਤਰਰਾਸ਼ਟਰੀ ਪ੍ਰਵਾਸ ਕਾਰਨ ਗਲਾਸਗੋ ਦੀ ਅਬਾਦੀ ਵਧੀ




ਗਲਾਸਗੋ,(ਹਰਜੀਤ ਦੁਸਾਂਝ ਪੁਆਦੜਾ) - ਨੈਸ਼ਨਲ ਰਿਕਾਰਡ ਆਫ ਸਕਾਟਲੈਂਡ ਦੇ ਤਾਜ਼ਾ ਅੰਕੜਿਆਂ ਅਨੁਸਾਰ ਪਿਛਲੇ ਸਾਲ ਗਲਾਸਗੋ ਸ਼ਹਿਰ ਦੀ ਆਬਾਦੀ ਅੰਤਰਰਾਸ਼ਟਰੀ ਪ੍ਰਵਾਸ ਕਾਰਨ ਵਧੀ ਹੈ। ਜੂਨ 2024 ਅਤੇ ਜੂਨ 2025 ਦੇ ਵਿਚਕਾਰ ਸ਼ਹਿਰ ਵਿੱਚ ਰਹਿਣ ਵਾਲੇ ਲੋਕਾਂ ਦੀ ਗਿਣਤੀ ਵਿੱਚ 14130 ਦਾ ਵਾਧਾ ਹੋਇਆ, ਜਿਸ ਵਿੱਚ 11,540 ਪ੍ਰਵਾਸੀਆਂ ਦੀ ਗਿਣਤੀ ਰਿਕਾਰਡ ਹੋਈ ਹੈ। ਇਸ ਦਾ ਮੁੱਖ ਕਾਰਨ ਅੰਤਰਰਾਸ਼ਟਰੀ ਪ੍ਰਵਾਸ ਹੈ, ਜਿਸ ਵਿੱਚ ਗਲਾਸਗੋ ਛੱਡਣ ਨਾਲੋਂ ਜ਼ਿਆਦਾ ਲੋਕ ਗਲਾਸਗੋ ਆ ਕੇ ਵਸੇ, ਜਦੋਂ ਕਿ ਮੌਤਾਂ ਦੀ ਦਰ ਜਨਮ ਦਰ ਨਾਲੋਂ ਜ਼ਿਆਦਾ ਰਹੀ । ਅੰਕੜੇ ਦਰਸਾਉਂਦੇ ਹਨ ਕਿ ਗਲਾਸਗੋ ਵਿੱਚ 20,400 ਵਿਦੇਸ਼ੀ ਲੋਕ ਗਲਾਸਗੋ ਆ ਕੇ ਵਸੇ ਅਤੇ ਸਿਰਫ 6270 ਛੱਡ ਕੇ ਗਏ । ਜੂਨ 2025 ਵਿੱਚ ਸ਼ਹਿਰ ਦੀ ਆਬਾਦੀ 650,300 ਸੀ ਜੋ ਇੱਕ ਸਾਲ ਪਹਿਲਾਂ 638760 ਸੀ। ਇੱਕ ਅਧਿਐਨ ਅਨੁਸਾਰ ਜਨਮ ਅਤੇ ਪ੍ਰਜਨਨ ਦਰ ਸਭ ਤੋਂ ਘੱਟ ਹੈ ਅਤੇ ਲਗਾਤਾਰ ਨੌਵੇਂ ਸਾਲ ਵਿੱਚ ਜਨਮਾਂ ਨਾਲੋਂ ਵੱਧ ਮੌਤਾਂ ਹੋਈਆਂ।

# ਪੰਜਾਬ ਭਾਜਪਾ ਨੇ ਕੈਪਟਨ ਦਾ ਦਾਅਵਾ ਕੀਤਾ ਰਦ !

## ✪ ਸਾਰੀਆਂ 117 ਸੀਟਾਂ ਤੋਂ ਚੋਣਾਂ ਲੜਨ ਦਾ ਦਾਅਵਾ



ਅੰਮ੍ਰਿਤਸਰ-ਭਾਜਪਾ ਲੀਡਰ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਪੰਜਾਬ ਵਿੱਚ ਅਕਾਲੀ ਦਲ (ਬਾਦਲ) ਨਾਲ ਗਠਜੋੜ ਜ਼ਰੂਰੀ ਦੱਸਣ ਵਾਲੇ ਬਿਆਨ ਨੂੰ ਭਾਜਪਾ ਨੇ ਨਕਾਰ ਦਿੱਤਾ ਹੈ। ਪੰਜਾਬ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਕਿਹਾ: "ਕੈਪਟਨ ਸਾਹਿਬ ਵੱਡੇ ਹਨ, ਉਨ੍ਹਾਂ ਨੇ ਆਪਣਾ ਨਿੱਜੀ ਵਿਚਾਰ ਰੱਖਿਆ ਹੈ। ਪਾਰਟੀ ਪਹਿਲੇ ਦਿਨ ਤੋਂ ਸਪੱਸ਼ਟ ਹੈ, 117 ਸੀਟਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪਾਰਟੀ ਆਪਣੀ ਗਤੀਵਿਧੀ ਕਰ ਰਹੀ ਹੈ, ਯੋਜਨਾ ਬਣਾ ਰਹੀ ਹੈ ਅਤੇ ਸੰਗਠਨ ਦੇ ਢਾਂਚੇ ਦਾ ਵਿਸਥਾਰ ਕਰ ਰਹੀ ਹੈ। ਪਾਰਟੀ 117 ਸੀਟਾਂ 'ਤੇ ਸੰਗਠਨਾਤਮਕ ਅਤੇ ਅੰਦੋਲਨਾਤਮਕ ਢੰਗ ਨਾਲ ਕੰਮ ਕਰ ਰਹੀ ਹੈ।"

## CHANGE OF NAME

I, JYOTI D/O MR PARAMJIT SINGH WHOSE PERMANENT ADDRESS IN INDIA IS VILLAGE KUDDOWAL, DISTT JALANDHAR, PUNJAB 144803 AND NOW LIVING AT 1020 ALDRIDGE ROAD, GREAT BARR, BIRMINGHAM, B44 8NX HEREBY GIVE NOTICE OF MY INTENTION TO CHANGE MY NAME TO JYOTI (GIVEN NAME) TALWAR (SURNAME). (U/I)

# ਪੰਜਾਬੀ ਬੀਬੀ ਦੇ ਕਤਲ ਦੇ ਦੋਸ਼ ਹੇਠ ਦਿਓਰ ਗ੍ਰਿਫਤਾਰ

## ✪ ਡੈਲਟਾ ਸ਼ਹਿਰ ਦੇ ਹਾਈਵੇਅ ਤੇ ਕਾਰ ਵਿਚ ਸੜੀ ਮਿਲੀ ਸੀ ਔਰਤ



ਡੈਲਟਾ-ਇੱਥੋਂ ਦੇ ਡੈਲਟਾ ਸ਼ਹਿਰ ਵਿੱਚ ਇੱਕ ਮਹੀਨਾ ਪਹਿਲਾਂ ਹਾਈਵੇਅ ਤੇ ਸੜੀ ਹੋਈ ਕਾਰ ਵਿਚੋਂ ਮਿਲੀ ਔਰਤ ਦੀ ਲਾਸ਼ ਸਬੰਧੀ ਮਾਮਲੇ ਦੀ ਪੜਤਾਲ ਦੌਰਾਨ ਪੁਲੀਸ ਨੇ ਮ੍ਰਿਤਕ ਮਨਦੀਪ ਕੌਰ ਖਹਿਰਾ ਦੇ ਦਿਓਰ ਨੂੰ ਗ੍ਰਿਫਤਾਰ ਕਰ ਲਿਆ ਹੈ। ਇਸ ਸਬੰਧੀ ਗੁਰਜੋਤ ਸਿੰਘ ਖਹਿਰਾ (24) ਵਾਸੀ ਸਰੀ ਉੱਤੇ ਦੂਜਾ ਦਰਜਾ ਕਤਲ ਦੇ ਦੋਸ਼ ਆਇਦ ਕੀਤੇ ਗਏ ਹਨ, ਜਿਸ ਨੂੰ 11 ਦਸੰਬਰ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ। ਜਾਣਕਾਰੀ ਅਨੁਸਾਰ ਮ੍ਰਿਤਕਾ ਪਹਿਲਾਂ ਐਡਮਿੰਟਨ ਰਹਿੰਦੀ ਸੀ, ਪਰ ਵਿਆਹ ਤੋਂ ਬਾਅਦ ਪਤੀ ਕੋਲ ਸਰੀ ਜਾ ਵਸੀ। ਉਹ ਲੁਧਿਆਣਾ ਜਿਲੇ ਦੇ ਪਿੰਡ ਗੁਜਰਵਾਲ ਤੋਂ ਸਿਧਵਾਂ ਬੇਟ ਨੇੜਲੇ ਪਿੰਡ ਲੋਧੀਵਾਲ ਦੇ ਪਿਛੋਕੜ ਵਾਲੇ ਪਰਿਵਾਰ ਵਿਚ ਵਿਆਹੀ ਗਈ ਸੀ। ਡੈਲਟਾ ਪੁਲੀਸ ਨੂੰ ਕਰੀਬ ਇੱਕ ਮਹੀਨਾ ਪਹਿਲਾਂ ਹਾਈਵੇਅ 17 'ਤੇ 70 ਸਟਰੀਟ ਨਜ਼ਦੀਕ ਅੱਗ ਲੱਗੀ ਇੱਕ ਬਾਰੇ ਸੂਚਨਾ ਮਿਲੀ ਸੀ, ਜਿਸ ਵਿੱਚ ਮਹਿਲਾ ਦੀ ਸੜੀ ਹੋਈ ਲਾਸ਼ ਮਿਲੀ ਸੀ। ਮਾਮਲੇ ਦੀ ਪੜਤਾਲ ਦੌਰਾਨ ਮ੍ਰਿਤਕ ਮਹਿਲਾ ਦੇ ਦਿਓਰ ਖ਼ਿਲਾਫ਼ ਪੁਲੀਸ ਦੇ ਹੱਥ ਠੋਸ ਸਬੂਤ ਲੱਗੇ ਹਨ। ਡੈਲਟਾ ਪੁਲੀਸ ਵੱਲੋਂ ਹੱਤਿਆ ਦਾ ਕਾਰਨ ਅਤੇ ਹਾਦਸੇ ਦੇ ਵੇਰਵਿਆਂ ਬਾਰੇ ਪੂਰਾ ਖੁਲਾਸਾ ਨਹੀਂ ਕੀਤਾ ਗਿਆ ਹੈ। ਸੁਨਹਿਰੇ ਭਵਿੱਖ ਦੀ ਭਾਲ ਵਿੱਚ ਕਨੇਡਾ ਗਈ ਲੁਧਿਆਣਾ ਜਿਲ੍ਹਾ ਅਧੀਨ ਪੈਂਦੇ ਪਿੰਡ ਗੁੱਜਰਵਾਲ ਦੀ ਇੱਕ ਕਿਸਾਨ ਪਰਿਵਾਰ ਦੀ ਧੀ ਮਨਦੀਪ ਕੌਰ ਨੂੰ ਕਿਸੇ ਨੇ ਹੋਰ ਨਹੀਂ ਉਸ ਦੇ ਦਿਉਰ ਨੇ ਗੈਰ ਮਨੁੱਖੀ ਢੰਗ ਨਾਲ ਕਤਲ ਕਰਕੇ ਕਾਰ ਵਿੱਚ ਸਾੜਿਆ ਦਿੱਤਾ ਸੀ। ਜ਼ਿਕਰਯੋਗ ਹੈ ਕਿ ਅਚਾਨਕ ਇੱਕ ਮਹੀਨਾ ਪਹਿਲਾਂ ਕੈਨੇਡਾ ਵਿੱਚ ਹੀ ਕਿਸੇ ਹੋਰ ਥਾਂ ਰਹਿੰਦੇ ਉਸ ਦੇ ਪਿਤਾ ਜਗਦੇਵ ਸਿੰਘ ਨੂੰ ਕਾਰ ਹਾਦਸੇ ਦੀ ਸੂਚਨਾ ਮਿਲੀ। 6 ਨਵੰਬਰ ਨੂੰ ਸਰੀ ਵਿਖੇ ਮਨਦੀਪ ਕੌਰ ਦਾ ਸਸਕਾਰ ਕਰਨ ਤੋਂ ਬਾਅਦ ਪਰਿਵਾਰ ਨੂੰ ਉੱਥੋਂ ਦੀ ਪੁਲੀਸ ਤੋਂ ਪਤਾ ਚੱਲਿਆ ਕਿ ਉਸ ਦੇ ਦਿਓਰ ਗੁਰਜੋਤ ਸਿੰਘ ਨੇ ਉਸ ਦੀ ਲਾਸ਼ ਨੂੰ ਇੱਕ ਥਾਂ ਤੋਂ ਦੂਸਰੀ ਥਾਂ ਤਬਦੀਲ ਕੀਤਾ ਸੀ ਜਿਸ ਸਬੰਧ ਵਿੱਚ ਉਸ ਵਿਰੁੱਧ ਪਰਚਾ ਦਰਜ ਕੀਤਾ ਗਿਆ ਹੈ। ਸ਼ੁੱਕਰਵਾਰ ਨੂੰ ਜਦੋਂ ਪਿਤਾ ਜਗਦੇਵ ਸਿੰਘ ਜੱਗੀ ਪਰਿਵਾਰ ਸਮੇਤ ਮਨਦੀਪ ਕੌਰ ਦੀਆਂ ਅਸਥੀਆਂ ਪ੍ਰਵਾਹ ਕਰਕੇ ਮੁੜੇ ਤਾਂ ਪਤਾ ਚੱਲਿਆ ਕਿ ਉਨ੍ਹਾਂ ਦੀ ਧੀ ਦਾ ਕਤਲ ਗੁਰਜੋਤ ਸਿੰਘ ਨੇ ਹੀ ਕੀਤਾ ਸੀ। ਜੱਗੀ ਨੇ ਤਸੱਲੀ ਪ੍ਰਗਟ ਕੀਤੀ ਕਿ ਜੇ ਕੈਨੇਡਾ ਦੀ ਪੁਲੀਸ ਸ਼ੱਕ ਦੇ ਅਧਾਰ 'ਤੇ ਕਾਰਵਾਈ ਨਾ ਕਰਦੀ ਤਾਂ ਉਨ੍ਹਾਂ ਨੂੰ ਕਦੇ ਵੀ ਇਹ ਪਤਾ ਨਹੀਂ ਲੱਗਣਾ ਸੀ ਕਿ ਦਰਿੰਦਿਆਂ ਨੇ ਉਸ ਦੀ ਬਲੀ ਲਈ ਹੈ।

# ਡੰਗ ਮਨਚੰਦੇ ਦੇ



ਤੇਜਿੰਦਰ ਮਨਚੰਦਾ ਪ੍ਰਦੇਸੀ
rajinder.pardesi7@gmail.com




# ਆਓ ਘਰੇ ਬੈਠੇ ਆਪਣੀ ਮਾਂ ਬੋਲੀ ਪੰਜਾਬੀ ਸਿੱਖੀਏ

ਪੰਜਾਬ ਟਾਈਮਜ਼ ਨੂੰ ਲਗਾਤਾਰ ਸਹਿਯੋਗ ਦੇਣ ਵਾਲੇ ਸਾਡੇ ਬਹੁਤ ਹੀ ਸੁਹਿਰਦ ਸੱਜਣਾਂ ਦੇ ਸੁਝਾਅ 'ਤੇ ਇਹ ਨਵਾਂ ਕਾਲਮ ਪੰਜਾਬੀ ਸਿੱਖਣ ਦੇ ਚਾਹਵਾਨਾਂ ਲਈ ਸ਼ੁਰੂ ਕੀਤਾ ਗਿਆ ਹੈ। ਇਸ ਵਿੱਚ ਹਰ ਹਫ਼ਤੇ ਅਗਲਾ ਨਵਾਂ ਪਾਠ ਲਈ ਦਿੱਤਾ ਜਾਂਦਾ ਹੈ ....

**ਜਿਸ ਕਿਤਾਬ ਤੋਂ ਇਹ ਸਬਕ ਸ਼ੁਰੂ ਕੀਤਾ ਗਿਆ ਹੈ, ਇਸ ਦੇ ਚਾਰ ਭਾਗ (ਲੈਵਲ) ਹਨ। ਇਥੇ ਇਹ ਸਬਕ ਪਹਿਲੇ ਭਾਗ ਵਿੱਚੋਂ ਹੈ .....**

**ਹੁਣ ਤੁਸੀਂ ਕੀ ਕਰਨਾ ਹੈ?**

ਆਪਣੇ ਬੱਚੇ ਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਓ ਤੇ ਅੱਖਰ ਬੋਲਣੇ ਦੱਸੋ। ਪੂਰਾ ਹਫਤਾ ਹਰ ਰੋਜ਼ ਇੱਕ ਵਾਰ ਬੱਚੇ ਨਾਲ ਕੁੱਝ ਮਿੰਟ ਸਮਾਂ ਜ਼ਰੂਰ ਬਿਤਾਓ, ਉਹ ਜਲਦੀ ਹੀ ਸਿੱਖਣਾ ਸ਼ੁਰੂ ਕਰ ਦੇਵੇਗਾ। ਇੰਝ ਆਪਾਂ ਆਪਣੇ ਬੱਚਿਆਂ ਨੂੰ ਆਪਣੀ ਮਾਂ ਬੋਲੀ ਅਤੇ ਵਿਰਸੇ ਨਾਲ ਜੋੜ ਸਕਾਂਗੇ।

**ਜਿਹਨਾਂ ਨੇ ਬੱਚਿਆਂ ਨੂੰ ਪੰਜਾਬੀ ਸਿਖਾਉਣੀ ਸ਼ੁਰੂ ਕੀਤੀ ਹੈ, ਸਾਨੂੰ ਇਸ ਬਾਰੇ ਲਿਖ ਕੇ ਸੁਝਾਅ ਜ਼ਰੂਰ ਭੇਜੋ ...**

## ਆਓ ਦੋ ਅੱਖਰਾਂ ਨੂੰ ਜੋੜ ਕੇ ਪੜ੍ਹਨਾ ਤੇ ਲਿਖਣਾ ਸਿਖੀਏ...

ਪਾਠ 23

Mukta: ਮੁਕਤਾ

Mukta is symbol-free i.e. has no vowel-symbol.
The sound of Vowels (a,e,i,o,u) in words like:
Her, Sir, Ton, Bus, Jug
ਹਰ, ਸਰ, ਟਨ, ਬਸ, ਜਗ

To make a word, you need minimum two letters as we see in the above words. Today we make two letter words (ਦੋ ਅੱਖਰੀ ਸ਼ਬਦ) with letters ਟ, ਠ, ਡ, ਢ, ਣ

ਟਕ ਟਮ ਟਸ ਟਰ ਟਚ
ਠਕ ਠਗ ਠਰ ਡਬ ਡਸ
ਡਨ ਡਰ ਢਡ ਢਲ ਢਕ


ਣ ਨਾਲ ਕੋਈ ਵੀ ਸ਼ਬਦ ਸ਼ੁਰੂ ਨਹੀਂ ਹੁੰਦਾ ।

Class Exercise : Make two letter words which at least use one of the letters - ਟ, ਠ, ਡ, ਢ, ਣ

Note: Certain words above require the use of adhak; for the purpose of this activity we are leaving these words in mukta form.

ਸਿੱਖਿਆ – ਗੁਰਮੁਖੀ Page 46 Level I

ਘਰ ਬੈਠੇ ਆਪ ਵੀ ਗੁਰਮੁਖੀ (ਪੰਜਾਬੀ) ਸਿੱਖ ਸਕਦੇ ਹੋ ਤੇ ਆਪਣੇ ਬੱਚਿਆਂ ਨੂੰ ਵੀ ਇਹਨਾਂ ਕਿਤਾਬਾਂ ਦੀ ਮਦਦ ਨਾਲ ਸਿਖਾ ਸਕਦੇ ਹੋ। 4 ਕਿਤਾਬਾਂ ਦੇ ਸੈੱਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ 'ਤੇ ਡਿਸਕਾਊਂਟ ਦਿੰਦੇ ਹਾਂ।




ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

PANJAB TIMES, Bridle Gate Lane, Derby, DE24 0QW, U.K.
Email:panjabtimes@gmail.com, www.panjabtimes.uk
WhatsApp No. 07966 388 388

# ਹੜ੍ਹਾਂ ਦੀ ਤਬਾਹੀ ਬਾਅਦ ਸਿੱਖ ਸੇਵਕ ਸੁਸਾਇਟੀ ਨੇ ਲਈ ਪੀੜਤਾਂ ਦੀ ਸਾਰ

## ✪ ਮੰਡਾਲਾ ਛੰਨਾ ਵਿਚ ਗੁਰਮਤਿ ਸਮਾਗਮ ਕਰਵਾਇਆ, ਧਰਮ ਬਦਲੀਆਂ ਨੂੰ ਪਾਈ ਠਲ
## ✪ ਦਲਿਤਾਂ ਤੋਂ ਗੁਰਸਿੱਖ ਬਣੀਆਂ ਬੀਬੀਆਂ ਨੂੰ ਕਾਰੋਬਾਰ ਲਈ ਸਿਲਾਈ ਮਸ਼ੀਨਾਂ ਦਿੱਤੀਆਂ
















ਜਲੰਧਰ-ਸਤਲੁਜ ਦੀ ਮਾਰ ਨੇ ਜਦੋਂ ਧੁਸੀ ਬੰਨ ਨੂੰ ਚੀਰ ਕੇ ਧਰਤੀ ਦੀ ਛਾਤੀ ਚੀਰ ਪਿੰਡ ਮੰਡਾਲਾ ਛੰਨਾ ਦੇ ਆਲੇ ਦੁਆਲੇ ਕੁਝ ਪਿੰਡਾਂ ਦੇ ਘਰ ਇੱਕੋ ਝਟਕੇ ਵਿੱਚ ਮਿੱਟੀ ਦੇ ਢੇਰ ਬਣ ਗਏ ਸਨ। ਪਾਣੀ ਨੇ ਘਰਾਂ ਨੂੰ ਨਿਗਲ ਲਿਆ, ਖੇਤਾਂ ਨੂੰ ਮਿੱਟੀ ਕਰ ਦਿੱਤਾ, ਅਤੇ ਲੋਕਾਂ ਦੇ ਸੁਪਨਿਆਂ ਨੂੰ ਇੱਕੋ ਰਾਤ ਵਿੱਚ ਹੜ ਵਿੱਚ ਵਹਿ ਗਏ ਉਥੇ ਸਿੱਖ ਸੇਵਕ ਸੋਸਾਇਟੀ ਇੰਟਰਨੈਸ਼ਨਲ ਨੇ ਸਾਰ ਲਈ।

ਬੀਤੇ ਦਿਨੀਂ ਜਦੋਂ ਯੂ.ਕੇ. ਤੋਂ ਸੋਸਾਇਟੀ ਦੇ ਚੇਅਰਮੈਨ ਸਰਦਾਰ ਰਜਿੰਦਰ ਸਿੰਘ ਪੁਰੇਵਾਲ ਆਏ, ਤਾਂ ਪਿੰਡ ਮੰਡਾਲਾ ਛੰਨਾ ਵਿੱਚ ਇੱਕ ਅਜਿਹਾ ਦਿਨ ਆਇਆ ਜਿਸ ਨੂੰ ਪਿੰਡ ਵਾਲੇ ਸਦਾ ਯਾਦ ਰੱਖਣਗੇ। ਉਹ ਸਵੇਰੇ ਸਵੇਰੇ ਹੀ ਉਨ੍ਹਾਂ ਟੁੱਟੇ-ਫੁੱਟੇ ਘਰਾਂ ਵਿੱਚ ਪਹੁੰਚ ਗਏ।

ਉਨ੍ਹਾਂ ਦੇ ਨਾਲ ਸਨ ਸਿੱਖ ਸੇਵਕ ਸੋਸਾਇਟੀ ਦੇ ਮੁਖ ਜਥੇਦਾਰ ਭਾਈ ਪਰਮਿੰਦਰਪਾਲ ਸਿੰਘ ਖਾਲਸਾ। ਸਿਖ ਸੇਵਕ ਸੁਸਾਇਟੀ ਇਹਨਾਂ ਹੜ੍ਹਾਂ ਤੋਂ ਪਹਿਲਾਂ ਤੋਂ ਹੀ ਇਸ ਪਿੰਡ ਨਾਲ ਜੁੜੇ ਹੋਏ ਸਨ। ਉਹ ਲੋਕਾਂ ਦੇ ਦਿਲਾਂ ਵਿੱਚ ਵੱਸਦੇ ਸਨ। ਉਨ੍ਹਾਂ ਦੀ ਮਿਹਨਤ ਸਦਕਾ ਹੀ ਅੱਜ ਇਸ ਪਿੰਡ ਵਿੱਚ ਸਿੱਖੀ ਦਾ ਰੰਗ ਚੜ੍ਹ ਰਿਹਾ ਹੈ ਜਿਥੇ ਧਰਮ ਬਦਲੀਆਂ ਦਾ ਦੌਰ ਸੀ। ਪੁਰੇਵਾਲ ਤੇ ਖਾਲਸਾ ਨੇ ਦੱਸਿਆ ਕਿ ਸੋਸਾਇਟੀ ਦੇ ਪ੍ਰਚਾਰ ਕਾਰਨ ਦਸ ਬੀਬੀਆਂ ਅੰਮ੍ਰਿਤ ਛਕ ਕੇ ਗੁਰੂ ਵਾਲੀਆਂ ਬਣ ਗਈਆਂ ਅਤੇ ਆਪਣੇ ਬੱਚਿਆਂ ਨੂੰ ਸਿੱਖੀ ਦੀ ਰਾਹ ਪਾਉਂਦੀਆਂ ਹਨ।

ਜਲੰਧਰ ਦੇ ਨਾਮੀ ਬਿਜ਼ਨਸਮੈਨ ਸਰਦਾਰ ਜਤਿੰਦਰਪਾਲ ਸਿੰਘ ਪਰੂਥੀ ਵੀ ਇਸ ਮੌਕੇ ਤੇ ਮੌਜੂਦ ਸਨ। ਉਨ੍ਹਾਂ ਨੇ ਉਨ੍ਹਾਂ ਬੀਬੀਆਂ ਦੇ ਹੱਥਾਂ ਵਿੱਚ ਸਿਲਾਈ ਮਸ਼ੀਨਾਂ ਰੱਖੀਆਂ, ਜਿਨ੍ਹਾਂ ਦੇ ਘਰ ਡੁੱਬ ਗਏ ਸਨ। ਉਹ ਬੀਬੀਆਂ ਜਿਨ੍ਹਾਂ ਦੇ ਹੱਥਾਂ ਵਿੱਚ ਕੱਲ੍ਹ ਤੱਕ ਸਿਰਫ ਦੁੱਖ ਦੀ ਗੱਲ੍ਹ ਸੀ, ਅੱਜ ਉਨ੍ਹਾਂ ਹੱਥਾਂ ਵਿੱਚ ਰੁਜ਼ਗਾਰ ਦੀ ਚਾਬੀ ਆ ਗਈ। ਇੱਕ ਬੀਬੀ ਨੇ ਤਾਂ ਮਸ਼ੀਨ ਲੈਂਦਿਆਂ ਹੀ ਕਿਹਾ, "ਸਾਨੂੰ ਤਾਂ ਲੱਗਦਾ ਸੀ ਸਾਡਾ ਸਭ ਕੁਝ ਖਤਮ ਹੋ ਗਿਆ, ਪਰ ਗੁਰੂ ਦੇ ਸਿੰਘਾਂ ਨੇ ਸਾਨੂੰ ਫਿਰ ਜੀਣਾ ਸਿਖਾ ਦਿੱਤਾ।"

ਸਿੰਘ ਸਭਾ ਗੁਰਦੁਆਰਾ ਮੰਡਾਲਾ ਛੰਨਾ ਵਿੱਚ ਸਤਿਗੁਰੂ ਤੇਗ ਬਹਾਦਰ ਜੀ ਦਾ ਸ਼ਹੀਦੀ ਸਮਾਗਮ ਕਰਵਾਇਆ ਗਿਆ। ਗ੍ਰੰਥੀ ਸਿੰਘ ਹਰਦੇਵ ਸਿੰਘ ਜੀ ਨੂੰ ਸਿੱਖੀ ਪ੍ਰਚਾਰ ਦੀਆਂ ਸੇਵਾਵਾਂ ਲਈ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਜੀਰੋ ਫੀਸ ਸਕੂਲ ਦੇ ਬੱਚਿਆਂ ਨੇ ਕੀਰਤਨ ਤੇ ਕਵਿਸ਼ਰੀ ਕੀਤੀ। ਗੁਰਮਤਿ ਕਵਿਜ ਮੁਕਾਬਲਿਆਂ ਵਿਚ ਜਵਾਬ ਦਿੱਤੇ।

ਭਾਈ ਪਰਮਿੰਦਰਪਾਲ ਸਿੰਘ ਖਾਲਸਾ ਨੇ ਬੜੇ ਫਖਰ ਨਾਲ ਦੱਸਿਆ, "ਇੱਥੇ ਧਰਮ ਬਦਲੀ ਨੂੰ ਠਲ ਪਾ ਦਿੱਤੀ ਗਈ ਏ। ਜਿਨ੍ਹਾਂ ਲੋਕਾਂ ਨੂੰ ਪੈਸੇ ਦੇ ਕੇ ਧਰਮ ਬਦਲਣ ਲਈ ਲਲਚਾਇਆ ਜਾ ਰਿਹਾ ਸੀ, ਉਹ ਅੱਜ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸੇ ਬਣ ਰਹੇ ਨੇ। ਦਲਿਤ ਭਾਈਚਾਰੇ ਵਿੱਚ ਸਿੱਖੀ ਵੱਲ ਰੁਝਾਨ ਬਹੁਤ ਵਧ ਗਿਆ ਏ। ਇਹ ਗੁਰੂ ਨਾਨਕ ਦੀ ਸਿੱਖੀ ਦੀ ਜਿੱਤ ਏ।"

ਚੇਅਰਮੈਨ ਸਰਦਾਰ ਰਜਿੰਦਰ ਸਿੰਘ ਪੁਰੇਵਾਲ ਨੇ ਕਿਹਾ, "ਅਸੀਂ ਇੱਥੇ ਗਰੀਬ ਭਾਈਚਾਰੇ ਦੇ ਰੁਜ਼ਗਾਰ, ਧਰਮ ਪ੍ਰਚਾਰ ਤੇ ਮੈਡੀਕਲ ਸਹੂਲਤਾਂ ਵੱਲ ਧਿਆਨ ਦੇ ਰਹੇ ਆ। ਇਹ ਸਭ ਸੰਗਤ ਦੇ ਦਸਵੰਧ ਨਾਲ ਹੀ ਸੰਭਵ ਹੋ ਰਿਹਾ ਏ। ਜਿਥੇ ਗੁਰੂ ਦੀ ਸੰਗਤ ਦਾ ਪਿਆਰ ਏ, ਉੱਥੇ ਕੋਈ ਗਰੀਬ ਨਹੀਂ ਰਹਿੰਦਾ। ਅਸੀਂ ਜਲਦੀ ਹੀ ਨੇੜੇ ਦੇ ਪਿੰਡਾਂ ਵਿੱਚ ਵੀ ਇਹ ਧਰਮ ਪ੍ਰਚਾਰ ਲਹਿਰ ਲੈ ਕੇ ਜਾਵਾਂਗੇ।"

ਇਸ ਮੌਕੇ ਤੇ ਕਈ ਹੋਰ ਸੇਵਾਦਾਰ ਵੀ ਮੌਜੂਦ ਸਨ। ਬਲਜੀਤ ਸਿੰਘ ਮਿਸ਼ਨਰੀ, ਮਨਦੀਪ ਸਿੰਘ ਪ੍ਰਿੰਸੀਪਲ, ਬੀਬੀ ਅੰਮ੍ਰਿਤਪਾਲ ਕੌਰ, ਗੁਰਪ੍ਰੀਤ ਕੌਰ ਤੇ ਜੀਰੋ ਫੀਸ ਸਕੂਲ ਦੇ ਸਾਰੇ ਸਟਾਫ ਨੇ ਠੰਡ ਵਿੱਚ ਲੋੜਵੰਦਾਂ ਨੂੰ ਕੰਬਲ ਵੰਡੇ।

ਇਸ ਮੌਕੇ ਸੰਦੀਪ ਸਿੰਘ ਚਾਵਲਾ, ਹਰਦੇਵ ਸਿੰਘ ਗਰਚਾ, ਸਾਹਿਬ ਸਿੰਘ ਆਰਟਿਸਟ, ਗੁਰਪ੍ਰੀਤ ਸਿੰਘ ਰਾਜੂ, ਤਜਿੰਦਰ ਸਿੰਘ, ਕਮਲਜੀਤ ਸਿੰਘ ਜਮਸ਼ੇਰ, ਗੁਰਦੁਆਰਾ ਪ੍ਰਧਾਨ ਜੋਗਿੰਦਰ ਸਿੰਘ, ਗ੍ਰੰਥੀ ਹਰਦੇਵ ਸਿੰਘ ਤੇ ਪਿੰਡ ਮੁੰਡੀ ਕਾਹਲੋਂ ਤੋਂ ਕੁਲਦੀਪ ਸਿੰਘ ਵੀ ਸੇਵਾ ਵਿੱਚ ਸ਼ਾਮਲ ਸਨ।

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# ਮੋਦੀ ਸਰਕਾਰ ਪੰਜਾਬ ਨਾਲ ਕਿਉਂ ਕਰ ਰਹੀ ਹੈ ਵਿਤਕਰਾ

**ਕਮਲਜੀਤ ਸਿੰਘ ਬਨਵੈਤ**



ਕੇਂਦਰ ਦੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਵੱਲੋਂ ਚੰਡੀਗੜ੍ਹ ਪੰਜਾਬ ਤੋਂ ਖੋਹਣ ਦੀ ਮਨਸ਼ਾ ਦੀ ਸੂਹ ਪਈ ਤਾਂ ਪੰਜਾਬ ਤਪ ਉੱਠਿਆ। ਸਿਆਸੀ ਤਲਖ਼ੀ ਵਧ ਗਈ। ਇਹ ਦੂਜੀ ਵਾਰ ਹੈ ਜਦੋਂ ਕੇਂਦਰ ਨੇ ਪੰਜਾਬ ਦੇ ਹੱਕਾਂ ਤੇ ਡੱਕਾ ਮਾਰ ਕੇ ਪੰਜਾਬੀਆਂ ਦਾ ਪਾਰਾ ਦੇਖਿਆ ਹੈ। ਪਹਿਲੀ ਨਵੰਬਰ ਨੂੰ ਪੰਜਾਬ ਯੂਨੀਵਰਸਿਟੀ ਵਿੱਚੋਂ ਪੰਜਾਬ ਨੂੰ ਮਨਫੀ ਕਰਨ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਗਿਆ ਸੀ। ਹੁਣ ਪਾਰਲੀਮੈਂਟ ਦੇ ਸਰਦ ਰੁੱਤ ਵਿੱਚ ਚੰਡੀਗੜ੍ਹ ਨੂੰ ਪੱਕੇ ਤੌਰ ’ਤੇ ਕੇਂਦਰ ਸ਼ਾਸਿਤ ਪ੍ਰਦੇਸ਼ ਦਾ ਦਰਜਾ ਦੇਣ ਦਾ ਬਿੱਲ ਲਿਆਂਦਾ ਜਾ ਰਿਹਾ ਹੈ। ਕਈ ਸਾਲ ਪਹਿਲਾਂ ਪੰਜਾਬ ਯੂਨੀਵਰਸਿਟੀ ਨੂੰ ਸੈਂਟਰਲ ਯੂਨੀਵਰਸਿਟੀ ਦਾ ਦਰਜਾ ਦੇਣ ਦੀ ਚਾਲ ਵੀ ਚੱਲੀ ਗਈ ਸੀ। ਪੰਜਾਬੀਆਂ ਦੇ ਵਿਰੋਧ ਤੋਂ ਬਾਅਦ ਕੇਂਦਰ ਸਰਕਾਰ ਨੂੰ ਪੰਜਾਬ ਯੂਨੀਵਰਸਿਟੀ ਸੈਨੇਟ ਖ਼ਤਮ ਕਰਨ ਦਾ ਨੋਟੀਫਿਕੇਸ਼ਨ ਵਾਪਸ ਲੈਣਾ ਪਿਆ ਭਾਵੇਂ ਕਿ ਸੈਨੇਟ ਦੀਆਂ ਚੋਣਾਂ ਦੀ ਤਰੀਕ ਦਾ ਐਲਾਨ ਕਰਨ ਤੋਂ ਹਾਲੇ ਤਕ ਟਾਲ਼ਾ ਵੱਟਿਆ ਜਾ ਰਿਹਾ ਹੈ। ਚੰਡੀਗੜ੍ਹ ਨੂੰ ਪੰਜਾਬ ਤੋਂ ਖੋਹਣ ਦਾ ਬਿੱਲ ਪਾਰਲੀਮੈਂਟ ਵਿੱਚ ਪੇਸ਼ ਕੀਤਾ ਜਾ ਰਿਹਾ ਹੈ ਅਤੇ ਇਸ ਤੋਂ ਪਹਿਲਾਂ ਕੇਂਦਰੀ ਮੰਤਰੀ ਮੰਡਲ ਵੱਲੋਂ ਮੱਦ ਨੂੰ ਪ੍ਰਵਾਨਗੀ ਦੇ ਦਿੱਤੀ ਜਾ ਚੁੱਕੀ ਹੈ। ਚੰਡੀਗੜ੍ਹ ਨਾਲ ਸੰਬੰਧਿਤ ਬਿੱਲ ਨੌਂ ਨੰਬਰ ’ਤੇ ਰੱਖਿਆ ਗਿਆ ਹੈ ਅਤੇ ਇਸ ਲਈ 131ਵੀਂ ਸੋਧ ਵੀ ਕਰ ਦਿੱਤੀ ਗਈ ਹੈ ਪਰ ਕਿਹਾ ਇਹ ਜਾ ਰਿਹਾ ਹੈ ਹੈ ਕਿ ਚੰਡੀਗੜ੍ਹ ਪੰਜਾਬ ਦਾ ਹੈ ਅਤੇ ਰਹੇਗਾ। ਨਾਲ ਹੀ ਇਹ ਵੀ ਕਹਿ ਦਿੱਤਾ ਗਿਆ ਹੈ ਕਿ ਚੰਡੀਗੜ੍ਹ ਬਾਰੇ ਕੋਈ ਫੈਸਲਾ ਲੈਣਾ ਹੋਇਆ ਤਾਂ ਸਟੇਕ ਹੋਲਡਰਾਂ ਨੂੰ ਭਰੋਸੇ ਵਿੱਚ ਲਿਆ ਜਾਵੇਗਾ। ਕੇਂਦਰ ਸਰਕਾਰ ਦੇ ਇਨ੍ਹਾਂ ਵੱਖ-ਵੱਖ ਦਾਅਵਿਆਂ ਵਿੱਚ ਝੋਲ ਸਾਥ ਦਿਸਦੀ ਹੈ।

ਸਭ ਤੋਂ ਵੱਡੀ ਗੱਲ ਤਾਂ ਇਹ ਹੈ ਕਿ ਜੇ ਚੰਡੀਗੜ੍ਹ ਨੂੰ ਕੇਂਦਰ ਸ਼ਾਸਿਤ ਰਾਜ ਦਾ ਦਰਜਾ ਪੱਕੇ ਤੌਰ ’ਤੇ ਦੇਣ ਦਾ ਬਿੱਲ ਪਾਰਲੀਮੈਂਟ ਵਿੱਚ ਪੇਸ਼ ਨਹੀਂ ਕਰਨਾ ਤਾਂ ਫਿਰ ਕੈਬਨਿਟ ਵਿੱਚੋਂ ਪਾਸ ਕਰਾਉਣ ਦੀ ਕਿਹੜੀ ਜ਼ਰੂਰਤ ਪੈ ਗਈ ਸੀ। ਦੂਜਾ ਇਹ ਕਿ ਕਿਹਾ ਤਾਂ ਜਾ ਰਿਹਾ ਹੈ ਕਿ ਸਰਕਾਰ ਦੀ ਕੋਈ ਅਜਿਹੀ ਮਨਸ਼ਾ ਨਹੀਂ ਪਰ ਫਿਰ ਪਾਰਲੀਮੈਂਟ ਵਿੱਚ ਰੱਖੇ ਜਾਣ ਵਾਲੇ ਬਿੱਲਾਂ ਵਿੱਚ ਇਸ ਨੂੰ ਸ਼ਾਮਲ ਕਿਉਂ ਕੀਤਾ ਗਿਆ ਹੈ? ਉਸ ਤੋਂ ਵੀ ਅੱਗੇ ਚਲੇ ਜਾਈਏ ਤਾਂ ਇਹ ਕਿ ਕੇਂਦਰ ਸਰਕਾਰ ਨੇ ਚੰਡੀਗੜ੍ਹ ਬਾਰੇ ਫੈਸਲਾ ਲੈਣ ਤੋਂ ਪਹਿਲਾਂ ਸਟੇਕ ਹੋਲਡਰਾਂ ਨੂੰ ਭਰੋਸੇ ਵਿੱਚ ਲੈਣ ਦਾ? ਜਿਹੜਾ ਦਾਅਵਾ ਕੀਤਾ ਹੈ, ਉਸਦੀ ਤੁਕ ਕੀ ਬਣਦੀ ਹੈ? ਪੰਜਾਬ ਤੋਂ ਬਿਨਾਂ ਕੋਈ ਸਟੇਕ ਹੋਲਡਰ ਹੀ ਨਹੀਂ ਹੈ। ਪੰਜਾਬ ਦਾ ਚੰਡੀਗੜ੍ਹ ਉੱਤੇ ਦਾਅਵਾ ਨਹੀਂ, ਸਗੋਂ ਹੱਕ ਹੈ। ਹੋ ਸਕਦਾ ਹੈ ਕਿ ਕੇਂਦਰ ਸਰਕਾਰ ਇੱਕ ਗਿਣੀ ਮਿਥੀ ਸਾਜ਼ਿਸ਼ ਤਹਿਤ ਚੰਡੀਗੜ੍ਹੀਆਂ ਦੀ ਸਲਾਹ ਨਾਲ ਚੰਡੀਗੜ੍ਹ ਬਾਰੇ ਕੋਈ ਫੈਸਲਾ ਲੈਣਾ ਚਾਹੁੰਦੀ ਹੋਵੇ। ਤਦ ਵੀ ਇਸ ਵਿੱਚੋਂ ਬਦ ਨੀਅਤ ਸਾਫ ਦਿਸਦੀ ਹੈ। ਪੰਜਾਬ ਪੁਨਰ ਕਠਿਨ ਐਕਟ ਵੇਲੇ ਚੰਡੀਗੜ੍ਹ ਵਿੱਚ ਪੰਜਾਬੀਆਂ ਦੀ ਗਿਣਤੀ ਸਭ ਤੋਂ ਵੱਧ ਸੀ। ਹੁਣ ਦੂਜੇ ਰਾਜਾਂ ਤੋਂ ਲੋਕ ਇੱਥੇ ਵੱਡੀ ਗਿਣਤੀ ਆ ਵਸੇ ਹਨ। ਹੋਰ ਰਾਜਾਂ ਤੋਂ ਆ ਕੇ ਚੰਡੀਗੜ੍ਹ ਵਿੱਚ ਵਸੇ ਲੋਕ ਚੰਡੀਗੜ੍ਹ ਪੰਜਾਬ ਨੂੰ ਹਵਾਲੇ ਕਰਨ ਦੇ ਹੱਕ ਵਿੱਚ ਕਿਵੇਂ ਭੁਗਤਣਗੇ? ਇਸ ਕਰਕੇ ਇੰਝ ਲਗਦਾ ਹੈ ਕਿ ਕੇਂਦਰ ਦੀ ਨੀਅਤ ਵਿੱਚ ਖੋਟ ਹੈ। ਦਾਅਵਿਆਂ ਅਤੇ ਵਾਅਦਿਆਂ ਵਿੱਚ ਵੱਡੀ ਝੋਲ ਹੈ। ਪੰਜਾਬ ਯੂਨੀਵਰਸਿਟੀ ਅਤੇ ਚੰਡੀਗੜ੍ਹ ਨਾਲ ਜੁੜੇ ਫੈਸਲਿਆਂ ਨੂੰ ਲੈ ਕੇ ਇਸ ਵਾਰ ਰਾਹਤ ਦੀ ਇੱਕ ਵੱਡੀ ਗੱਲ ਸਾਹਮਣੇ ਇਹ ਆਈ ਹੈ ਕਿ ਭਾਜਪਾ ਦੀ ਪੰਜਾਬ ਇਕਾਈ ਪੰਜਾਬ ਦੇ ਹੱਕ ਵਿੱਚ ਭੁਗਤ ਰਹੀ ਹੈ। ਪੰਜਾਬ ਭਾਜਪਾ ਦੀ ਕੋਰ ਕਮੇਟੀ ਦੀ ਮੀਟਿੰਗ ਵਿੱਚ ਇੱਕ ਵੀ ਮੈਂਬਰ ਚੰਡੀਗੜ੍ਹ ਪੰਜਾਬ ਤੋਂ ਖੋਹਣ ਦੇ ਹੱਕ ਵਿੱਚ ਨਹੀਂ ਭੁਗਤਿਆ। ਸੂਤਰ ਤਾਂ ਇਹ ਵੀ ਕਹਿੰਦੇ ਹਨ ਕਿ ਕਈਆਂ ਨੇ ਤਾਂ ਅਸਤੀਫੇ ਦੇਣ ਦੀ ਪੇਸ਼ਕਸ਼ ਵੀ ਕਰ ਦਿੱਤੀ ਸੀ। ਭਗਵੰਤ ਸਿੰਘ ਮਾਨ ਕਹਿੰਦੇ ਹਨ ਕਿ ਚੰਡੀਗੜ੍ਹ ਪੰਜਾਬ ਤੋਂ ਖੋਹਣ ਦੀ ਕਿਸੇ ਦੀ ਹਿੰਮਤ ਨਹੀਂ ਪੈਣ ਦਿਆਂਗੇ। ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਨੇ ਇੱਕ ਤਰ੍ਹਾਂ ਨਾਲ ਖਾਨਾ ਪੂਰਤੀ ਕੀਤੀ ਹੈ।

ਭਾਰਤ ਪਾਕਿਸਤਾਨ ਵੰਡੇ ਗਏ ਤਾਂ ਚੜ੍ਹਦੇ ਪੰਜਾਬ ਵਿੱਚ ਪਹਿਲਾਂ 1947 ਨੂੰ ਇਸਦੀ ਰਾਜਧਾਨੀ ਸ਼ਿਮਲਾ ਬਣਾਇਆ ਗਿਆ ਸੀ ਅਤੇ ਉਸ ਤੋਂ ਬਾਅਦ 21 ਸਤੰਬਰ 1953 (ਚੰਡੀਗੜ੍ਹ ?... ਸੰਪਾਦਕ) ਨੂੰ ਪੰਜਾਬ ਦੀ ਰਾਜਧਾਨੀ ਵਿੱਚ ਤਬਦੀਲ ਕਰ ਦਿੱਤਾ ਗਿਆ। ਉਸ ਤੋਂ ਪਿੱਛੋਂ ਪੰਜਾਬ ਪੁਨਰਗਠਨ ਐਕਟ 1966 ਵਿੱਚ ਚੰਡੀਗੜ੍ਹ ਨੂੰ ਉਸ ਸਮੇਂ ਦੀ ਕੇਂਦਰ ਦੀ ਕਾਂਗਰਸ ਸਰਕਾਰ ਨੇ ਕੇਂਦਰੀ ਪ੍ਰਸ਼ਾਸਿਤ ਇਲਾਕਾ ਬਣਾ ਦਿੱਤਾ, ਜਿਹੜਾ ਕਿ ਪੰਜਾਬ ਨਾਲ ਸਰਾਸਰ ਧੱਕਾ ਸੀ। ਪੰਜਾਬੀਆਂ ਨੂੰ ਇਹ ਜ਼ਖ਼ਮ ਉਸ ਵੇਲੇ ਦੀ ਕਾਂਗਰਸ ਸਰਕਾਰ ਵੱਲੋਂ ਦਿੱਤਾ ਗਿਆ ਸੀ। ਭਾਰਤੀ ਜਨਤਾ ਪਾਰਟੀ ਜ਼ਖ਼ਮ ਨੂੰ ਭਰਨ ਨਹੀਂ ਦੇ ਰਹੀ, ਜਿਸਦੇ ਚਲਦਿਆਂ ਇਹ ਨਾਸੂਰ ਬਣਦਾ ਜਾ ਰਿਹਾ ਹੈ। ਪੰਜਾਬ ਪੁਨਰਗਠਨ ਵੇਲੇ ਚੰਡੀਗੜ੍ਹ ਨੂੰ ਪੰਜ ਸਾਲਾਂ ਦੇ ਅੰਦਰ ਅੰਦਰ ਪੰਜਾਬ ਦੇ ਹਵਾਲੇ ਕਰਨ ਦਾ ਵਾਅਦਾ ਕੀਤਾ ਗਿਆ ਸੀ ਪਰ ਹੁਣ 2025 ਤਕ ਵੀ ਵਾਅਦਾ ਪੂਰਾ ਨਹੀਂ ਕੀਤਾ। ਕੇਂਦਰ ਵਿੱਚ ਕਾਂਗਰਸ ਅਤੇ ਭਾਜਪਾ ਦੀਆਂ ਸਰਕਾਰਾਂ ਬਣੀਆਂ ਪਰ ਬੇਇਨਸਾਫ਼ੀ ਦੂਰ ਨਹੀਂ ਕੀਤੀ ਗਈ। ਕਾਂਗਰਸ, ਜਿਸਨੇ ਪੰਜਾਬ ਨੂੰ ਇਹ ਜ਼ਖ਼ਮ ਦਿੱਤਾ ਸੀ, ਅੱਜ ਭਾਜਪਾ ਦੇ ਖ਼ਿਲਾਫ ਵੱਡੇ ਵੱਡੇ ਬਿਆਨ ਦਾਗ ਰਹੀ ਹੈ।

ਚੰਡੀਗੜ੍ਹ ਪੰਜਾਬ ਦੀ ਹਿੱਕ ਉੱਤੇ ਉਸਾਰਿਆ ਗਿਆ ਸੀ, ਜਿਸ ਲਈ ਦਰਜਣਾਂ ਪਿੰਡਾਂ ਨੂੰ ਉਜਾੜਿਆ ਗਿਆ। ਇਨ੍ਹਾਂ ਪੰਜਾਬ ਦੇ ਪਿੰਡਾਂ ਦਾ ਉਜਾੜਾ ਇੱਕ ਵੱਖਰੀ ਦੁੱਖਾਂ ਭਰੀ ਕਹਾਣੀ ਹੈ। ਚੰਡੀਗੜ੍ਹ ਤੋਂ ਉਜਾੜੇ ਪੰਜਾਬੀਆਂ ਦੇ ਹਾਲੇ ਤਕ ਪੈਰ ਟਿਕ ਨਹੀਂ ਸਕੇ ਉੱਪਰੋਂ ਕੇਂਦਰ ਵਾਰ-ਵਾਰ ਧੱਕੇ ਕਰ ਰਿਹਾ ਹੈ। ਪਿਛਲੇ ਸਮੇਂ ਦੌਰਾਨ ਦੋ ਵਾਰ 1970 ਅਤੇ 1985 ਨੂੰ ਪੰਜਾਬ ਚੰਡੀਗੜ੍ਹ ਦੇ ਹਵਾਲੇ ਕਰਨ ਦੀ ਗੱਲ ਤੁਰੀ ਪਰ ਅੱਧ ਵਿਚਾਲੇ ਟੁੱਟਦੀ ਰਹੀ।

ਪੰਜਾਬ ਪੁਨਰਗਠਨ ਵੇਲੇ ਚੰਡੀਗੜ੍ਹ ਨੂੰ ਯੂਟੀ ਦਾ ਨਾਂ ਦੇ ਕੇ ਚੀਫ ਕਮਿਸ਼ਨਰ ਲਾਇਆ ਗਿਆ ਸੀ? ਪਰ 1984 ਵਿੱਚ ਇਸ ਨੂੰ ਬਦਲ ਕੇ ਪੰਜਾਬ ਦੇ ਗਵਰਨਰ ਨੂੰ ਚੰਡੀਗੜ੍ਹ ਦੇ ਪ੍ਰਸ਼ਾਸਕ ਦੀ ਜ਼ਿੰਮੇਵਾਰੀ ਦੇ ਦਿੱਤੀ ਗਈ ਸੀ। ਹੁਣ ਜੇ ਮੁਲਕ ਦੀ ਪਾਰਲੀਮੈਂਟ ਵਿੱਚ ਚੰਡੀਗੜ੍ਹ ਨਾਲ ਸਬੰਧਿਤ ਬਿੱਲ ਪਾਸ ਹੋ ਜਾਂਦਾ ਹੈ ਤਾਂ ਪੰਜਾਬ ਦੇ ਹੱਥੋਂ ਰਾਜਧਾਨੀ ਪੱਕੇ ਤੌਰ ’ਤੇ ਖਿਸਕ ਜਾਵੇਗੀ। ਪੰਜਾਬ ਪੁਨਰਗਠਨ ਐਕਟ ਵੇਲੇ ਪੰਜਾਬ ਅਤੇ ਹਰਿਆਣਾ ਵਿੱਚ ਅਧਿਕਾਰੀਆਂ ਦੇ ਡੈਪੂਟੇਸ਼ਨ ਦਾ 60:40 ਦਾ ਅਨੁਪਾਤ ਪਹਿਲਾਂ ਹੀ ਤਿੜਕਦਾ ਰਿਹਾ ਹੈ।

ਹੁਣ ਜਦੋਂ ਕੇਂਦਰ ਨੇ ਚੰਡੀਗੜ੍ਹ ਨੂੰ ਲੈ ਕੇ ਨਵੀਂ ਚਾਲ ਚੱਲੀ ਹੈ ਤਾਂ ਹਰਿਆਣਾ ਤੋਂ ਬਾਅਦ ਹਿਮਾਚਲ ਪ੍ਰਦੇਸ਼ ਨੇ ਵੀ ਇਸ ਉੱਤੇ ਆਪਣਾ ਹੱਕ ਜਿਤਾਉਣਾ ਸ਼ੁਰੂ ਕਰ ਦਿੱਤਾ ਹੈ। ਕੁਝ ਸਮਾਂ ਪਹਿਲਾਂ ਹਰਿਆਣਾ ਨੇ ਚੰਡੀਗੜ੍ਹ ਵਿੱਚ ਵੱਖਰੀ ਵਿਧਾਨ ਸਭਾ ਲਈ ਜ਼ਮੀਨ ਦੀ ਮੰਗ ਰੱਖ ਦਿੱਤੀ ਸੀ। ਉਸ ਤੋਂ ਵੀ ਪਹਿਲਾਂ ਪੰਜਾਬ ਵਿਧਾਨ ਸਭਾ ਵਿੱਚ ਹਰਿਆਣਾ ਦੀ ਹਿੱਸੇਦਾਰੀ ਵਧਾਉਣ ਲਈ ਤਿੱਖਾ ਖ਼ਤੋ ਕਿਤਾਬਤ ਹੁੰਦਾ ਰਿਹਾ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਹਾਮੀ ਵੀ ਭਰ ਦਿੱਤੀ ਸੀ ਪਰ ਜ਼ਮੀਨ ਦੇ ਤਬਾਦਲੇ ਨੂੰ ਲੈ ਕੇ ਗੱਲ ਠੱਪ ਹੋ ਕੇ ਰਹਿ ਗਈ ਸੀ।

ਕੇਂਦਰ ਸਰਕਾਰ ਦੀ ਨੀਅਤ ਤਾਂ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਵਿੱਚੋਂ ਪੰਜਾਬ ਨੂੰ ਮਨਫੀ ਕਰਨ ਦੇ ਜਾਰੀ ਕੀਤੇ ਨੋਟੀਫਿਕੇਸ਼ਨ ਤੋਂ ਸਮਝ ਪੈ ਗਈ ਸੀ? ਪਰ ਹੁਣ ਚੰਡੀਗੜ੍ਹ ਨਾਲ ਸਬੰਧਿਤ ਬਿੱਲ ਪਾਰਲੀਮੈਂਟ ਵਿੱਚ ਲਿਆਉਣ ਦੀ ਚਾਲ ਨਾਲ ਤਾਂ ਅੰਦਰਲੇ ਖੋਟ ਅਤੇ ਦਾਅਵਿਆਂ ਅਤੇ ਵਾਅਦਿਆਂ ਵਿਚਲੇ ਖੋਟ ਨੂੰ ਲੈ ਕੇ ਕੋਈ ਸ਼ੱਕ ਨਹੀਂ ਰਹੀ ਹੈ।

ਸੁਖਦ ਗੱਲ ਇਹ ਕਿ ਦਿੱਲੀ ਦੀਆਂ ਬਰੂਹਾਂ ’ਤੇ ਚੱਲੇ ਕਿਸਾਨ ਅੰਦੋਲਨ ਤੋਂ ਹਟ ਕੇ ਇਸ ਵਾਰ ਦੋਵੇਂ ਮੁੱਦਿਆਂ ਨੂੰ ਲੈ ਕੇ ਭਾਜਪਾ ਦੀ ਪੰਜਾਬ ਇਕਾਈ ਇਸ ਮਸਲੇ ’ਤੇ ਬਚਾ ਦੀ ਸਥਿਤੀ ਵਿੱਚ ਸਾਹਮਣੇ ਆਈ ਹੈ। ਪੰਜਾਬ ਵਿੱਚ ਵਧੀ ਤਲਖ਼ੀ ਨੂੰ ਦੇਖਦਿਆਂ ਗ੍ਰਹਿ ਮੰਤਰਾਲੇ ਨੇ ਪਾਰਲੀਮੈਂਟ ਸੈਸ਼ਨ ਵਿੱਚ ਅਜਿਹਾ ਬਿੱਲ ਆਉਣ ਤੋਂ ਇਨਕਾਰ ਕਰ ਦਿੱਤਾ ਹੈ ਪਰ ਕਹਿਣੀ ਅਤੇ ਕਥਨੀ ਵਿੱਚ ਅੰਤਰ ਸਾਫ ਦਿਸ ਰਿਹਾ ਹੈ। ਸਰਕਾਰ ਦੀ ਨੀਅਤ ਨਾ ਬਦਲੀ ਤਾਂ ਵੱਡੇ ਵਿਰੋਧ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਭਾਜਪਾ ਦੀ ਪੰਜਾਬ ਇਕਾਈ ਖ਼ੁਦ ਸੰਕਟ ਵਿੱਚ ਫਸੀ ਮਹਿਸੂਸ ਕਰ ਰਹੀ ਹੈ। ਕੇਂਦਰ ਸਰਕਾਰ ਦੇ ਦੋਵਾਂ ਫੈਸਲਿਆਂ ਨੂੰ ਲੈ ਕੇ ਪੰਜਾਬ ਭਾਜਪਾ ਦੇ ਨੇਤਾਵਾਂ ਨੂੰ ਲਗਦਾ ਹੈ ਕਿ ਉਹ ਮੁੜ ਕੇ ਪਿੰਡਾਂ ਵਿੱਚ ਵੜਨ ਜੋਗੇ ਨਹੀਂ ਛੱਡੇ ਹਨ। ਭਾਜਪਾ ਦੇ ਮੋਹਰਲੀ ਕਤਾਰ ਦੇ ਨੇਤਾ ਕੇਂਦਰ ਮੋਹਰੇ ਜਾ ਕੇ ਰਹਿਮ ਦਾ ਵਾਸਤਾ ਪਾਉਣ ਲੱਗੇ ਹਨ। ਕੇਂਦਰ ਨੇ ਪੰਜਾਬ ਪ੍ਰਤੀ ਆਪਣਾ ਰਵਈਆ ਨਾ ਬਦਲਿਆ ਤਾਂ ਬਿਨਾਂ ਸ਼ੱਕ 2027 ਦੀਆਂ ਚੋਣਾਂ ਵੇਲੇ ਇਸਦਾ ਖਮਿਆਜ਼ਾ ਭੁਗਤਣਾ ਪਵੇਗਾ। ਪਤਾ ਤਾਂ ਇਹ ਵੀ ਲੱਗਾ ਹੈ ਕਿ ਭਾਜਪਾ ਦੀ ਪੰਜਾਬ ਇਕਾਈ ਕੇਂਦਰ ਤੋਂ ਪੰਜਾਬ ਅਤੇ ਸਿੱਖਾਂ ਨਾਲ ਜੁੜੇ ਕੁਝ ਅਜਿਹੇ ਐਲਾਨ ਕਰਾਉਣ ਲਈ ਪੱਬਾਂ ਭਾਰ ਹੈ, ਜਿਨ੍ਹਾਂ ਨਾਲ ਪੰਜਾਬੀਆਂ, ਵਿਸ਼ੇਸ਼ ਕਰਕੇ ਸਿੱਖਾਂ ਦੇ ਜ਼ਖਮਾਂ ਉੱਤੇ ਮੱਲ੍ਹਮ ਲਾਈ ਜਾ ਸਕੇ। ਭਾਜਪਾ ਅਤੇ ਕੇਂਦਰ ਸਰਕਾਰ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਪੰਜਾਬ ਦਾ ਚੰਡੀਗੜ੍ਹ ਉੱਤੇ ਦਾਅਵਾ ਨਹੀਂ, ਹੱਕ ਹੈ। ਬਿਨਾਂ ਸ਼ੱਕ ਪੰਜਾਬ ਨੂੰ ਹੱਕ ਮਿਲਣਾ ਚਾਹੀਦਾ ਹੈ। ਪੰਜਾਬੀ ਆਪਣਾ ਹੱਕ ਲੈਣਾ ਜਾਣਦੇ ਹਨ।

# ਦੁਨੀਆਂ ਭਰ ਵਿੱਚ ਚਮਕ ਰਹੇ ਪੰਜਾਬੀ ਸਿੱਖ ਖਿਡਾਰੀ - ਹਾਕੀ ਤੋਂ ਲੈ ਕੇ ਫਾਰਮੂਲਾ 1 ਤੱਕ

## ✪ ਨਸਲਵਾਦ ਦਾ ਟਾਕਰਾ ਕਰਕੇ ਸਿੱਖ ਖਿਡਾਰੀਆਂ ਨੇ ਵਿਸ਼ਵ ਵਿਚ ਥਾਂ ਬਣਾਈ ✪ ਸਿੱਖ ਖਿਡਾਰੀ ਆਖਦੇ ਹਨ ਕਿ ਸਿੱਖੀ ਦੀ ਤਾਕਤ ਤੇ ਚੜ੍ਹਦੀ ਕਲਾ - ਅਸੀਂ ਤਾਂ ਬਿਲਡ ਡਿਫਰੰਟ ਹੀ ਹਾਂ"

ਖਾਸ ਖਬਰ

ਅਰਸ਼ਦੀਪ ਬੈਂਸ ਆਈਸ ਹਾਕੀ ਦਾ ਖਿਡਾਰੀ ਹੈ। ਉਹ ਨੈਸ਼ਨਲ ਹਾਕੀ ਲੀਗ ਵਿੱਚ ਵੈਨਕੂਵਰ ਕੈਨਕਸ ਲਈ ਖੇਡਦਾ ਹੈ ਅਤੇ ਪਹਿਲਾ ਪੰਜਾਬੀ ਸਿੱਖ ਹੈ ਜਿਸ ਨੇ ਨੈਸ਼ਨਲ ਹਾਕੀ ਲੀਗ ਵਿੱਚ ਗੋਲ ਕੀਤਾ ਸੀ। ਇਹ ਦੁਨੀਆਂ ਦੀ ਸਭ ਤੋਂ ਵੱਡੀ ਤੇ ਸਭ ਤੋਂ ਉੱਚ ਪੱਧਰੀ ਪ੍ਰੋਫੈਸ਼ਨਲ ਆਈਸ ਹਾਕੀ ਲੀਗ ਹੈ। ਇਸ ਵਿੱਚ ਕੁੱਲ 32 ਟੀਮਾਂ ਖੇਡਦੀਆਂ ਨੇ (31 ਅਮਰੀਕਾ ਤੇ 7 ਕੈਨੇਡਾ ਵਿੱਚੋਂ)। ਹਰ ਸਾਲ ਦੀ ਚੈਂਪੀਅਨ ਟੀਮ ਨੂੰ ਸਟੈਨਲੀ ਕੱਪ ਮਿਲਦਾ ਹੈ, ਜਿਹੜੀ ਖੇਡਾਂ ਦੀ ਦੁਨੀਆਂ ਦੀ ਸਭ ਤੋਂ ਪੁਰਾਣੀ ਤੇ ਸਤਿਕਾਰਤ ਟਰਾਫ਼ੀ ਹੈ। ਨੈਸ਼ਨਲ ਹਾਕੀ ਲੀਗ ਦਾ ਸੀਜ਼ਨ ਅਕਤੂਬਰ ਤੋਂ ਅਪ੍ਰੈਲ ਤੱਕ ਚੱਲਦਾ ਹੈ।

ਸਭ ਤੋਂ ਮਸ਼ਹੂਰ ਟੀਮਾਂ: ਟਰਾਂਟੋ ਮੈਪਲ ਲੀਫਸ, ਮੌਂਟਰੀਆਲ ਕੈਨੇਡੀਅਨਜ, ਵੈਨਕੂਵਰ ਕੈਨਕਸ, ਡਮਿੰਟਨ ਆਇਲਰਜ, ਬੋਸਟਨ ਬਰੂਨਜ, ਸ਼ਿਕਾਗੋ ਬਲੈਕਹਾਕਸ ਆਦਿ। ਉਹ ਇੱਕ ਪਲ ਸੀ ਜਦੋਂ ਅਰਸ਼ਦੀਪ ਬੈਂਸ ਨੇ ਗੋਲ ਕਰਕੇ ਹਜ਼ਾਰਾਂ ਸਿੱਖ ਨੌਜਵਾਨਾਂ ਦੇ ਦਿਲ ਵਿੱਚ ਖਿਡਾਰੀ ਬਣਨ ਦਾ ਸੁਪਨਾ ਜਗਾਇਆ ਹੈ। ਵੈਨਕੂਵਰ, ਟੋਰਾਂਟੋ, ਕੈਲਗਰੀ ਤੇ ਬਰੈਂਪਟਨ ਦੇ ਛੋਟੇ ਛੋਟੇ ਬੱਚੇ ਆਪਣੇ ਬੈਗ ਵਿੱਚ "ਬੈਂਸ 88" ਵਾਲੀ ਜਰਸੀ ਪਾ ਕੇ ਹਾਕੀ ਰਿੰਕ ਅਰਥਾਤ ਬਰਫ ਵਾਲੇ ਹਾਕੀ ਮੈਦਾਨ ਵਿਚ ਜਾਂਦੇ ਨੇ। ਮਾਸਟਰ ਕਾਰਡ ਸੈਂਟਰ ਤੇ ਬੱਚਿਆਂ ਦੇ ਕੋਚ ਦੱਸਦੇ ਨੇ ਕਿ "ਪਿਛਲੇ ਦੋ ਸਾਲਾਂ ਵਿੱਚ ਸਾਊਥ ਏਸ਼ੀਅਨ ਬੱਚਿਆਂ ਦੀ ਗਿਣਤੀ ਤਿਗੁਣੀ ਹੋ ਗਈ ਹੈ"। ਅਰਸ਼ਦੀਪ ਨੇ ਸਿਰਫ਼ ਗੋਲ ਨਹੀਂ ਕੀਤਾ, ਉਸ ਨੇ ਇੱਕ ਪੂਰੀ ਪੀੜ੍ਹੀ ਨੂੰ ਯਕੀਨ ਦਿਵਾਇਆ ਕਿ "ਇਹ ਖੇਡ ਸਾਡੀ ਵੀ ਹੈ"।

ਕਿਹੜੀਆਂ-ਕਿਹੜੀਆਂ ਖੇਡਾਂ ਵਿੱਚ ਸਿੱਖ ਗਡ ਰਹੇ ਨੇ ਝੰਡੇ ?-ਹੁਣ ਪੰਜਾਬੀ ਸਿੱਖ ਖਿਡਾਰੀ ਪੂਰੇ ਵਿਸ਼ਵ ਵਿਚ ਹਰ ਖੇਤਰ ਵਿੱਚ ਚਮਕ ਰਹੇ ਨੇ।

o ਆਈਸ ਹਾਕੀ ਵਿਚ ਅਰਸ਼ਦੀਪ ਸਿੰਘ ਬੈਂਸ (ਵੈਨਕੂਵਰ ਕੈਨਕਸ), ਜਸਕਰਨਪ੍ਰੀਤ ਸਿੰਘ, ਰਿਆਨ ਸਿੰਘ ਆਦਿ ਕਮਾਲ ਦਿਖਾ ਰਹੇ ਹਨ। ਪਹਿਲਵਾਨੀ ਖੇਤਰ ਵਿਚ 2022 ਕਾਮਨਵੈਲਥ ਗੇਮਜ਼ ਦੌਰਾਨ 125 ਕਿਲੋ ਫਰੀਸਟਾਈਲ ਦੇ ਸਾਰੇ ਤਿੰਨ ਤਗ਼ਮੇ ਪੰਜਾਬੀ ਮੂਲ ਦੇ ਖਿਡਾਰੀਆਂ (ਕੈਨੇਡਾ, ਭਾਰਤ ਤੇ ਪਾਕਿਸਤਾਨ ) ਨੇ ਜਿੱਤੇ।

o ਫੁੱਟਬਾਲ ਵਿਚ ਸਰੀਤ ਕੌਰ ਇੰਗਲੈਂਡ ਅੰਡਰ-16 ਦੀ ਪਹਿਲੀ ਸਿੱਖ ਖਿਡਾਰਨ ਬਣੀ

o ਕਪਤਾਨ; ਸਰਪ੍ਰੀਤ ਸਿੰਘ - ਨਿਊਜ਼ੀਲੈਂਡ ਲਈ ਵਿਸ਼ਵ ਕੱਪ ਫੁਟਬਾਲ ਖੇਡਣ ਵਾਲਾ ਖਿਡਾਰੀ ਹੈ।ਉਹ ਨਿਊਜ਼ੀਲੈਂਡ ਦੀ ਨੈਸ਼ਨਲ ਟੀਮ (ਅਲਲ ਵਹਿਟਸ) ਲਈ ਖੇਡਦਾ ਹੈ।ਉਹ ਪਹਿਲਾ ਪੰਜਾਬੀ ਸਿੱਖ ਹੈ ਜਿਸ ਨੇ ਫੀਫਾ ਵਿਸ਼ਵ ਕੱਪ ਕੁਆਲੀਫਾਈਅਰਜ਼ ਵਿੱਚ ਨਿਊਜ਼ੀਲੈਂਡ ਲਈ ਗੋਲ ਕੀਤਾ।



### ਸਿੱਖੀ ਤੇ ਆਪਣੀ ਵਿਰਾਸਤ ਤੇ ਕਿੰਨਾ ਮਾਣ ?

ਹਰ ਸਿੱਖ ਖਿਡਾਰੀ ਦੀ ਕਹਾਣੀ ਵਿੱਚ ਸਿੱਖੀ ਸਾਹਮਣੇ ਆਉਂਦੀ ਹੈ। ਕਰਨਜੀਤ ਕੌਰ ਬੈਂਸ (ਪਾਵਰਲਿਫਟਰ) ਕਹਿੰਦੀ ਨੇ, "ਮੈਂ ਪੂਰਾ ਨਾਮ ਵਰਤਦੀ ਹਾਂ, ਕੜਾ ਪਾਉਂਦੀ ਹਾਂ, ਲਿਫਟ ਤੋਂ ਪਹਿਲਾਂ ਵਾਹਿਗੁਰੂ ਯਾਦ ਕਰਦੀ ਹਾਂ। ਇਹ ਮੇਰੀ ਤਾਕਤ ਹੈ।"

2008 ਬੀਜਿੰਗ ਓਲੰਪਿਕਸ ਵਿੱਚ ਰਵੀ ਸਿੰਘ ਕਾਹਲੋਂ, ਗੱਬਰ ਸਿੰਘ, ਬਿੰਦੀ ਕੁੱਲਰ ਤੇ ਰਣਜੀਤ ਦਿਓਲ ਨੇ ਓਪਨਿੰਗ ਸੈਰੇਮਨੀ ਵਿੱਚ ਲਾਲ ਦਸਤਾਰਾਂ ਪਾਈਆਂ। ਰਵੀ ਕਾਹਲੋਂ ਨੇ ਕਿਹਾ ਸੀ, "ਮੇਰੇ ਬਾਪੂ ਨੇ ਨੌਕਰੀ ਲਈ ਦਾੜ੍ਹੀ-ਦਸਤਾਰ ਛੱਡੀ ਸੀ। ਮੈਂ ਦੁਨੀਆਂ ਨੂੰ ਦਿਖਾਉਣਾ ਚਾਹੁੰਦਾ ਸਾਂ ਕਿ ਦਸਤਾਰ ਪਾ ਕੇ ਵੀ ਕੋਈ ਕੈਨੇਡੀਅਨ ਹੋ ਸਕਦਾ ਹੈ।"

ਅੱਜ ਵੀ ਅਰਸ਼ਦੀਪ ਸਿੰਘ ਬੈਂਸ ਮੈਚ ਤੋਂ ਪਹਿਲਾਂ ਅਰਦਾਸ ਕਰਦਾ ਹੈ, ਗੇਮ ਜਰਸੀ ਹੇਠਾਂ ਕੜਾ ਪਾਉਂਦਾ ਹੈ। ਉਹ ਕਹਿੰਦਾ ਹੈ, "ਮੇਰੀ ਸਫਲਤਾ ਮੇਰੀ ਮਿਹਨਤ ਦੀ ਹੈ, ਪਰ ਮੇਰੀ ਹਿੰਮਤ ਸਿੱਖੀ ਵਿੱਚੋਂ ਆਉਂਦੀ ਹੈ - ਸਬਰ, ਮਿਹਨਤ ਤੇ ਚੜ੍ਹਦੀ ਕਲਾ।"

ਅੱਗੇ ਕੀ ?-ਆਸਟ੍ਰੇਲੀਆ ਦੇ ਸਿੱਖ ਗੇਮਜ਼, ਕੈਨੇਡਾ-ਅਮਰੀਕਾ ਦੇ ਗੁਰਦੁਆਰਾ ਜਿੰਮ, ਨਵੀਆਂ ਅਕੈਡਮੀਆਂ ਤੇ ਕਮਿਊਨਿਟੀ ਸਪਾਂਸਰਸ਼ਿਪ ਨਾਲ ਹੁਣ ਰਾਹ ਥੋੜ੍ਹਾ ਆਸਾਨ ਹੋ ਰਿਹਾ ਹੈ। ਜਸਵੀਰ ਸਿੰਘ (ਸਿੱਖ ਸਪੋਰਟਸ ਜਰਨਲਿਸਟ) ਕਹਿੰਦੇ ਨੇ, "ਖੇਡਾਂ ਸਾਡੇ ਧਰਮ ਦਾ ਹਿੱਸਾ ਨੇ। ਗੁਰੂ ਸਾਹਿਬ ਨੇ ਘੋੜਸਵਾਰੀ, ਤੀਰਅੰਦਾਜ਼ੀ, ਗਤਕਾ ਸਿਖਾਇਆ। ਅਸੀਂ ਤਾਂ ਬਿਲਡ ਡਿਫਰੰਟ ਹੀ ਹਾਂ - ਹੁਣ ਸਮਾਂ ਆ ਗਿਆ ਹੈ ਕਿ ਅਸੀਂ ਆਪਣੀ ਤਾਕਤ ਨੂੰ ਪੂਰੀ ਦੁਨੀਆਂ ਨੂੰ ਵਿਖਾਈਏ।"

o ਬਾਸਕਿਟਬਾਲ: "'ਇੰਡੀਆ ਰਾਈਜ਼ਿੰਗ" ਟੀਮ (2023 ਟੀਬੀਟੀ) ਜ਼ਿਆਦਾਤਰ ਪੰਜਾਬੀ ਖਿਡਾਰੀਆਂ ਦੀ ਹੈ। ਐਨਸੀਏਏ ਵਿੱਚ ਵੀ ਦਰਜਨਾਂ ਸਿੱਖ ਖਿਡਾਰੀ ਹਨ।

o ਮੋਟਰਸਪੋਰਟ ਵਿਚ ਰਣਦੀਪ ਸਿੰਘ - ਫਾਰਮੂਲਾ 1 ਵਿੱਚ ਹੈੱਡ ਆਫ਼ ਰੇਸ ਸਟ੍ਰੈਟੇਜੀ ਖੇਡ ਵਿਚ ਮਾਅਰਕੇ ਮਾਰੇ ਹਨ। ਰਣਦੀਪ ਸਿੰਘ (ਜਿਸ ਨੂੰ ਅਕਸਰ "ਰੈਂਡੀ" ਵੀ ਬੁਲਾਇਆ ਜਾਂਦਾ ਹੈ) ਇੱਕ ਪੰਜਾਬੀ ਸਿੱਖ ਵੰਸ਼ਜ ਹੈ ਅਤੇ ਮੋਟਰਸਪੋਰਟ (ਖਾਸ ਕਰਕੇ ਫਾਰਮੂਲਾ 1 - ਐਫ1) ਨਾਲ ਜੁੜਿਆ ਹੋਇਆ ਹੈ। ਉਹ ਖਿਡਾਰੀ ਨਹੀਂ, ਸਗੋਂ ਸਟ੍ਰੈਟੇਜੀ ਐਕਸਪਰਟ ਹੈ - ਯਾਨੀ ਰੇਸਾਂ ਦੌਰਾਨ ਟੀਮ ਨੂੰ ਬੁੱਧੀਮਾਨ ਫੈਸਲੇ ਲੈਣ ਵਿੱਚ ਮਦਦ ਕਰਦਾ ਹੈ। ਫਾਰਮੂਲਾ 1 (ਐਫ1): ਇਹ ਦੁਨੀਆਂ ਦੀ ਸਭ ਤੋਂ ਤੇਜ਼ ਤੇ ਖਤਰਨਾਕ ਮੋਟਰ ਰੇਸਿੰਗ ਹੈ। ਇਸ ਵਿੱਚ ਉੱਚ-ਸਪੀਡ ਵਾਲੇ ਫਾਰਮੂਲਾ 1 ਕਾਰਾਂ ਨਾਲ ਟਰੈਕ ਤੇ ਰੇਸ ਲੜੀ ਜਾਂਦੀ ਹੈ। ਹਰ ਰੇਸ ਵਿੱਚ ਟੀਮਾਂ ਨੂੰ ਟਾਇਰ ਚੇਂਜ, ਪਿੱਟ ਸਟੌਪ, ਸਮੇਂ ਅਨੁਸਾਰ ਫੈਸਲੇ ਲੈਣੇ ਪੈਂਦੇ ਨੇ। ਰਣਦੀਪ ਦਾ ਕੰਮ ਹੀ ਇਹਨਾਂ "ਸਪਲਿਟ-ਸੈਕੰਡ" ਫੈਸਲਿਆਂ ਨੂੰ ਸਹੀ ਬਣਾਉਣਾ ਹੈ।

ਉਸ ਦਾ ਰੋਲ ਹੈੱਡ ਆਫ ਰੇਸ ਸਟ੍ਰੈਟੇਜੀ ਹੈ। ਉਹ ਟੀਮ ਨੂੰ ਦੱਸਦਾ ਹੈ ਕਿ ਕਦੋਂ ਪਿੱਟ ਲੇਨ ਵਿੱਚ ਰੁਕਣਾ, ਕਿਹੜੇ ਟਾਇਰ ਵਰਤਣੇ, ਜਾਂ ਮੌਸਮ ਬਦਲਣ ਤੇ ਕੀ ਕਰਨਾ ਹੈ। ਉਹ ਫੈਕਟਰੀ ਤੋਂ ਕੰਪਿਊਟਰ ਰਾਹੀਂ ਰੇਸ ਨੂੰ ਮਾਨੀਟਰ ਕਰਦਾ ਹੈ। ਰਣਦੀਪ ਸਿੰਘ ਬਰਤਾਨੀਆ ਵਿੱਚ ਰਹਿੰਦਾ ਹੈ ਅਤੇ ਬਰਤਾਨੀਆ ਵਾਲੀ ਟੀਮ ਮੈਕਲਰਨ ਰੇਸਿੰਗ ਲਈ ਕੰਮ ਕਰਦਾ ਹੈ। ਮੈਕਲਰਨ ਇੱਕ ਬਰਤਾਨੀਆ ਈ ਫਾਰਮੂਲਾ 1 ਟੀਮ ਹੈ, ਜਿਹੜੀ ਯੂਕੇ ਦੇ ਵੋਕਿੰਗ ਵਿੱਚ ਅਧਾਰਿਤ ਹੈ। ਉਹ ਇੱਥੇ ਰੇਸਿੰਗ ਡਾਇਰੈਕਟਰ ਵੀ ਹੈ (2025 ਤੱਕ)। ਪਹਿਲਾਂ ਉਹ ਫੋਰਸ ਇੰਡੀਆ (ਅੱਜ ਐਸਟਨ ਮਾਰਕਿਨ) ਲਈ ਵੀ ਕੰਮ ਕਰ ਚੁੱਕਿਆ ਹੈ, ਜਿਹੜੀ ਵੀ ਬਰਤਾਨੀਆ ਵਿੱਚ ਹੈ। ਪੰਜਾਬੀ ਹੋਣ ਕਰਕੇ ਉਹ ਸਿੱਖ ਪੰਥ ਲਈ ਇੱਕ ਰੋਲ ਮਾਡਲ ਹੈ -

ਕਰੀਨ ਕੌਰ ਇੱਕ 15 ਸਾਲ ਦੀ ਸਿੱਖ ਮੁਟਿਆਰ ਹੈ, ਜੋ ਮੋਟਰਸਪੋਰਟ (ਰੇਸਿੰਗ) ਦੀ ਦੁਨੀਆਂ ਵਿੱਚ ਤੂਫ਼ਾਨ ਲਿਆਉਂਦੀ ਜਾ ਰਹੀ ਹੈ। ਉਹ ਸਿੰਗਾਪੁਰ ਦੀ ਹੈ ਅਤੇ ਸਿੰਗਾਪੁਰ ਦੀ ਨੁਮਾਇੰਦਗੀ ਕਰਦੀ ਹੈ। ਉਹ ਸਿੰਗਾਪੁਰ ਦੇ ਸੀਐਚਆਈਜੇ ਸੈਕੰਡਰੀ ਸਕੂਲ 3 ਅਰਥਾਤ ਨੌਵੀਂ ਕਲਾਸ ਵਿੱਚ ਪੜ੍ਹਦੀ ਹੈ। ਉਸ ਦੇ ਪਿਤਾ ਕੁਲਦੀਪ ਸਿੰਘ ਨੇ ਉਸ ਨੂੰ ਛੋਟੀ ਉਮਰ ਤੋਂ ਹੀ ਗੋ-ਕਾਰਟਿੰਗ ਵੱਲ ਪ੍ਰੇਰਿਆ ਅਤੇ ਅੱਜ ਉਹ ਸਿੰਗਾਪੁਰ ਦੀ ਪਹਿਲੀ ਔਰਤ ਡਰਾਈਵਰ ਹੈ ਜਿਸ ਨੇ ਫਾਰਮੂਲਾ 4 (F4) ਵਿੱਚ ਹਿੱਸਾ ਲਿਆ। ਉਹ ਪਹਿਲੀ ਸਿੱਖ ਔਰਤ ਵੀ ਹੈ ਜਿਸ ਨੇ ਐਫ4 ਰੇਸ ਕੀਤੀ। ਉਹ ਇੱਕ ਮਜ਼ਬੂਤ ਖਿਡਾਰਨ ਹੈ ਜੋ ਨਾ ਸਿਰਫ਼ ਰੇਸ ਟਰੈਕ ਤੇ ਤੇਜ਼ ਹੈ, ਸਗੋਂ ਆਪਣੀ ਸਿੱਖ ਵਿਰਾਸਤ ਤੇ ਵੀ ਮਾਣ ਕਰਦੀ ਹੈ। 2023 ਵਿੱਚ ਉਹ ਸਿੰਗਾਪੁਰ ਦੀ ਸਭ ਤੋਂ ਤੇਜ਼ ਔਰਤ ਕਾਰਟ ਡਰਾਈਵਰ ਬਣੀ - ਉਸ ਨੇ 44.9 ਸੈਕੰਡ ਦਾ ਪਰਸਨਲ ਬੈਸਟ ਟਾਈਮ ਹਾਸਲ ਕੀਤਾ।

2024 ਵਿੱਚ ਰੋਕ ਕੱਪ ਸਿੰਗਾਪੁਰ ਚੈਂਪੀਅਨਸ਼ਿਪ ਦੇ ਜੂਨੀਅਰ ਕੈਟੇਗਰੀ ਵਿੱਚ ਚੌਥੀ ਪੋਜ਼ੀਸ਼ਨ ਹਾਸਲ ਕੀਤੀ। 2025 ਵਿੱਚ ਏਸ਼ੀਆ ਭਰ ਦੇ ਸੀਨੀਅਰ ਕਾਰਟਿੰਗ ਰੇਸਾਂ ਵਿੱਚ ਕਈ ਪੋਡੀਅਮ ਫਿਨਿਸ਼ (ਦੂਜੀ ਤੇ ਤੀਜੀ ਪੋਜ਼ੀਸ਼ਨਾਂ) ਜਿੱਤੀਆਂ। ਉਦਾਹਰਨ ਲਈ, ਰਾਕ ਕੱਪ ਮਲੇਸ਼ਿਆ ਦੇ ਪਹਿਲੇ ਰਾਊਂਡ ਵਿੱਚ ਦੂਜੀ ਥਾਂ ਤੇ ਐਫ4 ਇੰਡੀਆ ਸੀਰੀਜ ਵਿੱਚ ਟਾਪ-10 ਵਿਚ ਰਹੀ। ਉਹ ਚੈਂਪੀਅਨ ਆਫ ਦਾ ਫਿਊਚਰ (COTFA) ਚੈਂਪੀਅਨਸ਼ਿਪ ਵਿੱਚ ਹਿੱਸਾ ਲੈ ਰਹੀ ਹੈ, ਜੋ ਐਫ1 ਅਕੈਡਮੀ (ਸਭ ਔਰਤਾਂ ਵਾਲੀ ਚੈਂਪੀਅਨਸ਼ਿਪ) ਨਾਲ ਜੁੜੀ ਹੋਈ ਹੈ।

ਇਟਲੀ ਦੇ ਲੋਨਾਟੋ ਵਿੱਚ ਰੋਕ ਕੱਪ ਸੁਪਰ ਫਾਈਨਲਜ ਵਿੱਚ ਹਿੱਸਾ ਲਿਆ (2023 ਵਿੱਚ), ਜਿੱਥੇ ਉਹ ਇਕੱਲੀ ਔਰਤ ਡਰਾਈਵਰ ਸੀ 28 ਮਰਦਾਂ ਵਿੱਚੋਂ। ਉਹ ਸਿੰਗਾਪੁਰ ਕੈਂਸਰ ਸੁਸਾਇਟੀ ਦੀ ਅੰਬੈਸਡਰ ਹੈ। ਉਹ ਆਪਣੀ ਰੇਸਿੰਗ ਰਾਹੀਂ ਫੰਡ ਰੇਜ਼ ਕਰਦੀ ਹੈ ਅਤੇ ਔਰਤਾਂ ਲਈ ਇਨਕਲੂਸਿਵਿਟੀ ਨੂੰ ਉਤਸ਼ਾਹਿਤ ਕਰਦੀ ਹੈ। ਉਹ ਮਰਦਾਂ ਵਾਲੀ ਖੇਡ ਵਿੱਚ ਔਰਤਾਂ ਲਈ ਰੋਲ ਮਾਡਲ ਬਣ ਰਹੀ ਹੈ।ਕਰੀਨ ਵਰਗੀਆਂ ਕੁੜੀਆਂ ਨੇ ਸਾਬਤ ਕੀਤਾ ਕਿ ਸਿੱਖ ਔਰਤਾਂ ਵੀ ਹਰ ਖੇਤਰ ਵਿੱਚ ਚਮਕ ਸਕਦੀਆਂ ਨੇ।

ਪਾਵਰਲਿਫਟਿੰਗ ਵਿਚ ਕਰਨਜੀਤ ਕੌਰ ਬੈਂਸ ਬਰਤਾਨੀਆ ਦੀ ਪਹਿਲੀ ਸਿੱਖ ਮਹਿਲਾ ਜਿਸ ਨੇ ਵਿਸ਼ਵ ਪੱਧਰ ਤੇ ਖਿਤਾਬ ਜਿੱਤੇ।

ਨਸਲਵਾਦ ਦੀਆਂ ਰੁਕਾਵਟਾਂ ਦੇ ਬਾਵਜੂਦ ਅੱਗੇ ਕਿਵੇਂ ਵਧ ਰਹੇ ਨੇ ਸਿੱਖ ਖਿਡਾਰੀ ?-ਸਫ਼ਰ ਬੜਾ ਔਖਾ ਰਿਹਾ ਹੈ। ਕੈਨੇਡਾ ਵਿੱਚ ਇੱਕ ਬੱਚੇ ਨੂੰ 16 ਸਾਲ ਦੀ ਉਮਰ ਤੱਕ ਹਾਕੀ ਖੇਡਣ ਲਈ ਔਸਤਨ 53,700 ਡਾਲਰ ਖ਼ਰਚ ਕਰਨੇ ਪੈਂਦੇ ਨੇ। ਪੰਜਾਬੀ ਘਰਾਂ ਵਿੱਚ ਇਹ ਪੈਸਾ ਅਕਸਰ ਨਹੀਂ ਹੁੰਦਾ। ਉੱਪਰੋਂ ਨਸਲਵਾਦ। 2023 ਦੇ ਸਰਵੇਖਣ ਮੁਤਾਬਕ: 26% ਖਿਡਾਰੀਆਂ ਨੇ ਕਿਹਾ ਕਿ ਉਨ੍ਹਾਂ ਦੇ ਮਾਹੌਲ ਵਿੱਚ ਨਸਲਵਾਦ ਸਮੱਸਿਆ ਹੈ।22% ਨੂੰ ਧਮਕੀਆਂ ਮਿਲੀਆਂ। 14% ਤੇ ਸਰੀਰਕ ਹਮਲੇ ਹੋਏ। ਭਾਵੇਂ ਸਿੱਖ ਖਿਡਾਰੀਆਂ ਨੂੰ ਰਾਹ ਔਖਾ ਲੱਗਦਾ ਹੈ, ਪਰ ਉਹ ਮਿਹਨਤ ਨਾਲ ਮੰਜਿਲ ਫਤਹਿ ਕਰ ਲੈਂਦੇ ਹਨ।

# ਵ੍ਹਾਈਟ ਹਾਊਸ ਕੋਲ ਹਮਲੇ ਬਾਅਦ ਟਰੰਪ ਵਲੋਂ 'ਤੀਜੀ ਦੁਨੀਆ' ਦੇਸ਼ਾਂ ਤੋਂ ਪ੍ਰਵਾਸ 'ਤੇ ਪੂਰਨ ਪਾਬੰਦੀ

## ✪ 20 ਸਾਲਾ ਸਾਰਾ ਬੈਕਸਟ੍ਰੌਮ ਮਾਰੀ ਗਈ ਸੀ, ਅਫ਼ਗਾਨ ਨਾਗਰਿਕ ਗ੍ਰਿਫ਼ਤਾਰ ਹੋਇਆ
## ✪ 19 ਦੇਸ਼ਾਂ ਦੇ ਗ੍ਰੀਨ ਕਾਰਡਾਂ ਦੀ ਮੁੜ ਜਾਂਚ, ਲੱਖਾਂ ਪ੍ਰਵਾਸੀਆਂ ਦੀ ਡਿਪੋਰਟੇਸ਼ਨ ਦੀ ਤਿਆਰੀ

ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਵਿੱਚ ਵ੍ਹਾਈਟ ਹਾਊਸ ਤੋਂ ਮਹਿਜ਼ ਕੁਝ ਬਲਾਕ ਦੂਰ ਬੀਤੇ ਦਿਨੀਂ ਵਾਪਰੀ ਗੋਲੀਬਾਰੀ ਨੇ ਪੂਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ। ਇੱਕ 29 ਸਾਲਾ ਅਫ਼ਗਾਨ ਨਾਗਰਿਕ ਰਹਿਮਾਨਉੱਲਾ ਲਾਕਨਵਾਲ ਨੇ ਘੁਆਇੰਟ ਬਲੈਂਕ ਰੇਂਜ ਤੋਂ ਵੈਸਟ ਵਰਜੀਨੀਆ ਨੈਸ਼ਨਲ ਗਾਰਡ ਦੇ ਦੋ ਜਵਾਨਾਂ 'ਤੇ ਗੋਲੀਆਂ ਚਲਾ ਦਿੱਤੀਆਂ। ਇਸ ਹਮਲੇ ਵਿੱਚ ਇੱਕ 20 ਸਾਲਾ ਜੂਨੀਅਰ ਨੈਸ਼ਨਲ ਗਾਰਡ ਸਪੈਸ਼ਲਿਸਟ ਸਾਰਾ ਬੈਕਸਟ੍ਰੌਮ ਦੀ ਮੌਤ ਹੋ ਗਈ, ਜਦਕਿ 24 ਸਾਲਾ ਸਟਾਫ਼ ਸਾਰਜੈਂਟ ਐਂਡਰਿਊ ਵੁਲਫ ਜ਼ਿੰਦਗੀ ਅਤੇ ਮੌਤ ਵਿਚਕਾਰ ਜੂਝ ਰਿਹਾ ਹੈ।

ਘਟਨਾ ਵਾਲੀ ਥਾਂ ਉਪਰ ਦੋਵੇਂ ਗਾਰਡ ਪੈਟਰੋਲਿੰਗ ਕਰ ਰਹੇ ਸਨ। ਦੁਪਹਿਰੇ ਦੌਰਾਨ ਲਾਕਨਵਾਲ ਮੋੜ ਤੋਂ ਅਚਾਨਕ ਨਿਕਲਿਆ ਅਤੇ ਪਹਿਲਾਂ ਸਾਰਾ ਬੈਕਸਟ੍ਰੌਮ ਨੂੰ ਛਾਤੀ ਅਤੇ ਸਿਰ ਵਿੱਚ ਗੋਲੀ ਮਾਰੀ, ਉਪਰੰਤ ਐਂਡਰਿਊ ਵੁਲਫ 'ਤੇ ਕਈ ਰਾਊਂਡ ਫਾਇਰ ਕੀਤੇ। ਤੀਜੇ ਗਾਰਡ ਨੇ ਜਵਾਬੀ ਕਾਰਵਾਈ ਕਰਦਿਆਂ ਲਾਕਨਵਾਲ ਨੂੰ ਚਾਰ ਗੋਲੀਆਂ ਮਾਰੀਆਂ, ਜਿਸ ਕਾਰਨ ਉਹ ਵੀ ਜ਼ਖ਼ਮੀ ਹੋ ਗਿਆ ਪਰ ਉਸ ਦੀ ਹਾਲਤ ਖ਼ਤਰੇ ਤੋਂ ਬਾਹਰ ਦੱਸੀ ਜਾ ਰਹੀ ਹੈ।

ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਸ ਘਟਨਾ ਉਪਰ ਅਫਸੋਸ ਪ੍ਰਗਟਾਉਂਦਿਆਂ ਕਿਹਾ ਸੀ ਕਿ ਉਹ 20 ਸਾਲ ਦੀ ਸੀ, ਅਦਭੁਤ, ਬਹਾਦਰ ਦੇਸ਼ਭਗਤ ਸੀ। ਉਸ ਨੇ 26 ਜੂਨ 2023 ਨੂੰ ਆਰਮੀ ਜਵਾਇਨ ਕੀਤੀ ਸੀ ਅਤੇ 863ਵੀਂ ਮਿਲਟਰੀ ਪੁਲਿਸ ਕੰਪਨੀ ਵਿੱਚ ਤਾਇਨਾਤ ਸੀ।




ਰਹਿਮਾਨਉੱਲਾ ਲਾਕਨਵਾਲ ਨੂੰ 2021 ਵਿੱਚ ਬਾਇਡਨ ਸਰਕਾਰ ਨੇ ਬਿਨਾਂ ਬਹੁਤੀ ਜਾਂਚ-ਪੜਤਾਲ ਤੋਂ ਅਫ਼ਗਾਨਿਸਤਾਨ ਤੋਂ ਅਮਰੀਕਾ ਲਿਆ ਕੇ ਵਸਾਇਆ ਸੀ। ਉਸ ਨੂੰ ਇੱਕ ਖ਼ਾਸ ਐਮਰਜੈਂਸੀ ਪ੍ਰੋਗਰਾਮ (Operation Allies Welcome) ਤਹਿਤ ਦੋ ਸਾਲ ਦਾ ਅਸਥਾਈ ਵੀਜ਼ਾ/ਹਿਊਮੈਨੀਟੇਰੀਅਨ ਪੈਰੋਲ ਦਿੱਤਾ ਗਿਆ ਸੀ। ਪਰ ਉਹ ਦੋ ਸਾਲ ਪੂਰੇ ਹੋਣ ਤੋਂ ਬਾਅਦ ਵੀ ਅਮਰੀਕਾ ਵਿੱਚ ਰੁਕਿਆ ਰਿਹਾ।

ਉਸ ਨੇ ਆਪਣਾ ਸਟੇਟਸ ਰੀਨਿਊ ਨਹੀਂ ਕਰਵਾਇਆ ਜਾਂ ਪੱਕਾ ਗ੍ਰੀਨ ਕਾਰਡ/ਸ਼ਰਨਾਰਥੀ ਦਰਜਾ ਨਹੀਂ ਲਿਆ। ਉਸ ਦਾ ਵੀਜ਼ਾ ਐਕਸਪਾਇਰ ਹੋ ਚੁੱਕਾ ਸੀ ਅਤੇ ਹਮਲੇ ਵੇਲੇ ਉਹ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ ਵਿੱਚ ਸੀ। ਅਧਿਕਾਰੀਆਂ ਨੇ ਦੱਸਿਆ ਕਿ ਲਾਕਨਵਾਲ ਨੇ ਅਚਾਨਕ ਹਮਲਾ ਕੀਤਾ, ਮਕਸਦ ਅਜੇ ਸਪੱਸ਼ਟ ਨਹੀਂ ਹੈ ਪਰ ਜਾਂਚ ਨੂੰ ਅੱਤਵਾਦੀ ਹਮਲੇ ਵਜੋਂ ਲਿਆ ਜਾ ਰਿਹਾ ਹੈ।

ਇਸ ਘਟਨਾ ਨੇ ਇਮੀਗ੍ਰੇਸ਼ਨ ਮੁੱਦੇ 'ਤੇ ਤਿੱਖੀ ਸਿਆਸੀ ਬਹਿਸ ਛੇੜ ਦਿੱਤੀ ਹੈ। ਰਾਸ਼ਟਰਪਤੀ ਟਰੰਪ ਨੇ ਸਿੱਧਾ ਬਾਇਡਨ ਪ੍ਰਸ਼ਾਸਨ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਕਿਹਾ, "ਇਹ ਬਾਇਡਨ ਦੀਆਂ ਲਾਪਰਵਾਹੀ ਵਾਲੀਆਂ ਨੀਤੀਆਂ ਦਾ ਨਤੀਜਾ ਹੈ। ਲੱਖਾਂ ਬਿਨਾਂ ਜਾਂਚ ਵਾਲੇ ਲੋਕ ਦੇਸ਼ ਵਿੱਚ ਦਾਖ਼ਲ ਹੋਏ ਜੋ ਖਤਰਨਾਕ ਸਿੱਧ ਹੋ ਰਹੇ ਹਨ।"

ਟਰੰਪ ਪ੍ਰਸ਼ਾਸਨ ਨੇ ਇਸ ਤੋਂ ਬਾਅਦ ਤੁਰੰਤ ਕਈ ਵੱਡੇ ਫ਼ੈਸਲੇ ਲਏ ਹਨ

* ਅਫ਼ਗਾਨਿਸਤਾਨ ਤੋਂ ਆਉਣ ਵਾਲੇ ਸਾਰੇ ਇਮੀਗ੍ਰੇਸ਼ਨ ਅਰਜ਼ੀਆਂ ਤੁਰੰਤ ਮੁਅੱਤਲ ਕਰ ਦਿੱਤੀਆਂ ਹਨ।

* 2021 ਤੋਂ ਬਾਅਦ ਆਏ ਸਾਰੇ ਅਫ਼ਗਾਨ ਪ੍ਰਵਾਸੀਆਂ ਦੀ ਮੁੜ ਜਾਂਚ ਦੇ ਹੁਕਮ ਦਿੱਤੇ ਹਨ।

* 19 "ਚਿੰਤਾਜਨਕ" ਦੇਸ਼ਾਂ (ਜਿਨ੍ਹਾਂ ਵਿੱਚ ਅਫ਼ਗਾਨਿਸਤਾਨ, ਸੋਮਾਲੀਆ, ਈਰਾਨ, ਲੀਬੀਆ, ਵੈਨੇਜ਼ੁਏਲਾ, ਕਿਊਬਾ, ਹੈਤੀ ਆਦਿ ਸ਼ਾਮਲ ਹਨ) ਦੇ ਗ੍ਰੀਨ ਕਾਰਡ ਹੋਲਡਰਾਂ ਦੀ ਵੀ ਸਖ਼ਤ ਮੁੜ ਜਾਂਚ ਹੋਵੇਗੀ।

* "ਤੀਜੀ ਦੁਨੀਆ ਦੇ ਸਾਰੇ ਦੇਸ਼ਾਂ" ਤੋਂ ਨਵੇਂ ਪ੍ਰਵਾਸ 'ਤੇ ਸਥਾਈ ਪਾਬੰਦੀ ਦੀ ਤਜਵੀਜ਼ ਰਖੀ ਗਈ ਹੈ। ਜੋ ਪ੍ਰਵਾਸੀ "ਅਮਰੀਕਾ ਲਈ ਲਾਭਦਾਇਕ ਨਹੀਂ" ਜਾਂ "ਪੱਛਮੀ ਸਭਿਅਤਾ ਨਾਲ ਮੇਲ ਨਹੀਂ ਖਾਂਦੇ", ਉਨ੍ਹਾਂ ਨੂੰ ਡਿਪੋਰਟ ਕਰਨ ਦੀ ਯੋਜਨਾ ਹੈ।

* ਪ੍ਰਵਾਸੀਆਂ ਨੂੰ ਮਿਲਣ ਵਾਲੀਆਂ ਸਾਰੀਆਂ ਸੰਘੀ ਸਹੂਲਤਾਂ ਤੇ ਸਬਸਿਡੀਆਂ ਬੰਦ ਕਰਨ ਦਾ ਐਲਾਨ ਕੀਤਾ ਹੈ।


ਗ੍ਰਹਿ ਮੰਤਰੀ ਕ੍ਰਿਸਟੀ ਨੋਮ, ਅਟਾਰਨੀ ਜਨਰਲ ਪਾਮ ਬੌਂਡੀ, ਐਫ਼ਬੀਆਈ ਡਾਇਰੈਕਟਰ ਕਾਸ਼ ਪਟੇਲ ਤੇ ਯੂਐਸਸੀਆਈਐਸ ਮੁਖੀ ਜੋਸੇਫ਼ ਐਡਲੋ ਨੇ ਵੀ ਇਸ ਮੁੱਦੇ 'ਤੇ ਸਖ਼ਤ ਬਿਆਨ ਦਿੱਤੇ। ਐਡਲੋ ਨੇ ਲਿਖਿਆ, "ਅਮਰੀਕੀ ਲੋਕ ਪਿਛਲੀ ਸਰਕਾਰ ਦੀਆਂ ਲਾਪਰਵਾਹ ਪੁਨਰਵਾਸ ਨੀਤੀਆਂ ਦੀ ਕੀਮਤ ਨਹੀਂ ਚੁਕਾਉਣਗੇ।"

ਇਸ ਘਟਨਾ ਤੋਂ ਬਾਅਦ ਵਾਸ਼ਿੰਗਟਨ ਡੀ.ਸੀ. ਵਿੱਚ ਸੁਰੱਖਿਆ ਵਧਾ ਦਿੱਤੀ ਗਈ ਹੈ। ਰੱਖਿਆ ਮੰਤਰੀ ਪੀਟ ਹੈਗਸੈਥ ਨੇ 500 ਹੋਰ ਨੈਸ਼ਨਲ ਗਾਰਡ ਮੈਂਬਰ ਤੁਰੰਤ ਤਾਇਨਾਤ ਕਰਨ ਦੇ ਹੁਕਮ ਦਿੱਤੇ ਹਨ।

ਇਹ ਘਟਨਾ ਨਾ ਸਿਰਫ਼ ਇੱਕ ਸੈਨਿਕ ਦੀ ਸਹਾਦਤ ਦੀ ਤ੍ਰਾਸਦੀ ਹੈ, ਬਲਕਿ ਅਮਰੀਕਾ ਦੀ ਇਮੀਗ੍ਰੇਸ਼ਨ ਨੀਤੀਆਂ ਤੇ ਸੁਰੱਖਿਆ ਪ੍ਰਬੰਧਾਂ ਬਾਰੇ ਵੀ ਗੰਭੀਰ ਸਵਾਲ ਖੜ੍ਹੇ ਕਰ ਰਹੀ ਹੈ। ਆਉਣ ਵਾਲੇ ਦਿਨਾਂ ਵਿੱਚ ਟਰੰਪ ਪ੍ਰਸ਼ਾਸਨ ਦੀਆਂ ਸਖ਼ਤ ਨੀਤੀਆਂ ਦਾ ਅਸਲ ਰੂਪ ਸਾਹਮਣੇ ਆਵੇਗਾ।

# ਸਸਕੈਚਵਾਨ ਵਿਧਾਨ ਸਭਾ ਵਿੱਚ ਅਦੁਤੀ ਸਿੱਖ ਵਿਰਾਸਤੀ ਖ਼ਜ਼ਾਨਾ ਪ੍ਰਦਰਸ਼ਿਤ

## ✪ 17ਵੀਂ-18ਵੀਂ ਸਦੀ ਦੀਆਂ ਤਲਵਾਰਾਂ, ਢਾਲਾਂ ਤੇ ਗੁਰੂ ਸਾਹਿਬਾਨ ਦੇ ਹੁਕਮਨਾਮੇ ਵੇਖਣ ਨੂੰ ਮਿਲੇ



ਬੀਤੇ ਦਿਨੀਂ ਅਦੁੱਤੀ ਇਤਿਹਾਸਕ ਸਿੱਖ ਵਿਰਾਸਤੀ ਚੀਜ਼ਾਂ ਵਿਧਾਨ ਸਭਾ ਇਮਾਰਤ ਵਿੱਚ ਇਤਿਹਾਸਕ ਵਿਰਾਸਤੀ ਚੀਜ਼ਾਂ ਪ੍ਰਦਰਸ਼ਿਤ ਕੀਤੀਆਂ ਗਈਆਂ ਇਨ੍ਹਾਂ ਵਿੱਚ ਗੁਰੂ ਸਾਹਿਬਾਨਾਂ ਦੇ ਵੱਖ-ਵੱਖ ਹੁਕਮਨਾਮੇ, ਨਾਲ ਹੀ ਸਿੱਖ ਇਤਿਹਾਸ ਦੇ ਵੱਖ-ਵੱਖ ਸਮਿਆਂ ਵਿੱਚ ਵਰਤੇ ਗਏ ਹਥਿਆਰ - ਢਾਲਾਂ, ਖੰਜਰ ਤੇ ਕ੍ਰਿਪਾਨਾਂ, ਖੰਡੇ ਬਰਛੇ ਸ਼ਾਮਲ ਸਨ।

ਸਸਕਟੂਨ ਦੀ ਸ਼ਹੀਦ ਸਿੱਖ ਸੁਸਾਇਟੀ ਦੇ ਮੈਂਬਰ ਬਲਪ੍ਰੀਤ ਸਿੰਘ ਨੇ ਦੱਸਿਆ ਕਿ ਇਹ ਵਿਰਾਸਤੀ ਚੀਜ਼ਾਂ ਜੰਗ ਦੇ ਮੈਦਾਨਾਂ ਵਿੱਚ ਵਰਤੀਆਂ ਗਈਆਂ ਸਨ, ਜਿਵੇਂ ਕਿ 17ਵੀਂ ਸਦੀ ਵਿੱਚ ਸਰਹਿੰਦ ਫਤਹਿ ਕਰਨ ਤੋਂ ਬਾਅਦ ਵਰਤੀ ਗਈ ਉਹ ਤਲਵਾਰ "ਇਹ ਸਾਡੀ ਸਭਿਆਚਾਰਕ ਵਿਰਾਸਤ ਹੈ। ਇਹ ਵਿਰਾਸਤ ਸਾਨੂੰ ਆਪਣੇ ਜੁਝਾਰੂ ਇਤਿਹਾਸ ਦੀ ਯਾਦ ਦਿਵਾਉਂਦੀਆਂ ਨੇ। ਉਹਨਾਂ ਦਸਿਆ ਕਿ ਭਾਈ ਬੂਟਾ ਸਿੰਘ ਇਨ੍ਹਾਂ ਵਿਰਾਸਤੀ ਚੀਜ਼ਾਂ ਦੇ ਰਾਖੇ ਹਨ ਤੇ ਉਹ ਗੁਰੂ ਦੇ ਦਿੱਤੇ ਤੋਹਫਿਆਂ ਦੇ ਅਸਲ ਰਾਖੇ ਦੇ 13ਵੇਂ ਵੰਸ਼ਜ ਵਿਚੋਂ ਹਨ, ਜੋ ਛੇਵੇਂ ਗੁਰੂ ਤੋਂ ਸ਼ੁਰੂ ਹੋਇਆ ਸੀ। ਉਹਨਾਂ ਦਸਿਆ ਕਿ ਅੰਗਰੇਜ਼ੀ ਵਿੱਚ ਤਰਜਮਾ ਕਰਕੇ, ਭਾਈ ਬੂਟਾ ਸਿੰਘ ਜੀ ਇਹ ਚੀਜ਼ਾਂ ਪਹਿਲਾਂ ਵੀ ਕੈਨੇਡਾ ਦੇ ਕਈ ਥਾਵਾਂ ਤੇ ਲੈ ਕੇ ਆਏ ਹਨ ਪਰ ਆਮ ਤੌਰ ਤੇ ਇਹ ਭਾਰਤ ਵਿੱਚ ਹੀ ਰੱਖੀਆਂ ਜਾਂਦੀਆਂ ਨੇ। ਇਹ ਸਿੱਖਾਂ ਦੇ ਦਿਲਾਂ ਵਿੱਚ ਬਹੁਤ ਉੱਚਾ ਸਤਿਕਾਰ ਰੱਖਦੀਆਂ ਨੇ।



ਭਾਈ ਬੂਟਾ ਸਿੰਘ ਅਨੁਸਾਰ 150 ਵਿਰਾਸਤੀ ਚੀਜ਼ਾਂ ਵਿੱਚੋਂ ਕੁਝ ਸਨ ਜਿਨ੍ਹਾਂ ਦੀ ਦੇਖਭਾਲ ਉਹ ਕਰਦੇ ਹਨ, ਤੇ ਇਹ ਖਾਸ ਚੀਜ਼ਾਂ 1614 ਤੋਂ 1710 ਦੇ ਸਾਲਾਂ ਨਾਲ ਸਬੰਧਤ ਸਨ। ਸਟੈਟਿਸਟਿਕਸ ਕੈਨੇਡਾ ਦੀ 2021 ਦੀ ਜਨਗਣਨਾ ਮੁਤਾਬਕ ਸਸਕੈਚਵਾਨ ਦੀ ਆਬਾਦੀ ਦਾ 0.8 ਫੀਸਦੀ ਹਿੱਸਾ ਸਿੱਖ ਹਨ। ਭਾਈਚਾਰੇ ਦੇ ਲੋਕਾਂ ਨੇ ਵਿਧਾਨ ਸਭਾ ਇਮਾਰਤ ਵਿੱਚ ਆਪਣੀ ਵਿਰਾਸਤ ਸਾਂਝੀ ਕਰਨ ਦੇ ਮੌਕੇ ਲਈ ਧੰਨਵਾਦ ਕੀਤਾ ਤੇ ਇਸ ਨੂੰ "ਜ਼ਿੰਦਗੀ ਵਿੱਚ ਪਹਿਲੀ ਵਾਰ ਮਿਲਣ ਵਾਲਾ ਮੌਕਾ" ਦੱਸਿਆ। ਸਸਕਟੂਨ ਦੀ ਸ਼ਹੀਦ ਸਿੱਖ ਸੁਸਾਇਟੀ ਦੇ ਮੈਂਬਰ ਬਲਪ੍ਰੀਤ ਸਿੰਘ ਅਨੁਸਾਰ" ਜੇ ਇਹ ਵਿਰਾਸਤੀ ਚੀਜ਼ਾਂ ਵਿਧਾਨ ਸਭਾ ਵਿੱਚ ਦਿਖਾਈਆਂ ਜਾ ਰਹੀਆਂ ਨੇ ਤਾਂ ਇਹ ਸਸਕੈਚਵਾਨ ਸਰਕਾਰ ਦੀ ਵਚਨਬੱਧਤਾ ਦਿਖਾਉਂਦਾ ਹੈ ਕਿ ਉਹ ਦੂਜੀਆਂ ਸਭਿਆਚਾਰਾਂ ਪ੍ਰਤੀ ਕਿੰਨੀ ਖੁੱਲ੍ਹੀ ਤੇ ਸਹਿਯੋਗੀ ਹੈ।

ਸਸਕਟੂਨ ਸਿੱਖ ਭਾਈਚਾਰੇ ਦੇ ਮੈਂਬਰ ਜਗਮੀਤ ਸਿੰਘ ਨੇ ਕਿਹਾ ਕਿ ਮੈਨੂੰ ਲੱਗਦਾ ਹੈ ਹਰ ਬੰਦੇ ਨੂੰ ਜਿਸ ਨੇ ਇੱਥੇ ਆ ਕੇ ਇਹ ਚੀਜ਼ਾਂ ਵੇਖੀਆਂ, ਉਸ ਨੂੰ ਲੱਗਿਆ ਹੋਵੇਗਾ ਕਿ ਸਿੱਖ ਪੰਥਦਾ ਇਤਿਹਾਸ ਬਹੁਤ ਮਹਾਨ ਹੈ ਜਿਸਨੇ ਮਨੁੱਖਤਾ ਦੇ ਲਈ ਸ਼ਹਾਦਤਾਂ ਦਿੱਤੀਆਂ ਤੇ ਇਸ ਦਾ ਬਹੁਤ ਵਡਾ ਇਤਿਹਾਸ ਹੈ।"

ਇਹ ਵਿਰਾਸਤੀ ਚੀਜ਼ਾਂ ਸਸਕਟੂਨ ਵਿੱਚ ਥੋੜ੍ਹੇ ਸਮੇਂ ਲਈ ਰਹਿਣਗੀਆਂ ਤੇ ਫਿਰ ਭਾਰਤ ਵਾਪਸ ਚਲੀਆਂ ਜਾਣਗੀਆਂ।

# ਜਲੰਧਰ ਵਿਖੇ ਇਕ ਹਫ਼ਤੇ ਦੌਰਾਨ 4 ਬਲਾਤਕਾਰ ਹੋਏ

ਜਲੰਧਰ-ਪੰਜਾਬ ਵਿਚ ਜਬਰ-ਜ਼ਿਨਾਹ ਦੀਆਂ ਘਟਨਾਵਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ, ਜਿਸ ਕਰਕੇ ਲੋਕਾਂ ਵਿਚ ਬੇਹੱਦ ਡਰ ਦਾ ਮਾਹੌਲ ਪਾਇਆ ਜਾ ਰਿਹਾ ਹੈ। ਜਲੰਧਰ ਵਰਗੇ ਮਹਾਨਗਰ ਵਿਚ ਪਿਛਲੇ ਇਕ ਹਫ਼ਤੇ ਤੋਂ ਲਗਾਤਾਰ ਗੈਂਗਰੇਪ ਦੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ, ਜਿਸ ਨਾਲ ਸ਼ਹਿਰ ਵਿੱਚ ਦਹਿਸ਼ਤ ਅਤੇ ਗੁੱਸੇ ਦਾ ਮਾਹੌਲ ਬਣਿਆ ਹੋਇਆ ਹੈ, ਉਥੇ ਹੀ ਮਾਪੇ ਬੱਚਿਆਂ ਦੀ ਸੁਰੱਖਿਆ ਨੂੰ ਲੈ ਕੇ ਚਿੰਤਾ ਵਿਚ ਵੀ ਹਨ। ਲਗਾਤਾਰ ਵਾਪਰ ਰਹੀਆਂ ਇਨ੍ਹਾਂ ਦਰਦਨਾਕ ਘਟਨਾਵਾਂ ਨੇ ਨਾ ਸਿਰਫ਼ ਕਾਨੂੰਨ-ਵਿਵਸਥਾ 'ਤੇ ਸਵਾਲ ਖੜ੍ਹੇ ਕੀਤਾ ਹੈ, ਸਗੋਂ ਔਰਤਾਂ ਦੀ ਸੁਰੱਖਿਆ ਨੂੰ ਲੈ ਕੇ ਗੰਭੀਰ ਚਿੰਤਾ ਵੀ ਵਧਾ ਦਿੱਤੀ ਹੈ। ਪੁਲਸ ਵੱਲੋਂ ਜਾਂਚ ਤੇਜ਼ ਕਰ ਦਿੱਤੀ ਗਈ ਹੈ ਪਰ ਸ਼ਹਿਰ ਦੇ ਲੋਕਾਂ ਵਿਚਾਲੇ ਬੇਚੈਨੀ ਅਤੇ ਅਸੁਰੱਖਿਆ ਦੀ ਭਾਵਨਾ ਵਧਦੀ ਜਾ ਰਹੀ ਹੈ। ਜਲੰਧਰ ਵਿਖੇ ਬਸਤੀ ਬਾਵਾ ਖੇਲ ਅਧੀਨ ਆਉਂਦੇ ਇਕ ਇਲਾਕੇ ਵਿਚ 22 ਨਵੰਬਰ ਦਾ ਦਿਨ 13 ਸਾਲਾ ਬੱਚੀ ਲਈ ਕਾਲ ਬਣ ਕੇ ਆਇਆ। 8ਵੀਂ ਜਮਾਤ ਵਿਚ ਪੜ੍ਹਦੀ ਕੁੜੀ ਨਾਲ ਪਹਿਲਾਂ ਗੁਆਂਢ 'ਚ ਰਹਿਣ ਵਾਲੀ ਸਹੇਲੀ ਦੇ ਪਿਤਾ ਨੇ ਜਬਰ-ਜ਼ਿਨਾਹ ਕੀਤਾ ਤੇ ਫਿਰ ਉਸ ਦਾ ਬੇਰਹਿਮੀ ਨਾਲ ਕਤਲ ਕਰ ਦਿੱਤਾ। ਲਾਸ਼ ਮੁਲਜ਼ਮ ਦੇ ਘਰੋਂ ਬਾਥਰੂਮ ਵਿਚੋਂ ਬਰਾਮਦ ਹੋਈ। ਜਲੰਧਰ ਸ਼ਹਿਰ ਦੇ ਛੋਟੀ ਬਾਰਾਦਰੀ ਦੇ ਇਕ ਇਲਾਕੇ ਵਿਚ ਬੀਤੇ ਦਿਨੀਂ ਸੈਲੂਨ ਦੇ ਨਾਂ 'ਤੇ ਚਲਾਏ ਜਾ ਰਹੇ ਸਪਾ ਸੈਂਟਰ ਵਿਚ ਤਲਾਕਸ਼ੁਦਾ ਔਰਤ ਨਾਲ ਗੈਂਗਰੇਪ ਕਰ ਦਿੱਤਾ ਗਿਆ। ਜਿਵੇਂ ਹੀ ਮਾਮਲਾ ਪੁਲਸ ਤਕ ਪਹੁੰਚਿਆ ਤਾਂ ਥਾਣਾ ਨੰਬਰ 7 ਦੀ ਪੁਲਸ ਨੇ ਔਰਤ ਦੇ ਬਿਆਨ ਦਰਜ ਕਰਕੇ ਸੈਲੂਨ ਦੇ ਮਾਲਕ ਅਤੇ ਉਸ ਦੇ 2 ਸਾਥੀਆਂ ਖ਼ਿਲਾਫ਼ ਜਬਰ-ਜ਼ਿਨਾਹ ਕਰਨ ਦਾ ਕੇਸ ਦਰਜ ਕਰ ਲਿਆ। ਫਿਲਹਾਲ ਸਾਰੇ ਮੁਲਜ਼ਮ ਫ਼ਰਾਰ ਚੱਲ ਰਹੇ ਹਨ। ਕਿਸ਼ਨਗੜ੍ਹ ਪੁਲਸ ਸਟੇਸ਼ਨ ਦੇ ਅਧਿਕਾਰ ਖੇਤਰ ਅਧੀਨ ਆਉਂਦੇ ਇਕ ਪਿੰਡ ਵਿੱਚ ਇਕ ਸੀਨੀਅਰ ਸੈਕੰਡਰੀ ਸਕੂਲ ਦੇ ਡਿਪਟੀ ਸੁਪਰਡੈਂਟ ਨੇ 10ਵੀਂ ਜਮਾਤ ਦੀ ਵਿਦਿਆਰਥਣ ਨਾਲ ਛੇੜਛਾੜ ਕੀਤੀ। ਲੜਕੀ ਨੇ ਰੌਲਾ ਪਾਇਆ ਅਤੇ ਆਪਣੀ ਜਾਨ ਬਚਾਈ। ਫਿਰ ਉਸ ਨੇ ਸਕੂਲ ਦੇ ਪ੍ਰਿੰਸੀਪਲ ਅਤੇ ਉਸ ਦੇ ਪਰਿਵਾਰ ਨੂੰ ਘਟਨਾ ਬਾਰੇ ਸੂਚਿਤ ਕੀਤਾ। ਲੜਕੀ ਦੇ ਪਿਤਾ ਦੇ ਬਿਆਨ ਦੇ ਆਧਾਰ 'ਤੇ, ਪੁਲਸ ਨੇ ਮਾਮਲਾ ਦਰਜ ਕੀਤਾ ਹੈ। ਤਾਜ਼ਾ ਮਾਮਲਾ ਫਿਰ ਤੋਂ ਜਲੰਧਰ ਦੇ ਲੋਹੀਆਂ ਤੋਂ ਸਾਹਮਣੇ ਆਇਆ। ਲੋਹੀਆਂ ਇਕ ਪਿੰਡ ਦੇ ਖੇਤਾਂ 'ਤੇ ਲੱਗੀ ਮੋਟਰ 'ਤੇ ਰਹਿੰਦੀ ਮਾਂ ਅਤੇ ਧੀ ਨਾਲ ਗੈਂਗਰੇਪ ਕੀਤਾ ਗਿਆ। ਦੱਸਿਆ ਜਾ ਰਿਹਾ ਹੈ ਕਿ ਇਹ ਗੈਂਗਰੇਪ ਬੀਤੇ ਐਤਵਾਰ ਦੀ ਰਾਤ ਨੂੰ ਹੋਇਆ ਅਤੇ ਸਾਰੇ ਦੋਸ਼ੀ ਘਟਨਾ ਨੂੰ ਅੰਜਾਮ ਦੇ ਕੇ ਭੱਜਣ 'ਚ ਸਫ਼ਲ ਰਹੇ ਜਦਕਿ ਸੂਤਰਾਂ ਅਨੁਸਾਰ 4 ਵਿਅਕਤੀਆਂ ਵੱਲੋਂ ਇਹ ਘਿਨੌਣਾ ਕਾਰਾ ਕੀਤਾ ਗਿਆ ਜਦਕਿ ਭਾਰੀ ਪੁਲਸ ਪੁਲਸ ਡੀ. ਐੱਸ. ਪੀ. ਓਂਕਾਰ ਬਰਾੜ ਦੀ ਅਗਵਾਈ 'ਚ ਉਸ ਦਿਨ ਤੋਂ ਹੀ ਡੇਰਾ ਲਗਾ ਕੇ ਬੈਠਾ ਹੈ ਤਾਂ ਕਿ ਦੋਸ਼ੀਆਂ ਨੂੰ ਕਾਬੂ ਕੀਤਾ ਜਾ ਸਕੇ। ਇਸ ਸਬੰਧੀ ਐੱਫ. ਆਈ. ਆਰ. ਵੀ ਦਰਜ ਕਰ ਲਈ ਗਈ ਹੈ। ਲਗਾਤਾਰ ਜਲੰਧਰ ਵਰਗੇ ਮਹਾਨਗਰ ਵਿਚ ਵਾਪਰ ਰਹੀਆਂ ਜਬਰ-ਜ਼ਿਨਾਹ ਦੀਆਂ ਘਟਨਾਵਾਂ ਨੇ ਹਰ ਇਕ ਦਾ ਹਿਰਦੇ ਵਲੂੰਧਰ ਕੇ ਰੱਖ ਦਿੱਤਾ ਹੈ।

# ਮੋਦੀ ਬੋਲੇ ਚੋਣਾਂ ਵਿਚ ਹਾਰ ਤੋਂ ਪ੍ਰੇਸ਼ਾਨ ਆਪੋਜ਼ੀਸ਼ਨ ਬਹਿਸ ਕਰੇ, ਡਰਾਮੇ ਨਾ ਕਰੇ

## ✪ ਬਹਿਸ ਦੀ ਮੰਗ ਕਰਨਾ ਡਰਾਮਾ ਨਹੀਂ : ਪ੍ਰਿਅੰਕਾ ✪ ਹਰਸਿਮਰਤ ਕੌਰ ਬਾਦਲ ਮੋਦੀ ਸਰਕਾਰ ਖਿਲਾਫ ਗੱਜੀ ਕਿ ਡਰਾਮੇਬਾਜ਼ੀ ਮੋਦੀ ਸਰਕਾਰ ਕਰ ਰਹੀ

ਦਿੱਲੀ-ਨਵੀਂ ਦਿੱਲੀ : ਸੰਸਦ ਦਾ ਸਰਦ ਰੁੱਤ ਅਜਲਾਸ ਬੀਤੇ ਸੋਮਵਾਰ ਸ਼ੁਰੂ ਹੋਇਆ, ਪਰ ਹੰਗਾਮੇ ਕਾਰਨ ਮੰਗਲਵਾਰ ਤੱਕ ਮੁਲਤਵੀ ਹੋ ਗਿਆ। ਅਜਲਾਸ ਸ਼ੁਰੂ ਹੋਣ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੀਡੀਆ ਨੂੰ 10 ਮਿੰਟ ਸੰਬੋਧਨ ਕਰਦਿਆਂ ਦਾਅਵਾ ਕੀਤਾ, 'ਭਾਰਤ ਨੇ ਸਾਬਤ ਕਰ ਦਿੱਤਾ ਹੈ ਕਿ ਲੋਕਤੰਤਰ ਪ੍ਰਦਰਸ਼ਨ ਕਰ ਸਕਦਾ ਹੈ। ਇਸ ਲਈ ਇਹ ਅਜਲਾਸ ਭਾਰਤ ਦੇ ਵਿਕਾਸ ਦੇ ਯਤਨਾਂ ਨੂੰ ਹੋਰ ਊਰਜਾਵਾਨ ਬਣਾਉਣ ਦਾ ਮੌਕਾ ਹੈ।

ਵਿਰੋਧੀ ਧਿਰ ਨੂੰ ਹਾਰ ਦੀ ਨਿਰਾਸ਼ਾ ਨੂੰ ਦੂਰ ਕਰਨਾ ਚਾਹੀਦਾ ਹੈ ਅਤੇ ਮਜ਼ਬੂਤ ਮੁੱਦਿਆਂ 'ਤੇ ਚਰਚਾ ਕਰਨੀ ਚਾਹੀਦੀ ਹੈ। ਅਜਲਾਸ ਹਾਰ ਦੀ ਨਿਰਾਸ਼ਾ ਜਾਂ ਜਿੱਤ ਦੇ ਹੰਕਾਰ ਦਾ ਆਧਾਰ ਨਹੀਂ ਬਣਨਾ ਚਾਹੀਦਾ। ਮੈਂਬਰਾਂ ਦੀ ਨਵੀਂ ਪੀੜ੍ਹੀ ਨੂੰ ਤਜਰਬੇ ਤੋਂ ਲਾਭ ਉਠਾਉਣਾ ਚਾਹੀਦਾ ਹੈ। ਡਿਲੀਵਰੀ ਹੋਣੀ ਚਾਹੀਦੀ ਹੈ, ਡਰਾਮਾ ਨਹੀਂ। ਰਾਸ਼ਟਰੀ ਨੀਤੀ 'ਤੇ ਚਰਚਾ ਹੋਣੀ ਚਾਹੀਦੀ ਹੈ।' ਉਨ੍ਹਾ ਕਿਹਾ,



'ਕੁਝ ਪਾਰਟੀਆਂ ਆਪਣੀ ਚੋਣ ਹਾਰ ਨੂੰ ਹਜ਼ਮ ਕਰਨ ਵਿੱਚ ਅਸਮਰਥ ਹਨ। ਸਦਨ ਨੂੰ ਡਰਾਮਾ ਨਹੀਂ, ਸਗੋਂ ਪ੍ਰਦਰਸ਼ਨ ਕਰਨਾ ਚਾਹੀਦਾ ਹੈ।'

ਰਾਜ ਸਭਾ ਵਿੱਚ ਆਪੋਜ਼ੀਸ਼ਨ ਦੇ ਆਗੂ ਮਲਿਕਾਰਜੁਨ ਖੜਗੇ ਨੇ ਕਿਹਾ ਕਿ ਅਸਲੀਅਤ ਇਹ ਹੈ ਕਿ ਸਰਕਾਰ ਪਿਛਲੇ 11 ਸਾਲਾਂ ਤੋਂ ਲਗਾਤਾਰ ਸੰਸਦੀ ਮਰਿਆਦਾ ਅਤੇ ਸੰਸਦੀ ਪ੍ਰਣਾਲੀ ਨੂੰ ਲਤਾੜਦੀ ਆ ਰਹੀ ਹੈ ਅਤੇ ਅਜਿਹੀਆਂ ਉਲੰਘਣਾਵਾਂ ਦੀ ਇੱਕ ਲੰਮੀ ਸੂਚੀ ਹੈ। ਸੱਚਾਈ ਇਹ ਹੈ ਕਿ ਆਮ ਆਦਮੀ ਬੇਰੁਜ਼ਗਾਰੀ, ਮਹਿੰਗਾਈ, ਆਰਥਕ ਅਸਮਾਨਤਾ ਅਤੇ ਦੇਸ਼ ਦੇ ਕੀਮਤੀ ਸਰੋਤਾਂ ਦੀ ਲੁੱਟ ਨਾਲ ਜੂਝ ਰਿਹਾ ਹੈ, ਜਦੋਂ ਕਿ ਸੱਤਾ ਦੇ ਹੰਕਾਰ ਤੋਂ ਪ੍ਰੇਰਤ ਸੱਤਾਧਾਰੀ ਡਰਾਮੇ ਦੀ ਖੇਡ ਖੇਡ ਰਹੇ ਹਨ।

ਮੋਦੀ ਦੇ ਬਿਆਨ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਕਾਂਗਰਸ ਸੰਸਦ ਮੈਂਬਰ ਪ੍ਰਿਅੰਕਾ ਗਾਂਧੀ ਵਾਡਰਾ ਨੇ ਕਿਹਾ,'ਜਨਾਬ, ਐੱਸ ਆਈ ਆਰ ਅਤੇ ਪ੍ਰਦੂਸ਼ਣ ਦੇ ਮੁੱਦੇ ਬਹੁਤ ਮਹੱਤਵਪੂਰਨ ਹਨ। ਆਓ, ਉਨ੍ਹਾਂ 'ਤੇ ਚਰਚਾ ਕਰੀਏ। ਸੰਸਦ ਕਿਸ ਲਈ ਹੈ? ਇਹ ਕੋਈ ਤਮਾਸ਼ਾ ਨਹੀਂ। ਮੁੱਦਿਆਂ 'ਤੇ ਚਰਚਾ ਕਰਨਾ ਕੋਈ ਤਮਾਸ਼ਾ ਨਹੀਂ। ਅਸਲ ਤਮਾਸ਼ਾ ਜਨਤਕ ਚਿੰਤਾ ਦੇ ਮਹੱਤਵਪੂਰਨ ਮੁੱਦਿਆਂ 'ਤੇ ਲੋਕਤੰਤਰੀ ਚਰਚਾ ਦੀ ਆਗਿਆ ਨਾ ਦੇਣਾ ਹੈ।'

ਅਕਾਲੀ ਸਾਂਸਦ ਹਰਸਿਮਰਤ ਕੌਰ ਬਾਦਲ ਨੇ ਵੀ ਕਿਹਾ ਕਿ ਸਦਨ 'ਚ ਡਰਾਮੇਬਾਜ਼ੀ ਲਈ ਮੋਦੀ ਸਰਕਾਰ ਖੁਦ ਹੀ ਜ਼ਿੰਮੇਵਾਰ ਹੈ। ਵਿਰੋਧੀਆਂ ਨੂੰ ਬੋਲਣ ਦਾ ਮੌਕੇ ਨਹੀਂ ਦੇਵੋਗੇ ਤਾਂ ਹੰਗਾਮਾ ਹੀ ਹੋਵੇਗਾ। ਵਿਰੋਧੀ ਧਿਰਾਂ ਦਾ ਕੰਮ ਹੈ ਲੋਕਾਂ ਦੇ ਮੁੱਦਿਆਂ ਨੂੰ ਚੁੱਕਣਾ, ਪਰ ਸਰਕਾਰ ਬਹਿਸ ਤੋਂ ਭੱਜ ਜਾਂਦੀ ਹੈ। ਹਰ ਵਾਰ ਲੋਕਾਂ ਦੇ ਕਰੋੜਾਂ ਰੁਪਏ ਹੰਗਾਮੇ ਦੀ ਭੇਟ ਚੜ੍ਹ ਜਾਂਦੇ ਹਨ। ਏਨਾ ਹੀ ਨਹੀਂ ਆਖਰੀ ਦਿਨ ਸਰਕਾਰ ਆਪਣੇ ਬਿੱਲ ਪਾਸ ਕਰਕੇ ਸੈਸ਼ਨ ਖਤਮ ਕਰ ਦਿੰਦੀ ਹੈ।

# ਸੂਟ ਤੇ ਬੂਟ ਪਾ ਕੇ ਵਿਆਹ ਫੰਕਸ਼ਨ ਵਿਚ ਆਵੜੇ ਦੋ ਚੋਰ

ਅੰਮ੍ਰਿਤਸਰ-ਅੰਮ੍ਰਿਤਸਰ ਦੇ ਝੱਬਾਲ ਰੋਡ ਸਥਿਤ ਇੱਕ ਵਿਆਹ ਸਮਾਰੋਹ ਵਿੱਚ ਸ਼ਗਨ ਦੇ ਪੈਸਿਆਂ ਨਾਲ ਭਰਿਆ ਬੈਗ ਚੋਰੀ ਹੋਣ ਦਾ ਮਾਮਲਾ ਸਾਹਮਣੇ ਆਇਆ ਹੈ।ਪਰਿਵਾਰ ਨੇ ਮੈਰਿਜ ਪੈਲੇਸ ਵਿੱਚ ਲੱਗੇ ਸੀਸੀਟੀਵੀ ਦੀ ਫੁਟੇਜ ਜਾਰੀ ਕੀਤੀ ਹੈ। ਇਸ ਘਟਨਾ ਦਾ ਸੀਸੀਟੀਵੀ ਵੀ ਵਾਇਰਲ ਹੋਇਆ ਹੈ, ਜਿਸ ਵਿੱਚ ਮੁਲਜ਼ਮ ਨੌਜਵਾਨ ਪੈਲੇਸ ਵਿੱਚੋਂ ਪੈਸਿਆਂ ਵਾਲਾ ਬੈਗ ਲੈ ਜਾਂਦੇ ਹੋਏ ਦਿਖਾਈ ਦੇ ਰਹੇ ਹਨ। ਜਾਣਕਾਰੀ ਅਨੁਸਾਰ ਦੋ ਅਣਪਛਾਤੇ ਨੌਜਵਾਨ, ਜੋ ਸੂਟ-ਬੂਟ ਪਹਿਨ ਕੇ ਮਹਿਮਾਨਾਂ ਵਾਂਗ ਪ੍ਰੋਗਰਾਮ ਵਿੱਚ ਪਹੁੰਚੇ ਸਨ। ਕਾਫ਼ੀ ਸਮੇਂ ਤੱਕ ਦੋਵਾਂ ਨੇ ਵਿਆਹ ਸਮਾਰੋਹ ਵਿੱਚ ਹੀ ਰਹਿੰਦੇ ਹਨ। ਇਸ ਤੋਂ ਬਾਅਦ ਮੌਕਾ ਦੇਖਦਿਆਂ ਹੀ ਲੱਖਾਂ ਰੁਪਏ ਦੀ ਚੋਰੀ ਕਰਕੇ ਫਰਾਰ ਹੋ ਗਏ। ਵਿਆਹ ਦੌਰਾਨ ਮਹਿਮਾਨ ਪ੍ਰੋਗਰਾਮ ਵਿੱਚ ਰੁੱਝੇ ਹੋਏ ਸਨ। ਇਸੇ ਦੌਰਾਨ ਦੋਵੇਂ ਨੌਜਵਾਨ ਬੜੇ ਆਰਾਮ ਨਾਲ ਪਰਿਵਾਰ ਦੇ ਕੋਲ ਪਹੁੰਚੇ। ਕੁਝ ਸਮਾਂ ਇੰਤਜ਼ਾਰ ਕੀਤਾ ਅਤੇ ਮੌਕਾ ਮਿਲਦੇ ਹੀ ਨਕਦੀ ਨਾਲ ਭਰਿਆ ਬੈਗ ਚੁੱਕ ਕੇ ਬਿਨਾਂ ਕਿਸੇ ਸ਼ੱਕ ਦੇ ਆਰਾਮ ਨਾਲ ਬਾਹਰ ਨਿਕਲ ਗਏ। ਵੀਡੀਓ ਵਿੱਚ ਦੇਖਿਆ ਜਾ ਸਕਦਾ ਹੈ ਕਿ ਦੋਵੇਂ ਨੌਜਵਾਨ ਬਹੁਤ ਆਤਮਵਿਸ਼ਵਾਸ ਨਾਲ ਅੰਦਰ ਆਉਂਦੇ-ਜਾਂਦੇ ਰਹੇ, ਜਿਸ ਕਾਰਨ ਕਿਸੇ ਨੂੰ ਉਨ੍ਹਾਂ 'ਤੇ ਸ਼ੱਕ ਨਹੀਂ ਹੋਇਆ।ਚੋਰੀ ਦਾ ਪਤਾ ਉਦੋਂ ਲੱਗਾ ਜਦੋਂ ਸਮਾਰੋਹ ਤੋਂ ਬਾਅਦ ਪਰਿਵਾਰ ਨੇ ਸਾਮਾਨ ਚੈੱਕ ਕੀਤਾ। ਇਸ ਤੋਂ ਬਾਅਦ ਸੀਸੀਟੀਵੀ ਕੈਮਰਿਆਂ ਦੀ ਵੀਡੀਓ ਚੈੱਕ ਕੀਤੀ ਗਈ। ਪਰਿਵਾਰ ਵੱਲੋਂ ਤੁਰੰਤ ਪੁਲਿਸ ਨੂੰ ਸੂਚਨਾ ਦਿੱਤੀ ਗਈ। ਪੁਲਿਸ ਨੇ ਸੀਸੀਟੀਵੀ ਫੁਟੇਜ ਜ਼ਬਤ ਕਰ ਲਈ ਹੈ ਅਤੇ ਦੋਵਾਂ ਮੁਲਜ਼ਮਾਂ ਦੀ ਪਛਾਣ ਕਰਨ ਦੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਪੁਲਿਸ ਦਾ ਕਹਿਣਾ ਹੈ ਕਿ ਵੀਡੀਓ ਦੇ ਆਧਾਰ 'ਤੇ ਮੁਲਜ਼ਮਾਂ ਨੂੰ ਜਲਦ ਹੀ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

# ਕੀ ਕੈਨੇਡਾ-ਭਾਰਤ ਸਬੰਧਾਂ ਮੁੜ ਖਟਾਈ ਵਿਚ ਪੈਣ ਲਗੇ !

## ✪ ਕੈਨੇਡੀਅਨ ਪੁਲਸ ਵੱਲੋਂ ਗੋਸਲ ਨੂੰ ਮਿਲੀ ਵਿਟਨੈੱਸ ਪ੍ਰੋਟੈਕਸ਼ਨ




ਓਟਾਵਾ/ਟੋਰਾਂਟੋ-ਸਿੱਖਸ ਫ਼ਾਰ ਜਸਟਿਸ ਵੱਲੋਂ ਕੈਨੇਡਾ ਦੇ ਰੈਫਰੈਂਡਮ ਆਰਗੇਨਾਈਜ਼ਰ ਇੰਦਰਜੀਤ ਸਿੰਘ ਗੋਸਲ ਦੀ ਹੱਤਿਆ ਦੀ ਯੋਜਨਾ ਲਈ ਭਾਰਤ ਉੱਤੇ ਲਗਾਏ ਗਏ ਗੰਭੀਰ ਇਲਜ਼ਾਮਾਂ ਤੋਂ ਬਾਅਦ ਕੈਨੇਡਾ-ਭਾਰਤ ਸੰਬੰਧਾਂ 'ਤੇ ਮੁੜ ਤੋਂ ਗ੍ਰਹਿਣ ਪੈਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ। ਸਿੱਖਸ ਫ਼ਾਰ ਜਸਟਿਸ ਨੇ ਦਾਅਵਾ ਕੀਤਾ ਹੈ ਕਿ ਓਟਾਵਾ ਸਥਿਤ ਭਾਰਤੀ ਹਾਈ ਕਮਿਸ਼ਨ ਦੇ ਇੱਕ ਰਾਜਨਾਇਕ ਨੇ ਗੋਸਲ ਦੀ ਹੱਤਿਆ ਲਈ ਕਿਰਾਏ ਦੇ ਕਾਤਲ ਨੂੰ $50,000 ਕੈਸ਼ ਦੀ ਪੇਸ਼ਕਸ਼ ਕੀਤੀ। ਇਸ ਖੁਲਾਸੇ ਤੋਂ ਬਾਅਦ ਕੈਨੇਡੀਅਨ ਰਾਸ਼ਟਰੀ ਪੁਲਸ ਨੇ ਗੋਸਲ ਨੂੰ ਵਿਟਨੈੱਸ ਪ੍ਰੋਟੈਕਸ਼ਨ ਪ੍ਰੋਗਰਾਮ ਦੇ ਤਹਿਤ ਸੁਰੱਖਿਆ ਮੁਹੱਈਆ ਕਰਵਾ ਦਿੱਤੀ ਹੈ। ਸਿੱਖਸ ਫ਼ਾਰ ਜਸਟਿਸ ਮੁਤਾਬਕ ਇਹ ਸਾਜ਼ਿਸ਼ ਹਰਦੀਪ ਸਿੰਘ ਨਿੱਝਰ ਦੀ 2023 ਵਿੱਚ ਹੋਈ ਹੱਤਿਆ ਨਾਲ ਮਿਲਦਾ-ਜੁਲਦਾ ਪੈਟਰਨ ਦੁਹਰਾਉਂਦੀ ਹੈ, ਜਿਸ ਬਾਰੇ ਕੈਨੇਡੀਅਨ ਇੰਟੈਲੀਜੈਂਸ ਪਹਿਲਾਂ ਹੀ ਚਿਤਾਵਨੀ ਦੇ ਚੁੱਕੀ ਸੀ।

ਸਿੱਖਸ ਫ਼ਾਰ ਜਸਟਿਸ ਦੇ ਤਾਜ਼ਾ ਇਲਜ਼ਾਮਾਂ ਨੇ ਦੋਨੋਂ ਦੇਸ਼ਾਂ ਵਿੱਚ ਨਵੀਂ ਤਣਾਅ ਦੀ ਹਵਾਵਾਂ ਚਲਾ ਦਿੱਤੀਆਂ ਹਨ। ਪੰਨੂ ਦੇ ਅਨੁਸਾਰ ਕੈਨੇਡੀਅਨ ਰਾਸ਼ਟਰੀ ਪੁਲਸ ਭਾਰਤੀ ਸਰਕਾਰ ਦੁਆਰਾ ਚਲਾਏ ਜਾ ਰਹੇ ਅੰਤਰਰਾਸ਼ਟਰੀ ਦਬਾਅ ਅਤੇ ਟਾਰਗੇਟਡ ਹਿੰਸਾ ਦੀ ਪੁਸ਼ਟੀ ਕਰ ਚੁੱਕੀ ਹੈ। ਉਹ ਕਹਿੰਦੇ ਹਨ ਕਿ ਭਾਰਤੀ ਇੰਟੈਲੀਜੈਂਸ ਜਾਲ ਅਜੇ ਵੀ ਕੈਨੇਡਾ ਦੇ ਅੰਦਰ ਰਾਜਨਾਇਕ ਕਵਰ ਦੇ ਤਹਿਤ ਕੰਮ ਕਰ ਰਿਹਾ ਹੈ। ਸਿੱਖਸ ਫ਼ਾਰ ਜਸਟਿਸ ਦੇ ਅਨੁਸਾਰ ਗੋਸਲ ਨੂੰ ਮਾਰਨ ਦੀ ਇਹ ਨਵੀਂ ਸਾਜ਼ਿਸ਼ ਸਾਬਤ ਕਰਦੀ ਹੈ ਕਿ ਭਾਰਤੀ ਸਰਕਾਰ ਦੇ ਨਿਰਦੇਸ਼ਾਂ ਹੇਠ ਭਾਰਤੀ ਕੌਂਸੁਲੇਟ, ਹਾਈ ਕਮਿਸ਼ਨ ਅਤੇ ਰਾਜਨਾਇਕ ਨੈੱਟਵਰਕ ਕਈ ਸਮਿਆਂ ਤੋਂ ਕੈਨੇਡਾ ਦੀ ਧਰਤੀ 'ਤੇ ਖ਼ਾਲਿਸਤਾਨੀ ਅੰਦੋਲਨਕਾਰੀਆਂ ਨੂੰ ਨਿਸ਼ਾਨਾ ਬਣਾਉਂਦੇ ਰਹੇ ਹਨ।

# ਅਲਵਿਦਾ ! ਧਰਤੀ ਪੁੱਤਰ ਧਰਮਿੰਦਰ

ਉਜਾਗਰ ਸਿੰਘ



ਧਰਤੀ ਪੁੱਤਰ ਪੰਜਾਬ ਦਾ ਮਾਣ ਪਿਆਰਾ ਅਤੇ ਸਤਿਕਾਰਾ ਫ਼ਿਲਮ ਜਗਤ ਦਾ ਚਮਕਦਾ ਸਿਤਾਰਾ ਧਰਮਿੰਦਰ ਦਿਓਲ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਿਆ ਹੈ। ਉਹ ਬਿਹਤਰੀਨ ਅਦਾਕਾਰ, ਸੁਪਰ ਸਟਾਰ ਕਲਾਕਾਰ ਅਤੇ ਪ੍ਰੋਡਿਊਸਰ ਸੀ, ਜਿਸਦੀਆਂ ਫ਼ਿਲਮਾਂ ਵਿੱਚ ਧੜੱਲੇਦਾਰੀ ਨਾਲ ਕੀਤੀ ਅਦਾਕਾਰੀ ਦੀਆਂ ਧੁੰਮਾ ਫ਼ਿਲਮੀ ਸੰਸਾਰ ਵਿੱਚ ਪਈਆਂ ਹੋਈਆਂ ਸਨ। ਧਰਮਿੰਦਰ ਦੀ ਦਮਦਾਰ ਅਵਾਜ਼ ਦੇ ਠਹਾਕੇ ਅਤੇ ਡਾਇਲਾਗ ਹਮੇਸ਼ਾ ਅਸਮਾਨ ਦੀਆਂ ਫ਼ਿਜ਼ਾਵਾਂ ਵਿੱਚ ਗੂੰਜਦੇ ਹੋਏ ਮਹਿਕਾਂ ਖਿਲਾਰਦੇ ਰਹਿਣਗੇ। ਉਹ 24 ਨਵੰਬਰ 2025 ਨੂੰ 89 ਸਾਲ ਦੀ ਉਮਰ ਵਿੱਚ ਸਵਰਗ ਸਿਧਾਰ ਗਏ, ਜਿਨ੍ਹਾਂ ਨੇ ਆਪਣਾ 90ਵਾਂ ਜਨਮ ਦਿਨ 8 ਦਸੰਬਰ 2025 ਨੂੰ ਮਨਾਉਣਾ ਸੀ। ਧਰਮੇਂਦਰ ਨੇ ਲਗਪਗ 300 ਫ਼ਿਲਮਾ ਵਿੱਚ ਕੰਮ ਕੀਤਾ। ਐਕਸ਼ਨ ਫ਼ਿਲਮਾਂ ਵਿੱਚ ਧਰਮੇਂਦਰ ਦੀਆਂ ਪ੍ਰਮੁੱਖ ਭੂਮਿਕਾਵਾਂ ਰਹੀਆਂ ਹਨ। ਲਗਪਗ ਹਰ ਫ਼ਿਲਮ ਵਿੱਚ ਉਸਦੇ ਐਕਸ਼ਨ ਕਮਾਲ ਦੇ ਹੁੰਦੇ ਸਨ। ਇਸ ਕਰਕੇ ਉਸਨੂੰ 1966 ਵਿੱਚ 'ਐਕਸ਼ਨ ਕਿੰਗ' ਅਤੇ 'ਹੇ ਮੈਨ' ਉਪਨਾਮ ਦਿੱਤੇ ਗਏ ਸਨ। ਬੁਢਾਪੇ ਕਰਕੇ ਉਤਨੇ ਸਰਗਰਮ ਨਹੀਂ ਸਨ, ਪ੍ਰੰਤੂ ਫਿਰ ਵੀ ਉਸਦੀ ਇੱਕ ਫ਼ਿਲਮ 'ਇੱਕੀਸ' ਬਣਕੇ ਤਿਆਰ ਹੋ ਗਈ ਸੀ, ਜਿਸਨੂੰ 25 ਦਸੰਬਰ 2025 ਨੂੰ ਰੀਲੀਜ਼ ਕਰਨਾ ਸੀ। ਇਹ ਫ਼ਿਲਮ 1971 ਦੀ ਇੰਡੋ-ਪਾਕਿ ਜੰਗ ਵਿੱਚ ਸ਼ਹੀਦ ਹੋਏ ਅਰੁਣ ਖੇਤਰਪਾਲ ਦੀ ਬਹਾਦਰੀ ਨਾਲ ਸੰਬੰਧਤ ਹੈ, ਜਿਸਨੂੰ ਮਰਨ ਉਪਰੰਤ 'ਪਰਮਵੀਰ ਚੱਕਰ' ਮਿਲਿਆ ਸੀ। ਇਸ ਸਮੇਂ ਧਰਮੇਂਦਰ ਬਹੁਤਾ ਸਮਾਂ ਆਪਣੇ 100 ਏਕੜ ਦੇ ਲੋਨਾਵਾਲਾ ਵਿਖੇ ਫਾਰਮ ਹਾਊਸ ਵਿੱਚ ਆਪਣੇ ਦੋਸਤਾਂ ਮਿੱਤਰਾਂ ਦੀਆਂ ਮਹਿਫ਼ਲਾਂ ਲਗਾਉਂਦਾ ਬਿਤਾਉਂਦਾ ਰਹਿੰਦਾ ਸੀ। ਭਾਵੇਂ ਧਰਮਿੰਦਰ ਬੰਬਈ ਦੀ ਮਹਾਂਨਗਰੀ ਵਿੱਚ ਰਹਿੰਦਾ ਸੀ, ਪ੍ਰੰਤੂ ਉਸਦੇ ਘਰ ਦਾ ਸਾਰਾ ਵਾਤਾਵਰਨ ਪੰਜਾਬੀ ਸਭਿਆਚਾਰ ਨਾਲ ਗੜੁੱਚ ਸੀ। ਪੰਜਾਬੀ ਖਾਣਾ, ਪਹਿਰਾਵਾ, ਲੋਕ ਗੀਤ, ਗੀਤ ਸੰਗੀਤ ਉਸਨੂੰ ਸਕੂਨ ਦਿੰਦੇ ਸਨ। ਪੰਜਾਬੀ ਪਹਿਰਾਵਾ ਉਸਨੂੰ ਬਹੁਤ ਫ਼ੱਬਦਾ ਸੀ। ਸਮਾਗਮਾ ਵਿੱਚ ਜਾਣ ਸਮੇਂ ਉਹ ਮੌਕੇ ਅਨੁਸਾਰ ਕਪੜੇ ਪਹਿਨਦਾ ਸੀ। ਕੁਝ ਸਮਾਂ ਬਿਮਾਰ ਰਹਿਣ ਤੋਂ ਬਾਅਦ ਫ਼ਿਲਮ ਜਗਤ ਵਿੱਚੋਂ ਅਚਾਨਕ ਟਹਿਕਦਾ-ਮਹਿਕਦਾ ਸੁਗੰਧਾਂ ਦੀਆਂ ਲਪਟਾਂ ਛੱਡਦਾ ਹੋਇਆ ਅਛੋਪਲੇ ਜਹੇ ਅਲੋਪ ਹੋ ਗਿਆ ਹੈ। ਧਰਮਿੰਦਰ ਦੇ ਇਸ ਸੰਸਾਰ ਤੋਂ ਜਾਣ ਨਾਲ ਫ਼ਿਲਮ ਜਗਤ ਵਿੱਚ ਉਦਾਸੀ ਦੀ ਲਹਿਰ ਪੈਦਾ ਹੋ ਗਈ ਤੇ ਮਾਤਮ ਛਾਅ ਗਿਆ ਹੈ।

ਧਰਮ ਸਿੰਘ ਦਿਓਲ ਮਹਿਜ 20 ਸਾਲ ਦੀ ਅਲੂੰਈਂ ਉਮਰ ਵਿੱਚ ਸੋਹਣਾ ਸੁਨੱਖਾ ਹੁੰਦੜਹੇਲ ਨੌਜਵਾਨ ਪੰਜਾਬ ਦੇ ਲੁਧਿਆਣਾ ਜਿਲ੍ਹੇ ਦੇ ਸਾਹਨੇਵਾਲ ਕਸਬੇ ਤੋਂ ਬੰਬਈ ਦੀਆਂ ਫ਼ਿਲਮੀ ਲਹਿਰਾਂ ਵਿੱਚ ਮਦਹੋਸ਼ ਹੋ ਕੇ ਐਕਟਰ ਬਣਨ ਦੀਆਂ ਉਮੀਦਾਂ ਤੇ ਸੱਧਰਾਂ ਲੈ ਕੇ ਮਾਇਆ ਨਗਰੀ ਵਿੱਚ ਪਹੁੰਚ ਗਿਆ ਸੀ। ਮਾਪਿਆਂ ਦਾ ਲਾਡਲਾ ਦੁਲਾਰਾ ਹੋਣ ਕਰਕੇ ਲੁਧਿਆਣਾ ਤੋਂ ਸਿਵਾਏ ਉਹ ਕਦੇ ਵੀ ਕਿਧਰੇ ਵੱਡੇ ਸ਼ਹਿਰ ਵਿੱਚ ਇਕੱਲਾ ਨਹੀਂ ਗਿਆ ਸੀ। ਲੁਧਿਆਣਾ ਵੀ ਆਪਣੇ ਦੋਸਤਾਂ ਨਾਲ ਆਪਣੇ ਮਾਪਿਆਂ ਤੋਂ ਚੋਰੀ ਛਿਪੇ ਫ਼ਿਲਮਾ ਵੇਖਣ ਹੀ ਜਾਂਦਾ ਹੁੰਦਾ ਸੀ। ਆਮ ਘਰਾਂ ਦੇ ਦਿਹਾਤੀ ਨੌਜਵਾਨ ਲਈ ਬੰਬਈ ਵਰਗੇ ਮਹਾਂ ਨਗਰ ਵਿੱਚ ਪਹੁੰਚਕੇ ਰਹਿਣਾ ਬਹੁਤ ਹੀ ਕਠਨ ਸੀ, ਪ੍ਰੰਤੂ ਧਰਮ ਸਿੰਘ ਦਿਓਲ ਨੇ ਫ਼ਿਲਮ ਅਦਾਕਾਰ ਬਣਨ ਦੀ ਠਾਣ ਲਈ ਸੀ। ਇਸ ਲਈ ਉਹ ਹਰ ਮੁਸੀਬਤ ਦਾ ਖਿੜੇ ਮੱਥੇ ਮੁਕਾਬਲਾ ਕਰਦਾ ਰਿਹਾ। ਹਰ ਛੋਟਾ-ਮੋਟਾ ਕੰਮ ਵੀ ਕਰਦਾ ਰਿਹਾ। ਆਮ ਤੌਰ 'ਤੇ ਜਿਵੇਂ ਨਵੇਂ ਅਦਾਕਾਰਾਂ ਨੂੰ ਅਨੇਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉਸੇ ਤਰ੍ਹਾਂ ਧੱਕੇ ਧੌਲੇ ਖਾਂਦਾ, ਜਦੋਜਹਿਦ ਤੋਂ ਬਾਅਦ ਅਖ਼ੀਰ ਅਰਜੁਨ ਹਿੰਗੋਨੀ ਦੀ ਨਿਗਾਹ ਵਿੱਚ ਐਸਾ ਚੜ੍ਹਿਆ ਮੁੜਕੇ ਉਸਨੇ ਉਤਨੀ ਦੇਰ ਪਿੱਛੇ ਮੁੜਕੇ ਨਹੀਂ ਵੇਖਿਆ, ਜਿਤਨੀ ਦੇਰ ਬੁਲੰਦੀਆਂ 'ਤੇ ਨਾ ਪਹੁੰਚਿਆ। ਸੋਹਣਾ ਸੁਨੱਖਾ ਤੇ ਮਨਮੋਹਕ ਚਿਹਰੇ ਵਾਲਾ ਨੌਜਵਾਨ ਧਰਮ ਸਿੰਘ ਫ਼ਿਲਮ ਜਗਤ ਵਿੱਚ ਆਉਣ ਨਾਲ ਧਰਮਿੰਦਰ ਬਣ ਗਿਆ। ਧਰਮਿੰਦਰ ਇੱਕ ਸਮੇਂ ਮੀਨਾ ਕੁਮਾਰੀ, ਨੂਤਨ ਅਤੇ ਮਾਲਾ ਸਿਨਹਾ ਦੀਆਂ ਧੜਕਣਾ ਵਧਾ ਰਿਹਾ ਸੀ। ਜਯਾ ਬਚਨ, ਜੀਨਤ ਅਮਾਨ ਅਤੇ ਮਾਧੁਰੀ ਦੀਕਸ਼ਤ ਵੀ ਉਸਦਾ ਸਤਿਕਾਰ ਤੇ ਮੋਹ ਕਰਦੀਆਂ ਸਨ। ਇੱਕ ਕਿਸਮ ਨਾਲ ਉਹ ਮੀਨਾ ਕੁਮਾਰੀ ਦੀਆਂ ਅੱਖਾਂ ਦਾ ਤਾਰਾ ਬਣ ਗਿਆ ਸੀ, ਪ੍ਰੰਤੂ ਹੇਮਾ ਮਾਲਿਨੀ ਨਾਲ ਮਿਲਣ ਤੋਂ ਬਾਅਦ ਉਸਨੇ ਉਸ ਨਾਲ ਉਪਰੋਥਲੀ ਦਰਜਨਾਂ ਫ਼ਿਲਮਾ ਕੀਤੀਆਂ। ਇਸ ਤੋਂ ਬਾਅਦ ਤਾਂ ਉਸਦੀ ਹੇਮਾ ਮਾਲਿਨੀ ਨਾਲ ਅਜਿਹੀ ਦੋਸਤੀ ਪਈ ਕਿ ਵਿਵਾਹਤ ਹੋਣ ਦੇ ਬਾਵਜੂਦ ਉਸਨੇ ਕਿਹਾ ਜਾਂਦੈ ਕਿ ਧਰਮ ਬਦਲਕੇ ਹੇਮਾ ਮਾਲਿਨੀ ਨਾਲ ਵਿਆਹ ਕਰਵਾ ਲਿਆ। ਉਸਤੋਂ ਬਾਅਦ ਹਾਲਾਤ ਇਹ ਬਣ ਗਏ ਕਿ ਇੱਕ ਤੋਂ ਬਾਅਦ ਇੱਕ ਪ੍ਰੋਡਿਊਸਰ ਨੂੰ ਧਰਮਿੰਦਰ ਦੀ ਅਦਾਕਾਰੀ ਚੁੰਧਿਆਉਣ ਲੱਗ ਪਈ ਤੇ ਉਹ ਫ਼ਿਲਮ ਜਗਤ ਵਿੱਚ ਛਾਅ ਗਿਆ। 1970-80 ਦੇ ਦਹਾਕੇ ਵਿੱਚ ਇਸ ਧਰਮੇਂਦਰ ਤੇ ਹੇਮਾ ਮਾਲਿਨੀ ਦੀ ਜੋੜੀ ਦੀ ਚੜ੍ਹ ਮੱਚ ਗਈ। ਫ਼ਿਲਮ ਪ੍ਰੋਡਿਊਸਰ ਧਰਮਿੰਦਰ ਅਤੇ ਹੇਮਾ ਮਾਲਿਨੀ ਦੀ ਜੋੜੀ ਦੇ ਆਲੇ ਦੁਆਲੇ ਗੇੜੇ ਕੱਢਣ ਲੱਗ ਪਏ, ਜਿਵੇਂ ਸ਼ਹਿਦ ਦੇ ਛੱਤੇ ਦੁਆਲੇ ਸ਼ਹਿਦ ਦੀਆਂ ਮੱਖੀਆਂ ਘੁੰਮਦੀਆਂ ਹੁੰਦੀਆਂ ਹਨ। ਸਰਵੋਤਮ ਅਦਾਕਾਰ ਬਣਕੇ ਉਸਨੇ ਹਲੀਮੀ ਦਾ ਪੱਲਾ ਨਹੀਂ ਛੱਡਿਆ।

ਧਰਮ ਸਿੰਘ ਦਿਓਲ ਉਰਫ ਧਰਮਿੰਦਰ ਦਾ ਜਨਮ 8 ਦਸੰਬਰ 1935 ਨੂੰ ਲੁਧਿਆਣਾ ਜਿਲ੍ਹੇ ਦੇ ਪਿੰਡ ਨਸਰਾਲੀ ਵਿਖੇ ਪਿਤਾ ਕੇਵਲ ਕ੍ਰਿਸ਼ਨ ਸਿੰਘ ਦਿਓਲ ਤੇ ਮਾਤਾ ਸਤਵੰਤ ਕੌਰ ਦਿਓਲ ਦੀ ਕੁੱਖੋਂ ਹੋਇਆ। ਉਸਦਾ ਆਪਣਾ ਜੱਦੀ ਪਿੰਡ ਵੀ ਲੁਧਿਆਣਾ ਜਿਲ੍ਹੇ ਵਿੱਚ ਮਾਲੇਰਕੋਟਲਾ ਦੇ ਨਜ਼ਦੀਕ ਡਾਂਗੋਂ ਹੈ। ਉਸਦੀ ਮਾਤਾ ਸਤਵੰਤ ਕੌਰ ਧਾਂਦਰੇ ਪਿੰਡ ਦੇ ਗਰੇਵਾਲਾਂ ਦੀ ਧੀ ਸੀ। ਧਰਮਿੰਦਰ ਆਖ਼ਰੀ ਵਾਰ 2014 ਵਿੱਚ ਆਪਣੇ ਪਿੰਡ ਡਾਂਗੋ ਗਿਆ ਸੀ। ਉਹ ਰਾਏਕੋਟ ਵਿਖੇ ਵੀ ਰਹਿੰਦੇ ਰਹੇ ਸਨ। ਧਰਮ ਸਿੰਘ ਦਿਓਲ ਦੇ ਪਿਤਾ ਸਕੂਲ ਅਧਿਆਪਕ ਸਨ। ਉਹ ਧਰਮ ਸਿੰਘ ਨੂੰ ਅਧਿਆਪਕ ਬਣਾਉਣਾ ਚਾਹੁੰਦੇ ਸਨ, ਪ੍ਰੰਤੂ ਧਰਮ ਸਿੰਘ ਫ਼ਿਲਮ ਐਕਟਰ ਬਣਨ ਦੇ ਸਪਨੇ ਸਿਰਜ ਰਿਹਾ ਸੀ। ਇਸ ਲਈ ਉਸਨੂੰ ਫ਼ਿਲਮਾ ਵੇਖਣ ਦਾ ਸ਼ੌਕ ਸੀ। ਉਸਦੇ ਮਨ ਵਿੱਚ ਫ਼ਿਲਮ ਅਦਾਕਾਰ ਬਣਨ ਦੀ ਚਿਣਗ ਪੈਦਾ ਹੋ ਗਈ ਸੀ। ਇਸ ਲਈ ਉਹ ਵਾਰ-ਵਾਰ ਆਪਣੇ ਪਿਤਾ ਤੋਂ ਚੋਰੀ ਛਿੱਪੇ ਲੁਧਿਆਣਾ ਵਿਖੇ ਫ਼ਿਲਮਾ ਵੇਖਣ ਪੈਦਲ ਹੀ ਚਲਾ ਜਾਂਦਾ ਸੀ। ਉਸਦੇ ਪਿਤਾ ਦੇ ਸਰਕਾਰੀ ਸਕੂਲ ਦਾ ਅਧਿਆਪਕ ਹੋਣ ਕਰਕੇ ਬਦਲੀਆਂ ਹੁੰਦੀਆਂ ਰਹੀਆਂ, ਇਸ ਕਰਕੇ ਧਰਮ ਸਿੰਘ ਸਾਹਨੇਵਾਲ, ਢੰਡਾਰੀ ਕਲਾਂ, ਲਲਤੋਂ ਅਤੇ ਆਰੀਆ ਹਾਈ ਸਕੂਲ ਫਗਵਾੜਾ ਵਿੱਚ ਸਕੂਲੀ ਪੜ੍ਹਾਈ ਪ੍ਰਾਪਤ ਕਰਦਾ ਰਿਹਾ। ਉਸਨੇ ਇੰਟਰਮੀਡੀਏਟ ਤੱਕ ਦੀ ਪੜ੍ਹਾਈ ਰਾਮਗੜ੍ਹੀਆ ਕਾਲਜ ਫ਼ਗਵਾੜਾ ਵਿੱਚੋਂ 1952 ਵਿੱਚ ਕੀਤੀ। ਇਸ ਤੋਂ ਬਾਅਦ ਉਸਨੇ ਅਮ੍ਰੇਸ਼ਨ ਡਰਿੱਲਿੰਗ ਕੰਪਨੀ ਵਿੱਚ ਟਿਊਬਵੈਲ ਦੇ ਬੋਰ ਕਰਨ ਦੀ ਨੌਕਰੀ ਕਰ ਲਈ। ਇਸ ਨੌਕਰੀ ਕਰਕੇ ਉਹ ਸਾਰੇ ਪੰਜਾਬ ਵਿੱਚ ਵੱਖ-ਵੱਖ ਥਾਵਾਂ ਤੇ ਟਿਊਬਵੈਲਾਂ ਦੇ ਬੋਰ ਕਰਨ ਲਈ ਜਾਂਦਾ ਰਿਹਾ, ਪ੍ਰੰਤੂ ਉਸਦਾ ਅਜਿਹੇ ਬੋਰਿੰਗ ਕੰਮ ਵਿੱਚ ਦਿਲ ਨਾ ਲੱਗਿਆ। ਫਿਰ ਉਸਨੇ ਟਿਊਬਵੈਲ ਅਪ੍ਰੇਟਰ ਦੀ ਸਰਕਾਰੀ ਨੌਕਰੀ ਕਰ ਲਈ। ਉਥੇ ਵੀ ਉਸਦਾ ਦਿਲ ਨਾ ਲੱਗਿਆ ਕਿਉਂਕਿ ਉਸਦੇ ਮਨ ਮਸਤਕ ਵਿੱਚ ਤਾਂ ਫ਼ਿਲਮ ਐਕਟਰ ਬਣਨ ਦਾ ਭੂਤ ਸਵਾਰ ਹੋਇਆ ਸੀ। ਉਹ ਤੇ ਮੇਰਾ ਵੱਡੇ ਭਰਾ ਮਰਹੂਮ ਧਰਮ ਸਿੰਘ ਇਕੱਠੇ ਟਿਊਬਵੈਲ ਅਪ੍ਰੇਟਰ ਰਹੇ ਸਨ। ਉਸਨੇ 1955 ਵਿੱਚ ਦਿਲ ਲਗੀ ਫਿਲਮ ਦੇਖੀ, ਉਸਨੂੰ ਇਹ ਫਿਲਮ ਬਹੁਤ ਪਸੰਦ ਆਈ ਅਤੇ ਕਈ ਵਾਰ ਫਿਲਮ ਦੇਖੀ।

ਧਰਮਿੰਦਰ ਦਾ ਕੱਦ ਕਾਠ ਚੰਗਾ ਤੇ ਸੁਹਣਾ ਸੁਨੱਖਾ ਗਭਰੂ ਸੀ। ਉਸਨੇ ਬਿਮਲ ਰਾਏ ਅਤੇ ਗੁਰੂ ਦੱਤ ਦੇ ਫ਼ਿਲਮ ਫ਼ੇਅਰ ਮੈਗਜ਼ੀਨ ਵਿੱਚ ਨਵੇਂ ਅਦਾਕਾਰਾਂ ਦੀ ਫ਼ਿਲਮਾਂ ਵਿੱਚ ਕੰਮ ਕਰਨ ਲਈ ਸਪਾਟ ਟੇਲੰਟ ਕੰਨਟੈਸਟ ਦਾ ਦਿੱਤਾ ਹੋਇਆ ਇਸ਼ਤਿਹਾਰ ਪੜ੍ਹਿਆ। ਇਹ ਇਸ਼ਤਿਹਾਰ ਪੜ੍ਹਕੇ ਉਸਨੇ ਮਾਲੇਰਕੋਟਲਾ ਸ਼ਹਿਰ ਦੇ ਜਾਨ ਮੁਹੰਮਦ (ਜੌਨ ਐਂਡ ਸਨਜ਼) ਸਟੂਡੀਓ ਤੋਂ ਇੱਕ ਰੰਗਦਾਰ ਤਸਵੀਰ ਖਿਚਵਾਈ। ਉਸਨੇ ਜੌਹਨ ਮੁਹੰਮਦ ਨੂੰ ਕਿਹਾ ਕਿ ਉਸਦੀ ਦਲੀਪ ਕੁਮਾਰ ਵਰਗੀ ਤਸਵੀਰ ਖਿੱਚ ਦੇ। ਫਿਰ ਉਹ 20 ਸਾਲ ਦੀ ਉਮਰ ਵਿੱਚ 1955 ਵਿੱਚ ਬੰਬਈ ਚਲਾ ਗਿਆ। ਉਸਨੇ ਇੰਟਰਵਿਊ ਦਿੱਤੀ ਤੇ ਉਹ ਰਮੇਸ਼ ਸੈਗਲ ਦੀ ਫ਼ਿਲਮ ਲਈ ਚੁਣੇ ਗਏ। ਅਖੀਰ 1960 ਵਿੱਚ ਅਰਜਨ ਹਿੰਗਲਾਨੀ ਦੀ ਫ਼ਿਲਮ 'ਦਿਲ ਭੀ ਤੇਰਾ ਹਮ ਭੀ ਤੇਰੇ' ਵਿੱਚ ਰੋਲ ਮਿਲ ਗਿਆ। ਇਸ ਫਿਲਮ ਦਾ ਉਸਨੂੰ 51 ਰੁਪਏ ਇਵਜਾਨਾ ਮਿਲਿਆ ਸੀ। ਇਸ ਤੋਂ ਸ਼ਬਨਮ 1961, ਅਨਪੜ੍ਹ 1962 ਵਿੱਚ ਥੋੜ੍ਹਾ ਬਹੁਤਾ ਕੰਮ ਕੀਤਾ। 1966 ਵਿੱਚ 'ਫੂਲ ਔਰ ਪੱਥਰ' ਵਿੱਚ ਮੀਨਾ ਕੁਮਾਰੀ ਨਾਲ ਕੰਮ ਕਰਨ ਦਾ ਮੌਕਾ ਮਿਲਿਆ, ਬਸ ਫਿਰ ਕੀ ਸੀ ਧਰਮ ਸਿੰਘ ਤੋਂ ਧਰਮੇਂਦਰ ਅਜਿਹਾ ਬਣਿਆਂ, ਲੋਕਾਂ ਵਲੋਂ ਉਸਦੇ ਕੰਮ ਨੂੰ ਪਹਿਲੀ ਵਾਰ ਮਾਣਤਾ ਮਿਲੀ। ਸ਼ੋਹਲੇ ਫ਼ਿਲਮ ਵਿੱਚ ਹੇਮਾ ਮਾਲਿਨੀ ਨਾਲ ਵੀਰੂ ਦਾ ਰੋਲ ਕੀਤਾ, ਇਸ ਰੋਲ ਤੋਂ ਬਾਅਦ ਤਾਂ ਉਸਦੀ ਚੜ੍ਹ ਮੱਚ ਗਈ। ਉਸਨੇ ਹੇਮਾ ਮਾਲਿਨੀ ਨਾਲ ਲਗਾਤਾਰ 28 ਫ਼ਿਲਮਾਂ ਕੀਤੀਆਂ। ਧਰਮੇਂਦਰ ਦੀ ਅਦਾਕਾਰੀ ਦੀ ਕਮਾਲ ਸੀ, ਜਿਸ ਕਰਕੇ ਉਸਨੇ ਇੱਕੋ ਸਾਲ 1973 ਵਿੱਚ ਅੱਠ ਅਤੇ ਇਕੋ ਸਾਲ 1987 ਵਿੱਚ ਉਸਨੇ ਨੌਂ ਸ਼ਾਹਕਾਰ ਫ਼ਿਲਮਾ ਬਣਾਕੇ ਰਿਕਾਰਡ ਬਣਾ ਦਿੱਤਾ। ਇਤਨੀਆਂ ਫ਼ਿਲਮਾ ਬਣਾਉਣੀਆਂ ਤੇ ਫਿਰ ਉਨ੍ਹਾਂ ਦਾ ਲੋਕਾਂ ਵਿੱਚ ਸਰਵਪ੍ਰਵਾਨਿਤ ਹੋਣਾ ਧਰਮੇਂਦਰ ਦੀ ਕਾਬਲੀਅਤ ਤੇ ਅਦਾਕਾਰੀ ਦਾ ਇਸਤੋਂ ਵੱਡਾ ਪ੍ਰਮਾਣ ਹੋਰ ਕੋਈ ਨਹੀਂ ਹੋ ਸਕਦਾ। 1983 ਵਿੱਚ 'ਵਿਜੇਤਾ ਫ਼ਿਲਮ' ਨਾਮ ਦੀ ਪ੍ਰੋਡਕਸ਼ਨ ਕੰਪਨੀ ਵੀ ਬਣਾਈ ਸੀ। ਉਸਨੇ ਦੋ ਫ਼ਿਲਮਾਂ ਬੇਤਾਬ 1983 ਅਤੇ ਬਰਸਾਤ ਬਣਾਈਆਂ। ਧਰਮੇਂਦਰ 2004 ਵਿੱਚ ਰਾਜਸਥਾਨ ਦੇ ਬੀਕਾਨੇਰ ਲੋਕ ਸਭਾ ਹਲਕੇ ਤੋਂ ਲੋਕ ਸਭਾ ਦੇ ਮੈਂਬਰ ਚੁਣੇ ਗਏ ਸਨ। ਉਹ 2009 ਤੱਕ ਬੀਕਾਨੇਰ ਹਲਕੇ ਦੀ ਪ੍ਰੀਨਿਧਤਾ ਕਰਦੇ ਰਹੇ ਹਨ।

ਧਰਮੇਂਦਰ ਨੂੰ ਉਸਦੀਆਂ ਫ਼ਿਲਮਾਂ ਵਿੱਚ ਬਿਹਤਰੀਨ ਅਦਾਕਾਰੀ ਕਰਕੇ ਬਹੁਤ ਸਾਰੇ ਮਾਣ ਸਨਮਾਨ ਮਿਲੇ, ਜਿਨ੍ਹਾਂ ਵਿੱਚ ਰਾਸ਼ਟਰੀ ਫ਼ਿਲਮ ਪੁਰਸਕਾਰ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹੈ। ਇਸ ਤੋਂ ਇਲਾਵਾ ਲੜੀਵਾਰ 1991 ਵਿੱਚ 'ਘਾਇਲ' (ਨਿਰਮਾਤਾ) ਫ਼ਿਲਮ ਲਈ ਫ਼ਿਲਮ ਫ਼ੇਅਰ ਅਵਾਰਡ, ਉਸਨੂੰ ਹਿੰਦੀ ਫ਼ਿਲਮਾ ਵਿੱਚ ਯੋਗਦਾਨ ਲਈ 1997 ਵਿੱਚ ਫ਼ਿਲਮ ਫੇਅਰ ਲਾਈਫ ਟਾਈਮ ਅਚੀਵਮੈਂਟ ਅਵਾਰਡ ਮਿਲਿਆ, 1965 'ਆਈ ਮਿਲਨ ਕੀ ਬੇਲਾ' ਬੈਸਟ ਸਪੋਰਟਿੰਗ ਐਕਟਰ ਅਵਾਰਡ, 1967 'ਫੂਲ ਔਰ ਪੱਥਰ' ਲਈ ਸਰਵੋਤਮ ਐਕਟਰ ਲਈ ਫ਼ਿਲਮ ਫ਼ੇਅਰ ਅਵਾਰਡ, 1972 'ਮੇਰਾ ਗਾਉਂ ਮੇਰਾ ਦੇਸ਼' ਲਈ ਸਰਵੋਤਮ ਐਕਟਰ ਦਾ ਫ਼ਿਲਮ ਫ਼ੇਅਰ ਅਵਾਰਡ, 1974 'ਯਾਰੋਂ ਕੀ ਬਰਾਤ' ਲਈ ਸਰਵੋਤਮ ਐਕਟਰ ਦਾ ਫ਼ਿਲਮ ਫ਼ੇਅਰ ਅਵਾਰਡ, 1975 'ਰੇਸ਼ਮ ਕੀ ਡੋਰੀ' ਲਈ ਬੈਸਟ ਐਕਟਰ, 1984 'ਨੌਕਰ ਬੀਵੀ ਕਾ' ਲਈ ਫ਼ਿਲਮ ਫ਼ੇਅਰ ਬੈਸਟ ਕਾਮੇਡੀਅਨ ਅਵਾਰਡ। ਇਸੇ ਤਰ੍ਹਾਂ 1970 ਦੇ ਦਹਾਕੇ ਦੇ ਅਖੀਰ ਵਿੱਚ ਧਰਮੇਂਦਰ ਨੂੰ ਦੁਨੀਆਂ ਦੇ ਸਭ ਤੋਂ ਖ਼ੂਬਸੂਰਤ ਵਿਅਕਤੀਆਂ ਵਿੱਚੋਂ ਇੱਕ ਵੋਟ ਮਿਲੀ ਸੀ, ਜੋ ਭਾਰਤ ਵਿੱਚ ਸਿਰਫ਼ ਸਲਮਾਨ ਖ਼ਾਨ (ਬਾਲੀਵੁੱਡ) ਨੂੰ 2004 ਵਿੱਚ ਨੂੰ ਦੁਬਾਰਾ ਮਿਲੀ ਸੀ। ਧਰਮੇਂਦਰ ਨੂੰ ਵਿਸ਼ਵ ਦਾ ਆਇਰਨ ਮੈਨ ਅਵਾਰਡ ਵੀ ਮਿਲਿਆ ਸੀ। 2012 ਵਿੱਚ ਪਦਮ ਭੂਸ਼ਣ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ। ਉਹ ਲਾਲਚੀ ਬਿਲਕੁਲ ਨਹੀਂ ਸੀ ਅਤੇ ਨਾ ਹੀ ਗਰੂਰ ਕਰਦਾ ਸੀ। ਨਮਰਤਾ ਉਸਦਾ ਗਹਿਣਾ ਸੀ, ਪ੍ਰੰਤੂ ਆਪਣੇ ਸਵੈਮਾਣ ਨੂੰ ਠੇਸ ਨਹੀਂ ਲੱਗਣ ਦਿੰਦਾ ਸੀ। ਧਰਮਿੰਦਰ ਉਰਦੂ ਵਿੱਚ ਕਵਿਤਾਵਾਂ ਵੀ ਲਿਖਦਾ ਸੀ। ਆਪਣੀ ਸਫਲਤਾ ਬਾਰੇ ਉਹ ਗੁਣਗੁਣਾਂਦਾ ਸੀ:


ਮੌਕਾ ਦੀਆ ਮੁਕੱਦਰ ਨੇ,
ਦਿਲ ਦਿਮਾਗ ਏਕ ਹੁਏ।
ਨੇਕੀ ਭੀ ਸਾਥ ਹੁਈ,
ਮਿਹਨਤ ਔਰ ਮੁਸ਼ੱਕਤ ਕੇ।
ਮੰਜ਼ਲੇਂ ਤਹਿ ਹੋਤੀ ਗਈ,
ਔਰ ਹਮ ਸੁਰਖ਼ਰੂ ਹੋਏ।

ਧਰਮ ਸਿੰਘ ਦਿਓਲ ਦਾ 1954 ਵਿੱਚ ਮਹਿਜ 19 ਸਾਲ ਦੀ ਉਮਰ ਵਿੱਚ ਵਿਆਹ ਬਨਭੌਰੇ ਪਿੰਡ ਦੀ ਪਰਕਾਸ਼ ਕੌਰ ਨਾਲ ਹੋ ਗਿਆ। ਧਰਮੇਂਦਰ ਦੇ ਦੋ ਲੜਕੇ ਸਨੀ ਦਿਓਲ (ਅਜੈ ਸਿੰਘ ਦਿਓਲ) ਤੇ ਬੌਬੀ ਦਿਓਲ (ਵਿਜੈ ਸਿੰਘ ਦਿਓਲ) ਤੇ ਦੋ ਲੜਕੀਆਂ ਵਿਜੇਤਾ ਦਿਓਲ ਅਤੇ ਅਜੀਤਾ ਦਿਓਲ ਹਨ। ਹੇਮਾਂ ਮਾਲਿਨੀ ਦੀਆਂ ਵੀ ਧਰਮੇਂਦਰ ਦੀਆਂ ਦੋ ਲੜਕੀਆਂ ਈਸ਼ਾ ਦਿਓਲ ਅਤੇ ਅਹਾਨਾ ਦਿਓਲ ਹਨ।

ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹਾਦਤ ਨੂੰ ਨਮਨ

ਗੁਰਭਿੰਦਰ ਗੁਰੀ
+447951 590424



ਚਾਂਦਨੀ ਚੌਕ ਤੋਂ ਸ੍ਰੀ ਕਲਗੀਧਰ ਤਖ਼ਤ ਤੱਕ, ਗੁਰੂ ਤੇਗ ਬਹਾਦਰ ਦੀ ਅਡੋਲ ਸ਼ਹਾਦਤ ਅਜੇ ਵੀ ਮਨੁੱਖਤਾ ਨੂੰ ਨਿਰਭੈ ਅਤੇ ਨਿਰਵੈਰ ਜੀਵਨ ਜੀਊਣ ਦਾ ਸੰਦੇਸ਼ ਦਿੰਦੀ ਹੈ। ਭਾਰਤ ਸਰਕਾਰ ਵੱਲੋਂ 2025 ਨੂੰ "ਗੁਰੂ ਤੇਗ ਬਹਾਦਰ ਸ਼ਹਾਦਤ ਸਾਲ" ਵਜੋਂ ਮਨਾਇਆ ਗਿਆ।

ਅੱਜ ਦਿੱਲੀ ਦੇ ਚਾਂਦਨੀ ਚੌਕ 'ਚ ਸਥਿਤ ਗੁਰੁਦੁਆਰਾ ਸੀਸ ਗੰਜ ਸਾਹਿਬ ਦੇ ਅੰਗਣ ਵਿੱਚ ਹਜ਼ਾਰਾਂ ਸਿੱਖ, ਹਿੰਦੂ, ਮੁਸਲਮਾਨ, ਇਸਾਈ ਤੇ ਕਈ ਹੋਰ ਧਰਮਾਂ ਨਾਲ ਸਬੰਧਤ ਲੋਕ ਇੱਕਠੇ ਹੋਏ। ਮਕਸਦ ਸੀ - ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹਾਦਤ ਨੂੰ ਸ਼ਰਧਾਂਜਲੀ ਦੇਣਾ।

24 ਨਵੰਬਰ 1675 ਨੂੰ ਇਸੀ ਜਗ੍ਹਾ ਤੇ ਖੜ੍ਹ ਕੇ ਇਕ ਤਪਸਵੀ, ਰਾਜਨੀਤਿਕ ਦਰਸ਼ਨ ਵਾਲੇ, ਧਰਮ ਰੱਖਿਆ ਲਈ ਅਟਲ ਖੜ੍ਹੇ ਗੁਰੂ ਨੇ ਆਪਣਾ ਸਿਰ ਕੁਰਬਾਨ ਕੀਤਾ ਸੀ। 350 ਸਾਲ ਬਾਅਦ ਵੀ ਉਨ੍ਹਾਂ ਦੀ ਸ਼ਹਾਦਤ "ਮਨੁੱਖੀ ਹੱਕਾਂ ਦਾ ਸਭ ਤੋਂ ਪਹਿਲਾ ਸੰਵਿਧਾਨ" ਮੰਨੀ ਜਾਂਦੀ ਹੈ।

ਇਤਿਹਾਸਕ ਪਿਛੋਕੜ: ਜ਼ੁਲਮਾਂ ਦੇ ਕਾਲੇ ਬੱਦਲ-ਸੱਤਵੀਂ ਸਦੀ ਦੇ ਮੱਧ ਵਿੱਚ ਅਉਰੰਗਜ਼ੇਬ ਦਾ ਰਾਜ-ਭਾਰਤ ਦਾ ਉਹ ਸਮਾਂ ਜਦੋਂ ਧਾਰਮਿਕ ਕਠੋਰਤਾ ਨੇ ਲੋਕਾਂ ਦੇ ਮਨ, ਵਿਸ਼ਵਾਸ ਅਤੇ ਜੀਵਨ ਦੋਹਾਂ ਨੂੰ ਝਕੋਰਨ ਲਾਇਆ ਹੋਇਆ ਸੀ। ਜਬਰਦਸਤੀ ਇਸਲਾਮ ਕਬੂਲ ਕਰਨ ਦੀ ਮੁਹਿੰਮ ਹਿੰਦੁਸਤਾਨ ਦੇ ਕਈ ਖੇਤਰਾਂ-ਖਾਸ ਕਰਕੇ ਕਸ਼ਮੀਰ-ਦੇ ਬ੍ਰਾਹਮਣਾਂ, ਵਿਦਵਾਨਾਂ ਅਤੇ ਆਮ ਲੋਕਾਂ ਦੀ ਰੂਹ ਕੰਬਾ ਰਹੀ ਸੀ।

ਕਸ਼ਮੀਰੀ ਪੰਡਤਾਂ ਦੀ ਅਗਵਾਈ ਪੰਡਿਤ ਕਿਰਪਾਲੂ ਭੱਟ ਕਰ ਰਹੇ ਸਨ। ਆਪਣੀ ਇੱਜ਼ਤ ਅਤੇ ਧਰਮ ਦੀ ਰੱਖਿਆ ਲਈ ਜਦੋਂ ਉਹ ਅਨੰਦਪੁਰ ਸਾਹਿਬ ਪਹੁੰਚੇ, ਤਾਂ ਉਹਨਾਂ ਦੀਆਂ ਅੱਖਾਂ ਵਿੱਚ ਡਰ ਸੀ, ਆਵਾਜ਼ ਵਿੱਚ ਕੰਬਾਹਟ ਸੀ ਅਤੇ ਹਿਰਦੇ ਵਿੱਚ ਬੇਬਸੀ।

ਗੁਰੂ ਤੇਗ ਬਹਾਦਰ ਜੀ ਨੇ ਉਹਨਾਂ ਦੀ ਪੀੜ ਸੁਣ ਕੇ ਕਿਹਾ: "ਤੁਹਾਡੇ ਧਰਮ ਦੀ ਰੱਖਿਆ ਲਈ ਇਕ ਬਲੀਦਾਨ ਲਗੂ ਹੈ। ਉਹ ਬਲੀਦਾਨ ਮੈਂ ਦੇਵਾਂਗਾ।" ਇਸ ਇਕ ਵਾਕ ਨੇ ਇਤਿਹਾਸ ਦੀ ਦਿਸ਼ਾ ਬਦਲ ਦਿੱਤੀ।

ਅਨੰਦਪੁਰ ਤੋਂ ਦਿੱਲੀ ਤੱਕ ਦਾ ਸਫ਼ਰ: ਤਿਆਗਮਈ ਚੱਲ-ਗੁਰੂ ਸਾਹਿਬ ਨੇ ਆਪਣੀ ਗੱਦੀ ਨੂੰ ਪੁੱਤਰ ਬਾਬਾ ਗੋਬਿੰਦ ਰਾਇ (ਗੁਰੂ ਗੋਬਿੰਦ ਸਿੰਘ) ਦੇ ਹਵਾਲੇ ਕਰਕੇ ਕਿਹਾ:

"ਇਹ ਧਰਮ ਹੈ। ਇਸ ਦੀ ਰੱਖਿਆ ਮੇਰੇ ਸਿਰ ਨਾਲ ਹੋਵੇਗੀ।"

ਗੁਰੂ ਸਾਹਿਬ ਨੇ ਤਿੰਨ ਸਿੱਖ ਸੰਗੀ ਚੁਣੇ:

ਭਾਈ ਮਤੀ ਦਾਸ

ਭਾਈ ਸਤੀ ਦਾਸ

ਭਾਈ ਦਿਆਲਾ ਜੀ

ਇਹ ਚਾਰੋ ਅਨੰਦਪੁਰ ਤੋਂ ਆਗਰਾ ਅਤੇ ਫਿਰ ਦਿੱਲੀ ਲਈ ਰਵਾਨਾ ਹੋਏ।



ਦਿੱਲੀ ਦੇ ਲਾਲ ਕਿਲੇ 'ਚ ਦਰਬਾਰ

ਅਉਰੰਗਜ਼ੇਬ ਨੇ ਹੁਕਮ ਸੁਣਾਇਆ:

"ਇਸਲਾਮ ਕਬੂਲ ਕਰੋ ਤਾਂ ਮੌਤ।"

ਗੁਰੂ ਸਾਹਿਬ ਨੇ ਨਿਰਬਾਇ, ਨਿਰਵੈਰ ਅਵਾਜ਼ ਵਿੱਚ ਕਿਹਾ: "ਮੈਂ ਆਪਣੇ ਧਰਮ ਨੂੰ ਨਹੀਂ ਛੱਡ ਸਕਦਾ। ਅਤੇ ਨਾ ਹੀ ਕਿਸੇ ਹੋਰ ਦਾ ਧਰਮ ਮੁਆਵਜ਼ੇ ਵਿੱਚ ਵੇਚ ਸਕਦਾ ਹਾਂ।"

ਤਸ਼ੱਦਦ ਦੀਆਂ ਦਸਤਾਨਾਂ: ਮਨੁੱਖੀ ਇਤਿਹਾਸ ਦਾ ਕਾਲਾ ਪੰਨਾ

ਚਾਂਦਨੀ ਚੌਕ ਦੇ ਵਿਚਕਾਰ ਵੱਡੇ ਜਨਸਮੂਹ ਦੇ ਸਾਹਮਣੇ ਸਿੱਖਾਂ ਨੂੰ ਵੱਖ-ਵੱਖ ਤਰੀਕਿਆਂ ਨਾਲ ਮਾਰਿਆ ਗਿਆ-

1. ਭਾਈ ਮਤੀ ਦਾਸ - ਆਰੀ ਨਾਲ ਜੀਵੰਤ ਚੀਰਿਆ ਗਿਆ, ਪਰ ਉਹ "ਜਪੁਜੀ ਸਾਹਿਬ" ਦੀ ਬਾਣੀ ਪੜ੍ਹਦੇ ਰਹੇ।

2. ਭਾਈ ਦਿਆਲਾ - ਖੌਲਦੇ ਤੇਲ ਵਿੱਚ ਸੁੱਟਿਆ ਗਿਆ। ਉਨ੍ਹਾਂ ਦੀ ਜਸਮਾਨੀ ਦੇਹ ਸੜ ਗਈ ਪਰ "ਵਾਹਿਗੁਰੂ" ਦਾ ਜਾਪ ਨਾ ਟੁੱਟਿਆ।

3. ਭਾਈ ਸਤੀ ਦਾਸ - ਰੂਈ ਦੀ ਗੱਦਰੀ ਕਰ ਕੇ ਸਾੜ ਦਿੱਤਾ ਗਿਆ

ਉਨ੍ਹਾਂ ਦੀਆਂ ਹੱਡੀਆਂ ਤੱਕ ਅਗਨਿ ਵਿੱਚ ਰਲ ਗਈਆਂ ਪਰ ਚਿੱਤ ਅਡੋਲ ਰਿਹਾ। ਇਹ ਤਿੰਨ ਬਲੀਦਾਨ ਮਨੁੱਖੀ ਹੱਕਾਂ ਦੀ ਰੱਖਿਆ ਲਈ ਅਦੁੱਤੀਯ ਕਹਾਣੀਆਂ ਹਨ।

24 ਨਵੰਬਰ 1675: ਸ਼ਹੀਦੀ ਦਾ ਸ਼ੁਕਲ ਪਲ-ਦਿੱਲੀ ਦੇ ਚਾਂਦਨੀ ਚੌਕ ਵਿੱਚ ਇਕ ਖਾਸ ਸਥਾਨ 'ਤੇ ਗੁਰੂ ਤੇਗ ਬਹਾਦਰ ਜੀ ਨੂੰ ਫਾਂਸੀ ਦੀ ਤਲਵਾਰ ਨਾਲ ਸ਼ਹੀਦ ਕੀਤਾ ਗਿਆ।

ਉਨ੍ਹਾਂ ਦੀਆਂ ਆਖਰੀਆਂ ਬੋਲੀਆਂ ਸਨ: "ਸਿਰ ਜਾ ਸਕਦਾ ਹੈ, ਪਰ ਧਰਮ ਨਹੀਂ।" ਜਿਸ ਸਮੇਂ ਤਲਵਾਰ ਵੱਜੀ, ਇਤਿਹਾਸ ਨੇ ਸਦੀਵੀ ਬਦਲਾਅ ਦੇ ਦਰਵਾਜ਼ੇ ਖੋਲ੍ਹ ਦਿੱਤੇ।

ਉਨ੍ਹਾਂ ਦਾ ਸਿਰ ਭਾਈ ਜੈਤਾ ਜੀ (ਭਾਈ ਜੀਵਾਂ ਸਿੰਘ) ਨੇ ਉਠਾਇਆ ਅਤੇ ਮੌਤ ਤੋਂ ਡਰ ਬਿਨਾਂ ਅਨੰਦਪੁਰ ਸਾਹਿਬ ਤੱਕ ਲਿਆਂਦਾ। ਇਹ ਰੋਮਾਂਚਕ ਯਾਤਰਾ ਸਿੱਖ ਇਤਿਹਾਸ ਵਿਚ "ਜੋਤ ਦੇ ਘਰ ਦੀ ਵਾਪਸੀ" ਵਜੋਂ ਮੰਨੀ ਜਾਂਦੀ ਹੈ।

ਗੁਰੂ ਗੋਬਿੰਦ ਸਿੰਘ ਦੀ ਪ੍ਰਤੀਕ੍ਰਿਆ-ਜਦੋਂ 9 ਸਾਲਾ ਬਾਬਾ ਗੋਬਿੰਦ ਰਾਇ ਨੂੰ ਪਿਤਾ ਦੀ ਸ਼ਹਾਦਤ ਦਾ ਸੁਨੇਹਾ ਮਿਲਿਆ, ਤਾਂ ਉਨ੍ਹਾਂ ਨੇ ਕਿਹਾ: "ਤਿਲਕ ਜੰਞੂ ਰੱਖਾ ਪ੍ਰਭ ਤਾਕਾ,

ਕੀਨੋ ਬਡੋ ਕਲੂ ਮਹਿ ਸਾਕਾ।"

ਇਹ ਉਹ ਕੋਟ ਹੈ ਜੋ ਮਨੁੱਖਤਾ ਦੇ ਇਤਿਹਾਸ ਵਿੱਚ ਸਭ ਤੋਂ ਵੱਡੇ ਬਲੀਦਾਨ ਦੀ ਸੱਚੀ ਪ੍ਰਤੀਕ੍ਰਿਆ ਹੈ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ: ਮਨੁੱਖੀਅਤ ਦਾ ਦਰਸ਼ਨ

ਉਨ੍ਹਾਂ ਦੀ ਬਾਣੀ ਵਿੱਚ-

ਨਿਡਰਤਾ (ਨਿਰਭੈ),

ਨਿਰਵੈਰਤਾ,

ਤਿਆਗ,

ਸੰਸਾਰ ਦੀ ਅਸਥਿਰਤਾ,

ਨਾਮ ਨਾਲ ਜੁੜਨ ਦਾ ਰਸਤਾ,

ਆਤਮਕ ਆਜ਼ਾਦੀ-

ਸਾਰੇ ਪਾਠ ਅਜੇ ਵੀ 21ਵੀਂ ਸਦੀ ਵਿੱਚ ਮਨੁੱਖੀ ਜੀਵਨ ਦਾ ਦਰਸ਼ਨ ਹਨ।

ਉਨ੍ਹਾਂ ਦਾ ਪ੍ਰਸਿੱਧ ਸ਼ਲੋਕ:

"ਜਉ ਤਉ ਪ੍ਰੇਮ ਖੇਲਣ ਕਾ ਚਾਉ,

ਸਿਰ ਧਰਿ ਤਲੀ ਗਲੀ ਮੇਰੀ ਆਉ।"

21ਵੀਂ ਸਦੀ ਦੇ ਨੈਤੀਕਾਰ ਵੀ ਇਸ ਬਾਣੀ ਨੂੰ ਮਨੁੱਖੀ ਸਮਾਨਤਾ ਦਾ ਜ਼ਰੂਰੀ ਤੱਤ ਮੰਨਦੇ ਹਨ।

350 ਸਾਲ ਬਾਅਦ: 2025 ਦਾ ਵਿਸ਼ੇਸ਼ ਸਮਾਰੋਹ-ਸਰਕਾਰ ਅਤੇ ਕਈ ਧਾਰਮਿਕ ਤੇ ਸਮਾਜਿਕ ਸੰਸਥਾਵਾਂ ਵੱਲੋਂ 2025 ਨੂੰ "ਗੁਰੂ ਤੇਗ ਬਹਾਦਰ ਸ਼ਹਾਦਤ ਸਾਲ" ਵਜੋਂ ਮਨਾਇਆ ਗਿਆ।

ਹੁਣ ਤੱਕ ਕੀ-ਕੀ ਮਨਾਇਆ ਗਿਆ?

ਦਿੱਲੀ ਵਿੱਚ 3 ਦਿਨਾਂ ਦਾ ਸਮਾਗਮ

ਸ਼ੀਸ਼ ਗੰਜ ਸਾਹਿਬ ਵਿਖੇ ਅਖੰਡ ਪਾਠ ਭੋਗ

50+ ਦੇਸ਼ਾਂ ਵਿੱਚ ਯਾਦਗਾਰੀ ਸਮਾਗਮ

ਯੂ.ਐੱਨ. ਵਿੱਚ "Religious Freedom Resolution" ਪਾਸ

ਨਵੀਂ ਦਿੱਲੀ ਵਿੱਚ "Human Rights & Guru Tegh Bahadur" ਨਾਮ ਦਾ ਅੰਤਰਰਾਸ਼ਟਰੀ ਸੈਮਿਨਾਰ

ਵਿਦਿਆਰਥੀਆਂ ਲਈ ਗਲੋਬਲ ਐਸੇ ਕਾਂਟੈਸਟ

ਪ੍ਰੈੱਸ ਕਲੱਬ ਆਫ਼ ਇੰਡੀਆ ਵੱਲੋਂ ਵਿਸ਼ੇਸ਼ ਕਨਫਰੰਸ

ਲਾਲ ਕਿਲੇ ਵਿਚ ਸਿੱਖ ਧਰਮ ਨਹੀਂ, ਮਨੁੱਖਤਾ ਦੀ ਜਿੱਤ

ਗੁਰੂ ਤੇਗ ਬਹਾਦਰ ਦੀ ਸ਼ਹਾਦਤ ਸਿਰਫ਼ ਸਿੱਖ ਧਰਮ ਦਾ ਮਾਣ ਨਹੀਂ, ਇਹ ਵਸੁਧੈਵ ਕੁਟੁੰਬਕਮ ਦੇ ਸਿਧਾਂਤ ਦਾ ਜੀਵੰਤ ਰੂਪ ਹੈ।

ਜੇ ਗੁਰੂ ਜੀ ਜਬਰ ਦੇ ਸਾਹਮਣੇ ਝੁਕ ਜਾਂਦੇ, ਤਾਂ ਕਸ਼ਮੀਰੀ ਬ੍ਰਾਹਮਣ ਮਿਟ ਜਾਂਦੇ, ਹਿੰਦੂ ਰਸਮਾਂ ਦੀ ਵਿਰਾਸਤ ਲੁਪਤ ਹੋ ਜਾਂਦੀ, ਧਾਰਮਿਕ ਆਜ਼ਾਦੀ ਦੀ ਰੀੜ੍ਹ ਮੁੱਕ ਜਾਂਦੀ।

ਪਰ ਗੁਰੂ ਨੇ ਸਿਰ ਦਿੱਤਾ ਅਤੇ ਸੰਸਾਰ ਨੂੰ ਦਰਸਾਇਆ ਕਿ ਸੱਚ ਕਦੇ ਨਹੀਂ ਮਰਦਾ।

| ਸਾਲ | ਘਟਨਾ |
|---|---|
| 1621 | ਗੁਰੂ ਤੇਗ ਬਹਾਦਰ ਜੀ ਦਾ ਜਨਮ |
| 1656-1664 | ਤਪੱਸਿਆ ਅਤੇ ਯਾਤਰਾਵਾਂ |
| 1664 | ਨੌਵੇਂ ਗੁਰੂ ਦਾ ਤਖ਼ਤ |
| 1665-1674 | ਉੱਤਰ ਭਾਰਤ ਵਿੱਚ ਪ੍ਰਚਾਰ |
| 1675 | ਕਸ਼ਮੀਰੀ ਪੰਡਤ ਗੁਰੂ ਦੀ ਸ਼ਰਨ |
| 1675 | ਗੁਰੂ ਜੀ ਦੀ ਗ੍ਰਿਫ਼ਤਾਰੀ |
| 24 ਨਵੰਬਰ 1675 | ਸ਼ਹੀਦੀ |
| 2025 | 350 ਸਾਲਾ ਸਮਾਰੋਹ |

ਗੁਰੂ ਤੇਗ ਬਹਾਦਰ ਜੀ ਨੂੰ ਕਿਉਂ ਕਿਹਾ ਜਾਂਦਾ ਹੈ "ਹਿੰਦ ਦੀ ਚਾਦਰ"?

ਕਿਉਂਕਿ ਉਹਨਾਂ ਨੇ ਹਿੰਦੁਸਤਾਨ ਦੇ ਧਰਮ, ਰਸਮਾਂ ਅਤੇ ਸੰਸਕ੍ਰਿਤੀ ਨੂੰ ਢੱਕ ਕੇ ਰੱਖਿਆ-ਚਾਦਰ ਵਾਂਗੂ।

ਦੁਨੀਆ ਦਾ ਪਹਿਲਾ Human Rights Defence Case?

ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ।

ਗੁਰੂ ਦੀ ਸ਼ਹਾਦਤ ਨੂੰ ਯੂ.ਐੱਨ. ਵਿੱਚ ਕਿਹੜਾ ਦਰਜਾ?

"Universal Freedom of Faith" ਦੀ ਸਭ ਤੋਂ ਵੱਡੀ ਨਿਸ਼ਾਨੀ।

ਦਿੱਲੀ ਦੇ ਚਾਂਦਨੀ ਚੌਕ ਵਿੱਚ ਅੱਜ ਲੋਕਾਂ ਦਾ ਸਾਗਰ ਇਕੱਠਾ ਸੀ।

ਸਭ ਦੇ ਹੱਥ ਵਿੱਚ ਮੋਮਬੱਤੀਆਂ, ਅੱਖਾਂ ਵਿੱਚ ਨਮੀ ਅਤੇ ਚਿਹਰਿਆਂ 'ਤੇ ਸ਼ਰਧਾ।

ਇਕ 78 ਸਾਲਾ ਬਜ਼ੁਰਗ ਨੇ ਰੋਂਦੇ ਹੋਏ ਕਿਹਾ:"ਜੇ ਗੁਰੂ ਤੇਗ ਬਹਾਦਰ ਜੀ ਨਾ ਹੁੰਦੇ ਤਾਂ ਸਾਡਾ ਧਰਮ ਨਹੀਂ ਹੁੰਦਾ।"

ਇਕ ਮੁਸਲਿਮ ਜਵਾਨ ਨੇ ਕਿਹਾ:"ਗੁਰੂ ਤੇਗ ਬਹਾਦਰ ਜੀ ਨੇ ਸਾਡੇ ਲਈ ਵੀ ਧਰਮ ਦੀ ਆਜ਼ਾਦੀ ਬਚਾਈ। ਉਹ ਸਾਰੇ ਲੋਕਾਂ ਦੇ ਗੁਰੂ ਹਨ।"

350 ਸਾਲ ਬਾਅਦ ਵੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਮਨੁੱਖੀ ਵਿਸ਼ਵਾਸ, ਆਜ਼ਾਦੀ, ਨਿਆਂ ਅਤੇ ਧਰਮ ਦੀ ਸਭ ਤੋਂ ਉੱਚੀ ਚੋਟੀ 'ਤੇ ਬੈਠੀ ਹੈ।

ਇਹ ਸਿਰਫ਼ ਇਤਿਹਾਸ ਨਹੀਂ, ਇਹ ਮਨੁੱਖੀ ਸਵਭਾਵ ਦੀ ਜਿੱਤ ਹੈ। ਇਹ ਸਿਰਫ਼ ਭੂਤਕਾਲ ਨਹੀਂ, ਇਹ ਭਵਿੱਖ ਦੀ ਰੌਸ਼ਨੀ ਹੈ।

ਦੁਨੀਆ ਕਿਤੇ ਵੀ ਜਾਏ - ਗੁਰੂ ਤੇਗ ਬਹਾਦਰ ਦਾ ਬਲੀਦਾਨ ਮਨੁੱਖਤਾ ਦੀ ਸਭ ਤੋਂ ਉੱਚੀ ਮੰਦਰ ਦੀ ਸ਼ਮਾਂ ਹੈ।

# ਕੀ ਮਾਈ ਭਾਗੋ ਦੇ ਵਾਰਸ ਬਣਨਾ ਇੰਨਾ ਆਸਾਨ ਹੈ...?

ਸੰਦੀਪ ਕੁਮਾਰ
7009807121



ਮਾਈ ਭਾਗੋ, ਇਹ ਨਾਂ ਸਿਰਫ਼ ਇਤਿਹਾਸ ਦੀ ਕਿਤਾਬ ਦਾ ਪੰਨਾ ਨਹੀਂ, ਸਗੋਂ ਪੰਜਾਬ ਦੀ ਧਰਤੀ ਤੇ ਲਿਖੀ ਗਈ ਇੱਕ ਅਜਿਹੀ ਦਾਸਤਾਨ ਹੈ ਜਿਸ ਵਿੱਚ ਇੱਕ ਔਰਤ ਨੇ ਆਪਣੇ ਪਤੀ, ਭਰਾ, ਪੁੱਤਰਾਂ ਨੂੰ ਗਵਾ ਕੇ ਵੀ ਹਾਰ ਨਹੀਂ ਮੰਨੀ। ਜਦੋਂ ਚਾਲੀ ਮੁਕਤਿਆਂ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਛੱਡਣ ਦਾ ਫੈਸਲਾ ਕਰਿਆ ਸੀ, ਤਦ ਮਾਈ ਭਾਗੋ ਨੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਨਿਛਾਵਰ ਕਰ ਦਿੱਤਾ। ਉਹ ਘੋੜੀ ਤੇ ਚੜ੍ਹੀ, ਹਥਿਆਰ ਫੜ੍ਹ ਕੇ ਮੁਕਤਸਰ ਦੀ ਜੰਗ ਵਿੱਚ ਲੜੀ, ਜ਼ਖ਼ਮੀ ਹੋਈ, ਪਰ ਧਰਮ ਅਤੇ ਇਨਸਾਨੀਅਤ ਦੀ ਰੱਖਿਆ ਲਈ ਆਪਣੀ ਜਾਨ ਵੀ ਦੇਣ ਤੋਂ ਨਹੀਂ ਡਰੀ। ਉਸ ਦੀ ਕੁਰਬਾਨੀ ਨੇ ਚਾਲੀ ਮੁਕਤਿਆਂ ਨੂੰ ਵੀ ਸ਼ਰਮਿੰਦਾ ਕੀਤਾ ਅਤੇ ਉਹ ਫਿਰ ਲੜਨ ਲਈ ਉੱਠੇ। ਇਹ ਸੀ ਮਾਈ ਭਾਗੋ ਦਾ ਜਜ਼ਬਾ, ਜੋ ਜ਼ੁਲਮ ਦੇ ਖਿਲਾਫ਼ ਖੜ੍ਹੀ ਹੋਈ, ਪਰ ਕਦੇ ਵੀ ਬਦਤਮੀਜ਼ੀ, ਹੰਕਾਰ ਜਾਂ ਧਮਕੀ ਦਾ ਸਹਾਰਾ ਨਹੀਂ ਲਿਆ। ਪਰ ਅੱਜ ਦਾ ਸਮਾਂ ਵੇਖੋ, ਸਿਰਫ਼ ਦੋ-ਚਾਰ ਲਲਕਾਰੇ ਮਾਰਨੇ, ਗੁੱਸੇ ਵਿੱਚ ਦੋ ਸ਼ਬਦ ਬੋਲ ਦੇਣੇ ਜਾਂ ਕਿਸੇ ਅਧਿਕਾਰੀ ਨਾਲ ਉੱਚੀ ਆਵਾਜ਼ ਵਿੱਚ ਗੱਲ ਕਰ ਲੈਣ ਨੂੰ ਹੀ ਕਈ ਲੋਕ "ਮਾਈ ਭਾਗੋ ਦੀ ਵਾਰਸ" ਜਾਂ "ਪੰਜਾਬ ਦੀ ਸ਼ੇਰਨੀ" ਐਲਾਨ ਕੇ ਅਵਾਰਡ ਤੱਕ ਦੇ ਦਿੰਦੇ ਹਨ। ਸੋਸ਼ਲ ਮੀਡੀਆ ਤੇ ਦੋ ਘੰਟੇ ਵਿੱਚ ਵਾਇਰਲ ਹੋ ਜਾਣਾ, ਕੁਝ ਰਾਜਨੇਤਾ ਜਾਂ ਜਥੇਬੰਦੀਆਂ ਦੀ ਹਵਾ ਲੱਗ ਜਾਣੀ, ਬੱਸ ਫਿਰ ਕੀ, ਇੱਕ ਆਮ ਕੁੜੀ ਨੂੰ ਮਾਈ ਭਾਗੋ ਦੀ ਵਾਰਸ ਬਣਾ ਕੇ ਪੇਸ਼ ਕਰ ਦਿੱਤਾ ਜਾਂਦਾ ਹੈ। ਪਰ ਕੀ ਅਸਲ ਵਿੱਚ ਮਾਈ ਭਾਗੋ ਦੀ ਵਾਰਸ ਬਣਨਾ ਇੰਨਾ ਸੌਖਾ ਹੈ?

ਮੌਜੂਦਾ ਸਮੇਂ ਵਿੱਚ ਦੋ ਅਜਿਹੀਆਂ ਘਟਨਾਵਾਂ ਸਾਹਮਣੇ ਆਈਆਂ ਹਨ ਜਿਨ੍ਹਾਂ ਨੇ ਸਾਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਪਹਿਲੀ ਘਟਨਾ ਰਾਜਸਥਾਨ ਹਾਈਕੋਰਟ ਦੀ ਜੱਜ ਬਣਨ ਦੀ ਪ੍ਰੀਖਿਆ ਵਾਲੀ ਹੈ। ਇੱਕ ਸਿੱਖ ਕੁੜੀ ਨੂੰ ਸਿਰਫ਼ ਇਸ ਲਈ ਪ੍ਰੀਖਿਆ ਕੇਂਦਰ ਵਿੱਚ ਦਾਖਲ ਨਹੀਂ ਹੋਣ ਦਿੱਤਾ ਗਿਆ ਕਿਉਂਕਿ ਉਸ ਨੇ ਛੋਟੀ ਕਿਰਪਾਨ ਅਤੇ ਕੜਾ ਪਹਿਨਿਆ ਹੋਇਆ ਸੀ। ਇਹ ਗਲਤ ਸੀ, ਬਿਲਕੁਲ ਗਲਤ। ਇਹ ਧਾਰਮਿਕ ਅਜ਼ਾਦੀ ਦਾ ਸਵਾਲ ਸੀ ਅਤੇ ਉਸ ਦਾ ਵਿਰੋਧ ਕਰਨਾ ਉਸ ਕੁੜੀ ਦਾ ਹੱਕ ਵੀ ਸੀ। ਪਰ ਉਸ ਵਿਰੋਧ ਨੂੰ ਕਾਨੂੰਨੀ ਲੜਾਈ ਵਿੱਚ ਬਦਲਣ ਦੀ ਬਜਾਏ ਕੁਝ ਲੋਕਾਂ ਨੇ ਉਸ ਨੂੰ "ਮਾਈ ਭਾਗੋ ਦੀ ਵਾਰਸ" ਐਲਾਨ ਕੇ ਅੱਗੇ ਕਰ ਦਿੱਤਾ। ਫਿਰ ਕੀ ਹੋਇਆ? ਉਹ ਕੁੜੀ ਸਵੇਰੇ-ਸਵੇਰੇ ਹਨੇਰੇ ਵਿੱਚ ਪਰਿਵਾਰ ਸਮੇਤ ਪਿੰਡਾਂ ਵਿੱਚ ਘੁੰਮਣ ਲੱਗ ਪਈ, ਜਲਸਿਆਂ ਵਿੱਚ ਸਨਮਾਨ ਲੈਣ ਲੱਗ ਪਈ, ਅਵਾਰਡ ਲੈਣ ਲੱਗ ਪਈ। ਪਰ ਉਸ ਦੀ ਅਸਲ ਮੰਜ਼ਿਲ, ਜੱਜ ਬਣਨਾ, ਕਾਨੂੰਨੀ ਤੌਰ ਤੇ ਆਪਣਾ ਹੱਕ ਹਾਸਲ ਕਰਨਾ, ਉਹ ਤਾਂ ਪਿੱਛੇ ਰਹਿ ਗਿਆ। ਉਹ ਰਾਹ ਭਟਕ ਗਈ।



ਅੱਜ ਉਸ ਦੀ ਲੜਾਈ ਕਿੱਥੇ ਪਹੁੰਚੀ? ਕੋਈ ਨਹੀਂ ਜਾਣਦਾ। ਪਰ ਮੀਡੀਆ ਵਿੱਚ ਉਹ ਕੁਝ ਦਿਨਾਂ ਦੀ "ਸ਼ੇਰਨੀ" ਜ਼ਰੂਰ ਬਣੀ ਰਹੀ।

ਦੂਜੀ ਘਟਨਾ ਤਾਜ਼ਾ ਹੈ, ਪੰਜਾਬ ਯੂਨੀਵਰਸਿਟੀ ਦੀ ਵਿਦਿਆਰਥੀ ਵਿਰੋਧ ਲਹਿਰ ਦੀ ਹੈ। ਇੱਕ ਕੁੜੀ ਨੇ ਗੇਟ ਅੰਦਰ ਜਾਣ ਲਈ ਪੁਲਿਸ ਨਾਲ ਧੱਕਾ-ਮੁੱਕੀ ਕੀਤੀ ਅਤੇ ਬੋਲੀ, "ਅਗਰ ਮੈਨੂੰ ਕੁਝ ਕਿਹਾ ਤਾਂ ਆਪਣਾ ਹਿਸਾਬ ਲਾ ਲਿਓ"। ਕਾਨੂੰਨ ਦੀ ਨਜ਼ਰ ਵਿੱਚ ਇਹ ਸ਼ਬਦ ਸਿੱਧੇ ਧਮਕੀ ਦੇ ਦਾਇਰੇ ਵਿੱਚ ਆਉਂਦੇ ਹਨ। ਭਾਰਤੀ ਦੰਡਾਵਲੀ ਦੀ ਧਾਰਾ 503, ਧਾਰਾ 506 (ਧਮਕੀ ਦੇਣ ਦੀ ਸਜ਼ਾ) ਅਤੇ ਜੇ ਡਿਊਟੀ ਤੇ ਮੌਜੂਦ ਸਰਕਾਰੀ ਮੁਲਾਜ਼ਮ ਨਾਲ ਹੋਵੇ ਤਾਂ ਧਾਰਾ 186 (ਸਰਕਾਰੀ ਕੰਮ ਵਿੱਚ ਰੁਕਾਵਟ ਪਾਉਣਾ) ਅਤੇ 353 (ਡਿਊਟੀ ਕਰ ਰਹੇ ਅਧਿਕਾਰੀ ਤੇ ਜ਼ੋਰ ਜਾਂ ਧਮਕੀ ਵਰਤਣਾ) ਲੱਗ ਸਕਦੀ ਹੈ। ਇਹ ਕੋਈ ਛੋਟੀ ਗੱਲ ਨਹੀਂ। ਪਰ ਇਸ ਤੋਂ ਬਾਅਦ ਜੋ ਹੋਇਆ ਉਹ ਹੈਰਾਨ ਕਰਨ ਵਾਲਾ ਸੀ। ਕਈ ਰਾਜਨੇਤਾ, ਜਥੇਬੰਦੀਆਂ ਅਤੇ ਮੀਡੀਆ ਨੇ ਉਸ ਨੂੰ "ਪੰਜਾਬ ਦੀ ਸ਼ੇਰਨੀ" ਅਤੇ "ਮਾਈ ਭਾਗੋ ਦੀ ਵਾਰਸ" ਐਲਾਨ ਦਿੱਤਾ। ਜਦੋਂ ਇੱਕ ਪੱਤਰਕਾਰ ਨੇ ਪੁੱਛਿਆ ਕਿ ਜੇ ਮਹਿਲਾ ਪੁਲਿਸ ਵਾਲੀ ਨੇ ਹੱਥ ਚੁੱਕਿਆ ਹੁੰਦਾ ਤਾਂ ਕੀ ਕਰਦੀ? ਉਸ ਨੇ ਕਿਹਾ, "ਫਿਰ ਮੈਂ ਵੀ ਚਪੇੜਾਂ ਮਾਰਦੀ"। ਇਹ ਸ਼ਬਦ ਵੀ ਕੈਮਰੇ ਤੇ ਰਿਕਾਰਡ ਹਨ। ਕਾਨੂੰਨੀ ਤੌਰ ਤੇ ਇਹ ਵੀ ਧਾਰਾ 506 ਅਤੇ ਸੰਭਵ ਤੌਰ ਤੇ ਧਾਰਾ 355 (ਹਮਲੇ ਜਾਂ ਅਪਰਾਧਿਕ ਮਾਨਸਿਕਤਾ ਨਾਲ ਸਰਕਾਰੀ ਮੁਲਾਜ਼ਮ ਨੂੰ ਡਿਊਟੀ ਤੋਂ ਰੋਕਣ ਦੀ ਧਮਕੀ) ਅਧੀਨ ਆਉਂਦੇ ਹਨ। ਪਰ ਇਸ ਸਭ ਦੇ ਬਾਵਜੂਦ ਉਸ ਨੂੰ ਮਾਈ ਭਾਗੋ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ, ਐਮ.ਐਲ.ਏ. ਬਣਾਉਣ ਦੇ ਸੁਪਨੇ ਦਿਖਾਏ ਗਏ। ਇੱਕ ਪਲ ਲਈ ਸੋਚੋ, ਜੇ ਉਸ ਦੇ ਖਿਲਾਫ਼ ਪਰਚਾ ਦਰਜ ਹੋ ਜਾਂਦਾ, ਜੇ ਉਹ ਜੱਜ ਸਾਹਮਣੇ ਖੜ੍ਹੀ ਹੁੰਦੀ, ਤਾਂ ਕੀ ਜੱਜ ਉਸ ਨੂੰ ਇਹ ਕਹਿ ਕੇ ਛੱਡ ਦਿੰਦਾ ਕਿ "ਬਹੁਤ ਦਲੇਰੀ ਕੀਤੀ ਬੇਟੀ"? ਬਿਲਕੁਲ ਨਹੀਂ। ਡਿਊਟੀ ਤੇ ਮੌਜੂਦ ਮਹਿਲਾ ਪੁਲਿਸ ਮੁਲਾਜ਼ਮ ਤੇ ਹੱਥ ਚੁੱਕਣ ਦੀ ਧਮਕੀ ਦੇਣ ਵਾਲੇ ਨੂੰ ਕਾਨੂੰਨ ਸਖ਼ਤ ਸਜ਼ਾ ਦਿੰਦਾ ਹੈ। ਇੱਕ ਵਿਦਿਆਰਥਣ ਜੋ ਪੰਜਾਬ ਯੂਨੀਵਰਸਿਟੀ ਵਿੱਚ ਪੜ੍ਹਨ ਦੀ ਯੋਗਤਾ ਰੱਖਦੀ ਹੈ, ਉਸ ਦਾ ਕਰੀਅਰ ਇੱਕ ਪਲ ਵਿੱਚ ਖਤਮ ਹੋ ਸਕਦਾ ਹੈ। ਪਰ ਸਾਡੇ ਸਮਾਜ ਨੇ ਫੌਕੀ ਹਵਾ ਦੇਕੇ ਉਸ ਨੂੰ ਸ਼ੇਰਨੀ ਬਣਾ ਕੇ ਉਸ ਦੇ ਹੱਥ ਵਿੱਚ ਅਜਿਹਾ ਹਥਿਆਰ ਫੜਾ ਦਿੱਤਾ ਜਿਸ ਦਾ ਨੁਕਸਾਨ ਉਸ ਨੂੰ ਖੁਦ ਭੁਗਤਣਾ ਪਵੇਗਾ।

ਸੰਘਰਸ਼ ਕਰਨਾ ਹਰ ਨਾਗਰਿਕ ਦਾ ਹੱਕ ਹੈ। ਪਰ ਸੰਘਰਸ਼ ਅਤੇ ਬਦਤਮੀਜ਼ੀ ਵਿੱਚ ਫ਼ਰਕ ਹੁੰਦਾ ਹੈ। ਹੰਕਾਰ ਅਤੇ ਧਮਕੀ ਦਾ ਰਾਹ ਕਦੇ ਵੀ ਸਤਿਕਾਰਯੋਗ ਨਹੀਂ ਹੁੰਦਾ। ਜਿਸ ਕੁੜੀ ਨੂੰ ਪੜ੍ਹ ਕੇ ਸਮਾਜ ਲਈ ਮਿਸਾਲ ਬਣਨਾ ਚਾਹੀਦਾ ਸੀ, ਉਸ ਦੇ ਅਜਿਹੇ ਵਿਵਹਾਰ ਨੇ ਕਿੰਨੇ ਹੀ ਮਾਪਿਆਂ ਦੇ ਮਨ ਵਿੱਚ ਡਰ ਪੈਦਾ ਕਰ ਦਿੱਤਾ ਹੋਵੇਗਾ ਕਿ "ਸਾਡੀ ਧੀ ਵੀ ਜੇ ਅਜਿਹੀ ਹਵਾ ਵਿੱਚ ਉੱਡ ਗਈ ਤਾਂ?"। ਅਸਲ ਮਾਈ ਭਾਗੋ ਦੀ ਵਾਰਸ ਕੌਣ ਹੈ? ਜੇ ਸੱਚਮੁੱਚ ਕਿਸੇ ਨੂੰ ਇਹ ਸਨਮਾਨ ਦੇਣਾ ਹੈ ਤਾਂ ਪੰਜਾਬ ਦੀਆਂ ਉਹਨਾਂ ਮਾਵਾਂ ਨੂੰ ਦੋ ਜੋ ਸਾਰੀ ਉਮਰ ਦੁੱਖ-ਤਕਲੀਫ਼ਾਂ ਸਹਿੰਦੀਆਂ ਹਨ, ਪਰਿਵਾਰ ਨੂੰ ਜੋੜ ਕੇ ਰੱਖਦੀਆਂ ਹਨ, ਬੱਚਿਆਂ ਨੂੰ ਪਾਲਦੀਆਂ-ਪੋਸਦੀਆਂ ਹਨ, ਰਿਸ਼ਤੇ ਨਿਭਾਉਂਦੀਆਂ ਹਨ ਅਤੇ ਆਪਣੇ ਆਪ ਨੂੰ ਪਰਿਵਾਰ ਲਈ ਪੂਰੀ ਤਰ੍ਹਾਂ ਨਿਛਾਵਰ ਕਰ ਦਿੰਦੀਆਂ ਹਨ। ਉਹ ਕਦੇ ਸਟੇਜ ਤੇ ਨਹੀਂ ਚੜ੍ਹਦੀਆਂ, ਕੋਈ ਅਵਾਰਡ ਨਹੀਂ ਲੈਂਦੀਆਂ, ਪਰ ਉਨ੍ਹਾਂ ਦੀ ਕੁਰਬਾਨੀ ਮਾਈ ਭਾਗੋ ਤੋਂ ਘੱਟ ਨਹੀਂ ਹੁੰਦੀ। ਪਰ ਉਨ੍ਹਾਂ ਨੂੰ ਕੋਈ "ਸ਼ੇਰਨੀ" ਨਹੀਂ ਆਖਦਾ, ਕਿਉਂਕਿ ਉਨ੍ਹਾਂ ਦਾ ਸੰਘਰਸ਼ ਚੁੱਪ-ਚੁਪੀਤੇ ਹੁੰਦਾ ਹੈ, ਉਹ ਰਾਜਨੀਤੀ ਦੀ ਰੋਟੀ ਸੇਕਣ ਲਈ ਵਰਤੀਆਂ ਨਹੀਂ ਜਾ ਸਕਦੀਆਂ।


ਮਾਈ ਭਾਗੋ ਦਾ ਨਾਂ ਇਤਿਹਾਸ ਨੇ ਬਹੁਤ ਵੱਡੀਆਂ ਕੁਰਬਾਨੀਆਂ ਦੇ ਬਦਲੇ ਲਿਖਿਆ ਹੈ। ਉਸ ਨਾਂ ਨੂੰ ਹਲਕਾ ਕਰਨਾ ਸਾਡੇ ਮਹਾਨ ਇਤਿਹਾਸ ਨਾਲ ਧੱਕਾ ਹੈ। ਸਿਰਫ਼ ਦੋ ਲਲਕਾਰੇ ਮਾਰਨ ਨਾਲ, ਦੋ ਗੁੱਸੇ ਵਾਲੇ ਬੋਲ ਬੋਲਣ ਨਾਲ ਕੋਈ ਮਾਈ ਭਾਗੋ ਦੀ ਵਾਰਸ ਨਹੀਂ ਬਣ ਸਕਦਾ। ਜਿਹੜੇ ਲੋਕ ਅਜਿਹਾ ਕਰ ਰਹੇ ਹਨ, ਉਹ ਅਸਲ ਵਿੱਚ ਉਨ੍ਹਾਂ ਨੌਜਵਾਨਾਂ ਦਾ ਸਭ ਤੋਂ ਵੱਡਾ ਨੁਕਸਾਨ ਕਰ ਰਹੇ ਹਨ ਜਿਨ੍ਹਾਂ ਨੂੰ ਆਪਣੇ ਭਵਿੱਖ ਵਿੱਚ ਅੱਗੇ ਵਧਣਾ ਚਾਹੀਦਾ ਹੈ। ਸਮਾਂ ਆ ਗਿਆ ਹੈ ਕਿ ਅਸੀਂ ਆਪਣੇ ਮਹਾਨ ਕਿਰਦਾਰਾਂ ਦੇ ਨਾਂ ਨੂੰ ਬਚਾਈਏ। ਉਨ੍ਹਾਂ ਨੂੰ ਰਾਜਨੀਤੀ ਦੀ ਭੇਟ ਨਾ ਚੜ੍ਹਾਈਏ।

ਸੱਚੀ ਦਲੇਰੀ ਚੁੱਪ-ਚਾਪ ਜਿਊਣ ਵਿੱਚ ਵੀ ਹੁੰਦੀ ਹੈ, ਸਹੀ ਰਾਹ ਤੇ ਚੱਲਣ ਵਿੱਚ ਵੀ ਹੁੰਦੀ ਹੈ ਅਤੇ ਸਭ ਤੋਂ ਵੱਡੀ ਦਲੇਰੀ ਤਾਂ ਆਪਣੀ ਗਲਤੀ ਸਵੀਕਾਰ ਕਰਨ ਅਤੇ ਸੁਧਾਰ ਕਰਨ ਵਿੱਚ ਹੁੰਦੀ ਹੈ। ਮਾਈ ਭਾਗੋ ਦੀ ਵਾਰਸ ਬਣਨਾ ਬਹੁਤ ਔਖਾ ਹੈ। ਇਹ ਸਿਰਫ਼ ਲਲਕਾਰੇ ਮਾਰਨ ਨਾਲ ਨਹੀਂ ਹੁੰਦਾ। ਇਹ ਤਾਂ ਜੀਵਨ ਨੂੰ ਪੂਰੀ ਤਰ੍ਹਾਂ ਨਿਛਾਵਰ ਕਰਨ ਨਾਲ ਹੁੰਦਾ ਹੈ ਅਤੇ ਉਹ ਜਜ਼ਬਾ ਅੱਜ ਵੀ ਜਿਉਂਦਾ ਹੈ, ਸਾਡੀਆਂ ਮਾਵਾਂ ਵਿੱਚ, ਸਾਡੀਆਂ ਧੀਆਂ ਵਿੱਚ, ਜੋ ਚੁੱਪ-ਚਾਪ, ਸਤਿਕਾਰ ਨਾਲ, ਪਰ ਅਡੋਲ ਹੋ ਕੇ ਜ਼ਿੰਦਗੀ ਦੀ ਜੰਗ ਲੜ ਰਹੀਆਂ ਹਨ। ਉਨ੍ਹਾਂ ਨੂੰ ਸਲਾਮ ਕਰੋ। ਉਨ੍ਹਾਂ ਨੂੰ ਮਾਈ ਭਾਗੋ ਦੀ ਅਸਲ ਵਾਰਸ ਮੰਨੋ। ਬਾਕੀ ਸਿਰਫ਼ ਸ਼ੋਰ ਹੈ, ਸੱਚ ਨਹੀਂ।

ਐਮ.ਸੀ.ਏ, ਐਮ.ਏ ਮਨੋਵਿਗਆਨ, ਰੂਪਨਗਰ
liberalthinker1621@gmail.com

# ਸ਼ਿਵਚਰਨ ਜੱਗੀ ਕੁੱਸਾ ਦਾ ਲਿਖਿਆ ਇੱਕ ਹੋਰ ਵੱਡਾ ਫ਼ਿਲਮੀ ਪ੍ਰਾਜੈਕਟ ਤਿਆਰ

ਵਿਸ਼ਵ ਪ੍ਰਸਿੱਧ ਨਾਵਲਕਾਰ ਸ਼ਿਵਚਰਨ ਜੱਗੀ ਕੁੱਸਾ ਭੀੜ ਤੋਂ ਦੂਰੀ ਬਣਾ ਕੇ ਰੱਖਣ ਵਾਲਾ ਇੱਕ ਸ਼ਾਂਤਮਈ ਲੇਖਕ ਹੈ। ਉਸ ਦਾ ਸੁਭਾਅ ਹੈ ਕਿ ਸ਼ਾਤ ਰਹਿ ਕੇ ਲਿਖਦੇ ਜਾਣਾ ਅਤੇ ਫਿਰ ਇੱਕ ਦਮ ਸਨਸਨੀਖੇਜ਼ ਖ਼ਬਰ ਦੇਣੀ। ਜਿਵੇਂ ਕਿ ਇੱਕ ਜਗਾਹ ਨਵਜੋਤ ਕੌਰ ਸਿੱਧੂ ਨੇ ਲਿਖਿਆ ਸੀ; ਸ਼ਿਵਚਰਨ ਜੱਗੀ ਕੁੱਸਾ ਵਿੱਚ ਪਠਾਣ ਵਾਲੀ ਦਲੇਰੀ, ਸਿੱਖ ਵਾਲੀ ਸ਼ਰਧਾ, ਸੂਰਮੇਂ ਵਾਲੀ ਬੜ੍ਹਕ, ਦਰਵੇਸ਼ ਵਾਲੀ ਨਿਮਰਤਾ, ਫ਼ਕੀਰਾਂ ਵਾਲੀ ਸਾਦਗੀ, ਸਾਧੂਆਂ ਵਾਲੀ ਬੇਪ੍ਰਵਾਹੀ, ਆਸ਼ਕਾਂ ਵਾਲੀ ਪ੍ਰੇਮ-ਭਾਵਨਾਂ ਅਤੇ ਘੈਂਟ ਪੰਜਾਬੀਆਂ ਵਾਲੀ ਯਾਰੀ ਦਾ ਅਥਾਹ ਸੋਮਾਂ ਹੈ! ਵੱਡੇ-ਵੱਡੇ ਲੋਕਾਂ ਨਾਲ ਯਾਰੀ ਹੋਣ ਦੇ ਬਾਵਜੂਦ ਵੀ ਆਮ ਲੋਕਾਂ ਨੂੰ ਅੱਧ ਕੁ ਦਾ ਹੋ ਕੇ ਮਿਲਣਾਂ ਉਸ ਦੀ ਨਿਮਰਤਾ ਦਾ ਸਬੂਤ ਹੈ। 12 ਫ਼ਿਲਮਾਂ, 26 ਨਾਵਲਾਂ ਸਮੇਤ 50 ਕਿਤਾਬਾਂ ਦਾ ਲੇਖਕ ਤੁਹਾਨੂੰ ਕਦੇ ਵੀ ਵਿਹਲਾ ਬੈਠਾ ਨਜ਼ਰ ਨਹੀਂ ਆਵੇਗਾ ਅਤੇ ਇੱਕੋ ਸਮੇਂ ਤਿੰਨ-ਤਿੰਨ ਪ੍ਰਾਜੈਕਟਾਂ ਉੱਪਰ ਰੁੱਝਿਆ ਹੋਣ ਦੇ ਬਾਵਜੂਦ ਵੀ ਉਹ ਤੁਹਾਨੂੰ ਖਿੜਿਆ ਅਤੇ ਤਰੋਤਾਜ਼ਾ ਹੀ ਦਿਸੇਗਾ। ਹਾਂ, ਬਿਨਾ ਕਾਰਨ ਉਹ ਕਦੇ ਤੁਹਾਨੂੰ ਸੜਕਾਂ ਉੱਪਰ ਘੁੰਮਦਾ ਵੀ ਨਹੀਂ ਦਿਸੇਗਾ। ਜੇ ਉਸ ਦੇ ਖ਼ਿਲਾਫ਼ ਕੋਈ ਕਦੇ ਕੁਝ ਬੋਲ, ਜਾਂ ਲਿਖ ਗਿਆ, ਤਾਂ ਉਸ ਨੇ ਮੋੜ ਕੇ ਕਦੇ ਉਸ ਦਾ ਉੱਤਰ ਨਹੀਂ ਦਿੱਤਾ ਅਤੇ ਫ਼ੈਸਲਾ ਰੱਬ ਅਤੇ ਵਕਤ ਉੱਪਰ ਛੱਡ ਦਿੱਤਾ। ਉਸ ਦੇ ਇਸੇ ਫ਼ੌਲਾਦੀ ਸਬਰ ਵਾਲੇ ਸੁਭਾਅ ਕਾਰਨ ਅੱਜ ਉਹ ਅੰਬਰੀਂ ਉਡਾਰੀਆਂ ਲਾ ਰਿਹਾ ਹੈ।




ਜਿਹੜੇ ਮਸ਼ਹੂਰ ਲੇਖਕਾਂ ਅਤੇ ਕਲਾਕਾਰਾਂ ਨੂੰ ਆਮ ਲੋਕ ਦੇਖਣ ਲਈ ਤਰਸਦੇ ਹਨ, ਉਹ ਕਲਾਕਾਰ ਅਤੇ ਲੇਖਕ ਜੱਗੀ ਕੁੱਸਾ ਦੇ ਮਿੱਤਰ ਹਨ। ਆਪਣੀਆਂ ਕੁਝ ਲਿਖਤਾਂ ਕਰਕੇ ਸ਼ਿਵਚਰਨ ਜੱਗੀ ਕੁੱਸਾ ਆਲੋਚਕਾਂ ਦੀਆਂ ਨਸ਼ਤਰਾਂ ਦਾ ਵੀ ਸ਼ਿਕਾਰ ਹੋਇਆ। ਪਰ ਉਸ ਨੂੰ ਈਰਖਾ ਕਰਨ ਵਾਲੇ ਲੋਕਾਂ ਦੀ ਕਤਾਰ ਵਿੱਚ ਉਹੀ ਚੰਦ ਲੋਕ ਖੜ੍ਹੇ ਦਿਖਾਈ ਦੇਣਗੇ, ਜੋ ਖ਼ੁਦ ਕਿਸੇ ਮੁਕਾਮ 'ਤੇ ਨਹੀਂ ਪਹੁੰਚ ਸਕੇ। ਪਰ ਇਤਨੀ ਈਰਖ਼ਾ ਦੇ ਬਾਵਜੂਦ ਵੀ ਉਸ ਦੀ ਲਿਖਤ ਵਿੱਚ ਖੜੋਤ ਨਹੀਂ ਆਈ। ਉਹ ਸਿਰੜੀ ਸੂਰਮੇਂ ਵਾਂਗ ਮਾਰੋ-ਮਾਰ ਕਰਦਾ ਅੱਗੇ ਹੀ ਅੱਗੇ ਨਿਰੰਤਰ ਤੁਰਦਾ ਗਿਆ ਅਤੇ ਤੁਰ ਰਿਹਾ ਹੈ! ਹਰ ਸਾਲ ਇੱਕ ਨਾਵਲ ਮਾਰਕੀਟ ਵਿੱਚ ਦੇਣਾਂ ਕੋਈ ਖਾਲਾ ਜੀ ਦਾ ਵਾੜਾ ਨਹੀਂ! ਪੰਜਾਬੀ ਦਾ ਕੋਈ ਵੀ ਅਜਿਹਾ ਪ੍ਰਮੁੱਖ ਅਖ਼ਬਾਰ ਜਾਂ ਰਸਾਲਾ ਨਹੀਂ, ਜਿਸ ਵਿੱਚ ਜੱਗੀ ਕੁੱਸਾ ਨਾ ਛਪਿਆ ਹੋਵੇ। ਉਸ ਦਾ ਕਿਧਰੇ ਕੋਈ ਲੇਖ, ਕਿਧਰੇ ਲੜੀਵਾਰ ਨਾਵਲ, ਕਿਧਰੇ ਕੋਈ ਕਹਾਣੀ ਜਾਂ ਕੋਈ ਵਿਅੰਗ ਛਪਦੇ ਹੀ ਰਹਿੰਦੇ ਹਨ। ਉਸ ਦੇ ਬਹੁ-ਚਰਚਿਤ ਨਾਵਲ ਅੰਗਰੇਜ਼ੀ ਅਤੇ ਹਿੰਦੀ ਵਿੱਚ ਵੀ ਅਨੁਵਾਦ ਹੋ ਚੁੱਕੇ ਹਨ ਅਤੇ ਚਾਰੇ ਪਾਸੇ ਉਪਲੱਬਧ ਹਨ। ਬਹੁਤ ਘੱਟ ਲੇਖਕ ਹਨ, ਜਿੰਨ੍ਹਾਂ ਦੀ ਮੁੰਬਈ ਦੀ ਫ਼ਿਲਮ ਨਗਰੀ ਵਿੱਚ ਸਫ਼ਲ ਇੰਟਰੀ ਵੱਜੀ ਹੋਵੇ, ਪਰ ਸ਼ਿਵਚਰਨ ਜੱਗੀ ਕੁੱਸਾ ਉਹਨਾਂ ਸਫ਼ਲ ਪੰਜਾਬੀ ਲੇਖਕਾਂ ਵਿੱਚੋਂ ਇੱਕ ਹੈ, ਜਿਸ ਨੇ "ਸਾਡਾ ਹੱਕ" ਫ਼ਿਲਮ ਦੇ ਡਾਇਲਾਗ ਲਿਖੇ ਅਤੇ ਪਹਿਲੀ ਹੀ ਫ਼ਿਲਮ ਦੇ ਲਿਖੇ ਸੰਵਾਦਾਂ ਕਾਰਨ ਉਸ ਨੂੰ "ਬੈਸਟ ਡਾਇਲਾਗ ਰਾਈਟਰ" ਦੇ ਪੁਰਸਕਾਰ ਲਈ 'ਪੀ.ਟੀ.ਸੀ. ਪੰਜਾਬੀ' ਵੱਲੋਂ ਨਾਮਜ਼ਦ ਕਰ ਲਿਆ ਗਿਆ।

ਨਾਵਲ, ਕਹਾਣੀਆਂ, ਵਿਅੰਗ, ਲੇਖ, ਵੱਡੀਆਂ-ਛੋਟੀਆਂ ਫ਼ਿਲਮਾਂ ਦੇ ਸਕਰੀਨਪਲੇ, ਡਾਇਲਾਗ, ਗੀਤ, ਕਵਿਤਾਵਾਂ ਅਤੇ ਨਜ਼ਮਾਂ ਸਮੇਤ ਦਸ ਵਿਧਾਵਾਂ ਵਿੱਚ ਲਿਖਣ ਵਾਲਾ ਲੇਖਕ ਅਚਨਚੇਤ ਹੀ ਫ਼ਿਲਮ ਨਗਰੀ ਦੇ ਪਲੇਟਫ਼ਾਰਮ ਮੱਲ ਕੇ ਖੜ੍ਹ ਗਿਆ। ਫ਼ਿਲਮ "ਸਾਡਾ ਹੱਕ" ਅਤੇ "ਤੂਫ਼ਾਨ ਸਿੰਘ" ਤੋਂ ਸ਼ੁਰੂ ਹੋ ਕੇ ਅੱਜ ਕੱਲ੍ਹ ਜੱਗੀ ਕੁੱਸਾ ਆਪਣੇ ਹਿੰਦੀ ਪ੍ਰਾਜੈਕਟਾਂ ਵਿੱਚ ਮਸ਼ਰੂਫ਼ ਹੈ। 2023 ਵਿੱਚ ਹਿੰਦੀ ਵੈੱਬ-ਸੀਰੀਜ਼ "ਐੱਨ. ਆਰ. ਆਈ" ਦੇ ਅੱਠ ਐਪੀਸੋਡਾਂ ਵਿੱਚੋਂ ਅਜੇ ਦੋ ਐਪੀਸੋਡ ਹੀ ਮੁਕੰਮਲ ਹੋਏ ਸਨ, ਕਿ ਅਚਾਨਕ ਉਸ ਦੀ ਲਿਆਕਤਮੰਦ ਬੇਟੀ 'ਲਾਲੀ' ਦੀ ਮੌਤ ਹੋ ਗਈ। ਦਿਲ ਦੇ ਬਹੁਤ ਹੀ ਕਰੀਬ ਜੁਆਨ ਬੇਟੀ ਦੀ ਚਾਣਚੱਕ ਹੋਈ ਮੌਤ ਨੇ ਜੱਗੀ ਕੁੱਸਾ ਨੂੰ ਧੁਰ ਅੰਦਰ ਤੱਕ ਤੋੜ ਕੇ ਰੱਖ ਦਿੱਤਾ ਅਤੇ ਉਹ ਕਲਮ ਰੱਖ ਕੇ ਬੈਠ ਗਿਆ। ਪਰ ਸੁਭਾਅ ਦੇ ਕ੍ਰਾਂਤੀਕਾਰੀ ਲੋਕ ਕਿੰਨਾਂ ਕੁ ਚਿਰ ਚੁੱਪ ਕਰ ਕੇ ਬੈਠਦੇ ਹਨ? ਕਰੀਬ ਸੱਤ ਮਹੀਨੇ ਚੁੱਪ ਰਹਿਣ ਤੋਂ ਬਾਅਦ ਉਸ ਨੇ "ਦਾ ਮੈਡੀਕਲ ਟੈਰੋਰਿਜ਼ਮ ਇਨ ਇੰਡੀਆ" ਅਰਥਾਤ "ਭਾਰਤ ਵਿੱਚ ਡਾਕਟਰੀ ਅੱਤਿਵਾਦ" ਵੈੱਬ-ਸੀਰੀਜ਼ ਲਿਖ ਕੇ ਆਪਣੀ ਚੁੱਪ ਤੋੜੀ ਅਤੇ ਨਾਲ ਦੀ ਨਾਲ ਇਸੇ ਵਿਸ਼ੇ ਉੱਪਰ ਇੱਕ ਵੱਡ-ਅਕਾਰੀ ਨਾਵਲ "ਕੱਲਾ ਨਾ ਹੋਵੇ ਪੁੱਤ ਜੱਟ ਦਾ" ਲਿਖ ਕੇ ਮਾਰਕੀਟ ਵਿੱਚ ਦਿੱਤਾ। ਉਸ ਦੀ ਬੇਟੀ ਦੀ ਮੌਤ ਡਾਕਟਰਾਂ ਦੇ ਘੋਰ ਲਾਲਚ ਅਤੇ ਅਣਗਹਿਲੀ ਕਾਰਨ ਹੋਈ ਮੌਤ ਨਹੀਂ, ਇੱਕ 'ਕਤਲ' ਸੀ। ਜ਼ਿਲ੍ਹਾ ਮੋਗਾ ਦੇ ਨਿੱਕੇ ਜਿਹੇ ਪਿੰਡ 'ਕੁੱਸਾ' ਵਿੱਚ ਜਨਮੇ ਜੱਗੀ ਕੁੱਸਾ ਹੁਣ ਪਹਿਲੀ ਰੁਕੀ ਪਈ ਵੈੱਬ-ਸੀਰੀਜ਼ "ਐੱਨ. ਆਰ. ਆਈ" ਦੇ ਪ੍ਰਾਜੈਕਟ ਨੂੰ ਅੱਗੇ ਤੋਰਨ ਦੇ ਨਾਲ-ਨਾਲ, ਇੱਕ ਫ਼ੀਚਰ ਫ਼ਿਲਮ ਦੀ ਸ਼ੂਟਿੰਗ ਵੀ ਸ਼ੁਰੂ ਕਰਨ ਜਾ ਰਿਹਾ ਹੈ, ਜੋ ਬਿਲਕੁਲ ਨਵੇਂ ਅਤੇ ਵੱਖਰੇ ਵਿਲੱਖਣ ਵਿਸ਼ੇ ਉੱਪਰ ਅਧਾਰਿਤ ਹੈ। ਜੱਗੀ ਕੁੱਸਾ ਦਾ ਸੱਜਰਾ ਨਾਵਲ "ਉੱਚਾ ਬੁਰਜ ਲਾਹੌਰ ਦਾ" ਅਜੇ ਹਫ਼ਤਾ ਕੁ ਪਹਿਲਾਂ ਹੀ ਮਾਰਕੀਟ ਵਿੱਚ ਆਇਆ ਹੈ ਅਤੇ ਉਸ ਦੀ ਤਿੰਨ ਭਾਗਾਂ ਵਿੱਚ ਛਪਣ ਵਾਲੀ ਸਵੈ-ਜੀਵਨੀ "ਬਾਜ਼ੀ ਲੈ ਗਏ ਕੁੱਤੇ" ਦਾ ਪਹਿਲਾ ਭਾਗ ਛਪਣ ਲਈ ਬਿਲਕੁਲ ਤਿਆਰ ਹੈ, ਪਰ ਜੱਗੀ ਕੁੱਸਾ ਉਸ ਨੂੰ ਅਪ੍ਰੈਲ 2026 ਤੋਂ ਪਹਿਲਾਂ ਮਾਰਕੀਟ ਵਿੱਚ ਲਿਆਉਣ ਨੂੰ ਤਿਆਰ ਨਹੀਂ। ਵੈੱਬ-ਸੀਰੀਜ਼ "ਦਾ ਮੈਡੀਕਲ ਟੈਰੋਰਿਜ਼ਮ ਇੰਨ ਇੰਡੀਆ" ਲਈ ਉਹ ਅਜੇ ਕਿਸੇ ਪ੍ਰੋਡਿਊਸਰ ਦੀ ਭਾਲ ਵਿੱਚ ਹੈ। ਅਸੀਂ ਸ਼ਿਵਚਰਨ ਜੱਗੀ ਕੁੱਸਾ ਦੇ ਇਹਨਾਂ ਆ ਰਹੇ ਵੱਡੇ ਪ੍ਰਾਜੈਕਟਾਂ ਲਈ ਉਸ ਨੂੰ ਸ਼ੁਭ ਕਾਮਨਾਵਾਂ ਭੇਂਟ ਕਰਦੇ ਹਾਂ।

-ਅੰਮ੍ਰਿਤ ਪਵਾਰ

# ਦਿਵਿਆਂਗ ਦਿਵਸ 'ਤੇ ਵਿਸ਼ੇਸ਼

**ਗੁਰਿੰਦਰ ਕਲੇਰ**



ਦਿਵਿਆਂਗ ਦਿਵਸ ਮਨਾਉਣ ਦੀ ਸ਼ੁਰੂਆਤ ਸੰਨ 1992 ਤੋਂ ਸੰਯੁਕਤ ਰਾਸ਼ਟਰ ਦੀ ਜਨਰਲ ਅਸੈਂਬਲੀ ਵੱਲੋਂ ਕੀਤੀ ਗਈ। ਇਸ ਦਿਨ ਦਾ ਮਕਸਦ ਦਿਵਿਆਂਗ ਵਿਅਕਤੀਆਂ ਦੀਆਂ ਮੁਸ਼ਕਲਾਂ ਨੂੰ ਉਜਾਗਰ ਕਰਨਾ ਤੇ ਉਹਨਾਂ ਦੇ ਹੱਕਾਂ ਲਈ ਉਹਨਾਂ ਦਾ ਸਾਥ ਦੇਣਾ ਸੀ। ਦਿਵਿਆਂਗ ਵਿਅਕਤੀ ਦਾ ਅਰਥ ਹੈ ਲੰਬੇ ਸਮੇਂ ਦੀ ਸਰੀਰਿਕ, ਮਾਨਸਿਕ ਬੁੱਧੀ ਤੋਂ ਕਮਜ਼ੋਰ ਹੋਣਾ ,ਰੋਜ਼ਾਨਾ ਜੀਵਨ ਵਿੱਚ ਵਿਚਰਦੇ ਹੋਏ ਮੁਸਕਲਾਂ ਨਾਲ ਜੂਝਣ ਵਾਲਾ ਵਿਅਕਤੀ। ਜੇਕਰ ਸਾਡੇ ਦੇਸ਼/ਰਾਜਾਂ ਦੀਆਂ ਸਰਕਾਰਾਂ ਵੱਲੋਂ ਇਹਨਾਂ ਨੂੰ ਦਿੱਤੀਆ ਜਾ ਰਹੀਆਂ ਸਹੂਲਤਾਂ ਦੀ ਗੱਲ ਕੀਤੀ ਜਾਵੇ ਤਾਂ ਇਹਨਾਂ ਨੂੰ 1500 ਰੁਪਏ ਪੈਨਸ਼ਨ ਪ੍ਰਥੀ ਮਹੀਨਾ ਦਿਤੀ ਜਾਦੀ ਹੈ। ਇਹ ਸਹੂਲਤ ਉਹ ਵਿਅਕਤੀ ਲੈਣ ਦਾ ਹੱਕਦਾਰ ਹੈ। ਜਿਸ ਦਾ ਅੰਗਹੀਣਤਾਂ ਪ੍ਰਮਾਣਿਤ ਸੈਕਟੀਫਿਕੇਟ ਘੱਟ ਤੋਂ ਘੱਟ 50% ਹੋਵੇ। ਰੈੱਡ ਕਰਾਸ ਤੇ ਕੁਝ ਦਾਨੀ ਸੰਸਥਾਵਾਂ ਵੱਲੋਂ ਮੁਫਤ ਟਰਾਈ ਸਾਈਕਲ ਅਤੇ ਨਕਲੀ ਅੰਗ ਸਮੇਂ-ਸਮੇਂ ਤੇ ਕੈਂਪ ਲਗਾ ਕੇ ਦਿੱਤੇ ਜਾਂਦੇ ਹਨ। ਨੈਸ਼ਨਲ ਹੈਂਡੀਕੈਪਡ ਫਾਈਨਾਂਸ ਅਤੇ ਡਿਵੈਲਪਮੈਂਟ ਕਾਰਪੋਰੇਸ਼ਨ ਵੱਲੋਂ ਘੱਟ ਵਿਆਜ ਤੇ ਕਰਜਾ ਦਿੱਤਾ ਜਾਂਦਾ ਹੈ। ਸ਼ਰਤ ਇਹ ਹੈ ਕਿ ਸੰਬੰਧਿਤ ਵਿਅਕਤੀ ਕੋਲ ਜਮੀਨ-ਘਰ ਆਦਿ ਦੀ ਰਜਿਸਟਰੀ ਅਤੇ ਗਰੰਟੀ ਹੋਵੇ। ਇਹਨਾ ਵਿਅਕਤੀਆਂ ਦਾ ਬੱਸ ਕਰਾਇਆ ਅੱਧਾ ਲੱਗਦਾ ਹੈ ਅਤੇ 100% ਦਿਵਿਆਂਗ ਵਿਅਕਤੀ ਲਈ ਪੂਰਾ ਮਾਫ ਹੈ। ਦੇਸ਼ ਦੇ ਅੰਦਰ ਹਵਾਈ ਸਫਰ ਕਰਨ ਤੇ ਅੱਧਾ ਕਰਾਇਆ ਲੱਗਦਾ ਹੈ। ਪਰੰਤੂ ਇਹ ਸਹੂਲਤ ਸਿਰਫ਼ ਏਅਰ-ਇੰਡੀਆ ਦੁਆਰਾ ਹੀ ਦਿੱਤੀ ਜਾਂਦੀ ਹੈ। ਰੇਲ ਗੱਡੀ ਦਾ ਮੁਫ਼ਤ ਸਫਰ ਕਰਨ ਲਈ ਇਹਨਾਂ ਨੂੰ ਪਾਸ ਦੀ ਸੁਵਿਧਾ ਦਿੱਤੀ ਗਈ ਹੈ। ਸਰਕਾਰੀ ਨੌਕਰੀ ਵਿੱਚ ਇਹਨਾਂ ਨੂੰ 4% ਤੇ ਪ੍ਰਾਈਵੇਟ ਅਦਾਰੇ ਵਿੱਚ 5% ਰਾਖਵਾਂਕਰਨ ਦੀ ਸਹੂਲਤ ਦਿੱਤੀ ਗਈ ਹੈ। ਇਹਨਾਂ ਨੂੰ ਵਾਹਨ ਖਰੀਦਣ ਤੇ 18% ਜੀ.ਐਸ.ਟੀ ਤੋਂ ਛੂਟ ਦਿੱਤੀ ਗਈ ਹੈ ਸ਼ਰਤ ਇਹ ਕਿ ਵਾਹਨ ਇਹਨਾ ਦੀ ਜਰੂਰਤ ਅਨੁਸਾਰ ਤਿਆਰ ਕੀਤਾ ਗਿਆ ਹੋਵੇ ਅਤੇ ਉਸਦਾ ਇੰਜਣ1500 ਸੀ.ਸੀ. ਤੋਂ ਵੱਧ ਨਾ ਹੋਵੇ। ਵਾਹਨ ਖਰੀਦਣ ਤੋਂ ਪਹਿਲਾ ਡਾਕਟਰਾਂ ਦੀ ਟੀਮ ਤੋਂ ਮੈਡੀਕਲ ਸੈਕਟੀਫਿਕੇਟ ਬਣਾਉਣਾ ਜਰੂਰੀ ਹੁੰਦਾ ਹੈ ਕਿ ਇਹ ਵਿਅਕਤੀ ਜਿਹੜਾ ਵਾਹਨ ਖਰੀਦਣ ਜਾ ਰਿਹਾ ਹੈ। ਉਸ ਨੂੰ ਚਲਾਉਣ ਦੇ ਯੋਗ ਹੈ। ਇਹਨਾਂ ਨੂੰ ਟੋਲ ਟੈਕਸ ਤੋਂ ਵੀ ਛੂਟ ਦਿੱਤੀ ਗਈ ਹੈ। ਸ਼ਰਤ ਇਹ ਕਿ ਵਾਹਨ ਕੰਪਨੀ ਮੋਡੀਫਾਈ ਹੋਵੇ, ਆਰਸੀ ਤੇ ਚੜ੍ਹਿਆ ਹੋਵੇ ਅਤੇ ਵਾਹਨ ਸੰਬੰਧਿਤ ਵਿਅਕਤੀ ਆਪ ਚਲਾਅ ਰਿਹਾ ਹੋਵੇ। ਭਾਰਤ ਸਰਕਾਰ ਸੜਕੀ ਵਿਭਾਗ ਵੱਲੋਂ ਇਹਨਾਂ ਦੀ ਕਾਰ ਤੇ ਇਕ ਫਾਸਟ ਟੈਗ ਲਗਾ ਦਿੱਤਾ ਜਾਦਾ ਹੈ ਜੋ ਬਿਲਕੁਲ ਮੁਫ਼ਤ ਹੁੰਦਾ ਹੈ ਅਤੇ ਪੰਜ ਸਾਲ ਤੱਕ ਵੈਲਡ ਹੁੰਦਾ ਹੈ। ਪਰੰਤੂ ਇਹ ਮੁਫਤ ਫਾਸਟ ਟੈਗ ਪ੍ਰਾਪਤ ਕਰਨ ਲਈ ਔਨ ਲਾਈਨ ਜਾਂ ਔਫ ਲਾਈਨ ਅਪਲਾਈ ਕਰਨਾਂ ਪਵੇਗਾ। ਸਰਕਾਰੀ ਮੁਲਾਜ਼ਮ ਨੂੰ ਸਰਕਾਰ ਵੱਲੋਂ ਇਕ ਹਜ਼ਾਰ ਸਫਰੀ ਭੱਤਾ ਦਿੱਤਾ ਜਾਦਾ ਹੈ। ਬਹੁਤ ਵਾਰ ਇਹ ਦੇਖਣ ਨੂੰ ਮਿਲਦਾ ਹੈ ਕਿ ਦਿਵਿਆਂਗ ਸਰਕਾਰੀ ਕਰਮਚਾਰੀਆਂ ਦੀ ਇਲੈਕਸ਼ਨ ਡਿਊਟੀ, ਬੀ.ਐਲ .ਓ ਆਦਿ ਡਿਊਟੀ ਲਗਾ ਦਿੱਤੀ ਜਾਂਦੀ ਹੈ। ਜਿਸ ਨੂੰ ਕਟਵਾਉਣ ਲਈ ਦਫ਼ਤਰਾਂ ਵਿੱਚ ਖੱਜਲ ਖਰਾਬ ਹੋਣਾ ਪੈਂਦਾ ਹੈ। 100% ਦਿਵਿਆਂਗ ਵਿਅਕਤੀ ਪਤੀ ਪਤਨੀ ਦੇ ਬੱਚਿਆ ਨੂੰ ਪੈਨਸ਼ਨ ਦਿੱਤੀ ਜਾਦੀ ਹੈ। ਦਿਵਿਆਂਗ ਲੋਕਾਂ ਦੀਆ ਮੁਸ਼ਕਲਾਂ ਦੇ ਹੱਲ ਲਈ ਹਰ ਜਿਲੇ ਅੰਦਰ ਸਰਕਾਰ ਵੱਲੋਂ ਡੀ.ਐਸ.ਐਸ.ਓ. ਅਫਸਰ ਤਾਇਨਾਤ ਕੀਤੇ ਗਏ ਹਨ। ਜੇਕਰ ਉਹਨਾਂ ਬਿਮਾਰੀਆਂ ਦੀ ਗੱਲ ਕੀਤੀ ਜਾਵੇ ਜਿੰਨਾ ਤੋਂ ਪੀੜਤ ਵਿਅਕਤੀ ਇਸ ਕੈਟਾਗਰੀ ਵਿੱਚ ਆਉਂਦੇ ਹਨ ਤਾਂ ਉਹ 21 ਤਰਾਂ ਦੀਆ ਬਿਮਾਰੀਆਂ ਹਨ। ਜੋ ਇਸ ਤਰਾ ਹਨ। ਨੇਤਰਹੀਣ, ਘੱਟ ਨਜ਼ਰ, ਕੋਹੜ ਗ੍ਰਸਤ ਵਿਅਕਤੀ, ਸੁਣਨ-ਬੋਲਣ ਤੋਂ ਅਸਮਰੱਥ ਜਾਂ ਉੱਚਾ ਘੱਟ ਸੁਣਨਾ, ਚਲਣ-ਫਿਰਨ ਤੋਂ ਅਸਮਰੱਥ (ਜਿਵੇਂ ਪੋਲੀਓ ਗ੍ਰਸਤ), ਬੌਨਾਪਣ, ਮੰਦਬੁੱਧੀ, ਮਾਨਸਿਕ ਤੌਰ ਤੇ ਬਿਮਾਰ, ਮਸਤ-ਮਲੰਗ ਆਤਮ ਲੀਨਤਾ, ਦਿਮਾਗੀ ਲਕਵਾ, ਮਾਸਪੇਸ਼ੀਆਂ ਸੰਬੰਧੀ ਵਿਕਾਰ, ਗੰਭੀਰ ਤੰਤੂ ਵਿਗਿਆਨਕ ਸਥਿਤੀ (ਕਮਜੋਰ ਮਾਸਪੇਸ਼ੀਆਂ), ਸਿੱਖਣ ਸੰਬੰਧੀ ਅਪੰਗਤਾ, ਦਿਮਾਗ ਅਤੇ ਰੀੜ੍ਹ ਦੀ ਹੱਡੀ ਵਿੱਚ ਤਾਲਮੇਲ ਦੀ ਪੇਰਸਾਨੀ, ਬੋਲਣ ਸੰਬੰਧੀ ਵਿਕਾਰ, ਖੂਨ ਸੰਬੰਧੀ ਰੋਗ (ਖੂਨ ਦਾ ਘੱਟ ਹੋਣਾ), ਖੂਨ ਸੰਬੰਧੀ ਰੋਗ (ਸੱਟ ਲੱਗਣ ਤੇ ਜਿਆਦਾ ਖੂਨ ਵਗਣਾ ਜਾਂ ਬੰਦ ਨਾ ਹੋਣਾ), ਖੂਨ ਸੰਬੰਧੀ ਕਮਜ਼ੋਰੀ ਜਾਂ ਕਮੀ, ਬਹੁ-ਵਿਕਲਾਂਗਤਾਂ, ਤੇਜਾਬ ਦੇ ਹਮਲੇ ਤੋਂ ਪੀੜਤ, ਦਿਮਾਗੀ ਵਿਕਾਰ (ਹੱਥਾਂ/ਪੈਰਾ ਵਿੱਚ ਜਕੜਣ),ਆਦਿ ਹਨ। 2016 ਦੇ ਐਕਟ ਅਨੁਸਾਰ ਜੇਕਰ ਦਿਵਿਆਂਗ ਵਿਅਕਤੀ ਦੇ ਅਧਿਕਾਰਾਂ ਦੀ ਗੱਲ ਕੀਤੀ ਜਾਵੇਂ ਤਾਂ ਆਤਮ ਸਨਮਾਨ ਅਤੇ ਇੱਜਤ, ਗੈਰ-ਵਿਤਕਰਾ, ਸਮਾਜ ਵਿੱਚ ਪੂਰੀ ਤਰਾਂ ਅਤੇ ਪ੍ਰਭਾਵਕਾਰੀ ਸਮੂਲੀਅਤ, ਭਿੰਨਤਾ ਲਈ ਸਨਮਾਨ ਅਤੇ ਦਿਵਿਆਂਗ ਵਿਅਕਤੀਆਂ ਨੂੰ ਮਨੁੱਖੀ ਵਿਭਿੰਨਤਾ ਤੇ ਮਨੁੱਖਤਾ ਵਜੋਂ ਸਵੀਕਾਰਨਾ, ਅਵਸਰ ਦੀ ਬਰਾਬਰਤਾ, ਪਹੁੰਚ ਯੋਗਤਾ, ਔਰਤਾਂ ਤੇ ਮਰਦਾਂ ਵਿਚਕਾਰ ਬਰਾਬਰਤਾਂ, ਦਿਵਿਆਂਗ ਬੱਚਿਆ ਦੀ ਵਧਣ ਸਮਰੱਥਾ ਤੇ ਅਧਿਕਾਰਾਂ ਪ੍ਰਥੀ ਸਨਮਾਨ। ਸਰਕਾਰ ਵੱਲੋ ਇਹਨਾਂ ਦੀ ਸਿੱਖਿਆ ਵੱਲ ਧਿਆਨ ਦੇਂਦੇ ਹੋਏ ਬਿਨਾ ਕਿਸੇ ਵਿਤਕਰੇ ਤੋਂ ਵਿਦਿਅਕ ਸੰਸਥਾਵਾ ਵਿੱਚ ਦਾਖਲਾ ਦੇਣਾ। ਦੂਸਰੇ ਬੱਚਿਆਂ ਦੇ ਬਰਾਬਰ ਖੇਡਾਂ ਮਨੋਰੰਜਨ ਗਤੀਵਿਧੀਆ ਲਈ ਮੋਕੇ ਦੇਣਾ, ਇਮਾਰਤ-ਕੈਂਪਸ ਤੇਅ ਹੋਰ ਸੁਵਿਧਾਵਾਂ ਨੂੰ ਪਹੁੰਚ ਯੋਗ ਬਣਾਉਣਾ, ਨੇਤਰਹੀਣ ਜਾਂ ਬੋਲੇ ਬੱਚਿਆਂ ਨੂੰ ਸਿੱਖਿਆ ਉਚਿਤ ਭਾਸਾਵਾਂ ਸੰਚਾਰ ਦੇ ਸਾਧਨਾਂ ਤੇ ਢੰਗਾਂ ਰਾਹੀ ਦੇਣ ਦਾ ਉਪਰਾਲਾ ਕੀਤਾ ਗਿਆ ਹੈ। ਸਰਕਾਰ ਵੱਲੋਂ ਦਿਵਿਆਂਗ ਲੋਕਾਂ ਲਈ ਸਹੂਲਤ ਲਈ ਕੀਤੇ ਗਏ ਉਪਰਾਲੇ ਸਲਾਘਾਯੋਗ ਹਨ। ਪਰੰਤੂ ਇਹ ਬਹੁਤ ਹੱਦ ਤੱਕ ਜਮੀਨੀ ਪੱਧਰ ਤੇ ਲਾਗੂ ਨਹੀ ਹੁੰਦੇ। ਅੱਜ ਵੀ ਬਹੁਤ ਸਾਰੇ ਦਿਵਿਆਂਗ ਲੋਕ ਨਿਰਾਸ਼ਾ ਭਰੀ ਜਿੰਦਗੀ ਜਿਊਣ ਲਈ ਮਜਬੂਰ ਹਨ। ਉਹਨਾਂ ਨਾਲ ਸਮਾਜਿਕ ਤੋਰ ਤੇ ਵੀ ਵਿਤਕਰਾ ਕੀਤਾ ਜਾਂਦਾ ਹੈ ਅਤੇ ਸਰਕਾਰੀ ਸਹੂਲਤਾਂ ਵੀ ਕਾਗਜਾਂ ਵਿੱਚ ਹੀ ਦਿਖਾਇਆ ਜਆਂਦੀਆਂ ਹਨ।

ਪਿੰਡ/ਡਾਕ-ਕਲੇਰ ਕਲਾਂ (ਗੁਰਦਾਸਪੁਰ)
ਮੋਬਾਈਲ ਨੰਬਰ 9914538888

# How Centuries of Division Pushed Sikhs Away from Their Divine Mission

**Iqbal Singh Lalpura**
**Mobile 9780003333**



The Sikh community has just concluded the commemoration of the 350th Martyrdom Anniversary of Sri Guru Tegh Bahadur Ji, who sacrificed his life to protect the" Tilak and Janju"the sacred symbols of the Hindu faith. Across India and abroad, government institutions, community organisations, and Sikh bodies spent large amounts of money on events, samagams, processions, sweets distribution, and the illumination of Gurdwaras. Yet Sikh philosophy places no special spiritual weight on ceremonial dates. In the Guru period, the Misls era, and the reign of Maharaja Ranjit Singh, there is no historical evidence of such grand celebrations. Sikh tradition teaches that every day is sacred, and remembrance lies not in display but in living the Guru's command. This raises a difficult question: what real gain emerges from heavy expenditure on rituals that the Gurus themselves did not promote? And more importantly, where does the Sikh community stand today,religiously, politically, socially, and psychologically, on the global stage?

The Sikh was created as an angel on earth by Guru Nanak Dev Ji,one who lives with purity, compassion, courage, and service to all humanity. Guru Gobind Singh Ji transformed this saintly tradition into the Sant Sipahi ,the "saint-soldier" who protects righteousness fearlessly. This divine army revolutionised the spiritual landscape of India by breaking the old mould of ritualistic religion and establishing the Nirmal Panth, a panth, without priests, intermediaries, or superstition. The Khalsa ended centuries of foreign domination, restored dignity to the oppressed, and replaced ritual with revelation. But as history progressed, divisions within Sikh groups and political Misls weakened this spiritual and military strength. By the time of Maharaja Ranjit Singh, the last sovereign ruler of the Khalsa Raj, unity had already begun to crack. When the British arrived, they found local allies, including some Sikh chiefs, who assisted in taking over Punjab in 1849.

With political power gone, religious institutions also slipped away. Gurdwaras were gradually taken over by hereditary priests, and rituals the Gurus rejected began creeping back. A class of miracle-performing Babas,some equating themselves with God or the Guru, some acting as builders or political brokers,diverting Sikhs away from the pure teachings of Sri Guru Granth Sahib Ji and towards personality cults. The British ensured that no united Sikh leadership emerged. Even constructive movements like the Singh Sabha and later the SGPC had to fight the British system at every step. Alongside genuine reformers, pro-British Sikh leaders were promoted, causing confusion within the community. After Independence, little changed. Congress inherited the British strategy of divide-and-rule, and new Sikh leaders aligned with political interests rather than Panthic principles. Confusion deepened, and the once united community that shook empires found itself struggling for clarity and direction.

As this leadership vacuum expanded, Sikhs,once revered as protectors—began to be labelled as extremists or separatists. There is no strong global organisation that articulates Sikh concerns, counters false narratives, or provides psychological healing to a community that has repeatedly faced violence, discrimination, and political betrayal. Emotional wounds were never addressed. Trauma was inherited across generations, and negative memories became ingrained, affecting behaviour and political reactions. Psychology and medical science explain that continuous exposure to fear or negative messaging increases cortisol levels, weakens memory, distorts judgment, and leads to anxiety or aggression. A community that once produced fearless protectors now often finds itself trapped in cycles of fear, fear of being labelled, fear of losing identity, fear of political manipulation. Many people and groups exploit this fear. Instead of reasoning, many Sikhs are influenced by emotional appeals, conspiracy theories, and social media propaganda. This creates internal suspicion, prevents unity, and leaves the community vulnerable.

The world has changed, and other persecuted communities have adapted. The Jewish community, after facing almost total destruction, rebuilt itself through education, unity, dialogue, and a strong global network. They invested in institutions, research, diplomacy, and collective leadership. While the Jews strengthened themselves across continents, Sikhs ,despite far greater courage and historical strength ,remain fragmented. There is no single Sikh think-tank, no global coordination mechanism, no research institution of international scale, and no unified political voice. The three pillars of democracy,legislature, executive, and judiciary,no longer have meaningful Sikh influence. The fourth pillar, the media, also lacks Sikh presence. Instead, internal divisions continue, often fuelled by groups that emotionally blackmail the masses by projecting themselves as defenders of the faith.

Some leaders keep warning the community that the RSS or the central government is the enemy. But this narrative is factually weak. RSS is not an enemy; it simply operates with a wider canvas. Instead of jealousy or fear, Sikhs too must think bigger and create institutions that match global needs. A small, fragmented community cannot fight imagined enemies; it must first organise itself. As far as the central government under the present Prime Minister, Shri Narendra Modi, is concerned, sincere efforts are being made to provide relief to victims of past massacres and to take action against the guilty. Under his leadership, Indian embassies worldwide now celebrate Sikh history and Gurpurabs, giving global respect to the Sikh faith. Such gestures deserve appreciation, not unwarranted criticism.

Unfortunately, some elements across the border exploit fear to mislead Sikh youth. Guru Gobind Singh Ji said that the "Turk"symbolising oppressors ,would flee before the spirit of the Khalsa. But today, instead of confronting fear, some external forces manipulate Sikh vulnerabilities and promote militancy for their own purposes. The world no longer tolerates violence, and such paths only damage the community further. What the Panth needs is not anger or aggression, but clarity, strategy, education, and unity.

The psychological healing of the Sikh community begins with returning to Gurbani. Gurbani is the finest medicine for a wounded mind. Meditation on Naam reduces stress, stabilises the mind, and strengthens emotional resilience. Guru-oriented living brings discipline, clarity, and self-respect. When a community connects with its Guru, ritualism fades, fear recedes, and courage returns in its purest form. Sikhs must also embrace dialogue ,within families, within the Panth, and with the nation. Dialogue reduces fear, builds trust, and ends manipulation by vested interests. A community that talks openly cannot be emotionally blackmailed.

Another priority is investment in education. The future lies in universities, research centres, digital platforms, and global institutions that promote Sikh history, Sikh rights, Sikh philosophy, and Sikh perspectives in international forums. Knowledge gives power; without it, even the brave become helpless.

The Sikh community must also rebuild collective leadership. The fault lies with Sikhs in positions of influence who prefer personal gain over community welfare. The Guru established the Khalsa as a democratic order, where decisions were taken collectively through Gurmatta. This tradition must be revived. Leadership should not revolve around politics, biradari, or foreign influence. It should emerge from wisdom, learning, humility, and service. Wherever possible, Sikhs should build alliances with other communities, strengthening bonds instead of isolating themselves. India is changing rapidly. Sikhs have contributed to every field, defence, industry, agriculture, sports, judiciary, administration,but the community must broaden its canvas to remain relevant in a global environment.

The Sikh Panth has endured martyrdoms, battles, betrayals, and political manipulation for centuries, yet it still stands strong. But standing is not enough; the time has come to rise again with clarity, confidence, and unity. The way forward is simple: return to the Guru's path, heal the mind, end fear, embrace education, practise dialogue, and build collective leadership. The Gurus created the Sikhs to be angels on earth,protectors of humanity, defenders of truth, and servants of justice. The community must reclaim this divine mission with discipline and unity.

Only then will the spirit of Guru Tegh Bahadur Ji truly be honoured,not through costly celebrations, but by living the values he died to protect. Let us build a permanent friendship between those who wear the Tilak and Janju and the sons of Guru Gobind Singh Ji, who is remembered in the saying: "Na kahun ab ki, na kahun tab ki. Agar na hote Guru Gobind Singh, sunat hoti sab ki." Such unity will strengthen our community, rebuild our confidence, and help us reclaim our lost glory.

**Former Chairman, National Commission for Minorities Government of India**

# ਉਦਾਸੀਨ ਸੰਪ੍ਰਦਾਇ ਦਾ ਉਭਾਰ ਤੇ ਗੁਰਮਿਤ ਦਾ ਪ੍ਰਚਾਰ

## ਬਰਸੀ 'ਤੇ ਵਿਸ਼ੇਸ਼

ਰਮੇਸ਼ ਬੱਗਾ ਚੋਹਲਾ



ਕਿਸੇ ਵੀ ਵਿਚਾਰਧਾਰਾ ਜਾਂ ਫ਼ਲਸਫ਼ੇ ਦੇ ਵਿਕਾਸ ਲਈ ਪ੍ਰਚਾਰ ਤੇ ਪ੍ਰਸਾਰ ਦੀ ਵੱਡੀ ਲੋੜ ਹੁੰਦੀ ਹੈ। ਇਸ ਲੋੜ ਦੀ ਪੂਰਤੀ ਨਾਲ ਹੀ ਉਹ ਵਿਸ਼ੇਸ਼ ਵਿਚਾਰਧਾਰਾ ਆਪਣੇ ਨਿਰਧਾਰਿਤ ਉਦੇਸ਼ਾਂ ਨੂੰ ਪੂਰਾ ਕਰ ਸਕਦੀ ਹੈ। ਆਪਣੀ ਵਿਚਾਰਧਾਰਾ ਨਾਲ ਜੁੜੇ ਉਦੇਸ਼ਾਂ ਦੀ ਪ੍ਰਾਪਤੀ ਹਿੱਤ ਬਹੁਤ ਸਾਰੇ ਮਹਾਂਪੁਰਖ,ਸਾਧਕ ਅਤੇ ਪ੍ਰਚਾਰਕ ਸਮੇਂ-ਸਮੇਂ ਆਪਣਾ ਬਣਦਾ ਯੋਗਦਾਨ ਪਾਉਂਦੇ ਰਹਿੰਦੇ ਹਨ। ਇਹ ਯੋਗਦਾਨ ਜਿਥੇ ਉਸ ਵਿਚਾਰਧਾਰਾ ਨੂੰ ਪ੍ਰਭਾਵਸ਼ਾਲੀ ਬਣਾਉਂਦਾ, ਉਥੇ ਇਸ ਦੇ ਘੇਰੇ ਨੂੰ ਵਿਸ਼ਾਲ ਵੀ ਕਰਦਾ ਹੈ। ਇਸ ਸਿਲਸਲੇ ਵਿਚ ਜਿਥੇ ਉਸ ਵਿਚਾਰਧਾਰਾ ਨਾਲ ਜੁੜੇ ਸਾਧਕ/ ਪ੍ਰਚਾਰਕ ਦੀ ਆਪਣੀ ਘਾਲਣਾ ਸਾਰਥਿਕ ਭੂਮਿਕਾ ਅਦਾ ਕਰਦੀ ਹੈ,ਉੱਥੇ ਉਸ ਦਾ ਨਿੱਜ ਵੀ ਵਿਸ਼ੇਸ਼ ਪ੍ਰਭਾਵ ਪਾਉਂਦਾ ਹੈ। ਇਹ ਘਾਲਣਾ ਅਤੇ ਨਿੱਜ ਉਸ ਵਿਚਾਰਧਾਰਾ ਦੀ ਇੱਕ ਅੱਡਰੀ ਪਹਿਚਾਣ ਕਾਇਮ ਕਰ ਦਿੰਦੇ ਹਨ, ਜਿਹੜੀ ਅੱਗੇ ਜਾ ਕੇ ਉਸ ਵਿਚਾਰਧਾਰਾ ਵਿਚੋਂ ਉਪਜੀ ਸੰਪ੍ਰਦਾਇ ਦੀ ਬੁਨਿਆਦ ਬਣ ਜਾਂਦੀ ਹੈ। ਸਮੇਂ-ਸਮੇਂ ਹੋਂਦ ਵਿਚ ਆਈਆਂ ਇਹ ਸੰਪ੍ਰਦਾਵਾਂ ਆਪੋ ਆਪਣੇ ਮਿਸ਼ਨ ਦੀ ਚੜ੍ਹਦੀਕਲਾ ਅਤੇ ਫ਼ੈਲਾਅ ਹਿੱਤ ਯਤਨਸ਼ੀਲ ਰਹੀਆਂ ਹਨ।

ਸਿੱਖ ਧਰਮ ਦੇ ਵਿਕਾਸ ਸਮੇਂ ਵੀ ਬਹੁਤ ਸਾਰੀਆਂ ਸੰਪ੍ਰਦਾਵਾਂ ਹੋਂਦ ਵਿਚ ਆਈਆਂ ਹਨ ਜਿਨਾਂ ਦਾ ਇਸ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਧਨਾਤਮਿਕ ਤੇ ਰਿਣਾਤਮਿਕ ਯੋਗਦਾਨ ਰਿਹਾ ਹੈ। ਇਨ੍ਹਾਂ ਵਿਚ ਉਦਾਸੀ, ਨਿਰਮਲੇ, ਸੇਵਾ-ਪੰਥੀ, ਮੀਣੇ ਅਤੇ ਮਸੰਦ ਸੰਪ੍ਰਦਾਵਾਂ ਦਾ ਨਾਮ ਵਰਨਣਯੋਗ ਹੈ। ਇਸ ਲਿਖਤ ਦਾ ਵਿਸ਼ਾ ਉਦਾਸੀ ਸੰਪ੍ਰਦਾਇ ਬਾਬਤ ਹੈ।

ਉਦਾਸੀ ਸ਼ਬਦ ਸੰਸਕ੍ਰਿਤ ਭਾਸ਼ਾ ਦੇ ਸ਼ਬਦ ਉਦਾਸੀਨ ਤੋਂ ਲਿਆ ਗਿਆ ਹੈ ਜਿਸ ਦਾ ਅਰਥ ਹੈ ਵਿਰਕਤ। ਉਹ ਮਨੁੱਖ ਜਿਹੜਾ ਦੁਨਿਆਵੀ ਦਾਇਰੇ/ਬੰਧਨ ਵਿਚੋਂ ਬਾਹਰ ਹੋ ਜਾਵੇ,ਉਸ ਨੂੰ ਉਦਾਸੀ ਕਿਹਾ ਜਾਂਦਾ ਹੈ। ਪੁਰਾਤਨ ਸਮੇਂ ਵਿਚ ਹਿੰਦੂ ਧਰਮ ਦੇ ਚਰਚਿਤ ਗ੍ਰੰਥ ਮਨੂੰ ਸਿਮ੍ਰਤੀ ਅਨੁਸਾਰ ਮਨੁੱਖੀ ਹਯਾਤ ਨੂੰ ਸੌ ਸਾਲ ਤੱਕ ਤਸਲੀਮ ਕੀਤਾ ਜਾਂਦਾ ਸੀ। 25-25 ਸਾਲ ਦੇ ਹਿਸਾਬ ਨਾਲ ਇਸ ਨੂੰ ਚਾਰ ਹਿੱਸਿਆਂ ਵਿਚ ਵੰਡਿਆਂ ਜਾਂਦਾ ਸੀ,ਜਿਨ੍ਹਾਂ ਨੂੰ ਚਾਰ ਆਸ਼ਰਮ ਕਿਹਾ ਜਾਂਦਾ ਸੀ। ਤੀਸਰੇ ਆਸ਼ਰਮ ਦਾ ਨਾਮ ਬਾਨਪ੍ਰਸਤ ਸੀ। ਇਸ ਦੀ ਭੋਗਤਾ ਤੋਂ ਉਪਰੰਤ ਸੰਨਿਆਸ ਆਸ਼ਰਮ ਦੀ ਆਰੰਭਤਾ ਹੁੰਦੀ ਸੀ,ਜਿਸ ਵਿਚ ਪ੍ਰਵੇਸ਼ ਕਰਨ ਤੋਂ ਬਾਅਦ ਵਿਅਕਤੀ ਨੂੰ ਸੰਸਾਰ ਨਾਲੋਂ ਪੂਰੀ ਤਰ੍ਹਾਂ ਤੋੜ-ਵਿਛੋੜਾ ਕਰਨਾ ਪੈਂਦਾ ਸੀ। ਉਹ ਇਕ ਥਾਂ ਟਿੱਕ ਕੇ ਨਹੀਂ ਸੀ ਰਹਿ ਸਕਦਾ। ਪਿਛਲੇ ਸਮਿਆਂ ਵਿਚ ਬਹੁਤ ਸਾਰੇ ਸੰਨਿਆਸੀ, ਬੈਰਾਗੀ, ਨਾਂਗੇ, ਉਦਾਸੀ ਅਤੇ ਮੋਨੀ ਆਦਿ ਦਾ ਜ਼ਿਕਰ ਆਉਂਦਾ ਹੈ। ਪ੍ਰੰਤੂ ਇਸ ਨਿਰਵਿਰਤੀ ਉਦਾਸੀ ਮਤ ਦਾ ਸਿੱਖ ਧਰਮ ਨਾਲ ਸੰਬੰਧਤ ਪਰਵਿਰਤੀ ਉਦਾਸੀ ਮਤ/ਸੰਪ੍ਰਦਾਇ ਨਾਲ ਕੋਈ ਸਬੰਧ ਨਹੀਂ ਹੈ।

ਜਗਤ ਗੁਰੂ ਨਾਨਕ ਦੇਵ ਜੀ ਦੇ ਵੱਡੇ ਫ਼ਰਜੰਦ ਬਾਬਾ ਸ੍ਰੀ ਚੰਦ ਜੀ ਗੁਰੂ ਪਿਤਾ ਵੱਲੋਂ ਗੁਰਿਆਈ ਭਾਈ ਲਹਿਣਾ (ਸ੍ਰੀ ਗੁਰੂ ਅੰਗਦ ਦੇਵ ਜੀ ) ਦੇਣ ਤੋਂ ਨਾਖ਼ੁਸ਼ ਸਨ। ਇਸ ਨਾਖ਼ੁਸ਼ੀ ਵਿਚੋਂ ਹੀ ਪੈਦਾ ਹੋਈ ਹੈ ਉਦਾਸੀ ਸੰਪ੍ਰਦਾਇ ਜਿਹੜੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦਾ ਪ੍ਰਚਾਰ ਆਪਣੇ ਢੰਗ ਨਾਲ ਕਰਦੀ ਆ ਰਹੀ ਹੈ। ਇਸ ਪ੍ਰਚਾਰ ਦਾ ਕੇਂਦਰੀ ਬਿੰਦੂ ਸੰਨਿਆਸ ਤੇ ਬ੍ਰਹਮਚਰਯ ਸੀ। ਇਹ ਬਿੰਦੂ ਸਿੱਖ ਪੰਥ ਦੀ ਮੁੱਖ-ਧਾਰਾ ਨਾਲੋਂ ਵੱਖਰੇਵੇਂ ਵਾਲਾ ਸੀ, ਕਿਉਂਕਿ ਗੁਰਬਾਣੀ ਅਨੁਸਾਰ ਉਦਾਸੀ ਨੂੰ ਇੰਝ ਪ੍ਰੀਭਾਸ਼ਤ ਕੀਤਾ ਗਿਆ ਹੈ:-

ਸੋ ਗਿਰਹੀ ਸੋ ਦਾਸ ਉਦਾਸੀ
ਜਿਨਿ ਗੁਰਮੁਖਿ ਆਪੁ ਪਛਾਨਿਆ॥

ਨਾਨਕ ਪੰਥੀ ਉਦਾਸੀ ਸੰਪ੍ਰਦਾਇ ਦਾ ਆਰੰਭ ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਕੀਤੀਆਂ ਗਈਆਂ ਉਦਾਸੀਆਂ ਉਰਫ਼ ਪ੍ਰਚਾਰ ਫੇਰੀਆਂ ਵਿਚੋਂ ਲੱਭਿਆ ਜਾ ਸਕਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀਆਂ ਉਦਾਸੀਆਂ ਦੇ ਸਮੇਂ ਜਿਹੜਾ ਭੇਸ ਧਾਰਨ ਕੀਤਾ ਸੀ ਉਸ ਬਾਬਤ ਭਾਈ ਗੁਰਦਾਸ ਜੀ ਆਪਣੀ ਵਾਰ ਵਿਚ ਲਿਖਦੇ ਹਨ:

ਬਾਬੇ ਭੇਖ ਬਣਾਇਆ
ਉਦਾਸੀ ਕੀ ਰੀਤਿ ਚਲਾਈ।
(ਵਾਰ ਭਾਈ ਗੁਰਦਾਸ 1:24)

ਭਾਈ ਗੁਰਦਾਸ ਜੀ ਦੇ ਅਨੁਸਾਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਾਨਵ-ਕਲਿਆਣ ਹਿੱਤ ਦੇਸ਼-ਵਿਦੇਸ਼ ਦੀਆਂ ਲੰਮੀਆਂ ਯਾਤਰਾਵਾਂ ਕੀਤੀਆਂ ਜਿਨ੍ਹਾਂ ਨੂੰ ਸਿੱਖ ਇਤਿਹਾਸ ਵਿਚ ਉਦਾਸੀਆਂ ਕਿਹਾ ਜਾਂਦਾ ਹੈ। ਉਦਾਸੀਆਂ (ਭ੍ਰਮਣ) ਕਰਨ ਤੋਂ ਬਾਅਦ ਬਾਬੇ ਵੱਲੋਂ ਪਹਿਨਿਆ ਵਿਸ਼ੇਸ਼ ਪਹਿਰਾਵਾ ਉਤਾਰ ਦਿੱਤਾ ਗਿਆ ਅਤੇ ਕਰਤਾਰਪੁਰ ਸਾਹਿਬ ਆ ਕੇ ਸੰਸਾਰੀ ਬਸਤਰ ਧਾਰਨ ਕਰ ਲਏ।

ਬਾਬਾ ਆਇਆ ਕਰਤਾਰਪੁਰ
ਭੇਖ ਉਦਾਸੀ ਸਗਲ ਉਤਾਰਾ।
ਪਹਿਰ ਸੰਸਾਰੀ ਕਪੜੇ
ਮੰਜੀ ਬੈਠ ਕਿਆ ਅਵਤਾਰਾ। (ਵਾਰ 1:38)



ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਉਤਾਰਿਆ ਉਦਾਸੀ ਭੇਖ ਉਨ੍ਹਾਂ ਦੇ ਵੱਡੇ ਸਾਹਿਬਜ਼ਾਦੇ ਬਾਬਾ ਸ੍ਰੀ ਚੰਦ ਨੇ ਧਾਰਨ ਕਰ ਲਿਆ ਅਤੇ ਗ੍ਰਹਿਸਤ ਮਾਰਗ ਤੋਂ ਹੱਟ ਕੇ ਧਰਮ-ਪ੍ਰਚਾਰ ਵਿਚ ਜੁੱਟ ਗਏ। ਇਹ ਹੀ ਇੱਕ ਬੁਨਿਆਦੀ ਵੱਖਰੇਵਾਂ ਹੈ ਜਿਹੜਾ ਸਿੱਖ-ਮਿਸ਼ਨ ਅਤੇ ਉਦਾਸੀ ਮਤ ਵਿਚ ਮੰਨਿਆ ਜਾਂਦਾ ਹੈ। ਉਂਝ ਬਾਬਾ ਸ੍ਰੀ ਚੰਦ ਅਤੇ ਉਨ੍ਹਾਂ ਦੇ ਉਦਾਸੀਨ ਪੈਰੋਕਾਰਾਂ ਨੇ ਗੁਰਬਾਣੀ ਨੂੰ ਗੁਰੂ ਰੂਪ ਵਿਚ ਰੱਜਵਾਂ ਸਤਿਕਾਰ ਦਿੱਤਾ ਹੈ। ਗੁਰੂ-ਪੁੱਤਰ ਬਾਬਾ ਸ੍ਰੀ ਚੰਦ ਜੀ ਨੂੰ ਵੀ ਗੁਰੂ-ਘਰ ਵਿਚੋਂ ਪੂਰਾ ਮਾਣ-ਸਤਿਕਾਰ ਮਿਲਦਾ ਰਿਹਾ ਹੈ। ਉਦਾਸੀ ਮਤ ਦੇ ਫੈਲਾਅ ਵਿਚ ਮੀਰੀ-ਪੀਰੀ ਦੇ ਮਾਲਿਕ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਵੱਡੇ ਸਪੁੱਤਰ ਬਾਬਾ ਗੁਰਦਿੱਤਾ ਜੀ ਦਾ ਇੱਕ ਵੱਡਮੁੱਲਾ ਯੋਗਦਾਨ ਰਿਹਾ ਹੈ। ਉਨ੍ਹਾਂ ਨੇ ਉਦਾਸੀ ਮਤ ਨੂੰ ਸੰਗਠਨਾਤਮਿਕ ਰੂਪ ਦੇਣ ਲਈ ਚਾਰ ਧੂਣੇ ਸਥਾਪਿਤ ਕੀਤੇ।

ਬਾਬਾ ਗੁਰਦਿੱਤਾ ਜੀ ਬਾਬਤ ਉਦਾਸੀ ਸਾਧੂ ਗੁਰਦਾਸ ਦੱਖਣੀ ਜੀ ਆਪਣੀ ਮਾਤ੍ਰਾ ਵਿਚ ਇਸ ਤਰ੍ਹਾਂ ਬਿਆਨ ਕਰਦੇ ਹਨ:-ਗੁਰ ਖਸਟ ਸੁਤ ਬਾਬਾ ਗੁਰਦਿੱਤਾ। ਦੀਨ ਦੁਨੀ ਕਾ ਤਿਨ ਸਿਰ ਟਿੱਕਾ। ਸ੍ਰੀ ਚੰਦ ਸੌਂ ਉਪਦੇਸ ਕੋ ਪਾਯੋ। ਉਦਾਸੀਨ ਸੰਪ੍ਰਦਾ ਚਲਾਯੋ।

ਬਾਬਾ ਗੁਰਦਿੱਤਾ ਜੀ ਨੇ ਜਿਥੇ ਪੰਜਾਬ ਵਿਚ ਉਦਾਸੀ ਮਤ ਦੇ ਪ੍ਰਚਾਰ ਦਾ ਕੰਮ ਤੇਜ ਕੀਤਾ,ਉਥੇ ਉਹ ਗੁਰਮਿਤ ਦੇ ਪਸਾਰ ਲਈ ਵੀ ਤੱਤਪਰ ਰਹੇ। ਇਸ ਮਨੋਰਥ ਲਈ ਉਨ੍ਹਾਂ ਨੇ 1636 ਈਂ ਵਿਚ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਚਾਰ ਪ੍ਰਚਾਰਕ ਥਾਪੇ। ਇਨ੍ਹਾਂ ਪ੍ਰਚਾਰਕਾਂ ਨੇ ਸਿੱਖੀ ਦੇ ਪ੍ਰਚਾਰ ਵਿਚ ਉੱਘਾ ਯੋਗਦਾਨ ਪਾਇਆ। ਇਸ ਯੋਗਦਾਨ ਬਦਲੇ ਇਨ੍ਹਾਂ ਨੂੰ ਗੁਰੂ ਸਾਹਿਬਾਨ ਕੋਲੋਂ ਚਾਰ ਧੂਣੇ ਅਤੇ ਛੇ ਬਖ਼ਸ਼ਿਸ਼ਾਂ ਪ੍ਰਾਪਤ ਹੋਈਆਂ। ਇਹ ਚਾਰ ਧੂਣੇ ਇਸ ਪ੍ਰਕਾਰ ਹਨ:-

1. ਅਲਮਸਤ ਜੀ 2. ਬਾਲੂ ਹਸਨਾ ਜੀ 3. ਗੋਇੰਦ ਜੀ 4. ਫੂਲ ਸ਼ਾਹ ਜੀ

ਇਨ੍ਹਾਂ ਤੋਂ ਇਲਾਵਾ ਛੇ ਬਖ਼ਸ਼ਿਸ਼ਾਂ ਹਨ:- (ੳ) ਸੁਥਰੇ ਸ਼ਾਹੀ (ਅ) ਸੰਗਤ ਸਾਹਿਬੀਏ (ੲ) ਜੀਤ ਮੱਲੀਏ (ਸ) ਬਖਤ ਮੱਲੀਏ (ਹ) ਭਗਤ ਭਗਵਾਨੀਏ (ਕ) ਮੀਹਾਂ ਸ਼ਾਹੀਏ ਗੁਰਮਿਤ ਦੇ ਪ੍ਰਚਾਰ ਵਿਚ ਉਦਾਸੀ ਸੰਪ੍ਰਦਾਇ ਦਾ ਬਹੁਤ ਵੱਡਾ ਸਹਿਯੋਗ ਰਿਹਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਯਾਦ ਵਿਚ ਇਸ ਸੰਪ੍ਰਦਾਇ ਵੱਲੋਂ ਬਹੁਤ ਸਾਰੇ ਗੁਰਧਾਮਾਂ ਦੀ ਉਸਾਰੀ ਕਰਵਾਈ ਗਈ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਹੁਤ ਸਾਰੇ ਸਰੂਪ ਹੱਥ ਨਾਲ ਲਿਖ ਕੇ ਇਨ੍ਹਾਂ ਗੁਰਧਾਮਾਂ ਵਿਚ ਸਥਾਪਿਤ ਕੀਤੇ ਗਏ। ਗੁਰਬਾਣੀ ਦੀ ਵਿਆਖਿਆ (ਮੌਖਿਕ ਤੇ ਲਿਖਤੀ ਰੂਪ) ਕਰਨ ਵਿਚ ਵੀ ਉਦਾਸੀ ਸੰਪ੍ਰਦਾਇ ਦਾ ਬੇਸ਼ਕੀਮਤੀ ਯੋਗਦਾਨ ਰਿਹਾ ਹੈ।

ਸ਼ੁਰੂਆਤੀ ਸਮੇਂ ਦੇ ਉਦਾਸੀਨ ਸਾਧੂਆਂ ਦੀ ਤਵੱਜੋਂ ਪ੍ਰਚਾਰ ਵੱਲ ਵਧੇਰੇ ਹੋਣ ਕਰਕੇ ਸਾਹਿਤਕ ਖੇਤਰ ਵਿਚ ਉਨ੍ਹਾਂ ਦਾ ਕੋਈ ਵੱਡਾ ਯੋਗਦਾਨ ਨਹੀਂ ਰਿਹਾ ਪਰ ਬਾਅਦ ਵਿਚ ਹੋਏ ਸਾਧੂਆਂ ਵਿਚੋਂ ਹਰੀਆ, ਆਨੰਦਘਨ, ਅਮੀਰਦਾਸ, ਰਾਮ, ਸੁਖਬਾਸੀ, ਰਾਮਦਾਸ ਅਤੇ ਸੰਤ ਰੇਣ ਜੀ ਵੱਲੋਂ ਬੇਅੰਤ ਸਾਹਿਤਕ ਰਚਨਾਵਾਂ ਦੀ ਸਿਰਜਣਾ ਕੀਤੀ ਗਈ। ਪੰਜਾਬ ਤੋਂ ਬਾਹਰਲੇ ਉਦਾਸੀਆਂ ਦੀਆਂ ਰਚਨਾਵਾਂ ਦਾ ਵਿਸ਼ਾ-ਵਸਤੂ ਵਧੇਰੇ ਕਰਕੇ ਸਨਾਤਨੀ ਧਰਮ ਦੇ ਪ੍ਰਭਾਵ ਵਾਲਾ ਹੈ।

ਬਾਬਾ ਗੁਰਦਿੱਤਾ ਜੀ ਨੇ ਜਿਨ੍ਹਾਂ ਉਦਾਸੀਨ ਸਾਧੂਆਂ ਦੀ ਜ਼ਿੰਮੇਵਾਰੀ ਗੁਰਮਿਤ ਦੇ ਪ੍ਰਚਾਰ ਲਈ ਲਗਾਈ ਸੀ ਉਨ੍ਹਾਂ ਵੱਲੋਂ ਇਸ ਜ਼ਿੰਮੇਵਾਰੀ ਨੂੰ ਬਾਖ਼ੂਬੀ ਨਾਲ ਨਿਭਾਇਆ ਗਿਆ ਪਰ ਬਾਅਦ ਵਿਚ ਇਨ੍ਹਾਂ ਦੇ ਪ੍ਰਚਾਰ ਵਿਚੋਂ ਗੁਰਮਿਤ ਦਾ ਰੰਗ ਫਿੱਕਾ ਪੈਣ ਲੱਗ ਪਿਆ। ਇਸ ਫਿਕਾਵਟ ਕਾਰਨ ਹੀ ਸੰਮਤ 1836 ਨੂੰ ਉਦਾਸੀਆਂ ਵੱਲੋਂ ਇੱਕ ਅਖਾੜੇ ਦੀ ਸਥਾਪਨਾ ਕੀਤੀ ਗਈ ਜਿਸ ਦਾ ਮੁੱਖੀ ਮਹੰਤ ਪ੍ਰੀਤਮ ਦਾਸ ਨੂੰ ਬਣਾਇਆ ਗਿਆ। ਲਗਭਗ ਛੇ ਦਹਾਕੇ ਸਾਰੇ ਉਦਾਸੀ ਸਾਧੂ ਇਸ ਅਖਾੜੇ ਦੀ ਰਹਿਨੁਮਾਈ ਹੇਠ ਸਰਗਰਮ ਰਹੇ। ਇਨ੍ਹਾਂ ਉਦਾਸੀ ਸਾਧੂਆਂ ਦਾ ਆਦਰਸ਼ ਬਾਬਾ ਸ੍ਰੀ ਚੰਦ ਦਾ ਪ੍ਰਚਲਿਤ ਮਾਤ੍ਰਾ ਸੀ ਜਿਹੜਾ ਇਸ ਪ੍ਰਕਾਰ ਹੈ:-

ਗੁਰੂ ਅਬਿਨਾਸੀ ਖੇਲ ਰਚਾਇਆ॥
ਅਗਮ ਨਿਗਮ ਕਾ ਪੰਥ ਬਤਾਯਾ॥
ਗਿਅਨ ਕੀ ਗੋਦੜੀ ਖ਼ਿਮਾ ਕੀ ਟੋਪੀ॥
ਜਤ ਕਾ ਟੋਪ ਆੜਬੰਦ ਸ਼ੀਲ ਲਿੰਗੋਟੀ॥

ਸਾਧੂ ਸੰਤੋਖ ਦਾਸ ਦੀ ਅਗਵਾਈ ਹੇਠ ਕਨਖਲ ਵਿਚ ਸਥਾਪਿਤ ਹੋਏ ਨਵੇਂ ਅਖਾੜੇ ਕਾਰਨ ਪਹਿਲਾ ਪੰਚਾਇਤੀ ਅਖਾੜਾ ਦੋ ਹਿੱਸਿਆਂ ਵਿਚ ਵੰਡਿਆ ਗਿਆ। ਅੱਜ ਵੀ ਉਦਾਸੀਆਂ ਦੇ ਬਹੁਤ ਸਾਰੇ ਅਖਾੜੇ/ਡੇਰੇ ਹਨ ਜਿਨ੍ਹਾਂ ਵਿਚੋਂ ਕੁੱਝ ਪੰਜਾਬ ਅਤੇ ਕੁੱਝ ਪੰਜਾਬ ਤੋਂ ਬਾਹਰ ਵੀ ਹਨ।

#1348/17/1 ਗਲੀ ਨੰ: 8 ਰਿਸ਼ੀ
ਨਗਰ ਐਕਸਟੈਨਸ਼ਨ (ਲੁਧਿਆਣਾ)
ਮੋ: 9463132719

## ਵਿਸ਼ਵ ਦੇ ਮਹਾਨ ਖਿਡਾਰੀ

# ਖਿਡਾਰੀ ਤੇ ਖੇਡ ਪ੍ਰਬੰਧਕ ਰਾਜਾ ਰਣਧੀਰ ਸਿੰਘ

ਪ੍ਰਿੰ. ਸਰਵਣ ਸਿੰਘ



ਰਾਜਾ ਰਣਧੀਰ ਸਿੰਘ ਭਾਰਤ ਦਾ ਪਹਿਲਾ ਸ਼ੂਟਰ ਹੈ ਜਿਸ ਨੇ ਏਸ਼ਿਆਈ ਖੇਡਾਂ 'ਚੋਂ ਭਾਰਤ ਲਈ ਪਹਿਲਾ ਗੋਲਡ ਮੈਡਲ ਜਿੱਤਿਆ। ਇਹ ਮਾਅਰਕਾ ਉਸ ਨੇ ਬੈਂਕਾਕ-1978 ਦੀਆਂ ਏਸ਼ਿਆਈ ਖੇਡਾਂ ਵਿਚ ਮਾਰਿਆ। ਉਸ ਤੋਂ ਪਹਿਲਾਂ ਡਾ. ਕਰਨੀ ਸਿੰਘ ਨੇ ਤਹਿਰਾਨ-1974 ਦੀਆਂ ਏਸ਼ਿਆਈ ਖੇਡਾਂ ਵਿਚੋਂ ਭਾਰਤ ਲਈ ਇਕ ਚਾਂਦੀ ਤੇ ਇਕ ਕਾਂਸੀ ਦਾ ਤਗ਼ਮਾ ਜਿੱਤਿਆ ਸੀ। ਦੋਵੇਂ ਸ਼ੂਟਰ ਭਾਰਤ ਵਿਚ ਸ਼ੂਟਿੰਗ ਦੇ ਬਾਬਾ ਬੋਹੜ ਮੰਨੇ ਜਾਂਦੇ ਹਨ।

ਰਣਧੀਰ ਸਿੰਘ ਨੇ ਨੈਸ਼ਨਲ, ਇੰਟਰਨੈਸ਼ਨਲ, ਏਸ਼ਿਆਈ ਖੇਡਾਂ, ਕਾਮਨਵੈਲਥ ਖੇਡਾਂ ਤੇ ਓਲੰਪਿਕ ਖੇਡਾਂ ਵਿਚ ਅਨੇਕ ਵਾਰ ਹਿੱਸਾ ਲਿਆ ਤੇ ਸ਼ੂਟਿੰਗ ਮੁਕਾਬਲਿਆਂ ਵਿਚੋਂ ਨੈਸ਼ਨਲ ਤੇ ਏਸ਼ੀਆ ਪੱਧਰ 'ਤੇ ਅਨੇਕ ਮੈਡਲ ਜਿੱਤੇ। 1964 ਤੋਂ 1984 ਤਕ ਉਹ ਲਗਾਤਾਰ ਵੀਹ ਵਰ੍ਹੇ ਓਲੰਪਿਕ ਖੇਡਾਂ ਵਿਚ ਭਾਗ ਲੈਂਦਾ ਰਿਹਾ ਪਰ ਉਸ ਨੂੰ ਓਲੰਪਿਕ ਖੇਡਾਂ ਦੇ ਜਿੱਤ ਮੰਚ 'ਤੇ ਚੜ੍ਹਨਾ ਨਸੀਬ ਨਾ ਹੋਇਆ। ਉਹ ਮੌਕਾ ਅੱਗੇ ਜਾ ਕੇ ਪੰਜਾਬ ਦੇ ਸ਼ੂਟਰ ਅਭਿਨਵ ਬਿੰਦਰਾ ਨੂੰ ਮਿਲਿਆ। ਬਿੰਦਰਾ ਭਾਰਤ ਦਾ ਪਹਿਲਾ ਖਿਡਾਰੀ ਹੈ ਜਿਸ ਨੇ ਕਿਸੇ ਵਿਅਕਤੀਗਤ ਈਵੈਂਟ ਵਿਚੋਂ ਪਹਿਲਾ ਗੋਲਡ ਮੈਡਲ ਜਿੱਤਿਆ।

ਖੇਡਾਂ ਦੀ ਸਰਬਉੱਚ ਕਮੇਟੀ ਇੰਟਰਨੈਸ਼ਨਲ ਓਲੰਪਿਕ ਕਮੇਟੀ ਨੇ ਰਣਧੀਰ ਸਿੰਘ ਨੂੰ ਉਹਦੀਆਂ ਅੰਤਰਰਾਸ਼ਟਰੀ ਖੇਡ ਸੇਵਾਵਾਂ ਸਦਕਾ ਸਿਲਵਰ ਓਲੰਪਿਕ ਆਰਡਰ ਨਾਲ ਸਨਮਾਨਿਤ ਕੀਤਾ। 1979 ਵਿਚ ਭਾਰਤ ਸਰਕਾਰ ਵੱਲੋਂ ਉਸ ਨੂੰ ਖੇਡਾਂ ਦਾ ਸਰਬਉੱਚ ਸਨਮਾਨ ਅਰਜਨ ਅਵਾਰਡ ਦਿੱਤਾ ਗਿਆ। ਉਸੇ ਸਾਲ ਉਸ ਨੂੰ ਪੰਜਾਬ ਸਰਕਾਰ ਨੇ ਮਹਾਰਾਜਾ ਰਣਜੀਤ ਸਿੰਘ ਅਵਾਰਡ ਨਾਲ ਸਨਮਾਨਿਆ। ਬਲਕਿ ਮਹਾਰਾਜਾ ਰਣਜੀਤ ਸਿੰਘ ਅਵਾਰਡ ਦੇਣ ਦਾ ਤੋਰਾ ਹੀ ਰਣਧੀਰ ਸਿੰਘ ਨੂੰ ਅਵਾਰਡ ਦੇਣ ਤੋਂ ਤੁਰਿਆ।

1979 ਦੀਆਂ ਪੰਜਾਬ ਰਾਜ ਖੇਡਾਂ, ਖੇਡ ਮੰਤਰੀ ਸੁਖਦੇਵ ਸਿੰਘ ਢੀਂਡਸਾ ਦੇ ਸ਼ਹਿਰ ਸੰਗਰੂਰ ਵਿਚ ਹੋਈਆਂ ਸਨ। ਰਣਧੀਰ ਸਿੰਘ ਦਾ ਸਨਮਾਨ ਸੰਗਰੂਰ ਦੇ ਵਾਰ ਹੀਰੋਜ਼ ਸਟੇਡੀਅਮ ਵਿਚ ਕੀਤਾ ਗਿਆ। ਉਥੇ ਮੈਨੂੰ ਉਸ ਨਾਲ ਪਹਿਲੀ ਵਾਰ ਮੁਲਾਕਾਤ ਕਰਨ ਦਾ ਮੌਕਾ ਮਿਲਿਆ ਸੀ। ਉੱਦਣ ਉਸ ਦੇ ਕੇਸਰੀ ਪੱਗ ਬੰਨ੍ਹੀ ਹੋਈ ਸੀ। ਇੰਡੀਆ ਦੇ ਕੱਲਰ ਵਾਲੇ ਅਸਮਾਨੀ ਕੋਟ ਨਾਲ ਸਫੈਦ ਪਤਲੂਨ ਪਾਈ ਹੋਈ ਸੀ। ਉਹਦੀ ਤੋਰ ਵਿਚ ਦਿਲਖਿੱਚਵੀ ਲਚਕ ਸੀ। ਉਹ ਆਪਣੇ ਸ਼ੂਟਰ ਸਾਥੀਆਂ ਗੁਰਬੀਰ ਸਿੰਘ ਸੰਧੂ ਤੇ ਰਾਣਾ ਗੁਰਮੀਤ ਸਿੰਘ ਨਾਲ ਖੇਡ ਮੈਦਾਨ 'ਚ ਮੇਹਲਦਾ ਮਿਲਿਆ ਸੀ। ਉਥੋਂ ਅਸੀਂ ਵਾਲੀਬਾਲ ਦਾ ਮੈਚ ਵੇਖਣ ਚਲੇ ਗਏ ਸਾਂ। ਉਹ ਦਰਸ਼ਕਾਂ ਦੀ ਭੀੜ 'ਚ ਖੜ੍ਹ ਕੇ ਮੈਚ ਵੇਖਦਾ ਰਿਹਾ ਸੀ। ਮੈਨੂੰ ਲੱਗਾ ਸੀ ਕਿ ਰਾਜੇ ਦਾ ਪੁੱਤ ਅਤੇ ਏਸ਼ੀਆ ਦਾ ਚੈਂਪੀਅਨ ਹੋਣ ਦਾ ਉਹਦੇ ਮਨ 'ਚ ਭੋਰਾ ਭਰ ਵੀ ਗੁਮਾਨ ਨਹੀਂ ਸੀ।

ਫਿਰ ਅਸੀਂ ਨਿਵੇਕਲੇ ਬਹਿ ਕੇ ਖੁੱਲ੍ਹੀਆਂ ਗੱਲਾਂ ਕੀਤੀਆਂ ਜੋ ਮੈਂ ਡਾਇਰੀ ਵਿਚ ਨੋਟ ਕਰਦਾ ਰਿਹਾ। ਉਦੋਂ ਉਹ ਤੇਤੀ ਕੁ ਸਾਲਾਂ ਦਾ ਦਰਸ਼ਨੀ ਜੁਆਨ ਸੀ। ਉਹਦੀ ਦਾੜ੍ਹੀ ਬੱਧੀ ਹੋਈ ਸੀ ਤੇ ਅੱਖਾਂ 'ਚ ਮਸਤਾਂ ਵਾਲੀ ਮਸਤੀ ਸੀ। ਅਸੀਂ ਬੇਸ਼ੱਕ ਦਿੱਲੀ ਯੂਨੀਵਰਸਿਟੀ ਵਿਚ ਕੋਲੋ ਕੋਲ ਪੜ੍ਹਦੇ ਰਹੇ ਸਾਂ ਪਰ ਉਥੇ ਸਾਡਾ ਮੇਲ ਨਹੀਂ ਸੀ ਹੋਇਆ। ਕਾਰਨ ਇਹੋ ਸੀ ਕਿ ਮੈਂ ਅਥਲੈਟਿਕਸ ਕਰਦਾ ਸਾਂ ਤੇ ਉਹ ਸ਼ੂਟਿੰਗ ਕਰਦਾ ਸੀ। ਅਥਲੈਟਿਕਸ ਸਸਤੀ ਖੇਡ ਹੈ ਜੋ ਕੋਈ ਵੀ ਕਰ ਸਕਦਾ ਸੀ ਜਦ ਕਿ ਸ਼ੂਟਿੰਗ ਖਰਚੀਲੀ ਖੇਡ ਹੈ ਜੋ ਰੱਜੇ ਪੁੱਜੇ ਘਰਾਂ ਦੇ ਧੀਆਂ ਪੁੱਤਰ ਹੀ ਕਰ ਸਕਦੇ ਸਨ। ਇੰਟਰਵਿਊ ਦੌਰਾਨ ਦਿੱਲੀ ਵਿਖੇ ਪੜ੍ਹਨ ਦੀਆਂ ਗੱਲਾਂ ਨਾਲ ਮੈਂ ਪੁਛਿਆ ਸੀ ਕਿ ਆਪਣੇ ਬਚਪਨ, ਚੜ੍ਹਦੀ ਜੁਆਨੀ ਤੇ ਖਿਡਾਰੀ ਬਣਨ ਬਾਰੇ ਕੁਝ ਵਿਸਥਾਰ ਨਾਲ ਦੱਸੋ। ਸਮਾਂ ਖੁੱਲ੍ਹਾ ਸੀ, ਜਿਸ ਕਰਕੇ ਗੱਲਾਂ ਵੀ ਖੁੱਲ੍ਹੀਆਂ ਹੋਈਆਂ। ਉਹਦੀਆਂ ਗੱਲਾਂ ਬਾਤਾਂ ਤੇ ਤੌਰ ਤਰੀਕਿਆਂ ਤੋਂ ਉਹਦੀ ਵਧੀਆ ਤਾਲੀਮ ਤੇ ਸਿਸ਼ਟਾਚਾਰ ਦਾ ਅਸਰ ਪਰਤੱਖ ਸੀ। ਉਹ ਪੁੱਛੇ ਗਏ ਸਵਾਲਾਂ ਦਾ ਬੜੀ ਹਲੀਮੀ ਨਾਲ ਉੱਤਰ ਦੇ ਰਿਹਾ ਸੀ। ਇਥੋਂ ਕਿ ਜੋ ਸਵਾਲ ਮੈਂ ਪੁੱਛ ਨਹੀਂ ਸੀ ਸਕਿਆ ਉਸ ਨੇ ਉਨ੍ਹਾਂ ਦੇ ਜਵਾਬ ਵੀ ਮੇਰੀ ਡਾਇਰੀ ਵਿਚ ਲਿਖ ਦਿੱਤੇ ਸਨ ਜੋ ਮੇਰੇ ਲਈ ਉਸ ਦੀ ਯਾਦਗਾਰੀ ਨਿਸ਼ਾਨੀ ਹੈ।

ਫਿਰ ਉਹਦੇ ਬਾਰੇ ਮੇਰਾ ਲੇਖ 'ਪਟਿਆਲੇ ਦਾ ਨਿਸ਼ਾਨਚੀ ਮੈਗਜ਼ੀਨ 'ਸਚਿੱਤਰ ਕੌਮੀ ਏਕਤਾ ਵਿਚ ਛਪਿਆ ਸੀ। ਉਦੋਂ ਕਿਸੇ ਦੇ ਖ਼ਾਬ ਖਿਆਲ 'ਚ ਵੀ ਨਹੀਂ ਸੀ ਕਿ 2024 ਵਿਚ ਉਹ ਏਸ਼ੀਆ ਦੇ 45 ਮੁਲਕਾਂ ਦੀਆਂ ਖੇਡਾਂ ਦੀ ਸੁਪਰੀਮ ਕੌਂਸਲ, 'ਓਲੰਪਿਕ ਕੌਂਸਲ ਆਫ਼ ਏਸ਼ੀਆ ਦਾ ਪਰਧਾਨ ਬਣੇਗਾ। ਨਾਮਵਰ ਖਿਡਾਰੀ ਬਣਨ ਦੇ ਨਾਲ ਵਿਸ਼ਵ ਪੱਧਰ ਦਾ ਖੇਡ ਪ੍ਰਮੋਟਰ ਵੀ ਬਣੇਗਾ। ਹੁਣ ਉਹ ਵਿਸ਼ਵ ਭਰ ਦੇ ਖੇਡ ਪ੍ਰਬੰਧ 'ਚ ਭਾਰਤ ਦਾ ਪਹਿਲਾ ਸਪੋਰਟਸਮੈਨ ਹੈ ਜੋ ਓਲੰਪਿਕ ਅਤੇ ਏਸ਼ਿਆਈ ਖੇਡਾਂ ਦੇ ਉੱਚ ਅਹੁਦਿਆਂ ਉਤੇ ਬਿਰਾਜਮਾਨ ਹੈ। ਉਹ ਬਹੁਪੱਖੀ ਸ਼ਖ਼ਸੀਅਤ ਦਾ ਮਾਲਕ ਹੈ। ਜਿਥੇ ਉਹ ਓਲੰਪੀਅਨ ਖਿਡਾਰੀ ਰਿਹਾ, ਉਥੇ ਬਤੌਰ ਖੇਡ ਪ੍ਰਬੰਧਕ ਇੰਡੀਅਨ ਓਲੰਪਿਕ ਐਸੋਸੀਏਸ਼ਨ ਦਾ ਅਹੁਦੇਦਾਰ ਵੀ ਰਿਹਾ। ਉਹ ਓਲੰਪਿਕ ਕੌਂਸਲ ਆਫ਼ ਏਸ਼ੀਆ ਦਾ ਕੁਝ ਸਾਲ ਪਹਿਲਾਂ ਸਕੱਤਰ ਜਨਰਲ, ਫਿਰ ਕਾਰਜਕਾਰੀ ਪ੍ਰਧਾਨ ਤੇ ਸਤੰਬਰ 2024 ਤੋਂ ਪੂਰਾ ਪ੍ਰਧਾਨ ਬਣਿਆ। ਇਹ ਪਹਿਲਾ ਮੌਕਾ ਹੈ ਕਿ ਏਸ਼ੀਆ ਦੇ 45 ਦੇਸ਼ਾਂ ਦੀ ਸੁਪਰੀਮ ਖੇਡ ਜਥੇਬੰਦੀ ਦਾ ਪ੍ਰਧਾਨ ਇਕ ਭਾਰਤੀ ਨੂੰ ਬਣਾਇਆ ਗਿਆ ਹੈ।





ਉਸ ਤੋਂ ਪਹਿਲਾਂ ਇਹ ਅਹੁਦਾ ਸ਼ੇਖ਼ ਅਹਿਮਦ ਅਲ-ਫਾਹਦ ਅਲ-ਅਹਿਮਦ ਅਲ-ਸਬਾਹ ਪਾਸ ਸੀ।

ਸ਼ੇਖ਼ ਅਹਿਮਦ 'ਤੇ ਕੋਈ ਕੇਸ ਬਣ ਗਿਆ ਸੀ ਜਿਸ ਕਰਕੇ ਉਸ ਨੂੰ ਅਹੁਦੇ ਤੋਂ ਵੱਖ ਹੋਣਾ ਪਿਆ ਸੀ ਤੇ ਸਤੰਬਰ 2021 ਵਿਚ ਰਣਧੀਰ ਸਿੰਘ ਨੂੰ ਕਾਰਜਕਾਰੀ ਪ੍ਰਧਾਨ ਬਣਾ ਦਿੱਤਾ ਗਿਆ ਸੀ। ਮਈ 2022 ਦੀਆਂ ਏਸ਼ਿਆਈ ਖੇਡਾਂ ਕੋਵਿਡ ਕਾਰਨ 2023 'ਚ ਕਰਾਉਣ ਦਾ ਫੈਸਲਾ ਰਣਧੀਰ ਸਿੰਘ ਦੀ ਪ੍ਰਧਾਨਗੀ ਵਿਚ ਹੀ ਕੀਤਾ ਗਿਆ ਸੀ। ਪਰ 8 ਜੁਲਾਈ 2023 ਨੂੰ ਰਣਧੀਰ ਸਿੰਘ ਦੀ ਥਾਂ ਅਹਿਮਦ ਅਲ-ਫਾਹਦ ਦੇ ਭਰਾ ਸ਼ੇਖ਼ ਤਲਾਲ ਫਾਹਦ ਅਲ ਅਹਿਮਦ ਅਲ-ਸਬਾਹ ਨੂੰ ਓਸੀਏ ਦੀ ਪ੍ਰਧਾਨਗੀ ਸੌਂਪ ਦਿੱਤੀ ਗਈ ਸੀ। ਉਸ ਦੀ ਚੋਣ 42ਵੀਂ ਓਸੀਏ ਜਨਰਲ ਅਸੰਬਲੀ ਸੈਸ਼ਨ ਵਿਚ ਬੈਂਕਾਕ ਵਿਖੇ ਕੀਤੀ ਗਈ ਸੀ। ਪਰ 30 ਜੁਲਾਈ 2023 ਨੂੰ ਅੰਤਰਰਾਸ਼ਟਰੀ ਓਲੰਪਿਕ ਕਮੇਟੀ ਨੇ ਰਣਧੀਰ ਸਿੰਘ ਨੂੰ ਪੱਤਰ ਲਿਖਿਆ ਕਿ ਉਹੀ ਕਾਰਜਕਾਰੀ ਪ੍ਰਧਾਨ ਵਜੋਂ ਆਪਣਾ ਕਾਰਜ ਜਾਰੀ ਰੱਖੇ। ਇੰਜ ਰਣਧੀਰ ਸਿੰਘ ਨੇ ਕਾਰਜਕਾਰੀ ਪ੍ਰਧਾਨ ਵਜੋਂ ਕਈ ਵੱਡੇ ਕਾਰਜ ਕਰਨੇ ਜਾਰੀ ਰੱਖੇ। ਮਈ 2024 ਵਿਚ ਬੈਂਕਾਕ ਵਿਖੇ ਓਲੰਪਿਕ ਕੌਂਸਲ ਆਫ਼ ਏਸ਼ੀਆ ਦੀ 43ਵੀਂ ਜਨਰਲ ਅਸੰਬਲੀ ਦੀ ਪ੍ਰਧਾਨਗੀ ਰਣਧੀਰ ਸਿੰਘ ਨੇ ਹੀ ਕੀਤੀ। 8 ਸਤੰਬਰ 2020 ਨੂੰ ਉਸ ਨੂੰ ਸਰਬਸੰਮਤੀ ਨਾਲ ਅਗਲੇ ਪੰਜ ਸਾਲਾਂ ਲਈ ਓਸੀਏ ਦਾ ਪ੍ਰਧਾਨ ਚੁਣ ਲਿਆ ਗਿਆ।

ਰਣਧੀਰ ਸਿੰਘ ਦਾ ਜਨਮ 18 ਅਕਤੂਬਰ 1946 ਨੂੰ ਬ੍ਰਿਟਿਸ਼ ਇੰਡੀਆ ਦੀ ਰਿਆਸਤ ਪਟਿਆਲੇ 'ਚ ਰਾਜਾ ਭਲਿੰਦਰ ਸਿੰਘ ਦੇ ਘਰ ਹੋਇਆ ਸੀ। ਰਾਜਾ ਭਲਿੰਦਰ ਸਿੰਘ ਰਿਆਸਤ ਪਟਿਆਲੇ ਦੇ ਮਹਾਰਾਜਾ ਭੁਪਿੰਦਰ ਸਿੰਘ ਦਾ ਪੁੱਤਰ ਤੇ ਮਹਾਰਾਜਾ ਯਾਦਵਿੰਦਰ ਸਿੰਘ ਦਾ ਛੋਟਾ ਭਰਾ ਸੀ। ਇਹ ਵਰਣਨਯੋਗ ਹੈ ਕਿ ਮਹਾਰਾਜਾ ਭੁਪਿੰਦਰ ਸਿੰਘ ਤੇ ਉਸ ਦੀ ਔਲਾਦ ਦਾ ਖੇਡਾਂ ਦੀ ਪ੍ਰਮੋਸ਼ਨ ਵਿਚ ਯਾਦਗਾਰੀ ਯੋਗਦਾਨ ਹੈ। ਉਨ੍ਹਾਂ ਨੇ ਆਪਣਾ ਵਿਸ਼ਾਲ ਮਹੱਲ, ਨੈਸ਼ਨਲ ਇੰਸਟਿਚਿਊਟ ਆਫ਼ ਸਪੋਰਟਸ ਨੂੰ ਸੌਂਪਿਆ ਹੋਇਐ। ਰਾਜਾ ਭਲਿੰਦਰ ਸਿੰਘ 1947 ਤੋਂ 1992 ਤਕ ਇੰਟਰਨੈਸ਼ਨਲ ਓਲੰਪਿਕ ਕਮੇਟੀ ਦੇ ਮੈਂਬਰ ਰਹੇ ਅਤੇ 1960 ਤੋਂ 1975 ਤੇ 1980 ਤੋਂ 1984 ਤਕ ਭਾਰਤੀ ਓਲੰਪਿਕ ਐਸੋਸੀਏਸ਼ਨ ਦੇ ਪ੍ਰਧਾਨ ਰਹੇ। ਮਹਾਰਾਜਾ ਯਾਦਵਿੰਦਰ ਸਿੰਘ ਨੇ 1951 'ਚ ਨਵੀਂ ਦਿੱਲੀ ਦੀਆਂ ਪਹਿਲੀਆਂ ਏਸ਼ਿਆਈ ਖੇਡਾਂ ਵੇਲੇ ਏਸ਼ੀਆ ਗੇਮਜ਼ ਫੈਡਰੇਸ਼ਨ ਦੇ ਪ੍ਰਧਾਨ ਵਜੋਂ ਯਾਦਗਾਰੀ ਭੂਮਿਕਾ ਨਿਭਾਈ ਸੀ। ਮਹਾਰਾਜਾ ਭੂਪਿੰਦਰ ਸਿੰਘ ਨੇ ਇੰਡੀਆ ਨੂੰ ਓਲੰਪਿਕ ਲਹਿਰ ਨਾਲ ਜੋੜਨ ਵਿਚ ਪਹਿਲ ਕੀਤੀ ਸੀ।

ਰਣਧੀਰ ਸਿੰਘ ਦਾ ਬਚਪਨ ਰਾਜ ਮਹਿਲਾਂ ਵਿਚ ਬੀਤਿਆ। ਉਸ ਦੀ ਪੜ੍ਹਾਈ ਪਟਿਆਲੇ ਦੇ ਯਾਦਵਿੰਦਰਾ ਪਬਲਿਕ ਸਕੂਲ ਵਿਚ ਹੋਈ ਜਿਥੇ ਉਸ ਨੂੰ ਪਹਿਲਾਂ ਤੈਰਨ, ਸੁਕੈਸ਼ ਤੇ ਕ੍ਰਿਕਟ ਖੇਡਣ ਦੀ ਚੇਟਕ ਲੱਗੀ। ਉਸ ਨੇ ਸੀਨੀਅਰ ਕੈਂਬਰਿਜ ਦਾ ਇਮਤਿਹਾਨ ਪਾਸ ਕੀਤਾ। ਉਸ ਦੇ ਘਰ ਤੇ ਸਕੂਲ ਵਿਚ ਦੋਹੀਂ ਥਾਈਂ ਖੇਡਾਂ ਖੇਡਣ ਦਾ ਮਾਹੌਲ ਸੀ। ਉਹ ਨਾਨਕੇ ਦਾਦਕੇ ਹਰ ਜਗ੍ਹਾ ਸ਼ਿਕਾਰ ਖੇਡਣ ਨਿਕਲ ਜਾਂਦਾ। ਫਿਰ ਉਸ ਨੇ ਦਿੱਲੀ ਦੇ ਸੇਂਟ ਸਟੀਫ਼ਨਜ਼ ਕਾਲਜ ਤੋਂ ਇਤਿਹਾਸ ਦੀ ਬੀਏ ਆਨਰਜ਼ ਕੀਤੀ। ਕਾਲਜ ਵਿਚ ਕ੍ਰਿਕਟ ਹੀ ਉਸ ਦੀ ਮੁਖ ਖੇਡ ਸੀ। ਕਾਲਜ ਦੀ ਟੀਮ ਵਿਚ ਉਹ ਕ੍ਰਿਕਟ ਹੀ ਖੇਡਿਆ ਤੇ ਨਾਲ ਦੀ ਨਾਲ ਮਹਿੰਗੀ ਖੇਡ ਸ਼ੂਟਿੰਗ ਦਾ ਸ਼ੌਕ ਵੀ ਪਾਲਦਾ ਰਿਹਾ। ਇਹ ਸ਼ੌਕ ਉਸ ਨੂੰ ਮਹਾਰਾਜਾ ਕਰਨੀ ਸਿੰਘ ਦੀ ਰੀਸ ਕਰਦਿਆਂ ਲੱਗਾ ਸੀ। ਕਰਨੀ ਸਿੰਘ ਨੂੰ ਉਹ ਆਪਣਾ ਗੁਰੂ ਸਮਝਦਾ ਸੀ।

ਉਹ ਕਾਲਜ ਵਿਚ ਇਤਿਹਾਸ ਦੀ ਪੜ੍ਹਾਈ ਕਰਦਾ ਸੀ ਕਿ 1963 ਦੀਆਂ ਪ੍ਰੀ ਓਲੰਪਿਕ ਖੇਡਾਂ ਲਈ ਭਾਰਤੀ ਸ਼ੂਟਿੰਗ ਟੀਮ ਦਾ ਮੈਂਬਰ ਚੁਣਿਆ ਗਿਆ। 17 ਸਾਲ ਦੀ ਉਮਰ ਵਿਚ ਹੀ ਉਸ ਨੇ ਟੋਕੀਓ ਦੀਆਂ ਪ੍ਰੀ ਓਲੰਪਿਕ ਖੇਡਾਂ ਵਿਚੋਂ ਸਿਲਵਰ ਬੈਜ ਜਿੱਤ ਲਿਆ। 1964 ਦੀਆਂ ਓਲੰਪਿਕ ਖੇਡਾਂ ਵਿਚ ਉਹ ਰਿਜ਼ਰਵ ਖਿਡਾਰੀ ਦੇ ਤੌਰ 'ਤੇ ਟੋਕੀਓ ਗਿਆ। ਬੇਸ਼ਕ ਉਹ ਮੁਕਾਬਲੇ ਵਿਚ ਤਾਂ ਸ਼ਰੀਕ ਨਾ ਹੋ ਸਕਿਆ ਪਰ ਓਲੰਪਿਕ ਖੇਡਾਂ ਦਾ ਅਨੁਭਵ ਜ਼ਰੂਰ ਹਾਸਲ ਕਰ ਆਇਆ। 1968 ਦੀਆਂ ਓਲੰਪਿਕ ਖੇਡਾਂ ਮੈਕਸੀਕੋ ਵਿਚ ਹੋਈਆਂ। ਉਥੇ ਉਹ 200 ਵਿਚੋਂ 192 ਨਿਸ਼ਾਨੇ ਸਹੀ ਲਾ ਕੇ 14ਵੇਂ ਸਥਾਨ 'ਤੇ ਰਿਹਾ। 1969 ਵਿਚ ਸਿੰਘਾਪੁਰ ਦੇ ਸ਼ੂਟਿੰਗ ਮੁਕਾਬਲਿਆਂ 'ਚੋਂ 4 ਗੋਲਡ ਮੈਡਲ ਜਿੱਤੇ। ਫਿਰ 1972 'ਚ ਮਿਊਨਿਖ, 1976 'ਚ ਮੌਂਟਰੀਅਲ, 1980 ਵਿਚ ਮਾਸਕੋ ਤੇ 1984 ਵਿਚ ਲਾਏਂਜਲਸ ਦੀਆਂ ਓਲੰਪਿਕ ਖੇਡਾਂ ਵਿਚ ਭਾਗ ਲਿਆ। 1978 ਵਿਚ ਬਾਵੇਰੀਅਨ ਦੀ ਅੰਤਰਰਾਸ਼ਟਰੀ ਸ਼ੂਟਿੰਗ ਚੈਂਪੀਅਨਸ਼ਿਪ ਵਿਚੋਂ ਚਾਂਦੀ ਦਾ ਤਗ਼ਮਾ ਜਿੱਤਿਆ। ਉਸੇ ਸਾਲ ਐਡਮਿੰਟਨ ਦੀਆਂ ਕਾਮਨਵੈਲਥ ਖੇਡਾਂ 'ਚੋਂ ਬ੍ਰੌਂਜ਼ ਬੈਜ ਹਾਸਲ ਕੀਤਾ।

ਦਸੰਬਰ 1978 ਵਿਚ ਉਹ ਬੈਂਕਾਕ ਦੀਆਂ ਏਸ਼ਿਆਈ ਖੇਡਾਂ 'ਚ ਭਾਗ ਲੈਣ ਗਿਆ ਤਾਂ ਮੁਕਾਬਲੇ ਤੋਂ ਪਹਿਲਾਂ ਉਸ ਨੇ ਜਪਾਨੀ ਸ਼ੂਟਰਾਂ ਨਾਲ 75-75 ਨਿਸ਼ਾਨੇ ਲਾਉਣ ਦਾ ਅਭਿਆਸ ਕੀਤਾ। ਅਭਿਆਸ 'ਚ ਉਸ ਦੇ ਸਾਰੇ ਨਿਸ਼ਾਨੇ ਸਹੀ ਲੱਗ ਗਏ ਜਿਨ੍ਹਾਂ ਨਾਲ ਜਪਾਨੀਆਂ ਦੀ ਨੀਂਦ ਉਚਾਟ ਹੋ ਗਈ ਤੇ ਉਹ ਫਾਈਨਲ ਮੁਕਾਬਲੇ ਵਿਚ ਹਾਰ ਗਏ।

ਬਾਕੀ ਹਿਸਾ ਸਫਾ 60 ਤੇ ਪੜ੍ਹੋ

59 ਸਫ਼ੇ ਦਾ ਬਾਕੀ ਹਿਸਾ

ਨਿਸ਼ਾਨੇਬਾਜ਼ੀ ਦੀਆਂ ਕਈ ਕਿਸਮਾਂ ਹੁੰਦੀਆਂ ਹਨ। ਅੱਡ ਅੱਡ ਕਿਸਮਾਂ ਲਈ ਭਾਰਤ ਦੇ 21 ਨਿਸ਼ਾਨਚੀ ਬੰਕਾਕ ਗਏ ਸਨ ਪਰ ਮੈਡਲ ਸਿਰਫ਼ ਰਣਧੀਰ ਸਿੰਘ ਹੀ ਜਿੱਤ ਸਕਿਆ ਸੀ। ਉਹ ਟਰੈਪ ਸ਼ੂਟਿੰਗ ਕਰਦਾ ਸੀ। ਟਰੈਪ ਸ਼ੂਟਿੰਗ ਵਿਚ ਤਸ਼ਤਰੀਆਂ ਹਵਾ ’ਚ ਚਲਾਈਆਂ ਜਾਂਦੀਆਂ ਹਨ ਜਿਨ੍ਹਾਂ ਨੂੰ ਸ਼ੂਟਰ ਬਾਰਾਂ ਬੋਰ ਦੀ ਬੰਦੂਕ ਦੇ ਫਾਇਰਾਂ ਨਾਲ ਫੁੰਡਦਾ ਹੈ। 90 ਮੀਲ ਦੀ ਰਫ਼ਤਾਰ ਨਾਲ ਤਿੰਨ ਵੱਖ ਵੱਖ ਕੋਣਾਂ ’ਤੇ ਉਪਰ ਨੂੰ ਉਡਾਈਆਂ ਤਸ਼ਤਰੀਆਂ (ਕਲੇਅ ਪਿਜਨ) ਵੱਖ ਵੱਖ ਟਿਕਾਣਿਆਂ ਤੋਂ ਕੀਤੇ ਫਾਇਰਾਂ ਨਾਲ ਤੋੜੀਆਂ ਜਾਂਦੀਆਂ ਹਨ। ਸ਼ੂਟਰ ਨੂੰ ਬਹੁਤ ਚੁਸਤ ਰਹਿ ਕੇ ਆਪਣੀਆਂ ਨਰਵਜ਼’ਤੇ ਕਾਬੂ ਰੱਖਣਾ ਪੈਂਦਾ ਹੈ। ਇਕ ਸਕਿੰਟ ਦੇ ਦਸਵੇਂ ਵੀਹਵੇਂ ਹਿੱਸੇ ਦੀ ਅਗੇਤ ਪਿਛੇਤ ਨਿਸ਼ਾਨਾ ਖੁੰਝਾਅ ਸਕਦੀ ਹੈ, ਨਿਸ਼ਾਨੇਬਾਜ਼ੀ ਵਿਚ ਜੇਕਰ ਸ਼ੂਟਰ ਦੇ ਕੰਨ, ਅੱਖਾਂ, ਬੰਦੂਕ ਦੀ ਸੇਧ ਤੇ ਘੋੜਾ ਦੱਬਣ ਵਾਲੀ ਉਂਗਲ ਮਸ਼ੀਨੀ ਢੰਗ ਨਾਲ ਚੱਲਣ ਤਦ ਹੀ ਸ਼ੂਟਰ ਦਾ ਨਿਸ਼ਾਨਾ ਸਫਲ ਹੋ ਸਕਦਾ ਹੈ। ਜਿੰਨੀ ਇਕਾਗਰਤਾ ਇਕ ਸ਼ੂਟਰ ਵਿਚ ਹੋਣੀ ਚਾਹੀਦੀ ਹੈ ਸ਼ਾਇਦ ਹੀ ਕਿਸੇ ਹੋਰ ਖੇਡ ਵਿਚ ਏਨੀ ਇਕਾਗਰਤਾ ਦੀ ਲੋੜ ਪੈਂਦੀ ਹੋਵੇ।

ਇਸ ਪਿਛੋਕੜ ਵਿਚ ਰਣਧੀਰ ਸਿੰਘ ਦਾ ਪਹਿਲਾਂ ਖਿਡਾਰੀ ਤੇ ਫਿਰ ਖੇਡ ਪ੍ਰਬੰਧਕ ਬਣਨਾ ਸੁਭਾਵਿਕ ਸੀ। ਉਸ ਨੇ ਖੇਡ ਪ੍ਰਬੰਧ ਦੀ ਪਹਿਲੀ ਜਿੰ 1984 ’ਚ ਸੰਭਾਲੀ। ਉਹ ਸਪੋਰਟਸ ਅਥਾਰਟੀ ਆਫ਼ ਇੰਡੀਆ ਦੇ ਗਵਰਨਿੰਗ ਬੋਰਡ ਦਾ 1987 ਤੋਂ 2010 ਤਕ ਮੈਂਬਰ ਰਿਹਾ। ਉਹ 2001 ਤੋਂ 2014 ਤਕ ਅੰਤਰਰਾਸ਼ਟਰੀ ਓਲੰਪਿਕ ਕਮੇਟੀ ਦਾ ਵੀ ਮੈਂਬਰ ਰਿਹਾ। ਉਸ ਪਿੱਛੋਂ ਉਹ ਆਈਓਸੀ ਦਾ ਆਨਰੇਰੀ ਮੈਂਬਰ ਬਣਿਆ ਆ ਰਿਹੈ। ਸਤੰਬਰ 2021 ਵਿਚ ਉਸ ਨੂੰ ਓਲੰਪਿਕ ਕੌਂਸਲ ਆਫ਼ ਏਸ਼ੀਆ ਦਾ ਕਾਰਜਕਾਰੀ ਪ੍ਰਧਾਨ ਬਣਾਇਆ ਗਿਆ ਸੀ ਜੋ ਸਤੰਬਰ 2024 ਤੋਂ ਪੂਰਾ ਪ੍ਰਧਾਨ ਬਣਾ ਦਿੱਤਾ ਗਿਆ ਹੈ।

ਸ਼ੂਟਿੰਗ ਦੀ ਚਾਟ ਉਸ ਨੂੰ ਉਹਦੀ ਆਂਟੀ ਨੇ ਲਾਈ ਸੀ ਜੋ ਨੈਸ਼ਨਲ ਪੱਧਰ ਦੀ ਸ਼ੂਟਰ ਸੀ। ਉਹ 17 ਸਾਲਾਂ ਦਾ ਸੀ ਜਦੋਂ ਨੈਸ਼ਨਲ ਪੱਧਰ ਤੇ ਜੂਨੀਅਰ ਸ਼ੂਟਿੰਗ ਮੁਕਾਬਲਿਆਂ ’ਚ ਭਾਗ ਲੈਣ ਲੱਗਾ। ਉਸ ਨੇ ਕਲੇਅ ਪਿਜ਼ਨਜ਼ ਮੁਕਾਬਲੇ ਵਿਚ 25 ’ਚੋਂ 25 ਨਿਸ਼ਾਨੇ ਹੀ ਸਹੀ ਮਾਰੇ। ਅਗਲੇ ਸਾਲ ਉਹ ਸੀਨੀਅਰਾਂ ਦੇ ਟ੍ਰੈਪ ਸ਼ੂਟਿੰਗ ਕੌਮੀ ਮੁਕਾਬਲਿਆਂ ’ਚ ਸ਼ਾਮਲ ਹੋਇਆ ਤਾਂ ਉਨ੍ਹਾਂ ਦੀ ਟੀਮ ਜੇਤੂ ਰਹੀ। 1965 ਵਿਚ ਉਸ ਦੀ ਟੀਮ ਨੇ ਕੌਮੀ ਪੱਧਰ ’ਤੇ ਪਹਿਲਾ ਗੋਲਡ ਮੈਟਰ ਜਿੱਤਿਆ। 1967 ’ਚ ਸਕੀਟ ਸ਼ੂਟਿੰਗ ਵਿਚੋਂ ਵੀ ਵਿਅਕਤੀਗਤ ਤੌਰ ’ਤੇ ਆਪਣਾ ਪਹਿਲਾ ਗੋਲਡ ਮੈਡਲ ਜਿੱਤ ਗਿਆ। ਉਸ ਪਿਛੋਂ ਉਸ ਨੇ ਟ੍ਰੈਪ ਤੇ ਸਕੀਟ ਸ਼ੂਟਿੰਗ ਮੁਕਾਬਲਿਆਂ ਵਿਚ ਹੀ ਭਾਗ ਲੈਣਾ ਸ਼ੁਰੂ ਕਰ ਲਿਆ ਤੇ ਕੌਮੀ ਪੱਧਰ ਮੈਡਲ ਜਿੱਤਣੇ ਸ਼ੁਰੂ ਕਰ ਲਏ।

ਉਹ ਪਹਿਲੀ ਵਾਰ ਮਾਸਕੋ ਵਿਖੇ ਆਈਓਸੀ ਦੇ 112ਵੇਂ ਸੈਸ਼ਨ ’ਚ ਅੰਤਰਰਾਸ਼ਟਰੀ ਓਲੰਪਿਕ ਕਮੇਟੀ ਦਾ ਮੈਂਬਰ ਚੁਣਿਆ ਗਿਆ ਸੀ। ਉਥੇ ਉਸ ਨੂੰ 101 ਵੋਟਾਂ ਪਈਆਂ ਸਨ ਜੋ ਸਭ ਤੋਂ ਵੱਧ ਸਨ। 2003 ਤੋਂ 2005 ਤਕ ਉਹ ਵਿਸ਼ਵ ਆਂਟੀ-ਡੋਪਿੰਗ ਏਜੰਸੀ ਫਾਊਂਡੇਸ਼ਨ ਬੋਰਡ ਦਾ ਮੈਂਬਰ ਤੇ ਐਸੋਸੀਏਸ਼ਨ ਆਫ਼ ਨੈਸ਼ਨਲ ਓਲੰਪਿਕ ਕਮੇਟੀਆਂ ਦੀ ਕਾਰਜਕਾਰੀ ਦਾ ਵੀ ਮੈਂਬਰ ਰਿਹਾ। 1998 ਤੋਂ 2007 ਤਕ ਐਫਰੋ-ਏਸ਼ੀਅਨ ਗੇਮਜ਼ ਕੌਂਸਲ ਦਾ ਬਾਨੀ ਸੈਕਟਰੀ ਜਨਰਲ ਰਿਹਾ ਤੇ 2003 ਵਿਚ ਹੈਦਰਾਬਾਦ ਵਿਖੇ ਪਹਿਲੀ ਵਾਰ ਐਫਰੋ-ਏਸ਼ੀਅਨ ਖੇਡਾਂ ਕਰਵਾਈਆਂ।

2003-05 ਤਕ ਉਹ ਵਿਸ਼ਵ ਆਂਟੀ-ਡੋਪਿੰਗ ਏਜੰਸੀ ਫਾਊਂਡੇਸ਼ਨ ਬੋਰਡ ਦਾ ਮੈਂਬਰ ਰਿਹਾ। 2002-03 ਵਿਚ ਓਲੰਪਿਕ ਗੇਮਜ਼ ਸਟੱਡੀ ਕਮਿਸ਼ਨ, 2004-13 ਤਕ ਸਪੋਰਟਸ ਫਾਰ ਆਲ ਕਮਿਸ਼ਨ ਅਤੇ 2006-13 ਤਕ ਔਰਤਾਂ ਤੇ ਖੇਡਾਂ ਕਮਿਸ਼ਨ ਦਾ ਮੈਂਬਰ ਰਿਹਾ। 2008-11 ਤਕ ਕੁਆਰਡੀਨੇਟਰ ਫਸਟ ਯੂਥ ਓਲੰਪਿਕ ਗੇਮਜ਼ ਸਿੰਘਾਪੁਰ-2010 ਤੇ 2007-14 ਤਕ ਓਲੰਪਿਕ ਟਰੂਸ ਫਾਊਂਡੇਸ਼ਨ ਦਾ ਥੰਮ੍ਹ ਰਿਹਾ। ਉਹ 2010 ਵਿਚ ਦਿੱਲੀ ਵਿਖੇ ਹੋਈਆਂ ਕਾਮਨਵੈਲਥ ਖੇਡਾਂ ਦੀ ਸੰਚਾਲਨ ਕਮੇਟੀ ਦਾ ਵਾਈਸ ਪ੍ਰੈਜ਼ੀਡੈਂਟ ਸੀ। ਉਸ ਨੂੰ ਲਕਸ਼ਮੀਬਾਈ ਨੈਸ਼ਨਲ ਇੰਸਟੀਚਿਊਟ ਆਫ਼ ਫਿਜ਼ੀਕਲ ਐਜੂਕੇਸ਼ਨ ਭਾਰਤ ਸਰਕਾਰ ਵੱਲੋਂ ਡਾਕਟਰ ਆਫ਼ ਲਿਟਰੇਚਰ ਦੀ ਆਨਰੇਰੀ ਡਿਗਰੀ ਨਾਲ ਸਨਮਾਨਿਤ ਕੀਤਾ ਗਿਆ।

ਰਣਧੀਰ ਸਿੰਘ ਦਾ ਵਿਆਹ ਉਮਾ ਕੁਮਾਰੀ ਨਾਲ ਹੋਇਆ ਜਿਸ ਦੀ ਕੁੱਖੋਂ ਦੋ ਧੀਆਂ ਮਹਿਮਾ ਤੇ ਸੁਨੈਣਾ ਪੈਦਾ ਹੋਈਆਂ। ਸੁਨੈਣਾ ਭਾਰਤੀ ਓਲੰਪਿਕ ਐਸੋਸੀਏਸ਼ਨ ਦੀ ਇਕ ਮੀਤ ਪ੍ਰਧਾਨ ਰਹੀ। ਉਸ ਦਾ ਦੂਜਾ ਵਿਆਹ ਵਪਾਰੀ ਵਿਪਨ ਖੰਨਾ ਦੀ ਪੁੱਤਰੀ ਵਿਨੀਤਾ ਸਿੰਘ ਨਾਲ ਹੋਇਆ ਜਿਸ ਦੀ ਕੁੱਖੋਂ ਧੀ ਰਾਜੇਸ਼ਵਰੀ ਨੇ ਜਨਮ ਲਿਆ। ਰਾਜੇਸ਼ਵਰੀ ਓਲੰਪਿਕ ਪੱਧਰ ਦੀ ਸ਼ੂਟਰ ਹੈ। ਭਾਰਤਵਾਸੀਆਂ ਨੂੰ ਰਾਜਾ ਰਣਧੀਰ ਸਿੰਘ ਤੋਂ ਬੜੀਆਂ ਆਸਾਂ ਹਨ ਕਿ ਉਹ ਭਾਰਤ ਲਈ ਐਫਰੋ-ਏਸ਼ੀਅਨ ਤੇ ਕਾਮਨਵੈਲਥ ਖੇਡਾਂ ਵਾਂਗ ਨੇੜ ਭਵਿੱਖ ਵਿਚ ਓਲੰਪਿਕ ਖੇਡਾਂ ਵੀ ਅਲਾਟ ਕਰਵਾ ਲਵੇਗਾ।

*principalsarwansingh@gmail.com*

## ਮਾਪੇ ਕੁਮਾਪੇ

ਰੋਜ਼ਾਨਾ ਦੀ ਤਰ੍ਹਾਂ ਸਵੇਰ ਦੀ ਸੈਰ ਕਰਦੇ ਸਮੇਂ ਕੂੜੇ ਦੇ ਢੇਰ ਕੋਲ ਇੱਕਠੇ ਹੋਏ ਲੋਕਾਂ ਦਾ ਇੱਕਠ ਵੇਖ ਕੇ ਮੈਂ ਵੀ ਰੁਕ ਗਿਆ। ਪਤਾ ਕਰਨ ਤੇ ਪਤਾ ਲੱਗਾ ਕਿ ਕੂੜੇ ਦੇ ਢੇਰ ਤੇ ਕੋਈ ਨਵਜੰਮੇ ਜਿੰਦਾ ਲੜਕੇ ਨੂੰ ਸੁੱਟ ਗਿਆ ਹੈ। ਲੋਕ ਬੱਚੇ ਨੂੰ ਰੋਂਦੇ ਨੂੰ ਵੇਖੀ ਜਾ ਰਹੇ ਸਨ, ਤੇ ਆਪਸ ਵਿੱਚ ਗੱਲਾਂ ਕਰ ਰਹੇ ਸਨ ਕਿ ਘੋਰ ਕਲਯੁਗ ਆ ਗਿਆ ਤੇ ਕੋਈ ਪੁਲਿਸ ਨੂੰ ਕਾਲ ਕਰਨ ਨੂੰ ਆਖੀ ਜਾ ਰਿਹਾ ਸੀ। ਮੇਰੇ ਦਿਮਾਗ ਵਿੱਚ ਸਿਆਣਿਆਂ ਵਲੋਂ ਅਕਸਰ ਆਖਿਆ ਜਾਂਦਾ ਅਖਾਣ ਝੂਠਾ ਜਿਹਾ ਹੁੰਦਾ ਜਾਪਿਆ ਕਿ “ਪੁੱਤ-ਕੁਪੁੱਤ ਹੋ ਜਾਂਦੇ ਮਾਪੇ ਕਦੇ ਕੁਮਾਪੇ” ਨਹੀਂ ਹੁੰਦੇ !

–ਅਮਰਜੀਤ ਸਿੰਘ ਸੰਧੂ

# I was disappointed to read about the latest tussle between Dr. Sujinder Singh Sangha and Jathedar Mohinder Singh Khaira

Dear Editorial Team

As an avid reader of the Punjab Times I was disappointed to read about the latest tussle between Dr. Sujinder Singh Sangha and Jathedar Mohinder Singh Khaira. It is ironic that the basis of this ‘tussle’ is the republication of a 3-part article written some 5 years previously for Punjab Times, which is also included in a book (Gur Parmesar Ek Hai, 2022). Conflict and confusion could have been avoided if editors had flagged reasons for the ‘reprint’ at the present time.

This type of disagreement can ‘muddy the waters’ and ‘turn off’ any interest of younger generations. Difference of opinion between authors is normal but it demands etiquette and decorum in pursuance of any useful dialogue.

In an era of misinformation, disinformation and historical revisionism feelings can reach fever pitch. It is therefore essential to follow Dr. Sangha’s suggestion of “let us listen to something and say some thing”. I think pause for considered reflection is important prior to any commentary. Embarking on critical feedback may end up in a debating chamber with referees, in front of a learned and impartial audience. In the absence of a credible infrastructure, it may be preferable to sort out difference in private?

Dr. Sangha is right in suggesting research into the Hindu/Sikh interface through the five centuries of Sikh history. However, this will inevitably be the remit of Universities, which are not without funding and colonial biases. It is widely acknowledged that academic and cultural institutions are using mass media to ‘bend’ young minds and thereby compromising their belief system in Sikhi. Perhaps we should be more attentive to the greater need of a collective effort in establishing education centers within Gurdwaras. Sadly, strategies to combat the prevalent negative forces are conspicuous by their absence. There is a need for urgent and significant shift Qaumi priorities in preventing further ‘lost generations’. Let us hope we can all play a role in this endeavour!

Jagroop Singh

Informal & independent Learner in Sikh Studies; Conflict of Interest - None

# ਸਕਾਟਲੈਂਡ ਦੀਆਂ ਮੂਲ ਭਾਸ਼ਾਵਾਂ ਨੂੰ ਸਰਕਾਰੀ ਮਾਨਤਾ ਮਿਲੀ

ਗਲਾਸਗੋ, (ਹਰਜੀਤ ਦੁਸਾਂਝ ਪੁਆਦੜਾ)-ਸਕਾਟਲੈਂਡ ਦੀਆਂ ਮੂਲ ਭਾਸ਼ਾਵਾਂ ਗੈਲਿਕ ਅਤੇ ਸਕਾਟਸ ਹਨ, ਪਰ ਪਿਛਲੀ ਸਦੀ ਤੋਂ ਇਹਨਾਂ ਵਿੱਚ ਕਾਫ਼ੀ ਨਿਘਾਰ ਆਇਆ। ਗੈਲਿਕ ਭਾਸ਼ਾ ਤਾਂ ਖਤਮ ਹੋਣ ਕਿਨਾਰੇ ਹੈ। ਸਕਾਟਲੈਂਡ ਵਿੱਚ 30 ਨਵੰਬਰ ਨੂੰ ਸੈਂਟ ਐਂਡਰਿਊ ਦਿਵਸ ਮਨਾਇਆ ਜਾਂਦਾ ਹੈ, ਕਿਉਂਕਿ ਇਸ ਦਿਨ 1320 ਈਸਵੀ ਵਿੱਚ ਸੰਤ ਐਂਡਰਿਊ ਨੇ ਅਧਿਕਾਰਿਤ ਤੌਰ ’ਤੇ ਸਕਾਟਲੈਂਡ ਮੁਲਕ ਦੀ ਸਥਾਪਨਾ ਕੀਤੀ ਸੀ। ਸਕਾਟਲੈਂਡ ਸਰਕਾਰ ਨੇ 30 ਨਵੰਬਰ ਤੋਂ ਸੇਂਟ ਐਂਡਰਿਊ ਦਿਵਸ ’ਤੇ ਗੈਲਿਕ ਅਤੇ ਸਕਾਟਸ ਨੂੰ ਹੁਣ ਸਰਕਾਰੀ ਭਾਸ਼ਾਵਾਂ ਵਜੋਂ ਮਾਨਤਾ ਦਿੱਤੀ ਹੈ। ਸਕਾਟਿਸ਼ ਭਾਸ਼ਾ ਬਿੱਲ 2 ਸਾਲ ਪਹਿਲਾਂ 30 ਨਵੰਬਰ 2023 ਨੂੰ ਸੰਸਦ ਵਿੱਚ ਪੇਸ਼ ਕੀਤਾ ਗਿਆ ਸੀ। ਇਸ ਸਾਲ ਜੂਨ ਵਿੱਚ ਸੰਸਦ ਨੇ ਪਾਸ ਕੀਤਾ ਅਤੇ 1 ਅਗਸਤ ਨੂੰ ਇਸ ਨੂੰ ਸ਼ਾਹੀ ਮਨਜ਼ੂਰੀ ਮਿਲ ਗਈ। ਇਹ ਕਾਨੂੰਨ ਲੋਕਾਂ ਨੂੰ ਆਪਣੇ ਖੇਤਰ ਵਿੱਚ ਇੱਕ ਗੈਲਿਕ ਸਕੂਲ ਸਥਾਪਤ ਕਰਨ ਦੀ ਮੰਗ ਕਰਨ ਦਾ ਅਧਿਕਾਰ ਵੀ ਦਿੰਦਾ ਹੈ ਅਤੇ ਇਸਦਾ ਉਦੇਸ਼ ਸਕਾਟਲੈਂਡ ਦੀਆਂ ਮੂਲ ਭਾਸ਼ਾਵਾਂ ਦਾ ਪਸਾਰ ਅਤੇ ਪ੍ਰਫੁੱਲਤ ਕਰਨਾ ਹੈ। ਸਕਾਟਲੈਂਡ ਦੀ ਉੱਪ ਪਹਿਲੀ ਮੰਤਰੀ (ਡਿਪਟੀ ਫਸਟ ਮਨਿਸਟਰ) ਕੇਟ ਫੋਰਬਸ ਨੇ ਕਿਹਾ ਕਿ ਇਹ ਸਕਾਟਲੈਂਡ ਦੇ ਸੱਭਿਆਚਾਰ ਅਤੇ ਵਿਰਾਸਤ ਵਿੱਚ ਇੱਕ ਇਤਿਹਾਸਕ ਮੀਲ ਪੱਥਰ ਹੈ। ਉਹਨਾਂ ਅੱਗੇ ਕਿਹਾ ਕਿ ਸਕਾਟਿਸ਼ ਸਰਕਾਰ ਨੇ ਪਹਿਲਾਂ ਹੀ ਸਕਾਟਸ ਅਤੇ ਗੈਲਿਕ ਭਾਸ਼ਾਵਾਂ ਲਈ ਧ35.7 ਮਿਲੀਅਨ ਪੌਂਡ ਅਲਾਟ ਕਰ ਦਿੱਤੇ ਹਨ ਅਤੇ ਸਕਾਟਸ ਤੇ ਗੈਲਿਕ ਭਾਸ਼ਾਵਾਂ ਨੂੰ ਵਿਕਸਿਤ ਕਰਨ ਲਈ ਸਕੂਲ ਖੋਲ੍ਹੇ ਜਾਣਗੇ ਅਤੇ ਵਿਸ਼ੇ ਪੜ੍ਹਾਏ ਜਾਣਗੇ। ਜਿਕਰਯੋਗ ਹੈ ਕਿ ਸਕਾਟਲੈਂਡ ਦੀ 2011 ਦੀ ਜਨਗਣਨਾ ਅਨੁਸਾਰ ਸਕਾਟਲੈਂਡ ਵਿੱਚ ਅੰਗਰੇਜ਼ੀ 4,740,547(94.5%), ਸਕਾਟਸ 55,817(1.1%), ਪੋਲਿਸ਼ 54,186(1.1%), ਚੀਨੀ 27,381(0.6%), ਗੈਲਿਕ 24,974(0.5%), ਉਰਦੂ 23,394(0.5%), ਪੰਜਾਬੀ 23,150(0.5%), ਫ੍ਰੈਂਚ 14,623(0.3%), ਬ੍ਰਿਟਿਸ਼ ਸੈਨਤ(ਸਾਈਨ) ਭਾਸ਼ਾ 12,533(0.3%), ਜਰਮਨ 11,317(0.2%) ਭਾਸ਼ਾ ਬੋਲਦੇ ਹਨ। ਸਕਾਟਲੈਂਡ ਵਿੱਚ ਵਿਦੇਸ਼ੀ ਭਾਸ਼ਾਵਾਂ ਬੋਲਣ ਵਾਲਿਆਂ ਵਿੱਚੋਂ ਪੰਜਾਬੀ ਚੀਨੀ ਅਤੇ ਉਰਦੂ ਬੋਲਣ ਵਾਲਿਆਂ ਤੋਂ ਬਾਅਦ ਤੀਜੀ ਵੱਡੀ ਭਾਸ਼ਾ ਹੈ।